Digitized by Arya Samaj Foundation Chennai and eGangotri



ਬਲਵੰਤ ਗਾਰਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੈਂ ਕਿਵੇਂ ਜੀਵਿਆ

ਜਸਵੰਤ ਸਿੰਘ ਰਾਹੀ

CC-0. In Public Domain. Gurukul Kangri Collection, Haridwar

# ਮੈਂ ਕਿਵੇਂ ਜੀਵਿਆ

ਜਸਵੰਤ ਸਿੰਘ ਰਾਹੀ

a Samaj Foundation Che
Domain. Gurukul Kangri Col

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8782

DONATION

Forwarded free of cost and
with the compliments of the
Department of Education,
Govt. of India, New Delhi"

Department of Education
Govt. of India, New Delhi"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੈਂ ਕਿਵੇਂ ਜੀਵਿਆ-I

[ਸ੍ਵੈ-ਜੀਵਨੀ]

Forwarded Free of cost, and with the compliments of the Department of Education Govt. of India, New Delhi

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਲੇਖਕ ਦੀਆਂ ਹੋਰ ਪੁਸਤਕਾਂ

**ਨਾਵਲ :**

ਕੌਮੀ ਸ਼ਹੀਦ, ਅਧੂਰਾ ਸਫ਼ਰ, ਟੁੱਟਦੇ-ਜੁੜਦੇ ਜਿਸਮ, ਲਹੂ ਭਿੱਜੀ ਚਾਨਣੀ, ਪ੍ਰਛਾਵਿਆਂ ਦਾ ਸੱਚ

**ਕਹਾਣੀਆਂ :**

ਦੋਜ਼ਖ਼ ਦੀ ਅੱਗ, ਚਿਖਾ ਦੀ ਚੋਰੀ, ਕੌੜੀਆਂ ਖ਼ੂਰਮਾਨ੍ਹੀਆਂ, ਸੱਚਾ ਝੂਠ, ਕਬਰਾਂ ਦਾ ਗੁਲਾਬ

**ਡਰਾਮਾ :**

ਰਾਮ-ਕਹਾਣੀ

**ਮਹਾ ਕਾਵਿ :**

ਜੱਸਾ ਸਿੰਘ ਰਾਮਗੜ੍ਹੀਆ

**ਕਵਿਤਾ :**

ਸੱਟਾਂ, ਲਿਸ਼ਕਾਂ, ਫੁਲਕਾਰੀ, ਲੰਮੀਆਂ ਲਗਰਾਂ, ਮਹਿਕਾਂ ਦੀ ਧਰਤੀ; ਨੂਰ ਉਪਾਇਆ, [illegible] ਦੇ [illegible], ਆਦੇਸ਼ ਤਿਸੈ ਆਦੇਸ, [illegible] ਦੇ ਵਣਜਾਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੈਂ ਕਿਵੇਂ ਜੀਵਿਆ-I

[ਸ੍ਵੈ-ਜੀਵਨੀ]

DONATION

7782

पुस्तकालय
गुरुकुल कांगड़ी विश्वविद्यालय

ਜਸਵੰਤ ਸਿੰਘ ਰਾਹੀ

Forwarded Free of cost and
with the compliments of the
Department of Education,
Govt. of India, New Delhi

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

**MAIN KIVEN JIVIA**

*by : Jaswant Singh Rahi*

©ਜਸਵੰਤ ਸਿੰਘ ਰਾਹੀ

**1991**

ਪ੍ਰਿੰਟਰਜ਼ : ਗੌਤਮ ਪੈਕਜ਼ਿੰਗ ਓਖਲਾ ਇੰਡਸਟ੍ਰੀ ਏਰੀਆ ਫੇਜ਼ I
ਆਰਸੀ ਪ੍ਰਿੰਟਿੰਗ ਏਜੰਸੀ

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6

ਮੁੱਲ : 75 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਸਮਰਪਣ

ਆਪਣੇ ਸਮੇਂ ਚਾਚਾ ਜੀ, ਸ: ਭਗਵਾਨ ਸਿੰਘ ਜਸਵਾਲ ਅਤੇ ਚਾਚੀ ਪ੍ਰੇਮ ਕੌਰ ਦੀਆਂ ਰੂਹਾਂ ਨੂੰ ਜਿਨ੍ਹਾਂ ਮੇਰਾ ਜੀਵਨ ਉਸਾਰਨ ਵਿਚ ਉਚੀਆਂ ਕੋਸ਼ਿਸ਼ਾਂ ਕੀਤੀਆਂ ।

—ਜਸਵੰਤ ਸਿੰਘ ਰਾਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕੀ ਕਿੱਥੇ ?


9 ਪਹਿਲੋਂ ਕੁਝ ਗੱਲਾਂ
14 ਡੇਰਾ ਬਾਬਾ ਨਾਨਕ
18 ਗੁੜਤੀ
22 ਵਾਪਸੀ
25 ਲਾਹੌਰ ਵਿਚ
38 ਬਿਆਜੀ ਘੋੜਾ
41 ਬਾਬਾ, ਪੋਤਾ
47 ਉਲਟ-ਪੁਲਟ
52 ਮੌਤ ਦੀ ਫੇਰੀ
62 ਨਾਨਕੇ
65 ਲਾਹੌਰ ਵਿਚ
68 ਅੰਮ੍ਰਿਤਸਰ
73 ਕਲਕੱਤਾ
79 ਨਰਕ ਸਵਰਗ
84 ਕਲਕੱਤੇ ਤੋਂ ਮੁਕਤਸਰ
90 ਗੋਦੀਆਂ ਤੋਂ ਪੰਜਾਬ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

97 ਰਾਵਲਪਿੰਡੀ
100 ਸ਼ੱਤੀ ਕੋਨਾ
110 ਨਾਗਪੁਰ
114 ਪੰਜਾਬ
119 ਕੁਝ ਚਿਰ ਡੇਰੇ
122 ਲਾਹੌਰ
130 ਫਿਰ ਰਾਵਲਪਿੰਡੀ
137 ਰਸਾਲਪੁਰ
145 ਉਸਤਾਦੀ
150 ਵਿਆਹ ਤੱਕ
165 ਲਾਲ ਸਿੰਘ ਨਾਲ ਸਫ਼ਰ
179 ਲਾਹੌਰੋਂ ਬਨਬਸਾ ਹੈੱਡ
188 ਘਰ ਵਿਚ
210 ਮੁੜ ਲਾਹੌਰ
206 ਮੌਤ ਨੇ ਪਲਟਾ ਦਿੱਤਾ
226 ਨੱਠ-ਭੱਜ ਚੱਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪਹਿਲੋਂ ਕੁਝ ਗੱਲਾਂ

ਮੇਰੇ ਮਨ ਵਿਚ ਕਦੇ ਇਹ ਸੋਚ ਨਹੀਂ ਸੀ ਫੁਰੀ ਕਿ ਮੈਂ ਆਪਣੀ ਜੀਵਨੀ ਲਿਖਾਂ, ਪਰ ਜਿਉਂ ਜਿਉਂ ਮਨੁੱਖ ਤਰੱਕੀ ਕਰਦਾ ਹੈ ਅਤੇ ਆਪਣੇ ਪਿੱਛੇ ਵਲ ਨਜ਼ਰਾਂ ਫੇਰਦਾ ਹੈ ਤਾਂ ਇਕ ਦਲੀਲ ਉਸ ਨੂੰ ਕੁਝ ਆਖਦੀ ਹੈ। ਜਦ ਉਸ ਆਖਣ ਨੂੰ ਉਹ ਗਹੁ ਨਾਲ ਸੁਣਦਾ ਹੈ ਤਾਂ ਸਮਝ ਆਉਂਦੀ ਹੈ ਤੂੰ ਆਪਣੀ ਜੀਵਨੀ ਲਿਖ।

ਮੈਨੂੰ ਜੀਵਨੀ ਲਿਖਣ ਲਈ ਕਹਿਣ ਵਾਲੇ ਕਲਮਕਾਰ ਸਨ ਤੇ ਹਨ। ਸੁਪਨ ਮਾਲਾ ਜੰਮੂ, ਡਾ: ਕੁਲਬੀਰ ਸਿੰਘ ਕਾਂਗ, ਜਸਵੰਤ ਸਿੰਘ ਵਿਰਦੀ, ਕਪੂਰ ਸਿੰਘ ਘੁੰਮਣ, ਤਾਰਾ ਸਿੰਘ ਕੌਲਮ ਉਹਨਾਂ ਦੇ ਕਹਿਣ ਨੂੰ ਕਾਫੀ ਸਾਲ ਗੁਜ਼ਰ ਗਏ ਹਨ। ਮੈਂ ਇਹ ਸੋਚਦਾ ਸਾਂ ਕਿਸ ਤਰ੍ਹਾਂ ਮੁੱਢ ਤੋਂ ਸਾਰੀਆਂ ਗੱਲਾਂ ਲਿਖ ਸਕਾਂਗਾ। ਇਕ ਖ਼ਾਸ ਕਾਰਣ ਸੀ ਕਿ ਜਿੱਥੇ ਬੁਡਡੋਜ਼, ਉਚੀਆਂ ਕੁਰਸੀਆਂ ਵਾਲੇ ਹਾਕਮ ਤੇ ਉੱਚੇ ਕਾਰੋਬਾਰੀ, ਇਲਮੀ ਅਦਾਰਿਆਂ ਦੇ ਕਾਬਜ਼ ਲੋਕ ਹਿੱਕ ਜੋਰੀ ਨਾਲ ਵੱਡੇ ਸਾਹਿਤਕਾਰ ਬਣੇ ਬੈਠੇ ਹਨ। ਉਥੇ ਮੇਰਾ ਜੀਵਨ ਕੌਣ ਪੜ੍ਹੇਗਾ ਅਤੇ ਸੰਸਾ ਕਿ ਪ੍ਰਕਾਸ਼ਿਤ ਕੌਣ ਕਰੇਗਾ। ਜਿਥੇ ਮੇਰਾ ਆਖ਼ਰੀ ਨਾਵਲ "ਪ੍ਰਛਾਂਵਿਆਂ ਦਾ ਸੱਚ" ਤਿੰਨ ਸਾਲ ਤੋਂ ਧੱਕਾ ਖਾ ਰਿਹਾ ਹੈ ਉਥੇ ...

ਮੇਰੇ ਮਿੱਤਰਾਂ ਚਹੇਤਿਆਂ ਨੇ ਸਦਾ ਮੈਨੂੰ ਆਖਣਾ ਜਾਰੀ ਰਖਿਆ ਕਿ ਮੈਂ ਆਪਣੀ ਜੀਵਨੀ ਲਿਖਾਂ।

ਜੁਲਾਈ ਐਤਵਾਰ 1987 ਨੂੰ ਕੇਂਦਰ ਲੇਖਕ ਸਭਾ ਦੀ ਚੋਣ ਸੀ ਪੰਜਾਬ ਭਵਨ ਲੁਧਿਆਣੇ, ਮੈਂ ਵੀ ਪਹੁੰਚਿਆ ਉਂਜ ਡੈਲੀਗੇਟ ਨਹੀਂ ਸਾਂ, ਪਰ ਖ਼ੁਦਗਰਜ਼ਾਂ ਦਾ ਉਸ ਵਿਚ ਪਾੜ ਪਾਉਣ ਦੇ ਖ਼ਿਲਾਫ਼ ਸਾਂ। ਜਿਸ ਤਰ੍ਹਾਂ ਹਰ ਯੂਨੀਅਨ ਵਿਚ ਉਸ ਅਦਾਰੇ ਦੇ ਹੀ ਮੈਂਬਰ ਬਣ ਸਕਦੇ ਹਨ ਤਾਂ ਕਲਮਕਾਰਾਂ ਦੀ ਸਭਾ ਦਾ ਕਿਉਂ ਹਾਰੀ ਸਾਰੀ ਮੈਂਬਰ ਬਣਾ ਲਿਆ ਜਾਏ ਵਗ਼ੈਰਾ ਵਗ਼ੈਰਾ।

ਡਾ: ਕੁਲਬੀਰ ਸਿੰਘ ਕਾਂਗ ਅਤੇ ਗੁਰਬਚਨ ਪ੍ਰਵਾਨਾ ਨਹੀਂ ਸਨ ਜਾ ਸਕੇ। ਕਾਂਗ ਦੇ ਪੈਰ ਨੂੰ ਸੱਟ ਲੱਗ ਗਈ ਸੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਥੇ ਮੈਨੂੰ ਜਸਵੰਤ ਸਿੰਘ ਵਿਰਦੀ ਮਿਲ ਪਿਆ। ਹਮੇਸ਼ਾਂ ਵਾਂਗ ਮੱਥੇ ਉੱਤੇ ਸਵਾਲੀਆ ਚਿੰਨ੍ਹ ਅਤੇ ਦਿਲ ਵਿਚ ਮੋਹ। ਅੱਖਾਂ ਸਾਂਝੀਆਂ ਕਰਕੇ ਸਾਰੀਆਂ ਅਗਲੀਆਂ ਪਿਛਲੀਆਂ ਕਰਦੇ ਕਰਦੇ ਇਕ ਜਗ੍ਹਾ ਘਾਹ ਉਤੇ ਬੈਠ ਗਏ। ਉਸ ਨਾਲ ਹੋਰ ਵੀ ਦੋ ਤਿੰਨ ਸੱਜਣ ਸਨ ' ਦੋ ਤਿੰਨ ਮੇਰੇ ਨਾਲ।

ਗੱਲਾਂ ਕਰਦਿਆਂ ਕਰਦਿਆਂ ਕਹਿਣ ਲੱਗਾ—''ਜੀਵਨੀ ਸ਼ੁਰੂ ਕੀਤੀ ਆ ਰਾਹੀ ?''..... ਜਦ ਮੈਨੂੰ ਮੇਰੀ ਉਮਰੋਂ ਨਿੱਕੇ ਲਿਖਾਰੀ ਰਾਹੀ ਕਹਿੰਦੇ ਹਨ ਤਾਂ ਮੈਂ ਅੰਦਰੋਂ ਖ਼ੁਸ਼ ਹੁੰਦਾ ਹਾਂ ਕਿ ਇਹਨਾਂ ਮੈਨੂੰ ਵੱਡੀ ਉਮਰੋਂ ਖਿੱਚ ਕੇ ਆਪਣੇ ਜੇਡਾ ਕਰ ਲਿਆ ਹੈ। ਮੇਰੇ ਜਿਹੇ ਤਿੱਹਤਰਵੇਂ ਸਾਲ ਦਿਆਂ ਲੇਖਕਾਂ ਨੂੰ ਇਹ ਬਹੁਤ ਵੱਡਾ ਇਨਾਮ ਤੇ ਸਨਮਾਨ ਹੈ।

ਮੈਂ ਉੱਤਰ ਦਿੱਤਾ ''ਨਹੀਂ, ਵਿਰਦੀ ਨਹੀਂ ਸ਼ੁਰੂ ਕੀਤੀ। ਇਹ ਸੋਚਦਾ ਹਾਂ ਕਿ ਇਹ ਕੁਝ ਮੈਥੋਂ ਨਹੀਂ ਹੋਣਾ ਬੜੀ ਲੰਮੀ ਰਚਨਾ ਕਰਨੀ ਪਏਗੀ। ਇਹਨਾਂ ਕੁਝ ਗੁਜ਼ਰਿਆ ਕਿਥੋਂ ਲੱਭਦਾ ਫਿਰਾਂਗਾ ਮੁਸ਼ਕਲ ਹੈ ?''

''ਮੈਂ ਤੈਨੂੰ ਗੱਲ ਦੱਸਾਂ !''

ਮੈਂ ਕਿਹਾ, ''ਦੱਸ !''

ਉਸ ਨੇ ਬੜੀ ਗੰਭੀਰਤਾ ਨਾਲ ਆਖਿਆ—''ਤੂੰ ਇੰਜ ਕਰ ਕਿ ਜੋ ਵੀ ਯਾਦ ਆਉਂਦਾ ਹੈ ਲਿਖੀ ਜਾ। ਮਗਰੋਂ ਤਰਤੀਬਵਾਰ ਮਿਲ ਕੇ ਕਰ ਲਵਾਂਗੇ। ਸਾਰਿਆਂ ਸਾਡੇ ਨਾਲ ਬੈਠਿਆਂ ਲਿਖਾਰੀਆਂ ਨੇ ਵੀ ਉਸ ਦੀ ਹਾਂ ਵਿਚ ਹਾਂ ਮਿਲਾਈ।

ਉਸ ਦੀ ਇਹ ਗੱਲ ਸੁਣ ਕੇ ਮੈਨੂੰ ਇੰਜ ਮਹਿਸੂਸ ਹੋਇਆ ਕਿ ਇਸ ਨੇ ਤਾਂ ਮੇਰਾ ਸਾਰਾ ਗਮ ਫ਼ਿਕਰ ਲਾਹ ਦਿੱਤਾ ਹੈ। ਇਸ ਤਰ੍ਹਾਂ ਤਾਂ ਮੈਂ ਲਿਖ ਸਕਾਂਗਾ ਅਤੇ ਖ਼ਾਸ ਖ਼ਾਸ ਘਟਨਾਵਾਂ ਵੀ ਵਿਸਰੀਆਂ ਨਹੀਂ ਰਹਿਣਗੀਆਂ। ਮੈਂ ਦ੍ਰਿੜ੍ਹਤਾ ਨਾਲ ਹਾਂ ਕਰ ਦਿੱਤੀ। ਸੱਚੇ ਦਿਲੋਂ ਇਮਾਨਦਾਰ ਸੋਚ ਹਮੇਸ਼ਾਂ ਦਰੁਸਤ ਹੁੰਦੀ ਹੈ।

ਘਰ ਮੁੜ ਕੇ ਕੁਝ ਅਰਸੇ ਬਾਅਦ ਮੈਂ ਆਪਣੇ ਲਿਖਣ ਦਾ ਨਿੱਕਾ ਨਿੱਕਾ ਕੰਮ ਮੁਕਾ ਕੇ ਇਕ ਰਜਿਸਟਰ ਉਧਾਰ ਆਂਦਾ ਅਤੇ ਲੁਧਿਆਣੇ ਪੰਜਾਬੀ ਭਵਨ ਵਿਚ ਕੀਤੀ ਹਾਂ ਉਤੇ ਅਮਲ ਕਰਨਾ ਅਰੰਭ ਦਿੱਤਾ।

ਆਪਣੀ ਸਾਰੀ ਜ਼ਿੰਦਗੀ ਵਿਚ ਮੈਂ ਸੁਚੇਤ ਅਚੇਤ ਹਮੇਸ਼ਾਂ ਸੱਚ ਤੋਂ ਅਤੇ ਸੱਚਿਆਂ ਤੋਂ ਪ੍ਰਭਾਵਿਤ ਹੋਇਆ ਹਾਂ। ਅੰਦਰੋਂ ਬਾਹਰੋਂ ਦੋ ਨਹੀਂ ਹੋ ਸਕਿਆ। ਇਕ ਵਾਰੀ ਤੇਰਾ ਸਿੰਘ ਚੰਨ ਨੇ ਮੈਨੂੰ ਜੀਨ ਜੇਕ ਰੂਸੋ ਦੀਆਂ ਯਾਦਾਂ ਪੜ੍ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਦਿੱਤੀਆਂ । ਚੰਨ ਅਤੇ ਨਵਤੇਜ ਨੇ ਉਸ ਨੂੰ ਅੰਗਰੇਜ਼ੀ ਵਿਚ ਅਨੁਵਾਦਿਆ ਸੀ । "ਜੀਨ ਜੇਕ ਰੂਸੋ ਦੀਆਂ ਯਾਦਾਂ" ਪੁਸਤਕ ਦਾ ਨਾਂ ਸੀ । ਮੈਂ ਉਸ ਦੇ ਸੱਚ ਤੋਂ ਅਤੇ ਉਸ ਮਹਾਨਤਾ ਅਤੇ ਸੂਝ ਭਰੇ ਸਾਹਿਤ ਤੋਂ ਬਹੁਤ ਹੀ ਪ੍ਰਭਾਵਤ ਹੋਇਆ ।

ਜ਼ਮਾਨਾਂ ਗੁਜ਼ਰਨ ਦੇ ਬਾਅਦ ਮੈਂ "ਕਮਲਾ ਦਾਸ" ਦੀ "ਮੇਰੀ ਕਹਾਣੀ" ਪੜ੍ਹੀ ਮੇਰਾ ਉਸ ਔਰਤ ਦੇ ਪੈਰਾਂ ਉਤੇ ਸਿਰ ਰੱਖਣ ਨੂੰ ਜੀਅ ਕੀਤਾ । ਇਹਨਾਂ ਦੋ ਤੋਂ ਤੀਜਾ ਮੈਂ ਆਪਣੇ ਬਾਰੇ ਸੱਚ ਲਿਖਣ ਵਾਲਾ ਨਹੀਂ ਪੜ੍ਹਿਆ । ਹੋਰ ਮੈਂ ਜਿਹੀਆਂ ਵੀ ਜੀਵਨੀਆਂ ਪੜ੍ਹੀਆਂ ਹਨ ਸਭ ਨੇ ਝੂਠ ਬੋਲਿਆ ਹੈ । ਜਾਂ ਆਪਣੀਆਂ ਛੱਡ ਹੋਰਨਾਂ ਦੀਆਂ ਧੀਆਂ ਭੈਣਾਂ ਦੀਆਂ ਗੱਲਾਂ ਕੀਤੀਆਂ ਹਨ । ਜਾਂ ਆਪਣੀ ਮਹਾਨਤਾ ਤੇ ਢੋਲੇ ਆਪ ਗਵੇਂ ਹਨ ।

ਗੰਦ ਹਰ ਇਕ ਵਿਚ ਹੁੰਦਾ ਹੈ ਜੋ ਵੀ ਮਾਂ ਦੇ ਪੇਟੋਂ ਜੰਮਿਆ ਹੈ । ਕੋਈ ਬਾਹਰ ਹੋਣ ਚਲਾ ਜਾਂਦਾ ਹੈ ਕੋਈ ਵਿਹੜੇ ਵਿਚ ਬਾਹਰ ਬਣਾ ਲੈਂਦਾ ਹੈ । ਇਸ ਗੱਲ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ।

ਮੈਂ ਰੂਸੋ ਜਿਹਾ ਅਤੇ ਮਹਾਨ ਕਮਲਾ ਦਾਸ ਜਿਹਾ ਤੇ ਕਦੇ ਵੀ ਨਹੀਂ ਹੋ ਸਕਦਾ । ਪਰ ਉਹਨਾਂ ਦੇ ਪ੍ਰਛਾਂਵੇ ਥੱਲੇ ਜ਼ਰੂਰ ਆਪਣੀ ਜੀਵਨੀ ਲਿਖਾਂਗਾ । ਮੈਂ ਤੁਹਾਡੀ ਕਚਹਿਰੀ ਵਿਚ ਹੱਥ ਉੱਚਾ ਕਰਕੇ ਆਪਣੀ ਕਲਮ ਦੀ ਕਸਮ ਖਾਂਦਾ ਹਾਂ ਜੋ ਲਿਖਾਂਗਾ ਸੱਚ ਲਿਖਾਂਗਾ । ਜਿਹੜਾ ਸੱਚ ਨਾ ਬੋਲ ਸਕਿਆ ਉਹ ਨਹੀਂ ਲਿਖਾਂਗਾ । ਉਸ ਬਾਰੇ ਮੈਨੂੰ ਜ਼ਰੂਰ ਹਮੇਸ਼ਾਂ ਵਾਂਗ ਖਿਮਾਂ ਕਰ ਦੇਣਾ ।

ਮੇਰੀ ਜੀਵਨੀ ਪੂਰੀ ਨਹੀਂ ਪੜ੍ਹ ਸਕੋਗੇ । ਜੇ ਤੁਸੀਂ ਮੇਰੀਆਂ ਬਿਲਕੁਲ ਸੱਚੀਆਂ ਕੁਝ ਪ੍ਰਕਾਸ਼ਿਤ ਹੋਈਆਂ ਰਚਨਾਵਾਂ ਨਹੀ ਪੜ੍ਹੋਗੇ ਤਾਂ ਉਹਨਾਂ ਸੱਚੀਆਂ ਰਚਨਾਵਾਂ ਵਿਚ ਮੇਰਾ ਪਾਇਆ ਨਮਕ, ਮਿਰਚਾਂ, ਮਸਾਲਾ ਤੇ ਤੜਕਾ ਕੱਢ ਕੇ ਪੜ੍ਹਨੀਆਂ । ਉਹਨਾਂ ਰਚਨਾਵਾਂ ਵਿਚ ਜੋ ਕੁਝ ਮੈਂ ਆਪਣਾ ਸੱਚ ਬਿਆਨਿਆ ਹੈ । ਉਹ ਸੱਚ ਮੈਂ ਆਪਣੀ ਜੀਵਨੀ ਵਿਚ ਨਹੀਂ ਲਿਖਾਂਗਾ । ਮੈਂ ਚੋਹਤਰਵੇਂ ਸਾਲ ਵਿਚ ਜਾ ਰਿਹਾਂ ਹਾਂ ਦੁਰਚਾਈ ਨਹੀਂ ਕਰਾਂਗਾ । ਜੀਵਨ ਵਿਚ ਕੋਈ ਰਲਾ ਨਹੀਂ ਪਾਵਾਂਗਾ । ਬਿਲਕੁਲ ਸਾਦਾ ਸੱਚ ਲਿਖਾਂਗਾ । ਕਹਾਣੀ ਨਾਵਲ ਵਾਲੀ ਸਮੱਗਰੀ ਨਹੀਂ ਮਿਲਾਵਾਂਗਾ । ਜਿਹੋ ਜਿਹੀ ਮੈਨੂੰ ਕੁਦਰਤ ਰਾਣੀ ਨੇ ਸ਼ੈਲੀ ਬਖ਼ਸ਼ੀ ਹੈ ਨਰੋਲ ਉਹੋ ਹੋਏਗੀ ।

ਮੇਰੀਆਂ ਸੱਚੀਆਂ ਜੀਵਨ ਕਹਾਣੀਆਂ ਹੇਠ ਲਿਖੀਆਂ ਹਨ :—

1. ਰਾਣੇਸੀ 2. ਸੁੰਞੇ ਘਰ ਦੀ ਮੋਮਬੱਤੀ 3. ਦੋਜ਼ਕ ਦੀ ਅੱਗ 4. ਸਜ਼ਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. ਜੇਲ੍ਹ ਦੀ ਰਾਤ 6. ਕੌੜੀਆਂ ਖ਼ਰਮਾਨੀਆਂ 7. ਪਹਿਲੀ ਗਾਲ 8. ਇਕ ਫ਼ਿਰਦੌਸੀ ਹੋਰ 9. ਯੂਸਫ਼ ਦੀ ਰੋਟੀ 10. ਵਕਾਊ ਮਾਲ 11. ਫ਼ੈਸਲਾ ਹੋ ਗਿਆ 12. ਸ਼ਰਾਬ ਉਤਰ ਗਈ 13. ਮੈਂ ਜਿੱਤ ਗਿਆ 14. ਇਕ ਬੰਦਾ ਅਤੇ ਲੋਕ ਕਵਿਤਾ ਦਾ ਸਵੈ-ਚਿੱਤਰ ਨੰਬਰਾ 'ਅਜੀਤ' ਵਿਚ ਪ੍ਰਕਾਸ਼ਿਤ ਹੋਇਆ ਮੇਰਾ ਲੇਖ "ਮੈਂ ਤੇ ਮੇਰੀ ਰਚਨਾ" ਇਹ ਸਿਲਸਿਲਾ ਮੇਰੀ ਨਿੱਕੀ ਭੈਣ ਪ੍ਰਕਾਸ਼ ਕੌਰ ਹਮਦਰਦ ਜੀ ਨੇ ਅਰੰਭਿਆ ਸੀ। ਜਿਸ ਦੀ ਨਕਲ ਹੋਰਨਾਂ ਅਖ਼ਬਾਰਾਂ ਵਿਚ ਅਜੇ ਵੀ ਤੁਰੀ ਆ ਰਹੀ ਹੈ!

ਮੇਰੀ ਕਮਿਊਨਿਸਟ ਅਤੇ ਕਾਂਗਰਸ ਵਿਚ ਜ਼ਿੰਦਗੀ ਉਤੇ ਮੇਰਾ ਨਾਵਲ ਹੈ, 'ਅਧੂਰਾ ਸਫ਼ਰ' ਉਸ ਦਾ ਮੁੱਖ ਪਾਤਰ ਮੈਂ ਖ਼ੁਦ ਹਾਂ। ਕੋਈ ਲਗ ਲਪੇਟ ਨਹੀਂ। ਮੇਰੀ ਖ਼ਾਸ ਰੁਮਾਂਟਕ ਜ਼ਿੰਦਗੀ ਉਤੇ ਨਾਵਲ ਹੈ। 'ਟੁੱਟਦੇ ਜੁੜਦੇ ਜਿਸਮ' ਉਸ ਨਾਵਲ ਦੇ ਹੀਰੋ ਵਿਚ ਚਾਰ ਹੋਰ ਵਿਅਕਤੀ ਸਮਿਲਿਤ ਹਨ। ਜਿੱਥੇ ਬਿਲਕੁਲ ਸਿੱਧੀਆਂ ਗੱਲਾਂ ਮੁੱਖ-ਪਾਤਰ ਅਤੇ ਮੁੱਖ-ਪਾਤਰਾਂ ਵਿਚ ਹੁੰਦੀਆਂ ਹਨ। ਉਹ ਮੈਂ ਹਾਂ ਜਸਵੰਤ ਸਿੰਘ ਰਾਹੀ।

ਬਾਕੀ ਮੇਰੀ ਕਿਸੇ ਰਚਨਾ ਵਿਚ ਮੇਰੀ ਜ਼ਿੰਦਗੀ ਨਹੀਂ ਹੈ। ਉਂਜ ਹਰ ਰਚਨਾ ਵਿਚ ਲਿਖਾਰੀ ਆਪਣਾ ਅਨੁਭਵ ਹੀ ਪੇਸ਼ ਕਰਦਾ ਹੈ। ਮੇਰੀਆਂ ਅਨੇਕਾਂ ਕਵਿਤਾਵਾਂ ਵਿਚ ਮੈਂ ਖ਼ੁਦ ਬਹੁਤ ਥਾਂਈਂ ਹਾਂ।

ਪੰਦਰਾਂ, ਵੀਹਾਂ, ਪੰਝੀਆਂ ਸਾਲਾਂ ਤੋਂ ਮੈਨੂੰ ਤੇ ਮੇਰੀ ਰਚਨਾ ਨੂੰ ਜਾਣਨ ਵਾਲੇ ਜੋ ਮੈਥੋਂ ਉਮਰੋਂ ਵੱਡੇ ਸਨ ਹੁਣ ਨਹੀਂ ਹਨ ਉਹ ਹਨ ਕਾਮਰੇਡ ਸੋਹਨ ਸਿੰਘ ਜੋਸ਼, ਭਰਾ ਸੂਬਾ ਸਿੰਘ, ਮੇਰੀ ਮਾਂ ਹਰਨਾਮ ਕੌਰ। ਮੇਰੀ ਜ਼ਿੰਦਗੀ ਤੇ ਮੇਰੀ ਰਚਨਾ ਨੂੰ ਜਾਣਨ ਵਾਲੇ ਮੈਥੋਂ ਨਿੱਕੇ ਸਦਾ ਲਈ ਵਿਛੜੇ ਉਹ ਹਨ — ਨਵਤੇਜ ਸਿੰਘ, ਦੀਵਾਨ ਸਿੰਘ ਮਹਿਰਮ, ਸਾਧੂ ਸਿੰਘ ਹਮਦਰਦ, ਕਪੂਰ ਸਿੰਘ ਘੁੰਮਣ, ਈਸ਼ਰ ਸਿੰਘ ਅਟਾਰੀ, ਸੁਪਨ ਮਾਲਾ ਜੰਮੂ, ਜੈ ਪਾਲ ਦਰਸ਼ਨ ਅਤੇ ਤਾਰਾ ਸਿੰਘ ਕੋਮਲ। ਜਦੋਂ ਹਮਦਰਦ ਜੀ ਸਵਰਗ ਵਾਸ ਹੋਏ ਤਾਂ ਹੰਝੂਆਂ ਦੀ ਅਤੇ ਮਾਦਿਆਂ, ਗੈਸਾਂ ਦੀ ਰਾਣੀ ਕੁਦਰਤ ਅੱਗੇ ਇਹ ਰੋ ਰੋ ਕੇ ਪ੍ਰਾਥਨਾ ਕੀਤੀ ਕਿ ਹੇ ਖ਼ੁਦਮੁਖਤਾਰ ਕੁਦਰਤ ਦੀ ਰਾਣੀ ਹੁਣ ਮੇਰੇ ਤੋਂ ਪਹਿਲਾਂ ਕੋਈ ਵੀ ਮੇਰਾ ਮਿੱਤਰ ਜਾਂ ਲੇਖਕ ਮਿੱਤਰ ਧਰਤੀ ਤੋਂ ਨਾ ਖੋਈਂ, ਪਰ ਮੇਰੀ ਇਹ ਅਰਜੋਈ ਮੰਨੀ ਨਾ ਗਈ। ਮੇਰੀ ਪ੍ਰਾਥਨਾ ਨਾਲ ਕਾਲ ਚੱਕਰ ਨੇ ਆਪਣੀ ਰਫ਼ਤਾਰ ਥੋੜ੍ਹੀ ਰੋਕ ਦੇਣੀ ਸੀ। ਮੈਨੂੰ ਉਹਨਾਂ ਨੇ ਜ਼ਖ਼ਮ ਲਾਏ :—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਮੇਰੀ ਚਿਖਾ ਵਿਚੋਂ ਸਿਮਦੇ ਰਹਿਣਗੇ ਉਹ,
ਜਿਹੜੇ ਯਾਰਾਂ ਦੀ ਮੌਤ ਨੇ ਸੱਲ ਲਾਏ ।'

ਤਾਰਾ ਸਿੰਘ ਕੌਮਲ ਦੀ ਮੌਤ ਉਤੇ ਮੈਂ ਡਾ: ਕਾਂਗ ਨੂੰ ਲਿਖਿਆ ਸੀ ਕਾਂਗ ਜਿਨ੍ਹਾਂ ਮੇਰੀ ਅਰਥੀ ਮੋਢਾ ਦੇਣਾ ਸੀ ਉਹ ਪਹਿਲੋਂ ਕਿਉਂ ਚਲੇ ਗਏ । ਜੋ ਕੁਝ ਮੇਰੇ ਮਰਨ ਵਾਲੇ ਮਿੱਤਰਾਂ ਨੇ ਮੇਰੇ ਅੰਤਮ ਭੋਗ ਤੇ ਕਹਿਣਾ ਸੀ, ਹੁਣ ਕੌਣ ਕਹੇਗਾ ।

ਜਦ ਮੈਂ ਇਹ ਕੁਝ ਗੱਲਾਂ ਲਿਖ ਰਿਹਾਂ ਤਾਂ ਹੁਣ ਮੇਰੀ ਜ਼ਿੰਦਗੀ ਤੇ ਮੇਰੇ ਸਾਹਿਤ ਨੂੰ ਜਾਣਨ ਵਾਲਿਆਂ ਦੇ ਨਾਂ ਲਿਖ ਰਿਹਾ ਹਾਂ । ਇਹਨਾਂ 'ਚੋਂ ਕੋਈ ਵੀ ਪੰਦਰਾਂ ਸਾਲਾਂ ਤੋਂ ਮੇਰਾ ਘੱਟ ਜਾਣੂ ਨਹੀਂ ਹੈ । ਨਵੇਂ ਨਵੇਂ ਲਿਖਾਰੀ ਜਿਨ੍ਹਾਂ ਨੂੰ ਹਮੇਸ਼ਾਂ ਉਤਸ਼ਾਹ ਦਿੰਦਾ ਰਹਿੰਦਾ ਹਾਂ ਅਤੇ ਜਦ ਤਕ ਜੀਵਾਂਗਾ ਦਿਆਂਗਾ । ਉਹਨਾਂ ਦਾ ਨਾਂ ਨਹੀਂ ਲਿਖ ਰਿਹਾ ਕਿਉਂਕਿ ਸਮਾਂ ਸਪੂਤਨਿਕ ਦੀ ਚਾਲੇ ਚੱਲ ਰਿਹਾ ਹੈ । ਹਰ ਬੰਦਾ ਨਾਇਕ ਤਰੱਕੀ ਲਈ ਸਭ ਕੁਝ ਕਰ ਗੁਜ਼ਰਦਾ ਹੈ ।

ਡਾ: ਕੁਲਬੀਰ ਸਿੰਘ ਕਾਂਗ, ਡਾ: ਜਗਜੀਤ ਸਿੰਘ ਆਨੰਦ, ਪ੍ਰੋ: ਪ੍ਰੀਤਮ ਸਿੰਘ ਪਟਿਆਲਾ, ਭਾਪਾ ਪ੍ਰੀਤਮ ਸਿੰਘ ਆਰਸੀ, ਭਰਾ ਸੁਜਾਨ ਸਿੰਘ, ਡਾਕਟਰ ਕਰਨਜੀਤ ਸਿੰਘ, ਅਮਰ ਚਿੱਤਰਕਾਰ, ਭੂਸ਼ਨ ਧਿਆਨਪੁਰੀ, ਪ੍ਰੋ: ਜਸਵੰਤ ਸਿੰਘ ਵਿਰਦੀ, ਗੁਰਬਚਨ ਸਿੰਘ ਰਮਜ਼ੀ, ਐਡਲਨ ਰੂਹੀ ਜੰਮੂ, ਪਟਵਾਰੀ ਸਰਬਜੀਤ ਸਿੰਘ ਰਾਹੀ, ਗਿਆਨੀ ਮੂਲਾ ਸਿੰਘ, ਰਤਨ ਸਿੰਘ ਹੰਸਪਾਲ, ਹਰਭਜਨ ਸਿੰਘ ਰਤਨ ਦਿੱਲੀ ।......ਹੋਰ ਵੀ ਹੋ ਸਕਦੇ ਹਨ । ਭਾਸ਼ਾ ਵਿਭਾਗ ਪੰਜਾਬ ਸਾਰਾ ਹੀ ਮੇਰੀ ਜ਼ਿੰਦਗੀ ਅਤੇ ਰਚਨਾ ਨੂੰ ਜਾਣਦਾ ਹੈ ।

ਇਹ ਕੁਝ ਗੱਲਾਂ ਮੈਂ ਆਪਣੀ ਜੀਵਨੀ ਲਿਖਣ ਤੋਂ ਪਹਿਲਾਂ ਕਰਨੀਆਂ ਚਾਹੁੰਦਾ ਸਾਂ । ਜਦ ਵੀ ਮੈਂ ਕੁਝ ਲਿਖਦਾ ਹਾਂ ਤਾਂ ਮੇਰੀ ਸੋਚ ਇਹੋ ਹੁੰਦੀ ਹੈ ਕਿ ਇਹ ਲਿਖਤ ਜ਼ਰੂਰ ਸਾਰਿਆਂ ਨੂੰ ਪਸੰਦ ਆਏਗੀ । ਉਸ ਆਸ ਅਤੇ ਸੁਭਾਅ ਨਾਲ ਇਹ ਚੰਦ ਗੱਲਾਂ ਲਿਖ ਦਿੱਤੀਆਂ ਹਨ ਤੁਹਾਡੇ ਆਸਰੇ ਤੇ ।

ਤੁਹਾਡਾ ਜਸਵੰਤ ਸਿੰਘ ਰਾਹੀ
28.8.87



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਡੇਰਾ ਬਾਬਾ ਨਾਨਕ

ਡੇਰਾ ਬਾਬਾ ਨਾਨਕ ਇਕ ਨਿੱਕਾ ਜਿਹਾ ਸ਼ਹਿਰ ਹੈ । ਕੋਈ ਪੰਜ ਹਜ਼ਾਰ ਆਬਾਦੀ ਵਾਲਾ । ਇਸ ਨੂੰ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਨੇ ਵਸਾਇਆ ਸੀ । ਰਾਵੀ ਦਰਿਆ ਦੇ ਕੰਢੇ ਉਤੇ ਹੈ । ਰਾਵੀ ਕਦੇ ਇਸ ਦੇ ਨਾਲ ਵਗਦੀ ਸੀ । ਪਾਰ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਵਾਲੀ ਥਾਂ ਕਰਤਾਰਪੁਰ ਹੈ । ਉਥੇ ਹੀ ਸਮਾਧ ਸੀ । ਭਪੂਤੀ ਵਾਲੀ ਗਾਗਰ ਵੀ ਉਥੇ ਸੀ । ਗੁਰਦੁਵਾਰਾ ਸੀ । ਇਕ ਵਾਰੀ ਰਾਵੀ ਦਰਿਆ ਵਿਚ ਹੜ੍ਹ ਆ ਗਿਆ । ਕਰਤਾਰਪੁਰ ਗੁਰਦੁਵਾਰੇ ਨੂੰ ਢਾਅ ਲੱਗਣ ਦਾ ਖ਼ਤਰਾ ਪੈਦਾ ਹੋ ਗਿਆ ।

ਬਾਬਾ ਸ੍ਰੀ ਚੰਦ ਜੀ ਇਸ ਜਗ੍ਹਾ ਆਏ । ਪਹਿਲਾਂ ਇਸ ਦਾ ਨਾਂ ਪੱਖੋਕੇ ਸੀ ਇਕ ਪਿੰਡ ਸੀ । ਉਹ ਪਿੰਡ ਹੁਣ ਵੀ ਨਾਲ ਲਗਦਾ ਹੈ । ਇਥੇ ਅਜਿੱਤੇ ਰੰਧਾਵੇ ਦਾ ਖੂਹ ਸੀ । ਉਸ ਉਤੇ ਅਜਿੱਤੇ ਰੰਧਾਵਾ ਹਮੇਸ਼ਾਂ ਬੈਠਦਾ ਸੀ । ਬੋਹੜਾਂ, ਅੰਬਾਂ ਦੇ ਰੁੱਖ਼ ਵੀ ਸਨ । ਗੁਰੂ ਨਾਨਕ ਦੇਵ ਜੀ ਦਾ ਉਹ ਪੱਕਾ ਸਿੱਖ ਸੀ । ਬਾਬਾ ਸ੍ਰੀ ਚੰਦ ਜੀ ਨੇ ਉਹਨਾਂ ਨੂੰ ਆ ਕੇ ਆਖਿਆ—ਅਜੱਤਿਆ ਤੂੰ ਪਿਤਾ ਜੀ ਦਾ ਪੱਕਾ ਸਿੱਖ ਹੈਂ, ਕਰਤਾਰਪੁਰ ਖ਼ਤਰਾ ਹੈ ਰਾਵੀ ਉਸ ਦਵਾਰ ਨੂੰ ਢਾਹ ਨਾ ਦਏ !......ਅਜਿੱਤੇ ਨੇ ਮੱਥਾ ਟੇਕਿਆ ਤੇ ਉੱਤਰ ਦਿੱਤਾ—ਬਾਬਾ ਜੀ, ਇਹ ਜੋ ਕੁਝ ਹੈ ਇਹ ਤਾਂ ਹੈ ਈ ਗੁਰੂ ਨਾਨਕ ਦਾ । ਮੇਰਾ ਕੋਈ ਪੁੱਤਰ ਨਹੀਂ ਮੇਰੀ ਸਾਰੀ ਜ਼ਮੀਨ ਹੀ ਤੁਹਾਡੀ ਹੈ ।

ਉਸ ਅਜਿੱਤੇ ਰੰਧਾਵੇ ਦੇ ਖ਼ੂਹ ਉਤੇ ਵੱਡਾ ਗੁਰਦੁਵਾਰਾ ਹੈ । ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ । ਉਸ ਥੱਲੇ ਗੁਰੂ ਨਾਨਕ ਜੀ ਦੇ ਸਸਕਾਰ ਦੀ ਭਪੂਤੀ ਵਾਲੀ ਗਾਗਰ ਪਈ ਹੈ । ਅੱਜਕਲ੍ਹ ਇਸ ਗੁਰਦੁਆਰੇ ਨੂੰ ਭੂਰੀ ਵਾਲੇ ਸੰਤਾਂ ਨੇ ਬਹੁਤ ਚੰਗਾ ਬਣਾ ਦਿੱਤਾ ਹੈ ।

ਸਾਡੇ ਵੱਡੇ ਦੋ ਸਕੇ ਭਰਾ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਇਧਰ ਆਏ ਸੀ । ਉਥੇ ਅਜੇ ਵੀ ਜਸਵਾਲ ਰਾਜਪੂਤਾਂ ਦੇ ਕਬੀਲੇ ਹਨ । ਉਹ ਦੋਵੇਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭੌਰਾ ਪਿੰਡ ਸਮਰਾਂ ਆ ਕੇ ਬੈਠ । ਇਕ ਭਰਾ ਇਥੋਂ ਪੰਦਰਾਂ ਸੋਲ੍ਹਾਂ ਮੀਲ ਦੂਰ ਅੰਮ੍ਰਿਤਸਰ ਵੱਲ ਪਿੰਡ ਵਛੋਏ ਜਾ ਬੈਠਾ । ਇਕ ਜਦ ਡੇਰਾ ਬਾਬਾ ਨਾਨਕ ਵੱਸਿਆ ਇਥੇ ਆ ਗਿਆ ਅਤੇ ਦੋਵੇਂ ਭਰਾ ਰਾਮਗੜ੍ਹੀਆਂ ਦੀ ਬਰਾਦਰੀ ਨਾਲ ਰਿਸ਼ਤੇਦਾਰੀਆਂ ਅਤੇ ਕੰਮਕਾਰ ਸਮੇਤ ਰਾਮਗੜ੍ਹੀਏ ਬਣ ਗਏ । ਮੈਂ ਨਿੱਕੇ ਹੁੰਦੇ ਆਪਣੇ ਪੜਦਾਦੇ ਦੀ ਹੁੱਕੀ ਅਤੇ ਗੜ੍ਹਬਹਿਲ ਦੇ ਪਹੀਏ ਵੇਖੇ ਹਨ । ਮੇਰੇ ਬਾਬਾ ਜੀ ਦੋ ਮਾਂਵਾਂ ਦੇ ਪੰਜ ਭਰਾ ਸਨ ਜਿਹੜੇ ਅੰਮ੍ਰਿਤਧਾਰੀ ਸਿੱਖ ਬਣ ਗਏ ਸਨ ।

ਮੇਰੇ ਜਨਮ ਵੇਲੇ ਇਥੇ ਦੋ ਹੀ ਰਾਮਗੜ੍ਹੀਆਂ ਦੀਆਂ ਬਰਾਦਰੀਆਂ ਸਨ । ਇਕ ਨਾਰੀ ਤੇ ਦੂਜੀ ਸਾਡੀ ਜਸਵਾਲ । ਅੰਮ੍ਰਿਤਸਰੋਂ ਆਉਣ ਵਾਲੀ ਕੱਚੀ ਸੜਕ ਜਿਹੜੇ ਪਾਸਿਉਂ ਸ਼ਹਿਰ ਆਉਂਦੀ ਸੀ । ਸ਼ਹਿਰ ਦੇ ਉਸ ਪਾਸੇ ਖੱਬੇ ਨਾਰੀਆਂ ਦੀਆਂ ਅਤੇ ਸੱਜੇ ਜਸਵਾਲੀਆਂ ਦੀਆਂ ਦੁਕਾਨਾਂ ਸਨ । ਦੋਹਾਂ ਦੀ ਆਪਸ ਵਿਚ ਕਿਸੇ ਨਾ ਕਿਸੇ ਸ਼ਕਲ ਵਿਚ ਟੱਕਰ ਰਹਿੰਦੀ ਸੀ । ਸ਼ਹਿਰ ਵਿਚ ਇਹਨਾਂ ਦੋਹਾਂ ਦੀਆਂ ਹੀ ਲੱਕੜ ਮੰਡੀਆਂ ਸਨ । ਪਿੰਡਾਂ ਦੇ ਅਤੇ ਸ਼ਹਿਰਾਂ ਦੇ ਇਮਾਰਤੀ ਸਮਾਨ ਬਣਦੇ ਸਨ । ਗੱਡੇ ਬਣਦੇ ਸਨ । ਸੰਦੂਕ ਭੜੋਲੀਆਂ ਵਗੈਰਾ ਵੀ । ਇਕ ਸਮੇਂ ਮੇਰੇ ਬਾਬਾ ਜੀ ਸ: ਮਲਾਵਾ ਸਿੰਘ ਜਸਵਾਲ ਡੇਰੇ ਬਾਬਾ ਨਾਨਕ ਰਹੇ ਅਤੇ ਦੂਜੇ ਚਾਰੇ ਭਰਾ ਕਲਕੱਤੇ ਚਲੇ ਗਏ । ਉਥੇ ਉਹ ਬੰਗਾਲ ਵਿਚ ਨਾਗਪੁਰ ਰੇਲਵੇ ਦੇ ਵੱਡੇ ਠੇਕੇਦਾਰ ਬਣ ਗਏ । ਸਭ ਤੋਂ ਵੱਡਾ ਭਰਾ ਜਿਸ ਤੋਂ ਮੇਰੇ ਬਾਬਾ ਜੀ ਛੋਟੇ ਸਨ । ਉਹ ਸ਼ਤੀਗੜ੍ਹ ਦੇ ਚੱਕਦਰ ਨਾਂ ਦੇ ਇਕ ਰਾਜੇ ਦੇ ਸ਼ਹਿਰ ਜਾ ਵੱਸੇ । ਉਹਨਾਂ ਦਾ ਨਾਂ ਸਰਦਾਰ ਵਧਾਵਾ ਸਿੰਘ ਜਸਵਾਲ ਸੀ । ਮੈਂ ਵੱਡਿਆਂ ਦੇ ਨਾਂ ਨਾਲ ਸਰਦਾਰ ਇਸ ਲਈ ਲਾ ਰਿਹਾ ਹਾਂ ਕਿ ਉਹਨਾਂ ਨੂੰ ਲੋਕ ਸਰਦਾਰ ਕਹਿੰਦੇ ਸੁਣਦਾ ਆ ਰਿਹਾ ਹਾਂ ਹੁਣ ਤੱਕ ।

ਮੇਰੇ ਬਾਬਾ ਜੀ ਦੇ ਦੋ ਘਰ ਸਨ । ਇਕ ਰਹਿਣ ਵਾਲਾ ਘਰ । ਦੂਜਾ ਮਹੀਂਵਾਲਾ ਘਰ । ਜਿੱਥੇ ਦੋ ਮੱਝਾਂ ਬੱਝੀਆਂ ਰਹਿੰਦੀਆਂ ਸਨ । ਦੋਹਾਂ ਘਰਾਂ ਵਿਚ ਉਹ ਕਿਸ ਤਰ੍ਹਾਂ ਰਹਿੰਦੇ ਸਨ ਮੈਨੂੰ ਪਤਾ ਨਹੀਂ । ਮੇਰੀਆਂ ਚਾਰ ਭੂਆ ਸਨ ਅਤੇ ਦੋ ਚਾਚੇ । ਮੇਰੇ ਪਿਤਾ ਸਭ ਤੋਂ ਵੱਡੇ ਸਨ । ਆਪਣੇ ਕਾਰੋਬਾਰ ਤੇ ਕੰਮ ਕਰਨ ਵਿਚ ਚਾਤੁਰ ਤੇ ਚੁਸਤ । ਲੌਡੇ ਵੇਲੇ ਆਪਣੀਆਂ ਦੁਕਾਨਾਂ ਉਤੇ ਹੀਰ ਪੜ੍ਹਦੇ ਰਹਾ ਨਾਲ । ਲੋਕ ਘੇਰਾ ਬੰਨ੍ਹ ਕੇ ਸੁਣਦੇ ਸਨ । ਸੂਦੇ ਖੇਡਣ ਵਿਚ ਮਾਹਿਰ ਸਨ । ਜਦ ਉਹਨਾਂ ਨੇ ਲੱਤ ਚੁੱਕ ਕੇ ਸੂਦੇ ਦੀ ਲਕੜੀ ਨੂੰ ਲੀਕ ਤੋਂ ਪਾਰ ਕਰਨਾ ਤਾਂ ਉਹਨਾਂ ਨੇ ਬਾਬੇ ਚੰਦਾ ਸਿੰਘ ਨੂੰ ਜੱਫੀ ਪਾ ਲੈਣੀ ਅਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਪੈਸਾ ਵੀ ਦੇਣਾ । ਕਦੇ ਕਦੇ ਉਹਨਾਂ ਨੂੰ ਬਾਬੇ ਚੰਦਾ ਸਿੰਘ ਦੀ ਚਿਲਮ ਭਰਨ ਦਾ ਪੈਸਾ ਵੀ ਮਿਲਣਾ ।

ਜਦ ਮੇਰੇ ਪਿਤਾ ਜੀ ਦਾ ਵਿਆਹ ਹੰਸਪਾਲਾਂ ਦੀ ਧੀ ਨਾਲ ਹੋਇਆ ਤਾਂ ਡੇਰੇ ਬਾਬਾ ਨਾਨਕ ਤੋਂ ਛੇ ਮੀਲ ਦੀ ਵਿੱਥ ਤੇ ਪਿੰਡ ਸੀ ਅਠਵਾਲ । ਉਹ ਸਾਰੇ ਵਾਹੀ ਕਰਦੇ ਸਨ । ਰਾਮਗੜੀਆਂ ਦੀ ਵੱਡੀ ਜਾਤ ਗਿਣੀ ਜਾਂਦੀ ਸੀ । ਡੋਲਾ ਲਿਆ ਕੇ ਦੁਕਾਨਾਂ ਦੇ ਵਿਚਕਾਰ ਰੱਖ ਦਿੱਤਾ । ਤੇ ਆਖਿਆ, "ਉਏ ਗੁੜ ਖਾਣਿਉਂ ਨਾਗੀਉ ਹੰਸਪਾਲਾਂ ਦੀ ਧੀ ਵਿਆਹ ਕੇ ਲਿਆਂਦੀ ਜੇ । ਤੁਸਾਂ ਤੇ ਬੜੀਆਂ ਭਾਨੀਆਂ ਮਾਰੀਆਂ ਸਨ ।"

ਵਿਆਹ ਵੇਲੇ ਮੇਰੇ ਪਿਤਾ ਜੀ ਸਤਾਰਾਂ ਸਾਲਾਂ ਦੇ ਸਨ ਅਤੇ ਮੇਰੇ ਮਾਤਾ ਜੀ ਚੌਦਾਂ ਸਾਲਾਂ ਦੇ । ਲੋਕਾਂ ਮੇਰੀ ਮਾਂ ਨੂੰ ਵੇਖ ਕੇ ਆਖਿਆ – "ਨੀ ਲੱਛਮੀਏਂ, ਨੂੰਹ ਤੇ ਨਿਰੀ ਸੀਤਾ ਆਂਦੀ ਊ । ਵਾਹਿਗੁਰੂ ਲੰਮੀਆਂ ਉਮਰਾਂ ਕਰੇ । ਹੋਰ ਪਤਾ ਨਹੀਂ ਕੀ ਕੀ ਗੱਲਾਂ ਖ਼ੁਸ਼ ਹੋ ਹੋ ਕੇ ਕੀਤੀਆਂ ਸਨ ।

ਵਿਆਹ ਨੂੰ ਸਾਲ ਹੋ ਗਿਆ । ਇਕ ਸ਼ਾਮ ਮੇਰੇ ਬਾਬਾ ਜੀ ਦੁਕਾਨਾਂ ਬੰਦ ਕਰਕੇ ਮੰਡੀ ਵੱਲ ਝਾਤੀ ਮਾਰ ਕੇ ਰੱਜਵੀਂ ਸ਼ਰ ਬ ਪੀ ਕੇ ਘਰ ਨੂੰ ਆ ਰਹੇ ਸਨ । ਬਾਜ਼ਾਰ ਵਿਚ ਈਸ਼ਰ ਦਾਸ ਹਲਵਾਈ ਦੀ ਦੁਕਾਨ ਪੈਂਦੀ ਸੀ । ਉਹ ਉਹਨਾਂ ਦਾ ਯਾਰ ਸੀ । ਉਸ ਨੇ ਵੇਖ ਕੇ ਆਖਿਆ—"ਸੁਣਾ ਮਲਾਵਾ ਸਿੰਹਾਂ ਬੜਾ ਡਿੱਗਦਾ ਆਉਂਦਾ ਏ, ਖ਼ੈਰ ਤੇ ਹੈ, ਕੋਈ ਡਾਡੀ ਸਾਮੀ ਅਟੇਰੀ ਲਗਦੀ ਹੈ । ਠਾਣੇ ਵਿਚ ਤਾਂ ਨਹੀਂ ਕਿਸੇ ਦਾ ਕੰਮ ਕਰਾਇਆ ।

ਬਾਬਾ ਜੀ ਉਸ ਦੀ ਹੱਟੀ ਕੋਲ ਖਲੋ ਗਏ । ਨਿੱਕੀਆਂ ਨਿੱਕੀਆਂ ਪਿਆਰ—ਗਾਲ੍ਹਾਂ ਦਾ ਵਟਾਂਦਰਾ ਹੋਇਆ । ਬਾਬਾ ਜੀ ਨੇ ਜੇਬ ਵਿਚੋਂ ਚਾਂਦੀ ਦਾ ਰੁਪਿਆ ਕੱਢ ਕੇ ਸੱਜੀ ਉਂਗਲ ਤੇ ਰੱਖ ਕੇ ਅੰਗੂਠੇ ਨਾਲ ਟੰਨ ਕਰਕੇ ਖੜਕਾਇਆ – "ਲੈ ਈਸ਼ਰ ਦਾਸਾ ਫੜ ਲੈ ਘੁੱਟ ਕੇ ।"

"ਇਹ ਕਾਹਦਾ ਏ ਮਲਾਵਾ ਸਿੰਹਾਂ ਰੁਪਿਆ ?"

ਬਾਬਾ ਜੀ ਨੇ ਉੱਤਰ ਦਿੱਤਾ—"ਈਸ਼ਰ ਦਾਸਾ ਇਹ ਮਹੀਨਾ ਸੌਣ ਦਾ ਹੈ ਪਰਸੋਂ ਸ਼ਨੀਚਰਵਾਰ ਹੈ ਸੁਣਿਆਂ ਈਂ ? ਪਰਸੋਂ ਮੇਰੇ ਘਰ ਪੋਤਰਾ ਹੋਣਾ ਏਂ । ਪਤਾਸਿਆਂ ਦੀ ਸਾਈ ।"

ਈਸ਼ਰ ਦਾਸ ਨੇ ਰੁਪਿਆ ਫੜਦਿਆਂ ਕਿਹਾ—"ਮਲਾਵਾ ਸਿੰਹਾਂ ਜਾ ਸਾਡੀਆਂ ਵੀ ਸੁੱਖਣਾ ਇਹੋ ਈ ਸਿਵਾਂ ਮੰਦਰ ਵਿਚ, ਤੇਰੇ ਘਰ ਪੋਤਰਾ ਈ ਹੋਏਗਾ ।"



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਜਨਮ ਹੋ ਗਿਆ। ਅਠਾਰਾਂ ਸਾਲਾ ਮੁਸ ਫੁੱਟਦਾ ਮੇਰਾ ਪਿਉ ਅਤੇ ਗੋਰੀ ਮੁਟਿਆਰ ਪੰਦਰਾਂ ਸਾਲਾਂ ਦੀ ਮੇਰੀ ਮਾਂ।

ਇਹ ਸਭ ਕੁਝ ਮੇਰੀ ਦਾਦੀ ਜੀ ਨੇ ਮੈਨੂੰ ਕਿਤੇ ਯਾਦ ਵਿਚ ਦੱਸਿਆ ਸੀ, ਹੋਰ ਮੇਰੇ ਜੰਮਣ ਦੀਆਂ ਖ਼ੁਸ਼ੀਆਂ ਵਿਚ ਕਈ ਕੁਝ ਦੱਸਦੀ ਹੁੰਦੀ ਸੀ।

ਮੈਨੂੰ ਕਦੇ ਵੀ ਮਾਂ ਪਿਉ ਯਾਦ ਨਹੀਂ ਆਇਆ। ਮੈਨੂੰ ਤੇ ਮੇਰੀ ਮੈਥੋਂ ਡੇੜ ਸਾਲ ਵੱਡੀ ਭੂਆ ਨੂੰ ਕਈ ਵਾਰੀ ਮੇਰੇ ਦਾਦੀ ਜੀ ਜਿਸ ਨੂੰ ਅਸੀਂ ਮਾਂ ਕਹਿੰਦੇ ਸਾਂ ਆਪਣਾ ਦੁੱਧ ਦੇ ਕੇ ਪਾਲਿਆ ਹੈ। ਮਾਂ ਪਿਉ ਦੇ ਕਿਰਦਾਰ ਅਤੇ ਮੇਰੇ ਨਾਲ ਵਤੀਰੇ ਨੇ ਉਹਨਾਂ ਨਾਲ ਮੈਨੂੰ ਨਫ਼ਰਤ ਕਰਾ ਦਿੱਤੀ ਸੀ।

ਅਜੇ ਤਕ ਮੇਰਾ ਜੀਅ ਕਰਦਾ ਹੈ ਜਦ ਲੋੜ ਪਏ ਮੈਂ ਕਿਤੇ ਦਸਖ਼ਤ ਕਰਾਂ ਤਾਂ ਜਸਵੰਤ ਸਿੰਘ ਪੁੱਤਰ ਠਾਕਰ ਸਿੰਘ ਨਾ ਲਿਖਾਂ ਸ: ਮਲਾਵਾ ਸਿੰਘ ਜਸਵਾਲ ਲਿਖਾਂ। ਲੱਖਾਂ ਵਿਚੋਂ ਮੈਂ ਇਕ ਹੋਵਾਂਗਾ ਜਿਸ ਨੂੰ ਜਿਉਂਦੇ ਮਾਂ ਪਿਉ ਦਾ ਮੋਹ ਨਹੀਂ ਮਿਲਿਆ। ਦਾਦੀ ਬਾਬੇ ਦਾ ਮਿਲਿਆ।

ਉਹਨੀਂ ਦਿਨੀਂ ਜਨਮ ਦਿਨ ਕੌਣ ਮਨਾਉਂਦਾ ਸੀ। ਸਭ ਅਟੇ ਸਟੇ ਹੀ ਚਲਦਾ ਸੀ। ਮੈਂ ਵੀ ਅਟੇ ਸਟੇ ਹਿਸਾਬ ਲਾ ਆਪਣੀ ਜਨਮ ਤਾਰੀਖ਼, 16.3 1913 ਰੱਖੀ ਹੋਈ ਹੈ। ਸਾਰੇ ਕਾਗ਼ਜ਼ ਪੱਤਰਾਂ ਵਿਚ ਚਲਦੀ ਹੈ। ਉਂਜ ਸੌਣ ਦੇ ਮਹੀਨੇ ਸ਼ਨੀਚਰਵਾਰ ਹੀ ਸਾਰਿਆਂ ਨੂੰ ਯਾਦ ਸੀ। ਉਸ ਵਕਤ ਮਿਊਂਸਪਲ ਕਮੇਟੀ ਸੀ, ਪਰ ਮੈਨੂੰ ਆਪਣਾ ਨਾਂ ਉਥੋਂ ਲੱਭਾ ਨਹੀਂ। ਮੇਰੀ ਭਾਬੀ ਕਹਿੰਦੀ ਹੁੰਦੀ ਸੀ, "ਤੂੰ ਆਪਣੀ ਉਮਰ ਇਕ ਸਾਲ ਵੱਡੀ ਲਿਖਵਾਈ ਹੈ।" ਅਸੀਂ ਆਪਣੀ ਮਾਤਾ ਜੀ ਨੂੰ ਭਾਬੀ ਕਹਿੰਦੇ ਸਾਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁੜਤੀ

ਮੇਰੇ ਬਾਬੇ ਤੋਂ ਨਿੱਕਾ ਉਹਨਾਂ ਦਾ ਭਰਾ ਪਾਲਾ ਸਿੰਘ ਕਲਕੱਤੇ ਸੀ। ਹੋਰ ਵੀ ਸਾਰੇ ਪਾਲਾ ਸਿੰਘ ਤੋਂ ਨਿੱਕੇ ਭਰਾ ਜੋ ਮਾਉਂ ਮਤੱਰਏ ਸਨ ਉਹ ਵੀ ਕਲਕੱਤੇ ਵੱਲ ਸਨ। ਵੱਡਾ ਈਸ਼ਰ ਸਿੰਘ ਸਭ ਤੋਂ ਨਿੱਕਾ ਰਾਮ ਸਿੰਘ। ਜਿਹੜਾ ਮੇਰੇ ਚਾਚਿਆਂ ਤੋਂ ਵੀ ਛੋਟਾ ਸੀ।

ਬਾਬਾ ਪਾਲਾ ਸਿੰਘ ਡ਼ੇਰੇ ਬਾਬੇ ਨਾਨਕ ਆਇਆ। ਦੋਹਾਂ ਭਰਾਵਾਂ ਦੀ ਆਪੋ ਵਿਚ ਗੱਲ ਬਾਤ ਹੋਈ। ਸਲਾਹ ਮੁੱਕੀ ਕਿ ਡੇਰੇ ਦਾ ਸਾਰਾ ਕੰਮ ਠੱਪ ਕੇ ਕੁਝ ਵੇਚ ਵੱਟ ਕੇ ਇਹ ਪਰਿਭਾਰ ਵੀ ਕਲਕੱਤੇ ਚਲਿਆ ਚਲੇ। ਮੇਰੇ ਬਾਬਾ ਜੀ ਨੇ ਪੈਰ ਤਾਂ ਡੇਰੇ ਹੀ ਰਹਿਣ ਦਿੱਤੇ ਅਤੇ ਆਪ ਪਰਿਵਾਰ ਸਮੇਤ ਕਲਕੱਤੇ ਆ ਗਏ। ਮੇਰੇ ਦਾਦੀ ਜੀ ਲੱਛਮੀ ਧੀਆਂ ਨਾਲ ਘਰ ਹੀ ਰਹੇ। ਮੇਰੀ ਭਾਬੀ ਮੇਰੇ ਸਣੇ ਮੇਰੇ ਪਿਤਾ ਨਾਲ ਕਲਕੱਤੇ ਆ ਗਏ।

ਮੇਰੇ ਪਿਤਾ ਠਾਕਰ ਸਿੰਘ ਦਾ ਸੁਭਾਅ ਮਿਲਾਪੜਾ ਸੀ। ਉਸ ਨੂੰ ਉਸ ਦੇ ਚਾਚੇ ਤਾਏ ਬੜਾ ਚਾਹੁੰਦੇ ਸਨ। ਕੰਮ ਕਾਰ ਆਪੋ ਵਿਚ ਹਿੱਸੇਦਾਰੀ ਨਾਲ ਚਲਣ ਲਗ ਪਿਆ। ਸਾਡੇ ਜਸਵਾਲਾਂ ਦੇ ਕਬੀਲੇ ਵਿਚੋਂ ਮੇਰੇ ਬਾਬਾ ਜੀ ਦੇ ਵੀ ਭਰਾ ਲਗਦੇ ਸਨ। ਉਹਨਾਂ ਮੇਰੇ ਪਿਤਾ ਜੀ ਨੂੰ ਜਿੱਥੇ ਉਹ ਆਪ ਰਹਿੰਦੇ ਸਨ, ਉਥੇ ਕੋਲ ਰੱਖ ਲਿਆ। ਚਾਚੇ ਭਤੀਜੇ ਦਾ ਬੜਾ ਮੋਹ ਸੀ। ਸ਼ਾਲੀਮਾਰ ਕਾਰਖ਼ਾਨਾ ਸੀ। ਰੇਲਵੇ ਦੇ 26 ਸਟੇਸ਼ਨ ਅਤੇ ਰੇਲਵੇ ਆਫ਼ਿਸਾਂ ਦਾ ਠੇਕਾ ਬਾਬਿਆਂ ਕੋਲ ਹੀ ਸੀ। ਸ਼ਾਲੀਮਾਰ ਵੱਡਾ ਮਾਲ ਗੁਦਾਮ ਸੀ। ਹਰ ਮਾਲ ਗੱਡੀ ਉਥੋਂ ਚਲਦੀ ਸੀ। ਨਾਲ ਹੀ ਸਮੁੰਦਰ ਸੀ। ਜਹਾਜ਼ਾਂ ਦਾ ਮਾਲ ਵੀ ਉਥੇ ਉਤਰਦਾ ਚੜ੍ਹਦਾ ਸੀ। ਬੜੇ ਬੜੇ ਮਾਲ ਗੁਦਾਮ ਸਨ। ਸ਼ਾਲੀਮਾਰ ਤੋਂ ਲੈ ਕੇ ਖੜਕਪੁਰ ਤਕ ਰੇਲਵੇ ਦੇ ਪਾਸ ਮਿਲੇ ਹੋਏ ਸਨ। ਜਿੰਨੇ ਮਰਜ਼ੀ ਆਦਮੀ ਇਸ ਪਾਸੇ ਦਿਆਂ ਸਟੇਸ਼ਨਾਂ ਤੇ ਆ ਸਕਦੇ ਸਨ।

ਉਸ ਵਕਤ ਇਕ ਨਿੱਕੀ ਲਾਈਨ ਸਮੁੰਦਰ ਦੇ ਕੰਢੇ ਕੰਢੇ ਅੱਠ ਦਸ ਮੀਲ ਜਾਂਦੀ ਸੀ। ਅੰਤਲੇ ਸਟੇਸ਼ਨ ਦਾ ਨਾਂ ਸੀ ਫ਼ਲਤਾ। ਉਥੇ ਕੰਮ ਚਲਦਾ ਸੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਮ ਲੱਕੜੀ ਦਾ ਹੁੰਦਾ ਸੀ ਜਾਂ ਰੇਲਵੇ ਨੂੰ ਮਾਲ ਸਪਲਾਈ ਕਰਨ ਦਾ। ਅਫ਼ਸਰਾਂ ਦੇ ਬੰਗਲਿਆਂ, ਅਫ਼ਸਰਾਂ ਦਿਆਂ ਫ਼ਰਨੀਚਰਾਂ ਦੀ ਰੀਪੇਅਰ ਅਤੇ ਨਿੱਕਾ ਨਿੱਕਾ ਨਵਾਂ ਕੰਮ।

ਬਾਬਾ ਲਾਭ ਸਿੰਘ ਸਮੁੰਦਰੀ ਜਹਾਜ਼ਾਂ ਦੀ ਮੁਰੰਮਦ ਵਾਲੀ ਵਰਕਸ਼ਾਪ ਵਿਚ ਉਹਨੀਂ ਦਿਨੀਂ ਫ਼ੋਰਮੈਨ ਸਨ। ਤਨਖ਼ਾਹ ਸਣੇ ਕਮਾਈ ਬਹੁਤ ਸੀ। ਉਹਨਾਂ ਨੇ ਸਾਡੀ ਵਰਕਸ਼ਾਪ ਤੋਂ ਕੋਈ ਅੱਧਾ ਮੀਲ ਦੂਰ ਇਕ ਬਗਾਨ ਖ਼ਰੀਦਿਆ ਹੋਇਆ ਸੀ। ਜਿਸ ਵਿਚ ਤਾੜ ਅਤੇ ਨਾਰੀਅਲ ਦੇ ਰੱਖ ਸਨ। ਲੀਚੀ ਤੇ ਕਵਾਰ ਦੇ ਰੁੱਖ ਵੀ ਸਨ। ਹੋਰ ਫੁੱਲ ਬੂਟੇ ਵਗੈਰਾ।

ਇਸ ਬਗਾਨ ਵਿਚ ਚਾਦਰਾਂ ਪਾ ਕੇ ਇਕ ਬੰਗਲੇ ਦੀ ਸ਼ਕਲ ਦਾ ਖੁਲ੍ਹਾ ਘਰ ਬਣਾਇਆ ਹੋਇਆ ਸੀ। ਬਰਾਂਡੇ ਦਾ ਅਗਲਾ ਪਾਸਾ ਜਾਫ਼ਰੀ ਵਾਲਾ ਸੀ। ਉਥੇ ਉਹ ਆਰਾਮ ਕੁਰਸੀ ਉਤੇ ਬੈਠ ਕੇ ਬਗਾਨ ਦਾ ਰੰਗ ਮਾਣਿਆਂ ਕਰਦੇ ਸਨ। ਹਰ ਰਾਤ ਸ਼ਰਾਬ ਪੀਣੀ, ਮੀਟ ਮੱਛੀ ਖਾਣੀ ਅਤੇ ਰੋਹਬ-ਦਾਬ ਨਾਲ ਰਹਿਣਾ। ਉਹਨਾਂ ਦੇ ਚਾਰ ਪੁੱਤਰ ਸਨ। ਧੀ ਕੋਈ ਨਹੀਂ ਸੀ। ਉਹਨਾਂ ਦੀ ਪਤਨੀ ਬਹੁਤ ਸੋਹਣੀ ਤੇ ਕੱਦ-ਕਾਠ ਵਾਲੀ ਸੀ, ਪਰ ਦਿਮਾਗੋਂ ਹੌਲੀ ਸਿੱਧੜ ਸੀ। ਬਾਬਾ ਜੀ ਉਹਨੂੰ ਸਿਰਫ਼ ਅੰਵਾਣੇ ਪੈਦਾ ਕਰਨ ਵਾਲੀ ਮਸ਼ੀਨ ਹੀ ਸਮਝਦੇ ਸਨ। ਰਾਤ ਨੂੰ ਉਹਨਾਂ ਦੇ ਬਗਾਨ ਲਾਗੇ ਦਾ ਇਕ ਚੌਂਕ ਸੀ। ਜਿਥੇ ਬੜਾ ਮੰਨਿਆ ਹੋਇਆ ਚੱਕਲਾ ਸੀ। ਨੱਚਣ ਵਾਲੀਆਂ ਉਥੇ ਨਹੀਂ ਸਨ। ਚੱਕਲੇ ਦੀ ਚੌਧਰਾਣੀ ਬੜੀ ਚਾਤੁਰ ਸੀ। ਨਵੀਆਂ ਨਵੀਆਂ ਕੁੜੀਆਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਸਨ। ਕੁਝ ਉਸ ਦਾ ਵਤੀਰਾਂ ਵੀ ਵੇਸ਼ਵਾਵਾਂ ਵਲ ਰਹਿਮ ਦਿਲ ਤੇ ਤਰਸੀਲਾ ਸੀ।

ਬਾਬਾ ਲਾਭ ਸਿੰਘ ਜੀ ਨਸ਼ੇ ਵਿਚ ਲੈਸ ਹੋ ਕੇ ਰੋਜ਼ਾਨਾ ਉਥੇ ਜਾਂਦੇ, ਉਥੇ ਨਿੱਕੀ ਜਿਹੀ ਖੋਲੀ ਉਹਨਾਂ ਕਰਾਏ ਤੇ ਰੱਖੀ ਹੋਈ ਸੀ। ਉਸ ਵਿਚ ਚੌਧਰਾਣੀ ਤੋਂ ਮਰਜ਼ੀ ਦੀ ਵੇਸ਼ਵਾ ਮੰਗਵਾ ਲੈਂਦੇ ਸਨ। ਬਾਬਾ ਲਾਭ ਸਿੰਘ ਜੀ ਹੱਥ ਦੇ ਅੱਤ ਕਾਰੀਗਰ ਸਨ, ਲੱਕੜੀ ਵਿਚ ਜਾਨ ਪਾਉਣੀ ਉਹਨਾਂ ਦੀ ਕਰਾਮਾਤ ਸੀ। ਇਸ ਕਰਾਮਾਤ ਕਰਕੇ ਅਫ਼ਸਰਾਂ ਦੇ ਘਰ ਉਹਨਾਂ ਸਜਾ ਦਿੱਤੇ ਸਨ। ਇਸ ਕਰਾਮਾਤ ਕਰਕੇ ਹੀ ਉਹ ਫੋਰਮੈਨ ਬਣੇ ਸਨ। ਆਪਣੀ ਮਿਹਨਤ ਨਾਲ ਇਸ ਅਹੁਦੇ ਉਤੇ ਕਾਬਲ ਸਾਬਤ ਹੋਏ ਸਨ।

ਮੇਰੇ ਪਿਤਾ ਜੀ ਨੂੰ ਉਹਨਾਂ ਆਪਣੇ ਘਰ ਵਿਚੋਂ ਦੋ ਕਮਰੇ ਦਿੱਤੇ ਹੋਏ ਸਨ। ਮੇਰੀ ਭਾਬੀ ਨੇ ਮੈਨੂੰ ਦਸਿਆ ਸੀ ਕਿ ਤੂੰ ਉਦੋਂ ਦਸਾਂ ਮਹੀਨਿਆਂ ਦਾ ਸੈਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੜਾ ਮੱਟਾ ਤੇ ਪਿਆਰਾ ਸੋਹਣਾ, ਰੋਂਦਾ ਘੱਟ ਸੈਂ। ਚਾਚਾ ਲਾਭ ਸਿੰਘ ਹੋਰੀਂ ਤੇਰੇ ਨਾਲ ਬੜਾ ਮੋਹ ਕਰਦੇ ਸਨ। ਤੂੰ ਉਹਨਾਂ ਉਤੇ ਹੱਗ ਮੂਤ ਦਿੰਦਾ ਸੈਂ ਉਹ ਉੱਕਾ ਹੀ ਬੁਰਾ ਨਹੀਂ ਸੀ ਮਨਾਉਂਦੇ। ਮੈਥੋਂ ਨਹੀਂ, ਚਾਚੀ ਜੀ ਕੋਲੋਂ ਧਵਾਉਂਦੇ ਸਨ। ਚਾਚੇ ਭਤੀਜੇ ਦੀ ਬੜੀ ਸੁਲਾਹ ਸੀ, ਗੱਲਾਂ ਵੀ ਮਾਰਦੇ ਸਨ। ਤੇਰੇ ਭਾਈਏ ਨੂੰ ਕੋਈ ਉਹਨਾਂ ਵਰਗੀ ਆਦਤ ਨਹੀਂ ਸੀ।......ਅਸੀਂ ਪਿਤਾ ਜੀ ਨੂੰ ਭਾਈਆ ਕਹਿੰਦੇ ਹਾਂ।

ਕਲਕੱਤੇ ਤੋਂ ਹਟ ਕੇ ਕਿਸੇ ਪਿੰਡ ਵਿਚ ਇਕ ਜਵਾਨ ਸੋਹਣੀ ਅਕਲੋਂ ਚਾਤਰ ਬਾਮਣੀ ਵਿਧਵਾ ਹੋ ਗਈ। ਜਿਹੜੀ ਵਿਧਵਾ ਰਾਤ ਬਾਹਰ ਰਹਿ ਜਾਏ ਉਸ ਨੂੰ ਮੁੜ ਕੇ ਘਰ ਨਹੀਂ ਸਨ ਵੜਨ ਦਿੰਦੇ। ਜਿਥੇ ਮਰਜ਼ੀ ਹੈ ਜਾਏ।

ਉਸ ਵਿਧਵਾ ਨੂੰ ਉਸ ਦੇ ਪਤੀ ਦੇ ਫੁੱਲ ਗੰਗਾ ਵਿਚ ਤਾਰਨ ਲਈ ਅਤੇ ਕਿਰਿਆ ਕਰਮ ਕਰਨ ਲਈ ਘਰ ਵਾਲੇ ਨਾਲ ਲਿਆਏ। ਕਲਕੱਤੇ ਦੇ ਇਸ ਸਮੁੰਦਰ ਦੇ ਹਿੱਸੇ ਨੂੰ ਗੰਗਾ ਕਿਹਾ ਜਾਂਦਾ ਹੈ।

ਕਿਰਿਆ ਕਰਮ ਦੇ ਪਿਛੋਂ ਘਰ ਵਾਲੇ ਇਸ ਨੂੰ ਝਕਾਨੀ ਦੇ ਕੇ ਨਿਕਲ ਗਏ। ਇਸ ਅਨਭੋਲ ਜਿਸ ਕੋਲ ਕੋਈ ਪੈਸਾ ਵੀ ਨਹੀਂ ਸੀ। ਨਾ ਹੀ ਰਾਹ ਦੀ ਜਾਣੂ ਸੀ। ਕਲਕੱਤੇ ਵਿਚ ਭਟਕਦੀ ਰਹੀ। ਇਕ ਦੋ ਰਾਤਾਂ ਰੁਲਦੀ ਰਹੀ। ਚੱਕਰ ਨੇ ਉਸ ਨੂੰ ਉਸ ਚਕਲੇ ਵਿਚ ਲੈ ਆਂਦਾ। ਚੌਦਰਾਣੀ ਨੇ ਉਸ ਨੂੰ ਜੀ ਆਇਆਂ ਆਖਿਆ। ਨੁਹਾਇਆ ਧੁਆਇਆ ਧੋਤੀ ਨਵੀਂ ਪੁਆਈ, ਵਾਲ ਵਹਾਏ, ਬਿੰਦੀ ਲਾਈ, ਸੁਰਮਾਂ ਪਵਾ ਕੇ ਆਪਣੇ ਕਮਰੇ ਵਿਚ ਬਿਠਾ ਦਿੱਤਾ।

ਜਦ ਬਾਬਾ ਲਾਭ ਸਿੰਘ ਜੀ ਨਸ਼ੇ ਵਿਚ ਚਕਲੇ ਗਏ ਤਾਂ ਹੁਕਮ ਕੀਤਾ—

ਚੌਦਰਾਣੀ ਨੇ ਬਾਬਾ ਜੀ ਨੂੰ ਬੰਗਲਾਂ ਵਿਚ ਆਖਿਆ— ਸਰਦਾਰ ਜੀ, ਬਿਲਕੁਲ ਨਵਾਂ ਮਾਲ ਤੁਹਾਡੇ ਲਈ ਸਾਂਭ ਕੇ ਰੱਖਿਆ ਹੈ। ਅੱਜ ਹੀ ਸਵੇਰੇ ਲੱਭਾ ਹੈ। ਅਜੇ ਉਸ ਨੂੰ ਕਿਸੇ ਛੋਹਿਆ ਨਹੀਂ। ਬਾਬਾ ਜੀ ਦੇ ਕਮਰੇ ਵਿਚ ਉਸ ਨੂੰ ਪਹੁੰਚਾ ਦਿੱਤਾ ਗਿਆ। ਉਹ ਵੇਖ ਕੇ ਹੈਰਾਨ ਹੋ ਗਏ। ਆਪਣੇ ਨਾਲ ਘੁੱਟ ਕੇ ਪੁੱਛਿਆ—"ਤੁਮੀਂ ਏ ਖਾਨੇ ਕੀ ਰਕਮ ਆਬੇ ?" ਬਾਬਾ ਜੀ ਬੰਗਲਾ ਜ਼ਬਾਨ ਬਿਲਕੁਲ ਪੰਜਾਬੀ ਵਾਂਗ ਬੋਲਦੇ ਸਨ। ਬੰਗਾਲੀ ਕਿਸੇ ਦੂਜੇ ਦੀ ਜ਼ਬਾਨ 'ਚੋਂ ਆਪਣੀ ਜ਼ਬਾਨ ਸੁਣ ਕੇ ਬੜਾ ਫੁੱਲਦੇ ਤੇ ਖ਼ੁਸ਼ ਹੁੰਦੇ ਹਨ।

ਉਸ ਮੁਟਿਆਰ ਨੇ ਸਾਰੀ ਆਪਣੀ ਕਥਾ ਬਾਬਾ ਜੀ ਨੂੰ ਕਹਿ ਸੁਣਾਈ। ਬਾਬਾ ਜੀ ਬੜੇ ਪ੍ਰਭਾਵਿਤ ਹੋਏ। ਚੌਦਰਾਣੀ ਨੂੰ ਸੱਦ ਕੇ ਕਹਿਣ ਲੱਗੇ। ਇਹ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਇਸ ਕਮਰੇ ਵਿਚ ਰਹੇਗੀ । ਹੋਰ ਕੋਈ ਮਰਦ ਇਸ ਦੇ ਨਾਲ ਕਦੇ ਨਹੀਂ ਰਹੇਗਾ । ਤੇਰੇ ਕੋਲ ਇਹ ਮੇਰੀ ਅਮਾਨਤ ਹੈ । ਜਿਨ੍ਹਾਂ ਤੇਰਾ ਇਵਜ਼ਾਨਾ ਹੋਵੇਗਾ ਤੈਨੂੰ ਹਰ ਮਹੀਨੇ ਮਿਲਦਾ ਰਹੇਗਾ । ਉਸ ਮੁਟਿਆਰ ਨੂੰ ਬਾਬਾ ਜੀ ਨੇ ਹਰ ਚੀਜ਼ ਉਸ ਖੋਲੀ ਵਿਚ ਮੁਹਈਆ ਕਰ ਦਿੱਤੀ । ਉਸ ਨੇ ਪੂਰੇ ਸਿਦਕ ਅਤੇ ਆਪਣੇ ਧਰਮ ਨਾਲ ਬਾਬਾ ਜੀ ਨੂੰ ਤਨੋ-ਮਨੋ ਸਵੀਕਾਰ ਕਰ ਲਿਆ ।

ਬਾਬਾ ਜੀ ਹਰ ਰੋਜ਼ ਉਹਦੇ ਕੋਲ ਜਾਂਦੇ । ਕਦੇ ਕਦੇ ਮੈਨੂੰ ਵੀ ਨਾਲ ਲੈ ਜਾਂਦੇ । ਉਸ ਦਾ ਨਾਂ ਬਾਬਾ ਜੀ ਨੇ ਬਸੰਤੀ ਰੱਖ ਲਿਆ ਸੀ । ਉਸ ਨੇ ਇਕ ਨਿੱਕਾ ਜਿਹਾ ਗੰਗਾ ਸਾਗਰ ਲਿਆ । ਦੁੱਧ ਉਹ ਲੈਂਦੀ ਹੀ ਸੀ । ਇਕ ਚੰਗੇ ਕਪੜੇ ਦੇ ਕੋਨਿਆਂ ਨੂੰ ਰੱਸੀਆਂ ਬੰਨ੍ਹ ਕੇ ਪੰਗੂੜੇ ਦੀ ਸ਼ਕਲ ਬਣਾ ਦਿੱਤੀ ।

ਜਦ ਮੈਨੂੰ ਬਾਬਾ ਜੀ ਨੇ ਉਥੇ ਖੜਨਾ ਉਸ ਮੇਰੀ ਦਾਦੀ ਨੇ ਮੈਨੂੰ ਬੜਾ ਮੋਹ ਦੇਣਾ । ਰੋਣਾ ਤਾਂ ਦੁੱਧ ਪਿਆ ਦੇਣਾ । ਸੌਂ ਜਾਣਾ ਤਾਂ ਉਸ ਕਪੜੇ ਦੀ ਝੋਲੀ ਵਿਚ ਲਿਟਾ ਦੇਣਾ । ਆਪ ਦੋਹਾਂ ਮੌਜ਼ ਮੇਲਾ ਅਤੇ ਘਰ ਬਾਹਰ ਅਤੇ ਦੁਖ ਸੁਖ ਦੀਆਂ ਗੱਲਾਂ ਕਰਦੇ ਰਹਿਣਾ ।

7782

ਇਕ ਦਿਨ ਕਾਫੀ ਰਾਤ ਗਏ ਜਦ ਬਾਬਾ ਜੀ ਘਰ ਆਏ ਤਾਂ ਉਹਨਾਂ ਕੋਲ ਮੈਂ ਨਹੀਂ ਸੀ । ਭਾਬੀ ਬੜਾ ਘਾਬਰੀ । ਮੇਰੇ ਭਾਈਆ ਜੀ ਨੂੰ ਜਗਾਇਆ— ਉਠੋ ਉਠੋ ਚਾਚਾ ਜੀ ਕਾਕੇ ਨੂੰ ਚਾਚੀ ਜੀ ਕੋਲ ਛੱਡ ਆਏ ਹਨ ।

ਮੇਰੇ ਪਿਤਾ ਉਠੇ ਅਤੇ ਉਸ ਚਕਲੇ 'ਚੋਂ ਆਪਣੀ ਨਵੀਂ ਚਾਚੀ ਦੇ ਕਮਰੇ ਵਿਚੋਂ ਮੈਨੂੰ ਚੁਕ ਲਿਆਏ । ਭਾਬੀ ਨੇ ਸੁਖ ਦਾ ਸਾਹ ਲਿਆ ।

ਇਹ ਸਾਰੀਆਂ ਗੱਲਾਂ ਮੈਨੂੰ ਮੇਰੀ ਸਕੀ ਦਾਦੀ ਜੀ, ਮੇਰੀ ਭਾਬੀ ਜੀ ਅਤੇ ਉਸ ਬੰਗਾਲਣ ਮਾਂ ਨੇ ਦੱਸੀਆਂ ਸਨ । ਜਿਸ ਦੀ ਮੌਤ ਵੀ ਡੇਰੇ ਬਾਬੇ ਨਾਨਕ ਹੋਈ । ਉਹ ਪੰਜਾਬਣਾਂ ਨਾਲੋਂ ਕਈ ਗੁਣਾਂ ਚੰਗੀ ਸੀ । ਉਸ ਦਾ ਆਪਣਾ ਬੱਚਾ ਕੋਈ ਨਹੀਂ ਸੀ । ਉਸ ਨੇ ਪਤੀ ਦੇ ਬੱਚਿਆਂ ਦੇ ਸਾਰੇ ਕਾਰਜ ਕੀਤੇ ।

ਮੈਂ ਕਈ ਵਾਰੀ ਸੋਚਦਾ ਹਾਂ ਮੇਰੀ ਜੋ ਰੰਗੀਨ ਮਜਾਜ਼ੀ ਹੈ, ਇਹ ਗੁੜ੍ਹਤੀ ਮੈਨੂੰ ਉਥੋਂ ਹੀ ਮਿਲੀ ਸੀ ਖੌਰਿਆ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਵਾਪਸੀ

ਮੈਨੂੰ ਜੇ ਕੋਈ ਨਿੱਕੀ ਜਿਹੀ ਝਲਕ ਹੈ ਤਾਂ ਉਹ ਕਲਕੱਤੇ ਦੇ ਉਸ ਫਲਤੇ ਵਾਲੀ ਜਗ੍ਹਾ ਦੀ ਹੈ। ਉਥੇ ਮੇਰਾ ਨਿੱਕਾ ਚਾਚਾ ਗਿਆਨ ਸਿੰਘ ਕੰਮ ਕਰਦਾ ਯਾਦ ਹੈ। ਵੱਡੇ ਚਾਚੇ ਭਗਵਾਨ ਸਿੰਘ ਦਾ ਵਿਆਹ ਹੋ ਗਿਆ ਹੋਇਆ ਸੀ। ਉਹ ਕਲਕੱਤੇ ਤੋਂ ਜਲਦੀ ਆ ਗਿਆ। ਉਸ ਦਾ ਸੱਸ ਸੌਹਰਾ ਗੁਜ਼ਰ ਗਏ ਹੋਏ ਸਨ। ਇਕ ਵੱਡਾ ਸਕਾ ਸਾਲਾ ਸੀ। ਜਿਹੜਾ ਫ਼ਿਰੋਜ਼ਪੁਰ ਰੇਲਵੇ ਵਿਚ ਡਰਾਫਟਸਮੈਨ ਸੀ। ਉਸ ਨੇ ਚਾਚੇ ਭਗਵਾਨ ਸਿੰਘ ਦੀ ਤਹਿਲੀਮ ਪੂਰੀ ਕਰਾ ਕੇ ਓਵਰਸੀਅਰ ਬਣਾ ਕੇ ਬਗਦਾਦ ਘਲਾ ਦਿੱਤਾ ਸੀ। ਇਹ ਚਾਚਾ ਚਾਚੀ ਇਕ ਦੂਜੇ ਤੋਂ ਸੋਹਣੇ ਸਨ। ਕਦ-ਕਾਠ ਵੀ ਨਜ਼ਰਾਂ ਖਿੱਚਦਾ ਸੀ। ਇਕ ਦੂਜੇ ਵਲ ਵਫ਼ਾਦਾਰ ਸਨ। ਵਰਤਣ ਵਿਹਾਰ ਵਿਚ ਖਰਵੇ, ਪਰ ਖਰੇ ਸਨ। ਇਨਸਾਨੀ ਹਮਦਰਦੀ ਉਹਨਾਂ ਵਿਚ ਸੀ।

ਫਲਤੇ ਮੈਥੋਂ ਨਿੱਕੀ ਭੈਣ ਨੇ ਜਨਮ ਲਿਆ। ਉਹ ਕੁਝ ਮਹੀਨਿਆਂ ਦੀ ਹੋ ਕੇ ਮਰ ਗਈ। ਉਸ ਦਾ ਨਾਮ ਜਸਵੰਤੀ ਸੀ। ਉਸ ਦੇ ਬਾਅਦ ਮੇਰਾ ਨਿੱਕਾ ਭਰਾ ਧਰਤੀ ਤੇ ਆਇਆ। ਮੇਰੇ ਬਾਬਾ ਜੀ ਨੂੰ ਬੜੀ ਖ਼ੁਸ਼ੀ ਹੋਈ। ਉਹਨਾਂ ਨੇ ਇਕ ਬੰਗਾਲੀ ਪੰਡਤ ਨੂੰ ਸੱਦਿਆ ਅਤੇ ਆਖਿਆ ਕਿ ਤੂੰ ਮੇਰੇ ਪੋਤਰੇ ਦਾ ਨਾਂ ਰੱਖ।

ਉਸ ਪੰਡਿਤ ਨੇ ਪੱਤਰੀ ਫੋਲੀ ਆਪਣਾ ਕੋਈ ਹਿਸਾਬ ਲਾਇਆ ਅਤੇ ਬਾਬਾ ਜੀ ਨੂੰ ਕਹਿਣ ਲੱਗਾ, ਇਸ ਦਾ ਨਾਮ ਰਾਏ ਸਿੰਘ ਰੱਖੋ। ਬਾਬਾ ਜੀ ਨੇ ਪ੍ਰਵਾਨ ਕਰ ਲਿਆ ਪੰਡਤ ਨੂੰ ਜੋ ਦੇਣਾ ਸੀ ਦੇ ਕੇ ਵਿਦਾ ਕੀਤਾ। ਮੇਰੇ ਉਸ ਛੋਟੇ ਭਰਾ ਦਾ ਨਾਂ ਰਾਏ ਸਿੰਘ ਹੀ ਬਣਿਆ ਰਿਹਾ। ਅੰਮ੍ਰਿਤ ਤਾਂ ਜਿਹੜਾ ਸਵਾ ਮਹੀਨੇ ਦਾ ਬੱਚਾ ਹੋ ਜਾਂਦਾ ਸੀ ਉਦੋਂ ਪੰਜ ਸਿੰਘ ਸੱਦ ਕੇ ਉਹਨਾਂ ਨੂੰ ਚੰਗਾ ਪ੍ਰਸ਼ਾਦਾ ਛਕਾਇਆ ਜਾਂਦਾ ਸੀ। ਉਹ ਭਾਈ ਹੀ ਅੰਮ੍ਰਿਤ ਤਿਆਰ ਕਰਕੇ ਬੱਚੇ ਦੇ ਮੂੰਹ ਵਿਚ ਦੋ ਤਿੰਨ ਚਮਚੇ ਪਾ ਜਾਂਦੇ ਸਨ। ਬਾਕੀ ਬੱਚੇ ਦੀ ਮਾਂ ਛਕ ਲੈਂਦੀ ਸੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡੇ ਘਰ ਵਿਚ ਕਟੜ ਸਿੱਖੀ ਦੇ ਪੰਡਤਾਂ ਦੀ ਮੰਨਤ ਵੀ ਤੁਰੀ ਰਹੀ ਹੈ। ਟੇਵੇ ਤੇ ਕਿਸਮਤ ਵਖਾਉਂਦੇ ਹੀ ਰਹਿੰਦੇ ਸਨ। ਵਰਤ ਵਗੈਰਾ ਵੀ ਰੱਖਦੇ ਬਾਮਣੀ ਆਉਂਦੀ। ਇਹ ਰਸਮ ਮੇਰੇ ਸਾਰਿਆਂ ਬਾਬਿਆਂ ਤਕ ਰਹੀ। ਕੁਝ ਕੁਝ ਮੇਰੇ ਚਾਚਿਆਂ ਵਿਚ। ਮੇਰੀ ਪੀੜ੍ਹੀ ਵਿਚ ਲਗਭਗ ਮੁੱਕ ਗਈ ਹੈ।

ਫਲਤੇ ਦੀ ਮਾੜੀ ਜਿਹੀ ਝਲਕੀ ਦੀ ਮੈਨੂੰ ਹੋਸ਼ ਹੈ। ਮੈਨੂੰ ਮੇਰੇ ਪਿਤਾ ਜੀ ਨੇ ਚੁਕਿਆ ਹੋਇਆ ਸੀ। ਆਰੇ ਕਸ਼ ਪਰਨਾਈ ਨਾਲ ਸ਼ਤੀਰੀ ਚੀਰ ਰਹੇ ਸਨ। ਮੈਨੂੰ ਵੀ ਪਿਤਾ ਜੀ ਨੇ ਥੱਲੇ ਦੇ ਬੰਦੇ ਵਾਲੇ ਪਾਸਿਉਂ ਪਰਨਾਈ ਫੜਾਈ ਦੋ ਤਿੰਨ ਵਾਰੀ ਪਰਨਾਈ ਅੱਗੇ ਪਿੱਛੇ ਹੋਈ ਤਾਂ ਮੇਰਾ ਮੂੰਹ ਭੱਜ ਗਿਆ। ਝਟ ਮੈਨੂੰ ਪਰਨਾਈ ਨਾਲੋਂ ਹਟਾ ਕੇ ਵਰਚਾਉਣ ਲੱਗ ਪਏ।

ਇਕ ਝਲਕ ਹੈ ਸਮੁੰਦਰ ਦਾ ਕੰਢਾ ਅਤੇ ਕੰਢੇ ਉਤੇ ਇਕ ਮਠਿਆਈ ਦੀ ਨਿੱਕੀ ਜਿਹੀ ਦੁਕਾਨ ਸੀ। ਮੈਂ ਪਿਤਾ ਜੀ ਤੇ ਹੋਰਨਾਂ ਦੋ ਤਿੰਨਾਂ ਬੰਦਿਆਂ ਨਾਲ ਤੁਰਿਆ ਜਾਂਦਾ ਸੀ। ਪਿਤਾ ਜੀ ਦੀ ਉਂਗਲੀ ਫੜੀ ਹੋਈ ਸੀ। ਮੈਨੂੰ ਪੁਛਿਆ, "ਜਸਵੰਤ ਪੈਸਾ ਕਿੱਥੇ ਰਿਆ ਸੀ ?" ਮੈਂ ਬੱਚਿਆਂ ਦੀ ਜ਼ਬਾਨ ਨਾਲ ਕਿਹਾ, "ਉਥੇ ਸਮੁੰਦਰ ਵਿਚ।" ਸਾਰੇ ਹੱਸ ਪਏ। ਚਾਚੇ ਗਿਆਨ ਸਿੰਘ ਨੇ ਆਖਿਆ, "ਬੜਾ ਸ਼ੈਤਾਨ ਹੈ, ਪੈਸਾ ਲੈ ਕੇ ਰਸਗੁੱਲਾ ਖਾ ਲੈਂਦਾ ਹੈ। ਫਿਰ ਮੰਗਦਾ ਹੈ ਜੇ ਪੁਛੀਏ ਉਏ ਲੁੱਚਿਆ, ਪਹਿਲਾ ਪੈਸਾ ਕਿਥੇ ਗਿਆ ਹੈ ਤਾਂ ਬੜਾ ਭੋਲਾ ਜਿਹਾ ਮੂੰਹ ਬਣਾ ਕੇ ਅੱਖੀਆਂ ਝਮਕਾ ਕੇ ਆਖੇਗਾ, ਉਥੇ ਸਮੁੰਦਰ ਵਿਚ।"

ਭਾਈਆ ਜੀ ਨੇ ਆਖਿਆ— ਚਲ ਗਿਆਨ ਸਿੰਘਾ ਸੇਰ ਰਸਗੁੱਲੇ ਤੁਲਾ ਲੈ ਅੱਜ ਇਸ ਨੂੰ ਘਰੇ ਹੀ ਰੱਜ ਕੇ ਖਵਾਵਾਂਗੇ। ਪਰ ਮੈਂ ਪੈਸੇ ਵਾਲਾ ਰਸਗੁੱਲਾ ਨਹੀਂ ਸੀ ਛੱਡਿਆ।

ਬਾਬੇ ਪਾਲਾ ਸਿੰਘ ਜੀ ਦਾ ਵੱਡਾ ਲੜਕਾ ਵੀ ਰੇਲਵੇ ਵਿਚ ਓਵਰਸੀਅਰ ਸੀ। ਇਕ ਅਮਰ ਸਿੰਘ ਨਾਲ ਕੰਮ ਕਰਦਾ ਸੀ। ਆਇਆ ਸਿੰਘ ਅਤੇ ਹਰੀ ਸਿੰਘ ਪੜ੍ਹਦੇ ਸਨ। ਆਇਆ ਸਿੰਘ ਬਹੁਤ ਚਾਤਰ ਤੇ ਸ਼ੈਤਾਨ ਸੀ। ਇਕ ਅੱਖ ਵਿਚ ਫੋਲਾ ਸੀ। ਹਰੀ ਸਿੰਘ ਜਿਦੀਆ ਸੀ। ਹਰੀ ਸਿੰਘ ਮੈਥੋਂ ਦੋ ਸਾਲ ਵੱਡਾ ਸੀ। ਆਇਆ ਸਿੰਘ ਸਾਢੇ ਤਿੰਨ ਸਾਲ।

ਅਮਰ ਸਿੰਘ ਜਮਾਂਦਰੂ ਹੀ ਬੇ-ਰਹਿਮ ਤੇ ਚਲਾਕੀ ਨਾਲ ਦਗ਼ਾ ਦੇਣ ਵਾਲਾ ਤੇ ਸ਼ਰੀਕੇ ਦਾਅ ਲਾ ਕੇ ਥੱਲੇ ਲਾਉਣ ਵਾਲਾ ਸੀ। ਮੇਰੇ ਸਕੇ ਚਾਚਾ ਜੀ ਗਿਆਨ ਸਿੰਘ ਨਾਲ ਉਸ ਦੀ ਲਗਭਗ ਬਣ ਜਾਂਦੀ ਸੀ।

ਸ਼ਰੀਕੇ ਦੀ ਗੱਲ ਸੀ ਕੰਮ ਚਲਦਾ ਰਿਹਾ। ਤਫ਼ੱਰਕਾ ਵਧਦਾ ਵਧਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਝਗੜਾ ਬਣ ਗਿਆ । ਝਗੜੇ ਤੋਂ ਹਿਸਾਬ ਕਿਤਾਬ ਤੇ ਗੱਲ ਆ ਕੇ ਮੁਕ ਗਈ । ਤੋੜ ਵਿਛੋੜਾ ਹੋ ਗਿਆ ।

ਮੇਰੇ ਬਾਬਾ ਮਲਾਵਾ ਸਿੰਘ ਮੇਰੇ ਪਿਤਾ ਤੇ ਮੇਰਾ ਨਿੱਕਾ ਚਾਚਾ ਮੁੜ ਪੰਜਾਬ ਆ ਗਏ । ਜਿਸ ਤਰ੍ਹਾਂ ਦਾ ਕੰਮ ਛੱਡ ਕੇ ਡੇਰੇ ਬਾਬੇ ਨਾਨਕ ਤੋਂ ਗਏ ਸਨ । ਉਸ ਤਰ੍ਹਾਂ ਮੁੜ ਤੋਂ ਸ਼ੁਰੂ ਕਰ ਦਿੱਤਾ । ਪੈਰ ਤੇ ਬਾਬਾ ਜੀ ਡੇਰੇ ਬਾਬੇ ਨਾਨਕ ਹੀ ਛੱਡ ਗਏ ਸਨ । ਉਹਨਾਂ ਪੈਰਾਂ ਉਤੇ ਖਲੋ ਗਏ । ਪਹਿਲੇ ਨਾਲੋਂ ਵੀ ਚੰਗਾ ਟੌਰ ਬਣਾ ਲਿਆ ।

ਸਾਡਾ ਸਾਰਾ ਪ੍ਰਵਾਰ ਜਿਹੜਾ ਮੇਰੇ ਪੜਦਾਦਾ ਜੀ ਦੀ ਅੰਸ਼ ਸੀ, ਗੁਰੂ ਘਰ ਦਾ ਅਤੇ ਸਾਧਾਂ ਸੰਤਾਂ ਦਾ ਪੂਰੇ ਪੂਰੇ ਹਿਰਦੇ ਨਾਲ ਸੱਚਾ ਪ੍ਰੇਮੀ ਸੀ ।

ਮੇਰੇ ਭਾਈਆ ਜੀ ਸਾਨੂੰ ਦੋ ਭਰਾਵਾਂ ਤੇ ਮੇਰੀ ਭਾਬੀ ਜੀ ਨੂੰ ਲੈ ਕੇ ਲਾਹੌਰ ਆ ਗਏ ਜਿਥੇ ਉਹਨਾਂ ਕੁਝ ਸਮੇਂ ਵਿਚ ਚੰਗੀ ਪੁਜੀਸ਼ਨ ਹਾਸਲ ਕਰ ਲਈ ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲਾਹੌਰ ਵਿਚ

ਜਿਥੇ ਮੇਰੀ ਹੋਸ਼ ਨੇ ਹਰਕਤ ਕੀਤੀ ਅਤੇ ਚੇਤਨਾ ਨੇ ਅੱਖ ਖੋਲ੍ਹੀ ਉਹ ਥਾਂ ਲਾਹੌਰ ਸੀ।

ਉਥੇ ਮੈਨੂੰ ਪਹਿਲੀ ਵਿਚ ਪੜ੍ਹਨੇ ਪਾ ਦਿੱਤਾ ਗਿਆ। ਸਕੂਲ ਵਿਚ ਦਸ-ਯਾਰ੍ਹਾਂ ਮੁੰਡੇ ਸਨ। ਇਕ ਬੰਦੇ ਦੀ ਉਤਲੀ ਮੰਜ਼ਲ ਵਿਚ ਬੈਠਕ ਸੀ। ਉਥੇ ਉਸ ਦਾ ਵੀ ਕੁਝ ਸਾਮਾਨ ਪਿਆ ਰਹਿੰਦਾ ਸੀ। ਮੈਂ ਆਪਣੇ ਆਪ ਵਿਚ ਬੜਾ ਬੇ-ਫ਼ਿਕਰ ਤੇ ਲਾ-ਪ੍ਰਵਾਹ ਸਾਂ। ਚੀਜ਼ਾਂ ਵਸਤਾਂ ਸਾਂਭ ਨਹੀਂ ਸਾਂ ਸਕਦਾ। ਕਾਇਦੇ, ਪੈਂਸਿਲਾਂ, ਤਖ਼ਤੀ, ਸਲੇਟ ਕਈ ਵਾਰੀ ਬਸਤਾ ਵੀ ਕਿਤੇ ਭੁੱਲ ਜਾਂਦਾ ਸਾਂ। ਮੈਨੂੰ ਉਸ ਉਮਰੇ ਹੀ ਭਾਈਆ ਜੀ ਹਦਾਇਤਾਂ ਕਰਦੇ ਰਹਿੰਦੇ ਸਨ ਜਿਨ੍ਹਾਂ ਦੀ ਮੈਨੂੰ ਨਾ ਤੇ ਸਮਝ ਸੀ ਅਤੇ ਨਾ ਹੀ ਚੰਗੀਆਂ ਲਗਦੀਆਂ ਸਨ। ਖਾਣ ਪੀਣ ਪਹਿਣਨ ਦੀ ਕੋਈ ਪ੍ਰਵਾਹ ਨਹੀਂ ਸੀ। ਭਾਬੀ ਜੀ ਤਾਂ ਕਦੇ ਮੈਨੂੰ ਕੁਝ ਨਹੀਂ ਸਨ ਕਹਿੰਦੇ। ਨਾ ਮਾੜੀ ਨਾ ਚੰਗੀ। ਇੰਜ ਸੀ ਜਿਸ ਤਰ੍ਹਾਂ ਉਹ ਕੋਈ ਕਤੂਰਾ ਪਾਲ ਰਹੀ ਹੋਵੇ।

ਮੇਰੀ ਬੇ-ਪ੍ਰਵਾਹੀ ਦੀ ਗੱਲ ਵੀ ਹੱਦ ਸੀ। ਇਕ ਸ਼ਾਮ ਕੁਝ ਕਾਰੀਗਰਾਂ ਸਮੇਤ ਵਰਕਸ਼ਾਪ ਤੋਂ ਪੈਦਲ ਤੁਰ ਪਏ। ਮੈਨੂੰ ਨਵੇਂ ਚੰਗੇ ਬੂਟ ਰਸਤਿਉਂ ਲੈ ਕੇ ਦਿੱਤੇ। ਮੈਂ ਪੈਰੀਂ ਪਾ ਲਏ। ਬੂਟ ਲੈਣ ਲਈ ਘਰ ਵਲ ਵੱਲ ਪਾ ਕੇ ਜਾਣਾ ਪਿਆ ਸੀ। ਮੈਂ ਭਾਈਏ ਦੀ ਉਂਗਲੀ ਫੜ ਕੇ ਤੁਰਿਆ ਜਾ ਰਿਹਾ ਸਾਂ। ਹੰਗਲਾ ਆ ਗਿਆ ਤੇ ਬੂਟ ਲਗਣ ਲਗ ਪਏ। "ਮੈਨੂੰ ਬੂਟ ਲਗਦੇ ਨੇ", ਮੈਂ ਭਾਈਏ ਨੂੰ ਆਖਿਆ। "ਲਾਹ ਕੇ ਹੱਥ ਵਿਚ ਫੜ ਲੈ।" ਭਾਈਏ ਨੇ ਉੱਤਰ ਦਿਤਾ। ਮੈਂ ਰਤਾ ਕੁ ਖਲੋ ਕੇ ਬੂਟ ਲਾਹ ਕੇ ਹੱਥ ਵਿਚ ਫੜ ਲਏ। ਹੰਗਲਾ ਰਿਹਾ ਸਾਂ। ਇਕ ਪੈਰ ਰਾਹ ਵਿਚ ਡਿੱਗ ਪਿਆ। ਘਰ ਆਇਆ ਤਾਂ ਮੇਰੇ ਹੱਥ ਵਿਚ ਇਕੋ ਪੈਰ ਸੀ। ਉਸ ਨੂੰ ਘਰ ਰੱਖ ਦਿੱਤਾ। ਰੋਟੀ ਖਾਧੀ ਤੇ ਸੌਂ ਗਿਆ। ਦਿਨ ਚੜ੍ਹਿਆ ਤਾਂ ਸਕੂਲੇ ਜਾਣ ਲੱਗਾ ਤਾਂ ਬੂਟ ਦਾ ਇਕੋ ਪੈਰ ਦੂਜਾ ਲੱਭੇ ਨਾ। ਮੈਂ ਕਿਹਾ, ਕੁੱਤਾ ਲੈ ਗਿਆ ਹੋਣਾ ਹੈ। ਘਰ ਵਾਲੇ ਮੇਰੀ ਮੂਰਖਤਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਜਾਣੂ ਸਨ। ਹੱਸ ਕੇ ਚੁੱਪ ਕਰ ਗਏ। ਮੁੜਕੇ ਸ਼ਾਮ ਨੂੰ ਨਵੇਂ ਬੂਟ ਲੈ ਕੇ ਦਿਤੇ ਗਏ। ਮੈਂ ਬੇਸਮਝ ਬਹੁਤ ਸਾਂ।

ਜਿਸ ਚੁਬਾਰੇ ਵਾਲੀ ਬੈਠਕ ਵਿਚ ਅਸੀਂ ਪੜ੍ਹਦੇ ਸਾਂ। ਉਸ ਘਰ ਵਿਚੋਂ ਸੋਨੇ ਦੇ ਕੇਸ ਚੈਨ ਵਾਲੀ ਜੇਬ ਘੜੀ ਗੁੰਮ ਹੋ ਗਈ। ਮੈਨੂੰ ਕੁਝ ਪਤਾ ਨਹੀਂ ਸੀ, ਉਹ ਘੜੀ ਨਾ ਮੈਂ ਦੇਖੀ ਸੀ ਨਾ ਮੈਂ ਜਾਣਦਾ ਸੀ, ਉਸ ਨੇ ਲਾਹ ਕੇ ਕਿੱਥੇ ਰੱਖੀ ਹੈ।

ਉਸ ਘਰ ਦਾ ਮਾਲਕ ਕੋਈ ਅਫ਼ਸਰ ਸੀ। ਉਹ ਇਕ ਸਿਪਾਹੀ ਲੈ ਕੇ ਸਾਡੀ ਵਰਕਸ਼ਾਪ ਆ ਗਿਆ। ਮੈਨੂੰ ਪੁੱਛਿਆ – ਤੂੰ ਘੜੀ ਲਈ।..... ਮੈਂ ਕਹਿ ਦਿੱਤਾ ਹਾਂ ਲਈ ਹੈ। ਉਹ ਕਿੱਥੇ ਹੈ ? ਚਲ ਸਾਡੇ ਨਾਲ। ਮੈਂ ਤੁਰ ਪਿਆ।

ਮੇਰੇ ਭਾਈਆ ਜੀ ਵੀ ਨਾਲ ਤੁਰ ਪਏ। ਜਦ ਇਕ ਮੁੰਡੇ ਦੇ ਘਰ ਗਏ ਮੈਂ ਕਿਹਾ ਇਹੋ ਹੈ। ਉਹ ਮੁੰਡਾ ਰੋਣ ਲੱਗ ਪਿਆ। ਉਸ ਦੇ ਘਰ ਦੇ ਉਸ ਨੂੰ ਨਿਰਦੋਸ਼ ਦਸਣ ਲੱਗ ਪਏ। ਮੈਂ ਕਿਹਾ—ਇਹ ਨਹੀਂ ਹੋਰ ਮੁੰਡਾ ਹੈ। ਉਸ ਪਾਸੇ ਨੂੰ ਤੁਰ ਪਏ। ਉਸ ਨੂੰ ਪੁੱਛਿਆ ਤਾਂ ਉਹ ਮੁੰਡਾ ਵੀ ਰੋਣ ਲੱਗ ਪਿਆ। ਮੈਂ ਆਖਿਆ – ਇਹ ਮੁੰਡਾ ਵੀ ਨਹੀਂ ਹੋਰ ਮੁੰਡਾ ਹੈ। ਇਸ ਤਰ੍ਹਾਂ ਤੀਜੇ ਕੋਲ ਗਏ।

ਦੋ ਦਿਨ ਇਸ ਖਜਲ ਖ਼ਰਾਬੀ ਵਿਚ ਬੀਤ ਗਏ। ਘਰ ਵਿਚ ਭਾਈਆ ਜੀ ਨੇ ਬੜਾ ਹੀ ਸਮਝੌਣਾ, ਤੂੰ ਇਸ ਤਰ੍ਹਾਂ ਆਖੀਂ, ਤੂੰ ਇਸ ਤਰ੍ਹਾਂ ਆਖੀਂ, ਪਰ ਮੈਂ ਬੇ-ਪ੍ਰਵਾਹ ਜੋ ਮੂੰਹ ਆਏ ਬੋਲੀ ਜਾਣਾ। ਇਕ ਦੋ ਥਾਈਂ ਮੈਨੂੰ ਸਿਰਫ਼ ਦੋ ਸਿਪਾਹੀ ਲਈ ਫਿਰਿਆ ਕਰਨ। ਮੈਂ ਕਦੀ ਉਸ ਮੁੰਡੇ ਵਲ ਕਦੀ ਉਸ ਮੁੰਡੇ ਵਲ। ਨਾ ਮੈਨੂੰ ਡਰ ਸੀ ਨਾ ਫਿਕਰ ਸੀ। ਜਿਸ ਤਰ੍ਹਾਂ ਲੁਕਣ-ਮੀਚੀ ਖੇਡ ਰਿਹਾ ਹੋਵਾਂ।

ਤੀਜੇ ਦਿਨ ਮੈਨੂੰ ਠਾਣੇਦਾਰ ਆਪਣੇ ਘਰ ਲੈ ਗਿਆ। ਭਾਈਆ ਜੀ ਨੇ ਇਕੱਲੇ ਨੂੰ ਘੱਲ ਦਿਤਾ। ਉਥੇ ਉਹ ਮੈਥੋਂ ਪੁੱਛੀ ਜਾਏ, ਮੈਂ ਹੂੰ-ਹੂੰ ਕਰੀਂ ਜਾਵਾਂ। ਉਸ ਦੇ ਪੱਲੇ ਕੱਖ ਨਾ ਪਏ। ਉਸ ਨੇ ਇਕ ਸ਼ਕੰਜਾ ਕੱਢ ਕੇ ਲਿਆਂਦਾ। ਮੈਨੂੰ ਕਹਿਣ ਲੱਗਾ, ਜੇ ਨਾ ਦੱਸੇਂਗਾ ਤਾਂ ਇਹਦੇ ਵਿਚ ਤੈਨੂੰ ਰੱਖ ਕੇ ਘੁੱਟ ਦਿਆਂਗਾ। ਤੂੰ ਫਿਸ ਕੇ ਮਰ ਜਾਵੇਂਗਾ। ਤੈਨੂੰ ਬੜੀ ਪੀੜ ਹੋਵੇਗੀ। ਪਰ ਮੈਂ ਕੀ ਦਸਦਾ ਅਜੀਬ ਮੂਰਖਤਾ ਸੀ ਮੇਰੀ।

ਇਸ ਤਰ੍ਹਾਂ ਜਦ ਉਸ ਨੂੰ ਮਾਰਦੇ ਨੂੰ ਕੁਝ ਸਮਾਂ ਗੁਜ਼ਰ ਗਿਆ ਤਾਂ ਉਸ ਦੀ ਪਤਨੀ ਉਥੇ ਆਈ, ਮੇਰੇ ਵਲ ਵੇਖਿਆ, ਫੜ ਕੇ ਪੁੱਛਿਆ ਤੇ ਗਲ ਨਾਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਇਆ— ਕਾਕਾ, ਤੂੰ ਰੋਟੀ ਖਾਣੀ ਏਂ । ਮੈਂ ਉਸ ਦੀਆਂ ਅੱਖਾਂ ਵਲ ਮਾਸੂਮ ਅੱਖਾਂ ਨਾਲ ਵੇਖਿਆ, ਉੱਤਰ ਦਿੱਤਾ "ਹਾਂ ।"

ਉਸ ਨੇ ਪਤੀ ਨੂੰ ਆਖਿਆ ਛੱਡੋ ਇਸ ਵਿਚਾਰੇ ਬੱਚੇ ਕੋਲ ਕੀ ਪਿਆ ਹੈ ਅਤੇ ਮੈਨੂੰ ਸੌਂਗੀ ਦੀ ਸਬਜ਼ੀ ਨਾਲ ਰੋਟੀ ਖਵਾਈ । ਰੋਟੀ ਖਾ ਕੇ ਬੈਠਾ ਸਾਂ ਕਿ ਮੇਰੇ ਭਾਈਆ ਜੀ ਆ ਗਏ । ਉਹ ਗ਼ੁੱਸੇ ਵਿਚ ਆਉਂਦਿਆਂ ਹੀ ਠਾਣੇਦਾਰ ਨੂੰ ਕਹਿਣ ਲੱਗੇ - ਬੜਾ ਅਫ਼ਸੋਸ ਹੈ ਠਾਣੇਦਾਰ ਸਾਹਿਬ ਤਿੰਨ ਦਿਨ ਹੋ ਗਏ ਹਨ ਬੱਚੇ ਨੂੰ ਲਈ ਫਿਰਦੇ ਹੋ, ਅਸੀਂ ਚੁੱਪ ਕੀਤੇ ਹੋਏ ਹਾਂ । ਅਨਜਾਣ ਨੂੰ ਕੀ ਪਤਾ ਹੈ, ਐਵੇਂ ਬੋਲੀ ਜਾਂਦਾ ਹੈ । ਕਿਸੇ ਗੱਲ ਦੀ ਕੋਈ ਹੱਦ ਹੁੰਦੀ ਹੈ । ਕੀ ਹੈ ਇਹ ਬੱਚਾ ! ਜਿਸ ਨੂੰ ਤੰਗ ਕਰੀ ਜਾ ਰਹੇ ਹੋ ।

ਠਾਣੇਦਾਰ ਨੇ ਕੋਈ ਉੱਤਰ ਨਾ ਦਿਤਾ । ਮੈਂ ਭਾਈਆ ਜੀ ਨਾਲ ਵਰਕਸ਼ਾਪ ਆ ਗਿਆ । ਰਾਤ ਨੂੰ ਠਾਣੇਦਾਰ ਵਰਕਸ਼ਾਪ ਆ ਗਿਆ । ਕਹਿਣ ਲੱਗਾ ਝੋਲੀਆ ਪਾ ਲਉ । ਭਾਈਆ ਜੀ ਨੇ ਕਿਹਾ, ਠੀਕ ਹੈ ।

ਘਰ ਵਾਲਾ, ਮੈਂ, ਭਾਈਆ ਹੋਰ ਦੋ ਤਿੰਨ ਆਦਮੀ ਸਨ । ਲਕੜੀ ਦੇ ਬੂਰੇ ਦੀਆਂ ਝੋਲੀਆਂ ਭਰ ਲਈਆਂ ਤੇ ਇਕ ਥਾਂ ਕੱਠੀਆਂ ਦੀ ਢੇਰੀ ਲਾ ਦਿਤੀ । ਠਾਣੇਦਾਰ ਨੇ ਸਾਰੀ ਢੇਰੀ ਫੋਲੀ । ਵਿਚੋਂ ਕੀ ਨਿਕਲਣਾ ਸੀ । ਗੱਲ ਖ਼ਤਮ ਹੋ ਗਈ । ਅੱਲ੍ਹਾ ਅੱਲ੍ਹਾ ਤੇ ਖ਼ੈਰ ਸੱਲਾ ।

ਪਿਛਲੇਰੇ ਸਾਲ ਵਿਚ ਪਿਆਰਾ ਸਿੰਘ ਦਾਤਾ ਜੀ ਨੇ ਮੈਨੂੰ ਚਿੱਠੀ ਪਾਈ ਕਿ 'ਨਵੇਂ ਸਾਹਿਤ' ਦਾ ਨੰਬਰ ਨਿਕਲ ਰਿਹਾ ਹੈ । ਕੋਈ ਆਪਣੀ ਸੱਚੀ ਰਚਨਾ ਘੱਲੋ ਕਹਾਣੀ ਦੇ ਰੂਪ ਵਿਚ ਉਸ ਦੀ ਇੰਗਲੈਂਡ ਵਿਚ ਵੀ ਸਾਇਆ ਹੋਏਗੀ । ਮੈਂ ਜਿਹੜੀ ਰਚਨਾ ਘੱਲੀ ਸੀ ਅਤੇ ਛਪੀ ਸੀ । ਉਹ ਮੇਰੇ ਲਾਹੌਰੋਂ ਬਾਬਾ ਜੀ ਕੋਲ ਡੇਰੇ ਆਉਣ ਦੀ ਸੀ । ਉਸ ਦਾ ਨਾਂ ਮੈਂ ਰੱਖਿਆ ਸੀ, "ਪਹਿਲੀ ਸਜ਼ਾ" ਉਹ ਤੁਹਾਨੂੰ ਪੇਸ਼ ਕਰ ਰਿਹਾ ਹਾਂ ਘਟਾ ਵਧਾ ਕੇ ।

ਲਾਹੌਰ ਦੇ ਰਾਵਾਲ ਮੰਡੀ ਦੇ ਇਲਾਕੇ ਵਿਚ ਇਕ ਹਾਈ ਸਕੂਲ ਦੇ ਸਾਹਮਣੇ ਮੇਰੇ ਪਿਤਾ ਜੀ ਦਾ ਲਕੜੀ ਦੇ ਕੰਮ ਦਾ ਕਾਰਖਾਨਾ ਸੀ । ਨਾਨਕ ਚੰਦ ਨਾਂ ਦੇ ਲਾਲਾ ਜੀ ਨਾਲ ਉਹਨਾਂ ਦੀ ਭਾਈਵਾਲੀ ਸੀ । ਨਾਨਕ ਚੰਦ ਉਂਜ ਕਮਾਲ ਦਾ ਬੰਦਾ ਸੀ । ਰੇਸਾਂ ਤੇ ਪੈਸੇ ਲਾਉਂਦਾ । ਜੂਏ ਦਾ ਚੰਗਾ ਸ਼ੌਕੀਨ, ਰੰਗ ਤਮਾਸ਼ੇ ਦਾ ਚਾਹਵਾਨ । ਇਹ ਗੱਲ ਪ੍ਰਮਾਤਮਾ ਜਾਣਦਾ ਸੀ ਕਿ ਮੇਰੇ ਪਿਤਾ ਠਾਕਰ ਸਿੰਘ ਨਾਲ ਉਹਨਾਂ ਦੀ ਭਾਈਵਾਲੀ ਸੀ ਅਤੇ ਉਹ ਭਰਾਵਾਂ ਵਾਂਗ ਸਨ । ਜੂਆ ਮੇਰੇ ਪਿਤਾ ਜੀ ਵੀ ਖੇਡਦੇ ਸਨ, ਪਰ ਸਿਰਫ਼ ਦੀਵਾਲੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲੇ ਦਿਨ। ਉਹਨਾਂ ਦਾ ਹੀਰ ਵਾਰਸਸ਼ਾਹ ਪੜ੍ਹਨ ਦਾ ਢੰਗ ਸਾਰੇ ਸ਼ਹਿਰ ਵਿਚ ਮਸ਼ਹੂਰ ਸੀ। ਪੰਜਾਬੀ ਦੇ ਚੰਗੇ ਪੜ੍ਹਤਾ ਸਨ। ਬਰਿਜ਼ ਭਾਸ਼ਾ ਇੰਜ ਪੜ੍ਹਦੇ ਤੇ ਸਮਝੌਂਦੇ ਕਿ ਕਈ ਕਥਾਕਾਰ ਦੰਗ ਰਹਿ ਜਾਂਦੇ।

ਕਾਰਖਾਨੇ ਵਿਚ ਵੀਹ-ਪੰਝੀ ਕਾਰੀਗਰ ਕੰਮ ਕਰਦੇ ਸਨ। ਦੋ ਆਰੇ-ਕਸ਼ ਹਮੇਸ਼ਾਂ ਲੱਗੇ ਰਹਿੰਦੇ। ਸਰਕਾਰੀ ਦਫ਼ਤਰਾਂ ਦਾ ਕੰਮ ਵੀ ਕਰਦੇ ਅਤੇ ਹੋਰ ਵੀ ਕਈ ਕੰਮ ਹੁੰਦੇ ਰਹਿੰਦੇ ਜਿਹੜੇ ਮੈਨੂੰ ਯਾਦ ਨਹੀਂ। ਉਥੇ ਮੇਰੇ ਨਾਨਕਿਆਂ ਦੇ ਵੀ ਤਿਨ ਬੰਦੇ ਸਨ। ਇਕ ਮੇਰੀ ਮਾਂ ਤੋਂ ਨਿੱਕਾ ਮੇਰਾ ਮਾਮਾ ਹਰਨਾਮ ਸਿੰਘ, ਜਿਹੜਾ ਹੱਡ ਹਰਾਮੀ ਫ਼ਜ਼ੂਲ ਜਾਦੂ-ਟੂਣੇ ਤੇ ਧਾਗੇ ਤਵੀਤ ਉਸ ਨੂੰ ਕਿਸੇ ਨਾ ਕਿਸੇ ਨੇ ਪਾਏ ਹੀ ਹੁੰਦੇ ਸੀ। ਇਹ ਸਭ ਵੇਖ ਕੇ ਨਾਨੀ ਜੀ ਨੇ ਉਸ ਨੂੰ ਏਥੇ ਘੱਲ ਦਿਤਾ ਸੀ। ਮੇਰੀ ਮਾਂ ਸਾਰਿਆਂ ਭੈਣ-ਭਰਾਵਾਂ ਤੋਂ ਵੱਡੀ ਸੀ। ਭਾਬੀ ਦਾ ਪੇਕਾ ਨਾਂ ਹਰਨਾਮ ਕੌਰ ਸੀ ਅਤੇ ਸੌਹਰਿਆਂ ਦਾ ਲਾਡ ਨਾਲ ਮੇਰੇ ਭਾਈਆ ਜੀ ਨੇ ਬਾਲ ਕੌਰ ਰੱਖਿਆ ਹੋਇਆ ਸੀ। ਭਾਬੀ ਉਸ ਭਰਾ ਨੂੰ ਆਪਣੇ ਕੋਲ ਰੱਖਦੀ ਸੀ।

ਸਰਦੀਆਂ ਵਿਚ ਕਸ਼ਮੀਰੀ ਵੀ ਦੋ ਚਾਰ ਕਾਰਖਾਨੇ ਵਿਚ ਹਮੇਸ਼ਾਂ ਹਾਜ਼ਰ ਰਹਿੰਦੇ ਸਨ। ਉਸ ਸਮੇਂ ਉਹਨਾਂ ਨੂੰ ਰਾਸ਼ੇ ਜਾਂ ਹਾਤੋ ਕਿਹਾ ਜਾਂਦਾ ਸੀ। ਅੱਜ ਤੇ ਅਸੀਂ ਉਹਨਾਂ ਨੂੰ ਸ਼ੇਖ ਆਖਦੇ ਹਾਂ।

ਸਾਹਮਣੇ ਸਕੂਲ ਵਿਚ ਜਦ ਕਦੇ ਡਰਾਮੇ ਹੁੰਦੇ, ਰਾਜਾ ਹਰੀਸ਼ ਚੰਦ, ਪ੍ਰਲਾਦ ਭਗਤ, ਸਤੀ ਸਵਿਤਰੀ ਤਾਂ ਭਾਈਆ ਜੀ ਮੈਨੂੰ ਜ਼ਰੂਰ ਵਖਾਉਂਦੇ। ਮੈਂ ਪਿਤਾ ਜੀ ਨੂੰ ਭਾਈਆ ਜੀ ਕਿਹਾ ਕਰਦਾ ਸਾਂ। ਉਸ ਸਮੇਂ ਮੇਰੀ ਉਮਰ ਪੰਜ ਸਾਲ ਸੀ। ਮੇਰੇ ਮਾਂ ਪਿਉ ਨੂੰ ਮੇਰੇ ਨਾਲ ਕੋਈ ਉਨਸ ਨਹੀਂ ਸੀ। ਮਨੋਵਿਗਿਆਨਕ ਤੌਰ ਤੇ ਉਹ ਮੈਨੂੰ ਆਇਆ ਬਦੋਬਦੀ ਸਮਝਦੇ ਸਨ। ਮੇਰੇ ਬਾਬਾ ਜੀ ਅਤੇ ਦਾਦੀ ਲੱਛਮੀ ਜੀ ਨੂੰ ਮੈਂ ਮਾਂ ਜੀ ਕਹਿੰਦਾ ਸਾਂ। ਅਸਲੀ ਹੁਣ ਤਕ ਮੈਨੂੰ ਉਹ ਹੀ ਆਪਣੇ ਮਾਂ ਪਿਉ ਪ੍ਰਤੀਤ ਹੁੰਦੇ ਰਹਿੰਦੇ ਹਨ।

ਬਾਬਾ ਜੀ ਕਲਕੱਤੇ ਤੋਂ ਸ਼ਰੀਕੇ ਦੀ ਗੜਬੜ ਕਰਕੇ ਡੇਰੇ ਬਾਬੇ ਨਾਨਕ ਆ ਢੁੱਕੇ ਸਨ। ਤਿੰਨ ਦੁਕਾਨਾਂ ਲਕੜੀ ਦੇ ਕੰਮ ਦੀਆਂ ਸਨ। ਦੁਕਾਨਾਂ ਆਪਣੀ ਨਿਜੀ ਮਾਲਕੀ ਸਨ। ਠਾਣੇ ਦੇ ਪਿਛਲੇ ਪਾਸੇ ਬਾਬਾ ਜੀ ਦੀ ਲਕੜ ਮੰਡੀ ਸੀ। ਦਰਿਆ ਰਾਵੀ ਤੋਂ ਪਾਰ ਦੀਆਂ ਉਹ ਟਾਹਲੀਆਂ ਵੀ ਖ਼ਰੀਦ ਲਿਆਉਂਦੇ ਸਨ।

ਲਾਹੌਰ ਦੇ ਕਾਰਖਾਨੇ ਦੇ ਅਗਲ਼ੇ ਪ੍ਰਾਸੇ ਅੰਮ੍ਰਿਤਧਾਰਾ ਬਿਲਡਿੰਗ ਸੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਗਲੀ ਦੇ ਇਕ ਚਬਾਰੇ ਵਿਚ ਆਪਣੇ ਆਪ ਨੂੰ ਲੋਕਾਂ ਤੋਂ ਅਫ਼ਜ਼ਲ ਸਮਝਣ ਵਾਲਿਆਂ ਨੇ ਇਕ ਸਕੂਲ ਆਪਣਿਆਂ ਬੱਚਿਆਂ ਲਈ ਖੋਹਲਿਆ ਹੋਇਆ ਸੀ। ਉਥੇ ਬੜੀ ਵਧੀਆ ਦਰੀ ਤੇ ਵਧੀਆ ਤੱਪੜ ਸਨ। ਚੌਥੀ ਤਕ ਉਹ ਸਕੂਲ ਸੀ। ਕੀ ਫੀਸ ਸੀ ? ਇਹ ਮੈਨੂੰ ਪਤਾ ਨਹੀਂ। ਉਥੇ ਹੀ ਮੈਨੂੰ ਪੜ੍ਹਾਇਆ ਜਾਂਦਾ ਸੀ। ਮੇਰਾ ਇਹ ਲਿਖਣ ਨੂੰ ਜੀਅ ਨਹੀਂ ਕਰਦਾ ਕਿ ਮੈਂ ਠਾਕਰ ਸਿੰਘ ਜਸਵਾਲ ਦਾ ਜੇਠਾ ਪੁੱਤਰ ਸਾਂ, ਪਰ ਮੈਂ ਸ: ਮਲਾਵਾ ਸਿੰਘ ਦਾ ਜੇਠਾ ਪੋਤਰਾ ਜ਼ਰੂਰ ਸਾਂ। ਮੇਰੇ ਬਾਰੇ ਮੇਰੇ ਪਿਤਾ ਜੀ ਨੂੰ ਬਾਬਾ ਜੀ ਵਲੋਂ ਖ਼ਾਸ ਹਦਾਇਤਾਂ ਸਨ।

ਸਾਡੇ ਕਾਰਖਾਨੇ ਦਾ ਆਪਣਾ ਘੋੜਾ ਸੀ। ਮੈਨੂੰ ਉਹ ਸਕੂਲ ਛੱਡ ਆਉਂਦਾ ਤੇ ਲੈ ਆਉਂਦਾ, ਕਿਉਂਕਿ ਸਾਡਾ ਮਕਾਨ ਦਿੱਲੀ ਦਰਵਾਜ਼ਿਉਂ ਅੰਦਰ ਕਰਕੇ ਹਰਨਾਮ ਦਾਸ ਦੀ ਕਟੜੀ ਵਿਚ ਸੀ। ਜੋ ਇਕ ਚਬਾਰਾ ਸੀ। ਪਾਣੀ ਦਾ ਸਰਕਾਰੀ ਨਲਕਾ ਉਥੇ ਸੀ। ਜਿੱਥੇ ਸਦਾ ਝਗੜਾ ਰਹਿਣ ਦੀ ਰਸਮ ਪੱਕ ਗਈ ਸੀ। ਲਾਗੇ ਨਿਰਮਲਿਆਂ ਦੀ ਧਰਮਸ਼ਾਲਾ ਸੀ। ਉਹ ਆਪਣੀ ਖੂਹੀ ਉਤੇ ਕਿਸੇ ਨੂੰ ਫਟਕਣ ਨਹੀਂ ਸਨ ਦਿੰਦੇ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਮੇਰੇ ਮਾਂ ਪਿਉ ਨੇ ਮੈਨੂੰ ਕਦੇ ਘੁੱਟ ਕੇ ਗਲ ਨਾਲ ਨਹੀਂ ਸੀ ਲਾਇਆ। ਕਦੇ ਚੁੰਮਿਆਂ ਚੱਟਿਆ ਨਹੀਂ ਸੀ। ਲਾਡ ਨਹੀਂ ਸਨ ਕੀਤੇ। ਮੇਰੀ ਪੰਜ ਸਾਲਾ ਉਮਰ ਕੋਲੋਂ ਹੀ ਉਹ ਪੂਰੀ ਸੂਝ ਚਾਹੁੰਦੇ ਸਨ। ਖ਼ਾਸ ਕਰਕੇ ਮੇਰੇ ਪਿਤਾ ਜੀ, ਪਰ ਮੇਰਾ ਧਿਆਨ ਉਦੋਂ ਵੀ ਸ਼ੂਕਾ-ਸ਼ਾਕੀ ਵੱਲ ਨਹੀਂ ਸੀ ਤੇ ਹੁਣ ਵੀ ਨਹੀਂ। ਖਾਣ ਪਾਉਣ ਦੀ ਕੋਈ ਪ੍ਰਵਾਹ ਨਹੀਂ ਸੀ। ਮੈਨੂੰ ਚੰਗੀ ਤਰ੍ਹਾਂ ਪੱਗ ਬੰਨ੍ਹਣੀ ਸਿਖਾਈ ਜਾਂਦੀ ਸੀ। ਮੇਰੇ ਬਾਬਾ ਜੀ ਸਾਧ ਕਿਸਮ ਦੇ ਹੋ ਗਏ ਸਨ।

ਸਾਡੇ ਮਾਸਟਰ ਜੀ ਨੇ ਮੇਰੇ ਪਿਤਾ ਜੀ ਨੂੰ ਕਿਹਾ—ਇਸ ਦੇ ਪਹਾੜੇ ਕਮਜ਼ੋਰ ਹਨ।......ਮੇਰੇ ਪਿਤਾ ਜੀ ਨੇ ਕਾਰਖਾਨੇ ਦੇ ਬਾਹਰ ਆਏ ਗਏ ਲਈ ਜਿਹੜਾ ਤਖਤਪੋਸ਼ ਬਣਵਾਇਆ ਹੋਇਆ ਸੀ ਉਸ ਉਤੇ ਮੈਨੂੰ ਖਲਿਆਰ ਕੇ ਪਹਾੜੇ ਯਾਦ ਕਰਨ ਦੀ ਹਦਾਇਤ ਕੀਤੀ। ਮੈਂ ਬਹੁਤ ਥੱਕ ਗਿਆ। ਪਰ ਉਹਨਾਂ ਬੈਠਣ ਲਈ ਨਾ ਆਖਿਆ। ਏਥੋਂ ਤਕ ਕਿ ਮੇਰੇ ਅੰਦਰ ਆਪਣੇ ਪਿਤਾ ਲਈ ਨਫ਼ਰਤ ਪੈਦਾ ਹੋ ਗਈ। ਰਾਤ ਨੂੰ ਮੇਰੀ ਸ਼ਿਕਾਇਤ ਮੇਰੀ ਮਾਤਾ ਅੱਗੇ ਕੀਤੀ ਗਈ। ਉਸ ਨੇ ਵੀ ਮੇਰੀ ਖ਼ੂਬ ਝਾੜ ਝੰਬ ਕੀਤੀ ਅਤੇ ਲਾਲਟੈਨ ਦੀ ਲੋਅ ਵਿਚ ਪਹਾੜੇ ਯਾਦ ਕਰਨ ਡਾਹ ਕੇ ਆਪ ਦੋਵੇਂ ਸੌਂ ਗਏ। ਇਹ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਤਾ ਨਹੀਂ ਮੈਂ ਕਦੋਂ ਸੁੱਤਾ ਸਾਂ । ਮੈਨੂੰ ਹਮੇਸ਼ਾਂ ਡਾਂਟ ਕੇ ਸਵੇਰੇ ਸੁੱਤੇ ਨੂੰ ਉਠਾਇਆ ਜਾਂਦਾ ਸੀ । ਮੇਰੇ ਦਾਦੀ ਜੀ ਵਾਂਗ ਮੂੰਹ ਚੁੰਮ ਕੇ ਨਹੀਂ ।

ਪਿਤਾ ਜੀ ਦੇ ਭਾਈਵਾਲ ਨਾਨਕ ਚੰਦ ਨੇ ਕਦੇ ਮੇਰੇ ਨਾਲ ਪਿਆਰ ਦੀ ਗੱਲਬਾਤ ਜਾਂ ਮੇਰੇ ਪਿਤਾ ਜੀ ਨਾਲ ਮੇਰੇ ਭਵਿੱਖ ਬਾਰੇ ਕੋਈ ਸਲਾਹ ਜਾਂ ਸਕੀਮ ਨਹੀਂ ਸੀ ਬਣਾਈ । ਮੈਨੂੰ ਕੋਈ ਗੱਲ ਉਸ ਸਮੇਂ ਦੀ ਯਾਦ ਨਹੀਂ ।

ਉਥੇ ਮੈਥੋਂ ਤੀਜੇ ਥਾਂ ਛੋਟੇ ਇਕ ਭਰਾ ਦਾ ਜਨਮ ਹੋਇਆ । ਜਿਹੜਾ ਬਹੁਤ ਸੋਹਣਾ ਅਤੇ ਪਿਆਰਾ ਲਗਦਾ ਸੀ । ਮੈਂ ਉਸ ਨਾਲ ਵਿਚਰਿਆ ਰਹਿੰਦਾ ਸਾਂ । ਉਹਦਾ ਨਾਂ ਭਾਈਆਂ ਅੰਮ੍ਰਿਤ ਛਕਾਉਣ ਵਾਲਿਆਂ ਨੇ ਮੋਹਣ ਸਿੰਘ ਰਖ ਦਿਤਾ । ਉਂਜ ਸਾਰੇ ਅਸੀਂ ਮੋਹਣ-ਮੋਹਣ ਕਹਿੰਦੇ ਸਾਂ । ਰਾਏ ਸਿੰਘ ਵੀ ਅਜੇ ਨਿੱਕਾ ਸੀ । ਮੈਂ ਰਾਏ ਸਿੰਘ ਨੂੰ ਖਿਡਾਉਂਦਾ ਜਾਂ ਬੁਲਾਉਂਦਾ ਕਵਾਉਂਦਾ ਨਹੀਂ ਸਾਂ । ਉਹ ਵੀ ਬਸ ਪਲੀ ਜਾ ਰਿਹਾ ਸੀ । ਪਰ ਉਸ ਨਾਲ ਮੇਰੇ ਭਾਬੀ ਜੀ ਬਹੁਤ ਚਾਅ ਮਲਾਰ ਕਰਦੇ ਸਨ । ਮੇਰਾ ਮਾਮਾ ਹਰਨਾਮ ਸਿੰਘ ਜਿਸ ਨੂੰ ਮੇਰੀ ਮਾਂ ਪਰਾਉਂਠੇ ਤੇ ਹੋਰ ਕਈ ਕੁਝ ਖਵਾਉਂਦੀ ਰਹਿੰਦੀ ਸੀ, ਇਹ ਕਿਸੇ ਕੰਮ-ਕਾਰ ਜੋਗਾ ਹੋ ਜਾਏ । ਉਹ ਇਕ ਦਿਨ ਕਹਿਣ ਲਗਾ ਭੈਣ ਪੰਜ ਰੁਪਈਏ ਦਈਂ, ਮੈਨੂੰ ਚਾਹੀਦੇ ਨੇ । ਭਾਬੀ ਨੇ ਦੇ ਦਿਤੇ । ਬਸ ਸ: ਹਰਨਾਮ ਸਿੰਘ ਜੀ ਹੰਸਪਾਲ ਚੋਰੀ ਪਿੰਡ ਹਠਵਾਲੀਂ ਆ ਗਏ । ਮੇਰੇ ਨਾਨੀ ਨਾਨੇ ਕੋਲ ਜੋ ਵੀ ਮੇਰੀ ਭਾਬੀ ਦੇ ਖ਼ਿਲਾਫ਼ ਝੂਠ ਬੋਲਿਆ ਜਾ ਸਕਦਾ ਸੀ ਬੋਲਿਆ । ਮੇਰੀ ਨਾਨੀ ਅੰਦਰੋਂ ਅੰਦਰ ਭਾਬੀ ਨਾਲ ਸਖ਼ਤ ਨਾਰਾਜ਼ਗੀ ਘੁੱਟੀ ਰਖਦੀ ਸੀ ।

ਭਾਬੀ ਭਾਈਏ ਨੇ ਇਹ ਸਲਾਹ ਕੀਤੀ ਕਿ ਮੋਹਨ ਨੂੰ ਲੈ ਕੇ ਡੇਰੇ ਜਾਇਆ ਜਾਏ । ਉਥੋਂ ਅਠਵਾਲੀਂ ਵੀ ਪਤਾਸੇ ਲੈ ਕੇ ਵਧਾਈ ਦੇਣ ਲਈ ਪਹੁੰਚਿਆ ਜਾਏ ।

ਇਕ ਦਿਨ ਲਾਹੌਰੋਂ ਭਾਈਆ, ਭਾਬੀ ਤੇ ਅਸੀਂ ਤਿੰਨੇ ਭਰਾ ਦਸ ਵਜੇ ਦੀ ਗੱਡੀ ਬੈਠ ਗਏ । ਇਹ ਪਸੰਜਰ ਸਿੱਧੀ ਪਠਾਨਕੋਟ ਜਾਂਦੀ ਸੀ । ਕੁਝ ਖਾਣ ਜੋਗੀ ਰੋਟੀ ਵਗੈਰਾ ਵੀ ਪੱਲੇ ਬੰਨ੍ਹ ਲਈ । ਚਾਰ ਪੰਜ ਵਜੇ ਨਾਲ ਅਸੀਂ ਬਟਾਲੇ ਉਤਰੇ । ਸਟੇਸ਼ਨੋਂ ਉਤਰ ਕੇ ਸਾਹਮਣੇ ਸੱਜੇ ਖੱਬੇ ਦੋ ਸਰ੍ਹਾਂਵਾਂ ਸਨ । ਰਾਤ ਅਸੀਂ ਸਾਰੇ ਸੱਜੇ ਪਾਸੇ ਦੀ ਸਰ੍ਹਾਂ ਉਤੇ ਇਕ ਕਮਰਾ ਸੀ, ਉਸ ਵਿਚ ਰਹੇ । ਮੰਜੀਆਂ ਸਰ੍ਹਾਂ ਵਿਚ ਹੈ ਸਨ, ਗੁਜ਼ਾਰੇ ਜੋਗਾ ਬਿਸਤਰਾ ਵੀ ਸੀ । ਸਰ੍ਹਾਂ ਤੋਂ ਬਾਹਰ ਇਕ ਤੰਦੂਰ ਸੀ । ਉਥੋਂ ਰੋਟੀ ਖਾ ਲਈ । ਦੁੱਧ ਆਮ ਮਿਲ ਜਾਂਦਾ ਸੀ । ਸਾਰਿਆਂ ਰੱਜ ਕੇ ਪੀਤਾ ਅਤੇ ਸੌਂ ਗਏ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵੇਰੇ ਹੀ ਸਾਡੀ ਸਰਾਂ ਦੇ ਬਾਹਰ ਇਕ ਯੱਕਾ ਆਣ ਖਲੋਤਾ । ਉਸ ਯੱਕੇ ਵਾਲੇ ਨੇ ਆ ਕੇ ਆਵਾਜ਼ ਮਾਰੀ – ਉਏ ਠਾਕਰ ਸਿੰਘਾ ਆ ਗਿਆ ਹੈਂ ? ਮੈਂ ਤੇ ਭਾਈਆ ਉਤਲੇ ਕਮਰੇ ਵਿਚੋਂ ਉਤਰ ਕੇ ਸਰਾਂ ਤੋਂ ਬਾਹਰ ਆ ਗਏ । ਦੋਹਾਂ ਨੇ ਘੁੱਟ ਕੇ ਜੱਫੀ ਪਾਈ ਹਾਲ-ਚਾਲ ਪੁੱਛਿਆ, ਬੜਾ ਖ਼ੁਸ਼ ਹੋਏ । ਇਹ ਯੱਕੇ ਵਾਲਾ ਸਾਡੀ ਗਲੀ ਦਾ ਬ੍ਰਾਹਮਣ ਹੰਸਰਾਜ ਸੀ । ਭਾਈਏ ਤੋਂ ਦੋ ਚਾਰ ਸਾਲ ਵੱਡਾ ਸੀ । ਉਸ ਨੂੰ ਘਰੋਂ ਪਤਾ ਲਗ ਗਿਆ ਸੀ ਕਿ ਅਸਾਂ ਕਿਸ ਦਿਨ ਬਟਾਲੇ ਆਉਣਾ ਸੀ । ਹੰਸਰਾਜ ਕਲ੍ਹ ਤਰਕਾਲਾਂ ਦਾ ਹੀ ਸਵਾਰੀਆਂ ਲੈ ਕੇ ਆ ਗਿਆ ਹੋਇਆ ਸੀ । ਕਿਸੇ ਜਾਣਕਾਰ ਆੜ੍ਹਤੀ ਕੋਲ ਰਿਹਾ ਸੀ ।

ਅਸੀਂ ਸਾਰਾ ਸਾਮਾਨ ਲੈ ਕੇ ਯੱਕੇ ਵਿਚ ਆ ਬੈਠੇ । ਯੱਕਾ ਉੱਚਾ ਸੀ । ਚੌਂਹ ਖੂੰਟਿਆਂ ਉਤੇ ਛੱਤ ਪਈ ਹੋਈ ਸੀ । ਬਹਿਣ ਵਾਲੀ ਥਾਂ ਇਕ ਚੌਰਸ ਵਾਣ ਨਾਲ ਉਣਿਆਂ ਪੀੜਾ ਸੀ । ਥੱਲੇ ਇਕ ਝੋਲ ਸੀ ਮੋਟੇ ਤੱਪੜਾਂ ਦਾ ਬੱਧਾ ਹੋਇਆ । ਉਸ ਵਿਚ ਸਾਰਾ ਸਾਮਾਨ ਰਖ ਦਿੱਤਾ । ਉਤੇ ਬਹਿਣ ਲੱਗੇ ਤਾਂ ਮੇਰੀ ਭਾਬੀ ਨੇ ਹੰਸਰਾਜ ਨੂੰ ਮੱਥਾ ਟੇਕਿਆ । ਮੈਨੂੰ ਭਾਈਏ ਨੇ ਆਖਿਆ— ਜਸਵੰਤ, ਤਾਏ ਆਪਣੇ ਨੂੰ ਸਤਿ ਸ੍ਰੀ ਅਕਾਲ ਕਰ । ਮੈਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਕਹਿ ਦਿੱਤੀ । ਤਾਏ ਹੰਸਰਾਜ ਨੇ ਕਈ ਅਸੀਸਾਂ ਦਿਤੀਆਂ ਤੇ ਬੱਚਿਆਂ ਨੂੰ ਵਾਰੋ ਵਾਰੀ ਚੁਕ ਕੇ ਪਿਆਰ ਕੀਤਾ ।

ਯੱਕਾ ਸਰਾਂ 'ਚੋਂ ਚਲ ਪਿਆ । ਡੇਰੇ ਨੂੰ ਜਾਂਦੀ ਸੜਕ ਉਤੇ ਆ ਗਿਆ । ਉਥੇ ਘੜੀ ਕੁ ਖਲੋ ਕੇ ਘੋੜੇ ਲਈ ਨਿਆਰੀ ਲਈ ਅਤੇ ਚਲ ਪਏ । ਰੇਲ ਦਾ ਫਾਟਕ ਲੰਘੇ ਤਾਂ ਡੂੰਘੀਆਂ ਲੀਹਾਂ ਵਾਲੀ ਕੱਚੀ ਸੜਕ ਸੀ । ਯੱਕੇ ਦੇ ਪਹੀਏ ਗੱਡੇ ਵਰਗੇ ਪਰ ਪਤਲੇ ਤੇ ਹੌਲੇ ਸਨ । ਤਾਇਆ ਪੰਡਤ ਕਦੇ ਚੜ੍ਹ ਜਾਂਦਾ ਸੀ ਕਦੇ ਉਤਰ ਜਾਂਦਾ ਸੀ । ਬਟਾਲੇ ਤੋਂ ਡੇਰਾ ਬਾਬਾ ਨਾਨਕ ਤਕ ਪੱਕੇ ਅਠਾਰਾਂ ਮੀਲ ਸਨ । ਦੋ ਪੜਾ ਰਾਹ ਵਿਚ ਆਉਂਦੇ ਸਨ ।

ਇਸ ਤਰ੍ਹਾਂ ਯੱਕਾ ਨਹਿਰ ਤੇ ਪਹੁੰਚਿਆ, ਏਹ ਪਹਿਲਾ ਪੜਾਅ ਸੀ । ਉਥੇ ਸਾਰੇ ਉਤਰੇ ਪਾਣੀ-ਧਾਣੀ ਪੀਤਾ । ਨਹਿਰ ਉਤੇ ਦੋ ਕੁ ਦੁਕਾਨਾਂ ਸਨ । ਕੁਝ ਖੋਏ ਦੇ ਪੇੜੇ ਲਏ ਅਸਾਂ ਖਾਦੇ । ਘੋੜੇ ਨੂੰ ਇਕ ਮਸਾਲੇ ਦੀ ਪਿੰਨੀ ਤਾਏ ਨੇ ਖਵਾਈ, ਥਾਪੀ ਮਾਰੀ । ਪਾਣੀ ਡਾਇਆ ਤੇ ਤੁਰ ਪਏ । ਮੌਸਮ ਨਵੰਬਰ ਦਾ ਹੋਵੇਗਾ ।

ਤਾਇਆ ਉਸ ਤਰ੍ਹਾਂ ਹੀ ਯੱਕੇ ਉਤੇ ਚੜ੍ਹਦਾ ਉਤਰਦਾ ਰਿਹਾ । ਕਿਸੇ-ਕਿਸੇ ਥਾਂ ਤਾਂ ਯੱਕੇ ਦੇ ਪਹੀਏ ਕਾਫੀ ਖੁਬ ਜਾਂਦੇ ਕਿਤੇ ਰੜ੍ਹੀ ਸੜਕ ਤੇ ਯੱਕਾ ਥੋੜ੍ਹਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭੱਜ ਲੈਂਦਾ । ਨਹੀਂ ਤੇ ਆਮ ਦਬਾ-ਦੱਬ ਤੁਰਦਾ ਕਿਤੇ ਦੁੜਕੀ ਲਾਉਂਦਾ ਚਲਿਆ ਜਾ ਰਿਹਾ ਸੀ ।

ਤੀਜਾ ਪੜਾਅ ਆ ਗਿਆ ਕੋਟਲੀ ਸੂਰਤ ਮੱਲੀ । ਇਥੇ ਵੀ ਦੋ ਕੁ ਹੀ ਦੁਕਾਨਾਂ ਸਨ । ਸਾਰੇ ਉਤਰੇ ਪਿਸ਼ਾਬ-ਪਸ਼ੂਬ ਕੀਤਾ, ਕੁਝ ਖਾਧਾ ਪਾਣੀ-ਧਾਣੀ ਪੀਤਾ । ਤਾਏ ਨੇ ਵੀ ਘੋੜੇ ਨੂੰ ਨਿਆਰੀ ਚਾਰੀ ਪਾਣੀ ਪਿਆਲਿਆ । ਆਪ ਵੀ ਕੁਝ ਖਾਧਾ ਪਾਣੀ ਪੀਤਾ ਅਤੇ ਚਲ ਪਏ ।

ਸ਼ਿਕਾਰ ਮਾਛੀਆਂ ਪਿੰਡ ਲਾਗੇ ਸਾਰੇ ਰੇਤ ਹੀ ਰੇਤ ਸੀ । ਤਾਇਆ ਬੜੀ ਔਖੀ ਤਰ੍ਹਾਂ ਨਾਲ ਘੋੜਾ ਹਿੱਕ ਰਿਹਾ ਸੀ । ਭਾਈਆ ਵੀ ਉਤਰ ਆਇਆ । ਦੋਵੇਂ ਯੱਕੇ ਨੂੰ ਜ਼ੋਰ ਲਾ ਰਹੇ ਸਨ ਤਾਂ ਕਿ ਇਹ ਡੇਢ ਕੁ ਮੀਲ ਰੇਤਲਾ ਪੈਂਡਾ ਮੁਕ ਜਾਏ । ਰੇਤਲਾ ਪੈਂਡਾ ਮੁਕਾ ਤੇ ਅਗੇ ਸੱਕੀ ਦਾ ਪੁਲ ਸੀ, ਪੁਲੋਂ ਪਾਰ ਖੂਹ ਸੀ, ਡੋਲ ਤੇ ਲੱਜ ਪਈ ਸੀ । ਸਾਰੇ ਉਤਰੇ ਪਾਣੀ ਪੀਤਾ । ਘੋੜੇ ਨੂੰ ਵੀ ਪਾਣੀ ਡਾਇਆ । ਉਥੋਂ ਫਿਰ ਚਲ ਪਏ । ਡੇਰੇ ਬਾਬੇ ਨਾਨਕ ਵਲ ਨੂੰ ਇਕ ਮੀਲ ਨਿੱਕੀਆਂ ਇੱਟਾਂ ਜੜੀ ਪੱਕੀ ਸੜਕ ਸੀ । ਲਾਗੇ ਪਿੰਡ ਕਾਲਾਂਵਾਲੀ ਸੀ ।

ਇਸ ਇਕ ਮੀਲ ਉਤੇ ਯੱਕਾ ਜਦੋਂ ਚਲਦਾ ਸੀ ਤਾਂ ਹਰ ਸਵਾਰੀ ਇਹੋ ਸੋਚਦੀ ਸੀ ਕਿ ਜੇ ਸਾਰੀ ਸੜਕ ਬਟਾਲੇ ਤਕ ਇਹੋ ਜਹੀ ਹੋ ਜਾਏ ਤਾਂ ਮੌਜਾਂ ਬਣ ਜਾਣ ।

ਡੇਰੇ ਬਾਬੇ ਨਾਨਕ ਦੇ ਚਾਰੇ ਚੁਫੇਰੇ ਬਾਂਸ ਸਨ ਸ਼ਹਿਰ ਇਹਨਾਂ ਬਾਂਸਾਂ ਵਿਚ ਲੁਕਿਆ ਹੋਇਆ ਸੀ । ਦੂਰੋਂ ਹੀ ਬਾਵੇ ਸ਼ਿਵ ਬਖਸ਼ ਦਾ ਚਾਰ ਮੰਜ਼ਲਾ ਨਿੱਕੀਆਂ ਇੱਟਾਂ ਵਾਲਾ ਮਹੱਲ ਦਿਸ ਪੈਂਦਾ ਸੀ । ਧੂੰਆਂ ਵੀ ਉੱਚਾ ਉਡ ਕੇ ਦੱਸਦਾ ਸੀ ਕਿ ਇਥੇ ਆਬਾਦੀ ਹੈ ।

ਬਟਾਲੇ ਵਾਲੀ ਚੁੰਗੀ ਉਤੇ ਸ਼ਾਮ ਨੂੰ ਸ਼ਹਿਰੀਏ ਆ ਖਲੋਂਦੇ ਸਨ ਕਿ ਬਟਾਲੇ ਤੋਂ ਸਵਾਰੀਆਂ ਵੇਖੀਏ ਕਿਸ ਦੀਆਂ ਆਉਂਦੀਆਂ ਹਨ । ਨਿੱਕੀਆਂ ਇੱਟਾਂ ਨੂੰ ਨਾਨਕ ਸ਼ਾਹੀ ਇੱਟਾਂ ਕਿਹਾ ਜਾਂਦਾ ਸੀ ।

ਜਦ ਸਾਡਾ ਯੱਕਾ ਨਗਰ ਦੀ ਚੁੰਗੀ ਕੋਲ ਪਹੁੰਚਾ ਤਾਂ ਮੇਰੀਆਂ ਚਾਰੇ ਭੂਆ ਸਾਡੀ ਉਡੀਕ ਕਰ ਰਹੀਆਂ ਸਨ । ਸਾਨੂੰ ਵੇਖ ਕੇ ਰੌਲਾ ਪਾਉਣ ਲਗ ਪਈਆਂ, ਭਾਜੀ ਆ ਗਏ, ਭਾਜੀ ਆ ਗਏ । ਸਾਡਾ ਸਾਮਾਨ ਫੜਿਆ । ਮੋਹਨ ਨੂੰ ਤੇ ਰਾਏ ਨੂੰ ਚੁਕ ਲਿਆ । ਮੈਂ ਵੱਡੀ ਭੂਆ ਅੱਛਰੂ ਦੀ ਉਂਗਲੀ ਫੜ ਲਈ । ਜੋੜੀਆਂ ਵਾਲੇ ਬਾਜ਼ਾਰ ਵਿਚੋਂ ਦੀ ਆਪਣੀ ਗਲੀ ਵਿਚ ਆ ਗਏ । ਮੇਰੇ ਦਾਦੀ ਜੀ ਉਡੀਕ ਰਹੇ ਸਨ । ਝਟ ਮੈਨੂੰ ਚੁਕ ਲਿਆ । ਬੜਾ ਚੁੰਮਿਆਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਆਰ ਕੀਤਾ । ਹੋਰਨਾਂ ਸਭਨਾਂ ਨੂੰ ਪਿਆਰ ਦਿਤਾ । ਭਾਬੀ ਨੇ ਮੱਥਾ ਟੇਕਿਆ ਮਾਂ ਨੇ ਅਸੀਸਾਂ ਦਿੱਤੀਆਂ । ਭਾਈਏ ਨੂੰ ਗਲ ਨਾਲ ਲਾ ਪਿਆਰ ਦਿੱਤਾ ।

ਦੋ ਚਾਰ ਦਿਨ ਡੇਰੇ ਰਹਿ ਕੇ ਭਾਬੀ ਨੇ ਪੇਕੇ ਜਾਣ ਦੀ ਤਿਆਰੀ ਕਰ ਲਈ । ਰਾਏ ਨੂੰ ਡੇਰੇ ਰੱਖਣ ਦੀ ਸਲਾਹ ਹੋਈ । ਮੈਨੂੰ ਤੇ ਮੋਹਨ ਨੂੰ ਨਾਲ ਖੜਨ ਦੀ ਕਿਉਂਕਿ ਮੈਂ ਮੋਹਨ ਨੂੰ ਕੁਝ ਖਿਡਾ ਵਰਚਾ ਸਕਦਾ ਸਾਂ ।

ਮਹਿਰੇ ਨੇ ਪਤਾਸਿਆਂ ਵਾਲੀ ਵਹਿੰਗੀ ਮੋਢੇ ਤੇ ਚੁਕ ਲਈ । ਸਾਡੀ ਗਲੀ ਦੇ ਪਰਜਾ ਪੱਤ ਦੇ ਘੋੜੇ ਉਤੇ ਮੈਂ, ਮੋਹਨ ਤੇ ਭਾਬੀ ਬੈਠ ਗਏ । ਪਰਜਾ ਪੱਤ ਨਾਲ ਤੁਰ ਪਿਆ । ਡੇਰੇ ਤੋਂ ਸਿੱਧਾ ਡੰਡੀਆਂ ਦਾ ਪੈਂਡਾ ਪੱਕੇ ਪੰਜ ਛੇ ਮੀਲ ਸੀ । ਸਵੇਰੇ ਹੀ ਤੁਰ ਪਏ, ਦੁਪਹਿਰ ਤੋਂ ਪਹਿਲਾਂ ਹੀ ਅਠਵਾਲੀਂ ਪਹੁੰਚ ਗਏ । ਗਲੀ ਦੇ ਬਾਹਰ ਘੋੜੇ ਤੋਂ ਭਾਬੀ ਉਤਰੀ ਮੈਂ ਮਗਰ-ਮਗਰ । ਮਗਰ ਵਹਿੰਗੀ ਵਾਲਾ ਤੇ ਉਸ ਦੇ ਮਗਰ ਘੋੜੇ ਵਾਲਾ ।

ਜਦ ਘਰ ਦੇ ਵਿਹੜੇ ਦਾ ਬੂਹਾ ਭਾਬੀ ਲੰਘੀ ਤਾਂ ਅਗੋਂ ਨਾਨੀ ਟੁੱਟ ਕੇ ਪੈ ਗਈ । ਮੈਨੂੰ ਉਹ ਸਾਰੀਆਂ ਗੱਲਾਂ ਯਾਦ ਨਹੀਂ ਜਿਹੜੀਆਂ ਕੁਝ ਯਾਦ ਹਨ ਉਹ ਇਹ ਸਨ—"ਮੁੜ ਜਾ ਨੀ ਜਿਧਰੋਂ ਆਈਂ ਏਂ । ਮੈਂ ਤੇਰਾ ਮੂੰਹ ਨਹੀਂ ਵੇਖਣਾ ਚਾਹੁੰਦੀ । ਮੈਨੂੰ ਤੇਰੀ ਕਿਸੇ ਵਧਾਈ ਦੀ ਲੋੜ ਨਹੀਂ । ਤੇਰੇ ਜਿਹੀਆਂ ਧੀਆਂ ਮੈਂ ਨਿੱਜ ਜੰਮਦੀ । ਮੇਰੇ ਪੁੱਤ ਨਾਲ ਜੋ ਤੂੰ ਕੀਤੀ ਉਹ ਮੈਨੂੰ ਭੁੱਲਣੀ ਨਹੀਂ । ਰੱਬਾ ਇਹੋ ਜਿਹੀਆਂ ਧੀਆਂ ਤੇ ਭੈਣਾਂ ਨਾ ਹੋਣ ।......ਭਾਬੀ ਹੱਕੀ-ਬੱਕੀ ਬੁੱਤ ਬਣ ਕੇ ਖਲੋਤੀ ਹੋਈ ਸੀ । ਕੁੱਛੜ ਚੁਕਿਆ ਮੋਹਨ ਰੋ ਰਿਹਾ ਸੀ । ਉਹ ਬੋਲੀ ਜਾ ਰਹੀ ਸੀ—ਮੇਰੇ ਪੁੱਤ ਨੂੰ ਸੁੱਕੀਆਂ ਰੋਟੀਆਂ ਦੇਂਦੀ ਰਹੀਉਂ । ਉਹ ਵੀ ਰੱਜ ਕੇ ਨਾ ਦਿਤੀਆਂ । ਕੰਮ ਕਰਕੇ ਜਿਹੜਾ ਬੂਰਾ ਤੇ ਸੱਕ ਲਹਾਉਂਦਾ ਸੀ ਉਸੇ ਉਤੇ ਹੀ ਸੌਂਦਾ ਰਿਹਾ । ਸਿਰ ਨਹਾਉਣ ਨੂੰ ਕੀ ਕਪੜੇ ਧੋਣ ਨੂੰ ਵੀ ਸਾਬਣ ਨਾ ਦਿਤਾ । ਮੇਰਾ ਪੁੱਤ ਉਥੋਂ ਚੋਰੀ ਨੱਠਾ । ਖੌਰਿਆਂ ਕਿਦਾਂ ਘਰ ਅਪੜਿਆ । ਸਾਨੂੰ ਲੋਕਾਂ ਕਿਹਾ ਸੀ, ਡੇਰੇ ਰਿਸ਼ਤਾ ਨਾ ਕਰੋ ਉਹ ਤਰਖਾਣ ਨਹੀਂ ਕੁੱਤੇ ਪਹਾੜੀਏ ਨੇ । ਤੁਸੀਂ ਵੱਡੇ ਹੋਵੋਗੇ ਤਾਂ ਆਪਣੇ ਘਰ ਹੋਵੋਗੇ । ਅਸੀਂ ਤੁਹਾਡੇ ਬੂਹੇ ਨਹੀਂ ਬਹਿਣਾ, ਤੁਹਾਡੇ ਖਾਣ ਨਹੀਂ ਜਾਣਾ । ਜਾ ਜਿਧਰੋਂ ਆਈਂ ਏਂ ਉਧਰ ਮੁੜ ਜਾ, ਸਾਡੇ ਭਾ ਦੀ ਤੂੰ ਮਰ ਗਈ ਤੇਰੇ ਭਾ ਦੇ ਅਸੀਂ ਮਰ ਗਏ ।......ਹੋਰ ਪਤਾ ਨਹੀਂ ਕੀ ਕੁਝ ਆਖਿਆ । ਭਾਬੀ ਦੀ ਜ਼ਬਾਨ ਨੂੰ ਤਾਲਾ ਲਗਾ ਹੋਇਆ ਸੀ ।

ਘੋੜੇ ਵਾਲਾ ਤਾਇਆ ਅੱਗੇ ਹੋ ਕੇ ਭਾਬੀ ਨੂੰ ਕਹਿਣ ਲਗਾ —ਚਲ ਕੁੜੀਏ, ਖੂਹ 'ਚ ਪਾ ਇਹੋ ਜਿਹੇ ਮਾਪਿਆਂ ਨੂੰ । ਚਲ ਛੇਤੀ ਕਰ ਬੈਠ ਘੋੜੇ ਉਤੇ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੋਹਨ ਹੈ ਉਸ ਨੇ ਫੜ ਲਿਆ। ਭਾਬੀ ਘੋੜੇ ਉਤੇ ਬੈਠ ਗਈ, ਮੈਨੂੰ ਵੀ ਘੋੜੇ ਉਤੇ ਬਿਠਾ ਦਿਤਾ। ਮੁੜਦੀ ਪੈਰੀਂ ਡੇਰੇ ਆ ਗਏ, ਜਦ ਗਲੀ ਵੜੇ ਤਾਂ ਬੱਦਲ ਚੜ੍ਹਿਆ ਹੋਇਆ ਸੀ। ਕਿਸੇ-ਕਿਸੇ ਕੋਨੇ ਵਿਚ ਬੱਦਲ ਲਿਸ਼ਕ ਰਿਹਾ ਸੀ। ਘਰ ਪਹੁੰਚ ਕੇ ਕੀ ਹੋਇਆ, ਇਹ ਮੈਨੂੰ ਚੇਤਾ ਨਹੀਂ।

ਹੋਰ ਚਾਰ ਦਿਨ ਰਹਿ ਕੇ ਅਸੀਂ ਮੁੜ ਕੇ ਲਾਹੌਰ ਆ ਗਏ। ਭਾਬੀ ਨੇ ਜਿਹੜੇ ਹੋਰ ਦੋ ਤਰਖਾਣ ਮੁੰਡੇ ਕਾਰਖਾਨੇ ਲਾਏ ਹੋਏ ਸਨ ਉਹਨਾਂ ਨੂੰ ਘਰ ਸੱਦਿਆ ਅਤੇ ਸਾਰੀ ਗੱਲ ਦੱਸੀ। ਉਹਨਾਂ ਵਿਚੋਂ ਇਕ ਤਾਂ ਦੂਜੇ ਦਿਨ ਹੀ ਪਿੰਡ ਚਲਿਆ ਗਿਆ। ਹਫ਼ਤੇ ਪਿਛੋਂ ਫੇਰ ਆਇਆ ਤੇ ਭਾਬੀ ਨੂੰ ਦੱਸਣ ਲੱਗਾ—ਭੈਣ, ਹਰਨਾਮੇ ਨੂੰ ਕੋਲ ਬਿਠਾ ਕੇ ਚਾਰ ਬੰਦੇ ਇਕੱਠੇ ਕਰਕੇ ਸਾਰੀ ਗੱਲ ਸੁਣਾਈ। ਉਸ ਦੀਆਂ ਕਰਤੂਤਾਂ ਦੱਸੀਆਂ। ਤਾਏ ਨੂੰ ਤਾਂ ਬਹੁਤ ਗੁੱਸਾ ਚੜ੍ਹਿਆ। (ਉਹ ਮੇਰੇ ਨਾਨਾ ਕੇਸਰ ਸਿੰਘ ਨੂੰ ਤਾਇਆ ਆਖਦਾ ਸੀ) ਉਹਨਾਂ ਉਠਾਂਹ-ਉਤਾਂਹ ਨਾ ਵੇਖਿਆ ਪੈਰੋਂ ਧੌੜੀ ਦਾ ਛਿੱਤਰ ਲਾਹ ਲਿਆ। ਬੱਸ ਭੈਣ ਹਟੇ ਹੀ ਨਾ ਰੱਬ ਕਰਾਏ ਤਾਂ ਬੰਦ ਕਰੇ। ਸਾਰਾ ਪਿੰਡ ਜਿੱਥੇ ਹਰਨਾਮੇ ਨੂੰ ਲਾਹਨਤਾਂ ਪਾਵੇ ਉਥੇ ਤਾਈ ਨੂੰ ਵੀ ਲੋਕਾਂ ਨੇ ਬੜਾ ਸ਼ਰਮਿੰਦਾ ਕੀਤਾ। ਮੇਰੀ ਨਾਨੀ ਨੂੰ ਉਹ ਤਾਈ ਕਹਿੰਦਾ ਸੀ। ਉਸ ਦਾ ਨਾਂ ਕਿਰਪੀ ਸੀ।

ਇਕ ਲੰਮੀ ਚਿੱਠੀ ਸਾਰੀ ਚਿੱਠੀ ਵੀ ਭਾਬੀ ਨੂੰ ਉਸ ਨੇ ਫੜਾਈ। ਭਾਈਏ ਨੇ ਰਾਤ ਆ ਕੇ ਚਿੱਠੀ ਪੜ੍ਹੀ ਅਤੇ ਪਿੰਡ ਵਿਚ ਹੋਈ ਹਰਨਾਮੇ ਨਾਲ ਦੱਸੀ ਤੇ ਕਹਿਣ ਲੱਗੇ - ਚਲ ਬਾਲ ਕੌਰੇ ਦਫਾ ਕਰ, ਜੋ ਹੋਇਆ ਸੋ ਹੋਇਆ ਕਲ੍ਹ ਰਾਜ਼ੀ ਖ਼ੁਸ਼ੀ ਦੀ ਚਿੱਠੀ ਪਾ ਦਿਆਂਗੇ।

ਕੁਝ ਚਿਰ ਇਸ ਤਰ੍ਹਾਂ ਗੱਡੀ ਚਲਦੀ ਰਹੀ। ਮੋਹਨ ਨੂੰ ਪਤਾ ਨਹੀਂ ਕੀ ਬੀਮਾਰੀ ਹੋ ਗਈ, ਉਹਦੇ ਸਰੀਰ ਤੇ ਛਾਲੇ-ਛਾਲੇ ਨਿਕਲ ਆਏ। ਬੜਾ ਇਲਾਜ ਕੀਤਾ। ਇਕ ਛਾਲਾ ਫਿਸਦਾ, ਦੂਜਾ ਨਿਕਲ ਆਉਂਦਾ। ਬਹੁਤ ਇਲਾਜ ਕਰਾਇਆ, ਪਰ ਕਿਸੇ ਨਾਲ ਆਰਾਮ ਨਾ ਆਇਆ। ਉਹ ਵਿਚਾਰਾ ਸੋਹਣਾ ਜਿਹਾ ਤੜਫਦਾ-ਤਫੜਦਾ ਮਰ ਗਿਆ। ਮੈਂ ਬਹੁਤ ਰੋਇਆ ਸਾਂ। ਮੈਨੂੰ ਉਹ ਸੁਪਨੇ ਵਿਚ ਆਉਂਦਾ ਰਿਹਾ।

ਇਕ ਵਾਰੀ ਸਿਆਲ ਦੇ ਦਿਨ ਸਨ। ਸਕੂਲ ਤੋਂ ਛੁੱਟੀ ਚਰਾਕੀ ਹੋਈ ਸੀ। ਮੈਨੂੰ ਟਾਂਗਾ ਲੈਣ ਨਹੀਂ ਸੀ ਆਇਆ ਕਿਉਂਕਿ ਸਕੂਲ ਬਹੁਤੀ ਦੂਰ ਨਹੀਂ ਸੀ, ਮੈਂ ਫੱਟੀ ਬਸਤਾ ਕੱਛੇ ਮਾਰਿਆ, ਦਵਾਤ ਹੱਥ ਵਿਚ ਫੜੀ ਤੇ ਟਾਂਗੇ ਆਉਂਦੇ-ਜਾਂਦੇ ਵੇਖਦਾ-ਵੇਖਦਾ ਕਾਰਖਾਨੇ ਪਹੁੰਚ ਗਿਆ। ਭਾਈਏ ਨੇ ਵੇਖ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਆਖਿਆ—ਟਾਂਗਾ ਅੱਜ ਕਿਸੇ ਨੇ ਖੜਿਆ ਹੋਇਆ ਹੈ, ਤੂੰ ਚੰਗਾ ਕੀਤਾ ਪੈਦਲ ਆ ਗਿਆ। ਸਕੂਲ ਕੋਈ ਏਥੋਂ ਦੂਰ ਨਹੀਂ। ਤੂੰ ਆਉਂਦੇ-ਜਾਂਦੇ ਗੰਦੇ-ਮੰਦੇ ਟਾਂਗੇ ਵੇਂਹਦਾ ਆਇਆ ਹੋਏਂਗਾ ? ਚਿਰ ਲਗ ਗਿਆ ਹੈ, ਠੀਕ ਹੈ ?......ਮੈਂ ਪੰਜ ਸਾਲ ਦਾ ਸਾਂ, ਸਹਿਮ ਗਿਆ, ਸਿਰ ਹਿਲਾਇਆ। ਉਹ ਖਿਜੇ ਹੋਏ ਬੋਲੇ—ਧੜੀ ਦਾ ਸਿਰ ਹਿਲਾ ਰਿਹਾ ਏਂ, ਤੋਲੇ ਦੀ ਜ਼ਬਾਨ ਨਹੀਂ ਹਿਲਦੀ ? ਮੈਂ ਹੌਲੀ ਜਹੀ ਆਖਿਆ—ਹਾਂ ਵੇਖਦਾ ਆਇਆ ਹਾਂ।

ਭਾਈਏ ਦੇ ਮੂੰਹੋਂ ਨਿਕਲਿਆ—ਇਹ ਤੇਰੀਆਂ ਕਮੀਨੀਆਂ ਵਾਦੀਆਂ ਨਹੀਂ ਜਾਣੀਆਂ। ਸਿੱਧੇ ਸਕੂਲ ਜਾਈਦੈ ਤੇ ਸਿੱਧੇ ਈ ਘਰ ਆਈਦੈ।...... ਫਿਰ ਜ਼ਰਾ ਸਰੀਰ ਭਵਾਂ ਕੇ ਕਹਿਣ ਲਗੇ—ਨਾਨਕ ਚੰਦ ਹੋਰੀਂ ਆਖਦੇ ਸਨ, ਇਹ ਪੜ੍ਹ ਜਾਏ ਤਾਂ ਇਸ ਨੂੰ ਇੰਗਲੈਂਡ ਘੱਲਣਾ ਹੈ। ਅਕਲ ਦਾ ਖੋਤਾ ਇੰਗਲੈਂਡ ਜਾਏਗਾ। ਇਹਨਾਂ ਬਾਂਦਰਾਂ ਨੂੰ ਬਨਾਤ ਦੀਆਂ ਟੋਪੀਆਂ ? ਪੱਗ ਵੇਖੋ ਇਸ ਦੀ ਢੱਠੇ ਮੂਸਲ ਵਰਗੀ।

ਮੈਂ ਸਹਿਮਿਆਂ ਖੜਾ ਸਾਂ। ਮੇਰੇ ਅੰਦਰ ਨਫ਼ਰਤ ਪਾਸੇ ਮਾਰ ਰਹੀ ਸੀ। ਉਹ ਫੇਰ ਮੈਨੂੰ ਕਹਿਣ ਲਗੇ—ਆ ਲੈ ਇਕ ਆਨਾ ਰਸਤੇ ਵਿਚੋਂ ਦਿੱਲੀ ਦਰਵਾਜ਼ਿਉਂ ਗੋਂਗਲੂ ਲੈ ਜਾਈਂ। ਭਾਬੀ ਆਪਣੀ ਨੂੰ ਆਖੀਂ ਨਾਲ ਮਾਂਹ ਦੀ ਦਾਲ ਧੋਤੀ ਬਣਾ ਲਏ, ਸੁਣਿਆਂ ਈਂ ?......ਮੈਂ ਸੁਣਿਆਂ ਕਹਿ ਕੇ ਜਾਨ ਛੁਡਾਈ।

ਭਾਈਏ ਨੇ ਮੇਰੇ ਨਾਲ ਇਕ ਰਾਸ਼ੇ ਨੂੰ ਬਾਲਣ ਚੁਕਾ ਕੇ ਤੋਰਿਆ ਤੇ ਫਿਰ ਕਿਹਾ—ਇਸ ਦੇ ਨਾਲ-ਨਾਲ ਰਹੀਂ ਤੇ ਬਾਗ਼ਾਂ ਦੇ ਵਿਚੋਂ ਦੀ ਜ਼ਾਈਂ, ਸਮਝਿਆ ?......ਮੈਂ ਫੇਰ 'ਹਾਂ' ਕੀਤੀ।

ਰਾਸ਼ੇ ਨੂੰ ਨਾਲ ਲੈ ਕੇ ਮੈਂ ਅੱਧ ਵਿਚ ਪਹੁੰਚਿਆ ਤਾਂ ਉਸ ਨੇ ਮੈਨੂੰ ਆਖਿਆ ਓ ਨਿੱਕੇ ਸਰਦਾਰ।......ਮੈਂ ਉੱਤਰ ਦਿਤਾ ਕੀ ਉਏ ਹਾਤੋ ?

ਆਖ਼ਰ ਪਿਉ ਦੀ ਕੁਝ ਹੈਂਕੜ ਮੇਰੇ ਵਿਚ ਵੀ ਸੀ। ਉਸ ਕਸ਼ਮੀਰੀ ਨੇ ਫੇਰ ਮੈਨੂੰ ਆਖਿਆ—ਹਮ ਨੂੰ ਭੁੱਖ ਲਗੀ, ਦੋ ਪੈਸੇ ਦੇ ਦਿੰਦਾ ਹਮਾਰੀ ਭੁੱਖ ਉਤਰ ਜਾਂਦੀ।...ਉਹ ਕੁਝ ਇਹੋ ਜਿਹੀ ਬੋਲੀ ਬੋਲਿਆ, ਮੈਂ ਕੋਈ ਹੀਲ-ਹੁਜਤ ਨਹੀਂ ਕੀਤੀ। ਉਸ ਨੂੰ ਮਿਲੇ ਆਨੇ ਵਿਚੋਂ ਦੋ ਪੈਸਿਆਂ ਦਾ ਕੁਝ ਖਾਣ ਨੂੰ ਲੈ ਦਿਤਾ। ਇਹ ਪਤਾ ਨਹੀਂ ਕੀ ਲੈ ਕੇ ਦਿਤਾ ਸੀ। ਕਸ਼ਮੀਰੀ ਘਰ ਬਾਲਣ ਛੱਡ ਕੇ ਚਲਿਆ ਗਿਆ। ਦਾਲ ਰੋਟੀ ਦਾ ਸੁਨੇਹਾ ਤੇ ਦੋ ਪੈਸਿਆਂ ਦੇ ਗੋਂਗਲੂ ਮੈਂ ਭਾਬੀ ਨੂੰ ਫੜਾ ਦਿਤੇ। ਉਸ ਰੋਟੀ ਪਕਾਈ, ਮੈਂ ਖਾਧੀ ਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਥੱਕਾ ਟੁੱਟਾ ਹੋਣ ਕਰਕੇ ਜਲਦੀ ਸੌਂ ਗਿਆ ।

ਕੁਝ ਹਨੇਰੇ ਹੋਏ ਭਾਈਆ ਜੀ ਆਏ । ਕੁਰਸੀ ਅੱਗੇ ਟਪਾਈ ਰਖ ਕੇ ਰੋਟੀ ਖਾਣ ਲਗੇ । ਦੋ ਵਾਰੀ ਸਬਜ਼ੀ ਮੰਗੀ, ਉਹ ਸਬਜ਼ੀ ਬਹੁਤ ਖਾਂਦੇ ਸਨ । ਜਦ ਤੀਜੀ ਵਾਰੀ ਸਬਜ਼ੀ ਮੰਗੀ ਤਾਂ ਭਾਬੀ ਨੇ ਆਖਿਆ—ਤੁਸਾਂ ਗੋਂਗਲੂ ਹੀ ਥੋੜ੍ਹੇ ਘੱਲੇ ਸੀ । ਹੋਰ ਸਬਜ਼ੀ ਕਿਥੋਂ ਦਿਆਂ ?

ਭਾਈਆ ਤਿੜਕ ਪਿਆ—ਮੈਂ ਜਸਵੰਤ ਨੂੰ ਆਨਾ ਦਿਤਾ ਸੀ ।

ਭਾਬੀ ਨੇ ਉੱਤਰ ਦਿਤਾ—ਗੋਗਲੂ ਮੈਨੂੰ ਦੋ ਪੈਸਿਆਂ ਦੇ ਲਗਦੇ ਸੀ ।

ਤੂੰ ਇਸ ਤੋਂ ਪੁੱਛਿਆ ਨਹੀਂ ?

ਨਹੀਂ ਮੈਂ ਸਮਝਿਆ ਤੁਸਾਂ ਇਤਨੇ ਹੀ ਘੱਲੇ ਹੋਣਗੇ ।

ਭਾਈਏ ਨੇ ਉਠ ਕੇ ਮੈਨੂੰ ਪਲੰਘ ਤੋਂ ਸੁੱਤੇ ਨੂੰ ਝੰਜੋੜ ਕੇ ਜਗਾਇਆ ਤੇ ਪੁੱਛਿਆ - ਗੋਂਗਲੂ ਕਿੰਨੇ ਦੇ ਆਂਦੇ ਸੀ ?...ਮੈਂ ਅੱਧ ਸੁੱਤੇ ਨੇ ਦਸਿਆ ।

ਦੋ ਪੈਸਿਆਂ ਦੇ ।

ਬਾਕੀ ਪੈਸੇ ?

ਹਾਤੋ ਭੁੱਖਾ ਸੀ, ਉਸ ਨੂੰ ਕੁਝ ਖਾਣ ਨੂੰ ਲੈ ਦਿਤਾ ਸੀ ।

ਉਹਨਾਂ ਕੋਈ ਹੀਲ-ਹੁਜਤ ਨਾ ਕੀਤੀ । ਮੈਂ ਬਾਂਹੋਂ ਫੜ ਕੇ ਪਲੰਘ ਤੋਂ ਥੱਲੇ ਧੂਹ ਲਿਆ ਤੇ ਪੂਰੇ ਜ਼ੋਰ ਨਾਲ ਕੱਸ ਕੇ ਚਪੇੜ ਮਾਰੀ । ਮੇਰੀ ਡਾਡ ਨਿਕਲ ਗਈ । ਮੈਂ ਇਕ ਪਾਸੇ ਰਖੇ ਚਰਖੇ ਦੇ ਮੁੰਨੇ ਉਤੇ ਜਾ ਵਜਿਆ । ਮੇਰੇ ਸਿਰ ਦੇ ਇਕ ਪਾਸਿਉਂ ਲਹੂ ਵਗਣ ਲਗ ਪਿਆ । ਉਹ ਬੋਲੀ ਜਾ ਰਹੇ ਸਨ—ਵੱਡਾ ਦਾਨੀ ! ਇਹਨਾਂ ਝੂਠੇ ਮਜ਼ਦੂਰਾਂ ਦਾ ਪਿਉ ਬਣਦਾ ਏ । ਅਜੇ ਜੰਮ ਮੁਕ ਤੇ ਲੈ । ਬੱਚੂ ਕੁਝ ਕਰੇਂਗਾ ਤੇ ਪੈਸੇ ਦੀ ਕਦਰ ਹੋਏਗੀ । ਇਹਨਾਂ ਲੋਕਾਂ ਤੇ ਤਰਸ ਕਰੀਏ ਇਹ ਸਿਰ ਚੜ੍ਹਦੇ ਨੇ ।...ਹੋਰ ਪਤਾ ਨਹੀਂ ਕੀ-ਕੀ ਬਕੀ ਜਾ ਰਹੇ ਸਨ । ਭਾਬੀ ਨੇ ਕਿਹਾ – ਹਾਏ ਹਾਏ, ਮੁੰਡੇ ਦੇ ਸਿਰ 'ਚੋਂ ਲਹੂ ਵਗ ਪਿਆ, ਪਰ੍ਹਾਂ ਹਟੋ ।...ਕਹਿ ਕੇ ਮੇਰੇ ਜ਼ਖ਼ਮ ਤੇ ਹਲਦੀ ਤੇ ਸਵਾਹ ਬੰਨ੍ਹ ਦਿਤੀ ਗਈ । ਮੈਂ ਸਾਰੀ ਰਾਤ ਪੀੜ ਨਾਲ ਸੁੱਤਾ ਨਾ, ਪਰ ਬੋਲਿਆ ਕੁਝ ਨਾ ।

ਇਸ ਕਿੱਸੇ ਦਾ ਡੇਰਾ ਬਾਬਾ ਨਾਨਕ ਮੇਰੇ ਬਾਬਾ ਜੀ ਨੂੰ ਪਤਾ ਲਗ ਗਿਆ । ਉਹ ਝਟ ਸ਼ਾਮ ਦੀ ਗੱਡੀ ਲਾਹੌਰ ਆ ਪਹੁੰਚੇ ਸੀ । ਸਿੱਧੇ ਹਰਨਾਮ ਦਾਸ ਦੀ ਕਟੜੀ ਆ ਗਏ । ਭਾਈਆ ਵੀ ਘਰ ਸੀ । ਉਹਨਾਂ ਨੇ ਕੋਈ ਪੁੱਛ-ਗਿੱਛ ਨਾ ਕੀਤੀ । ਜਿੰਨੀਆਂ ਕੁ ਗਾਲ੍ਹਾਂ ਉਹਨਾਂ ਨੂੰ ਆਉਂਦੀਆਂ ਸਨ ਪੁੱਤਰ ਤੇ ਨੂੰਹ ਨੂੰ ਕੱਢੀਆਂ । ਮੈਨੂੰ ਘੁੱਟ ਕੇ ਗਲ ਨਾਲ ਲਾ ਕੇ ਅੱਖੀਆਂ ਭਰ ਲਈਆਂ—


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਏ ! ਲੱਤ ਜਿੰਨੇ ਬੱਚੇ ਨਾਲ ਤੁਹਾਡਾ ਇਹ ਸਲੂਕ ? ਤੁਸੀਂ ਮਾਂ-ਪਿਉ ਨਹੀਂ ਕਸਾਈ ਹੋ । ਮੇਰਾ ਨਾਂ ਤੁਹਾਡੇ ਕਰਕੇ ਨਹੀਂ, ਇਸ ਪੋਤਰੇ ਕਰਕੇ ਚਲਣਾ ਹੈ ।

ਬਸ ਉਹਨਾਂ ਰੋਟੀ ਨਹੀਂ ਖਾਧੀ । ਘਰੋਂ ਹੀ ਪਿੰਨੀਆਂ ਬਣਾ ਕੇ ਲਿਆਏ ਸਨ, ਉਹ ਖਾਧੀਆਂ ਤੇ ਮੈਨੂੰ ਵੀ ਖਵਾਈਆਂ । ਉਹਨਾਂ ਦਾ ਇਤਨਾ ਦਬਾ ਸੀ ਕਿ ਮੇਰੇ ਭਾਈਆ, ਭਾਬੀ ਭਿੱਜੀ ਬਿੱਲੀ ਬਣੇ ਰਹੇ ।

ਦਿਨ ਚੜ੍ਹਿਆ, ਮੇਰਾ ਸਾਰਾ ਸਾਮਾਨ ਲੈ ਕੇ ਘਰੋਂ ਨਿਕਲੇ, ਕਿਸੇ ਨੂੰ ਸੱਤ ਕੁਸੱਤ ਨਹੀਂ ਆਖਿਆ ।

ਮੈਨੂੰ ਡੇਰਾ ਬਾਬਾ ਨਾਨਕ ਲੈ ਆਂਦਾ । ਮੁੜ ਕੇ ਮੁੱਢੋਂ ਪੜ੍ਹਨੇ ਪਾ ਦਿਤਾ । ਹੁਣ ਵੀ ਮੈਂ ਸੋਚਦਾ ਹਾਂ, ਮੈਨੂੰ ਇਹ ਪਹਿਲੀ ਸਜ਼ਾ ਕਿਹੋ ਜਿਹੇ ਜੁਰਮ ਤੋਂ ਮਿਲੀ ਸੀ ? ਅੱਜ ਵੀ ਦਾਦੀ ਬਾਬੇ ਦੀ ਰੂਹ ਮੇਰੇ ਤੇ ਖ਼ੁਸ਼ ਹੁੰਦੀ ਦਿਖਾਈ ਦਿੰਦੀ ਹੈ ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

# ਬਿਆਜੀ ਘੋੜਾ

ਚਾਰ ਜਮਾਤਾਂ ਤਕ ਉਰਦੂ ਦਾ ਸਕੂਲ ਸੀ। ਪੰਜਵੀਂ ਜਮਾਤ ਹਾਈ ਸਕੂਲ ਤੋਂ ਸ਼ੁਰੂ ਹੁੰਦੀ ਸੀ। ਬਾਬਾ ਜੀ ਨੇ ਮੈਨੂੰ ਜਿਸ ਦਿਨ ਦਾ ਦਾਖਲ ਕਰਾਇਆ, ਇਕ ਵੱਡੀ ਟੋਕਰੀ ਨਿੱਕਿਆਂ ਪਤਾਸਿਆਂ ਦੀ ਸਾਰੇ ਸਕੂਲ ਵਿਚ ਵੰਡੀ। ਇਕ ਰੁਪਿਆ ਪਹਿਲੀ ਦੇ ਮੁਨਸ਼ੀ ਨੂੰ ਦਿਤਾ। ਦਾਦੀ ਜੀ ਨੇ ਸਾਰੀ ਗਲੀ ਵਿਚ ਪਤਾਸੇ ਵੰਡੇ। ਮੈਂ ਖ਼ੁਸ਼ੀ ਨਾਲ ਪੜ੍ਹਨ ਜਾਂਦਾ ਤੇ ਆਉਂਦਾ। ਸਾਡੇ ਘਰ ਲਾਗੇ ਖੁਲ੍ਹਾ ਚਗਾਨ ਸੀ। ਉਥੇ ਖੇਡਦੇ ਰਹਿੰਦੇ। ਚਗਾਨ ਵਿਚ ਇਕ ਬੇਰੀ ਇਕ ਜਾਮਨੂੰ ਤੇ ਇਕ ਲਸੂੜੀ ਸੀ। ਦੋ ਬੇਰੀਆਂ ਸਾਡਿਆਂ ਵਿਹੜਿਆਂ ਵਿਚ ਵੀ ਸਨ ; ਗਲੀ ਦੇ ਘਰਾਂ ਵਿਚ ਵੀ ਬੇਰੀਆਂ ਸਨ। ਸਾਡੇ ਘਰ ਸਾਹਮਣੇ ਇਕ ਸਕਚੈਨ ਦਾ ਰੁੱਖ ਸੀ। ਜਿਸ ਦੀ ਕਦੇ-ਕਦੇ ਕੋਈ ਦਾਤਣ ਕਰਦਾ ਸੀ। ਸਾਹਮਣੇ ਮੇਰੇ ਪੜਦਾਦੇ ਦਾ ਦੂਜਾ ਟੱਬਰ ਰਹਿੰਦਾ ਸੀ। ਉਹ ਇਕੱਲੀ ਰਹਿੰਦੀ ਸੀ।

ਬਾਬਾ ਜੀ ਦੇ ਪਤਾ ਨਹੀਂ ਕੀ ਦਿਲ ਵਿਚ ਆਇਆ, ਉਹਨਾਂ ਨੇ ਇਕ ਘੁਮਿਆਰ ਨੂੰ ਜਿਹੜਾ ਸ਼ਹਿਰ ਦੇ ਬਾਹਰ ਵਾਰ ਰਹਿੰਦਾ ਸੀ। ਉਸ ਨੂੰ ਕੁਝ ਰੁਪਏ ਸੂਦ ਵਜੋਂ ਦਿਤੇ ਹੋਏ ਸਨ। ਉਸ ਨੂੰ ਘਰ ਸੱਦਿਆ ਤੇ ਆਖਿਆ— ਭਲਿਆ ਲੋਕਾ ਹੁਣ ਤੇਰੇ ਵਲ ਪੂਰੇ ਸੱਠ ਰੁਪਏ ਹੋ ਗਏ ਹਨ। ਸਾਨੂੰ ਲੋੜ ਹੈ ਦੇ ਛੱਡ।.. ਉਹ ਗ਼ਰੀਬ ਬੰਦਾ ਸੀ। ਕਿਥੋਂ ਦਿੰਦਾ। ਬਾਬਾ ਜੀ ਨੇ ਆਖਿਆ— ਇੰਜ ਕਰ, ਨਾ ਤੈਨੂੰ ਤੰਗੀ ਹੋਵੇ, ਨਾ ਸਾਡੇ ਪੈਸੇ ਮਾਰੇ ਜਾਣ। ਤੇਰਾ ਘੋੜਾ ਸੱਠਾਂ ਰੁਪਿਆਂ ਵਿਚ ਲਵਾ ਲੈਨੇ ਹਾਂ।

ਉਸ ਨੇ ਕੋਈ ਹੀਲ ਹੁਜਤ ਨਾ ਕੀਤੀ ਅਤੇ ਆਪਣਾ ਬਹੁਤ ਹੀ ਮਾੜਾ ਘੋੜਾ ਸਾਡੇ ਮਹੀਂ ਵਾਲੇ ਘਰ ਬੰਨ੍ਹ ਗਿਆ। ਬਾਬਾ ਜੀ ਨੇ ਉਸ ਨੂੰ ਪੱਠੇ ਪਾਏ ਤਾਂ ਵਿਚਾਰਾ ਇੰਜ ਖਾਣ ਲਗਾ ਜਿਵੇਂ ਚਿਰ ਦਾ ਭੁਖਾ ਹੋਵੇ। ਚਾਚੇ ਗਿਆਨ ਸਿੰਘ ਨੂੰ ਆਖਿਆ—ਗਿਆਨ ਸਿੰਘਾ, ਇਸ ਘੋੜੇ ਨੂੰ ਪੰਦਰਾਂ ਦਿਨ ਕੁਝ ਨਾ ਕਹਿਣਾ, ਸੇਵਾ ਚੰਗੀ ਤਰ੍ਹਾਂ ਕਰੋ। ਛੋਲੇ ਪਾਉ, ਮਸਾਲਾ ਪਾਉ। ਇਹ ਜਸ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਜੇ ਲਈ ਲਿਆ ਹੈ। ਇਹ ਇਸ ਉਤੇ ਚੜ੍ਹ ਕੇ ਸੈਰ ਕਰਿਆ ਕਰੇਗਾ। ਤੂੰ ਲੌਢੇ ਵੇਲੇ ਪੱਠੇ ਲੈ ਆਇਆ ਕਰੀਂ।

ਘੋੜਾ ਦਿਨਾਂ ਵਿਚ ਹੀ ਤਕੜਾ ਹੋ ਗਿਆ। ਮੈਂ ਸਵੇਰੇ ਉਸ ਉਤੇ ਚੜਦੀ ਪਾ ਕੇ ਸੈਰ ਕਰਨ ਜਾਂਦਾ ਸਾਂ। ਕਦੇ ਜੀ ਕਰੇ ਤਾਂ ਦਿਨੇ ਵੀ ਚੜ੍ਹ ਜਾਂਦਾ, ਲੌਢੇ ਵੇਲੇ ਚਾਚੇ ਨਾਲ ਜਾ ਕੇ ਪੱਠੇ ਲਿਆਉਂਦਾ, ਜਾਂਦੀ ਵਾਰੀ ਚਾਚਾ ਭਤੀਜਾ ਚੜ੍ਹ ਜਾਂਦੇ ਆਉਂਦਾ ਵੀ ਉਹ ਤੁਰਦਾ ਆਉਂਦਾ, ਮੈਂ ਪੱਠਿਆਂ ਉਤੇ ਬੈਠ ਕੇ।

ਮੈਂ ਗੱਲਾਂ ਵਿਚ ਥਥਿਆ ਜਾਂਦਾ ਸਾਂ। ਕਦੇ ਗੱਲ ਵੀ ਪੂਰੀ ਨਹੀਂ ਸੀ ਹੁੰਦੀ। ਬਾਬਾ ਜੀ ਨੇ ਇਕ ਦਿਨ ਮੈਨੂੰ ਸ਼ਹਿਰ ਦੇ ਮਸ਼ਹੂਰ ਵੈਦ ਕੋਲ ਲੈ ਗਏ। ਸਾਰੀ ਗੱਲ ਸੁਣਾ ਦਿਤੀ। ਉਸ ਨੇ ਦਸਿਆ ਕਿ ਇਸ ਨੂੰ ਗੱਲ ਕਰਦੇ ਨੂੰ ਟੋਕਿਆ ਜਾਂਦਾ ਰਿਹਾ ਹੈ। ਇਸ ਕਰਕੇ ਇੰਜ ਥਥਿਆਉਣ ਲਗ ਪਿਆ ਹੈ। ਬਾਬਾ ਜੀ ਨੇ ਇਲਾਜ ਪੁਛਿਆ। ਵੈਦ ਜੀ ਨੇ ਆਖਿਆ—ਰਾਤ ਨੂੰ ਕਾਗ਼ਜ਼ੀ ਬਾਦਾਮਾਂ ਦੀਆਂ ਪੰਜ ਛੇ ਗਿਰੀਆਂ ਭਿਉਂ ਦਿਆ ਕਰੋ। ਸਵੇਰੇ ਨਿਰਨੇ ਕਲੇਜੇ ਮੱਖਣ ਨਾਲ ਦਿਆ ਕਰੋ। ਹੌਲੀ-ਹੌਲੀ ਠੀਕ ਹੋ ਜਾਏਗਾ। ਬਾਬਾ ਜੀ ਨੇ ਪਹਿਲਾਂ ਦੋ ਤਿੰਨ ਗਾਲ੍ਹਾਂ ਮੇਰੇ ਭਾਈਏ ਭਾਬੀ ਨੂੰ ਕੱਢੀਆਂ ਤੇ ਘਰ ਨੂੰ ਆ ਗਏ।

ਘਰ ਦੋ ਮੱਝਾਂ ਸਨ, ਇਕ ਸੂਈ ਹੋਈ, ਇਕ ਸੂਣ ਵਾਲੀ। ਅੱਧ-ਰਿੜਕਾ ਦਹੀਂ ਤੇ ਦੁੱਧ ਪਹਿਲਾਂ ਵੀ ਮਿਲਦਾ ਸੀ। ਹੁਣ ਮੱਖਣ ਦੀਆਂ ਬਦਾਮਾਂ ਦੀਆਂ ਗਿਰੀਆਂ ਵੀ ਮਿਲਣ ਲਗ ਪਈਆਂ। ਸਾਡੇ ਘਰ ਨਿੱਕੀ ਲੋਹ ਹਮੇਸ਼ਾਂ ਗਰਮ ਰਹਿੰਦੀ, ਰੋਟੀਆਂ ਪਕਦੀਆਂ ਰਹਿੰਦੀਆਂ ਸਨ। ਥੋੜ੍ਹਾ ਚਿਰ ਹੀ ਸਾਹ ਹੁੰਦਾ ਸੀ। ਦਿਨੇ ਦੋ ਤਿੰਨਾਂ ਬੰਦਿਆਂ ਦੀ ਰੋਟੀ ਜ਼ਰੂਰ ਜਾਂਦੀ ਰਹਿੰਦੀ ਸੀ। ਉਹਨੀਂ ਦਿਨੀਂ ਮੇਰੀ ਵੱਡੀ ਭੂਆ ਅਛਰੋ ਦਾ ਵਿਆਹ ਹੋ ਗਿਆ ਸੀ ਅਤੇ ਚਾਚੇ ਗਿਆਨ ਸਿੰਘ ਦਾ ਵੀ।

ਸਾਡੀ ਗਲੀ ਦੇ ਪਿਛਲੇ ਪਾਸੇ ਕਿਲ੍ਹੇ ਵਾਲਿਆਂ ਦਾ ਮਹੱਲਾ ਸੀ। ਉਥੇ ਇਕ ਵਿਧਵਾ ਮਹਿਰੀ ਰਹਿੰਦੀ ਸੀ। ਉਸ ਦੀ ਇਕ ਕੁੜੀ ਸੀ, ਜਿਹੜੀ ਵਿਆਹੀ ਹੋਈ ਸੀ। ਉਹ ਸਿਰਫ਼ ਸਾਡੇ ਘਰ ਹੀ ਕੰਮ ਕਰਦੀ। ਮੇਰੇ ਦਾਦੀ ਜੀ ਤੋਂ ਘੱਟ ਉਮਰ ਦੀ ਸੀ। ਸਰੀਰੋਂ ਤਕੜੀ ਉਸ ਦਾ ਨਾਂ ਸੋਬਾਂ ਸੀ। ਮੈਂ ਉਸ ਨੂੰ ਵੀ ਮਾਂ ਹੀ ਕਹਿੰਦਾ। ਜਿਹੜੀ ਸਾਡੇ ਘਰ ਬਾਲਮੀਕਣ ਆਉਂਦੀ ਸੀ ਉਸ ਨੂੰ ਵੀ ਮਾਂ ਤੇ ਉਸ ਦੇ ਘਰ ਵਾਲੇ ਨੂੰ ਬਾਬਾ। ਉਂਜ ਕਦੇ ਉਹਨਾਂ ਦੇ ਨਾਲ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗ ਜਾਂਦਾ ਤਾਂ ਮੇਰੇ ਦਾਦੀ ਜੀ ਜਾਂ ਮੇਰੀ ਭੂਆ ਮੇਰੇ ਉਤੇ ਪਾਣੀ ਦੇ ਛੱਟੇ ਮਾਰਦੀ ।

ਸੋਬਾਂ ਮਹਿਰੀ ਸਾਡੇ ਘਰ ਜੋਗੀ ਅਤੇ ਬਾਬਾ ਜੀ ਜੋਗੀ ਸੀ : ਉਸ ਦੇ ਘਰ ਵੀ ਬਾਬਾ ਜੀ ਫੇਰਾ ਮਾਰ ਲੈਂਦੇ ਸਨ । ਮਹੀਂ ਵਾਲੇ ਘਰ ਇਕ ਕਮਰੇ ਵਿਚ ਬਾਬਾ ਜੀ ਦਾ ਨਵਾਰੀ ਪਲੰਗ ਹੁੰਦਾ ਸੀ ਅਤੇ ਹੋਰ ਸਾਮਾਨ । ਆਪ ਉਹ ਰਾਤ ਨੂੰ ਉਥੇ ਸੌਂਦੇ ਸਨ । ਕੋਈ ਦਿਨ ਹੋਵੇਗਾ ਜਦ ਉਹ ਘਰ ਸੌਣ । ਸੋਬਾਂ ਦਾ ਉਥੇ ਵੀ ਫੇਰਾ ਪਵਾ ਲੈਂਦੇ ਸਨ । ਮੇਰੇ ਦਾਦੀ ਜੀ ਨੂੰ ਇਹਨਾਂ ਗੱਲਾਂ ਨਾਲ ਕੋਈ ਵਾਸਤਾ ਨਹੀਂ ਸੀ ।

ਮਹੀਂ ਵਾਲੇ ਘਰ ਹੀ ਅਨਾਜ ਦੀਆਂ ਬੋਰੀਆਂ ਲਗੀਆਂ ਰਹਿੰਦੀਆਂ । ਦੁਕਾਨ ਤੋਂ ਸ਼ਗਿਰਦ ਜਾਂ ਮੇਰੇ ਦਾਦੀ ਜੀ ਮਹੀਂ ਵਾਲੇ ਘਰ ਦੀ ਸਫ਼ਾਈ ਵਗੈਰਾ ਕਰਾਉਂਦੇ ਅਤੇ ਮੱਝਾਂ ਨੂੰ ਪਾਣੀ ਡਹਾਉਂਦੇ । ਗਲੀ ਵਿਚ ਤਿੰਨ ਖੂਹ ਸਨ । ਮਹਿਰੀਆਂ ਸਾਡਿਆਂ ਘਰਾਂ ਵਿਚ ਪਾਣੀ ਭਰ ਜਾਂਦੀਆਂ, ਘੜੇ ਅਤੇ ਮੱਟ ਹੁੰਦੇ ਸੀ । ਹੋਰ ਕੰਮ ਸੋਬਾਂ ਕਰਦੀ ਸੀ ।

ਬਾਬਾ ਜੀ ਨੂੰ ਬਾਹਰੋਂ ਝੋਨਾ ਆਇਆ, ਕੁਝ ਦੇ ਉਹਨਾਂ ਨੇ ਚੌਲ ਛੜਾ ਲਏ, ਬਾਕੀ ਅੱਠ ਦਸ ਬੋਰੀਆਂ ਮਹੀਂ ਵਾਲੇ ਅੰਦਰ ਪਈਆਂ ਸਨ । ਸਾਡੀ ਗਲੀ ਦੇ ਵੱਡੇ ਮਹੱਲ ਵਾਲਿਆਂ ਬਾਵਿਆਂ ਦੀ ਇੰਜਣ ਨਾਲ ਚਲਣ ਵਾਲੀ ਮਸ਼ੀਨ ਸੀ । ਉਥੇ ਬੜਾ ਝੋਨਾ ਝੜਿਆ ਜਾਂਦਾ, ਕਾਫ਼ੀ ਵੱਡਾ ਥਾਂ ਸੀ । ਵਪਾਰੀਆਂ ਦਾ ਝੋਨਾ ਉਥੇ ਸੁਕਦਾ ਵੀ ।

ਬਾਬਾ ਜੀ ਕਿਸੇ ਕੰਮ ਕਰਕੇ ਸ਼ਹਿਰ ਵਿਚ ਕਿਸੇ ਘਰ ਰਾਤ ਪਏ ਰਹੇ । ਘੋੜੇ ਨੇ ਪਤਾ ਨਹੀਂ ਕਿਸ ਤਰ੍ਹਾਂ ਰੱਸਾ ਤੜਾਇਆ । ਝੋਨੇ ਵਾਲੇ ਅੰਦਰ ਜਾ ਵੜਿਆ ਅਤੇ ਮਰਜ਼ੀ ਤੋਂ ਵੀ ਬਹੁਤਾ ਝੋਨਾ ਖਾ ਲਿਆ ।

ਜਦ ਬਾਬਾ ਜੀ ਦਿਨੇ ਦਾਦੀ ਜੀ ਨਾਲ ਮੱਝ ਚੋਣ ਗਏ ਤਾਂ ਘੋੜਾ ਆਫਰ ਕੇ ਮਰਿਆ ਪਿਆ ਸੀ । ਮੈਨੂੰ ਪਤਾ ਲਗਾ, ਮੈਂ ਰੋਈ ਜਾਵਾਂ । ਬਾਬਾ ਜੀ ਨੇ ਮੈਨੂੰ ਚੁਕ ਲਿਆ ਤੇ ਆਖਿਆ, ਮੈਂ ਰਾਜੇ ਪੁੱਤ ਨੂੰ ਹੋਰ ਨਵਾਂ ਘੋੜਾ ਲੈ ਦਿਆਂਗਾ ਪਰ ਮੈਂ ਦੋ ਤਿੰਨ ਦਿਨ ਉਦਾਸ ਰਿਹਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਬਾਬਾ, ਪੋਤਾ

ਮੈਂ ਤਿੰਨਾਂ ਚੌਂਹਾਂ ਮਹੀਨਿਆਂ ਪਿਛੋਂ ਦੂਜੀ ਜਮਾਤ ਵਿਚ ਬਿਠਾ ਦਿਤਾ ਗਿਆ ਸੀ। ਪਹਿਲੀ ਦਾ ਮੁਨਸ਼ੀ ਮੁਸਲਮਾਨ ਸੀ। ਉਸ ਨੂੰ ਬੱਚਿਆਂ ਨੂੰ ਪੜ੍ਹਾਉਣ ਦਾ ਇਸ਼ਕ ਸੀ। ਦੂਜਾ ਮਾਸਟਰ ਇਕ ਬ੍ਰਾਹਮਣ ਸੀ। ਇਸ ਦੀ ਤਨਖਾਹ ਪੰਦਰਾਂ ਰੁਪਏ ਮਹੀਨਾ ਸੀ। ਇਹ ਵੀ ਬੜਾ ਕਮਾਲ ਦਾ ਪੜ੍ਹਾਉਂਦਾ ਸੀ। ਦੇਸੀ ਚਾਕੂ ਤੇਜ਼ ਕਰਕੇ ਲਿਆਉਂਦਾ। ਮੁੰਡਿਆਂ ਨੂੰ ਕਲਮਾਂ ਘੜ ਕੇ ਆਪ ਦਿੰਦਾ। ਪੂਰਨੇ ਪਾ ਕੇ ਦਿੰਦਾ। ਅਸੀਂ ਖੱਟੇ ਰੰਗ ਦੀ ਗਾਚਨੀ ਨਾਲ ਤਖਤੀਆਂ ਪੋਚਦੇ, ਮਿੱਟੀ ਦੀ ਦਵਾਤ ਅਤੇ ਨਿੱਕੀਆਂ ਕਤਰਾਂ ਵਿਚ ਕਾਲੀ ਸਿਆਹੀ ਹੁੰਦੀ ਸੀ। ਅਸੀਂ ਦਵਾਤ ਵਿਚ ਇਕ ਕੋਟੀ ਟੱਲੀ ਪਾ ਕੇ ਕਲਮ ਨਾਲ ਘੋਲਦੇ ਸਾਂ। ਰਸ ਜਾ ਸ਼ਾਈਏ, ਰਸ ਜਾ ਸ਼ਾਈਏ ਬੋਲਦੇ। ਇਹ ਬ੍ਰਾਹਮਣ ਮਾਸਟਰ ਮਾਰਦਾ ਬੜੀ ਬੇਤਰਸੀ ਨਾਲ ਸੀ। ਮੈਂ ਦੂਜੇ ਤੀਜੇ ਦਿਨ ਉਸ ਨੂੰ ਦੁਕਾਨਾਂ 'ਚੋਂ ਲਕੜੀ ਦਾ ਬੂਰਾ ਤੇ ਨਿੱਕੇ-ਨਿੱਕੇ ਸੱਕ ਇਕ ਪਰਨੇ ਵਿਚ ਬੰਨ੍ਹ ਕੇ ਲਿਆ ਦਿੰਦਾ ਸਾਂ। ਮੈਨੂੰ ਘੱਟ ਮਾਰਦਾ ਅਤੇ ਧਮਕਾਉਂਦਾ ਬਹੁਤਾ। ਮੈਂ ਉਹਨੂੰ ਬਟਾਲੇ ਵਾਲੀ ਸੜਕ ਦੇ ਲਾਗਿਉਂ ਚਾਗਿਉਂ ਬਾਲਣ ਇਕੱਠਾ ਕਰਦਾ ਵੇਖਿਆ ਸੀ। ਘਰ ਆ ਕੇ ਬਾਬਾ ਜੀ ਨੂੰ ਦਸਿਆ। ਉਹਨਾਂ ਮੈਨੂੰ ਕਿਹਾ, "ਜਸ, ਤੂੰ ਆਪਣੇ ਮਾਸਟਰ ਨੂੰ ਕਦੇ-ਕਦੇ ਬੂਰਾ ਤੇ ਸੱਕ ਦੇ ਆਇਆ ਕਰ।"

ਸਾਰਾ ਦਿਨ ਨਾ ਉਹ ਵਿਹਲਾ ਬਹਿੰਦਾ ਸੀ ਨਾ ਮੁੰਡਿਆਂ ਨੂੰ ਬਹਿਣ ਦਿੰਦਾ। ਬੁਨਿਆਦੀ ਪੜ੍ਹਾਈ ਉਰਦੂ ਜ਼ਬਾਨ ਸੀ। ਇਕ ਪਹਾੜਾ ਇਕ ਕਹਾਣੀਆਂ ਦੀ ਕਿਤਾਬ, ਇਕ ਨਿੱਕਾ ਜਿਹਾ ਹਿਸਾਬ ਬੱਸ ਇਹੋ ਹੀ ਸਾਰੀਆਂ ਪੁਸਤਕਾਂ ਸਨ।

ਜਦ ਬਾਬਾ ਜੀ ਥੱਕ ਜਾਂਦੇ ਜਾਂ ਕਦੀ-ਕਦੀ ਕੁਝ ਬੀਮਾਰ ਹੁੰਦੇ ਤਾਂ ਮੈਨੂੰ ਸਹੀਂ ਦੇ ਘਰ ਵਾਲੇ ਆਪਣੇ ਨਵਾਰੀ ਪਲੰਘ ਉਤੇ ਪਏ-ਪਏ ਸੱਦ ਲੈਂਦੇ। ਮੇਰੇ ਨਾਲ ਘੁਲਦੇ, ਪਿਆਰ ਕਰਦੇ, ਮੈਂ ਉਹਨਾਂ ਉਤੇ ਚੜ੍ਹ ਕੇ ਭੁੜਕਦਾ, ਉਹਨਾਂ ਨੂੰ ਚੁੰਮਦਾ ਫਿਰ ਉਹ ਮੈਨੂੰ ਝੂਠੀ-ਮੂਠੀ ਢਾਹ ਲੈਂਦੇ। ਮੈਨੂੰ ਘੁੱਟ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿੱਕ ਨਾਲ ਲਾਉਂਦੇ । ਬੱਸ ਉਹ ਤਕੜੇ ਹੋ ਜਾਂਦੇ । ਮੇਰੇ ਦਾਦੀ ਜੀ ਲਛਮੀ ਨੂੰ ਆਖਦੇ, "ਲਛਮੀਏ ਵੇਖ ਮੇਰੇ ਪੋਤਰੇ ਰਾਜੇ ਜਸਵਾਲ ਨੇ ਮੈਨੂੰ ਤਕੜਿਆਂ ਕਰ ਦਿਤਾ ।" ਦਾਦੀ ਜੀ ਵੀ ਮੇਰੇ ਨਾਲ ਪਿਆਰ ਕਰਨ ਲਗ ਪੈਂਦੇ ।

ਚਾਚੀ, ਚਾਚੇ ਗਿਆਨ ਸਿੰਘ ਦੀ ਪਤਨੀ ਬੜੇ ਨਰੋਏ ਤੇ ਫੁਰਤੀਲੇ ਬਦਨ ਦੀ ਸੀ । ਨੈਣ ਨਕਸ਼ ਵੀ ਚੰਗੇ ਤੇ ਰੰਗ ਸਾਫ਼ ਗੰਦਮੀ; ਇਹ ਸੂਰ ਤਰਖਾਣਾ ਦੀ ਧੀ ਸੀ । ਮੈਨੂੰ ਕਦੇ ਘੱਟ-ਵੱਧ ਹੀ ਕਵਾਉਂਦੀ ਬੁਲਾਉਂਦੀ । ਘਰ ਦੇ ਪਿਛਲੇ ਅੰਦਰ ਉਹ ਬੂਹਾ ਬੰਦ ਕਰਕੇ ਸੌਂਦੇ ਸਨ । ਮੈਨੂੰ ਚਾਚੀ ਚੰਗੀ ਨਹੀਂ ਲਗਦੀ ।

ਮੈਨੂੰ ਦਾਦੀ ਜੀ ਆਪਣੇ ਨਾਲ ਸਵਾਲਦੇ ਸਨ । ਮੇਰੇ ਸਿਰ ਵਿਚ ਪੋਟੇ ਫੇਰਦੇ ਰਹਿੰਦੇ ਤੇ ਮੈਨੂੰ ਬਾਤਾਂ ਸੁਣਾਉਂਦੇ ਰਹਿੰਦੇ । ਕਦੇ-ਕਦੇ ਸਿਰ ਵਿਚੋਂ ਕੋਈ ਜੂੰ ਵੀ ਫੜ ਲੈਂਦੇ । ਸਾਡੇ ਸਾਹਮਣੇ ਬੜਾ ਵੱਡਾ ਕੱਚਾ ਮਕਾਨ ਸੁਨਿਆਰਿਆਂ ਦਾ ਸੀ । ਇਕ ਵੱਡੀ ਸਾਰੀ ਖਿਲਰੀ ਹੋਈ ਸਿਊ ਬੇਰੀ ਸੀ, ਬੜੀ ਮਿੱਠੀ । ਮੇਰੇ ਦਾਦੀ ਜੀ ਬੇਰੀਆਂ ਦੇ ਮਿੱਠੇ ਬੇਰ ਮੇਰਿਆਂ ਚਾਚਿਆਂ ਤੇ ਮੇਰੇ ਭਾਈਏ ਲਈ ਸੁਕਾ ਛੱਡਦੀ ।

ਮੇਰੀ ਭੂਆ ਸੰਤੋਂ ਦਾ ਵਿਆਹ ਸੀ । ਅੱਛਰੋ ਭੂਆ ਸਾਕ ਆਪਣੇ ਜੇਠ ਦੇ ਨਰੈਣ ਸਿੰਘ ਨੂੰ ਲੈ ਗਈ ਸੀ । ਉਸ ਦੀ ਜਠਾਣੀ ਮਰ ਗਈ ਸੀ । ਔਲਾਦ ਕੋਈ ਨਹੀਂ ਸੀ । ਉਹਨਾਂ ਦਾ ਪਿੰਡ ਸ਼ਹਿਰ ਤੋਂ ਮਸਾਂ ਇਕ ਮੀਲ ਸੀ । ਜੌੜੀਆਂ ਨੰਗਲ । ਉਹ ਵੀ ਪਾਰੋਂ ਏਥੇ ਆਪਣੇ ਨਾਨਕਿਆਂ ਦੇ ਪਿੰਡ ਆ ਗਏ ਸੀ । ਬਹੁਤ ਸਾਰੀ ਜ਼ਮੀਨ ਦੇ ਮਾਲਕ ਸਨ । ਜਾਤ ਮਨਪੋਤਰੇ ਸੀ । ਪਿੰਡ ਫੁਫੜਾ ਦਾ ਚਾਚਾ ਰਹਿੰਦਾ ਸੀ । ਬੜੇ ਸਰਦਾਰੀ ਠਾਠ ਨਾਲ । ਉਸ ਦਾ ਟੱਬਰ ਮਰ ਗਿਆ ਸੀ । ਹੋਰ ਵਿਆਹ ਨਹੀਂ ਸੀ ਕੀਤਾ । ਇਕ ਮੇਰੇ ਫੁਫੜਾਂ ਦੀ ਵਿਧਵਾ ਭੂਆ ਵੀ ਕੋਲ ਰਹਿੰਦੀ । ਭੂਆ ਦਾ ਸਹੁਰਾ ਰੇਲਵੇ ਵਿਚ ਪਲੈਂਟੀਅਰ ਸੀ ਸਵਰਗਵਾਸੀ । ਮੇਰੇ ਫੁਫੜ ਤੇ ਇਕ ਉਹਨਾਂ ਦਾ ਭਰਾ ਸ਼ਿੰਦਾ ਹੈਦਰਾਬਾਦ ਲਾਗੇ ਸਿੰਧ ਦਰਿਆ ਤੋਂ ਪਾਰ ਕੋਟਲੀ ਰਹਿੰਦੇ ਸਨ । ਤਿੰਨੇ ਰੇਲਵੇ ਵਿਚ ਨੌਕਰ । ਸਭ ਤੋਂ ਛੋਟਾ ਪਿੰਡ ਦਾ ਕੰਮ ਸਾਂਭਦਾ ।

ਜਦ ਵਿਆਹ ਉਤੇ ਮੇਰੇ ਭਾਈਆ ਜੀ ਆਏ ਓਦੋਂ ਰਾਏ ਤੁਰਦਾ ਫਿਰਦਾ ਸੀ । ਭਾਬੀ ਦਾ ਟੌਰ ਸੀ । ਭਾਈਏ ਨੇ ਲੱਠੇ ਦਾ ਕਮੀਜ਼ ਪਜਾਮਾ ਲਿਸ਼ਕਦੇ ਬੂਟ ਦਾਨੀ ਪੱਗ ਗਲ ਫਤੂਈ ਤੇ ਉਤੋਂ ਦੀ ਕੋਟ । ਘੜੀ ਫਤੂਈ ਦੀ ਜੇਬ ਵਿਚ ਚੈਨ ਕੋਟ ਦੀ ਕਾਲਰ ਦੇ ਚਾਕ ਵਿਚ । ਉਸ ਸਮੇਂ ਇਹ ਧਨਾਢਾਂ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਹਿਰਾਵਾ ਹੁੰਦਾ ਸੀ। ਮੈਂ ਮਾਵੇ ਵਿਹੜੇ ਖੇਡ ਰਿਹਾ ਸਾਂ, ਪਤਾ ਲਗਾ ਭਾਈਆ ਆਇਆ ਹੈ। ਮੈਂ ਘੱਟੇ ਮਿੱਟੀ ਨਾਲ ਲਿਬੜਿਆ ਹੋਇਆ ਨੱਠ ਕੇ ਭਾਈਏ ਦੇ ਕੁੱਛੜ ਚੜ੍ਹ ਗਿਆ। ਉਸ ਨੇ ਮੈਨੂੰ ਧੱਕਾ ਦੇ ਕੇ ਪਰ੍ਹਾਂ ਹਟਾ ਦਿਤਾ ਤੇ ਇਕ ਚਪੇੜ ਮਾਰੀ—ਮਾਦਰਚੋਦ, ਮੇਰੇ ਕਪੜੇ ਖਰਾਬ ਕਰ ਦਿਤੇ ਸੂ।...ਮੈਨੂੰ ਬੜਾ ਗੁੱਸਾ ਚੜ੍ਹਿਆ, ਮੈਂ ਜਿੰਨੀਆਂ ਕੁ ਗਾਲ੍ਹਾਂ ਸਿੱਖੀਆਂ ਸਨ ਕੱਢ ਦਿਤੀਆਂ; ਪਰ ਮੈਨੂੰ ਇਤਨਾ ਯਾਦ ਹੈ ਮੈਂ ਰੋਂਦੇ ਹੋਏ ਨੇ ਆਖਿਆ—ਮਾਈਂ, ਠੇਕੇਦਾਰ ਗੂੰ ਦਾ ਠੇਕੇਦਾਰ।...ਜਦ ਭਾਈਆ ਫੇਰ ਅਗੇ ਹੋਇਆ ਤਾਂ ਬਾਬਾ ਜੀ ਗਰਜ ਪਏ—ਖ਼ਬਰਦਾਰ ਮੁੰਡੇ ਤੇ ਹੱਥ ਚੁਕਿਆ ਤੇ ਪੁੱਠੇ ਹੱਥ ਦੀ ਧੌਲ ਮਾਰਾਗਾ।... ਬਾਬਾ ਜੀ ਤੋਂ ਦਾਦੀ ਜੀ ਨੇ ਮੈਨੂੰ ਚੁਕ ਲਿਆ ਤੇ ਭਾਈਏ ਨੂੰ ਗੁੱਸੇ ਹੋਈ।

ਵੱਡਾ ਚਾਚਾ ਭਗਵਾਨ ਸਿੰਘ ਵੀ ਆ ਗਿਆ ਸੀ। ਉਸ ਚਾਚੀ ਦੇ ਕੁੱਛੜ ਰਾਏ ਦੇ ਹਾਣ ਦਾ ਇਕ ਲੜਕਾ ਸੀ। ਬੜਾ ਸੋਹਣਾ ਮਾਂ ਪਿਉ ਵਰਗਾ। ਨਾਂ ਸੀ ਤਾਰਾ ਸਿੰਘ।

ਜੰਞ ਆਈ ਬਾਬਾ ਜੀ ਨੇ ਦੋ ਦਿਨ ਰੱਖੀ। ਕਈ ਜਾਞੀ ਤਰਖਾਣ ਇਕ ਰਾਤ ਕੱਟ ਕੇ ਚਲੇ ਗਏ। ਇਹ ਫੁੱਵੜ ਧਾਰਮਿਕ ਸੀ, ਪਰ ਪੂਰਾ ਇਨਸਾਨੀਅਤ ਦਾ ਮਜਸਮਾ।

ਵਿਆਹ ਤੋਂ ਬਾਅਦ ਸਲਾਹ ਹੋਈ ਕਿ ਠਾਕਰ ਸਿੰਘ, ਭਗਵਾਨ ਸਿੰਘ ਲਈ ਨਵੇਂ ਘਰ ਬਣਾਏ ਜਾਣ। ਬੇਦੀਆਂ ਕੋਲੋਂ ਜ਼ਮੀਨ ਮੁੱਲ ਲਈ ਗਈ। ਉਦੋਂ ਜ਼ਮੀਨ ਸਾਰੀ ਬੇਦੀਆਂ ਦੀ ਹੁੰਦੀ ਸੀ ਅਤੇ ਮਲਬਾ ਵੱਸਣ ਵਾਲਿਆਂ ਦਾ ਜਿਹੜੀ ਜ਼ਮੀਨ ਮੁੱਲ ਲਈ ਜਾਏ ਉਹ ਆਪਣੀ ਹੁੰਦੀ ਸੀ। ਨੀਹਾਂ ਮੁੱਲ ਦਿੱਤੀਆਂ ਇਹਨਾਂ ਦੋ ਭਰਾਵਾਂ ਦਾ ਪਿਆਰ ਵੀ ਆਪੋ ਵਿਚ ਬੜਾ ਸੀ। ਦੋਵੇਂ ਚਲੇ ਗਏ ਸਨ। ਜਿਸ ਬੇਦੀ ਤੋਂ ਥਾਂ ਮੁੱਲ ਲਿਆ ਸੀ ਉਸ ਬਟਾਲੇ ਤਸੀਲ ਵਿਚ ਮੁਕੱਦਮਾ ਕਰ ਦਿਤਾ ਸੀ ਕਿ ਮੇਰੀ ਇਕ ਗਜ਼ ਜ਼ਮੀਨ ਵੱਧ ਪਾ ਲਈ ਹੈ।

ਬਾਬਾ ਜੀ ਨੇ ਕੁੱਕੜ ਦੀ ਬਾਂਗੇ ਰੋਟੀ ਖਾ ਕੇ ਦਿਨ ਜੋਗੀ ਬੰਨ੍ਹ ਕੇ ਤੁਰ ਪੈਣਾ। ਤਸੀਲ ਦੇ ਟਾਈਮ ਉਤੇ ਬਟਾਲੇ ਪਹੁੰਚਣਾ। ਉਥੇ ਇਕ ਕੁੱਬਾ ਵਕੀਲ ਹੁੰਦਾ ਸੀ, ਜਿਹੜਾ ਪਹਿਲਾਂ ਵਕੀਲ ਦਾ ਮੁਨਸ਼ੀ ਸੀ। ਬਾਬਾ ਜੀ ਨੇ ਉਸ ਨੂੰ ਕੀਤਾ ਹੁੰਦਾ ਸੀ। ਹਰ ਪੇਸ਼ੀ ਲਈ ਉਸ ਨੂੰ ਅਠਿਆਨੀ ਦਿੰਦੇ। ਮੁਕੱਦਮਾ ਜਿੱਤਿਆ ਗਿਆ। ਇਕ ਦੋ ਵਾਰੀ ਬੰਦਿਆਂ ਨਾਲ ਲੜਾਈ ਵੀ ਹੋਈ। ਮੁੱਕ ਗਈ।

ਜਦ ਐਤਵਾਰ ਹੋਣਾ ਉਸ ਦਿਨ ਖ਼ਾਸ ਨਹਾਉਣ ਧੋਣ ਦਾ ਕੰਮ ਹੁੰਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਨਿਆਰਿਆਂ ਵਾਲੇ ਕੋਠੇ ਨਾਲ ਪੜਦਾਦੀ ਦਾ ਕੋਠਾ ਦੂਜੀ ਗਲੀ ਦੇ ਬੇਦੀਆਂ ਦਾ ਕੋਠਾ ਸਭਨਾਂ ਦੀ ਛੱਤ ਸਾਂਝੀ ਹੁੰਦੀ ਸੀ। ਕਤਾਰ ਦੀ ਕਤਾਰ ਜੂੰਆਂ ਕੱਢਣ ਕਢਾਉਣ ਵਾਲਿਆਂ ਦੀ ਬੈਠ ਜਾਂਦੀ।

ਮੇਰੀ ਵਾਰੀ ਵੀ ਨਹਾਉਣ ਦੀ ਹੁੰਦੀ। ਮੈਂ ਅੜੀਆਂ ਕਰਦਾ। ਮੈਂ ਅੱਗੇ ਤੇ ਮੇਰੀਆਂ ਤਿੰਨੇ ਭੂਆ ਪਿੱਛੇ-ਪਿੱਛੇ। ਮੈਨੂੰ ਫੜਨਾ ਮੈਂ ਗਾਲ੍ਹਾਂ ਵੀ ਕੱਢਣੀਆਂ, ਪਰ ਉਹਨਾਂ ਸਾਰੀਆਂ ਨੇ ਫੜ ਕੇ ਨਵ੍ਹਾ ਦੇਣਾ, ਸਿਰ ਵੀ ਕਰ ਦੇਣਾ। ਜਦ ਸਿਰ ਕਰਨਾ ਮੇਰੇ ਅੱਗੇ ਇਕ ਪੈਸੇ ਦੀਆਂ ਰੇਓੜੀਆਂ ਰੱਖ ਦੇਣੀਆਂ।

ਮੇਰੀ ਸਭ ਤੋਂ ਛੋਟੀ ਭੂਆ ਸੀ ਪ੍ਰਭੋ, ਜੋ ਮੈਥੋਂ ਡੇੜ ਸਾਲ ਵੱਡੀ ਸੀ। ਉਸ ਦਾ ਮੇਰਾ ਬੜਾ ਪਿਆਰ ਤੇ ਜੁੱਟ ਸੀ। ਨਾ ਮੈਂ ਉਸ ਨੂੰ ਕੁੜੀ ਤੇ ਨਾ ਉਹ ਮੈਨੂੰ ਮੁੰਡਾ ਸਮਝਦੀ। ਇੰਜ ਜਿਵੇਂ ਜੋੜੇ ਭਰਾ ਜਾਂ ਭੈਣਾਂ ਹੋਈਏ। ਸਵੇਰੇ ਜਾਣ ਲਗੇ ਵੱਖ-ਵੱਖ ਸਕੂਲੇ ਜਾਂਦੇ। ਛੁੱਟੀ ਵੇਲੇ ਮੈਂ ਉਸ ਨੂੰ ਸਕੂਲੋਂ ਲੈ ਕੇ ਆਉਂਦਾ। ਹਫ਼ਤੇ ਵਿਚ ਦੋ ਤਿੰਨ ਵਾਰੀ ਸਾਨੂੰ ਮਾਂ ਜੀ ਪੈਸਾ-ਪੈਸਾ ਦੇ ਕੇ ਦਰਬਾਰ ਸਾਹਿਬ ਮੱਥਾ ਟੇਕਣ ਘਲਦੀ। ਸਾਰੀਆਂ ਭੂਆਂ ਪੰਜਾਬੀ ਦੀਆਂ ਪੰਜ-ਪੰਜ ਜਮਾਤਾਂ ਪੜ੍ਹੀਆਂ ਹੋਈਆਂ ਸਨ। ਕੁੜੀਆਂ ਦਾ ਸਕੂਲ ਹੈ ਹੀ ਪੰਜਵੀਂ ਤਕ ਸੀ।

ਅਸੀਂ ਦੋਵੇਂ ਪੈਸੇ ਚੜ੍ਹਾ ਕੇ ਮੱਥਾ ਟੇਕਦੇ ਦੋ-ਦੋ ਤਿੰਨ-ਤਿੰਨ ਨਿੱਕੇ ਪਤਾਸੇ ਮਿਲਣੇ। ਅਸਾਂ ਖਾ ਕੇ ਘਰ ਆ ਜਾਣਾ। ਇਕ ਵਾਰੀ ਦੋਹਾਂ ਨੇ ਸਲਾਹ ਕੀਤੀ ਕਿ ਇਕ ਪੈਸਾ ਵਾਰੀ-ਵਾਰੀ ਚੜ੍ਹਾ ਦਿਆ ਕਰੀਏ ਅਤੇ ਇਕ ਦੇ ਬਾਹਰੋਂ ਹਲਵਾਈ ਕੋਲੋਂ ਪੈਸੇ ਦੇ ਪਤਾਸੇ ਖਾਇਆ ਕਰੀਏ। ਅਸਾਂ ਇੰਜ ਹੀ ਕੀਤਾ, ਖ਼ੂਬ ਰੱਜਵੇਂ ਪਤਾਸੇ ਮਿਲ ਜਾਂਦੇ। ਇਕ ਪੈਸਾ ਦਰਬਾਰ ਸਾਹਿਬ ਇਕ ਦੇ ਪਤਾਸੇ। ਇਹ ਸਾਡੀ ਚਾਲ ਪਤਾ ਨਹੀਂ ਕਦੋਂ ਤਕ ਚਲੀ ਤੇ ਕਦੋਂ ਹਟੀ।

ਬਾਬਾ ਜੀ ਕਦੀ-ਕਦੀ ਰਾਤ ਨੂੰ ਵੱਡਾ ਦੀਵਾ ਜਗਾ ਕੇ ਭਾਈ ਬਾਲੇ ਦੀ ਜਨਮ-ਸਾਖੀ ਪੜ੍ਹਦੇ। ਲਾਲਟੈਨਾਂ ਘਰ ਦੋ ਸਨ, ਪਰ ਜਨਮ-ਸਾਖੀ ਪੜ੍ਹਨ ਲਈ ਉਹ ਸਰ੍ਹੋਂ ਦੇ ਤੇਲ ਦਾ ਦੀਵਾ ਜਗਾਉਂਦੇ। ਜਿਥੋਂ ਸ਼ੁਧ ਨਾ ਪੜ੍ਹਿਆ ਜਾਂਦਾ ਮਾਤਰਾ ਤੇ ਹਰਫ਼ਾਂ ਦਾ ਜੋੜ ਬਣਾ ਲੈਂਦੇ, ਪੜ੍ਹਦੇ ਸ਼ੁਧ। ਮੈਂ ਉਹਨਾਂ ਦੇ ਇਸ ਪਾਠ ਤੋਂ ਹੀ ਭਾਈ ਲਾਲੋ ਤੇ ਮਲਕ ਭਾਗੋ ਦੀ ਸਾਖੀ ਸੁਣੀ ਸੀ। ਕੁਝ ਇੰਜ ਸੁਣੀ ਸੀ, "ਜਦੋਂ ਨਾਨਕ ਤਪ ਜੀ ਅੰਦਰ ਗਏ ਤਾਂ ਅੱਗੇ ਭਾਈ ਲਾਲੋ ਪਿਆ ਕਿੱਲੇ ਘੜਦਾ ਸੀ।" ਮੱਕੇ ਵਾਲੀ ਅਤੇ ਦੋਦੇ ਜੱਟ ਵਾਲੀ ਵੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਰ ਵੀ ਜਿੰਨੀਆਂ ਸੀ। ਕੋਡੇ ਰਾਕਸ਼ ਦੀ ਕਥਾ ਦਾ ਮੈਨੂੰ ਬੜਾ ਸਵਾਦ ਆਉਂਦਾ ਸੀ।

ਮੇਰੇ ਦੂਜੀ ਵਿਚ ਪੜ੍ਹਦਿਆਂ ਬਾਬਾ ਜੀ ਤੇ ਮਾਂ ਜੀ ਰੋਜ਼ਾਨਾ ਪਿੰਡ ਚੰਦੂ ਨੰਗਲ ਵਾਲੇ ਟਾਲੀ ਸਾਹਿਬ ਜਾਣ ਲਗ ਪਏ ਸਨ। ਉਹ ਬਾਬੇ ਸ੍ਰੀ ਚੰਦ ਜੋਤਾਂ ਵਾਲੇ ਦਾ ਮੰਦਰ ਸੀ। ਸੰਗਮਰਮਰ ਦੀ ਮੂਰਤੀ ਸਥਾਪਤ ਸੀ। ਮਾਂ ਜੀ ਸਵੇਰੇ ਉਥੇ ਲੰਗਰ ਪਕਾ ਕੇ ਸੰਤਾਂ ਤੇ ਹੋਰ ਆਇਆਂ ਸਿੰਘਾਂ ਨੂੰ ਛਕਾ ਕੇ ਆਉਂਦੇ। ਬਾਬਾ ਜੀ ਲੌਢੇ ਵੇਲੇ ਜਾਂਦੇ ਸੁੱਖੇ ਵਾਲੀ ਸਰਦਾਈ ਛਕਦੇ ਅਤੇ ਹਨੇਰੇ ਪਏ ਆਉਂਦੇ। ਉਹ ਸੰਤ ਮਸਾਂ ਮੇਰੇ ਭਾਈਏ ਦੇ ਬਰਾਬਰ ਸੀ। ਬੜਾ ਮਿੱਠਾ ਤੇ ਮਿਹਨਤੀ। ਸੱਜੇ ਹੱਥ ਦੀਆਂ ਉਂਗਲਾਂ ਤਲੀ ਵਲ ਨੂੰ ਕਰਕੇ ਅੰਗੂਠਾ ਖਲਿਆਰ ਕੇ ਬੜੀ ਵਡਿਤਣ ਨਾਲ ਗੱਲ ਕਰਦਾ। ਮੰਦਰ ਦੀ ਮਾਲਕੀ ਚੰਗਾ ਵੱਡਾ ਬਾਗ਼ ਸੀ ਅੰਬਾਂ ਦਾ। ਵਿਚ ਸੰਤਰੇ ਖੱਟੇ ਮਿੱਠੇ ਅਮਰੂਦ ਸਹਿਤੂਤ ਕੁਝ ਮਾਤਰਾ ਵਿਚ ਲਗੇ ਹੋਏ ਸਨ। ਵਾਹੀ ਜੋਗੀ ਯੋਗ ਜ਼ਮੀਨ ਸੀ, ਬਲਦ ਸਨ, ਮੱਝਾਂ ਗਾਈਆਂ ਹਨ। ਲੰਗਰ ਦੋ ਵੇਲੇ ਚਲਦਾ। ਨਾਨਕ ਸ਼ਾਹੀ ਇੱਟਾਂ ਦੇ ਫ਼ਰਸ਼ ਵਿਚ ਵੱਡਾ ਭਾਰਾ ਡੰਡਾਂ। ਉਥੇ ਚੜ੍ਹਾਵਾ ਸ਼ਰਦਾਈ ਦਾ ਚੜ੍ਹਦਾ ਸੀ। ਕੋਈ ਵੀ ਆ ਕੇ ਵੇਲੇ ਕੁਵੇਲੇ ਸ਼ਰਦਾਈ ਵਾਲੀ ਬਦਾਮਾਂ ਵਾਲੀ ਭੰਗ ਘੋਟ ਕੇ ਪੀ ਸਕਦਾ ਸੀ। ਮੱਥਾ ਟੇਕਣ ਵਾਲਿਆਂ ਨੂੰ ਕਦੇ ਪ੍ਰਸ਼ਾਦ ਵਜੋਂ ਇਕ ਚੁਲੀ ਮਿਲ ਜਾਂਦੀ ਸੀ। ਨਹੀਂ ਤੇ ਦੇਸੀ ਘਿਉ ਦੇ ਚੂਰਮੇ ਦਾ ਪ੍ਰਸ਼ਾਦ ਮਿਲਦਾ। ਜ਼ਮੀਨ ਵਿਚ ਵਾਹੀ ਸੰਤ ਆਪ ਕਰਦੇ। ਜੇ ਕੋਈ ਜ਼ਨਾਨੀ ਜਾਂ ਜ਼ਨਾਨੀਆਂ ਮੱਥਾ ਟੇਕਣ ਆ ਜਾਂਦੀਆਂ ਉਹਨਾਂ ਨੂੰ ਗਾਲ੍ਹਾਂ ਕੱਢਦੇ—ਮਾਈਂ ਜਾਇਓ ਜਾਉ ਨੱਠ ਜਾਉ ਖਸਮਾਂ ਦੀ ਸੇਵਾ ਕਰੋ, ਘਰ ਸਾਂਭੋ, ਇਥੋਂ ਕੀ ਲੈਣਾ ਜੇ। ਡਰਦੀ ਕੋਈ ਜ਼ਨਾਨੀ ਨਹੀਂ ਸੀ ਜਾਂਦੀ। ਉਹ ਸੰਤ ਮੇਰੀ ਦਾਦੀ ਨੂੰ ਮਾਂ ਤੇ ਮੇਰੇ ਬਾਬੇ ਨੂੰ ਬਾਪੂ ਕਹਿੰਦਾ ਸੀ। ਬਾਬਾ ਜੀ ਉਸ ਨੂੰ ਚੌਥਾ ਪੁੱਤ ਕਹਿੰਦੇ।

ਗਰਮੀਆਂ ਵਿਚ ਜਦ ਬਾਗ਼ਾਂ ਦੀਆਂ ਕੱਚੀਆਂ ਅੰਬੀਆਂ ਖਾ ਖਾ ਕੇ ਮੇਰੀਆਂ ਅੱਖਾਂ ਆ ਜਾਣੀਆਂ ਤਦ ਪਹਿਲਾ ਕੰਮ ਤੇ ਇਹ ਹੁੰਦਾ ਕਿ ਮੈਨੂੰ ਦਰਬਾਰ ਸਾਹਿਬ ਦੇ ਚਰਨ ਧੋਣ ਵਾਲੇ ਚਬੱਚੇ ਵਿਚਲੇ ਪਾਣੀ ਨਾਲ ਅੱਖਾਂ ਉਤੇ ਛਿੱਟੇ ਮਾਰਨ ਲਈ ਕਿਹਾ ਜਾਂਦਾ। ਮੈਂ ਇੰਜ ਹੀ ਕਰਦਾ। ਫਿਰ ਜਿਸ ਵੇਲੇ ਸੂਰਜ ਡੁਬ ਰਿਹਾ ਹੁੰਦਾ ਤਾਂ ਇਕ ਪੈਰ ਦਲੀਜ਼ ਦੇ ਬਾਹਰ ਅਤੇ ਇਕ ਅੰਦਰ ਕਰਕੇ ਵੀਹ ਪੰਜੀ ਦਾਣੇ ਕਾਲੀਆਂ ਮਿਰਚਾਂ ਦੇ ਚੱਬ ਕੇ ਨਿੱਕੀ ਕੌਲੀ ਘਰ ਦੇ ਘਿਉ ਦੀ ਪਿਆਈ ਜਾਂਦੀ। ਰਾਤ ਨੂੰ ਸਾਫ਼ ਮਿੱਟੀ ਭਿਉਂ ਕੇ ਉਸ ਦੀਆਂ ਟਿੱਕੀਆਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਾ ਕੇ ਬੰਨ੍ਹ ਦਿਤੀਆਂ ਜਾਂਦੀਆਂ। ਗਲੀ ਦਿਆਂ ਹੋਰਨਾਂ ਮੁੰਡਿਆਂ ਦੀਆਂ ਅੱਖਾਂ ਵਿਚ ਖੋਤੀ ਜਾਂ ਸੂਈ ਕੁੱਤੀ ਦਾ ਦੁੱਧ ਪਾਉਂਦੇ। ਅੱਖਾਂ ਠੀਕ ਹੋ ਹੀ ਜਾਂਦੀਆਂ ਸਨ।

ਸਾਡੇ ਸਕੂਲ ਜਦ ਛੁੱਟੀ ਹੋਈ ਗਰਮੀਆਂ ਨੂੰ ਤਾਂ ਮੁੰਡਿਆਂ ਨੇ ਜਿਹੜੇ ਤੀਜੀ ਚੌਥੀ ਦੇ ਵੱਡੇ-ਵੱਡੇ ਹੁੰਦੇ, ਉਹ ਸਾਰੇ ਸ਼ਹਿਰੋਂ ਬਟਾਲੇ ਵਾਲੀ ਸੜਕ ਨਾਲ ਇਕ ਬਹੁਤ ਵੱਡਾ ਛੱਪੜ ਸੀ, ਸੜਕ ਦਾ ਪੁਲ ਵੀ ਸੀ, ਜਿਸ ਵਿਚੋਂ ਦੀ ਵੱਡੇ ਛੱਪੜ ਦਾ ਪਾਣੀ ਸੜਕ ਦੇ ਦੂਜੇ ਪਾਸੇ ਚਲਿਆ ਜਾਂਦਾ। ਉਸ ਪੁਲ ਉਤੇ ਪੱਟੀਆਂ ਬਸਤੇ ਰਖ ਕੇ ਉਹਨਾਂ ਮੁੰਡਿਆਂ ਨੇ ਛਾਲਾਂ ਮਾਰਨੀਆਂ। ਮੈਨੂੰ ਜ਼ੋਰ ਨਾਲ ਡਾਂਟ ਕੇ ਪੁਲ ਉਤੇ ਬਹਿਣ ਲਈ ਕਹਿ ਦੇਣਾ। ਉਹਨਾਂ ਨਾਲ ਮੈਂ ਬਦੋ-ਬਦੀ ਆ ਜਾਂਦਾ ਸਾਂ, ਮੇਰਾ ਜੀ ਲੋਚਦਾ ਰਹਿੰਦਾ।

ਇਕ ਸ਼ਨੀਵਾਰ ਮੁੰਡੇ ਅੱਧੀ ਛੁੱਟੀ ਵੇਲੇ ਘਰਾਂ ਨੂੰ ਚਲੇ ਗਏ। ਮੈਂ ਚੁੱਪ ਕਰਕੇ ਵੱਡੇ ਛੱਪੜ ਉਤੇ ਚਲਿਆ ਗਿਆ। ਪੱਟੀ ਬਸਤਾ ਪੁਲ ਦੇ ਬੰਨੇ ਉਤੇ ਰਖਿਆ। ਕਪੜੇ ਲਾਹੇ ਤੇ ਛਾਲ ਮਾਰ ਦਿਤੀ।

ਮੇਰੇ ਪੈਰ ਨਾ ਲਗੇ, ਜਾਨ ਘਾਬਰਨ ਲਗੀ। ਬਾਹਵਾਂ ਲੱਤਾਂ ਮਾਰੀਆਂ ਇਕ ਦੋ ਗੋਤੇ ਆਏ। ਰੱਬੋਂ ਮੇਰੇ ਪੈਰ ਪੁਲ ਦੀ ਨੀਂਹ ਦੀਆਂ ਇੱਟਾਂ ਉਤੇ ਪੈ ਗਏ। ਮੈਂ ਹੰਭਲਾ ਮਾਰ ਕੇ ਹਵਿਆ ਡਰਿਆ ਹੋਇਆ ਬਾਹਰ ਨਿਕਲ ਆਇਆ। ਕਪੜੇ ਪਾਏ ਪਰਲੇ ਪਾਸੇ ਅੰਬਾਂ ਦੇ ਬਾਗ਼ ਵਿਚੋਂ ਦੀ ਟਾਹਲੀ ਸਾਹਿਬ ਨੂੰ ਦੇਖਿਆ। ਡਰ ਸੀ ਕਿਤੇ ਮਾਂ ਨਾ ਦੇਖ ਲਏ। ਕਿਸੇ ਨੂੰ ਘਰ ਆ ਕੇ ਕੁਝ ਨਾ ਦੱਸਿਆ, ਰੋਟੀ ਖਾ ਕੇ ਸੌਂ ਗਿਆ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਉਲਟ ਪੁਲਟ

ਮੇਰੇ ਤੀਜੀ ਜਮਾਤ ਵਿਚ ਚੜ੍ਹਨ ਤਕ ਘਰ, ਪਰਿਵਾਰ ਅਤੇ ਕਾਰੋਬਾਰ ਵਿਚ ਬਹੁਤ ਉਲਟ ਪੁਲਟ ਹੋ ਗਿਆ ਸੀ। ਮੇਰੀ ਹੋਸ਼ ਜਾਗਰਤ ਸੀ, ਪਰ ਸਮਝ ਤੇ ਅਹਿਸਾਸ ਘੱਟ ਅਤੇ ਬੇਪ੍ਰਵਾਹੀ ਜ਼ਿਆਦਾ ਸੀ। ਨਤੀਜੇ ਤਾਂ ਮੈਨੂੰ ਸੋਚਣੇ ਆਉਂਦੇ ਨਹੀਂ ਸਨ।

ਲਾਹੌਰ ਜਿਸ ਤਰ੍ਹਾਂ ਭਾਬੀ ਨੇ ਦਸਿਆ ਸੀ ਉਹ ਇੰਜ ਸੀ, "ਭਾਈਏ ਤੇਰੇ ਨੇ ਆਪਣੇ ਭਾਈਵਾਲ ਨਾਨਕ ਚੰਦ ਨਾਲ ਮਿਲ ਕੇ ਸੱਟਾ ਖੇਡਿਆ ਸੀ।" ਭਾਬੀ ਰੋਂਦੀ ਤੇ ਕਹਿੰਦੀ, "ਮੈਂ ਉਸ ਦਿਨ ਨੂੰ ਝੁਰਦੀ ਹਾਂ ਜਦ ਵੀਹ ਹਜ਼ਾਰ ਰੁਪਿਆ ਕਢ ਕੇ ਦਿਤਾ ਸੀ। ਔਂਤਰੀਆਂ ਕਿੰਨੀਆਂ-ਕਿੰਨੀਆਂ ਭਾਰੀਆਂ ਥੈਲੀਆਂ ਸਨ। ਸੱਟਾ ਹਾਰ ਗਏ, ਨਾਨਕ ਚੰਦ ਦਾ ਕੁਝ ਰੁਪਿਆ ਬਚ ਗਿਆ; ਪਰ ਭਾਈਏ ਦਾ ਸਾਰਾ ਹਾਰ ਗਿਆ।

ਮੈਂ ਸੋਚਦਾ ਕਿ ਇਕ ਗਿਲਾਸ ਸੀ ਪਾਣੀ ਦਾ, ਇਕ ਘੜਾ ਸੀ ਪਾਣੀ ਦਾ ਦੋਵੇਂ ਰੁੜ ਗਏ ਘੜੇ ਵਿਚ ਕੁਝ ਪਾਣੀ ਬਚ ਗਿਆ ਅਤੇ ਗਿਲਾਸ ਦਾ ਸਾਰਾ ਖ਼ਤਮ ਹੋ ਗਿਆ। ਇਸ ਦੇ ਪਿਛੋਂ ਭਾਈਆ ਜੀ ਰਹਿੰਦਾ ਕਾਰੋਬਾਰ ਠੱਪ ਕਰ ਕੇ ਬਚਿਆ ਖੁਚਿਆ ਲੈ ਕੇ ਘਰ ਆ ਗਏ। ਚਾਚਾ ਗਿਆਨ ਸਿੰਘ ਲਾਹੌਰ ਜਾ ਚੁਕਾ ਸੀ ਅਤੇ ਉਥੇ ਉਜਰਤ ਉਤੇ ਕੰਮ ਲੈ ਕੇ ਕਰਨ ਲਗ ਪਿਆ ਸੀ।

ਮੇਰਾ ਵੱਡਾ ਚਾਚਾ ਭਗਵਾਨ ਸਿੰਘ ਵੀ ਨੌਕਰੀਉਂ ਬਰੀ ਹੋ ਗਿਆ ਉਹ ਵੀ ਡੇਰੇ ਆ ਗਿਆ ਸੀ। ਦੋ ਭਰਾ ਅਸੀਂ ਸਾਂ। ਇਕ ਮੁੰਡਾ ਤੇ ਇਕ ਕੁੜੀ ਸਵਰਨੋਂ ਵੱਡੇ ਚਾਚੇ ਦੇ ਸਨ। ਨੀਹਾਂ ਭਰੀਆਂ ਹੋਈਆਂ ਸਨ। ਉਤੇ ਉਸਾਰੀ ਹੋ ਗਈ ਪਿਛਲੇ ਪਾਸੇ ਦੋ ਕੋਠੜੀਆਂ ਅਗੇ ਦੋ ਰਸੋਈਆਂ। ਵਿਚਕਾਰੋਂ ਬੇਰੀ ਵੱਢ ਦਿਤੀ ਗਈ। ਬਾਹਰਲਾ ਬੂਹਾ ਸ਼ਾਨਦਾਰ ਬਣਾਇਆ, ਚੰਗੀ ਚੌਗਾਠ ਘੜਵੀਆਂ ਇੱਟਾਂ ਦੀ ਉਸਾਰੀ, ਵਧੀਆ ਡਾਟ ਤੇ ਚੰਗੀ ਕਾਰਨਸ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਨਿਆਰਿਆਂ ਦੇ ਪਾਸੇ ਵਾਲੀ ਕੰਧ ਕੱਚੀ ਸੀ। ਦੋਵੇਂ ਭਰਾ ਉਥੇ ਰਹਿਣ ਲਗ ਪਏ।

ਬਾਬਾ ਜੀ ਅਤੇ ਦਾਦੀ ਜੀ ਟਾਲੀ ਸਾਹਿਬ ਜਾਂਦੇ-ਜਾਂਦੇ ਉਥੋਂ ਜੋਗੇ ਹੀ ਹੋ ਗਏ। ਦੁਕਾਨਾਂ ਬੰਦ ਮੰਡੀ ਖ਼ਤਮ। ਬਾਬਾ ਜੀ ਸਿਰ ਤੇ ਲੰਮੀ ਗਿਲਤੀ, ਤੇੜ ਵੱਡਾ ਕਛਹਿਰਾ, ਦੇਸੀ ਜੁੱਤੀ ਅਤੇ ਟਾਲੀ ਸਾਹਿਬ ਦੇ ਸੰਤਾਂ ਵਾਂਗ ਹੱਥ ਬਣਾ ਕੇ ਗੱਲਾਂ ਕਰਦੇ। ਟਾਲੀ ਸਾਹਿਬ ਜੋ ਬਾਹਰੋਂ ਸੰਤ ਆਉਂਦੇ ਉਹਨਾਂ ਨੂੰ ਬਾਬਾ ਜੀ ਚੂਰਮਾ ਬਣਾ ਕੇ ਖਵਾਉਂਦੇ ਮੱਝ ਇਕ ਜ਼ਰੂਰ ਰਖੀ ਹੋਈ ਸੀ। ਟਿਕਾਣਾ ਪੱਕਾ ਮਹੀਂ ਵਾਲਾ ਘਰ ਕਰ ਲਿਆ। ਪੱਕੇ ਘਰ ਕਦੇ-ਕਦੇ ਆਉਂਦੇ। ਪੱਕੇ ਘਰ ਗਲੀ ਵਿਚ ਜਾਂ ਬੇਦੀਆਂ ਦਾ ਮਹੱਲ ਸੀ। ਇਕ ਖੱਤਰੀਆਂ ਦਾ ਘਰ ਪੱਕਾ ਬਾਕੀ ਸਾਡੇ ਘਰ ਪੱਕੇ ਸਨ। ਬੇਦੀਆਂ ਦੇ ਘਰ ਬੜੀ ਬੰਦਸ਼ ਸੀ। ਔਰਤ ਤੇ ਨੂੰਹਾਂ ਬਾਹਰ ਦਾ ਮੂੰਹ ਨਹੀਂ ਵੇਖ ਸਕਦੀਆਂ। ਧੀਆਂ ਫਿਰਦੀਆਂ ਤੁਰਦੀਆਂ ਸਨ। ਗਲੀ ਵਲ ਬਾਹਰੀਆਂ ਜਦੋਂ ਲੋੜ ਪਵੇ ਤਾਂ ਛਿੱਕਾ ਸੁਟ ਕੇ ਛਾਬੜੀ ਵਾਲੇ ਕੋਲੋਂ ਚੀਜ਼ਾਂ ਲੈਂਦੀਆਂ ਸਨ। ਇਸ ਤਰ੍ਹਾਂ ਭਾਬੀ ਵੀ ਲਾਹੌਰ ਕਰਦੀ ਹੁੰਦੀ ਸੀ।

ਮੇਰੀ ਤੀਜੀ ਭੂਆ ਦੇ ਵਿਆਹ ਦੀ ਗੱਲ ਚਲੀ। ਮੇਰੇ ਬਾਬਾ ਜੀ ਜਿਸ ਮੁੰਡੇ ਤੇ ਜਿਸ ਘਰ ਵਿਚ ਭੂਆ ਵੀਰੋ ਦਾ ਰਿਸ਼ਤਾ ਕਰਨਾ ਚਾਹੁੰਦੇ ਸਨ, ਮੇਰਾ ਭਾਈਆ ਤੇ ਵੱਡਾ ਉਥੇ ਨਹੀਂ ਸਨ ਚਾਹੁੰਦੇ। ਦੋਵੇਂ ਆਪਣੇ-ਆਪਣੇ ਥਾਂ ਅੜੇ ਹੋਏ ਖਿਚੋ ਤਾਣ ਇਤਨੀ ਵਧ ਗਈ ਕਿ ਲੋਕਾਂ ਨੇ ਪਿਉ-ਪੁੱਤਾਂ ਨੂੰ ਖਲੋ ਕੇ ਲੜਦਿਆਂ ਵੇਖਣਾ। ਆਖਰ ਫ਼ੈਸਲਾ ਇਹ ਮੁਕਾ ਕਿ ਭਾਈਆ ਇਸ ਭੈਣ ਦਾ ਵਿਆਹ ਕਰੇਗਾ। ਹੋਰ ਜਿਸ ਦੀ ਮਰਜ਼ੀ ਹੈ ਕੁਝ ਦੇਵੇ ਨਾ ਦੇਵੇ।

ਭਾਈਏ ਨੇ ਵਿਆਹ ਮਰਜ਼ੀ ਨਾਲ ਕੀਤਾ। ਹੋਰਨਾਂ ਵੀ ਕੁਝ ਪੈਸੇ ਲਾਏ। ਉਸ ਫੁੱਫੜ ਦਾ ਨਾਂ ਜਗਤ ਸਿੰਘ ਸੀ। ਸੋਹਣਾ ਜਵਾਨ, ਹੱਸ-ਮੁੱਖਾ ਤੇ ਦਲੇਰ। ਕਰਕੇ ਨਿਭਾਉਣ ਵਾਲਾ, ਕੀਤੀ ਨੂੰ ਜਾਣਨ ਵਾਲਾ, ਹੱਥਾਂ ਦਾ ਇਤਨਾ ਸੁੱਚਾ ਕਿ ਕੰਮ ਕਰਦਿਆਂ ਜਾਪਦਾ ਹਰ ਚੀਜ਼ ਉਸ ਦੇ ਹੱਥਾਂ ਨੇ ਨਹੀਂ ਬਣਾਈ, ਸੱਪ ਦੇ ਮੂੰਹੋਂ ਨਿਕਲੀ ਹੈ।

ਭੂਆ ਵੀਰੋ ਨਾਲ ਮੁਕਲਾਵੇ ਵੇਲੇ ਵੀ ਮੈਂ ਗਿਆ। ਭੂਆ ਭਤੀਜਾ ਘੋੜੇ ਉਤੇ ਸਾਂ ਫੁਫੜ ਪੈਦਲ। ਆਉਣ ਲਗੇ ਮੈਂ ਤੇ ਭੂਆ ਹੀ ਆਏ। ਘੋੜਾ ਡੇਰਿਉਂ ਲੈਣ ਗਿਆ ਸੀ ਸਾਨੂੰ।

ਉਥੇ ਮੈਂ ਪਹਿਲੀ ਵਾਰੀ ਪਿੰਡ ਦਾ ਛੱਪੜ ਦੇਖਿਆ ਸੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਛੱਪੜ ਵਿਚ ਮੇਰਾ ਫੁਫੜ ਤੇ ਉਸ ਦਾ ਵੱਡਾ ਭਰਾ ਅਰਜਨ ਸਿੰਘ ਆਪਣੀ ਇਕ ਪੈਲੀ ਨੂੰ ਦਿਨੇ ਝੋਟਿਆਂ ਨਾਲ ਪਾਣੀ ਝੋਟਦੇ ਸਨ। ਮੈਂ ਖਲੋ ਕੇ ਵਿਹੰਦਾ ਰਹਿੰਦਾ ਸਾਂ, ਕਿਸੇ ਤਰ੍ਹਾਂ ਹਲਾਂ ਨਾਲ ਪਾਣੀ ਘੋਲੂ ਵਿਚ ਪੈਂਦਾ ਜਾਂਦਾ। ਫੁੱਫੜ ਦਾ ਭਤੀਜਾ ਮੇਰੇ ਹਾਣ ਦਾ ਸੀ। ਉਸ ਨੇ ਮੈਨੂੰ ਬੜਾ ਪਿਆਰ ਦਿਤਾ। ਉਸ ਦਾ ਨਾਂ ਚਰਨ ਸੀ। ਜਦ ਮੈਂ ਭੂਆ ਨੂੰ ਲੈ ਕੇ ਆਉਣ ਲਗਾ ਤਾਂ ਮੈਂ ਰੋ ਪਿਆ ਸਾਂ ਚਰਨ ਨਾਲ ਵਿਛੜਨ ਦਾ ਮੈਨੂੰ ਦਰਦ ਸੀ ਜਿਸ ਨੂੰ ਬਿਆਨ ਨਹੀਂ ਸਾਂ ਕਰ ਸਕਦਾ।

ਘਰ ਵਿਚ ਉਹ ਇਸ ਤਰ੍ਹਾਂ ਮੰਜੀਆਂ ਡਾਉਂਦੇ ਸਨ ਮਸਾਂ ਹੀ ਫਸ ਫਸ ਕੇ ਆਉਂਦੀਆਂ। ਭੂਆ ਦੀ ਮੰਜੀ ਕਣਕ ਦੇ ਭੜੋਲੇ ਵਾਲੇ ਅੰਦਰ ਸੀ, ਸਾਡੇ ਦਿਤੇ ਪਲੰਘ ਉਤੇ। ਮੈਂ ਫੁਫੜ ਨਾਲ ਗਾਉਂਦਾ, ਸੌਂਦਾ ਤਾਂ ਫੁਫੜ ਨਾਲ ਜਾਗਦਾ ਤਾਂ ਫੁਫੜ ਨਾਲ। ਘਰ ਵਿਚ ਬੜਾ ਸੰਕੋਚ ਸੀ। ਜਾਪਦਾ ਮੈਥੋਂ ਉਹ ਘਰ ਵਿਚ ਚੋਰੀ ਗੱਲਾਂ ਕਰਦੇ ਸਨ ਆਪਣੀਆਂ।

ਬਾਬਾ ਜੀ ਨਾਲ ਮੇਰਾ ਮੋਹ ਬਰਾਬਰ ਸੀ। ਮੈਂ ਟਾਹਲੀ ਸਾਹਿਬ ਵੀ ਜਾਂਦਾ। ਹਰ ਸਮੇਂ ਦਾ ਫਲ ਮੈਨੂੰ ਦਿੰਦੇ। ਪ੍ਰਸਾਦ ਚੰਗਾ ਚੋਖਾ ਮਿਲਦਾ। ਟਾਲੀ ਸਾਹਿਬ ਸਾਡੇ ਸਾਰੇ ਮਲਾਵਾ ਸਿੰਘ ਪ੍ਰਵਾਰ ਦਾ ਆਉਣਾ ਜਾਣਾ ਸ਼ੁਰੂ ਹੋ ਗਿਆ। ਸਾਡੇ ਘਰ ਦੀਆਂ ਧੀਆਂ ਉਥੇ ਜਾ ਸਕਦੀਆਂ ਤੇ ਨੂੰਹਾਂ ਵੀ। ਹਰ ਇਕ ਦੀ ਸੁਖਣਾ ਉਥੇ ਹੀ ਸੁਖੀ ਜਾਂਦੀ। ਟਾਲੀ ਸਾਹਿਬ ਦੇ ਸੰਤ ਵੀ ਸਾਡੇ ਘਰ ਦੇ ਹੀ ਜਾਪਣ ਲਗੇ। ਘਰ ਦੇ ਸਾਰੇ ਝਗੜੇ ਉਹਨਾਂ ਕੋਲ ਜਾ ਕੇ ਨਿਬੜਦੇ। ਇੰਜ ਹੋ ਗਿਆ ਸੀ ਜਿਵੇਂ ਬਾਬਾ ਜੀ ਟਾਲੀ ਸਾਹਿਬ ਦੇ ਸੰਤ ਹੋਣ ਅਤੇ ਸੰਤ ਉਹਨਾਂ ਦੇ ਚੇਲੇ। ਲੰਗਰ ਦਾ ਸਾਰਾ ਇੰਤਜ਼ਾਮ ਮਾਂ ਦੇ ਹੱਥ ਵਿਚ ਸੀ। ਸੁੱਖੇ ਦੀ ਚਰਨਾਮਤ ਭਾਈਆ ਜੀ ਅਤੇ ਵੱਡੇ ਚਾਚਾ ਜੀ ਵੀ ਜਾਂਦੇ ਤਾਂ ਛਕ ਆਉਂਦੇ। ਚਾਚੀ ਚਾਚੇ ਦੇ ਗਲ ਅਤੇ ਭਾਬੀ ਭਾਈਏ ਦੇ ਗਲ ਪੈਂਦੀ। ਕਈ ਗੱਲਾਂ ਕਰਦੀਆਂ। ਭਾਬੀ ਨੇ ਇਕ ਵਾਰੀ ਆਖਿਆ – ਇਹ ਖਸਮਾਂ ਖਾਣਾ ਸੁੱਖਾ ਪੀ ਆਉਂਦੇ ਹੋ ਜੇ ਲਗ ਗਿਆ ਤਾਂ ਜਣਦਿਆਂ ਨੂੰ ਰੋਵੋਗੇ।

ਇਸ ਸ਼ਕਲ ਵਿਚ ਬਾਬਾ ਜੀ ਬੜੀਆਂ ਗੱਲਾਂ ਕਰਦੇ। ਰੱਜ ਕੇ ਸੁੱਖੇ ਦੀ ਸ਼ਰਦਾਈ ਛਕਦੇ। ਇੰਜ ਆਪਣੇ ਆਪ ਨੂੰ ਸਮਝਦੇ ਅਤੇ ਹੱਥ ਉੱਚਾ ਕਰਕੇ ਬੋਲਦੇ, "ਜੀਕਰ ਇਹੋ ਹੀ ਇਸ ਯੁੱਗ ਦੇ ਅਵਤਾਰ ਬਣਨ ਵਾਲੇ ਹੋਣ।" ਦਾਦੀ ਜੀ ਚੁੱਪ ਰਹਿੰਦੇ ਜੇ ਬੋਲਦੇ ਤਾਂ ਬਾਬਾ ਜੀ ਵਾਂਗ ਬੋਲਦੇ। ਘਰ ਵਿਚ ਵਿਚਰ ਵੀ ਲੈਂਦੇ ਦੋ ਛਾਬੇ ਬਰਾਬਰ ਰਖਦੇ ਰੂਹਾਨੀ ਵੀ ਸਮਾਜੀ ਵੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਬਾਬਾ ਜੀ ਜਦ ਸੁੱਖੇ ਵਿਚ ਮਸਤ ਹੁੰਦੇ ਤਾਂ ਆਪਣੇ ਰਾਜਪੂਤ ਹੋਣ ਦਾ ਐਲਾਨ ਕਰਦੇ ।

ਜੋ ਸਾਡੇ ਵਿਆਹਾਂ ਸ਼ਾਦੀਆਂ ਜਾਂ ਮੋਇਆਂ ਦੇ ਭੋਗ ਸਮੇਂ ਆਉਂਦਾ । ਉਹ ਇਕ ਮਰਾਸੀ ਸੀ ਸਾਡੇ ਕੁਝ ਦਾ । ਜਦ ਆਉਂਦਾ ਸਾਡੇ ਕੁੱਲ ਦੀ ਕਲਿਆਣ ਕਰਦਾ-ਕਰਦਾ ਘਰ ਅੰਦਰ ਦਾਖ਼ਲ ਹੁੰਦਾ । ਔਰਤਾਂ ਦੀ ਨਜ਼ਰ ਪੈਂਦੀ । ਜੇ ਘਰ ਦੀ ਨੂੰਹ ਹੁੰਦੀ ਉਹ ਉਸ ਨੂੰ ਮੱਥਾ ਟੇਕ ਕੇ ਪੀੜੀ ਡਾਹ ਦਿੰਦੀ । ਉਹ ਕਲਿਆਣ ਕਰਦਾ-ਕਰਦਾ ਜੁੱਤੀ ਲਾਹ ਕੇ ਪੀੜੀ ਉਤੇ ਚੌਂਕੜੀ ਮਾਰ ਕੇ ਬਹਿ ਜਾਂਦਾ । ਮੱਥੇ ਵਾਲੀਆਂ ਰੁਪਿਆ ਰੱਖ ਕੇ ਮੱਥਾ ਟੇਕਦੀਆਂ । ਧੀਆਂ ਭੈਣਾਂ ਹੱਥ ਜੋੜ ਕੇ ਨਿਉਂਦੀਆਂ ਉਹ ਪਿਆਰ ਦਿੰਦਾ । ਸਾਡੀ ਜਸਵਾਲੀਆਂ ਦੀ ਕੁਝ-ਕੁਝ ਉਹ ਪਹਾੜੀ ਰਾਜੇ ਜਸਵਾਲ ਨਾਲ ਜਾ ਜੋੜਦਾ ਘਰ ਵਾਲੇ ਖ਼ੁਸ਼ ਹੁੰਦੇ । ਮੁੰਡਿਆਂ ਜੰਞੇ ਨਾਲ ਜਾਂਦਾ । ਜਦ ਜਸਵਾਲੀਆਂ ਦੀ ਜੰਞ ਰੋਟੀ ਖਾਣ ਲਗਦੀ ਤਾਂ ਉਹ ਉੱਚੇ ਬੈਠ ਕੇ ਕਲਿਆਣ ਕਰਦਾ । ਸਾਰੇ ਜਸਵਾਲ ਸਾਡੀ ਇਸ ਗਲੀ ਵਿਚ ਹੀ ਸਨ ਜਾਂ ਸਾਡੇ ਲਾਗੇ ਪਿੰਡ ਮਸਹਾਲੇ ਤੇ ਸਮਰਾਂ ਵੀ ।

ਬਾਬਾ ਜੀ ਨੂੰ ਇਕ ਦਿਨ ਐਸਾ ਲੋਰ ਆਇਆ ਕਿ ਬਟਾਲੇ ਜਾ ਕੇ ਪਤਾ ਨਹੀਂ ਕਿਸ ਉਤੇ ਮੁਕੱਦਮਾ ਕਰ ਦਿਤਾ ਕਿ ਸਮਰਾਂ ਸਾਰਾ ਪਿੰਡ ਸਾਡਾ ਹੈ ਉਹ ਸਾਨੂੰ ਦਿਤਾ ਜਾਏ । ਤਰੀਕੇ ਭਾਈਆ ਤੇ ਵੱਡਾ ਚਾਚਾ ਵੀ ਗਏ । ਬਾਬਾ ਜੀ ਨੂੰ ਫੜ ਕੇ ਯੱਕੇ ਉਤੇ ਬਿਠਾ ਕੇ ਘਰ ਲਿਆਏ । ਪਤਾ ਮੁਨਸਫ ਨੇ ਕੀ ਆਖਿਆ । ਗੱਲ ਡੇਰੇ ਵਿਚ ਹਾਸੋਹੀਣੀ ਹੋ ਗਈ ।

ਇਕ ਵਾਰੀ ਉਹਨਾਂ ਨੂੰ ਫਿਰ ਸੁੱਖੇ ਦਾ ਰੰਗ ਚੜ੍ਹਿਆ । ਵੱਡੇ ਦਰਬਾਰ ਸਾਹਿਬ ਜਾ ਵੜੇ ਉਥੋਂ ਦੇ ਮਹੰਤ ਨੂੰ ਧੂਹ ਕੇ ਗੱਦੀਉਂ ਲਾਹ ਦਿਤਾ । ਹੱਥ ਉੱਚਾ ਕਰਕੇ ਆਖਿਆ, "ਇਹ ਗੱਦੀ ਮੇਰੀ ਹੈ, ਮੈਂ ਉਦਾਸੀ ਮਹੰਤ ਹਾਂ । ਬਾਬੇ ਸ੍ਰੀ ਚੰਦ ਨੇ ਹੁਕਮ ਕੀਤਾ ਹੈ । ਮਹੰਤਾ ਜਸਵਾਲੀਆ ਮਲਾਵਾ ਸਿੰਘਾ ਜਾ ਗੱਦੀ ਸਾਂਭ ।

ਤਮਾਸ਼ਾ ਲਗ ਗਿਆ ਪੁਲਿਸ ਆਈ, ਬਾਬਾ ਜੀ ਨੂੰ ਫੜ ਕੇ ਠਾਣੇ ਲੈ ਗਈ । ਦੂਜੇ ਦਿਨ ਸਿਪਾਹੀ ਬਟਾਲੇ ਲੈ ਗਏ । ਭਾਈਆ ਤੇ ਚਾਚਾ ਨਾਲ ਗਿਆ । ਜਮਾਨਤ ਦੇ ਕੇ ਲੈ ਆਏ ।

ਉਹ ਫਿਰ ਵੀ ਐਲਾਨ ਕਰਦੇ ਰਹਿੰਦੇ ਸਨ, ਓਦੋਂ ਸੜਕ ਬਟਾਲੇ ਤੋਂ ਕਿਲੇ ਤਕ ਪੱਕੀ ਬਣ ਚੁਕੀ ਸੀ । ਬਟਾਲੇ ਤੋਂ ਕੋਟਲੀ ਸੂਰਤ ਮੱਲੀ ਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਬੂਕਾਟ ਜਾਂਦੇ ਅਤੇ ਡੇਰਿਉਂ ਵੀ ਜਾਣ ਲਗ ਪਏ ਸਨ । ਯੱਕੇ ਮੁੱਕੇ ਬੰਬੂਕਾਟ ਹੋ ਗਏ । ਤਾਂਗੇ ਓਦੋਂ ਨਹੀਂ ਸਨ ਬਣੇ । ਮੈਂ ਆਪਣੇ ਮਾਂ ਪਿਓ ਨਾਲ ਰਹਿਣ ਲਗ ਪਿਆ । ਮੇਰੀ ਭਾਬੀ ਕਦੇ-ਕਦੇ ਮੈਨੂੰ ਦਾਦੀ ਬਾਬੇ ਵਲ ਜਾਣੋਂ ਰੋਕਦੀ, ਪਰ ਮੈਨੂੰ ਉਥੋਂ ਪਿਆਰ ਮਿਲਦਾ, ਮੈਂ ਜ਼ਰੂਰ ਜਦੋਂ ਚਾਹੁੰਦਾ ਜਾਂਦਾ । ਮਹੀਂ ਵਾਲੇ ਘਰ ਜਾ ਕੇ ਬਾਬਾ ਜੀ ਮੱਝ ਚੋ ਰਹੇ ਹੁੰਦੇ ਤਾਂ ਧਾਰਾਂ ਵੀ ਲੈਂਦਾ । ਮੇਰੇ ਭਾਈਆ ਤੇ ਚਾਚਾ ਆਪਣੇ ਮਾਪਿਆਂ ਤੇ ਭੈਣਾਂ ਦੀ ਇੱਜ਼ਤ ਕਰਦੇ ਅਤੇ ਉਹਨਾਂ ਨਾਲ ਪਿਆਰ ਰੱਖਦੇ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੌਤ ਦੀ ਫੇਰੀ

ਭਾਈਆ ਜੀ ਨੇ ਜਿਲੇ ਦੇ ਡਿਸਟਕ ਬੋਰਡ ਤੋਂ ਜਿਲੇ ਵਿਚ ਦਸ ਖੂਹ ਲਾਉਣ ਦਾ ਠੇਕਾ ਲੈ ਲਿਆ। ਸਾਈਕਲ ਕੋਲ ਸੀ। ਤੁਰੇ ਫਿਰਦੇ ਰਹਿੰਦੇ। ਚਾਚਾ ਗਿਆਨ ਸਿੰਘ ਵੀ ਆਪਣੀਆਂ ਦੁਕਾਨਾਂ ਉਤੇ ਕੰਮ ਕਰਨ ਲਗ ਪਿਆ। ਕੁਝ ਤੇ ਭਾਬੀ ਦਾ ਗਹਿਣਾ ਵੇਚ ਦਿਤਾ। ਬਾਕੀ ਕਰਜ਼ਾ ਦਰਬਾਰ ਵਾਲੀ ਗਲੀ ਦੇ ਬੇਦੀਆਂ ਕੋਲੋਂ ਬਿਆਜ ਤੇ ਲੈ ਲਿਆ। ਟੋਬੇ ਲੱਭੇ, ਕਾਰੀਗਰ ਲਾਏ ਅਤੇ ਕੰਮ ਸ਼ੁਰੂ ਕੀਤਾ। ਖੂਹ ਸਾਰੇ ਬਟਾਲੇ ਵਿਚ ਸਨ। ਦੂਜੇ ਦਿਨ ਉਹ ਘਰ ਆ ਜਾਂਦੇ। ਬਾਹਰਲੀ ਬੈਠਕ ਲੰਮੀ ਸੀ। ਉਥੇ ਸਾਰੇ ਸੌਂਦੇ ਜਾਂ ਆਪਣੀ ਕੋਠੜੀ ਵਿਚ ਰਾਤ ਨੂੰ ਜਦ ਆਉਂਦੇ ਰੋਟੀ ਟੁਕ ਖਾ ਕੇ ਗੌਣ ਲਗੇ। ਲਾਲਟੈਨ ਦੀ ਲੋਅ ਵਿਚ ਉੱਚੀ-ਉੱਚੀ ਬਿਰਜ ਭਾਸ਼ਾ ਵਿਚ ਹਨੂਮਾਨ ਨਾਟਕ ਪੜ੍ਹਦੇ। ਵਿਆਖਿਆ ਕਰਕੇ ਭਾਬੀ ਜੀ ਨੂੰ ਸਮਝਾਉਂਦੇ। ਮੈਂ ਚੁਪ ਕਰਕੇ ਆਪਣੀ ਮੰਜੀ ਉਤੇ ਲੰਮਾ ਪਿਆ ਸੁਣਦਾ ਰਹਿੰਦਾ ਬੜੇ ਗਹੁ ਨਾਲ। ਜਦ ਸੀਤਾ ਦਾ ਹਰਨ ਹੁੰਦਾ ਸਿਰੀ ਰਾਮ ਚੰਦਰ ਜੀ ਰੁਦਨ ਕਰਦੇ। ਭਾਈਆ ਜੀ ਇਸ ਤਰ੍ਹਾਂ ਵੇਖਿਆ ਕਰਦੇ ਕਿ ਮੈਂ ਰਜਾਈ ਵਿਚ ਮੂੰਹ ਲੁਕਾ ਕੇ ਖੂਬ ਰੋਂਦਾ, ਪਰ ਆਵਾਜ਼ ਨਾ ਕੱਢਦਾ। ਮੈਂ ਉਹ ਸਾਰਾ ਹਨੂਮਾਨ ਨਾਟਕ ਸ਼ੁਰੂ ਤੋਂ ਲੈ ਕੇ ਸਾਰਾ ਸੁਣਿਆ। ਹੁਣ ਤਕ ਮੈਨੂੰ ਸਾਰਾ ਯਾਦ ਹੈ ਜਦ ਸਿਰੀ ਰਾਮ ਚੰਦਰ ਜੀ ਚੂਰੀ ਦਾ ਛੰਨਾਂ ਧਰਤੀ ਉਤੇ ਰਖ ਕੇ ਰਾਵਣ ਦੇ ਸਿਰ ਵਿਚਕਾਰੋਂ ਖੋਤੇ ਨੂੰ ਸੱਦਦੇ ਹਨ। ਮੇਰਾ ਖਿਆਲ ਹੈ ਜਿਹੜੀ ਸਾਡੀ ਲੋਕ ਕਹਾਵਤ ਹੈ ਕਿ ਮਤਲਬ ਲਈ ਖੋਤੇ ਨੂੰ ਪਿਉ ਬਣਾ ਲੈਣਾ ਚਾਹੀਦਾ ਹੈ, ਇਥੋਂ ਹੀ ਚਲੀ ਹੋਵੇਗੀ।

ਕਦੀ ਬੈਠਕ ਵਿਚ ਕੰਮ ਕਰਨ ਵਾਲੇ ਸੌਂਦੇ। ਅਸੀਂ ਮੰਜੀਆਂ ਉੱਤੇ ਇਕ ਉੱਚਾ ਮੰਜਾ ਡਾਹ ਕੇ ਕੋਠੜੀ ਵਿਚ ਸੌਂਦੇ।

ਮੇਰੇ ਮਾਂ ਪਿਉ ਸਾਡਾ ਦੋ ਭਰਾਵਾਂ ਦਾ ਕੋਈ ਖ਼ਿਆਲ ਨਾ ਕਰਦੇ ਅਤੇ ਕੱਠੇ ਹੋ ਜਾਂਦੇ। ਗੱਲਾਂ ਕਈ ਢੇਕਚਾਲੀਆਂ ਵਰਗੀਆਂ ਕਰਦੇ। ਮੇਰੇ ਅੰਦਰਲੇ ਹਿਰਦੇ ਵਿਚ ਉਹਨਾਂ ਵਲ ਨਫ਼ਰਤ ਵਧ ਜਾਂਦੀ। ਮੈਂ ਆਪਣੀ ਮਾਂ ਦਾ ਬਣਨਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਣਨਾ ਨਾ ਸਹਾਰ ਸਕਦਾ। ਮੈਂ ਏਦਾਂ ਕਿਉਂ ਕਰਦਾ। ਮੈਨੂੰ ਸਮਝ ਨਹੀਂ ਸੀ।

ਕਦੇ-ਕਦੇ ਇਕ ਮੁਸਲਮਾਨ ਸਤਾਰ ਵਾਲਾ ਆਉਂਦਾ। ਉਹ ਸਾਨੂੰ ਦੋ ਭਰਾਵਾਂ ਨੂੰ ਸਤਾਰ ਸੁਣਾਉਂਦਾ। ਸਤਾਰ ਤੋਂ ਗੱਲਾਂ ਕਰਾਉਂਦਾ। ਜਿਸ ਤਰ੍ਹਾਂ ਮੂੰਹੋਂ ਕਹਿੰਦਾ, "ਪੁੱਤ ਮਾਝਿਆ ਘਰ ਨੂੰ ਆ", ਸਤਾਰ ਵੀ ਕਹਿੰਦੀ, "ਪੁੱਤ ਮਾਝਿਆ ਘਰ ਨੂੰ ਆ।" ਅਸੀਂ ਬੜੇ ਹੈਰਾਨ ਹੁੰਦੇ। ਉਹ ਮੁਸਲਮਾਨ ਮਨੁੱਖ ਸਤਾਰ ਵਾਲਾ ਮੈਨੂੰ ਹਮੇਸ਼ਾਂ ਯਾਦ ਰਿਹਾ ਹੈ। ਬਹੁਤ ਪਿਆਰਾ ਸਾਡੇ ਨਾਲ ਵੀ ਬਹੁਤ ਪਿਆਰ ਕਰਦਾ।

ਇਹਨਾਂ ਦਿਨਾਂ ਵਿਚ ਹੋਲੀ ਆਈ। ਸਾਰੇ ਹਿੰਦੂ, ਸਿੱਖ ਅਤੇ ਮੁਸਲਮਾਨ ਹੋਲੀ ਖੇਡਦੇ। ਦੋ ਚਾਰ ਟੋਲੇ ਸਾਰੇ ਸ਼ਹਿਰ ਵਿਚ ਫਿਰਦੇ ਘਰਾਂ ਤੋਂ ਜਾ ਕੇ ਯਾਰਾਂ ਤੇ ਵਾਕਫ਼ਾਂ ਨੂੰ ਕੱਢਦੇ ਤੇ ਹੋਲੀ ਉਹਨਾਂ ਉਤੇ ਡੋਲ ਦਿੰਦੇ। ਸਾਰੇ ਸ਼ਹਿਰ ਵਿਚ ਇਕ ਅਜੀਬ ਰੰਗ ਬੱਝ ਜਾਂਦਾ। ਭਾਈਆ ਜੀ ਤੇ ਚਾਚਾ ਗਿਆਨ ਤੇ ਮੈਂ ਉਹਨਾਂ ਦੇ ਨਾਲ। ਸਾਡੀ ਗਲੀ ਦੇ ਭਾਈਆ ਜੀ ਦੇ ਖਾਸ ਯਾਰ ਸਨ ਫੌਜਾ ਤੇ ਜਾਨ ਮੁਹੰਮਦ। ਮੈਂ ਹੋਰਨਾਂ ਵਾਂਗ ਉਹਨਾਂ ਨੂੰ ਵੀ ਚਾਚਾ ਆਂਦਾ। ਸਾਰੇ ਸ਼ਹਿਰ ਵਿਚ ਮੈਨੂੰ ਹਰ ਕਿਸੇ ਨੂੰ ਚਾਚਾ ਤਾਇਆ ਬਾਬਾ ਕਹਿਣਾ ਪੈਂਦਾ ਸੀ। ਦਾਦੀ ਨੂੰ ਮਾਂ ਅਤੇ ਬਾਲਮੀਕਣ ਤੇ ਮਹਿਰੀ ਨੂੰ ਵੀ ਮਾਂ। ਹੋਰਨਾਂ ਦਾਦੀ ਦੀਆਂ ਸਾਰੀਆਂ ਹਾਨਣਾ ਨੂੰ ਵੀ ਮਾਂ। ਵਿਸਾਖੀ ਨੂੰ ਸ਼ਹਿਰ ਦੇ ਨੇੜੇ-ਨੇੜੇ ਦਿਆਂ ਪਿੰਡਾਂ ਵਿਚ ਪੰਦਰਾਂ ਵੀਹ ਦਿਨ ਪਹਿਲੋਂ ਢੋਲ ਵੱਜਣ ਲਗ ਪੈਂਦੇ। ਰਾਤ-ਰਾਤ ਭਰ ਭੰਗੜੇ ਪੈਂਦੇ। ਵਿਸਾਖੀ ਵਾਲੇ ਦਿਨ ਸਾਰੇ ਲੋਕ ਰਾਵੀਉਂ ਪਾਰ ਜਾਂਦੇ। ਕਰਤਾਰਪੁਰ ਜਿਥੇ ਗੁਰੂ ਨਾਨਕ ਜੀ ਜੋਤੀ ਜੋਤ ਸਮਾਏ ਸਨ। ਡੇਰੇ ਦਾ ਕਰਤਾਰਪੁਰ ਨੂੰ ਜਾਂਦਾ ਰਾਹ ਰੰਗੀਨ ਬਣਿਆ ਹੁੰਦਾ। ਫੁੱਲਾਂ ਵਾਂਗ ਖਿੜਦੇ ਲੋਕ ਆਉਂਦੇ ਜਾਂਦੇ। ਕਿਤੇ ਬੇੜੀ ਪੈਂਦੀ ਕਿਤੋਂ ਗਾਹਣ ਵਿਚੋਂ ਲੰਘਦੇ।

ਦੂਜੇ ਦਿਨ ਵਿਸਾਖੀ ਡੇਰੇ ਬਾਬੇ ਨਾਨਕੇ ਮਨਾਈ ਜਾਂਦੀ। ਸਾਰਾ ਸ਼ਹਿਰ ਘੁੰਗਰੂਆਂ ਨਾਲ ਛਣਕ ਪੈਂਦਾ। ਜਨਾਨੀਆਂ, ਬੱਚੇ, ਕੁੜੀਆਂ ਕੋਠਿਆਂ ਉਤੇ ਚੜ੍ਹ ਕੇ ਭੰਗੜਾ ਵੇਖਦੇ। ਜਲੇਬੀਆਂ ਹਰ ਘਰ ਵਿਚ ਆਉਂਦੀਆਂ। ਵੰਨ-ਸੁਵੰਨੀਆਂ ਬੋਲੀਆਂ ਤੇ ਟੱਪੇ ਸੁਣਨ ਨੂੰ ਮਿਲਦੇ। ਲੜਾਈ ਵੀ ਇਕ ਅੱਧੀ ਜ਼ਰੂਰ ਹੁੰਦੀ। ਸਰਕਾਰੀ ਹਸਪਤਾਲ ਵਿਚ ਰੌਣਕ ਲਗਦੀ।

ਇਸੇ ਤਰ੍ਹਾਂ ਹੀ ਮਾਰਚ ਦੀ ਚਾਰ, ਪੰਜ ਅਤੇ ਛੇ ਤਾਰੀਖ ਨੂੰ ਚੋਲੇ ਸਾਹਿਬ ਦਾ ਮੇਲਾ ਲਗਦਾ। ਗੁਰੂ ਨਾਨਕ ਦੇ ਚੋਲੇ ਦਾ ਦਰਸ਼ਨ ਕਰਾਇਆ ਜਾਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਦੀਆਂ ਵਲ ਮੇਲਾ ਲਗ ਜਾਂਦਾ। ਸਿੱਖੀ ਸੇਵਕੀ ਬੜੀ ਢੁਕਦੀ। ਭਾਈਆ ਜੀ ਤੇ ਚਾਚਾ ਜੀ ਵੀ ਮੇਲੇ ਵਿਚ ਫਿਰ ਕੇ ਆਪਣੇ ਰਿਸ਼ਤੇਦਾਰਾਂ ਤੇ ਜਾਣੂਆਂ ਨੂੰ ਲਭ ਲਿਆਉਂਦੇ ਅਤੇ ਰਾਤ ਰੱਖਦੇ। ਕਈ ਧਾਰਮਿਕ ਦੀਵਾਨ ਲਗਦੇ। ਬੜੀਆਂ ਦੁਕਾਨਾਂ ਲਗਦੀਆਂ। ਦੇਸੀ ਘਿਓ ਹੀ ਉਦੋਂ ਚਲਦਾ ਸੀ। ਪਹਿਲੇ ਦਿਨ ਸੰਗਤ ਮਾਲਵੇ ਰਿਆੜਕੀ ਮਾਝੇ ਵਲੋਂ ਆਉਂਦੀ। ਲੋਕ ਕਹਿੰਦੇ, "ਗੁਰੂਆਂ ਦਿਆ ਸਿੱਖਾ ਕੌਡੀ ਬੀਜ ਉਏ" ਸੰਗਤ ਕੌਡੀ ਸੁੱਟਦੀ ਲੋਕ ਕੌਡੀਆਂ ਲੁੱਟਦੇ, ਬੋਚਦੇ ਤੇ ਫੜਦੇ।

ਮੈਨੂੰ ਗੁੱਡੀਆਂ ਉਡਾਉਣ ਦਾ ਸ਼ੌਕ ਸੀ। ਭਾਈਆ ਜੀ ਸਖ਼ਤ ਖ਼ਿਲਾਫ਼ ਸਨ। ਲਾਹੌਰ ਮੈਥੋਂ ਨਿੱਕਾ ਗੁੱਡੀਆਂ ਦੇਖਦਾ ਕੋਠੇ ਤੋਂ ਡਿੱਗ ਪਿਆ ਸੀ। ਗੁੱਡੀ ਭਾਈਆ ਜੀ ਚੜ੍ਹਾ ਰਹੇ ਸਨ। ਉਹ ਆਪਣੇ ਸਮੇਂ ਦੇ ਉੱਘੇ ਗੁੱਡੀ-ਬਾਜ਼ ਸਨ।

ਇਕ ਦਿਨ ਮੈਂ ਗੁੱਡੀ ਚੜ੍ਹਾ ਰਿਹਾ ਸਾਂ ਉਹ ਆ ਗਏ। ਦਬਕਾ ਮਾਰਿਆ ਮੈਂ ਸਹਿਮ ਗਿਆ। ਗਲੀ ਵਿਚ ਪੰਡਤਾਂ ਦਾ ਮੁੰਡਾ ਗਿਆਨ ਨਚਦਾ ਜਾ ਰਿਹਾ ਸੀ। ਉਹ ਬੜਾ ਔਂਤਰਾ ਸੀ। ਲੜਨ ਘੁਲਣ ਨੂੰ ਤਕੜਾ ਗੁੱਡੀਆਂ ਵੀ ਉਡਾਉਂਦਾ। ਭਾਈਏ ਨੇ ਆਖਿਆ—ਵੇਖ ਗਿਆਨ ਵਲ ਕਿੱਦਾਂ ਘਰ ਜਾ ਰਿਹਾ ਹੈ ਪੜ੍ਹਨ ਲਈ। ਤੂੰ ਕੋਠੇ ਉਤੇ ਗੁੱਡੀਆਂ ਚਾੜ੍ਹ ਰਿਹਾ ਹੈਂ।...ਥੱਲਿਉਂ ਭਾਬੀ ਨੇ ਵੀ ਹਾਮੀ ਭਰੀ। ਮੈਂ ਚੁੱਪ ਕਰ ਰਿਹਾ। ਮੇਰੇ ਅੰਦਰੋਂ ਇੰਜ ਕੋਈ ਕੁਸਕਿਆ, "ਰੀਸ ਕਰ ਤੋ ਪੂਰੀ ਨਹੀਂ ਤੋ ਰੀਸ ਨਾ ਕਰ।" ਸਮਝਦਾ ਹਾਂ ਇਹ ਮੇਰੀ ਪਹਿਲੀ ਕਵਿਤਾ ਸੀ।

ਸਕੂਲ ਵਿਚ ਅਸੀਂ ਤਿੰਨ ਚਾਰ ਮੁੰਡੇ ਨਾਲਾਇਕ ਸਾਂ। ਇਕ ਨਾਲ ਦੀ ਗਲੀ ਵਿਚ ਮੇਰਾ ਜਮਾਤੀ ਸੀ ਪੰਡਤਾਂ ਦਾ ਮੁੰਡਾ ਦੇਵ ਕਿਸ਼ਨ। ਉਹ ਬੜਾ ਲਾਇਕ ਤੇ ਸਾਥੋਂ ਭਲਾਮਾਣਸ। ਉਸ ਨਾਲ ਮੇਰੀ ਮਿੱਤਰਤਾ ਸੀ। ਉਸ ਨੂੰ ਪਿਛਲਿਆਂ ਦਿਨਾਂ ਵਿਚ ਅੱਤਵਾਦੀਆਂ ਨੇ ਸੈਰ ਕਰਕੇ ਆਏ ਨੂੰ ਸ਼ਹੀਦ ਕਰ ਦਿਤਾ ਸੀ, ਹੁਣ ਤਕ ਉਹ ਮੇਰਾ ਮਿੱਤਰ ਰਿਹਾ ਹੈ।

ਭਾਬੀ ਮੇਰੀ ਦਾਦੀ ਨਾਲ ਖ਼ੂਬ ਲੜਦੀ। ਇਹ ਲੜਾਈ ਦੋ-ਦੋ ਦਿਨ ਵੀ ਚਲਦੀ। ਮੈਂ ਇਹਨਾਂ ਦਿਨਾਂ ਵਿਚ ਜਦ ਦਾਦੀ ਬਾਬੇ ਵਲ ਜਾਂਦਾ ਭਾਬੀ ਮੈਨੂੰ ਲਕੜ ਦੀ ਪੌੜੀ ਜਿਹੜੀ ਕੋਠੇ ਉਤੋਂ ਚੜ੍ਹਣ ਲਈ ਲਾਈ ਹੁੰਦੀ ਸੀ ਉਸ ਨਾਲ ਬੰਨ੍ਹ ਕੇ ਮਾਰਦੀ।

ਕੱਚੀਆਂ ਸੜਕਾਂ ਰਾਵੀਉਂ ਪਾਰ ਵੀ ਜਾਣਾ ਪੈਂਦਾ ਸੀ। ਬਟਾਲੇ ਵਲ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੀ ਜਾਣਾ । ਇਕ ਥਾਂ ਤੋਂ ਦੂਜੀ ਥਾਂ ਬੰਦੇ ਵੀ ਪਹੁੰਚਾਣਾ । ਇਹ ਸਭ ਕੁਝ ਦੇ ਕਾਰਨ ਤਗੜਾ ਘਾਟਾ ਕੰਮ ਵਿਚ ਪੈ ਗਿਆ । ਬੇਦੀਆਂ ਦਾ ਕਰਜ਼ਾ ਸਿਰ ਚੜ੍ਹ ਗਿਆ । ਚਾਚਾ ਗਿਆਨ ਸਿੰਘ ਕਦੀ ਲਾਹੌਰ ਤੇ ਕਦੀ ਡੇਰੇ ਬਾਬੇ ਨਾਨਕ ਹੁੰਦਾ । ਭਾਈਆ ਕਿਸੇ ਨਾਲ ਸਲਾਹ ਕਰਕੇ ਬੰਬਈ ਚਲਿਆ ਗਿਆ । ਲਾਗਲੇ ਪਿੰਡ ਦਾ ਇਕ ਤਰਖਾਣਾ ਦਾ ਮੁੰਡਾ ਸ਼ਾਗਿਰਦ ਕਰਕੇ ਨਾਲ ਲੈ ਗਿਆ । ਜਦ ਭਾਈਆ ਗਿਆ ਅਸੀਂ ਸਾਰੇ ਉਦਾਸ ਹੋ ਗਏ । ਮੈਂ ਦੂਜੇ ਦਿਨ, "ਭਾਈਆ ਗੱਡੀ ਵਿਚ ਜਾਂਦਾ ਹੋਣਾ ਏਂ ।" ਕਹਿ ਕੇ ਰੋ ਪਿਆ । ਉਥੇ ਪਹੁੰਚ ਕੇ ਉਸ ਨੇ ਰੁਪਏ ਛੇਤੀ ਘਲਣੇ ਸ਼ੁਰੂ ਕਰ ਦਿਤੇ । ਕੁਝ ਘਰ ਵਰਤਣੇ ਬਾਕੀ ਬੇਦੀਆਂ ਦਾ ਕਰਜ਼ਾ ਲਹਾਉਣਾ । ਇਸ ਵਕਫ਼ੇ ਵਿਚ ਸਾਡੇ ਘਰ ਮੇਰੀ ਭੈਣ ਆਈ । ਬੜੀ ਪਿਆਰੀ ਤੇ ਸੁਹਣੀ ਗੁਡੀ ਜਹੀ ।

ਮੈਂ ਚੌਥੀ ਜਮਾਤ ਵਿਚ ਹੋ ਗਿਆ । ਮੈਥੋਂ ਨਿੱਕੇ ਰਾਏ ਸਿੰਘ ਨੂੰ ਪਹਿਲੀ ਵਿਚ ਪੜ੍ਹਨੇ ਪਾ ਦਿਤਾ । ਮੈਨੂੰ ਮਾਰ ਪੈਣੀ ਘਟ ਗਈ । ਭੈਣ ਨੂੰ ਵੀ ਖਿਡਾਉਣਾ ਪੈਂਦਾ । ਚਾਚੀ ਚਾਚੇ ਗਿਆਨ ਸਿੰਘ ਦੇ ਘਰੋਂ ਡੇਰੇ ਹੀ ਰਹਿੰਦੀ । ਲਾਹੌਰ ਚਾਚੇ ਨਾਲ ਨਹੀਂ ਸੀ ਜਾਂਦੀ ।

ਦੁਸਹਿਰਾ ਆ ਗਿਆ । ਚਾਚਾ ਤੇ ਮੈਂ ਡੇਰੇ ਤੋਂ ਸੱਤ ਮੀਲ ਧਿਆਨਪੁਰ ਮਹੰਤਾਂ ਦਾ ਹੈ ਉਥੋਂ ਦਾ ਦੁਸਹਿਰਾ ਮਸ਼ਹੂਰ ਸੀ, ਵੇਖਣ ਚਲੇ ਗਏ । ਜਦ ਤਰਕਾਲਾਂ ਨੂੰ ਵਾਪਸ ਮੁੜੇ ਤਾਂ ਡੇਰਿਉਂ ਬਾਹਰ ਸਾਨੂੰ ਦੋ ਬੰਦੇ ਮਿਲੇ । ਚਾਚੇ ਨੂੰ ਆਖਣ ਲਗੇ—ਗਿਆਨ ਸਿੰਘ, ਠਾਕਰ ਸਿੰਘ ਬੰਬਈ ਤੋਂ ਗਿਆ ਹੈ । ਬਟਾਲੇ ਤੋਂ ਘੋੜੇ ਤੇ ਬਹਿ ਕੇ ਆਇਆ ਹੈ । ਮਰੋੜ ਲਗੇ ਹੋਏ ਨੇ ਬੜਾ ਬੀਮਾਰ ਹੈ ।

ਅਸੀਂ ਦੋਵੇਂ ਘਰ ਪਹੁੰਚੇ । ਹਕੀਮ ਆਇਆ ਹੋਇਆ ਸੀ । ਸ਼ਾਗਿਰਦ ਸੇਵਾ ਕਰ ਰਿਹਾ ਸੀ । ਸਾਰੇ ਘਰ ਵਿਚ ਹਿਲ-ਜੁਲ ਸੀ । ਬਾਬਾ, ਦਾਦੀ ਤੇ ਭੂਆ ਵੀ ਵੇਖਣ ਆਈਆਂ ਹੋਈਆਂ ਸਨ । ਕੁਝ ਦਿਨਾਂ ਬਾਅਦ ਸ਼ਾਗਿਰਦ ਚਲਾ ਗਿਆ । ਭਾਈਆ ਜੀ ਦੀ ਬੀਮਾਰੀ ਠੀਕ ਨਹੀਂ ਸੀ ਹੋ ਰਹੀ । ਮੈਨੂੰ ਕਈ ਵਾਰੀ ਰਾਤ ਸੋਢੇ ਦੀਆਂ ਬੋਤਲਾਂ ਲਿਆਉਣੀਆਂ ਪੈਂਦੀਆਂ । ਕਿਸੇ ਨੂੰ ਸੱਦਣ ਜਾਣਾ ਪੈਂਦਾ । ਡਰ ਲਗਦਾ ਹਨੇਰੇ ਵਿਚੋਂ । ਉੱਚੀ-ਉੱਚੀ ਕੁਝ ਗਾਉਂਦਾ, ਸ਼ਬਦ ਪੜ੍ਹਦਾ, ਪੁਸਤਕ ਦੀ ਕੋਈ ਨਜ਼ਮ ਪੜ੍ਹਦਾ ਜਾਂ ਸਤਿਨਾਮ ਵਾਹਿਗੁਰੂ ਬੋਲਦਾ । ਉਹਨਾਂ ਦੀ ਬਹੁਤ ਸੇਵਾ ਕੀਤੀ । ਕੁਝ ਖ਼ੁਸ਼ੀ ਨਾਲ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਜਬੂਰ ਹੋ ਕੇ। ਭਾਬੀ ਕਿਸੇ-ਕਿਸੇ ਵੇਲੇ ਘਰ ਦੀ ਹਾਲਤ ਤੋਂ ਸੜੀ ਭੁਜੀ ਰਹਿੰਦੀ।

ਇਕ ਦਿਨ ਭਾਬੀ ਨਹਾਤੀ ਧੋਤੀ, ਚੌਂਕੇ ਫੁਲ ਗੁੰਦਾਇਆ, ਦਾਤਣ ਕੀਤੀ, ਸੁਰਮਾ ਪਾਇਆ ਪਤਾ ਨਹੀਂ ਕੀ ਹੋਇਆ ਮੈਂ ਰੋਣ ਲਗ ਪਿਆ। ਉਸ ਨੇ ਮੇਰੇ ਮੂੰਹ ਉਤੇ ਦੋ ਚਪੇੜਾਂ ਮਾਰੀਆਂ ਕਹਿਣ ਲਗੀ—ਮੈਨੂੰ ਵੇਖ ਕੇ ਸੜ ਭੁਜ ਗਿਆ ਏਂ, ਟੁਟ ਪੈਣਾ, ਗਰਕ ਜਾਣਾ, ਮੌਤ ਈ ਪੈ ਗਈ ਸੂ।...ਮੈਂ ਚਪੇੜਾਂ ਖਾ ਕੇ ਚੁਪ ਕਰ ਗਿਆ। ਭੂਆ ਸੰਤੋ ਨੇ ਮੈਨੂੰ ਜੱਫੀ ਵਿਚ ਲੈ ਕੇ ਪਿਆਰ ਕੀਤਾ। ਭਾਬੀ ਨੂੰ ਆਖਿਆ– ਜਾ ਪਰੇ ਹੋ ਐਵੇਂ ਮੁੰਡੇ ਨੂੰ ਮਾਰਿਆ ਸੂ। ਉਹਨੂੰ ਅਜੇ ਕੀ ਪਤਾ ਹੈ।

ਇਸ ਦੌਰਾਨ ਮੇਰੀ ਸਭ ਤੋਂ ਨਿੱਕੀ ਭੂਆ ਪ੍ਰਭੋ ਦਾ ਵਿਆਹ ਹੋਇਆ। ਅੰਮ੍ਰਿਤਸਰੋਂ ਤਗੜੇ ਰਾਮਗੜੀਆਂ ਦੇ ਘਰ। ਦੋ ਦਿਨ ਦੋ ਰਾਤਾਂ ਜੰਞ ਰਹੀ। ਲਾਵਾਂ ਵੇਲੇ ਭਾਈਏ ਨਾਲ ਅਸੀਂ ਦੋਏਂ ਭਰਾ ਕਪੜੇ ਪਾ ਕੇ ਤੁਰੇ ਤਾਂ ਭਾਈਏ ਨੇ ਆਖਿਆ—ਠਹਿਰ ਜਾਉ ਪੁਤਰੋ, ਮੇਰੇ ਨਾਲ ਚਲੋ ਮੈਂ ਤੁਹਾਨੂੰ ਵੇਖ ਕੇ ਖ਼ੁਸ਼ ਹੋਣਾ ਹੈ ਹੋਰ ਕਿਸੇ ਨੇ ਨਹੀਂ।...ਅਸੀਂ ਉਸ ਦੇ ਨਾਲ ਹੋ ਗਏ। ਜੰਞ ਚਲੀ ਗਈ।

ਛੇ ਮਹੀਨੇ ਮਰੋੜਾਂ ਦੀ ਬੀਮਾਰੀ ਨਾਲ ਭਾਈਆ ਜੀ ਸਵਗਰਵਾਸ ਹੋ ਗਏ। ਘਰ ਵਿਚ ਕੁਰਲਾਹਟ ਪੈ ਗਿਆ। ਮੈਂ ਦਿਲੋਂ ਖ਼ੁਸ਼ ਸਾਂ ਮੇਰੇ ਸਿਰੋਂ ਬਲਾ ਟਲੀ। ਬਾਬਾ ਜੀ ਦਾਦੀ ਜੀ ਕਹਿਣ—ਇਹ ਮਰਿਆ ਨਹੀਂ ਸਰੀਰ ਲੁਸ ਲੁਸ ਕਰਦਾ ਹੈ। ਟਾਲੀ ਸਾਹਿਬ ਵਾਲੇ ਸੰਤ ਆਉਣਗੇ ਇਸ ਨੂੰ ਜਵਾ ਲੈਣਗੇ। ਹੁਣੇ ਨੌਂ ਬਰ ਨੌਂ ਹੋ ਜਾਏਗਾ।...ਇਕ ਦਿਨ ਇਕ ਰਾਤ ਗਲੀ ਵਿਚ ਮੇਲਾ ਲਗਾ ਰਿਹਾ। ਚਾਚੇ ਮੇਰੇ ਦੋਵੇਂ ਹਾਜ਼ਰ ਸਨ। ਕੀ ਹੋਣਾ ਸੀ, ਗਏ ਵੀ ਕਦੀ ਆਉਂਦੇ ਹਨ। ਸਸਕਾਰ ਹੋ ਗਿਆ। ਆਖ਼ਰੀ ਪਾਠ ਦਾ ਭੋਗ ਪੈ ਗਿਆ। ਰਿਸ਼ਤੇਦਾਰਾਂ ਨਾਨਕਿਆਂ ਇਕ ਬੂਰੇ ਦਾ ਗਹਿਣਾ ਪਾਇਆ। ਸਾਡੀ ਜ਼ਿੰਦਗੀ ਦਾ ਕੋਈ ਭਵਿੱਖਤ ਨਾ ਰਿਹਾ। ਬਾਬਾ ਜੀ ਆਏ ਕਹਿਣ ਲਗੇ—ਤੁਸੀਂ ਕੋਈ ਫ਼ਿਕਰ ਨਾ ਕਰੋ ਮੈਂ ਮੁੜ ਕੇ ਦੁਕਾਨ ਖੋਲ੍ਹਾਂਗਾ ਮੰਡੀ ਚਲਾਵਾਂਗਾ। ਮੈਂ ਅਜੇ ਬੁਢਾ ਨਹੀਂ ਹੋਇਆ। ਕੋਈ ਗੱਲ ਨਹੀਂ ਭਾਣਾ ਵਰਤਣਾ ਸੀ ਵਰਤ ਗਿਆ।...ਮੈਨੂੰ ਫੜ ਕੇ ਚੁੰਮਿਆਂ। ਉਹਨਾਂ ਉਸ ਦਿਨ ਗਿਲਤੀ ਲਾਹ ਕੇ ਕਮੀਜ਼ ਪਜਾਮਾ ਪਾਇਆ ਹੋਇਆ ਸੀ। ਮੁੜਨ ਲਗੇ ਤਾਂ ਮੇਰੀ ਦਾਦੀ ਜੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਕਹਿਣ ਲਗੇ –ਲਛਮੀਏ ! ਜਵਾਨ ਵੱਡਾ ਪੁਤਰ ਮਰ ਗਿਆ ਹੈ ਸਾਡੇ ਜੀਉਣ ਦਾ ਕੋਈ ਹੱਜ ਨਹੀਂ।

ਇਕ ਮਹੀਨੇ ਬਾਅਦ ਦਸਵੀਂ ਦੇ ਸਰਾਧ ਉਤੇ ਸਾਰੇ ਲੋਕ ਰਾਵੀਉਂ ਪਾਰ ਕਰਤਾਰਪੁਰ ਜਾਂਦੇ ਸਨ। ਦਿਨ ਰਾਤ ਰੌਣਕ ਹੁੰਦੀ ਸੀ। ਉਥੇ ਦੀਵਾਨ ਉਤੇ ਕਈ ਲੰਗਰ ਚਲਦੇ ਸਨ। ਟਾਲੀ ਸਾਹਿਬ ਵਾਲੇ ਸੰਤ ਅਤੇ ਬਾਬਾ ਜੀ ਨਾਲ ਦੋ ਤਿੰਨ ਸਾਧ ਦਸਵੀਂ ਦੇ ਸਰਾਧ ਉਤੇ ਤੁਰੇ। ਰਾਵੀ ਦੇ ਉਤਲੇ ਪਾਸਿਉਂ ਪਾਰ ਕਰਨ ਲਗੇ। ਸਾਰਿਆਂ ਸੁਖੇ ਛਕੇ ਹੋਏ ਸਨ। ਬਾਬਾ ਜੀ ਪੈਰ ਕਿਤੇ ਥਿੜਕ ਕੇ ਡੂੰਘੇ ਥਾਂ ਪੈ ਗਿਆ। ਉਹ ਡੁਬ ਗਏ। ਰੁੜ ਗਏ। ਕੁਝ ਪਤਾ ਨਾ ਲਗਾ। ਡੇਰੇ ਖ਼ਬਰ ਹੋਈ ਦੋਏਂ ਚਾਚੇ ਗਏ। ਟੋਬੇ ਲਾਏ ਚੌਥੇ ਦਿਨ ਲਾਸ਼ ਲੱਭੀ। ਸਸਕਾਰ ਕੀਤਾ ਫੁਲ ਲੈ ਕੇ ਘਰ ਮੁੜੇ। ਪਾਠ ਦਾ ਭੋਗ ਪਿਆ। ਭਾਈਏ ਦੇ ਵੀ ਰਾਵੀ ਵਿਚ ਫੁਲ ਤਾਰੇ ਸੀ, ਬਾਬਾ ਜੀ ਦੇ ਵੀ ਉਥੇ ਤਾਰ ਦਿਤੇ।

ਭਾਬੀ ਨੇ ਕੁਝ ਗਹਿਣਾ ਵੇਚ ਕੇ ਬੇਦੀਆਂ ਦਾ ਕਰਜ਼ਾ ਲਾਹ ਦਿਤਾ। ਬਾਕੀ ਰੁਪਇਆਂ ਦੀ ਮੇਰੇ ਨਾਨਕੇ ਅਰਾਂਈਆਂ ਕੋਲੋਂ ਇਕ ਘੁਮਾ ਅਤੇ ਇਕ ਘੁਮਾ ਜੱਟ ਕੋਲੋਂ ਜ਼ਮੀਨ ਗਹਿਣੇ ਲੈ ਲਈ। ਮੇਰੀ ਨਾਨੀ ਸਾਡਾ ਬੜਾ ਖ਼ਿਆਲ ਰੱਖਦੀ।

ਚਾਚੇ ਭਗਵਾਨ ਸਿੰਘ ਨੇ ਜਦ ਆਉਣਾ ਮੇਰੀ ਭਾਬੀ ਨੇ ਉਹਦੇ ਅੰਦਰ ਵੜੀ ਰਹਿਣਾ। ਅਸੀਂ ਆਵਾਜ਼ਾਂ ਮਾਰ ਮਾਰ ਕੇ ਸੰਘ ਬਿਠਾ ਲੈਣੇ। ਭਾਬੀ ਨੇ ਆ ਕੇ ਸਾਨੂੰ ਝਾੜਨਾ—ਮੈਂ ਕਿਤੇ ਮਰ ਤੇ ਨਹੀਂ ਗਈ ਕਿੱਦਾਂ ਉੱਚੀ-ਉੱਚੀ ਬਾਂਗਾਂ ਦੇਣ ਡਹੇ ਹੋਏ ਨੇ।...ਹੋਰ ਵੀ ਕਈ ਬੰਦੇ ਸਾਡੇ ਘਰ ਆਉਂਦੇ ਪੁਛ-ਗਿੱਛ ਕੇ ਚਲੇ ਜਾਂਦੇ। ਅਜੀਬ ਕਿਸਮ ਦੀਆਂ ਸਾਡੇ ਨਾਲ ਹਮਦਰਦੀਆਂ ਸਨ। ਸਕੂਲੋਂ ਉਠ ਬੈਠਾ ਸਾਂ। ਇੰਨੀ ਬਰਬਾਦੀ ਦੇ ਬਾਅਦ ਵੀ ਭਾਬੀ ਕੋਲ ਗਹਿਣਾ ਹੈ ਸੀ। ਘਰ ਵਿਚ ਲਾਹੌਰੋਂ ਲਈ ਹੋਈ ਵਲੈਤੀ ਸ਼ਿੰਗਾਰ ਮਸ਼ੀਨ ਸੀ। ਭਾਬੀ ਉਸ ਉਤੇ ਕਦੇ-ਕਦੇ ਕਪੜੇ ਸਿਉਣ ਲਗ ਪੈਂਦੀ। ਉਸ ਵੇਲੇ ਮੈਂ ਦਸਾਂ ਸਾਲਾਂ ਦਾ ਮੈਥੋਂ ਨਿੱਕਾ ਛੇਆਂ ਸਾਲਾਂ ਦਾ ਅਤੇ ਭੈਣ ਦਸਾਂ ਮਹੀਨਿਆਂ ਦੀ। ਭਾਈਆ ਉਨੱਤੀ ਸਾਲ ਦੀ ਉਮਰ ਵਿਚ ਮਰ ਗਿਆ। ਭਾਬੀ ਛੱਬੀਆਂ ਸਾਲਾਂ ਦੀ ਉਮਰ ਵਿਚ ਵਿਧਵਾ ਹੋਈ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

# ਸਿੰਧ ਹੈਦਰਾਬਾਦ

ਚਾਚਾ ਗਿਆ ਅਤੇ ਸਾਡੀ ਬਰਾਦਰੀ ਦਾ ਧਰਮ ਸਿੰਘ ਉਸ ਨੂੰ ਵੀ ਮੈਂ ਚਾਚਾ ਕਹਿੰਦਾ ਸਾਂ। ਮੈਨੂੰ ਨਾਲ ਲੈ ਕੇ ਸਿੰਧ ਹੈਦਰਾਬਾਦ ਚਲੇ ਗਏ। ਘਰੋਂ ਤੁਰਨ ਲਗੇ ਨੂੰ ਮੇਰੀ ਭਾਬੀ ਨੇ ਮਸਾਲਾ ਘੋਟਣ ਵਾਲਾ ਡੰਡਾ ਵਿਖਾ ਕੇ ਆਖਿਆ—ਜੇ ਤੂੰ ਕੰਮੋਂ ਡਰਦਾ ਨੱਠ ਕੇ ਆਇਆ, ਇਸ ਡੰਡੇ ਨਾਲ ਕੁਟਾਂਗੀ।...ਮੈਂ ਸਿਰ ਹਿਲਾ ਕੇ ਉਹਦੀ ਮਰਜ਼ੀ ਦਾ ਉੱਤਰ ਦਿਤਾ। ਹੈਦਰਬਾਦ ਅੱਗੇ ਸਿੰਧ ਦਰਿਆ ਹੈ, ਫਿਰ ਕੋਟਲੀ ਜਕਸ਼ਨ ਦਰਿਆ ਆਉਂਦਾ ਹੈ। ਉਥੇ ਮੇਰੀ ਵੱਡੀ ਭੂਆ ਅਛਰੋ ਰਹਿੰਦੀ ਸੀ ਅਤੇ ਜੇਠ ਜਿਹੜਾ ਉਸ ਤੋਂ ਨਿੱਕੀ ਮੇਰੀ ਭੂਆ ਨਾਲ ਵਿਆਹਿਆ ਹੋਇਆ ਸੀ। ਸਿੱਧੇ ਅਸੀਂ ਸਾਰੇ ਉਥੇ ਗਏ। ਉਥੋਂ ਹੈਦਰਾਬਾਦ ਆ ਗਏ। ਇਕ ਉਥੇ ਵਾਕਫ਼ ਪੰਜਾਬੀ ਤਰਖਾਣ ਸੀ ਉਸ ਦੇ ਘਰ। ਦੂਜੇ ਦਿਨ ਇਕ ਸਿੰਧੀ ਦਾ ਮਕਾਨ ਬਣਦਾ ਸੀ ਉਥੇ ਕੰਮ ਕਰਨ ਲਗ ਪਏ। ਮੈਨੂੰ ਚਾਚੇ ਨੇ ਆਖਿਆ—ਜਸਵੰਤ ਉਹ ਇੱਟ ਫੜ ਤੇ ਉਹਦੇ ਉਤੇ ਪਾਣੀ ਪਾ ਕੇ ਪਥਰੀ ਘਸਾ ਕੇ ਪਧਰੀ ਕਰ।...ਉਂਜ ਹੀ ਕਰਦਾ ਰਿਹਾ ਅਤੇ ਨਾਲ-ਨਾਲ ਏਧਰ-ਉਧਰ ਦੀਆਂ ਚੀਜ਼ਾਂ ਜਾਂ ਔਜ਼ਾਰ ਫੜਾਉਂਦਾ ਰਿਹਾ। ਖੱਬੀ ਖਿਚਦਾ ਰਿਹਾ। ਅੱਠ ਦਿਨ ਉਥੇ ਕੰਮ ਕੀਤਾ। ਮਾਲਕ ਨੇ ਸਾਰਿਆਂ ਨੂੰ ਪੈਸੇ ਦਿਤੇ। ਮੈਨੂੰ ਵੀ ਚਾਰ ਆਨੇ ਰੋਜ਼ ਦਿਤੇ। ਮੈਨੂੰ ਬਹੁਤ ਖ਼ੁਸ਼ੀ ਹੋਈ ਇਹੋ ਜਿਹੀ ਪਹਿਲਾਂ ਕਦੇ ਨਹੀਂ ਸੀ ਹੋਈ। ਧਰਮ ਸਿੰਘ ਮੁੜ ਕੇ ਪੰਜਾਬ ਆ ਗਿਆ। ਚਾਚਾ ਉਥੇ ਇਕ ਬਿਜਲੀ ਦੇ ਕੰਮ ਵਾਲੀ ਦੁਕਾਨ ਉਤੇ। ਮੈਂ ਲਾਗੇ ਬਹਿ ਰਹਿੰਦਾ। ਇਕ ਆਨਾ ਲੈ ਕੇ ਤਾਂਗੇ ਉਤੇ ਚੜ੍ਹ ਕੇ ਸਿੰਧ ਦਰਿਆ ਦਾ ਪੁਲ ਟੱਪ ਕੇ ਭੂਆ ਕੋਲ ਆ ਜਾਂਦਾ। ਪੁਲ ਲੰਘਣ ਦਾ ਪੈਸਾ ਦੇਣਾ ਪੈਂਦਾ, ਮੈਂ ਕਹਿ ਦਿੰਦਾ ਸਰਕਾਰੀ ਮਾਗੇਣੂ ਹਾਂ। ਕਹਿਣਾ ਹੁੰਦਾ ਸੀ ਮਾਣੂ ਹਾਂ। ਜਦੋਂ ਫੁਫੜ ਨਾਲ ਲੰਘਦਾ ਸਾਂ ਉਹ ਇਸ ਤਰ੍ਹਾਂ ਕਹਿੰਦਾ ਸੀ।

ਚਾਚਾ ਗਿਆਨ ਸਿੰਘ ਵੀ ਆ ਗਿਆ। ਜਦ ਹੈਦਰਾਬਾਦ ਆ ਕੇ ਜਿਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰਖਾਣ ਦੇ ਲਾਗੇ ਕੋਠੜੀ ਵਿਚ ਰਹਿੰਦੇ ਸੀ, ਉਹਦੀ ਵਹੁਟੀ ਸਾਰਿਆਂ ਦੀ ਰੋਟੀ ਪਕਾਉਂਦੀ। ਵਹੁਟੀ ਬੜੀ ਚੁਸਤ ਅਤੇ ਕਾਲੀ ਸ਼ਾਹ ਇਕ ਕੁੱਛੜ ਬੱਚਾ। ਆਪਣੀ ਕੋਠੜੀ ਵਿਚ ਲੰਮੇ ਪਏ ਚਾਚੇ ਨੇ ਧਰਮ ਸਿੰਘ ਕੋਲੋਂ ਪੁਛਿਆ—ਧਰਮ ਸਿੰਘਾ ਕੈਸੀ ਬੇ-ਸ਼ਕਲ ਹੈ ਇਹ ਜ਼ਨਾਨੀ ਕਿਸ ਤਰ੍ਹਾਂ ਕੱਠੇ ਹੁੰਦੇ ਹੋਣਗੇ। ਧਰਮ ਸਿੰਘ ਨੇ ਉੱਤਰ ਦਿਤਾ, ਕਹਿੰਦਾ ਸੀ—ਪਹਿਲਾਂ ਤਾਂ ਮੈਂ ਇਸ ਨੂੰ ਕਵਾਉਂਦਾ ਬੁਲਾਉਂਦਾ ਨਹੀਂ ਸਾਂ, ਰੋਟੀ ਖਾਣੀ ਤੇ ਕੰਮ ਉਤੇ। ਇਸ ਤਰ੍ਹਾਂ ਮਹੀਨਾ ਗੁਜ਼ਰ ਗਿਆ। ਇਕ ਰਾਤ ਇਹ ਮੇਰੀ ਮੰਜੀ ਦੀ ਬਾਹੀ ਫੜ ਕੇ ਜਿਉਂ ਰੋਣ ਲਗੀ। ਅੱਧੀ ਰਾਤ ਤਕ ਰੋਂਦੀ ਰਹੀ। ਬੱਸ ਯਾਰ ਮੈਨੂੰ ਬੜਾ ਤਰਸ ਆ ਗਿਆ। ਉਠ ਕੇ ਨਾਲ ਪਾ ਲਈ। ਹੁਣ ਖ਼ੂਬ ਚਲ ਰਹੀ ਹੈ।

ਮੈਂ ਕੋਟਲੀ ਰਹਿਣ ਲਗ ਪਿਆ। ਭੂਆ ਦਾ ਇਕੋ ਕਾਕਾ ਸੀ। ਸਾਲ ਦਾ ਹੋਵੇਗਾ, ਮੈਨੂੰ ਬਹੁਤ ਪਿਆਰਾ ਲਗਦਾ। ਉਸ ਨੂੰ ਬੜਾ ਖਿਡਾਉਂਦਾ। ਫੁਫੜ ਸਰੈਣ ਸਿੰਘ ਅੱਧਾ ਪਾਗਲ ਲਗਦਾ ਸੀ। ਜਦੋਂ ਜੀ ਕਰਦਾ ਭੂਆ ਨੂੰ ਮਾਰਦਾ। ਭੂਆ ਨੇ ਰੋ ਧੋ ਕੇ ਚੁੱਪ ਕਰ ਜਾਣਾ। ਫੇਰ ਜਦੋਂ ਮਰਜ਼ੀ ਹੋਣੀ ਮਾਰਨ ਲਗ ਪੈਣਾ। ਕਦੀ ਬੜੇ ਖ਼ੁਸ਼ ਹੋ ਜਾਣਾ। ਕਾਕੇ ਨੂੰ ਕੋਈ ਐਸੀ ਮਰਜ਼ ਹੋਈ ਖੇਡਦੇ-ਖੇਡਦੇ ਮਿਰਗੀ ਪੈ ਜਾਣੀ। ਬੁਰਾ ਹਾਲ ਹੋਣਾ। ਇਕ ਦਿਨ ਐਸਾ ਹੋਇਆ ਕਿ ਉਹ ਮਰ ਗਿਆ। ਭੂਆ ਬੜੀ ਰੋਈ ਮੈਂ ਵੀ ਰੋਇਆ। ਦੋਵੇਂ ਫੁਫੜ ਰੇਲਵੇ ਵਿਚ ਕੰਮ ਕਰਦੇ ਸਨ। ਇਕ ਕਲਰਕ ਇਕ ਮਿਸਤਰੀ। ਉਸ ਕਵਾਟਰ ਨਾਲ ਰੇਲਵੇ ਵਾਲਿਆਂ ਮੁਸਲਮਾਨਾਂ ਚਟਾਈਆਂ ਨਾਲ ਇਕ ਘੇਰਾ ਵਲ ਕੇ ਮਸੀਤ ਬਣਾਈ ਹੋਈ ਸੀ। ਪੰਜੇ ਵੇਲੇ ਨਮਾਜ ਪੜ੍ਹਦੇ, ਬਾਂਗ ਦਿੰਦੇ। ਗਲਤ ਮਲਤ ਮੈਨੂੰ ਵੀ ਬਾਂਗ ਚੇਤੇ ਆ ਗਈ। ਇਕ ਪਾਸੇ ਇਕ ਜਗ੍ਹਾ ਤਾਰਾਂ ਨਾਲ ਘੇਰ ਕੇ ਫੁਫੜ ਨੇ ਬਗੀਚਾ ਬਣਾਇਆ ਹੋਇਆ ਸੀ। ਜਿਸ ਵਿਚ ਉਹ ਸਬਜ਼ੀਆਂ ਬੀਜਦਾ। ਮਿਹਨਤੀ ਬਹੁਤ ਸੀ। ਉਸ ਵਿਚ ਮੈਂ ਵੀ ਉਸ ਦੀ ਮਦਦ ਕਰਦਾ। ਪਹਿਲੀ ਵਾਰ ਹੋਸ਼ ਵਿਚ ਉਥੇ ਟਮਾਟਰ ਖਾਦੇ ਸਨ ਅਤੇ ਬੜੇ ਖਾਂਦਾ ਸਾਂ। ਭੂਆ ਮੈਨੂੰ ਗੋਦ ਵਿਚ ਪਾ ਕੇ ਦੂਜੇ ਤੀਜੇ ਦਿਨ ਬੜਾ ਰੋਂਦੀ। ਮੇਰੇ ਭਾਈਏ ਨੂੰ ਯਾਦ ਕਰਦੀ, ਮੇਰੇ ਬਾਬੇ ਨੂੰ ਯਾਦ ਕਰਦੀ। ਕਹਿਣਾ—ਤੂੰ ਤੇ ਰਾਜੇ ਬਾਬੇ ਦਾ ਪੋਤਾ ਸੈਂ, ਠੇਕੇਦਾਰ ਦਾ ਪੁੱਤ ਸੈਂ, ਮਾਸਾ ਕੁ ਜਿੰਨੇ ਨੂੰ ਵਾਹਿਗੁਰੂ ਨੇ ਵਖਤ ਪਾ ਦਿਤਾ।...ਮੇਰੇ ਪਿਤਾ ਨੂੰ ਯਾਦ ਕਰਕੇ ਬਹੁਤ ਰੋਇਆ ਕਰਦੀ। ਪੈਸੇ ਵੀ ਖਰਚਨ ਨੂੰ ਦੇਣੇ ਲਾਡ ਵੀ ਬੜਾ ਕਰਨਾ।

ਕੋਟਲੀ ਦੇ ਸਟੇਸ਼ਨ ਤੋਂ ਇਕ ਮੀਲ ਉਤੇ ਕੋਟਲੀ ਸ਼ਹਿਰ ਸੀ। ਉਥੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਇਮਾਰਤੀ ਕੰਮ ਕਰਦੇ ਸਿੰਧੀ ਤਰਖਾਣਾ ਕੋਲ ਮੈਨੂੰ ਕੰਮ ਤੇ ਪਾ ਦਿਤਾ ਰੋਜ਼ ਰੋਟੀ ਖਾ ਕੇ ਦੁਪਹਿਰ ਜੋਗੀ ਨਾਲ ਲੈ ਜਾਣੀ। ਉਹਨਾਂ ਤਰਖਾਣਾਂ ਨੇ। ਮੈਨੂੰ ਕੁਝ ਨਾ ਕਹਿਣਾ। ਮੈਂ ਫਿਰ ਤੁਰ ਕੇ ਬਹਿ ਕੇ ਮੁੜ ਆਉਣਾ। ਦੁਪਹਿਰਾਂ ਦੀ ਰੋਟੀ ਬਜ਼ਾਰ ਲੰਘ ਕੇ ਦਰਿਆ ਸਿੰਧ ਦੇ ਕੰਢੇ ਜਾ ਖਾਣੀ। ਕੰਢੇ ਉਤੇ ਵੱਡੀਆਂ ਛੋਟੀਆਂ ਬੇੜੀਆਂ ਖਲੋਤੀਆਂ ਵੇਖਣੀਆਂ। ਦਰਿਆ ਵਿਚ ਵੱਡਿਆਂ-ਵੱਡਿਆਂ ਘੜਿਆਂ ਢਿੱਡ ਭਾਰ ਬੰਦਿਆਂ ਨੇ ਪਏ ਹੋਣਾ ਅਤੇ ਜਾਲ ਪਾ ਕੇ ਮੱਛੀਆਂ ਫੜਦੇ ਹੋਣਾ। ਵਹਾ ਵਿਚ ਵਿੰਹਦੇ ਹੀ ਜਾਣਾ। ਪੱਲਾ ਮੱਛੀ ਮਸ਼ਹੂਰ ਮੱਛੀ ਮੰਨੀ ਜਾਂਦੀ। ਕਈ ਵਾਰੀ ਫੁਫੜ ਵੀ ਲਿਆ ਕੇ ਬਣਾਉਂਦਾ। ਮੈਨੂੰ ਬੜੀ ਸਵਾਦੀ ਲਗਦੀ।

ਜਦ ਬਾਜ਼ਾਰ ਵਿਚੋਂ ਲੰਘਣਾ ਤਾਂ ਬਾਜ਼ਾਰ ਵਿਚ ਇਕ ਨੰਗੀ ਔਰਤ ਪਾਗਲ ਫਿਰਦੀ ਵੇਖਣੀ। ਖ਼ੂਬਸੂਰਤ ਲਗਣੀ। ਮੈਂ ਉਸ ਨੂੰ ਵਿੰਹਦੇ ਰਹਿਣਾ। ਇਕ ਦਿਨ ਜਦ ਮੈਂ ਰੋਟੀ ਖਾਣ ਸਿੰਧ ਕੰਢੇ ਜਾ ਰਿਹਾ ਸਾਂ ਤਾਂ ਉਹ ਔਰਤ ਬਾਜ਼ਾਰ ਵਿਚ ਇਕ ਪਾਸੇ ਪੈਰਾਂ ਭਾਰ ਬੈਠੀ ਬੱਚੇ ਨੂੰ ਜਨਮ ਦੇ ਰਹੀ ਸੀ। ਲੰਘਦੇ-ਲੰਘਦੇ ਗੌਹ ਨਾਲ ਵੇਖਿਆ ਬੱਚੇ ਦੇ ਪੈਰ ਬਾਹਰ ਸਨ। ਉਹ ਹੱਸ ਰਹੀ ਸੀ। ਮੈਂ ਪਤਾ ਨਹੀਂ ਕਿਉਂ ਉਦਾਸ ਹੋ ਗਿਆ। ਉਸ ਦਿਨ ਰੋਟੀ ਨਾ ਖਾਧੀ ਸਿੰਧ ਵਿਚ ਵਗਾਹ ਮਾਰੀ। ਸਟੇਸ਼ਨ ਤੇ ਆ ਗਿਆ। ਮੁੜ ਕੇ ਨਹੀਂ ਗਿਆ। ਇਕ ਦਿਨ ਫੇਰ ਫੁਫੜ ਨੇ ਭੂਆ ਨੂੰ ਬਹੁਤ ਮਾਰਿਆ ਰੋ ਧੋ ਕੇ ਮੈਨੂੰ ਕਹਿਣ ਲਗੀ—ਜਸਵੰਤ ਤੂੰ ਡੇਰੇ ਖ਼ਤ ਪਾ, ਉਹ ਮੈਨੂੰ ਕਿਸੇ ਪੱਜ ਆ ਕੇ ਲੈ ਜਾਣ। ਮੈਂ ਉਰਦੂ ਵਿਚ ਖ਼ਤ ਲਿਖ ਕੇ ਪਾ ਦਿਤਾ। ਕੁਝ ਦਿਨ ਬਾਅਦ ਤਾਰ ਆਈ ਕਿ ਬੇਬੇ ਬੜੀ ਬੀਮਾਰ ਹੈ। ਮੂੰਹ ਵੇਖਣਾ ਹੈ ਤਾਂ ਆ ਜਾਉ। ਝੱਟ ਤਿਆਰ ਹੋਏ ਗੱਡੀ ਚੜ੍ਹੇ, ਬਟਾਲੇ ਉਤਰੇ ਬੰਬੂਕਾਟ ਵਿਚ ਡੇਰੇ ਪਹੁੰਚ ਗਏ। ਮੇਰੀ ਗਲ੍ਹ ਉਤੇ ਨਿੱਕਾ ਜਿਹਾ ਫੋੜਾ ਨਿਕਲਿਆ ਹੋਇਆ ਸੀ। ਚਾਰ ਪੰਜ ਦਿਨ ਭੂਆ ਫੁਫੜ ਰਹੇ ਗੱਲ ਬਾਤ ਹੋਈ ਫਿਰ ਦੋਵੇਂ ਕੋਟਲੀ ਚਲੇ ਗਏ (ਇਹ ਵੱਡੀ ਭੂਆ ਤਿੰਨ ਚਾਰ ਸਾਲ ਬਾਅਦ ਮਾਰੀ ਦੀ ਮਰ ਗਈ ਸੀ)।

ਏਨਾਂ ਯਾਦ ਹੈ ਉਸ ਉਮਰ ਵਿਚ ਜਦ ਮੈਂ ਇਕੱਲਾ ਤੁਰਿਆ ਜਾਂਦਾ ਜਾਂ ਇਕੱਲਾ ਬੈਠਦਾ ਮੇਰੇ ਅੰਦਰ ਕਹਾਣੀਆਂ ਬਣਦੀਆਂ ਰਹਿੰਦੀਆਂ। ਹੁਣ ਤਕ ਮੇਰਾ ਇਹੋ ਹਾਲ ਹੈ।

ਹੁਣ ਭਾਬੀ ਦੀ ਤੇ ਦਾਦੀ ਜੀ ਦੀ ਜੰਗ ਸ਼ੁਰੂ ਹੋ ਗਈ। ਭਾਬੀ ਨੇ ਮੈਨੂੰ ਡਾਂਟ ਕੇ ਕਿਹਾ—ਤੂੰ ਅਛਰੋ ਦੀਆਂ ਗੱਲਾਂ ਨਾ ਕਰਿਆ ਕਰ, ਜਿੱਦਾਂ ਮੈਂ ਆਖਾਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਂ ਕਰ ਦਿਆ ਕਰ। ਮੈਂ ਸਿਰ ਹਿਲਾਇਆ। ਬਾਹਰਲੇ ਬੂਹੇ ਉਤੇ ਭਾਬੀ ਖਲੋ ਗਈ—ਵੇਖੋ ਲੋਕੋ ਮੇਰੇ ਪੁੱਤ ਨੂੰ ਬੀਮਾਰ ਕਰਕੇ ਛੱਡ ਗਏ ਨੇ। ਮੂੰਹ ਦਾ ਫੋੜਾ ਵੇਖੋ ਨਾ ਘਰ ਆਉਂਦਾ ਉਥੇ ਇਹਨਾਂ ਬਣਾ ਕੇ ਮਾਰ ਦੇਣਾ ਸੀ। ਟਿੰਗ ਕੁ ਜਿੰਨੇ ਨੂੰ ਰੋਜ਼ ਮਾਰਦੀ ਰਹੀ। ਅਖੇ ਮੇਰਾ ਪੁੱਤ ਨਾ ਮਰਦਾ ਇਹ ਮਰ ਜਾਂਦਾ।

ਉਧਰ ਦਾਦੀ ਜੀ ਨਿਕਲ ਆਏ - ਨੀਂ ਹਰਨਾਮ ਕੌਰੇ ਰੱਬ ਨੂੰ ਰਹਿਣ ਦੇ ਅੰਦਰ ਜਾ, ਲੋਕਾਂ ਨੂੰ ਤਮਾਸ਼ਾ ਨਾ ਵਖਾਲ। ਝੂਠ ਨਾ ਬੋਲ ਉਹਨੂੰ ਦੁਪਰਆਰਾ ਨਹੀਂ ਸੀ। ਚਾਰ ਦਿਨ ਕੱਟ ਲੈ ਅੰਞਾਣੇ ਪਾਲ, ਐਵੇਂ ਆਡੇ ਨਾ ਲਾ।

ਭਾਬੀ ਨੂੰ ਬੋਲਣ ਦਾ ਮਸਾਲਾ ਮਿਲ ਗਿਆ—ਕਿਉਂ ਵੇ ਮੈਂ ਠੀਕ ਆਨੀ ਆਂ ?...ਮੇਰੇ ਵਲ ਹੋ ਕੇ ਮੈਨੂੰ ਪੁਛਿਆ। ਮੈਂ ਹਾਂ ਵਿਚ ਸਿਰ ਹਿਲਾ ਦਿਤਾ। ਮੇਰੇ ਵਿਚ ਕੋਈ ਸੋਚ ਨਹੀਂ ਸੀ ਕਿ ਕਿਉਂ ਰੱਬ ਜੇਡੇ ਝੂਠ ਦੀ ਹਾਮੀ ਭਰ ਰਿਹਾ ਸਾਂ। ਭਾਬੀ ਨੇ ਪਤਾ ਨਹੀਂ ਕੀ-ਕੀ ਝੂਠ ਬੋਲਿਆ ਦੋ ਦਿਨ ਇਹ ਕਥਾ ਤੇ ਝੂਠੀ ਰਚਨਾ ਵਿਚਰਦੀ ਰਹੀ।

ਟਾਲੀ ਸਾਹਿਬੋਂ ਆਉਂਦੀ ਜਾਂਦੀ ਮਾਂ ਨੇ ਮੇਰੇ ਵਲ ਵੇਖਣਾ। ਮੈਂ ਨੀਵੀਆਂ ਨਜ਼ਰਾਂ ਕਰ ਲੈਣੀਆਂ। ਇਸ ਨੂੰਹ ਸੱਸ ਦੀ ਲੜਾਈ ਨੇ ਮੈਨੂੰ ਚਾਚੀ ਜੀ ਵਲ ਜਾਣੋ ਹਟਾ ਲਿਆ। ਨਿੱਕੇ ਚਾਚਾ ਚਾਚੀ ਚੁੱਪ ਕਰ ਰਹਿੰਦੇ। ਕੁਝ ਦਿਨਾਂ ਬਾਅਦ ਚਾਚੀ ਦੇ ਕੁੱਛੜ ਕੁੜੀ ਸੀ। ਮੇਰੀ ਨਿੱਕੀ ਭੈਣ ਸਰਨੋਂ ਬੜੀ ਪਿਆਰੀ ਗੁੱਡੀ ਜਿਹੀ ਸੀ। ਮੈਂ ਉਸ ਨੂੰ ਖਿਡਾਉਂਦਾ। ਆਪਣੀਆਂ ਪੁਰਾਣੀਆਂ ਕਿਤਾਬਾਂ ਪੜ੍ਹਦਾ ਰਹਿੰਦਾ। ਕਦੇ ਰਾਏ ਦੇ ਸਕੂਲ ਚਲਾ ਜਾਂਦਾ। ਉਸ ਨੂੰ ਪੜ੍ਹਦੇ ਨੂੰ ਵੇਖਦਾ। ਉਹ ਹੁਣ ਦੂਜੀ ਵਿਚ ਸੀ। ਇਕ ਮਹੀਨਾ ਗੁਜ਼ਰ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਨਾਨਕੇ

ਇਕ ਦਿਨ ਭਾਬੀ ਨਾਲ ਅਸੀਂ ਦੋਵੇਂ ਭਰਾ ਤੇ ਨਿੱਕੀ ਭੈਣ ਨਾਨਕੇ ਗਏ। ਡੇਰੇ ਤੋਂ ਡੰਡੀਆਂ ਰਾਹੀਂ ਤਿੰਨਾਂ ਪਿੰਡਾਂ ਵਿਚੋਂ ਹੋ ਕੇ ਕਿਰਨ ਨਦੀ ਲੰਘ ਕੇ ਪਹੁੰਚੀ ਦਾ ਸੀ। ਨਾਨਕੇ ਪਿੰਡ ਦਾ ਨਾਂ ਅਠਵਾਲ ਸੀ। ਪਿੰਡੋਂ ਬਾਹਰ ਜਿਹੜਾ ਕੋਈ ਪਿੰਡਾਂ ਦਾ ਬੰਦਾ ਮਿਲਦਾ ਪੁੱਛਦਾ––ਨਾਮੀਏਂ ਤਕੜੀ ਹੈਂ ?...ਭਾਬੀ ਪਹਿਲਾਂ ਕਹਿੰਦੀ ਤਾਇਆ ਜਾਂ ਚਾਚਾ, ਰਾਮਸੱਤ। ਕੋਈ ਹੋਰ ਬਜ਼ੁਰਗ ਮਿਲ ਪੈਂਦਾ, ਰਾਮਸੱਤ ਕਹਿ ਕੇ ਸਾਡੇ ਸਿਰ ਤੇ ਪਿਆਰ ਦਿੰਦਾ— ਅੱਛਾ ਨਾਮੀਏਂ ਰੱਬ ਦੀ ਮਰਜ਼ੀ ਹੋਣੀ ਹਾਰ ਮਿਟਾਵੇ ਕੌਣ। ਜੋ ਧੁਰੋਂ ਲਿਖਿਆ ਹੈ ਭੋਗਣਾ ਪੈਂਦਾ ਹੈ। ਵਾਹਿਗੁਰੂ ਉਤੇ ਡੋਰੀ ਰੱਖ।...ਜੇ ਕੋਈ ਮੁਸਲਮਾਨ ਮਿਲਦਾ ਉਹ ਕਹਿੰਦਾ—ਨਾਮੀਏਂ ਰਾਜੀ ਬਾਜ਼ੀ ਏਂ ਕੱਟ ਕੁੜੀਏ, ਖ਼ੁਦਾ ਉਤੇ ਡੋਰੀ ਰੱਖ। ਅੱਲ੍ਹਾ ਫ਼ਜ਼ਲ ਕਰੇਗਾ।...ਜੇ ਕੋਈ ਨਿੱਕਾ ਮਿਲ ਪੈਂਦਾ—ਭੂਆ ਰਾਮਸੱਤ।... ਵੱਡਾ ਮਿਲਦਾ— ਭੈਣ ਰਾਮਸੱਤ।...ਭਾਬੀ ਸਾਰਿਆਂ ਨਾਲ ਸਿਰ ਝੁਕਾ ਕੇ ਗੱਲਾਂ ਕਰਦੀ, ਵਿਚ-ਵਿਚ ਰੋ ਵੀ ਪੈਂਦੀ।

ਘਰ ਪਹੁੰਚ ਗਏ, ਪਿੰਡ ਗਲੀਆਂ ਸਣੇ ਸਾਰਾ ਕੱਚਾ ਸੀ। ਨਾਨੀ ਬੜੀ ਖ਼ੁਸ਼ ਹੋਈ। ਧੀ ਨੂੰ ਗਲ ਨਾਲ ਲਾ ਕੇ ਰੋਈ। ਸਾਨੂੰ ਪਿਆਰ ਕੀਤਾ। ਹਾਲਤ ਮਾੜੀ ਸੀ। ਨਾਨਾ ਮਾੜੂਆ ਜਿਹਾ ਖੰਗ ਤਾਪ ਦਾ ਸਦੀਵੀ ਮਰੀਜ਼। ਵੱਡਾ ਮਾਮਾ ਵਿਹਲਾ ਜਾਦੂ ਟੂਣਿਆਂ ਦਾ ਆਪਣੇ ਆਪ ਨੂੰ ਮਾਰਿਆ ਸਮਝਦਾ। ਅਜੀਬ-ਅਜੀਬ ਗੱਲਾਂ ਕਰਦਾ। ਮੰਜੀ ਤੇ ਪਿਆ ਰਹਿੰਦਾ। ਮਰਜ਼ੀ ਨਾਲ ਫਿਰਦਾ ਤੁਰਦਾ। ਕਈ ਵਾਰੀ ਨਾਨੀ ਨੇ ਜੋਗੀਆਂ ਕੋਲੋਂ ਡੋਲੀ ਵੀ ਖਿਡਾਇਆ। ਪਰ ਉਸ ਨੂੰ ਹੱਡ-ਹਰਾਮੀ ਹੋਣ ਦਾ ਤੇ ਵਿਹਲੀਆਂ ਖਾਣ ਦਾ ਝੱਸ ਪੈ ਗਿਆ ਹੋਇਆ ਸੀ। ਉਸ ਤੋਂ ਨਿੱਕਾ ਮਾਮਾ ਫੌਜਾ ਸਿੰਘ ਰਾਵਲਪਿੰਡੀ ਕੰਮ ਕਰਦਾ ਸੀ ਲਕੜੀ ਦਾ। ਕਮਾਊ ਸੀ ਪੈਸੇ ਘੱਲਦਾ। ਨਾਨਾ ਗਹਿਣੇ ਪਈ ਜ਼ਮੀਨ ਛੁਡਾਈ ਜਾਂਦਾ। ਵਾਹੀ ਆਪ ਕਰਦੇ। ਮਾਮਾ ਅੰਬੋ ਮੈਥੋਂ ਛੇ ਮਹੀਨੇ ਨਿੱਕਾ ਸੀ। ਇਕ ਮਾਸੀ ਮੈਥੋਂ ਅੱਠ ਸਾਲ ਛੋਟੀ ਸੀ। ਇਕ ਮਾਸੀ ਅੱਤਰੀ ਬੜੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੋਹਲੀ ਤੇ ਅਜੇ ਕਵਾਰੀ। ਮੇਰੀ ਮਾਂ ਇਕ ਵੱਡਾ ਮਾਮਾ ਇਕ ਵੱਡੀ ਮਾਸੀ ਵਿਆਹੇ ਹੋਏ ਸਨ। ਸਭ ਤੋਂ ਵੱਡੀ ਮੋਟੀ ਮਾਂ ਸੀ।

ਰਾਤ ਪਈ ਚੌਲ ਰਿੱਧੇ ਗਏ। ਚੌਲ ਨਿਚੋੜ ਕੇ ਜਿਹੜੀ ਪਿੱਛ ਕੱਢੀ ਗਈ ਉਸ ਨੂੰ ਤੜਕਾ ਲਾ ਕੇ ਲੂਣ, ਮਿਰਚਾਂ, ਹਲਦੀ ਪਾ ਕੇ ਕੜੀ ਬਣਾ ਲਈ ਗਈ। ਉਸ ਨਾਲ ਚੌਲ ਖਾਧੇ। ਭਾਬੀ ਦਾ ਹੁਕਮ ਸੀ ਕਿ ਜ਼ਿੱਦ ਨਹੀਂ ਕਰਨੀ, ਜੋ ਮਿਲੇ ਖਾਣਾ। ਸਾਨੂੰ ਆਉਂਦੀਆਂ ਕਣਕ ਭੁਨਾ ਕੇ ਵਿਚ ਗੁੜ ਰਲਾ ਕੇ ਮੁਰਮਰੇ ਬਣਾ ਕੇ ਖਵਾਏ ਗਏ ਸਨ। ਬੜੇ ਸਵਾਦੀ ਲਗੇ। ਪੰਜ ਛੇ ਮੀਲ ਪੈਂਡਾ ਤੁਰੇ ਆਉਂਦਿਆਂ ਭੁੱਖ ਵੀ ਲਗ ਗਈ ਸੀ। ਨਿਕੱਮੇ ਮਾਮੇ ਦੀ ਪਤਨੀ ਮਾਮੀ ਜ਼ਰਾ ਕਾਲੇ ਰੰਗ ਦੀ ਚੰਗੇ ਨੈਣ-ਨਕਸ਼ ਨੀਂਵੇ ਰੱਖਦੀ ਸੀ। ਕੁਕੜ ਦੀ ਬਾਂਗੇ ਉਠਦੀ ਚੰਗੀ ਝੋਂਹਦੀ ਦਿਨ ਲਈ ਆਟਾ ਪੀਂਹਦੀ। ਲੌਢੇ ਵੇਲੇ ਉਖਲੀ ਵਿਚ ਝੋਨਾ ਝਾੜਦੀ ਰਾਤ ਦੀ ਰੋਟੀ ਲਈ ਮਸ਼ੀਨ ਵਾਂਗ ਲਗੀ ਰਹਿੰਦੀ। ਨਾਨੀ ਡੰਗਰ ਵੱਛਾ ਸਾਂਭਦੀ। ਸ਼ਾਹ ਵੇਲਾ ਹਾਲੀਆਂ ਲਈ ਖੜਦੀ। ਘਰ ਪਾਲੇ ਹੋਏ ਵੱਛਿਆਂ ਨੂੰ ਪੇੜਾ-ਪੇੜਾ ਆਟੇ ਦਾ ਦਿੰਦੀ। ਗੁਰਦੁਆਰੇ ਦੇ ਨਿਰਮਲੇ ਸੰਤ ਦੀ ਵੀ ਨਾਨੀ ਸੇਵਾ ਕਰਦੇ। ਉਹ ਇਕ ਚੁਸਤ ਫੁਰਤੀਲੀ ਮਜ਼ਬੂਤ ਇਰਾਦੇ ਦੀ ਔਰਤ ਸੀ। ਮੈਂ ਤੇ ਅੰਬੋ ਡੰਗਰ ਚਾਰਨ ਜਾਂਦੇ। ਵੱਡਾ ਮਾਮਾ ਤੇ ਨਾਨਾ ਵਾਹੀ ਦਾ ਕੰਮ ਕਰਦੇ। ਵਾਹੀ ਕਾਹਦੀ ਸੀ। ਇਕ ਗੁੜ 'ਚ ਰੱਬਾ ਸੀ ਫੇਰੀ ਜਾਂਦੇ ਸਨ। ਦੁੱਧ ਲਈ ਲਵੇਰਾ ਨਹੀਂ ਸਨ ਸੁੱਕਣ ਦਿੰਦੇ। ਨਾਨਾ ਜਦੋਂ ਮੈਨੂੰ ਤੇ ਅੰਬੋ ਨੂੰ ਗਾਲ੍ਹ ਕੱਢਦਾ, "ਸੂਰ ਦੇ ਹੱਡੋ" ਆਖਦਾ। ਬੀਮਾਰੀ ਨਾਲ ਸੜੀਅਤ ਤੇ ਘੀਚਰ ਹੋ ਗਿਆ ਸੀ। ਪਿੰਡ ਦੇ ਕਿਸੇ ਖੇਤ 'ਚੋਂ ਕਿਸੇ ਰੁੱਖ ਤੋਂ ਕਿਸੇ ਵਿਹਲਣੇ ਤੇ ਅਸੀਂ ਜੋ ਕਰੀਏ ਕੋਈ ਨਾ ਰੋਕਦਾ। ਜਾਪਦਾ ਭਾਬੀ ਪਿੰਡ ਦੀ ਧੀ ਹੈ ਤੇ ਅਸੀਂ ਪਿੰਡ ਦੇ ਦੋਹਤੇ। ਸਾਨੂੰ ਮਖੌਲ ਕਰਦੇ—"ਓਏ ਸ਼ਹਿਰੀਆ ਕੀ ਹਾਲ ਚਾਲ ਏ, ਡੇਰਾ ਦਾ ਸ਼ੌਕੀਨ ਤੇ ਖੀਸੇ ਵਿਚ ਗਾਜਰਾਂ।"

ਮੈਂ ਕਹਿੰਦਾ—"ਤੁਸੀਂ ਮੈਲੇ ਰਹਿੰਦੇ ਓ ਕਪੜੇ ਕਿਉਂ ਨਹੀਂ ਧੋਂਦੇ।" ਉਹਨਾਂ ਹੱਸ ਕੇ ਆਖਣਾ—ਤੁਸੀਂ ਸ਼ਹਿਰੀਏ ਸ਼ੌਕੀਨ ਤੇ ਨੱਕ ਸੁਣਕ ਕੇ ਵੀ ਜੇਬ ਵਿਚ ਪਾ ਲੈਂਦੇ ਹੋ ਸੂਕੇ ਬੂਕੇ। ਪਤਾ ਜੇ ਕਣਕ ਦੇ ਰੁੱਖ ਕਿੱਡੇ-ਕਿੱਡੇ ਹੁੰਦੇ ਨੇ? ਸਾਡੇ ਨਾਲ ਬਹੁਤ ਪਿਆਰ ਕਰਦੇ। ਇਕ ਦਿਨ ਬੋਹੜ ਹੇਠਾਂ ਮੇਰੇ ਜੇਡੇ ਮੁੰਡੇ ਨੂੰ ਮੇਰੇ ਨਾਲ ਘੁਲਣ ਡਾਹ ਦਿਤਾ—ਲੈ ਸ਼ਹਿਰੀਆ ਤੇਰਾ ਜ਼ੋਰ ਵੇਖੀਏ। ਜਿਹੜਾ ਢਾਹ ਲਏਗਾ ਉਸ ਨੂੰ ਰਾਤ ਦੁੱਧ ਦਾ ਛੰਨਾ ਮਿਲੇਗਾ। ਪਿੰਡ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਫੀ ਲੋਕ ਕੱਠੇ ਸਨ। ਮੈਂ ਜ਼ੋਰ ਮਾਰ ਕੇ ਪਿੰਡ ਦੇ ਮੁੰਡੇ ਨੂੰ ਢਾਹ ਲਿਆ। ਮੋਢੇ ਲਾ ਦਿਤੇ। ਮੇਰੀ ਸ਼ਾਵਾ-ਸ਼ਾਵਾ ਹੋਈ। ਰਾਤ ਨੂੰ ਨਾਨੀ ਨੂੰ ਤਿੰਨ ਚਾਰ ਛੰਨੇ ਦੁੱਧ ਦੇ ਘਰ ਦੇ ਗਏ। ਅਸੀਂ ਮਹੀਨਾ ਕੁ ਰਹੇ। ਮਾਮੇ ਅੰਬੋ ਨੇ ਘੁਮਿਆਰਾਂ ਦਾ ਖੋਤਾ ਲਿਆ ਉਸ ਉਤੇ ਅਨਾਜ ਤੇ ਗੁੜ ਲੱਦ ਕੇ ਸਾਨੂੰ ਡੇਰੇ ਛੱਡ ਗਿਆ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲਾਹੌਰ ਵਿਚ

ਸਾਡੇ ਵੱਡੇ ਜਦ ਲਾਹੌਰ ਵਿਚੋਂ ਆਏ ਡੇਰੇ ਲਾਗੇ ਪਿੰਡ ਹੈ, ਸਮਰਾਂ ਪਿੰਡ ਆ ਕੇ ਠਹਿਰੇ। ਅਸੀਂ ਕੁਝ ਡੇਰੇ ਬਾਬੇ ਨਾਨਕ ਦੇ ਵੱਸਦੇ ਸਮੇਂ ਆਣ ਵੱਸੇ। ਉਸ ਪਿੰਡੋਂ ਸ਼ਰੀਕੇ ਵਿਚੋਂ ਮੇਰੇ ਬਾਬਾ ਜੀ ਦਾ ਭਰਾ ਸੀ ਵਸਾਵਾ ਸਿੰਘ ਉਸ ਦੇ ਅੰਦਰ ਵਿਆਹ ਕਰਾਉਣ ਦਾ ਖ਼ਿਆਲ ਤੜਫਦਾ ਰਹਿੰਦਾ। ਉਮਰ ਅਧਖੜ ਹੋ ਗਈ। ਕਿਸੇ ਦੇ ਲਾਗ ਦੇਣ ਨਾਲ ਉਸ ਨੇ ਸਾਡੀ ਗਲੀ ਵਿਚ ਇਕ ਨਿੱਕਾ ਜਿਹਾ ਘਰ ਬੜੀ ਵਿਉਂਤ ਨਾਲ ਖ਼ੂਬਸੂਰਤ ਬਣਾਇਆ। ਲਕੜੀ ਦਾ ਕੰਮ ਕਮਾਲ ਦਾ ਕੀਤਾ। ਉਹ ਲਾਹੌਰ ਕੰਮ ਕਰਦਾ ਸੀ। ਇਕ ਦਿਨ ਜਦ ਉਹ ਆਪਣੇ ਘਰ ਆਇਆ ਤਾਂ ਮੇਰੀ ਭਾਬੀ ਨੇ ਉਸ ਨੂੰ ਘਰ ਸੱਦ ਕੇ ਆਖਿਆ—ਚਾਚਾ ਜੀ ਇਹ ਤੁਹਾਡਾ ਪੋਤਰਾ ਵਿਹਲਾ ਹੈ ਇਹਨੂੰ ਲਾਹੌਰ ਆਪਣੇ ਨਾਲ ਲੈ ਜਾਉ। ਕੰਮ ਸਿਖ ਜਾਵੇਗਾ, ਰੋਟੀ ਕਮਾਏਗਾ ਟੁੱਕ ਸਾਡੇ ਮੂੰਹ ਵੀ ਪਾਏਗਾ। ਮੇਰੀ ਮਾਂ ਦੀ ਮੇਰਿਆਂ ਚਾਚਿਆਂ ਨਾਲ ਨਹੀਂ ਸੀ ਬਣਦੀ। ਪੇਕਿਆਂ ਵਲ ਧਿਆਨ ਉਲਰਦਾ ਸੀ।

ਦੂਜੇ ਦਿਨ ਮੈਨੂੰ ਭਾਬੀ ਨੇ ਉਸ ਨਾਲ ਤਿਆਰ ਕਰ ਦਿਤਾ। ਗਲ ਦੇ ਕਪੜੇ ਪੈਰੀਂ ਜੁੱਤੀ ਤੇ ਇਕ ਖੱਦਰ ਦੀ ਚਾਦਰ। ਪੈਸਾ ਧੇਲਾ ਕੋਈ ਨਾ ਦਿਤਾ। ਮੈਂ ਉਸ ਨਾਲ ਤੁਰ ਪਿਆ। ਹੁਣ ਕਈ ਵਾਰੀ ਸੋਚਦਾ ਹਾਂ ਇਸ ਤਰ੍ਹਾਂ ਕੋਈ ਡੰਗਰ ਵੇਖ ਕੇ ਉਸ ਨਾਲ ਮੋਹ ਕਰਦਾ ਹੈ। ਮੇਰੀ ਮਾਂ ਨੇ ਪੁੱਤ ਬੇ-ਤਰਸੀ ਨਾਲ ਕਸਾਈ ਦੇ ਹਵਾਲੇ ਕਰ ਦਿਤਾ। ਚੁੰਮਿਆਂ ਨਾ ਪਿਆਰ ਵੀ ਨਾ ਕੀਤਾ।

ਡੇਰੇ ਤੋਂ ਬਾਰਾਂ ਮੀਲ ਪੈਂਡਾ ਹੈ ਫਤਹਿਗੜ੍ਹ ਚੂੜੀਆਂ, ਉਥੋਂ ਦੋ ਮੀਲ ਅੱਗੇ ਕੋਟਲਾ ਪਿੰਡ ਹੈ। ਉਹ ਅੱਗੇ ਤੇ ਮੈਂ ਪਿੱਛੇ-ਪਿੱਛੇ ਕਦੇ ਦੌੜ ਪੈਂਦਾ ਕਦੇ ਹੌਲੀ ਹੋ ਜਾਂਦਾ। ਰਾਹ ਵਿਚ ਸਾਹ ਵੀ ਨਾ ਲਿਆ। ਥਕੇਵਾਂ ਮਹਿਸੂਸ ਹੁੰਦਾ, ਪਰ ਮੇਰੇ ਕੀ ਵਸ। ਲੱਗਾ ਗਿਆ। ਉਸ ਪਿੰਡ ਬਾਬੇ ਦੀ ਇਕ ਭੈਣ ਸੀ। ਰਸਤੇ ਵਿਚੋਂ ਉਸ ਦੇ ਘਰ ਰੋਟੀ ਪਾਣੀ ਖਾ ਕੇ ਸੁੱਤੇ। ਇਕ ਨਿੱਕੀ ਜਿਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਠੜੀ ਵਿਚ ਉਸ ਘਰ ਦਾ ਮੁੰਡਾ ਮੇਰੇ ਜਿੱਡਾ ਸੀ ਇਕ ਮੰਜੀ ਉਤੇ ਇਕੱਠੇ ਸੁੱਤੇ। ਬਾਬਾ ਕੋਠੜੀ ਤੋਂ ਜ਼ਰਾ ਬਾਹਰ ਕਰਕੇ ਮੰਜੀ ਉਤੇ ਸੌਂ ਗਿਆ। ਸਾਹਮਣੇ ਬਰਾਂਡੇ ਵਿਚ ਇਕ ਮੱਝ ਕੱਟੇ ਵਾਲੀ ਤੇ ਗਾਂਈ ਬੱਝੀ ਹੋਈ ਸੀ।

ਰਾਤ ਕੜ-ਕੜ ਦੀ ਆਵਾਜ਼ ਸੁਣ ਕੇ ਮੇਰੀ ਅੱਖ ਖੁਲ੍ਹ ਗਈ। ਹਨੇਰਾ ਸੀ ਜ਼ਰਾ ਠਹਿਰ ਕੇ ਸਭ ਕੁਝ ਦਿਸਣ ਲਗ ਪਿਆ। ਮੱਝ ਦਾ ਕੱਟਾ ਇਧਰ-ਉਧਰ ਹੋ ਰਿਹਾ ਸੀ। ਪਿੱਛੇ ਬਾਬਾ ਨਾਲਾ ਕੱਛੇ ਦਾ ਹੱਥ ਵਿਚ ਫੜੀ ਉਸ ਦੇ ਨਾਲ-ਨਾਲ ਫਿਰ ਰਿਹਾ ਸੀ। ਉਹ ਆਪਣੀ ਜਿਣਸੀ ਭੁੱਖ ਕੱਟੇ ਨਾਲ ਪੂਰੀ ਕਰ ਰਿਹਾ ਸੀ। ਮੈਂ ਹੈਰਾਨ ਨਹੀਂ ਹੋਇਆ। ਵੇਖ ਕੇ ਸੌਂ ਗਿਆ। ਉਂਜ ਬਾਬੇ ਦਾ ਮੈਨੂੰ ਕੁਝ ਵੀ ਚੰਗਾ ਨਹੀਂ ਸੀ ਲਗਦਾ ਨਾ ਸ਼ਕਲ ਨਾ ਕਦ-ਕਾਠ ਨਾ ਕਪੜੇ ਨਾ ਮੂੰਹ ਨਾ ਬੋਲ ਨਾ ਫਿਰਨਾ ਤੁਰਨਾ। ਕੁਦਰਤੀ ਮੇਰੇ ਅੰਦਰ ਉਸ ਨਾਲ ਹੋਰ ਨਫ਼ਰਤ ਵਧ ਗਈ। ਪਰ ਮੈਂ ਕਰ ਕੀ ਸਕਦਾ ਸਾਂ ਮੇਰਾ ਹੋਰ ਹੈ ਕੌਣ ਸੀ ?

ਸਵੇਰੇ-ਸਵੇਰੇ ਰੋਟੀ ਖਾ ਕੇ ਫਿਰ ਤੁਰ ਪਏ। ਇਥੋਂ ਬਾਰਾਂ ਚੌਦਾਂ ਮੀਲ ਪੈਂਡਾ ਮਜੀਠਾ ਸੀ। ਉਥੋਂ ਬੰਬੂਕਾਟ ਫੜਿਆ ਅੰਮ੍ਰਿਤਸਰ ਪਹੁੰਚੇ। ਗੱਡੀ ਚੜ੍ਹ ਕੇ ਲਾਹੌਰ ਚਲੇ ਗਏ।

ਜਿੱਥੇ ਉਹ ਰਹਿੰਦਾ ਲਾਹੌਰ ਦਾ ਵਿਕਾਰ ਸੀ। ਗੁਰਦੁਆਰਾ ਸੀ ਇਤਿਹਾਸਕ। ਚਾਰ ਚੁਫੇਰੇ ਖੁਲ੍ਹਾ ਥਾਂ। ਪਿਛਲੇ ਪਾਸੇ ਸੱਤ ਅੱਠ ਨਿੱਕੇ-ਨਿੱਕੇ ਕਵਾਟਰ। ਗੁਰਦੁਆਰੇ ਸਾਹਮਣੇ ਗੁਜਰ ਤੇ ਉਹਨਾਂ ਦੀਆਂ ਮੱਝਾਂ। ਬਾਬਾ ਰਾਤ ਨੂੰ ਆ ਕੇ ਇਕ ਚਰਖਾ ਬਣਾਉਂਦਾ ਰਹਿੰਦਾ। ਵਿਆਹ ਕਰਾਉਣ ਦੇ ਸ਼ੌਕ ਵਿਚ। ਉਹਦੀ ਕੋਠੜੀ ਮਸਾਂ ਉਹਦੇ ਜੋਗੀ ਸੀ। ਮੈਂ ਨਾਲ ਦੀ ਕੋਠੜੀ ਵਿਚ ਸੌਂ ਰਹਿਣਾ। ਉਹ ਮੈਨੂੰ ਕੰਮ ਉਤੇ ਨਹੀਂ ਸੀ ਖੜਦਾ। ਨਾ ਕੋਈ ਗੱਲ-ਬਾਤ ਕਰਦਾ। ਰੋਟੀ ਪਕਾਉਂਦਾ ਮੈਨੂੰ ਖਵਾ ਦਿੰਦਾ। ਮੈਂ ਦਿਨੇ ਉਸ ਗੁਰਦੁਆਰੇ ਦੇ ਲਾਗੇ-ਚਾਗੇ ਖੇਡਦਾ ਰਹਿੰਦਾ। ਥੋੜ੍ਹਾ ਬਾਹਰ ਗੁਜਰਾਂ ਨੂੰ ਮੱਝਾਂ ਸਾਂਭਦਿਆਂ ਨੂੰ ਵੇਖੀ ਜਾਂਦਾ। ਇਕ ਦਿਨ ਝਾਤ ਮਾਰੀ। ਗੁਜਰਾਂ ਨੇ ਮੱਝ ਦੀ ਪੂਛ ਬਾਂਹ ਸਣੇ ਉਸ ਦੀ ਯੋਨੀ ਵਿਚ ਦਿਤੀ ਹੋਈ ਸੀ। ਗੁਜਰੀ ਮੱਝ ਚੋ ਰਹੀ ਸੀ। ਮੱਝ ਖ਼ਾਮੋਸ਼ ਖਲੋਤੀ ਸੀ। ਮੈਂ ਹੈਰਾਨ ਹੋ ਕੇ ਵੇਖਦਾ ਰਿਹਾ, ਪਰ ਮੈਨੂੰ ਕੋਈ ਸਮਝ ਨਾ ਆਈ। ਨਾ ਕੋਈ ਮੇਰੇ ਦਿਮਾਗ਼ ਉਤੇ ਅਸਰ ਪਿਆ।

ਇਕ ਹਫ਼ਤਾ ਇਸ ਤਰ੍ਹਾਂ ਲੰਘ ਗਿਆ। ਮੈਂ ਬੜਾ ਓਦਰ ਗਿਆ। ਪਿਉ ਨੂੰ ਯਾਦ ਕਰਕੇ, ਬਾਬੇ ਨੂੰ ਯਾਦ ਕਰਕੇ ਰੋਇਆ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰਕਾਲਾਂ ਨੂੰ ਨਾਲ ਲਿਆਉਣ ਵਾਲੇ ਬਾਬੇ ਨੂੰ ਆਖਿਆ—ਬਾਬਾ ਜੀ, ਮੈਂ ਡੇਰੇ ਜਾਣਾ ਹੈ, ਮੈਨੂੰ ਪੈਸੇ ਦਿਉ ਮੇਰਾ ਜੀਅ ਨਹੀਂ ਲਗਦਾ।...ਉਸ ਨੇ ਮੈਨੂੰ ਇਕ ਰੁਪਿਆ ਦਿਤਾ। ਕਹਿਣ ਲਗਾ—ਬਟਾਲੇ ਦੀ ਅੱਧੀ ਟਿਕਟ ਲਗੇਗੀ। ਉਥੋਂ ਬੰਬੂਕਾਟ ਵਿਚ ਬਹਿ ਕੇ ਘਰ ਚਲਾ ਜਾਈਂ। ਸਵੇਰੇ ਟੇਸ਼ਨ ਤੇ ਚਲਿਆ ਜਾਈਂ।.. ਮੈਨੂੰ ਸਟੇਸ਼ਨ ਦਾ ਸਿੱਧਾ ਰਾਹ ਸਮਝਾ ਦਿਤਾ।

ਮੈਂ ਉਸ ਦੇ ਦੱਸੇ ਮੁਤਾਬਕ ਗੱਡੀ ਵੜ ਕੇ ਬਟਾਲਿਉਂ ਬੰਬੂਕਾਟ ਫੜ ਕੇ ਘਰ ਪਹੁੰਚਾ ਗਿਆ। ਭਾਬੀ ਨੇ ਮੈਨੂੰ ਵੇਖ ਕੇ ਮੱਥੇ ਵੱਟ ਪਾਏ। ਮੇਰੇ ਭੈਣ-ਭਰਾ ਮੈਨੂੰ ਚੰਬੜ ਗਏ। ਸਾਰੀ ਗੱਲ ਭਾਬੀ ਨੂੰ ਦੱਸ ਦਿਤੀ—ਅੱਛਾ, ਸਾਡੀ ਕਿਸਮਤ।...ਕਹਿ ਕੇ ਚੁਪ ਕਰ ਗਈ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

# ਅੰਮ੍ਰਿਤਸਰ

ਥੋੜ੍ਹੇ ਦਿਨਾਂ ਬਾਅਦ ਚਾਚਾ ਗਿਆਨ ਸਿੰਘ ਆਇਆ। ਉਹ ਮੈਨੂੰ ਅੰਮ੍ਰਿਤਸਰ ਲੈ ਗਿਆ। ਜਿਹੜੇ ਖੂਹ ਵਿਚ ਅਡਵਾਇਰ ਦੇ ਸਮੇਂ ਛਾਲਾਂ ਮਾਰ ਕੇ ਭਾਰਤੀ ਸ਼ਹੀਦ ਹੋਏ ਸਨ। ਉਸ ਪਾਸੇ ਦੇ ਦਰਵਾਜ਼ੇ ਵਾਲੀ ਨੀਵੀਂ ਗਲੀ ਦੇ ਇਕ ਚਬਾਰੇ ਵਿਚ ਅਸੀਂ ਰਹਿੰਦੇ ਸਾਂ। ਥੱਲੇ ਘਰ ਦੇ ਮਾਲਕ ਅਧਖੜ ਸਾਧ ਕਿਸਮ ਦਾ ਜੋੜਾ। ਬੱਚਾ ਉਹਨਾਂ ਦਾ ਕੋਈ ਨਹੀਂ ਸੀ। ਚਾਚੀ ਦੇ ਕੁਛੜ ਕੁੜੀ ਸੀ। ਇਕੋ ਕਮਰਾ ਬਾਹਰ ਬਰਾਂਡੇ ਵਿਚ ਰਸੋਈ।

ਚਾਚਾ ਮੈਨੂੰ ਕੰਮ ਉਤੇ ਲੈ ਜਾਂਦਾ। ਜੇ ਉਥੋਂ ਮੈਨੂੰ ਚਾਰ ਛੇ ਆਨੇ ਰੋਜ਼ ਮਿਲਦੇ, ਮੈਂ ਕੰਮ ਉਤੇ ਚਲਿਆ ਜਾਂਦਾ। ਜੇ ਪੈਸੇ ਨਾ ਮਿਲਦੇ ਫਿਰ ਮੈਂ ਕਪੜਾ ਮਾਰਕੀਟ ਵਿਚੋਂ ਦੋ-ਦੋ ਪੈਸਿਆਂ ਦੇ ਕਪੜੇ ਦੀਆਂ ਗੰਡਾਂ ਉਤੇ ਪਤਰੀਆਂ ਨਾਲ ਜਿਹੜੀਆਂ ਲੱਕੜ ਦੀਆਂ ਚਪਟੀਆਂ ਬੰਨ੍ਹੀਆਂ ਹੁੰਦੀਆਂ ਸਨ। ਦੁਕਾਨਾਂ ਤੋਂ ਪੁਛ ਪੁਛ ਕੇ ਖ਼ਰੀਦ ਲਿਆਉਣੀਆਂ। ਉਹਨਾਂ ਦੀਆਂ ਨਿੱਕੀਆਂ-ਨਿੱਕੀਆਂ ਖੜਾਵਾਂ ਬਣਾ ਕੇ ਲੋਹੇ ਵਾਲੇ ਬਾਜ਼ਾਰ ਵਿਚ ਇਕ ਹੱਟੀ ਉਤੇ ਦੇ ਆਉਣੀਆਂ। ਬਾਰਾਂ ਆਨੇ ਕੌੜੀ। ਚਾਰ ਆਨੇ ਦੀਆਂ ਚਪਟੀਆਂ ਹੁੰਦੀਆਂ ਅੱਠ ਆਨੇ ਬਚ ਜਾਣੇ, ਚਾਚੀ ਨੂੰ ਦੇ ਦੇਣੇ। ਜੇ ਕੋਈ ਕੰਮ ਨਾ ਕਰਨਾ ਤਾਂ ਵੀ ਚਾਚੇ ਨੇ ਕੁਝ ਨਾ ਕਹਿਣਾ। ਚਾਚੀ ਦੀ ਸ਼ਿਕਾਇਤ ਵੀ ਮੇਰੇ ਬਾਰੇ ਨਾ ਸੁਣਨੀ। ਨਾਲ ਦੇ ਘਰ ਮੇਰਾ ਫੁਫੜ ਜਗਤ ਸਿੰਘ ਰਹਿੰਦਾ ਸੀ। ਉਹਨਾਂ ਦੇ ਵੱਡੇ ਭਰਾ ਅਰਜਨ ਸਿੰਘ ਦੀ ਮਲਕਾਂ ਦੇ ਬੁੱਤ ਦੇ ਪਿਛਲੇ ਪਾਸੇ ਬਾਜ਼ਾਰ ਵਿਚ ਨਵੇਂ ਤਾਂਗੇ ਬਣਾਉਣ ਦੀ ਦੁਕਾਨ ਸੀ। ਵਿਚ ਇਕ ਖੂਹ ਸੀ। ਉਸ ਵਿਚ ਉਹ ਤਾਂਗ ਦੀਆਂ ਬੰਬਾਂ ਸੁੱਟ ਦਿੰਦਾ। ਜਦ ਉਹ ਨਰਮ ਹੋ ਜਾਂਦੀਆਂ ਫਿਰ ਨਿੱਕੀ ਅੱਗ ਬਾਲ ਕੇ ਰੱਸੀਆਂ ਬੰਨ੍ਹ ਕੇ ਉਹਨਾਂ ਬੰਬਾਂ ਦੇ ਅਗਲੇ ਸਾਪੇ ਨੂੰ ਲਵਾਉਂਦਾ ਜਿਸ ਨਾਲ ਘੋੜਾ ਬੰਬਾਂ ਤੋਂ ਨਿਕਲ ਨਹੀਂ ਸੀ ਸਕਦਾ। ਮੈਂ ਉਸ ਕੋਲ ਵੀ ਦਿਲ ਕਰਦਾ ਚਲਿਆਂ ਜਾਂਦਾ, ਉਹ ਮੈਨੂੰ ਕੰਮ ਨਾ ਦੱਸਦਾ ਪੈਸਾ ਦੋ ਪੈਸੇ ਖਰਚਣ ਨੂੰ ਦਿੰਦਾ। ਨਵੇਂ ਬਣੇ ਟਾਂਗੇ ਦੀ ਟਰਾਈ ਵੇਲੇ ਮੈਂ ਤਾਂਗੇ ਤੇ ਚੜ੍ਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਹਿੰਦਾ । ਮਲਕਾਂ ਦੇ ਬੁੱਤ ਸਾਹਮਣੇ ਇਕ ਅੰਨ੍ਹਾਂ ਮੰਗਤਾ ਬਹਿੰਦਾ ਸੀ । ਉਹ ਵਕਤ-ਵਕਤ ਤੇ ਵੱਖਰੀ ਤਰ੍ਹਾਂ ਪੈਸੇ ਮੰਗਦਾ । ਸਵੇਰੇ ਕਹਿੰਦਾ— ਯਾ ਅੱਲਾ ਕੋਈ ਚਾਹ ਕੁਲਚਾ ਖਵਾ ਦੇਵੇ ।...ਦੁਪਹਿਰ ਨੂੰ ਕਹਿੰਦਾ—ਯਾ ਅੱਲਾ ਕੋਈ ਗੋਸ਼ਤ ਰੋਟੀ ਖਵਾ ਦਿਉ ।...ਲੌਢੇ ਵੇਲੇ ਕਹਿੰਦਾ– ਯਾ ਅੱਲਾ ਕੋਈ ਨਾਨ ਖਵਾ ਦਿਉ ।...ਮੈਨੂੰ ਉਸ ਦੀ ਲੈ ਬੜੀ ਪਿਆਰੀ ਲਗਦੀ । ਰਸਤਾ ਕੱਟ ਕੇ ਉਸ ਲਾਗੋਂ ਲੰਘਦਾ ।

ਗਰਮੀਆਂ ਵਿਚ ਕੁਝ ਗਲੀ ਦੇ ਮੁੰਡੇ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਨਹਾਉਂਦੇ ਰਹਿੰਦੇ । ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਾਲੀ ਕੰਧ ਨਾਲ ਮੰਗਤੇ ਮੰਗਤੀਆਂ ਬੈਠੇ ਹੁੰਦੇ । ਕੰਧਾਂ ਉਤੇ ਰਮਾਇਣ ਅਤੇ ਮਹਾਂਭਾਰਤ ਤੇ ਹਿੰਦ ਮਿਥਹਾਸ ਦੀਆਂ ਰੰਗ ਬਰੰਗੀਆਂ ਤਸਵੀਰਾਂ ਬਣੀਆਂ ਹੁੰਦੀਆਂ । ਅਸਾਂ ਉਹ ਬੜੇ ਚਾਅ ਨਾਲ ਵੇਖਣੀਆਂ । ਸਾਨੂੰ ਰਾਵਣ ਤੇ ਰਾਮ ਦੀ ਲੜਾਈ, ਪ੍ਰਹਿਲਾਦ ਤੇ ਹਰਨਾਕਸ਼ ਦਾ ਕਿੱਸਾ, ਭੀਮ ਸੈਨ ਦੀ ਲੜਾਈ, ਹੋਰ ਵੱਖੋ-ਵੱਖਰੇ ਮੂੰਹਾਂ ਵਾਲੇ ਦੇਵਤੇ ਬੜੇ ਚੰਗੇ ਲਗਦੇ । ਹਰਿਮੰਦਰ ਸਾਹਿਬ ਤੋਂ ਤਿੰਨ ਵਾਰੀ ਪ੍ਰਸਾਦ ਲੈਣ ਜਾਣਾ, ਜੋ ਕੜਾਹ ਹੁੰਦਾ ।

ਅੰਮ੍ਰਿਤਸਰ ਹੀ ਮੈਂ ਜੈਤੋ ਨੂੰ ਜਾਂਦੇ ਜਥੇ ਬੜੇ ਉਚੇਚੇ ਤੌਰ ਤੇ ਜਾ ਕੇ ਵੇਖਣਾ । ਮੇਰੇ ਅੰਦਰ ਜਾਣ ਦਾ ਮਨ ਬਣ ਜਾਂਦਾ । ਚਾਚਾ ਮਨ੍ਹਾ ਕਰ ਦਿੰਦਾ । ਘੰਟਾ ਘਰ ਦੇ ਚਾਰ ਚੁਫੇਰੇ ਦੁਪਹਿਰ ਤਕ ਰੌਣਕ ਰਹਿੰਦੀ । ਕੁਲਫੀਆਂ ਫਲੂਦਾ, ਭੱਲੇ ਪਕੌੜੀਆਂ, ਕੜਾਹ ਪੂੜੀ, ਛੋਲੇ ਕੁਲਚੇ, ਵੰਨ ਸੁਵੰਨੇ ਪਕੌੜੇ ਅਤੇ ਹੋਰ ਕਈ ਕੁਝ ਦੀਆਂ ਛਾਬੜੀਆਂ ਲੱਗੀਆਂ ਰਹਿੰਦੀਆਂ । ਬੜੀ ਭੀੜ ਰਹਿੰਦੀ । ਇਕ ਠਾਣੇ ਦੀ ਚੌਂਕੀ ਬੜੇ-ਬੜੇ ਉੱਚੇ-ਉੱਚੇ ਮੁਸਲਮਾਨ ਸਿਪਾਹੀ ਫਿਰਦੇ ਦਿਸਦੇ । ਬਾਜ਼ਾਰ ਵਲ ਮੂੰਹ ਕਰਕੇ ਦੋ ਚਾਰ ਕਿੱਸੇ ਵੇਚਣ ਵਾਲੇ ਹੁੰਦੇ । ਬੜੇ ਸ਼ੌਕ ਨਾਲ ਸੁਣਦਾ । ਇਕ ਕਿੱਸਾਕਾਰ ਬੋਲਦਾ—ਜੈਤੋ ਨੂੰ ਨਾ ਜਾਵੀਂ ਵੀਰ ਵੇ, ਭੈਣੇ ਨੀਂ ਮੈਂ ਜੈਤੋ ਨੂੰ ਜ਼ਰੂਰ ਜਾਵਾਂਗਾ ।...ਦੂਜਾ ਬੋਲਦਾ—ਜਲਿਆਂ ਵਾਲਿਆ ਸ਼ਹੀਦਾ ਮੁਖੋਂ ਤੇ ਬੋਲ ।...ਹੋਰ ਇਕ ਚਟਾ-ਪਟਾ ਕਿੱਸਾਕਾਰ ਬੋਲਦਾ – ਫਿੱਟੇ ਮੂੰਹ ਰੰਨ ਲੜਾਕੀ ਤੈਨੂੰ ਚੱਜ ਨਾ ਹਾਂਡੀ ਰੋਟੀ ਦਾ ਕਿਸ ਤਰ੍ਹਾਂ ਮਸਾਲਾ ਘੋਟੀ ਦਾ ਹੋ ਦਫਾ ਤੇ ਚਾ ਲੈ ਕਾਕੀ ਨੂੰ ।...ਮੈਨੂੰ ਇਹਨਾਂ ਕਿੱਸਿਆਂ ਦੇ ਕਈ-ਕਈ ਬੰਦ ਯਾਦ ਹੋ ਗਏ । ਜੈਤੋ ਜਾਂਦਿਆਂ ਕਰਕੇ ਸ਼ਹਿਰ ਵਿਚ ਬੜਾ ਉਬਾਹਰ ਹੁੰਦਾ । ਲੋਕ ਬੜਾ ਸਲਾਉਂਦੇ ਸਨ । ਭਾਵੇਂ ਉਹ ਕਿਸੇ ਧਰਮ ਮਜ਼੍ਹਬ ਦੇ ਹੁੰਦੇ । ਸਿੱਖਾਂ ਦੀ ਬੜੀ ਇੱਜ਼ਤ ਕਰਦੇ ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਚਾਚੀ ਨੇ ਮੈਨੂੰ ਬਦੋ-ਬਦੀ ਕੁੜੀ ਚੁਕਾਉਣੀ। ਉਹਦਾ ਨਾਂ ਜੀਤੋ ਸੀ। ਮੈਂ ਬਾਹਰ ਖੜ ਕੇ ਉਸ ਨੂੰ ਦੋ ਤਿੰਨ ਚਪੇੜਾਂ ਮਾਰ ਕੇ ਰਵਾਉਣਾ, ਘਰ ਲਿਆ ਕੇ ਚਾਚੀ ਨੂੰ ਫੜਾ ਦੇਣੀ। ਸਿਆਲ ਵਿਚ ਅਸਾਂ ਅੰਦਰ ਸੌਣਾਂ। ਚਾਚੀ ਚਾਚੇ ਤੇ ਮੈਂ ਵੀ। ਰਾਤ ਨੂੰ ਮੇਰੀ ਕੋਈ ਪ੍ਰਵਾਹ ਕੀਤੇ ਤੋਂ ਬਿਨਾਂ ਚਾਚੇ ਨੇ ਚਾਚੀ ਨੂੰ ਘੇਰੀ ਰੱਖਣਾ। ਚਾਚੀ ਨੇ ਕਈ ਵਾਰੀ ਹੌਲੀ-ਹੌਲੀ ਹੱਸਣਾ। ਮੈਂ ਜਾਗਦੇ ਨੇ ਸੁਣਦੇ ਰਹਿਣਾ। ਮੇਰੇ ਤੇ ਕੋਈ ਅਸਰ ਨਾ ਹੋਣਾ। ਨਾ ਮੈਂ ਇਸ ਬਾਰੇ ਕੁਝ ਸੋਚਦਾ।

ਇਕ ਮੁੰਡਾ ਜੋ ਮੇਰਾ ਯਾਰ ਸੀ। ਆਪਣੀ ਮੰਜ਼ਿਲ ਦੀ ਕੰਧ ਟੱਪ ਕੇ ਫੁਫੜ ਜਗਤ ਸਿੰਘ ਦੇ ਘਰ ਦੀ ਮੰਜ਼ਿਲ ਉਤੇ ਗਏ। ਮੁੱਘ ਖੋਹਲਿਆ। ਪੱਗ ਥੱਲੇ ਲਮਕਾਈ। ਉਤੋਂ ਉਸ ਨੇ ਫੜੀ ਰੱਖੀ। ਮੈਂ ਥੱਲੇ ਉਤਰਿਆ। ਫੁਫੜ ਦਾ ਕੋਟ ਟੰਗਿਆ ਪਿਆ ਸੀ। ਉਸ ਵਿਚੋਂ ਇਕ ਰੁਪਿਆ ਕੱਢਿਆ ਤੇ ਪੱਗ ਰਾਹੀਂ ਉਤੇ ਆ ਗਿਆ। ਮੁੱਘ ਬੰਦ ਕਰਕੇ ਮੁੜ ਆਪਣੇ ਘਰ ਆ ਕੇ ਬਾਜ਼ਾਰ ਚਲੇ ਗਏ। ਚਾਚੀ ਕਿਤੇ ਗਈ ਹੋਈ ਸੀ। ਪਹਿਲਾਂ ਘੰਟੇ ਘਰੋਂ ਦੋ ਕੁਲਫੀਆਂ ਖਾਧੀਆਂ ਫਿਰ ਗੁਲਗਲੇ ਖਾਧੇ, ਮੁੜ ਕੁਲਚੇ ਛੋਲੇ। ਸਾਡਾ ਢਿੱਡ ਭਰ ਗਿਆ। ਯਾਰਾਂ ਆਨੇ ਬਚ ਗਏ। ਰੱਖਣ ਲਈ ਕੋਈ ਥਾਂ ਨਾ। ਆਪਣਿਆਂ ਮਕਾਨਾਂ ਪਿੱਛੇ ਖਾਲੀ ਨਿੱਕਾ ਜਿਹਾ ਮੈਦਾਨ ਸੀ। ਉਥੇ ਕੰਧ ਲਾਗੇ ਖੁੱਤੀ ਪੁੱਟ ਕੇ ਯਾਰਾਂ ਆਨੇ ਰੱਖ ਦਿਤੇ। ਉਤੋਂ ਮਿੱਟੀ ਪਾ ਕੇ ਮੂਤ ਦਿਤਾ। ਉਸ ਮੈਦਾਨੋਂ ਹੀ ਅਸਾਂ ਇਕ ਵਾਰੀ ਚਹੁੰ ਮੁੰਡਿਆਂ ਨੇ ਹਰੀ ਭੰਗ ਤੋੜੀ ਘੋਟੀ ਮਿੱਠਾ ਕੇ ਪੀਤੀ। ਸਾਨੂੰ ਕੁਝ ਨਾ ਹੋਇਆ ਸਗੋਂ ਦਿਲ ਖ਼ਰਾਬ ਹੋ ਗਿਆ।

ਚਾਚੀ ਗੁਰਦੁਆਰੇ ਦੀ ਚਾਚੀ ਨਾਲੋਂ ਬਹੁਤੀ ਪ੍ਰੇਮਣ ਸੀ। ਇਕ ਵਾਰੀ ਮੱਸਿਆ ਨੂੰ ਚੌਂਕੀ ਸਾਹਿਬ ਨਾਲ ਤੁਰਦੇ ਤਰਨ ਤਾਰਨ ਗਏ। ਰਸਤੇ ਵਿਚ ਕਈਆਂ ਗੁਰਦੁਆਰਿਆਂ ਤੋਂ ਲੰਗਰ ਛਕਦੇ ਗਏ। ਇਕ ਥਾਂ ਚੌਂਕੀ ਵਾਲਿਆਂ ਆਖਿਆ—ਸਾਰੀ ਸੰਗਤ ਕੱਠੀ ਹੋ ਜਾਏ ਬੀਬੀਆਂ ਅੱਗੇ ਆ ਜਾਣ ਏਥੇ ਦੋ ਮੀਲ ਰਸਤਾ ਬੜਾ ਖ਼ਤਰਨਾਕ ਹੈ, ਲੁਟੇਰੇ ਪੈਂਦੇ ਹਨ। ਅਸੀਂ ਸਹਿਮ ਕੇ ਤੁਰਕੀ ਚਾਲੇ ਉਹ ਪੈਂਡਾ ਕੱਟਿਆ। ਤਰਨ ਤਾਰਨ ਪਹੁੰਚੇ ਜੀਤੋ ਨੂੰ ਮੈਂ ਚੁਕਿਆ। ਚਾਚੀ ਨੇ ਇਸ਼ਨਾਨ ਕੀਤਾ। ਮੱਥਾ ਟੇਕਿਆ। ਸਟੇਸ਼ਨ ਤੇ ਆਏ। ਗੱਡੀ ਚੜ੍ਹ ਕੇ ਘਰ ਪਹੁੰਚ ਗਏ।

ਅੰਮ੍ਰਿਤਸਰ ਦਾ ਇਹ ਇਕ ਸਾਲ ਦਾ ਸਮਾਂ ਸੀ। ਅੰਮ੍ਰਿਤਸਰ ਚਾਚੇ ਨੂੰ ਮੇਰੇ ਫੁਫੜ ਜਗਤ ਸਿੰਘ ਨੇ ਲਿਆਂਦਾ ਸੀ। ਇਸ ਫੁਫੜ ਨੂੰ ਹੀ ਭੂਆ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਈ ਮੇਰੇ ਭਾਈਏ ਨੇ ਸਹੇੜਿਆ ਸੀ। ਇਥੇ ਰਹਿੰਦਿਆਂ ਹੋਇਆਂ ਮੈਂ ਇਕ ਵਾਰੀ ਡੇਰੇ ਭੈਣ, ਭਰਾ ਤੇ ਭਾਬੀ ਨੂੰ ਮਿਲਣ ਗਿਆ। ਦੂਜੀ ਵਾਰੀ ਇਹਨਾਂ ਨੂੰ ਮਿਲਣ ਨਾਨਕੇ ਅਠਵਾਲੀਂ ਗਿਆ। ਮਾਮਾ ਫੌਜਾ ਸਿੰਘ ਆਇਆ ਹੋਇਆ ਸੀ। ਉਹ ਹੁਣ ਫੌਜੀ ਐਮ. ਟੀ. ਵਿਚ ਭਰਤੀ ਹੋ ਗਿਆ ਸੀ। ਮਕੈਨਿਕਾਂ ਵਿਚ। ਉਸ ਨੇ ਮੈਨੂੰ ਅੱਠ ਮੀਲ ਤੋਰ ਕੇ ਕਿਲਾ ਨਹਿਰ ਤੇ ਆਂਦਾ। ਆਨਾਂ-ਆਨਾਂ ਦੇ ਕੇ ਬੰਬੂਕਾਟ ਉਤੇ ਬਟਾਲੇ ਪਹੁੰਚੇ, ਟਿਕਟ ਲੈ ਕੇ ਮੈਨੂੰ ਗੱਡੀ ਚੜ੍ਹਾ ਗਿਆ। ਬੰਬੂਕਾਟ ਦਾ ਆਨਾ ਤੇ ਅੰਮ੍ਰਿਤਸਰ ਦੀ ਦੋ ਆਨੇ ਦੀ ਟਿਕਟ ਉਸ ਨੇ ਮੈਥੋਂ ਲੈ ਲਏ ਸਨ। ਉਦੋਂ ਤੇ ਨਹੀਂ ਹੁਣ ਖ਼ਿਆਲ ਆਉਂਦਾ ਹੈ ਕਿ ਕਮਾਲ ਹੈ ਮਾਮੇ ਦਾ।

ਇਸ ਅਰਸੇ ਵਿਚ ਕੱਥੂ ਨੰਗਲ ਰੇਲਵੇ ਸਟੇਸ਼ਨ ਲਾਗੇ ਪਿੰਡ ਹੈ ਕੋਟਲਾ ਕਲਾ। ਗੋਤ ਦੇ ਸਰਦਾਰਾਂ ਰਾਮਗੜੀਆਂ ਦਾ। ਉਥੇ ਮੇਰੇ ਦਾਦੀ ਜੀ ਦੇ ਪੇਕੇ ਸਨ। ਦਾਦੀ ਜੀ ਦੋ ਭੈਣਾਂ ਹੀ ਸਨ। ਸਕਾ ਭਰਾ ਕੋਈ ਨਹੀਂ ਸੀ। ਨਿੱਕੀ ਭੈਣ ਗਲੀ ਬਾਬਾ ਅਟਲ ਸਾਹਿਬ ਵਿਚ ਰਹਿੰਦੀ। ਜ਼ਮੀਨ ਜਿਹੜੀ ਇਹਨਾਂ ਭੈਣਾਂ ਨੂੰ ਆਉਂਦੀ ਸੀ ਇਹਨਾਂ ਲਈ ਨਹੀਂ ਸੀ ਚਾਚੇ ਤਾਇਆਂ ਦੇ ਪੁਤਰ ਭਰਾਵਾਂ ਨੂੰ ਦੇ ਦਿਤੀ ਸੀ। ਮਾਪੇ ਮਰ ਚੁਕੇ ਸਨ। ਉਥੇ ਇਕ ਵਿਆਹ ਸੀ ਮੈਂ ਗਿਆ। ਚਾਚਾ ਗਿਆਨ ਨਹੀਂ ਗਿਆ। ਡੇਰੇ ਤੋਂ ਮੇਰੀ ਭਾਬੀ ਮੇਰਾ ਭਰਾ, ਭੈਣ ਅਤੇ ਵੱਡਾ ਚਾਚਾ ਭਗਵਾਨ ਸਿੰਘ ਉਸ ਦਾ ਜੇਠਾ ਲੜਕਾ ਤੇ ਇਕ ਕੁੜੀ ਚਾਚੀ ਸਣੇ ਆਏ ਹੋਏ ਸਨ। ਦਾਦੀ ਤੇ ਇਕ ਭੂਆ। ਕੱਲੇ ਜਸਵਾਲੀਆਂ ਦੀ ਬੜੀ ਇੱਜ਼ਤ ਕਰਦੇ ਸਨ।

ਜੰਞ ਛੱਜਲ ਵੱਡੀ ਵਾਲੇ ਸਰਦਾਰਾਂ ਦੇ ਘਰ ਢੁੱਕਣੀ ਸੀ। ਸਵੇਰੇ ਜੰਞ ਗੜਬੇਲਾਂ, ਘੋੜਿਆਂ, ਸਾਈਕਲਾਂ ਉਤੇ ਤੁਰੀ। ਬੜੇ ਠਾਠ ਦੀ ਜੰਞ। ਅੰਮ੍ਰਿਤਸਰ ਦੇ ਬਾਹਰ-ਬਾਹਰ ਜੰਞ ਰਖੇੜਾਂ ਕਰਦੀ ਸ਼ਾਮ ਨੂੰ ਛੱਜਲਵੱਡੀ ਦੇ ਰਾਮਗੜੀਆਂ ਸਰਦਾਰਾਂ ਦੇ ਢੁਕੀ। ਦੋਹਾਂ ਕੁੜਮਾਂ ਦੀ ਜ਼ਮੀਨ ਬਥੇਰੀ ਸੀ। ਰਾਤ ਦੀ ਰੋਟੀ ਕਮਾਲ ਦੀ। ਚਾਰ ਚੁਫੇਰਿਉਂ ਲੋਕ ਵਿਆਹ ਵੇਖਣ ਆਏ ਹੋਏ ਸਨ। ਆਤਸ਼ਬਾਜ਼ੀ ਤਿੰਨ ਚਾਰ ਘੰਟੇ ਚਲਦੀ ਰਹੀ। ਦੂਜੇ ਦਿਨ ਜੰਞ ਰਹੀ। ਭੰਡ, ਇਕ ਕੰਜਰੀ ਅਤੇ ਇਕ ਸਾਰੰਗੀ ਵਾਲੇ ਨਚਾਏ। ਸਾਰਿਆਂ ਨੇ ਮੇਲਾ ਲਾਈ ਰਖਿਆ। ਦੂਜੀ ਰਾਤ ਵੀ ਜੰਞ ਰਹੀ। ਤੀਜੇ ਦਿਨ ਜੰਞ ਲੌਢੇ ਵੇਲੇ ਜਿਹੇ ਤੋਰੀ। ਰਾਤ ਅੰਮ੍ਰਿਤਸਰ ਪੈ ਗਈ। ਹਾਲ ਦਰਵਾਜ਼ੇ ਲਾਗੇ ਜਿਹੜਾ ਸਿਨੇਮਾ ਚਿੱਤਰਾ ਟਾਕੀਜ਼ ਹੈ ਇਹਦਾ ਨਾਂ ਉਦੋਂ ਮਾਣਾ ਸਿੰਘ ਦਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਡੂਆ ਹੁੰਦਾ ਸੀ। ਮਾਣਾ ਸਿੰਘ ਨੇ ਰਾਤ ਜੰਞ ਸਾਂਭੀ। ਇਹਨਾਂ ਦਾ ਰਿਸ਼ਤੇਦਾਰ ਸੀ ਉਹ। ਸਾਰੀ ਜੰਞ ਨੂੰ ਮੰਡੂਆ ਦਿਖਾਇਆ। ਅੰਗਰੇਜ਼ੀ ਫ਼ਿਲਮ ਸੀ। ਸਾਰੇ ਬੜੇ ਚਾਅ ਨਾਲ ਵੇਖਦੇ, ਮੈਂ ਪਹਿਲੀ ਵਾਰੀ ਸਿਨੇਮਾ ਵੇਖਿਆ।

ਦਿਨੇ ਜੰਞ ਕੋਟਲੇ ਪਹੁੰਚ ਗਈ। ਅਗਲੀ ਸਵੇਰ ਅਸੀਂ ਦਾਦੀ ਨੂੰ ਛੱਡ ਕੇ ਪੈਦਲ ਸਿੱਧੇ ਫਤਹਿਗੜ੍ਹ ਚੂੜੀਆਂ ਨੂੰ ਹੋ ਗਏ। ਹਨੇਰਾ ਸਾਨੂੰ ਪਿੰਡ ਭੋਗੇ ਵਡਾਲੇ ਹੋ ਗਿਆ। ਲਾਗੇ ਨਹਿਰ ਵਗਦੀ। ਇਥੇ ਨੌਂ ਦਸ ਚੇਤਰ ਨੂੰ ਬਾਬੇ ਰੋਡੇ ਦਾ ਮੇਲਾ ਲਗਦਾ ਸੀ। ਸ਼ਰਾਬ ਦਾ ਚੜ੍ਹਾਵਾ ਚੜ੍ਹਦਾ ਅਤੇ ਸ਼ਰਾਬ ਦਾ ਪ੍ਰਸ਼ਾਦ ਮਿਲਦਾ ਹੈ। ਪੁਲਿਸ ਉਸ ਦਿਨ ਕਿਸੇ ਨੂੰ ਨਹੀਂ ਫੜਦੀ ਨਦਰ ਮਾਰਕਾ ਖ਼ੂਬ ਚਲਦੀ। ਉਥੇ ਇਕ ਰਿਸ਼ਤੇਦਾਰ ਦੇ ਰਾਤ ਕੱਟੀ ਅਤੇ ਦਿਨ ਫਤਹਿਗੜ੍ਹ ਚੂੜੀਆਂ ਪਹੁੰਚ ਗਏ। ਇਥੇ ਮੇਰੇ ਵੱਡੇ ਚਾਚਾ ਜੀ ਭਗਵਾਨ ਸਿੰਘ ਦੇ ਸਹੁਰੇ ਨੇ। (ਹੁਣ ਮੇਰੇ ਵੀ ਉਥੇ ਨੇ) ਅਗਲੇ ਦਿਨ ਸਵੇਰੇ ਉਥੋਂ ਤਿੰਨ ਰੁਪਏ ਦਾ ਬੰਬੂਕਾਟ ਕਰ ਲਿਆ ਡੇਰੇ ਬਾਬੇ ਨਾਨਕ ਦਾ। ਰਾਤ ਕੱਚਾ ਤੇ ਰੇਤਲਾ, ਘੋੜਾ ਮਾੜਾ। ਅਸੀਂ ਸਾਰੇ ਅੰਞਾਣੇ ਬਹਿ ਗਏ। ਹੋਰ ਬਹਿ ਜਾਂਦੇ ਕਦੀ ਉਤਰ ਜਾਂਦੇ। ਕਦੀ ਬੰਬੂਕਾਟ ਨੂੰ ਪਿਛੋਂ ਧੱਕਦੇ। ਇਸ ਤਰ੍ਹਾਂ ਵਖ਼ਤ ਵਿਚ ਤੁਰਦੇ ਅਸੀਂ ਦੋ ਤਿੰਨ ਵਜੇ ਡੇਰੇ ਪਹੁੰਚ ਗਏ। ਘੋੜੇ ਵਾਲੇ ਨੂੰ ਪੈਸੇ ਦਿਤੇ। ਰਾਤ ਘੋੜੇ ਸਣੇ ਰਹਿਣ ਲਈ ਮਹੀਂ ਵਾਲਾ ਵਿਖਾ ਦਿਤਾ।

ਅਸੀਂ ਆਪਣੀ ਕੋਠੜੀ ਵਿਚ ਅਜੇ ਲੰਘੇ ਹੀ ਸਾਂ ਕਿ ਗਲੀ ਵਿਚੋਂ ਇਕ ਜ਼ਨਾਨੀ ਛੋਹਲੀ-ਛੋਹਲੀ ਆਈ—ਨੀਂ ਹਰਨਾਮ ਕੌਰੇ ਚੰਗਾ ਹੋਇਆ ਤੂੰ ਆ ਗਈ। ਅਠਵਾਲਾਂ ਤੋਂ ਬੰਦਾ ਆਇਆ ਸੀ। ਭਾਬੀ ਘਬਰਾ ਕੇ ਬੋਲੀ—ਕੀ ਕਹਿੰਦਾ ਸੀ ?...ਉਸ ਜ਼ਨਾਨੀ ਨੇ ਕਿਹਾ—ਤੇਰੀ ਮਾਂ ਕਿਰਪੀ ਮਰ ਗਈ ਹੈ। ਕਹਿੰਦਾ ਸੀ ਹਲਕਾਏ ਕੁਤੇ ਨੇ ਵੱਢਿਆ ਸੀ ਹਲਕਾ ਕੁੱਦ ਗਿਆ।

ਭਾਬੀ ਰੋਣ ਪਿੱਟਣ ਲਗ ਪਈ। ਹੋਰ ਦੋ ਤਿੰਨ ਜਨਾਨੀਆਂ ਸਣੇ ਉਸੇ ਵੇਲੇ ਅਠਵਾਲਾਂ ਨੂੰ ਤੁਰ ਪਈਆਂ। ਸਾਰੇ ਹਾਹਾਕਾਰ ਮੱਚ ਗਈ।

ਨਾਨਾ ਮੇਰਾ ਪਹਿਲਾਂ ਮਰ ਚੁੱਕਾ ਸੀ। ਨਾਨੀ ਦਾ ਮਰਨਾ ਸਾਡੇ ਲਈ ਇਕ ਬਹੁਤ ਦੁਖਦਾਇਕ ਹਾਦਸਾ ਸੀ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕਲਕੱਤਾ

ਸਾਡੇ ਟੱਬਰ ਦੀ ਬਾਬੇ ਪਾਲਾ ਸਿੰਘ ਨਾਲ ਸੁਲਾਹ ਹੋ ਗਈ। ਅਸੀਂ ਸਾਰੇ ਉਹਨਾਂ ਕੋਲ ਕਲਕੱਤੇ ਗਏ। ਨਿੱਕਾ ਚਾਚਾ ਗਿਆਨ ਸਿੰਘ ਚਾਚੀ ਸਣੇ। ਹੁਣ ਚਾਚੀ ਦੇ ਕੁੱਛੜ ਇਕ ਲੜਕਾ ਸੀ। ਜੋਧ ਸਿੰਘ ਬੜਾ ਪਿਆਰਾ। ਮੈਂ ਉਸ ਨੂੰ ਬੜਾ ਖਿਡਾਉਂਦਾ। ਮੇਰੇ ਨਾਨਕਿਆਂ ਤੋਂ ਭਾਬੀ ਦੇ ਤਾਏ ਤੇ ਪੁੱਤ ਭਰਾ ਸਾਧੂ ਸਿੰਘ ਤੇ ਤੇਜਾ ਸਿੰਘ, ਮੇਰੀ ਮਾਂ ਦੇ ਨਾਨਕਿਆਂ ਵਲੋਂ ਮੇਰਾ ਇਕ ਮਾਸੜ ਅਰਲੀ ਭੰਨ ਦਾ ਮੋਤਾ ਸਿੰਘ ਵੀ ਉਥੇ ਸਨ। ਭਾਬੀ ਨੇ ਇਕ ਘੁਮਾ ਜ਼ਮੀਨ ਜਿਸ ਜੱਟ ਕੋਲੋਂ ਲਈ ਹੋਈ ਸੀ ਉਸ ਜੱਟ ਦਾ ਨਾਂ ਸੀ ਬੰਤਾ ਸਿੰਘ, ਇਹ ਕਲਕੱਤੇ ਚੌਂਕੀਦਾਰੀ ਕਰਦਾ ਸੀ।

ਕਲਕੱਤੇ ਰੇਲਵੇ ਦੇ ਮਾਲ ਦਾ ਸਟੇਸ਼ਨ ਸੀ ਸ਼ਾਲੀਮਾਰ। ਉਥੇ ਬਾਬੇ ਦਾ ਕਾਰਖਾਨਾ ਸੀ। ਬਾਹਰ ਇੰਜਣਾਂ ਦੇ ਮੂੰਹ ਫੇਰਨ ਵਾਲਾ ਟਰਨ ਟੇਬਲ। ਗੰਗਾ ਉਥੇ ਸਮੁੰਦਰ ਵਰਗੀ ਹੈ। ਬਹੁਤ ਚੌੜੀ ਤੇ ਡੂੰਘੀ। ਪੂਰਨਮਾਸ਼ੀ ਨੂੰ ਤੇ ਮਸਿਆ ਨੂੰ ਚੜ੍ਹਦੀ ਲਹਿੰਦੀ। ਪਾਰ ਖਿਦਰਪੁਰ ਵਿਚ ਬੰਗਾਲ ਨਾਗਪੁਰ ਰੇਲਵੇ ਦੇ ਆਫ਼ਿਸ ਸਨ। ਸ਼ਾਲੀਮਾਰ ਤੋਂ ਅੱਗੇ ਖੜਕ ਪੁਰ ਦੇ ਪਹਿਲੇ ਸਟੇਸ਼ਨ ਤਕ ਛੱਬੀ ਸਟੇਸ਼ਨ ਸਨ। ਉਹਨਾਂ ਦਾ ਕੰਮ ਵੀ ਬਾਬਾ ਜੀ ਕੋਲ ਸੀ। ਖਿਦਰਪੁਰ ਦਾ ਵੀ। ਨਵਾਂ ਪੁਰਾਣਾ ਕੰਮ। ਰੇਲਵੇ ਦੇ ਅਤੇ ਗੰਗਾ ਪਾਰ ਦੇ ਕਾਫੀ ਪਾਸ ਬਣੇ ਹੋਏ ਸਨ। ਕੁਝ ਇੰਟਰ ਕਲਾਸ ਦੇ ਬਾਕੀ ਤੀਜੇ ਦਰਜੇ ਦੇ ਪੱਕੇ ਪਾਸ।

ਕਾਰਖ਼ਾਨੇ ਵਿਚ ਦਫ਼ਤਰ ਦੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਕਮਰਾ ਸੀ। ਹਰ ਦਿਨ ਦਿਹਾੜੇ ਸਾਰੇ ਕਾਰੀਗਰ ਇਕੱਠੇ ਹੁੰਦੇ ਤੇ ਗੁਰਪੁਰਬ ਮਨਾਉਂਦੇ। ਚਾਚਾ ਤੇ ਉਥੇ ਮਿਸਤਰੀ ਬਣ ਗਿਆ ਬਾਹਰਲੇ ਕੰਮ ਦਾ। ਮੈਂ ਕੰਮ ਕਰਨ ਲਗ ਪਿਆ। ਅੱਠ ਆਨੇ ਰੋਜ਼ ਲਾ ਦਿਤੇ ਗਏ। ਰੋਟੀ ਚਾਚੇ ਨਾਲ ਖਾਂਦਾ ਸਾਂ। ਜੋਧ ਸਿੰਘ ਨੂੰ ਬਹੁਤ ਖਿਡਾਉਂਦਾ।

ਬਾਬਾ ਜੀ ਨੇ ਇਕ ਆਦਮੀ ਦੀ ਡਿਊਟੀ ਲਾ ਦਿਤੀ ਮੈਨੂੰ ਗੁਰਮੁਖੀ ਪੜ੍ਹਾਉਣ ਲਈ। ਮੈਨੂੰ ਪੜ੍ਹਨ ਦੀ ਭੁਖ ਸੀ। ਖ਼ੂਬਪੈਂਤੀ ਅੱਖਰੀ ਤੇ ਮੁਹਾਰਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਾਦ ਕਰਦਾ ਤੇ ਲਿਖਦਾ। ਬਾਹਰਵਾਰ ਟੀਨ ਦੀਆਂ ਛੱਤਾਂ ਹੇਠਾਂ ਲੱਕੜੀ ਚੀਰੀ ਚਰਾਈ ਤੇ ਬਹੇ ਲਗੇ ਹੁੰਦੇ। ਦਸ ਪੰਦਰਾਂ ਲੱਕੜੀ ਨਾਲ ਟੀਨ ਦੀਆਂ ਛੱਤਾਂ ਹੇਠਾਂ ਨਿੱਕੇ-ਨਿੱਕੇ ਕਵਾਟਰ ਬਣੇ ਹੋਏ। ਇਕ ਵਿਚ ਮੈਂ ਰਹਿੰਦਾ। ਬਾਕੀ ਹੋਰ ਸਾਰੇ ਵੱਡੇ ਕਾਰਖ਼ਾਨੇ ਦੇ ਅੰਦਰ ਚੰਗੀਆਂ ਥਾਂਵਾਂ ਬਣੀਆਂ ਹੋਈਆਂ ਸਨ। ਉਥੇ ਰਹਿੰਦੇ। ਬਾਬਾ ਜੀ ਮੈਨੂੰ ਬਹੁਤ ਪਿਆਰ ਕਰਦੇ। ਉਹਨਾਂ ਦੇ ਦੋ ਲੜਕੇ ਇਕ ਆਇਆ ਸਿੰਘ, ਦੂਜਾ ਹਰੀ ਸਿੰਘ ਉਹਨਾਂ ਨਾਲ ਮੈਨੂੰ ਵੀ ਕੇਸੀ ਨਹਾਉਂਦੇ। ਹਫ਼ਤੇ ਪਿਛੋਂ ਪੈਸੇ ਵੰਡਦੇ ਤਾਂ ਮੈਨੂੰ ਤੇ ਆਇਆ ਸਿੰਘ ਨੂੰ ਮੁੱਠ ਭਰ ਕੇ ਭਾਨ ਦਿੰਦੇ। ਹਰੀ ਸਿੰਘ ਸੜੀਅਲ ਤੇ ਜਿੱਲਾ। ਆਇਆ ਸਿੰਘ ਖ਼ੁਸ਼-ਦਿਲ ਤੇ ਚੁਸਤ। ਦੋਵੇਂ ਮੈਥੋਂ ਵੱਡੇ। ਆਇਆ ਸਿੰਘ ਨਾਲ ਮੇਰੀ ਬੜੀ ਬਣਦੀ। ਉਹ ਮੈਥੋਂ ਚਾਰ ਸਾਲ ਵੱਡਾ ਸੀ ਹਰੀ ਸਿੰਘ ਢਾਈ ਸਾਲ। ਇਸ ਬਾਬਾ ਜੀ ਦੇ ਚਾਰ ਵਿਆਹ ਸਨ। ਹੁਣ ਵਾਲੀ ਦੇ ਘਰ ਕੋਈ ਔਲਾਦ ਨਹੀਂ ਸੀ। ਨਾਂ ਸੀ ਨੰਦੀ। ਮੇਰੇ ਦਾਦੀ ਜੀ ਦੇ ਚਾਚੇ ਤਾਇਉਂ ਸੀ। ਨਿੱਕੀ-ਨਿੱਕੀ ਬੀਮਾਰ ਤੇ ਗਹਿਣਿਆਂ ਨਾਲ ਲੱਧੀ ਰਹਿੰਦੀ। ਬਾਬਾ ਜੀ ਵਾਂਗ ਪੂਜਾ ਪਾਠ ਕਰਦੀ। ਘਰ ਵਿਚ ਰੋਹਬ ਦਾਬ ਨਾਲ ਹਕੂਮਤ ਕਰਦੀ। ਉਹਨੀਂ ਦਿਨੀਂ ਉਥੇ ਪੰਜਾਬੀ ਬਹੁਤ ਘੱਟ ਸਨ। ਕਾਰ ਸਿਰਫ਼ ਬਾਬਾ ਜੀ ਕੋਲ ਹੀ ਸੀ। ਮੈਂ ਕਦੇ-ਕਦੇ ਸ਼ਾਮ ਨੂੰ ਉਹਨਾਂ ਨਾਲ ਸੈਰ ਕਰਨ ਚਲਾ ਜਾਂਦਾ। ਉਂਜ ਮੈਨੂੰ ਘੱਟ ਖੜਿਆ ਜਾਂਦਾ। ਛੁਟੀ ਵਾਲੇ ਦਿਨ ਸਾਰੇ ਕਾਰੀਗਰ ਫਿਰਨ ਜਾਂਦੇ, ਮੈਂ ਘਰ ਰਹਿੰਦਾ। ਆਇਆ ਸਿੰਘ ਮੈਨੂੰ ਬੱਚੂ ਆਖਦਾ, ਮੈਂ ਚਾਚਾ। ਉਸ ਨਾਲ ਦੌਰੇ ਲਗਦੇ ਰਹਿੰਦੇ। ਬਾਬਾ ਜੀ ਦੇ ਮੱਤਰਈ ਮਾਂ ਦੇ ਦੋ ਭਰਾ ਸਨ ਉਥੇ। ਆਪਣਾ ਵੱਖਰਾ ਕੰਮ ਠੇਕੇ ਤੇ ਕਰਦੇ। ਵੱਡਾ ਈਸ਼ਰ ਸਿੰਘ, ਨਿੱਕਾ ਰਾਮ ਸਿੰਘ। ਰਾਮ ਸਿੰਘ ਮੇਰੇ ਚਾਚਿਆਂ ਤੋਂ ਵੀ ਨਿੱਕਾ ਸੀ। ਹਰੀ ਸਿੰਘ ਤੇ ਆਇਆ ਸਿੰਘ ਤੋਂ ਵੱਡਾ। ਉਸ ਦਾ ਇਕ ਲੜਕਾ ਸੀ ਚਾਰ ਪੰਜ ਸਾਲ ਦਾ, ਜਗੀਰ ਸਿੰਘ। ਇਹ ਸਿੱਧਾ ਤੇ ਮਿਹਨਤੀ ਸੀ। ਸਾਰੇ ਉਸ ਨੂੰ ਵਿੰਗੇ ਟੇਡੇ ਢੰਗ ਨਾਲ ਮਖੌਲ ਕਰ ਲੈਂਦੇ। ਉਂਜ ਕਾਰਖਾਨੇ ਦਾ ਪੱਕਾ ਚੌਂਕੀਦਾਰ ਇਕ ਭੱਈਆ ਸੀ। ਬੰਤਾ ਸਿੰਘ ਹਠ ਵਾਲਾ ਸੀ। ਇਕ ਹੋਰ ਜੱਟ ਚੰਨਣ ਸਿੰਘ ਉਹ ਸ਼ਾਮ ਨੂੰ ਸਾਰੀਆਂ ਲਾਲਟੈਨਾਂ ਜਗਾਉਂਦਾ। ਘਰ ਬਾਹਰ ਦਾ ਖ਼ਿਆਲ ਰੱਖਦਾ। ਆਫ਼ਿਸ ਦਾ ਬਾਬੂ ਇਕ ਬੰਗਾਲੀ ਬਹੁਤ ਪਿਆਰਾ ਬੰਦਾ। ਕਾਰਖ਼ਾਨੇ ਦੇ ਇਕ ਪਾਸੇ ਜੰਗਲ ਸੀ। ਉਸ ਦੇ ਪਿਛਲੇ ਪਾਸੇ ਬਹੁਤ ਵੱਡਾ ਲੰਮਾ ਪੋਖਰ ਮੈਂ ਉਥੇ ਆਇਆ ਸਿੰਘ ਨਾਲ ਨਹਾਉਂਦਿਆਂ ਖ਼ੂਬ ਤਰਨ ਲਗ ਪਿਆ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਦਰਾਂ ਰੁਪਏ ਤਨਖ਼ਾਹ ਵਿਚੋਂ ਪੰਜ ਰੁਪਏ ਘਰ ਮਨੀਆਡਰ ਕਰਦਾ। ਆਇਆਂ-ਗਿਆਂ ਹੱਥ ਨਿੱਕੀ ਭੈਣ ਤੇ ਭਰਾ ਲਈ ਚੀਜ਼ਾਂ ਘੱਲਦਾ। ਅਵਾਰਾ ਵੀ ਫਿਰ ਲੈਂਦਾ। ਕੋਈ ਕੁਝ ਨਾ ਆਖਦਾ। ਫੁਫੜ ਜਗਤ ਸਿੰਘ ਵੀ ਉਥੇ ਸਾਡੇ ਨਾਲ ਗਿਆ ਸੀ। ਉਹ ਵੀ ਮੈਨੂੰ ਨਵਾਲ ਕੇ ਮੇਰੀਆਂ ਜੂਆਂ ਕੱਢਦਾ। ਬੜਾ ਮੋਹ ਕਰਦਾ। ਸਿਨਮਾ ਦੇਖਣ ਦਾ ਬੇ-ਹੱਦ ਸ਼ੌਕ ਸੀ। ਆਇਆ ਸਿੰਘ ਨੂੰ ਵੀ। ਇਕ ਵਾਰੀ ਸਾਨੂੰ ਮਾਰ ਪਈ। ਚਾਚਾ ਅਮਰ ਸਿੰਘ ਬਾਬਾ ਜੀ ਦਾ ਵੱਡਿਉਂ ਛੋਟਾ ਪੁੱਤਰ ਸੀ। ਸਭ ਤੋਂ ਵੱਡਾ ਹਰਨਾਮ ਸਿੰਘ ਰੇਲਵੇ ਵਿਚ ਐਮ. ਡੀ. ਓ. ਸੀ। ਬੜੇ ਠਾਠ ਵਾਲੇ। ਜਿੰਨਾਂ ਬਾਬਾ ਜੀ ਮੈਨੂੰ ਪਿਆਰ ਕਰਦੇ ਮੇਰੇ ਪਿਤਾ ਨੂੰ ਯਾਦ ਕਰਦੇ, ਓਨਾ ਉਹ ਚਾਚਾ ਮੈਨੂੰ ਨਫ਼ਰਤ ਕਰਦਾ। ਮੇਰੇ ਮੋਏ ਪਿਤਾ ਦੀ ਨਿੰਦਾ ਕਰਦਾ, ਪਰ ਉਹ ਮੇਰੀ ਜ਼ਿੰਦਗੀ ਵਿਚ ਬਹੁਤਾ ਨਹੀਂ ਸੀ ਆਉਂਦਾ। ਉਸ ਨਾਲ ਮੈਨੂੰ ਹੁਣ ਤਕ ਨਫ਼ਰਤ ਹੈ। ਉਹ ਗੁਜ਼ਰ ਗਏ ਹਨ, ਦੋ ਵਿਆਹ ਕਰਾ ਕੇ ਵੀ ਬੇ-ਔਲਾਦੇ।

ਬਾਬਾ ਜੀ ਤੜਕੇ ਉਠ ਕੇ ਇਸ਼ਨਾਨ ਕਰਕੇ ਉੱਚੀ-ਉੱਚੀ ਪਾਠ ਕਰਦੇ। ਸਾਰਿਆਂ ਕਾਰੀਗਰਾਂ ਨੂੰ ਉਠਾਉਂਦੇ ਰਹਿੰਦੇ। ਵੱਡਾ ਕਲਾਕ ਦਫ਼ਤਰ ਵਿਚ ਚਲਦਾ ਰਹਿੰਦਾ। ਸਵੇਰੇ ਸੂਈ ਅੱਗੇ ਹੁੰਦੀ ਤਰਕਾਲਾਂ ਨੂੰ ਪਿਛੇ। ਇਕ ਦੁਧ ਦੇਣ ਲਈ ਸੋਹਣੀ ਬੰਗਾਲਣ ਰੋਜ਼ ਆਉਂਦੀ ਬੜੀ ਚੁਸਤ, ਸੁਨੱਖੀ ਸਾਰੇ ਗੁਲਾਬ-ਗੁਲਾਬ ਕਰਦੇ। ਬਾਬਾ ਜੀ ਤੋਂ ਲੈ ਕੇ ਆਇਆ ਸਿੰਘ ਤਕ ਦਿਲ ਖ਼ੁਸ਼ ਕਰ ਲੈਂਦੇ। ਮੈਂ ਰੇਲਵੇ ਸਟੇਸ਼ਟ ਤੇ ਕੰਮ ਕਰਨ ਜਾਂਦਾ ਅਤੇ ਖਿਦਰਪੁਰ ਵੀ। ਅੱਗ ਪਾਣੀ ਦਾ ਨਿੱਕਾ ਜਿੰਨਾ ਜਹਾਜ਼ ਆਉਂਦਾ ਜਾਂਦਾ ਰਹਿੰਦਾ। ਦੋ ਜਹਾਜ਼ ਚਹੁੰ-ਚਹੁੰ ਚਿਮਨੀਆਂ ਵਾਲੇ ਸਨ ਜਿਹੜੇ ਇਧਰ ਦੀਆਂ ਮਾਲ ਗੱਡੀਆਂ ਦੇ ਡੱਬੇ ਪਾਰ ਖੜਦੇ, ਉਧਰ ਦੇ ਇਧਰ ਲਿਆਉਂਦੇ। ਜਹਾਜ਼ ਕਿਨਾਰੇ ਲੱਗਣ ਲਈ ਵੱਡੀਆਂ-ਵੱਡੀਆਂ ਜਟੀਆਂ ਸਨ। ਉਹਨਾਂ ਦਾ ਲੱਕੜੀ ਦਾ ਫ਼ਰਸ਼ ਹੁੰਦਾ। ਉਸ ਕੰਮ ਦੀ ਰਿਪੇਅਰ ਵੀ ਬਾਬਾ ਜੀ ਕੋਲ ਸੀ। ਮੈਂ ਜਟੀਆਂ ਉਤੇ ਕਦੇ-ਕਦੇ ਕੰਮ ਕਰਨ ਜਾਂਦਾ। ਜਦ ਵੀ ਬਾਬਾ ਈਸ਼ਰ ਸਿੰਘ ਕਲਕੱਤੇ ਜਾਂਦਾ ਮੈਨੂੰ ਤੇ ਮੈਥੋਂ ਨਿੱਕੇ ਆਪਣੇ ਲੜਕੇ ਕਿਸ਼ਨ ਸਿੰਘ ਨੂੰ ਨਾਲ ਖੜਦਾ। ਬੱਚਿਆਂ ਨਾਲ ਉਹ ਬਹੁਤ ਪਿਆਰ ਕਰਦੇ ਸਨ। ਉਹ ਮਾਂ ਜੀ ਵੀ ਮੈਨੂੰ ਬੜਾ ਪਿਆਰ ਕਰਦੀ। ਉਸ ਬਾਬੇ ਦਾ ਵੀ ਦੂਜਾ ਵਿਆਹ ਸੀ। ਇਕ ਉਹਨਾਂ ਦੀ ਲੜਕੀ ਸੀ ਚਰਨੋਂ। ਕਿਸ਼ਨ ਸਿੰਘ ਤੋਂ ਨਿੱਕੀ। ਬਹੁਤ ਪਿਆਰੀ ਤੇ ਚੰਗੀ।

ਕਾਰਖ਼ਾਨੇ ਦੇ ਅੰਦਰਲੇ ਹਲਕੇ ਵਿਚ ਦੋ ਹੋਰ ਬੰਦੇ ਰਹਿੰਦੇ। ਉਹ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਕਾਰੀ ਨੌਕਰ ਸਨ। ਇਕ ਦੀ ਲੜਕੀ ਸਾਡੇ ਹਾਣ ਦੀ ਸੀ। ਮੂੰਹ ਚਿੱਤ ਲਗਦੀ। ਫੁਫੜ ਜਗਤ ਸਿੰਘ ਨੇ ਤੇ ਮਾਮੇ ਸਾਧੂ ਸਿੰਘ ਨੇ ਮੈਨੂੰ ਉਸ ਵਲ ਮਖੌਲ ਕਰਨੇ। ਮੈਂ ਉਸ ਨੂੰ ਖੜਾਵਾਂ ਬਣਾ ਦਿੱਤੀਆਂ। ਉਹ ਮੇਰਾ ਆਖਾ ਮੰਨਣ ਲੱਗ ਪਈ। ਸ਼ੈਅ ਮੈਨੂੰ ਹੈ ਸੀ। ਇਕ ਦਿਨ ਉਸ ਨੂੰ ਆਪਣੀ ਖੋਲੀ ਵਿਚ ਲੈ ਗਿਆ। ਦੋਵੇਂ ਅਨਜਾਣ ਸਾਂ। ਬਾਅਦ ਵਿਚ ਦਿਲ ਬੜਾ ਖ਼ਰਾਬ ਹੋਇਆ। ਇਹ ਮੇਰਾ ਪਹਿਲਾ ਮੌਕਾ ਸੀ। ਆਇਆ ਸਿੰਘ ਨੂੰ ਦੱਸਿਆ, ਉਹ ਕਾਹਲਾ ਪੈ ਗਿਆ। ਇਕ ਦਿਨ ਅਸਾਂ ਵੱਡੇ ਛਿੱਡ ਹੇਠਾਂ ਹਨੇਰੇ ਹੋਏ ਉਸ ਨੂੰ ਲੈ ਆਂਦਾ। ਮੇਰੀ ਮੰਜੀ ਉਤੇ ਤਿੰਨੇ ਲੰਮੇ ਪੈ ਗਏ। ਰਖੇੜਾ ਕਰਕੇ ਹਟ ਗਏ। ਉਸ ਦੇ ਮੂੰਹੋਂ ਨਿਕਲਿਆ, "ਹਾਏ-ਹਾਏ ਦੋਵੇਂ।" ਅਸਾਂ ਮੁੜ ਕੇ ਉਸ ਵਲੋਂ ਤਵੱਜੋ ਹਟਾ ਲਈ। ਉਸ ਦੇ ਘਰ ਵੀ ਖਟਕ ਹੋਈ ਜਾਪਦੀ ਸੀ।

ਮੈਂ ਮਹੀਨੇ ਪਿਛੋਂ ਪੁਸਤਕਾਂ ਪੜ੍ਹਨ ਲਗ ਪਿਆ। ਸਭ ਤੋਂ ਪਹਿਲੋਂ ਪ੍ਰੀਤਮ ਰਸਾਲਾ ਆਉਂਦਾ ਸੀ। ਉਸ ਦੀਆਂ ਕਹਾਣੀਆਂ ਵੀ ਪੜ੍ਹਨੀਆਂ। ਨਾਨਕ ਸਿੰਘ ਜੀ ਦੇ ਸ਼ਬਦਾਂ ਦੀ ਕਿਤਾਬ ਪੜ੍ਹਨੀ। ਇਕ ਰਸਾਲਾ ਅੰਮ੍ਰਿਤਸਰ ਤੋਂ ਨਿਕਲਦਾ ਸੀ ਮਸਤਾਨਾ। ਉਸ ਦਾ ਚੰਦਾ ਘੱਲ ਕੇ ਮੰਗਾ ਲਿਆ। ਮੇਰੀ ਦਿਹਾੜੀ ਅੱਠ ਆਨੇ ਤੋਂ ਬਾਰਾਂ ਆਨੇ ਹੋ ਗਈ। ਘਰ ਦਸ ਰੁਪਏ ਕਿਸੇ ਮਹੀਨੇ ਘੱਲ ਦੇਣੇ। ਮੇਰਾ ਘਰ ਵਲ ਭਾਬੀ ਤੇ ਭੈਣ ਭਰਾ ਵਲ ਬੜਾ ਖ਼ਿਆਲ ਸੀ। ਹੁਣ ਉਰਦੂ ਦੇ ਨਾਲ ਗੁਰਮੁਖੀ ਵਿਚ ਵੀ ਖ਼ਤ ਲਿਖ ਲੈਂਦਾ। ਕੁਝ ਨਾਵਲ ਵੀ ਅੰਮ੍ਰਿਤਸਰੋਂ ਮੰਗਵਾਂਦਾ। ਇਕ ਸੇਰ ਵਾਲੀ ਮੁੰਦਰੀ। ਉਰਦੂ ਵਿਚ ਵੀ ਬੜੇ ਬਾਜ਼ਾਰ ਗਿਆਂ ਕੁਝ ਨਿੱਕੀਆਂ ਮੋਟੀਆਂ ਪੁਸਤਕਾਂ ਲੈ ਆਉਣੀਆਂ। ਪੜ੍ਹਨ ਵਲ ਮੇਰਾ ਪੂਰਾ ਰਜ ਹੋ ਗਿਆ। ਹਾਬੜੇ ਦਾ ਪੁਲ ਓਦੋਂ ਬੇੜੀਆਂ ਦਾ ਹੁੰਦਾ ਸੀ। ਰਾਤ ਨੂੰ ਅੱਧਾ ਇਸ ਕਿਨਾਰੇ, ਅੱਧਾ ਉਸ ਕਿਨਾਰੇ ਲੱਗ ਜਾਂਦਾ। ਵੱਡੇ-ਵੱਡੇ ਸਮੁੰਦਰੀ ਜਹਾਜ਼ ਲੰਘਦੇ। ਤੜਕੇ ਫਿਰ ਜੁੜ ਜਾਂਦਾ। ਬੜਾ ਵੱਡਾ ਕਮਾਲ ਦਾ ਕੰਪਨੀ ਬਾਗ ਸ਼ਾਲੀਮਾਰ ਵਿਚ ਸੀ। ਦੋ ਤਿੰਨ ਵਾਰੀ ਸਾਰੇ ਵੇਖਣ ਗਏ। ਹੋਰ ਕਲਕੱਤੇ ਕਈ ਕੁਝ ਹੋਵੇਗਾ, ਪਰ ਮੈਂ ਰੋਜ਼ੀ ਲਈ ਸੌਂਪਿਆ ਹੋਇਆ ਸੀ। ਭਾਬੀ ਨਾਲ ਮੈਨੂੰ ਪਿਆਰ ਸੀ, ਨਫ਼ਰਤ ਸੀ ਨਾਲੇ ਡਰ। ਹਰ ਗ਼ਲਤ ਕੰਮ ਤੇ ਖ਼ਰਚ ਤੋਂ ਡਰਦਾ। ਭਾਬੀ ਪੁੱਛੇਗੀ ਕੀ ਦੱਸਾਂਗਾ। ਫਿਰ ਵੀ ਵਿਚਰ ਰਿਹਾ ਸਾਂ। ਨੌਟੰਕੀਆਂ ਵੇਖਦਾ; ਖੁਲ੍ਹੇ ਸਟੇਜਾਂ ਉਤੇ ਡਰਾਮੇ ਵੇਖਦਾ, ਥੇਟਰ ਵੇਖਦਾ। ਕਿਸੇ ਖੇਡ ਨਾਲ ਮੇਰੀ ਕੋਈ ਉਨਸ ਨਹੀਂ ਸੀ। ਆਇਆ ਸਿੰਘ ਨੇ ਸਾਈਕਲਾਂ ਦੀ ਦੌੜ ਜਿੱਤੀ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੱਠ ਕੇ ਵੀ ਇਕ ਜਿੱਤੀ । ਫੋਟੋਗ੍ਰਾਫ਼ਰ ਬੜਾ ਚੰਗਾ ਸੀ । ਮੈਂ ਉਸ ਤੋਂ ਕੁਦਰਤੀ ਜ਼ਿੰਦਗੀ ਦਾ ਬੜਾ ਕੁਝ ਸਿੱਖਿਆ ।

ਜਦੋਂ ਕੋਈ ਬਾਹਰੋਂ ਪਰਾਉਣੇ ਆਉਣੇ, ਮੇਰੀ ਤੇ ਚਾਚੇ ਆਇਆ ਸਿੰਘ ਦੀ ਡੀਊਟੀ ਹੁੰਦੀ ਉਹਨਾਂ ਨੂੰ ਰੋਟੀ ਪਾਣੀ ਖਵਾਉਣਾ ਸੇਵਾ ਕਰਨੀ । ਬਾਬਾ ਜੀ ਸਾਨੂੰ ਇਹ ਕੁਝ ਸਿਖਾਉਂਦੇ । ਇਸ ਸਾਰੇ ਕੰਮ ਨੂੰ ਉਹ ਆਖਦੇ, "ਅਕਲ ਸਿਖੋ, ਅਕਲ ਸਿਖੋ ਤੁਸੀਂ ਜਸਵਾਲੀਆ ਦੇ ਪੁੱਤਰ ਹੋ । ਚਕੱਰਪੁਰੋਂ ਮੇਰੇ ਪਿਤਾ ਜੀ ਦੇ ਤਾਏ ਦੇ ਪੁੱਤ ਭਰਾ ਆਉਂਦੇ । ਉਹਨਾਂ ਦੀ ਪਤਨੀ ਮੇਰੀ ਤਾਈ ਅਤੇ ਮਾਸੀ ਵੀ ਲਗਦੀ ਸੀ । ਅਠਵਾਲਾਂ ਦੇ ਲਾਗਲੇ ਪਿੰਡੋਂ ਭੁੱਲਰਾਂ ਤੋਂ । ਮੈਥੋਂ ਦੋ ਮਹੀਨੇ ਵੱਡਾ ਜਿਨ੍ਹਾਂ ਦਾ ਪੁੱਤਰ ਸੀ ਪ੍ਰੇਮ ਸਿੰਘ । ਉਹ ਜਦ ਆਉਂਦੇ ਮੈਨੂੰ ਬੜਾ ਪਿਆਰ ਕਰਦੇ, ਮੇਰੇ ਪਿਉ ਦੀਆਂ ਸਿਫ਼ਤਾਂ ਕਰਦੇ । ਪੂਰੀ-ਕੜਾਹ, ਮੀਟ-ਸ਼ਰਾਬ ਚਲਦੀ । ਮੇਰਾ ਤੇ ਚਾਚਾ ਆਇਆ ਸਿੰਘ ਦਾ ਵੀ ਚੋਰੀ-ਚੋਰੀ ਸ਼ਰਾਬ ਦਾ ਨਿੱਕਾ-ਨਿੱਕਾ ਘੁੱਟ ਲਗ ਜਾਂਦਾ ।

ਤਰਖਾਣ ਕੰਮ ਕਰਨ ਵਾਲੇ ਚਕਲਿਆਂ ਵਿਚ ਚੋਰੀ ਛਿਪੇ ਜਾਂਦੇ । ਇਹਨਾਂ ਵਿਚੋਂ ਇਕ ਨੂੰ ਆਤਸ਼ਕ ਹੋ ਗਿਆ । ਸਾਰੇ ਉਸ ਨੂੰ ਟਿਚਕਰਾਂ ਕਰਦੇ । ਉਹ ਨਿੰਮ ਦੀਆਂ ਟਾਹਲੀਆਂ ਤੋੜ ਕੇ ਇਕੱਲਾ ਬਹਿ ਕੇ ਝੱਲਦਾ । ਜਦ ਕੁਝ ਆਰਾਮ ਆਇਆ ਬਾਬਾ ਜੀ ਨੇ ਉਸ ਦਾ ਹਿਸਾਬ ਮੁਕਾ ਕੇ ਛੁੱਟੀ ਕਰ ਦਿੱਤੀ । ਪੰਜਾਬੋਂ ਆਇਆਂ ਦੀ ਇਕ ਮਹੀਨੇ ਦੀ ਤਨਖ਼ਾਹ ਬਾਬਾ ਜੀ ਰੱਖ ਲੈਂਦੇ ਸਨ । ਜਦ ਕੋਈ ਮੁੜੇ ਉਸ ਨੂੰ ਦੇ ਦਿੰਦੇ । ਉਸ ਆਤਸ਼ਕ ਵਾਲੇ ਕਰਕੇ ਮੇਰੇ ਅੰਦਰ ਇਸ ਬੀਮਾਰੀ ਦਾ ਭੈਅ ਸਦਾ ਲਈ ਬਹਿ ਗਿਆ ਜਾਪਦਾ ਸੀ ।

ਸਾਲ ਦੇ ਸਾਲ ਬਾਬਾ ਜੀ ਇਕ ਦੀਵਾਨ ਕਰਦੇ, ਤਿੰਨ ਦਿਨ ਰਹਿੰਦਾ । ਕਲਕੱਤੇ ਦੇ ਬਾਹਰੋਂ ਵੀ ਸੰਗਤ ਤੇ ਰਿਸ਼ਤੇਦਾਰ ਆਉਂਦੇ । ਬੜਾ ਇਕੱਠ ਹੁੰਦਾ, ਲੰਗਰ ਹੁੰਦਾ । ਜਦ ਇਸ ਵਾਰੀ ਦੀਵਾਨ ਹੋਇਆ ਮੇਰੀ ਤੇ ਆਇਆ ਸਿੰਘ ਦੀ ਖ਼ਾਸ ਡਿਊਟੀ ਸੀ । ਜਿਸ ਦਿਨ ਭੋਗ ਪਿਆ ਸਾਰਿਆਂ ਨੇ ਬੜੇ ਨਵੇਂ ਕਪੜੇ ਪਾਏ, ਨਵੀਆਂ ਜੁੱਤੀਆਂ ਬੂਟ ਪਾਏ । ਮੇਰੇ ਕੋਲ ਉਹੋ ਪੁਰਾਣੀ ਜੁੱਤੀ ਤੇ ਭਾਬੀ ਦੇ ਘੱਲੇ ਹੋਏ ਕਪੜੇ ਸਨ । ਮੈਨੂੰ ਆਪਣਾ ਪਿਉ ਯਾਦ ਆਇਆ । ਮੈਂ ਰੋਣ ਲਗ ਪਿਆ, ਰੋਈ ਜਾਵਾਂ । ਮੇਰੇ ਚਾਚੇ ਐਸ. ਡੀ. ਓ ਦੀ ਪਤਨੀ ਚਾਚੀ ਜੀ ਨੇ ਮੈਨੂੰ ਘੁੱਟ ਕੇ ਗਲ ਨਾਲ ਲਾਇਆ । ਬੜਾ ਮੱਥਾ ਚੁੰਮ ਕੇ ਪਿਆਰ ਕੀਤਾ । ਇਕ ਅਠਿਆਨੀ ਮੇਰੀ ਤਲੀ ਤੇ ਰੱਖੀ ਤੇ ਆਖਿਆ— ਜਾਹ ਖ਼ਰਚ ਲੈ ਨਾ, ਰੋ ਨਾ ਅਸੀਂ ਸਾਰੇ ਤੇਰੇ ਨਾਲ ਹਾਂ । ਮੈਨੂੰ ਬੜਾ ਹੌਂਸਲਾ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਮਿਲਿਆ । ਮੈਂ ਚੁੱਪ ਕਰ ਗਿਆ । ਅਜੇ ਤਕ ਵੀ ਉਸ ਚਾਚੀ ਦੀ ਅਠਿਆਨੀ ਆਪਣੀ ਤਲੀ 'ਤੇ ਪਈ ਦਿਸਦੀ ਰਹਿੰਦੀ ਹੈ । ਉਹ ਘੜੀ ਮੈਂ ਭੁਲਾ ਨਹੀਂ ਸਕਿਆ ।

ਕਲਕੱਤੇ ਵਿਚ ਵੱਡੇ ਲੋਕਾਂ ਦੇ ਕਾਰਖ਼ਾਨੇ ਸਭਿਤਾ ਤੇ ਕਰਤੂਤਾਂ, ਪਾਖੰਡਾਂ, ਜ਼ਾਹਰਦਾਰੀ, ਫੜਬਾਜ਼ੀ, ਇਖਲਾਕ ਦਾ ਕਾਫੀ ਮੁਤਾਲਿਆ ਅਚੇਤ ਵਿਚ ਹੋ ਰਿਹਾ ਸੀ ।

ਚਾਚੇ ਗਿਆਨ ਸਿੰਘ ਨੇ ਨਵੇਂ ਕਪੜੇ, ਕੋਟ, ਬੂਟ ਲੈ ਦਿੱਤੇ । ਮੈਂ ਇਕ ਸਾਲ ਪਿਛੋਂ ਬਾਬਾ ਜੀ ਨਾਲ ਪੰਜਾਬ ਇਕ ਦੋ ਮਹੀਨਿਆਂ ਲਈ ਆ ਗਿਆ । ਆਪਣੇ ਔਜ਼ਾਰ ਵਗ਼ੈਰਾ ਵੀ ਲੈ ਆਇਆ । ਇਹ ਸੰਨ ਉੱਨੀ ਸੌ ਸਤਾਈ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਨਰਕ ਸਵਰਗ

ਮੈਨੂੰ ਆਏ ਨੂੰ ਚਾਰ ਪੰਜ ਦਿਨ ਹੋਏ ਸਨ। ਭਾਬੀ ਆਪਣੇ ਨਾਨਕੇ ਗਈ। ਸਾਡੇ ਸ਼ਹਿਰੋਂ ਚਾਰ ਪੰਜ ਮੀਲ ਸੀ ਧੀਦੋਵਾਲ। ਸਵੇਰੇ ਗਈ ਸ਼ਾਮ ਨੂੰ ਵਾਪਸ ਆ ਗਈ। ਰਾਤ ਨੂੰ ਮੈਨੂੰ ਕਹਿਣ ਲੱਗੀ—ਆ ਲੈ ਲਾਹੌਰ ਦਾ ਸਰਨਾਵਾਂ ਉਥੇ ਮੇਰੇ ਮਾਮੇ ਦਾ ਭਰਾ ਰਹਿੰਦਾ ਹੈ। ਮੇਰੇ ਮਾਮੇ ਦਾ ਤਾਇਉਂ ਚਾਚਿਉਂ ਇਕ ਭਰਾ ਵੀ ਹੈ ਉਥੇ। ਉਹਨੂੰ ਨਾਨਾ ਜੀ ਆਖਿਆ ਕਰੀਂ! ਮੇਰੇ ਭਰਾ ਨੂੰ ਮਾਮਾ ਜੀ। ਉਹਨਾਂ ਕੋਲ ਬੜਾ ਕੰਮ ਹੈ...ਫਿਰ ਜ਼ਰਾ ਠਹਿਰ ਕੇ ਕਹਿਣ ਲੱਗੀ - ਗਿਆਨ ਸਿੰਘ ਨੇ ਤੇਰੇ ਪੈਸੇ ਬਹੁਤੇ ਨਹੀਂ ਲੱਗਣ ਦਿੱਤੇ। ਕਲਕੱਤੇ ਤੈਥੋਂ ਬੜੇ ਕੰਮ ਕਰਾਉਂਦਾ ਰਿਹਾ ਹੈ। ਉਹ ਗਿਆਨਾ ਮਰਿਆ ਬੜਾ ਬੇਈਮਾਨ ਹੈ। ਗਿਆਨਾ ਤੇ ਭਗਵਾਨਾ ਮੇਰੇ ਗਹਿਣੇ ਵੇਚ ਕੇ ਖਾ ਗਏ ਸਨ। ਉਹਦੇ ਕੋਲ ਤੂੰ ਨਹੀਂ ਜਾਣਾ।...ਹੋਰ ਪਤਾ ਨਹੀਂ ਮੇਰਿਆਂ ਚਾਚਿਆਂ ਦੇ ਖ਼ਿਲਾਫ਼ ਕੀ-ਕੀ ਬਕਦੀ ਰਹੀ।

ਮੈਂ ਦੂਜੇ ਦਿਨ ਹੀ ਔਜ਼ਾਰਾਂ ਦੀ ਪੇਟੀ ਤੇ ਬਿਸਤਰਾ ਚੁਕਿਆ ਅਤੇ ਘਰੋਂ ਲਾਹੌਰ ਮਾਮੇ ਦੇ ਘਰ ਚਲਿਆ ਗਿਆ। ਉਹਦਾ ਕਰਾਏ ਤੇ ਲਿਆ ਘਰ ਜਿਥੇ ਅਸੀਂ ਪਿਤਾ ਜੀ ਵੇਲੇ ਰਹਿੰਦੇ ਸਾਂ, ਉਸ ਦੇ ਉਹ ਲਾਗੇ ਸੀ। ਉਥੋਂ ਉਹ ਚਬਾਰਾ ਨਜ਼ਰ ਆਉਂਦਾ ਸੀ। ਮਾਮੇ ਵਾਲੀ ਜਗ੍ਹਾ ਨੂੰ ਤਰਖਾਣਾ ਦੀ ਸਰਾਂ ਕਹਿੰਦੇ ਸਨ। ਇਹ ਜਗ੍ਹਾ ਕਿਸੇ ਸਮੇਂ ਸਰਾਂ ਹੋਏਗੀ। ਇਕ-ਇਕ ਕੋਠੜੀ ਅੱਗੇ ਨਿੱਕਾ-ਨਿੱਕਾ ਬਰਾਂਡਾ, ਨਲਕਾ ਸਰਕਾਰੀ, ਟੱਟੀਆਂ ਸਰਕਾਰੀ, ਨਲਕੇ ਉਤੇ ਭੀੜ, ਟੱਟੀਆਂ ਉਤੇ ਭੀੜ। ਮਾਮੇ-ਮਾਮੀ ਦਾ ਸੁਭਾਅ ਮੱਠਾ ਸੀ, ਨਾ ਮੈਨੂੰ ਚੰਗਾ ਆਖਦੇ, ਨਾ ਮੰਦਾ। ਇਕ ਖੁੱਡ ਜਿਹੀ ਵਿਚ ਤਿੰਨ ਕੋਠੜੀਆਂ ਸਨ। ਉਥੇ ਇਕ ਤਰਖਾਣ ਦੇ ਨਾਲ ਮੰਜੀ ਮੈਨੂੰ ਮਿਲ ਗਈ।

ਉਹ ਦੋਵੇਂ ਵੇਲੇ ਆਪਣੀ ਰੋਟੀ ਆਪ ਪਕਾਉਂਦਾ। ਮੈਂ ਮਾਮੇ ਵਲੋਂ ਖਾਂਦਾ। ਮੈਨੂੰ ਮਾਮੇ ਤੇ ਭਾਬੀ ਦੇ ਆਖੇ ਨਾਨਾ ਜੀ ਕੋਲ ਕੰਮ ਉਤੇ ਘੱਲ ਦਿੱਤਾ। ਕੰਮ ਵੀ ਉਸ ਥਾਂ ਦੇ ਲਾਗੇ ਸੀ, ਜਿੱਥੇ ਪਿਤਾ ਜੀ ਦਾ ਕਾਰਖ਼ਾਨਾ ਹੁੰਦਾ ਸੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੂਰਜੋ ਸੂਰਜੀ ਲੇਖਾ ਤੁਰਨਾ ਤਾਂ ਇਕ ਰਿਵਾਜ ਸੀ । ਉਸ ਕੋਲ ਚਾਰ ਦਿਨ ਕੰਮ ਕੀਤਾ, ਮੈਂ ਪੁੱਛਿਆ – ਨਾਨਾ ਜੀ ਦਿਹਾੜੀ ਕੀ ਦਿਉਗੇ ।...ਉਸ ਨੇ ਮੇਰੇ ਵਲ ਗਹੁ ਨਾਲ ਵੇਖਿਆ ਬੜੀ ਮਨਹੂਸ ਸ਼ਕਲ ਸੀ—ਕੰਮ ਕਰੀ ਜਾ ਘੱਟ ਨਹੀਂ ਦਿੰਦਾ, ਖ਼ੁਸ਼ ਕਰਾਂਗਾ ।

ਉਸ ਦਾ ਝੱਲਾ ਜਿਹਾ ਪੁੱਤਰ ਵੀ ਉਥੇ ਕੰਮ ਕਰਦਾ ਸੀ । ਉਸ ਨੂੰ ਇਕ ਦਿਨ ਮੈਂ ਆਖਿਆ—ਮਾਮਾ ਜ਼ਰਾ ਇਕ ਪਾਸੇ ਹੋ ਜਾ; ਮੈਂ ਜੋੜੀ ਚਾੜ੍ਹਨ ਲਈ ਖੜਨੀ ਹੈ ।...ਉਸ ਨੇ ਮੇਰੇ ਵਲ ਗ਼ੁੱਸੇ ਨਾਲ ਵੇਖਿਆ—ਮੈਨੂੰ ਮਾਮਾ ਨਾ ਆਖ, ਮਾਮਾ ਸਕਾ ਹੀ ਅਖਵਾ ਸਕਦਾ ਹੈ, ਹੋਰ ਕੋਈ ਨਹੀਂ ਦੂਰੋਂ ਨੇੜਿਉਂ ਅਖਵਾ ਸਕਦਾ ।...ਮੈਂ ਚੁੱਪ ਕਰ ਰਿਹਾ । ਜਿਸ ਮਾਮੇ ਕੋਲ ਆਇਆ ਸਾਂ ਉਹ ਕਿਤੇ ਹੋਰ ਕੰਮ ਤੇ ਲੱਗਾ ਹੋਇਆ ਸੀ ।

ਦੋ ਦਿਨ ਬਾਅਦ ਮੈਂ ਫਿਰ ਪੁੱਛਿਆ—ਨਾਨਾ ਜੀ, ਦਿਹਾੜੀ ਕੀ ਦਿਉਗੇ ?

—ਚਾਰ ਆਨੇ ਮਿਲ ਜਾਇਆ ਕਰਨਗੇ !...ਕਹਿ ਕੇ ਉਹ ਪਰ੍ਹਾਂ ਨੂੰ ਚਲਿਆ ਗਿਆ । ਮੈਨੂੰ ਗ਼ੁੱਸਾ ਆਇਆ—ਹੁਣੇ ਪੈਸੇ ਦੇ ਦਿਉ, ਮੈਂ ਕੰਮ ਨਹੀਂ ਕਰਨਾ ।... —ਜਾਹ ਚਲਿਆ ਜਾ, ਭਲਕੇ ਉਥੇ ਹੀ ਦੇ ਦਿਆਂਗਾ ।

ਮੈਂ ਪੇਟੀ ਚੁਕੀ ਤੇ ਰਹਿਣ ਵਾਲੀ ਥਾਂ ਫੇਰ ਆਇਆ । ਜਾਣ ਕੇ ਉਥੋਂ ਦੀ ਲੰਘਿਆ ਜਿੱਥੇ ਸਾਡਾ ਕਾਰਖ਼ਾਨਾ ਹੁੰਦਾ ਸੀ । ਉਥੇ ਖਲੋ ਕੇ ਬਹੁਤ ਰੋਇਆ । ਭਾਈਆ ਯਾਦ ਆਇਆ । ਰੋ ਕੇ ਹਟ ਗਿਆ ਕਿਸ ਨੇ ਚੁੱਪ ਕਰਾਉਣਾ ਸੀ ।

ਮਾਮੇ ਨੇ ਕੁਝ ਨਾ ਆਖਿਆ । ਮੈਂ ਤਿੰਨ ਚਾਰ ਦਿਨ ਵਿਹਲਾ ਰਿਹਾ । ਇਹ ਸਾਰੇ ਦਿਨ ਨਾ ਮੈਂ ਨਹਾਤਾ, ਨਾ ਕਪੜੇ ਧੋਤੇ, ਨਾ ਸਿਰ ਵਾਇਆ । ਕਪੜੇ ਗੰਦੇ, ਜੂੰਆਂ ਪੈ ਗਈਆਂ । ਟੱਟੀ ਜਦੋਂ ਦਾਅ ਲਗਣਾ ਹੋ ਆਉਣਾ । ਪਾਣੀ ਦੇ ਇਕ ਗਿਲਾਸ ਨਾਲ ਮੂੰਹ ਧੋ ਲੈਣਾ ।

ਵੱਡੀ ਭੂਆ ਅਛਰੋ ਕੋਟਲੀ ਸਿੰਧ ਵਾਲੀ ਤੇ ਮਰ ਚੁਕੀ ਸੀ । ਉਹਦੇ ਜੇਠ ਦੇ ਘਰ ਉਸ ਤੋਂ ਨਿੱਕੀ ਭੂਆ ਸੀ । ਉਹ ਲਾਹੌਰ ਆ ਗਏ ਹੋਏ ਸਨ । ਫੁਫੜ ਨਰਾਇਣ ਸਿੰਘ ਇਕ ਨਮੂਨੇ ਦਾ ਮਨੁੱਖ ਸੀ, ਜਿਹੋ ਜਿਹਾ ਮੈਨੂੰ ਜ਼ਿੰਦਗੀ ਵਿਚ ਦੂਜਾ ਨਹੀਂ ਮਿਲਿਆ ।

ਮੈਂ ਭਾਬੀ ਨੂੰ ਖ਼ਤ ਪਾਇਆ ਮੈਨੂੰ ਭੂਆ ਦਾ ਸਰਨਾਵਾਂ ਘਲਾ । ਚੌਥੇ ਦਿਨ ਸਰਨਾਵੇਂ ਵਾਲਾ ਖ਼ਤ ਆ ਗਿਆ । ਉਸ ਦਿਨ ਬਸੰਤ ਸੀ । ਰਹਿਣ ਵਾਲੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਵਾਟਰਾਂ ਉਤੇ ਚੜ੍ਹ ਕੇ ਆਸਮਾਨ ਗੁੱਡੀਆਂ ਨਾਲ ਭਰਿਆ ਵੇਖਣ ਲੱਗਾ। ਸਾਹਮਣੇ ਉਹ ਚਬਾਰਾ ਵੀ ਦਿਸ ਪਿਆ। ਇਕ ਪਾਸੇ ਹੋ ਕੇ ਭੁੱਬੀਂ-ਭੁੱਬੀਂ ਰੋਇਆ। ਜੀਅ ਕਰੇ ਉੱਚੀ-ਉੱਚੀ ਪਿਤਾ ਨੂੰ ਵਾਜਾਂ ਮਾਰਾਂ।

ਰਾਤ ਜਾਗਦਿਆਂ ਕੱਟੀ ਦਿਨੇ ਭੂਆ ਨੂੰ ਲੱਭਣ ਤੁਰ ਪਿਆ। ਸਟੇਸ਼ਨ ਤੋਂ ਕਰਾਚੀ ਵਾਲੇ ਪਾਸੇ ਲੋਕਾਂ ਦੇ ਲੰਘਣ ਵਾਲਾ ਪੁਲ ਸੀ। ਇੰਟਰਲਾਕ ਦਾ। ਉਹਦੇ ਹੇਠਾਂ ਆਫ਼ਿਸ ਸਟੇਸ਼ਨ ਦੀ ਇੰਟਰਲਾਕ ਦਾ ਇਕ ਮਹਿਕਮਾ ਰੇਲਵੇ ਸਟੇਸ਼ਨਾਂ ਦੀ ਮੁਰੰਮਤ ਬਾਰੇ ਸੀ। ਉਹ ਫੁਫੜ ਜੀ ਉਥੇ ਸਟੋਰ ਕੀਪਰ ਸਨ। ਲੰਮਾ ਕਦ, ਨਿਹੰਗਾਂ ਵਾਲੀ ਚਿੱਟੀ ਪੱਗ। ਵਕਾਰੀ ਭੋਗ ਕਦੇ ਉੱਚੀ ਨਾ ਬੋਲਣਾ। ਚੰਡੀ ਦਾ ਪਾਠ ਰੋਜ਼ ਸਵੇਰੇ ਕਰਨਾ। ਕੋਈ ਰਵਾਲ ਜਿੰਨਾ ਵੀ ਐਬ ਨਹੀਂ। ਅਫਸਰ ਸਾਰੇ ਦਿਲੋਂ ਇੱਜ਼ਤ ਕਰਦੇ।

ਮੈਂ ਪੁਲ ਦੇ ਥੱਲੇ ਲੰਘ ਕੇ ਜਦ ਵੇਖਿਆ ਤਾਂ ਬਾਊ ਜੀ ਸਾਹਮਣੇ ਖਲੋਤੇ ਸਨ। (ਅਸੀਂ ਸਾਰੇ ਉਹਨਾਂ ਨੂੰ ਬਾਊ ਜੀ ਆਖਦੇ ਸਾਂ) ਮੇਰੇ ਤੇ ਨਜ਼ਰ ਪਈ। ਹੱਥ ਦੇ ਇਸ਼ਾਰੇ ਨਾਲ ਖਲੋਤੇ ਰਹਿਣ ਲਈ ਆਖਿਆ। ਇਕ ਆਫ਼ਿਸ ਦਾ ਗਭਰੂ ਆਇਆ। ਮੈਨੂੰ ਨਾਲ ਲੈ ਕੇ ਘਰ ਵਲ ਤੁਰ ਪਿਆ। ਸਾਊ ਦੀ ਗੜ੍ਹੀ ਲਾਗਲੇ ਪੁਲ ਦੇ ਉਰਲੇ ਪਾਸੇ ਨਿੱਕੀਆਂ-ਨਿੱਕੀਆਂ ਕੋਠੀਆਂ ਸਨ। ਚਾਰ-ਚੁਫੇਰੇ ਕਾਫੀ ਥਾਂ ਜਿਸ ਵਿਚ ਸਬਜ਼ੀਆਂ ਤੇ ਫੁੱਲ ਵੇਲਾਂ ਲੱਗੀਆਂ ਹੋਈਆਂ।

ਮੈਨੂੰ ਨਾਲ ਲੈ ਕੇ ਉਹ ਗਭਰੂ ਬੂਹੇ ਅੱਗੇ ਜਾ ਖਲੋਤਾ। ਅੰਦਰੋਂ ਕੁੱਤਾ ਉਸ ਨੂੰ ਪਿਆ ਤੇ ਉਹਦੀ ਲੱਤ ਉਤੇ ਵੱਢ ਖਾਧਾ। ਘਰ ਦੇ ਨੌਕਰ ਨੇ ਕੁੱਤੇ ਨੂੰ ਫੜ ਕੇ ਬੰਨ੍ਹ ਦਿੱਤਾ। ਅੰਦਰੋਂ ਭੂਆ ਸੰਤੋ ਨਿਕਲ ਆਈ। ਮੈਨੂੰ ਵੇਖ ਕੇ ਡਾਡ ਮਾਰੀ ਤੇ ਆਪਣੇ ਨਾਲ ਘੁੱਟ ਲਿਆ।

ਕਪੜੇ ਲੁਹਾ ਕੇ ਆਪ ਕੇਸੀ ਨੁਹਾਇਆ। ਲਾਗੇ ਖਲੋ ਕੇ ਮੈਨੂੰ ਪਿੰਡੇ ਨੁਹਾਇਆ। ਚੰਗੀ ਤਰ੍ਹਾਂ ਦੋ ਤਿੰਨ ਵਾਰੀ ਸਾਬਣ ਮਲਾ ਕੇ ਮੈਲ ਲੁਹਾਈ। ਲੋਹੇ ਦੇ ਬਾਟੇ ਵਿਚ ਪਾਣੀ ਤੇ ਸੋਢਾ ਗਰਮ ਕਰਕੇ ਨੌਕਰ ਕੋਲੋਂ ਪੱਗ ਸਣੇ ਕਪੜੇ ਧੁਆਏ। ਜਿਸ ਨੂੰ ਕੁੱਤੇ ਨੇ ਵੱਢਿਆ ਸੀ ਉਸ ਨੂੰ ਪੱਟੀ ਬੰਨ੍ਹਾਈ ਮਿਰਚਾਂ ਹਲਦੀ ਤੇਲ ਲਾ ਕੇ। ਨੌਕਰ ਦਾ ਨਾਂ ਸੁਰਤੂ ਸੀ। ਉਹ ਹੈਰਾਨ ਪ੍ਰੇਸ਼ਾਨ ਕਿ ਇਹਨਾਂ ਦਾ ਭਤੀਜਾ ਹੈ ਇਹ ?

ਲਾਗੇ ਬਹਿ ਕੇ ਭੂਆ ਨੇ ਮੈਨੂੰ ਰੋਟੀ ਖਵਾਈ। ਓਦੋਂ ਦੇਸੀ ਘਿਓ ਹੀ ਹੁੰਦਾ ਸੀ, ਕਿੰਨਾ ਸਾਰਾ ਸਬਜ਼ੀ ਵਿਚ ਪਾਇਆ। ਕਈ ਵਾਰੀ ਅੱਖਾਂ ਪੂੰਜਦੀ। ਬਾਊ ਜੀ ਵੀ ਆ ਗਏ। ਉਹਨਾਂ ਸਿਰਫ਼ ਇਤਨਾ ਆਖਿਆ—ਹਰਨਾਮ ਕੌਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮੱਤ ਮਾਰੀ ਹੋਈ ਹੈ, ਗਧਿਆਂ ਕੋਲ ਮੁੰਡੇ ਨੂੰ ਘੱਲ ਦਿੱਤਾ ।

ਭੂਆ ਕੁੱਛੜ ਇਕ ਕਾਕਾ ਸੀ, ਦੋ ਤਿੰਨ ਸਾਲ ਦਾ । ਨਾਂ ਹਜ਼ੂਰ ਸਿੰਘ । ਦੂਜੇ ਦਿਨ ਭੂਆ ਨੇ ਮੇਰਾ ਸਿਰ ਵਾਹਿਆ । ਜੂੰਆਂ ਸ਼ਨ, ਪਰ ਵਾਲ ਜੰਮ ਗਏ । ਥੋੜ੍ਹੇ-ਥੋੜ੍ਹੇ ਫੜਦੀ ਇਕ-ਇਕ ਦੋ-ਦੋ ਕਰਕੇ ਵੱਖ ਕਰਦੀ ਤੇ ਕਹਿੰਦੀ—ਰਾਜੇ ਬਾਬੇ ਦਾ ਪੋਤਰਾ ਸੈਂ । ਉਹ ਤੇ ਕਹਿੰਦੇ ਹੁੰਦੇ ਸਨ, ਮੇਰਾ ਜਸਵਾਲ ਰਾਜਾ ਹੈ । ਮਰ ਗਿਆ ਏ ਨਾ, ਆ ਕੇ ਵੇਖੇ ਆਪਣੇ ਰਾਜੇ ਪੋਤਰੇ ਦਾ ਹਾਲ, ਕੱਖਾਂ ਵਾਂਗਰ ਰੁਲ ਗਿਆ ਹੈ ।...ਥੋੜ੍ਹੇ ਵਾਲ ਵਾਹੁੰਦੀ...ਭਰਾ ਠਾਕਰ ਸਿੰਘ ਕਹਿੰਦਾ ਹੁੰਦਾ ਸੀ, ਇਹਨੂੰ ਵਲਾਇਤ ਘੱਲਣਾ ਏਂ, ਰੱਬ ਨੇ ਉਸ ਨੂੰ ਵੀ ਨਾ ਰਹਿਣ ਦਿੱਤਾ । ਮੌਤ ਨੇ ਘਰ ਲੱਖੋਂ ਕੱਖ ਕਰ ਦਿੱਤਾ ।...ਫਿਰ ਉਸ ਨੇ ਆਪਣੇ ਅੱਥਰੂ ਪੂੰਜੇ ਅਤੇ ਬੋਲੀ—ਭਾਬੀ ਹਰਨਾਮ ਕੌਰ ਮੁੱਢੋਂ ਹੀ ਇਹੋ ਜਿਹੀ ਸੀ । ਭਰਾ ਨੂੰ ਬੜਾ ਤੰਗ ਕਰਦੀ ਹੁੰਦੀ ਸੀ । ਉਹ ਇਹਦੇ ਦੁਖੋਂ ਹੀ ਮਰਿਆ ।

ਭੂਆ ਬਹੁਤ ਸਾਰੀ ਅਤਕਥਨੀ ਵੈਰਾਗ ਵਿਚ ਆ ਕੇ ਵਰਤ ਰਹੀ ਸੀ । ਸੁਰਤੂ ਨੇ ਆਖਿਆ—ਬੀਬੀ ਜੀ, ਇਹਨਾਂ ਦੇ ਕਪੜੇ ਸੁਕਣੇ ਪਾਏ ਤਾਂ ਜੂੰਆਂ ਕੀੜੀਆਂ ਦੇ ਭੌਣ ਵਾਂਗ ਨੱਠੀਆਂ ਫਿਰਦੀਆਂ ਸਨ । ਸੁਰਤੂ ਪਠਾਨਕੋਟ ਵਲ ਦਾ ਅਤੇ ਸੰਸਕਾਰ ਵਲੋਂ ਘਰ ਲਈ ਮਿਲਿਆ ਹੋਇਆ ਸੀ । ਤੀਜੇ ਦਿਨ ਭੂਆ ਨੇ ਸੁਰਤੂ ਨੂੰ ਆਖਿਆ—ਜਾਹ ਜਸਵੰਤ ਦੇ ਨਾਲ ਇਹਦਾ ਸਾਮਾਨ ਚੁਕ ਲਿਆ ।...ਮੈਂ ਆਖਿਆ—ਭੂਆ ਮੈਂ ਪੈਸੇ ਵੀ ਲੈਣੇ ਨੇ ।...ਭੂਆ ਨੇ ਕਿਹਾ—ਸਿਰ ਮਾਰ ਪੈਸੇ, ਉਹਨਾਂ ਖਸਮਾਂ ਖਾਣੇ ਦੁਸ਼ਟਾਂ ਪਾਪੀਆਂ ਦੇ । ਮਾਸਾ ਜਿੰਨੇ ਮੁੰਡੇ ਦਾ ਕੀ ਹਾਲ ਕੀਤਾ ਹੈ ? ਖਾ ਲੈਣ ਮੌਹਰਾ ।

ਸੁਰਤੂ ਤੇ ਮੈਂ ਸਟੇਸ਼ਨ ਤੋਂ ਟਾਂਗੇ ਬਹਿ ਕੇ ਦਿੱਲੀ ਦਰਵਾਜ਼ੇ ਗਏ । ਘਰੋਂ ਸਾਮਾਨ ਚੁਕ ਕੇ ਸੁਰਤੂ ਮੇਰੇ ਨਾਲ ਤੁਰ ਪਿਆ । ਕਪੜੇ, ਬੂਟ, ਪੱਗ ਤੇ ਕਲਕੱਤੇ ਵਾਲੇ ਅਜੇ ਨਵੇਂ ਸਨ ਧੋਤੇ ਹੋਏ ਹੋਰ ਨਿਖਰ ਗਏ ਸੀ । ਸਾਰੀਆਂ ਤਰਖਾਣੀਆਂ ਬਾਹਰ ਨਿਕਲ ਕੇ ਵੇਖਣ ਪਈਆਂ । ਮੈਂ ਟੌਰ ਨਾਲ ਸੁਰਤੂ ਦੇ ਅੱਗੇ-ਅੱਗੇ ਤੁਰ ਪਿਆ । ਇਕ ਬੁੱਢੜੀ ਤਰਖਾਣੀ ਦਾ ਬੋਲ ਮੇਰੇ ਕੰਨੀਂ ਪਿਆ—ਬੂੰਜੜ ਮੁੰਡਾ ਕਿਸ ਤਰ੍ਹਾਂ ਕੁੱਲੀ ਨਾਲ ਆਕੜ ਕੇ ਤੁਰਿਆ ਜਾਂਦਾ ਏ, ਕਲ੍ਹ ਅਜੇ ਮੂੰਹ ਉਤੇ ਗਿੱਡ ਤੇ ਘੀਸੀਆਂ ਲੱਗੀਆਂ ਹੋਈਆਂ ਸੀ ।

ਕੋਠੀ ਪਹੁੰਚ ਗਏ । ਮੈਂ ਕਿਹਾ, ਭੂਆ ਮੈਂ ਘਰ ਜਾਣਾ ਏਂ । ਉਹਨਾਂ ਆਖਿਆ, ਪਰਸੋਂ ਚਲਿਆ ਜਾਈਂ । ਮਾਂ ਜੀ ਦੀ ਪ੍ਰਵਾਹ ਨਾ ਕਰੀਂ, ਮੁੜ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਚਾ ਜੀ ਕੋਲ ਕਲਕੱਤੇ ਚਲਾ ਜਾਈਂ । ਜੇ ਭਾਬੀ ਨੇ ਨਾ ਘੱਲਿਆ ਮੇਰੇ ਕੋਲ ਆ ਜਾਈਂ ।

ਮੈਂ ਡੇਰਾ ਬਾਬਾ ਨਾਨਕ ਪਹੁੰਚ ਗਿਆ । ਭਾਬੀ ਨੇ ਸਾਰੀ ਗੱਲ ਸੁਣ ਕੇ ਹੂੰ ਹਾਂ ਕਰ ਦਿੱਤੀ । ਪੰਦਰਾਂ ਵੀਹ ਦਿਨ ਡੇਰੇ ਰਿਹਾ । ਫਿਰ ਬਾਬਾ ਜੀ ਤੇ ਮਾਂ ਨੰਦੀ ਨਾਲ ਕਲਕੱਤੇ ਚਲਾ ਗਿਆ । ਭਾਬੀ ਨੇ ਜ਼ੋਰ ਨਾਲ ਪੱਕੀ ਕੀਤੀ ਸੀ ਕਿ ਤੂੰ ਗਿਆਨ ਸਿੰਘ ਨਾਲ ਨਹੀਂ ਰਹਿਣਾ । ਵੱਖਰੀ ਰੋਟੀ ਪਕਾਉਣੀ ਹੈ । ਖ਼ਬਰਦਾਰ ਜੋ ਉਸ ਨਾਲ ਰਿਹਾ ਤੇ ਜੇ ਮੇਰੀ ਨਾ ਮੰਨੀ, ਮੈਂ ਤੈਨੂੰ ਮੁੜ ਕੇ ਘਰ ਨਹੀਂ ਵੜਨ ਦੇਣਾ । ਨਿੱਕੀ ਭੈਣ ਰੋ ਪਈ । ਭਰਾ ਨੇ ਘੁੱਟ ਕੇ ਜੱਫੀ ਪਾਈ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕਲਕੱਤੇ ਤੋਂ ਤੁਮਸਰ

ਕਲਕੱਤੇ ਦੇ ਸ਼ਾਲੀਮਾਰ ਮੈਨੂੰ ਮੇਰੀ ਕੋਠੜੀ ਮਿਲ ਗਈ। ਸਮਾਨ ਰੱਖਿਆ, ਰੋਟੀ ਚਾਚੇ ਵਲੋਂ ਖਾਧੀ। ਰਾਤ ਨੂੰ ਜਦ ਚਾਚੀ ਨੇ ਆਖਿਆ—ਜਸਵੰਤ ਰੋਟੀ ਖਾ ਲੈ।...ਮੈਂ ਰੋਣ ਲੱਗ ਪਿਆ। ਕੋਈ ਗੱਲ ਨਾ ਦੱਸਾਂ। ਚਾਚਾ ਆ ਗਿਆ, ਉਸ ਨੇ ਪੁੱਛਿਆ। ਮੈਂ ਰੋਂਦੇ ਹੋਏ ਨੇ ਆਖਿਆ—ਭਾਬੀ ਨੇ ਕਿਹਾ ਸੀ, ਜੇ ਗਿਆਨ ਸਿੰਘ ਵਲੋਂ ਰੋਟੀ ਖਾਧੀ ਤਾਂ ਤੈਨੂੰ ਘਰ ਨਹੀਂ ਵੜਨ ਦੇਣਾ। ਇਹ ਗੱਲ ਸੁਣ ਕੇ ਚਾਚੇ ਨੇ ਪਿਆਰ ਦਿੱਤਾ—ਕੋਈ ਗੱਲ ਨਹੀਂ ਤੂੰ ਆਪ ਪਕਾ ਲਿਆ ਕਰ। ਚਾਚੀ ਨੇ ਆਖਿਆ—ਤੂੰ ਜਦੋਂ ਜੀਅ ਕਰੇ ਇਧਰੋਂ ਵੀ ਖਾ ਜਾਇਆ ਕਰੀਂ। ਦਾਲ ਸਬਜ਼ੀ ਦੀ ਲੋੜ ਪਏ ਲੈ ਜਾਇਆ ਕਰੀਂ। ਅਸੀਂ ਤੇਰੇ ਕੋਲ ਹਾਂ।

ਮੈਂ ਨਿੱਕੇ ਜੋਧ ਸਿੰਘ ਨੂੰ ਚੁਕਿਆ ਤੇ ਪਿਆਰ ਕਰਦਾ-ਕਰਦਾ ਆਪਣੀ ਕੋਠੜੀ ਵਿਚ ਲੈ ਆਂਦਾ। ਭਾਂਡਾ ਕੋਈ ਭਾਬੀ ਨੇ ਦਿੱਤਾ ਨਹੀਂ। ਇਕ ਨਿੱਕਾ ਪਤੀਲਾ ਤੇ ਥਾਲੀ ਚਾਚੀ ਨੇ ਦੇ ਦਿੱਤੀ। ਇਕ ਟੀਨ, ਕੁਝ ਇਕ-ਦੋ ਭਾਂਡੇ, ਦੋ ਸ਼ੀਸ਼ੇ ਦੇ ਗਿਲਾਸ ਬਾਜ਼ਾਰੋਂ ਲੈ ਲਏ। ਸਵੇਰੇ ਬਾਹਰ ਹੋਣ ਜਾਣਾ, ਸ਼ੀਸ਼ੇ ਦੇ ਗਿਲਾਸ ਵਿਚ ਪਾਣੀ ਭਰ ਕੇ ਖੜਨਾ। ਇਕ ਦਿਨ ਚਾਚੇ ਗਿਆਨ ਸਿੰਘ ਨੇ ਮਨ੍ਹਾਂ ਕਰ ਦਿੱਤਾ—ਇਸ ਤਰ੍ਹਾਂ ਬੁਰੇ ਲਗੀਦਾ ਹੈ, ਇਕ ਡੱਬੇ ਨੂੰ ਤਾਰ ਪਾ ਲੈ, ਉਸ ਵਿਚ ਪਾਣੀ ਖੜਿਆ ਕਰ। ਮੈਂ ਇਸ ਤਰ੍ਹਾਂ ਹੀ ਕੀਤਾ।

ਪੰਦਰਾਂ ਕੁ ਦਿਨਾਂ ਬਾਅਦ ਮੇਰਾ ਚਾਚਾ ਭਗਵਾਨ ਸਿੰਘ ਵੀ ਕਲਕੱਤੇ ਆ ਗਿਆ। ਬਾਬਾ ਜੀ ਨੇ ਨਾਗਪੁਰ ਲਾਗੇ ਜ਼ਿਲਾ ਭੰਡਾਰਾ ਵਿਚ ਤੁਮਸਰ ਰੋਡ ਤੇ ਕੰਮ ਲਿਆ ਸੀ। ਤੁਮਸਰ ਰੋਡ ਰੇਲਵੇ ਸਟੇਸ਼ਨ ਤੋਂ ਪੰਜੀ ਮੀਲ ਉਤੇ ਚਕਲਾਲਾ ਪਹਾੜੀਆਂ ਸਨ ਲੋਹੇ ਦੀਆਂ। ਉਥੋਂ ਕੋਇਲੇ ਵਰਗਾ ਲੋਹਾ ਨਿਕਲਦਾ ਸੀ। ਦੋ ਫੁੱਟੀ ਲਾਈਨ ਬਣੀ ਹੋਈ ਸੀ। ਨਿੱਕਾ ਜਿਹਾ ਇੰਜਣ ਤੇ ਨਿੱਕੇ-ਨਿੱਕੇ ਡੱਬੇ ਉਥੋਂ ਕੋਇਲਾ ਲਿਆਉਂਦੇ। ਰੇਲਵੇ ਨੇ ਉਸ ਦੋ ਫੁੱਟੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਈਨ ਦੀ ਥਾਂ ਪੂਰੀ ਲਾਈਨ ਕੱਢਣੀ ਸੀ। ਇਸ ਲਾਈਨ ਦਾ ਤਿੰਨ ਮੀਲ ਦਾ ਟੋਟਾ ਬਾਬਾ ਜੀ ਨੇ ਟੈਂਡਰ ਭਰ ਕੇ ਲਿਆ। ਉਥੇ ਹੋਰ ਵੀ ਗੁਜਰਾਤੀ ਠੇਕੇਦਾਰ ਸਨ।

ਬਾਬਾ ਜੀ ਨੇ ਚਾਚਾ ਭਗਵਾਨ ਸਿੰਘ ਨਾਲ ਪੱਤੀ ਰੱਖ ਕੇ ਸਾਰਾ ਕੰਮ ਉਸ ਦੇ ਸਪੁਰਦ ਕਰ ਦਿੱਤਾ। ਕੰਮ ਬਾਬਾ ਜੀ ਦੇ ਨਾਂ ਹੀ ਸੀ। ਕੁਝ ਦਿਨ ਰਹਿ ਕੇ ਚਾਚੇ ਭਗਵਾਨ ਸਿੰਘ ਨੇ ਨਿੱਕੇ ਚਾਚੇ ਨੂੰ ਨਾਲ ਸੱਦ ਲਿਆ। ਬੰਤਾ ਸਿੰਘ ਨੂੰ ਵੀ। ਇਕ ਉਸ ਇਲਾਕੇ ਮੇਟ ਲੱਭਿਆ। ਨਿੱਕੀ ਚਾਚੀ ਪੰਜਾਬ ਘੱਲ ਦਿੱਤੀ। ਬਾਕੀ ਸਾਰੇ ਤੁਮਸਰ ਰੋਡ ਚਲੇ ਗਏ। ਮੈਂ ਹੁਣ ਮਲਾਵਾ ਸਿੰਘ ਦੇ ਪਰਿਵਾਰ ਵਿਚੋਂ ਇਕੱਲਾ ਹੀ ਪਾਲਾ ਸਿੰਘ ਦੇ ਪਰਿਵਾਰ ਨਾਲ ਰਹਿ ਗਿਆ। ਹੁਣ ਮੇਰੀ ਕਦਰ ਘਟਾਈ ਵੀ ਹੋ ਗਈ। ਮੇਰਾ ਇਕ ਰੁਪਿਆ ਰੋਜ਼ ਹੋ ਗਿਆ। ਕੰਮ ਕਾਫ਼ੀ ਕਰਨਾ ਪੈਂਦਾ। ਹੁਣ ਮੇਰਾ ਫੁਫੜ ਜਗਤ ਸਿੰਘ ਵੀ ਪੰਜਾਬ ਮੁੜ ਗਿਆ। ਬਾਕੀਆਂ ਦੀ ਮੇਰੇ ਨਾਲ ਖ਼ਾਸ ਉਨਸ ਨਹੀਂ ਸੀ। ਸਿਰਫ਼ ਚਾਚਾ ਆਇਆ ਸਿੰਘ ਮੇਰੇ ਨਾਲ ਮੋਹ ਕਰਨ ਵਾਲਾ। ਹੁਣ ਮੇਰਾ ਬਹੁਤਾ ਜੁਟ ਤਰਖਾਣਾ ਨਾਲ ਰਹਿ ਗਿਆ। ਮੈਥੋਂ ਕੰਮ ਲੈਣ ਤੋਂ ਸਿਵਾ ਹੋਰ ਕੋਈ ਕਿਸੇ ਦਾ ਖ਼ਾਸ ਵਾਸਤਾ ਨਹੀਂ ਸੀ ਮਾਲੂਮ ਹੁੰਦਾ। ਬਾਬਾ ਪਾਲਾ ਸਿੰਘ ਜੀ ਹੀ ਮੇਰੇ ਨਾਲ ਪੇਸ਼ ਆਉਂਦੇ। ਕਦੇ-ਕਦੇ ਚੰਗੀ ਰੋਟੀ ਵੀ ਮੈਨੂੰ ਸੱਦ ਕੇ ਖਵਾ ਦਿੰਦੇ।

ਬਾਹਰ ਟੀਨ ਦੇ ਛਿੱਡ ਹੇਠਾਂ ਮੈਂ ਚੀਰੀਆਂ ਹੋਈਆਂ ਲਕੜੀਆਂ ਦੀਆਂ ਥਈਆਂ ਉਤੇ ਬਿਸਤਰਾ ਵਿਛਾ ਕੇ ਸੌਂ ਜਾਂਦਾ। ਮੰਜੀ ਕੋਠੜੀ ਵਿਚ ਪਈ ਰਹਿੰਦੀ। ਉਥੇ ਇਕ ਵਲਾਇਤ ਤਰਖਾਣ ਵੀ ਮੰਜੀ ਉਤੇ ਸੌਂਦਾ ਸੀ। ਇਕ ਦਿਨ ਮੈਨੂੰ ਕਹਿਣ ਲੱਗਾ— ਆ ਜਾ ਮੇਰੇ ਨਾਲ ਸੌਂ ਜਾ ਮੰਜੀ ਬਥੇਰੀ ਚੌੜੀ ਹੈ। ਮੈਂ ਬਿਸਤਰ ਇਕੱਠਾ ਕਰਕੇ ਉਸ ਨਾਲ ਜਾ ਸੁੱਤਾ। ਥੋੜ੍ਹੇ ਚਿਰ ਬਾਅਦ ਉਹ ਮੈਨੂੰ ਗ਼ਲਤ ਛੇੜਨ ਲੱਗ ਪਿਆ। ਮੇਰੇ ਅੰਦਰ ਗ਼ੁੱਸਾ ਜਾਗਿਆ। ਮੈਂ ਉਸ ਨਾਲੋਂ ਉਠ ਕੇ ਆਪਣੇ ਟਿਕਾਣੇ ਸੌਂ ਗਿਆ, ਕੋਈ ਗੱਲ ਨਾ ਕੀਤੀ। ਦਿਨੇ ਮੈਂ ਉਸ ਨੂੰ ਗਹਿਰੀ ਨਜ਼ਰ ਨਾਲ ਵੇਖਾਂ ਉਹ ਅੱਖੀਆਂ ਨਿਵਾਈਂ ਰੱਖੇ। ਜਿੰਨਾ ਚਿਰ ਮੈਂ ਉਥੇ ਰਿਹਾ ਉਸ ਨੇ ਮੇਰੇ ਵਲ ਨਜ਼ਰਾਂ ਚੁਕ ਕੇ ਨਹੀਂ ਵੇਖਿਆ। ਮੈਂ ਕਿਸੇ ਨੂੰ ਨਾ ਦੱਸਿਆ। ਉਹ ਡਰਦਾ ਰਿਹਾ ਕਿਤੇ ਇਹ ਮੁੰਡਾ ਦੱਸ ਨਾ ਦਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਤਿੰਨ ਚਾਰ ਬੰਦੇ ਨਾਲ ਲੈ ਕੇ ਰੇਲਵੇ ਸਟੇਸ਼ਨ ਤੇ ਕੰਮ ਕਰਨ ਜਾਂਦਾ । ਕੁਝ ਥਾਵਾਂ ਤੇ ਲਕੜੀ ਦੇ ਸਲੀਪਰਾਂ ਦੇ ਸਤਾਈ ਸੰਨ ਖੋਦਣਾ ਸੀ । ਮਹੀਨਾ ਇਸ ਕੰਮ ਨੂੰ ਲੱਗਾ । ਫਿਰ ਕਈਆਂ ਸਟੇਸ਼ਨਾਂ ਤੇ ਲਾਈਨ ਹੇਠਾਂ ਸਲੀਪਰ ਪਾਉਣ ਵਾਲਿਆਂ ਦੀਆਂ ਬੜੀਆਂ ਲੱਗੀਆਂ ਹੁੰਦੀਆਂ । ਉਹਨਾਂ ਉਤੇ ਫਰਮਾ ਰੱਖ ਕੇ ਨਿਸ਼ਾਨ ਲਾ ਕੇ ਆਰੀ ਦਾ ਟੱਕ ਦੇ ਕੇ ਤੇਸੇ ਨਾਲ ਛਿਲ ਦੇਣਾ ਤਾ ਕਿ ਲਾਈਨ ਹੇਠਲੀ ਪਲੇਟ ਉਸ ਉਤੇ ਰੱਖ ਕੇ ਲਾਈਨ ਵਿਛਾਈ ਜਾਏ । ਇਹ ਸਲੀਪਰ ਸਾਲੂ ਦੀ ਲਕੜੀ ਦੇ ਹੁੰਦੇ । ਆਪ ਹੀ ਇਧਰ ਉਧਰ ਕਰਨੇ ਪੈਂਦੇ । ਇਕ ਵਾਰੀ ਮੈਂ ਰਾਤ ਦੀ ਗੱਡੀ ਖੜਕਪੁਰ ਚਲਿਆ ਗਿਆ । ਸਵੇਰੇ ਉਥੋਂ ਗੱਡੀ ਪਿਛਾਂਹ ਨੂੰ ਮਿਲਣੀ ਸੀ । ਮੈਂ ਡਾਕ ਵਿਚ ਖੜਕਪੁਰ ਆ ਗਿਆ ਸਾਂ । ਸਾਰੀ ਰਾਤ ਮੈਂ ਸਰਦੀ ਵਿਚ ਬੁਰੀ ਤਰ੍ਹਾਂ ਠਰਦਾ ਰਿਹਾ । ਕਦੇ ਕਿਤੇ ਅੱਗ ਸੇਕਦਾ ਕਦੇ ਕਿਤੇ । ਜੇ ਕਿਤੇ ਇੰਜਣ ਵਿਚੋਂ ਕੋਇਲਾ ਕੱਢਿਆ ਹੁੰਦਾ ਉਥੇ ਜਾ ਸੇਕਦਾ ।

ਮੇਰੀ ਵੱਡੀ ਚਾਚੀ ਆਪਣੇ ਲੜਕੇ ਤਾਰਾ ਸਿੰਘ ਨੂੰ ਆਪਣੇ ਭਰਾ ਕੋਲ ਫਿਰੋਜ਼ਪੁਰ ਪੜ੍ਹਨੇ ਪਾ ਕੇ ਕੁਛੜਲੀ ਕੁੜੀ ਸਵਰਨੋਂ ਨੂੰ ਨਾਲ ਲੈ ਕੇ ਤੁਮਸਰ ਰੋਡ ਆ ਗਈ ਸੀ । ਉਸ ਨੇ ਚਾਚੇ ਭਗਵਾਨ ਸਿੰਘ ਨੂੰ ਕਹਿ ਕੇ ਮੈਨੂੰ ਤੁਮਸਰ ਰੋਡ ਮੰਗਾ ਲਿਆ । ਬਾਬਾ ਜੀ ਨੇ ਮੈਨੂੰ ਆਪਣੇ ਕਪੜੇ, ਜੋ ਬਹੁਤ ਖੁਲ੍ਹੇ ਸਨ ਦੇ ਕੇ ਅਤੇ ਪਿਆਰ ਨਾਲ ਪੱਕਾ ਪਾਸ ਦੇ ਕੇ ਭੇਜ ਦਿੱਤਾ ।

ਤੁਮਸਰ ਰੋਡ ਤੋਂ ਵੀਹ ਮੀਲ ਦੇ ਫ਼ਾਸਲੇ ਉਤੇ ਤਿੰਨ ਮੀਲ ਰੇਲਵੇ ਲਾਈਨ ਦਾ ਟੋਟਾ ਸਾਡੇ ਕੋਲ ਸੀ । ਕਿਰਾਏ ਦੀਆਂ ਕਾਰਾਂ ਉਧਰ ਆਮ ਜਾਂਦੀਆਂ ਮਿਲ ਜਾਂਦੀਆਂ ਸਨ । ਹੋਰ ਲੋਕ ਦੋ ਫੁੱਟੀ ਗੱਡੀ ਉਤੇ ਆ ਜਾ ਸਕਦੇ । ਚਾਚੀ ਜੀ ਨੇ ਇਕ ਮੇਰੇ ਨਾਲ ਕੁਝ ਨਿੱਕੀ ਜਿਹੀ ਕੁੜੀ ਨੌਕਰਾਣੀ ਰੱਖੀ ਹੋਈ ਸੀ । ਬਿਲਕੁਲ ਪੰਜਾਬਣ ਬਣਾ ਕੇ ।ਉਹਦੇ ਵਾਲ ਅਜੇ ਪੂਰੇ ਲੰਮੇ-ਲੰਮੇ ਨਹੀਂ ਸੀ । ਨਿੱਕੇ-ਨਿੱਕੇ ਪੱਟੇ ਉਸ ਨੂੰ ਬੜੇ ਫੱਬਦੇ । ਉਹ ਸੁੱਤੀਗੜ੍ਹ ਦੀ ਸੀ, ਬਹੁਤ ਸੋਹਣੀ । ਪੰਜਾਬੀ ਕਪੜੇ ਪਾਉਂਦੀ ਫੁੱਟ-ਫੁੱਟ ਪੈਂਦੀ । ਇਥੇ ਜਿਹੜਾ ਕੰਮ ਤੁਮਸਰ ਰੋਡ ਸੀ, ਉਹ ਕਰਾਉਂਦਾ ਸੀ । ਕੁਝ ਇਮਾਰਤਾਂ ਸਨ । ਇਕ ਦੋ ਖੂਹ ਸਨ ਵਗੈਰਾ-ਵਗੈਰਾ । ਸਵੇਰੇ ਔਰਤਾਂ ਆਦਮੀਆਂ ਨੂੰ ਸਾਮਾਨ ਗਿਣ ਕੇ ਦੇਣਾ ਸ਼ਾਮ ਨੂੰ ਗਿਣ ਕੇ ਲੈਣਾ । ਕੰਮ ਉਤੇ ਫੇਰਾ ਮਾਰਨਾ । ਚਾਚੀ ਨੇ ਮੈਨੂੰ ਸ਼ਾਨ ਨਾਲ ਰਹਿਣ ਲਈ ਹਰ ਸਮੇਂ ਸਮਝਾਉਂਦੇ ਰਹਿੰਦੇ । ਆਪਣੇ ਜਸਵਾਲ ਹੋਣ ਦਾ ਅਹਿਸਾਸ ਜਗਾਉਂਦੇ । ਕਲਕੱਤੇ ਵੀ ਤੇ ਇਥੇ ਵੀ ਮੇਰੇ ਪੜ੍ਹਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੌਕ ਜਾਰੀ ਰਿਹਾ । ਜੋ ਵੀ ਉਰਦੂ ਵਿਚ ਮਿਲ ਜਾਂਦਾ, ਪੜ੍ਹ ਲੈਂਦਾ । ਤੁਮਸਰ ਰੋਡ ਬਾਰੇ ਮੇਰੀ ਇਕ ਕਹਾਣੀ ਹੈ, 'ਗਣੇਸੀ' ਨਾਂ ਦੀ, ਜੋ ਮੇਰੀ ਪੁਸਤਕ ਵਿਚ ਛਪੀ ਹੋਈ ਹੈ ।

ਕੁਝ ਸਮੇਂ ਬਾਅਦ ਮੈਨੂੰ ਗੋਬਰ ਵਾਈ ਘੱਲ ਦਿੱਤਾ ਗਿਆ । ਉਹ ਸਾਡੇ ਕੰਮ ਵਾਲੀ ਥਾਂ ਦਾ ਹੈੱਡ ਕੁਆਟਰ ਸੀ । ਪੁਲਾਂ ਲਈ ਜਿਸ ਪਹਾੜੀ ਤੋਂ ਪੱਥਰ ਆਉਂਦਾ ਮੇਰੀ ਉਥੇ ਡਿਊਟੀ ਲੱਗ ਗਈ । ਰੋਜ਼ ਘੋੜੇ 'ਤੇ ਚੜ੍ਹ ਕੇ ਉਥੇ ਜਾਣਾ । ਪੱਥਰ ਨਾਪ ਕੇ ਗੱਡੀ ਉਤੇ ਭਿਜਵਾਈ ਜਾਣਾ । ਮੇਰੀਆਂ ਪਰਚੀਆਂ ਤੋਂ ਉਹਨਾਂ ਨੂੰ ਪੈਸੇ ਮਿਲੀ ਜਾਣੇ । ਇਥੇ ਪੰਜ ਛੇ ਗੁਜਰਾਤੀ ਪੱਥਰ ਕੱਢਦੇ ਸਨ । ਦਸ ਪੰਦਰਾਂ ਮਜ਼ਦੂਰ । ਤਰਕਾਲਾਂ ਨੂੰ ਪਲੀਤਿਆਂ ਨੂੰ ਅੱਗ ਲਾ ਦੇਣੀ । ਸੁਰੰਗਾਂ ਦੇ ਬਾਰੂਦ ਨੇ ਪੱਥਰ ਤੋੜ ਦੇਣੇ ।

ਤਿੰਨ ਚਾਰ ਮੱਦਤਾਂ ਮਜ਼ਦੂਰਾਂ ਦੀਆਂ । ਬੰਦੇ, ਔਰਤਾਂ, ਮੁਟਿਆਰਾਂ ਕੁੜੀਆਂ ਅਜਾਣੇ । ਇਹਨਾਂ ਦੀ ਰਾਖੀ ਮਾਮਾ ਬੰਤਾ ਸਿੰਘ ਲੱਠ ਫੜ ਕੇ ਕਰਦਾ । ਇਹ ਉਹ ਜੱਟ ਸੀ ਮੇਰੇ ਨਾਨਕਿਆਂ ਦਾ, ਜਿਸ ਕੋਲੋਂ ਮੇਰੀ ਭਾਬੀ ਨੇ ਇਕ ਘੁਮਾਂ ਗਹਿਣੇ ਲਿਆ ਹੋਇਆ ਸੀ ।

ਉਹ ਸਾਰੇ ਲੋਕ ਵੱਡੇ ਚਾਚੇ ਨੂੰ ਮਾਲਕ ਆਖਦੇ, ਨਿੱਕੇ ਨੂੰ ਬੜੇ ਬਾਬੂ ਤੇ ਮੈਨੂੰ ਛੋਟੇ ਬਾਬੂ । ਵੱਡੇ ਚਾਚਾ ਜੀ ਇਥੇ ਸਿਰਫ਼ ਹਫ਼ਤੇ ਬਾਅਦ ਆਉਂਦੇ ਪੈਸੇ ਦੇਣ ਲਈ ਜਾਂ ਕੋਈ ਖ਼ਾਸ ਕੰਮ ਹੁੰਦਾ ਤਾਂ । ਤੁਮਸਰ ਰੋਡ ਤੋਂ ਸਭ ਕੁਝ ਲੀਡ ਕਰਦੇ । ਮੈਂ ਕੇਸੀ ਨਹਾਉਣਾ, ਵਾਲ ਸਕਾਉਣ ਲਈ ਆਪਣੀ ਵਲਗਣ ਤੋਂ ਬਾਹਰ ਨਿਕਲਣਾ । ਮੇਰੇ ਲਾਗੋਂ ਕਈ ਮੁਟਿਆਰਾਂ ਕੁੜੀਆਂ ਜਨਾਨੀਆਂ ਨੇ ਜਾਣ ਕੇ ਲੰਘਣਾ । ਮੇਰੇ ਵਲ ਅੱਖਾਂ ਟੱਡ ਟੱਡ ਕੇ ਵੇਖਣਾ । ਜਾਂਦਿਆਂ-ਜਾਂਦਿਆਂ ਕਈਆਂ ਨੇ ਮੁਸਕਰਾ ਕੇ ਕਹਿਣਾ—ਛੋਟੇ ਬਾਬੂ ਤੋਂ ਜੋਰੂ ਸਰੀ ਕੇ ਹੈਂ (ਨਿੱਕਾ ਬਾਬੂ ਜਨਾਨੀਆਂ ਵਰਗਾ ਹੈ) ਮੇਰੇ ਅੰਦਰ ਵੱਡੇ ਚਾਚੇ ਦਾ ਬਹੁਤ ਡਰ ਸੀ । ਨਿੱਕਾ ਮੈਨੂੰ ਪੜ੍ਹਾਉਂਦਾ ਤੇ ਹਿਸਾਬ ਵੀ ਸਿਖਾਉਂਦਾ । ਮੈਂ ਚਾਚਿਆਂ ਸਾਹਮਣੇ ਸਹਿਮਿਆਂ ਰਹਿੰਦਾ ਸਾਂ । ਖਰਚਨ ਜੋਗੇ ਪੈਸੇ ਮੇਰੇ ਕੋਲ ਹਮੇਸ਼ਾਂ ਰਹਿੰਦੇ । ਇਕ ਹੱਟਾ-ਕੱਟਾ ਨੌਕਰ ਸਾਡੀ ਰੋਟੀ ਪਕਾਉਂਦਾ । ਜਦ ਕਦੀ ਦਾਅ ਲਗਦਾ ਨਿੱਕਾ ਚਾਚਾ ਮਰਜ਼ੀ ਦੀ ਮਜ਼ਦੂਰਨੀ ਸਦਵਾ ਕੇ ਮਜ਼ਾਰਾ ਕਰ ਲੈਂਦਾ । ਵੱਡੇ ਚਾਚੇ ਦਾ ਪਿਆਰ ਸੁੱਚਾ ਸੀ । ਚਾਚੀ ਜੀ ਬਹੁਤ ਸੂਹਣੇ ਸਨ । ਅਕਲ ਵਾਲੇ, ਸੁਚੱਜੇ ਤੇ ਸਮਝਦਾਰ । ਉਹ ਵੱਡੇ ਚਾਚੇ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਆਦਤਾਂ ਤੋਂ ਜਾਣੂ ਸਨ । ਗੋਬਰਵਾਈ ਦੀ 'ਫ਼ੈਸਲਾ ਹੋ ਗਿਆ' ਇਥੋਂ ਦੀ ਪੂਰੀ ਕਥਾ ਹੈ । ਇਹ ਵੀ ਮੇਰੀ ਪੁਸਤਕ ਵਿਚ ਛਪੀ ਹੈ ।

ਤਿੰਨਾਂ ਮੀਲ ਵਿਚ ਬੈਂਕਰ ਬਣ ਰਹੇ ਸਨ । ਨੀਵੇਂ ਥਾਂ ਭਰੇ ਜਾ ਰਹੇ ਸਨ । ਪੁਲਾਂ ਦੀ ਉਸਾਰੀ ਹੋ ਰਹੀ ਸੀ । ਇਸ ਕੰਮ ਵਿਚ ਇਕ ਪਹਾੜੀ ਕਟਨ ਸੀ । ਇਹਨਾਂ ਕਟਨਾਂ ਵਿਚ ਬਹੁਤ ਮੁਨਾਫ਼ਾ ਹੁੰਦਾ ਹੈ । ਗੁਜਰਾਤੀ ਠੇਕੇਦਾਰ ਨੇ ਉਹ ਕਟਨ, ਸਾਹਿਬ ਨਾਲ ਮਿਲ ਕੇ ਆਪਣੇ ਕੋਲ ਲੈਣ ਦੀ ਕੋਸ਼ਿਸ਼ ਕੀਤੀ । ਰੋਜ਼-ਰੋਜ਼ ਆਪਣੀ ਪਤਨੀ ਅਤੇ ਜਵਾਨ ਕੁੜੀ ਸਣੇ, ਸਾਹਿਬ ਨਾਲ ਮੇਲ ਜੋਲ ਰੱਖ ਲਿਆ । ਇਸ ਤਰ੍ਹਾਂ ਸਭ ਕੁਝ ਤੁਮਸਰ ਰੋਡ ਸਾਹਿਬ ਦੀ ਕੋਠੀ ਕੋਲ ਹੋ ਰਿਹਾ ਸੀ । ਆਖਰ ਸਾਹਿਬ ਨੇ ਉਹ ਕਟਨ ਉਸ ਨੂੰ ਦੇ ਦਿੱਤੀ । ਵੱਡੇ ਚਾਚਾ ਜੀ ਬੜੇ ਨਿਡਰ, ਦਲੇਰ ਤੇ ਸਿਰੜੀ ਸਨ । ਉਹ ਸਾਹਿਬ ਨਾਲ ਲੜ ਪਏ । ਦਸਤਖ਼ਤ ਨਾ ਕਰਨ । ਸਾਹਿਬ ਨੇ ਕਲਕੱਤੇ ਤੋਂ ਬਾਬਾ ਜੀ ਨੂੰ ਸੱਦਿਆ, ਕੋਠੀ ਬੁਲਾਇਆ । ਪਤਾ ਨਹੀਂ ਕੀ ਆਖਿਆ । ਉਹਨਾਂ ਨੇ ਦਸਤਖ਼ਤ ਕਰ ਦਿੱਤੇ । ਮਾਂ ਨੰਦੀ ਅਤੇ ਚਾਚੇ ਹਰੀ ਸਿੰਘ ਦੀ ਵਹੁਟੀ, ਮਾਂ ਜੀ ਦਾ ਇਕ ਭਲਵਾਨ ਕਿਸਮ ਦਾ ਨੌਕਰ ਵੀ ਨਾਲ ਆਏ ਹੋਏ ਸਨ । ਬਾਬਾ ਜੀ ਚਾਚਾ ਜੀ ਕੋਲ ਆ ਕੇ ਡਾਢਾ ਮਾਰ ਕੇ ਖਿੱਜਣ ਲੱਗ ਪਏ—ਮੈਥੋਂ ਬਦੋਬਦੀ ਦਸਤਖ਼ਤ ਕਰਵਾ ਲਏ ਸਨ । ਪਿਸਤੌਲ ਵਿਖਾਇਆ ਸੀ । ਮਾਂ ਨੰਦੀ ਰੌਲਾ ਪਾਏ, ਵੇ ਭਗਵਾਨ ਸਿੰਘਾ ਕੁਝ ਕਰ ਵੇ ।...ਨੌਕਰ ਮੂੰਹ ਬਣਾ ਕੇ ਬੈਠਾ ਹੋਇਆ ਸੀ । ਨਿੱਕੀ ਨੂੰਹ ਅਜੇ ਨਿੱਕੀ ਸੀ, ਪਰ ਖ਼ੂਬਸੂਰਤੀ ਦਾ ਨਮੂਨਾ, ਮਾਂ ਨੰਦੀ ਦੀ ਕਠਪੁਤਲੀ ਸੀ ।

ਨਤੀਜਾ ਇਹ ਹੋਇਆ ਚਾਚਾ ਜੀ ਨੇ ਸਾਹਿਬ ਉਤੇ ਮੁਕੱਦਮਾ ਕਰ ਦਿੱਤਾ । ਬਾਬਾ ਜੀ ਮਾਂ ਨੰਦੀ ਸ਼ਾਲੀਮਾਰ ਚਲੇ ਗਏ । ਮੱਦਤਾਂ ਵੇਚ ਦਿੱਤੀਆਂ ਗਈਆਂ । ਚਾਚਾ ਗਿਆਨ ਸਿੰਘ ਤੇ ਵੱਡੀ ਚਾਚੀ ਪੰਜਾਬ ਆ ਗਏ । ਮਾਮਾ ਬੰਤਾ ਸਿੰਘ ਮੁੜ ਕੇ ਉਜੜੇ ਖੇਤਾ ਵਿਚ ਜਾ ਵੜਿਆ । ਇਹ ਝਗੜਾ ਤਿੰਨ ਸਾਲ ਤਕ ਚਲਦਾ ਰਿਹਾ । ਚਾਚੇ ਭਤੀਜੇ ਦੀ ਡਾਢੀ ਫੱਟ ਪੈ ਗਈ । ਚਾਚਾ ਅੱਡਾ ਲਾ ਕੇ ਤੁਮਸਰ ਰੋਡ ਬੈਠਾ । ਪਹਿਲਾਂ ਵਾਂਗ ਮੁੜ ਕੇ ਸ਼ਰੀਕੇ ਦੇ ਦੋ ਧੜ ਹੋ ਗਏ ।

ਮੈਨੂੰ ਵੱਡੇ ਚਾਚਾ ਜੀ ਨੇ, ਉਹਨਾਂ ਦਾ ਇਕ ਮੇਲੀ ਸੀ ਆਲਾ ਸਿੰਘ ਠੇਕੇਦਾਰ ਹੁੰਦੀਆਂ, ਉਸ ਕੋਲ ਘੱਲ ਦਿੱਤਾ । ਆਲਾ ਸਿੰਘ ਦਾ ਬੇ-ਹੱਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਬਾਸ ਲੜਕਾ ਚਾਚਾ ਜੀ ਦਾ ਯਾਰ ਸੀ। ਮੈਨੂੰ ਉਥੇ ਵੀ ਇਕ ਕੋਠੜੀ ਮਿਲ ਗਈ। ਰੋਟੀ ਆਪ ਪਕਾਉਂਦਾ। ਸਵਾ ਰੁਪਿਆ ਦਿਹੜੀ ਮਿਲਦੀ। ਗੋਂਦੀਆਂ ਤੋਂ ਸਿੱਧੀ ਨਿੱਕੀ ਲਾਈਨ ਜਬਲਪੁਰ ਜਾਂਦੀ ਸੀ। ਉਥੇ ਬਾਬਾ ਪਾਲਾ ਸਿੰਘ ਹੋਰਾਂ ਦਾ ਵੱਡਾ ਲੜਕਾ ਹਰਨਾਮ ਸਿੰਘ ਐਸ. ਡੀ. ਓ. ਰੇਲਵੇ ਵਿਚ ਲੱਗਾ ਹੋਇਆ ਸੀ। ਤੁਮਸਰ ਰੋਡ ਹੀ ਮੈਨੂੰ ਸਾਈਕਲ ਚਲਾਉਣਾ ਆਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੋਂਦੀਆਂ ਤੋਂ ਪੰਜਾਬ

ਆਲਾ ਸਿੰਘ ਠੇਕੇਦਾਰ ਦੇ ਵੱਡੇ ਲੜਕੇ ਦਾ ਨਾਂ ਯਾਦ ਨਹੀਂ ਰਿਹਾ। ਉਸ ਨੂੰ ਭਰਾ ਜੀ ਕਹਿੰਦਾ ਸਾਂ। ਕੰਮ ਦੀ ਇਥੇ ਵੀ ਮੈਨੂੰ ਖ਼ਾਸ ਬੰਦਸ਼ ਨਹੀਂ ਸੀ। ਭਰਾ ਜੀ ਨੇ ਮੈਨੂੰ ਖ਼ਾਸ ਭੇਤੀ ਬਣਾ ਲਿਆ। ਰਾਤ ਪੈਂਦੀ ਉਹ ਮੈਨੂੰ ਨਾਲ ਲੈ ਕੇ ਨਿਕਲ ਤੁਰਦਾ। ਉਥੇ ਪੰਜਾਬ ਵਿਚੋਂ ਭਲਵਾਨ ਜਾਂਦੇ। ਕਈ ਗੌਣ ਵਾਲੀਆਂ ਵੇਸ਼ਵਾਵਾਂ ਜਾਂਦੀਆਂ, ਕਈ ਨੌਟੰਕੀਆਂ, ਨਾਟਕ ਜਾਂਦੇ। ਇਹੋ ਜਿਹਾ ਫੇਰਾ ਤੋਰਾ ਲੱਗਾ ਰਹਿੰਦਾ। ਭਲਵਾਨ ਤੇ ਵੇਸ਼ਵਾਵਾਂ ਪੰਜਾਬੀ ਹੁੰਦੇ। ਬਾਕੀ ਹੋਰਨਾਂ ਸੂਬਿਆਂ ਦੇ। ਚਕਲੇ ਜਾਣਾ ਭਰਾ ਜੀ ਦਾ ਇਕ ਸ਼ੁਗਲ ਸੀ। ਕੋਠਿਆਂ ਵਾਲੀਆਂ ਸਾਰੀਆਂ ਉਸ ਨੂੰ ਜਾਣਦੀਆਂ। ਮੈਂ ਨਾਲ ਹੁੰਦਾ, ਇਕ ਪਾਸੇ ਬੈਠਾ ਰਹਿੰਦਾ। ਮੈਨੂੰ ਬੜਾ ਡਰ ਸੀ, ਸਹਿਮ ਸੀ। ਇਕ ਕਿਸਮ ਦਾ ਭਰਾ ਜੀ ਦਾ ਅਰਦਲੀ ਸਾਂ। ਜੇ ਮੈਨੂੰ ਕਦੇ ਵੇਸ਼ਵਾ ਗਵਨ ਲਈ ਕਹਿਣਾ। ਮੈਂ ਪੂਰੇ ਦਿਲ ਨਾਲ ਇਨਕਾਰ ਕਰ ਦੇਣਾ। ਔਰਤਾਂ ਬਾਰੇ ਸਾਰੀ ਉਮਰ ਡਰਾਕਲ ਰਿਹਾ ਸਾਂ।

ਇਕ ਵਾਰੀ ਉਥੇ ਇਕ ਵੇਸ਼ਵਾ ਆਈ। ਬੜੀ ਖ਼ੂਬਸੂਰਤ ਮੁਜਰਾ ਕਰਦੀ। ਗੋਂਦੀਆਂ ਦੇ ਸੇਠ ਹੋਰ ਕਈ ਉਸ ਨੂੰ ਸੁਣਨ ਜਾਂਦੇ। ਭਰਾ ਜੀ ਮੈਨੂੰ ਨਾਲ ਲੈ ਕੇ ਜਾਂਦੇ। ਮੈਂ ਉਸ ਵੇਸ਼ਵਾ ਦੇ ਗੌਣ ਦੀਆਂ ਹਰਕਤਾਂ ਤੇ ਗੈਰਤਾਂ ਵੇਖਦਾ ਰਹਿੰਦਾ। ਭਰਾ ਜੀ ਨੇ ਜਿਹੜੀ ਵੇਸ਼ਵਾ ਨਾਲ ਇਕ ਲੜਕੀ ਨੱਥ ਵਾਲੀ ਆਈ ਹੋਈ ਸੀ, ਉਸ ਬਾਰੇ ਨੱਥ ਖੋਹਲਣ ਦੀ ਗੱਲ ਕੀਤੀ। ਉਹ ਕੁੜੀ ਵੀ ਅਦਾ ਨਾਲ ਗਾਉਂਦੀ। ਵੇਸ਼ਵਾ ਕੁੜੀ ਦੀ ਨੱਥ ਲੁਹਾਈ ਦੇ ਬਹੁਤ ਰੁਪਏ ਮੰਗਦੀ ਸੀ। ਭਰਾ ਜੀ ਨਾਲ ਉਸ ਦਾ ਸੌਦਾ ਨਾ ਬਣਦਾ।

ਤੀਜੇ ਕੁ ਦਿਨ, ਰਾਤ ਨੂੰ ਭਰਾ ਜੀ ਨੇ ਮੈਨੂੰ ਆਖਿਆ—ਜਾ ਕੇ ਉਸ ਗੌਣ ਵਾਲੀ ਨੂੰ ਆਖ ਢਾਈ ਹਜ਼ਾਰ ਰੁਪਿਆ ਲੈਣਾ ਹੈ ਤੇ ਗੱਲ ਕਰੇ।...ਮੈਂ ਗਿਆ ਉਸ ਨੂੰ ਆਖਿਆ, ਉਹ ਨਾ ਮੰਨੀ। ਉਹ ਕੁੜੀ ਮੈਨੂੰ ਵੇਖੀ ਜਾ ਰਹੀ ਸੀ। ਮੇਰੀ ਜੁਅਰਤ ਨਹੀਂ ਸੀ ਪੈਂਦੀ ਉਸ ਵਲ ਵੇਖਣ ਨੂੰ। ਮੈਂ ਆ ਕੇ ਦਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਿੱਤਾ, ਉਹ ਨਹੀਂ ਮੰਨਦੀ। ਫਿਰ ਭਰਾ ਜੀ ਨੇ ਮੈਨੂੰ ਕਿਹਾ ਕਿ ਮੈਂ ਜਾ ਕੇ ਉਸ ਨੂੰ ਕਹਾਂ ਕਿ ਤੂੰ ਵੀਹ ਰੁਪਏ ਲੈਣੇ ਹਨ ਤਾਂ ਮੈਂ ਆਵਾਂ। ਉਹ ਮੰਨ ਗਈ, ਭਰਾ ਜੀ ਰਾਤ ਉਸ ਕੋਲ ਚਲੇ ਗਏ।

ਆਲਾ ਸਿੰਘ ਹੋਰਾਂ ਇਕ ਐਂਗਲੋ ਇੰਡੀਅਨ, ਜਿਸ ਦਾ ਰੰਗ ਗੋਰਾ ਸੀ, ਹਿਸਾਬ ਕਿਤਾਬ ਲਈ ਰਖਿਆ ਹੋਇਆ ਸੀ। ਉਹ ਬਹੁਤ ਸ਼ਰਾਬ ਪੀਂਦਾ। ਰੋਟੀ ਆਪ ਪਕਾਉਂਦਾ। ਜਾਪਦਾ ਪਿੱਛੇ ਆਪਣੀ ਪਤਨੀ ਨਾਲ ਲੜ ਕੇ ਆਇਆ ਹੈ। ਉਹ ਹਮੇਸ਼ਾ ਪੀ ਕੇ ਹਿੰਦੁਸਤਾਨ ਬਾਰੇ ਮਾੜੀਆਂ ਗੱਲਾਂ ਕਰਦਾ। ਕਾਂਗਰਸ ਦੀ ਮੁਖਾਲਫਤ ਕਰਦਾ। ਖ਼ਾਸ ਕਰਕੇ ਗਾਂਧੀ ਦੀ ਅਤੇ ਹੋਰ ਲੀਡਰਾਂ ਦੀ। ਮੇਰੇ ਨਾਲ ਵੀ ਕਰਦਾ। ਉਸ ਕੋਲੋਂ ਹੀ ਮੈਂ ਕਾਂਗਰਸ ਦੇ ਕੰਮ ਦੀ, ਗੁਲਾਮੀ ਦੀਆਂ ਅਤੇ ਕੌਮੀ ਲੀਡਰਾਂ ਦੀਆਂ ਗੱਲਾਂ ਸੁਣੀਆਂ ਪਹਿਲੀ ਵਾਰੀ। ਮੈਨੂੰ ਕੁਦਰਤੀ ਦੇਸ਼ ਨਾਲ, ਕਾਂਗਰਸ ਨਾਲ ਅਤੇ ਲੀਡਰਾਂ ਨਾਲ ਹਮਦਰਦੀ ਹੋ ਗਈ। ਜਾਣ ਕੇ ਛੇੜ ਦੇਣਾ, ਉਸ ਨੇ ਕੀ-ਕੀ ਬਕੀ ਜਾਣਾ ਮੈਨੂੰ ਜਾਣਕਾਰੀ ਹੁੰਦੀ ਜਾਣੀ। ਇਕ ਵਾਰੀ ਉਹ ਮੱਛਰਦਾਨੀ ਲਾ ਕੇ ਸੁੱਤਾ ਹੋਇਆ ਸੀ, ਮੈਂ ਲੰਘਦੇ ਨੇ ਆਖਿਆ—ਸਾਹਿਬਾ ਹਿੰਦੁਸਤਾਨ ਦੀ ਜਿੱਤ ਹੋਣੀ ਹੈ। ਗੋਰਿਆਂ ਹਾਰਨਾ ਹੈ।...ਉਹ ਚਿੜਿਆ। ਲਾਈ ਮੱਛਰਦਾਨੀ ਇਕ ਪਾਸਿਉਂ ਹਟਾ ਕੇ ਕਹਿਣ ਲੱਗਾ—ਹਮਾਰੀ ਤਰ੍ਹਾਂ ਅੰਗਰੇਜ਼ ਮੱਛਰਦਾਨੀ ਲਗਾ ਕਰ ਸੋਇਆ ਹੂਆ ਹੈ ਔਰ ਕਾਂਗਰਸ ਵਾਲੇ ਬਾਹਰ ਘੂੰ-ਘੂੰ ਕਰਤੇ ਹੈਂ। ਹਿੰਦੁਸਤਾਨ ਹਮੇਸ਼ਾ ਉਨ ਕਾ ਗੁਲਾਮ ਰਹੇਗਾ।... ਮੈਨੂੰ ਇੰਜ ਸੁੱਜੀ—ਕਾਂਗਰਸ ਮੱਛਰ ਨਹੀਂ ਬਘਿਆੜ ਹੈ, ਤੁਮਾਰੇ ਸਣੇ ਅੰਗਰੇਜ਼ ਕੋ ਖਾ ਜਾਏਗੀ। ਹਿੰਦੁਸਤਾਨ ਆਜ਼ਾਦ ਹੋ ਜਾਏਗਾ।...ਉਹ ਮੁੜ ਕੇ ਮੱਛਰਦਾਨੀ ਤਾਣ ਕੇ ਸੌਂ ਗਿਆ—ਤੁਮਾਰੇ ਜੈਸੇ ਲੌਂਡੇ ਬਕਤੇ ਹੈਂ ਹਮ ਪ੍ਰਵਾਹ ਨਹੀਂ ਕਰਤੇ।... ਮੁੜ ਕੇ ਉਸ ਨੇ ਮੈਨੂੰ ਕੁਝ ਨਹੀਂ ਆਖਿਆ। ਮੈਂ ਜੋ ਕਿਹਾ ਬਿਨਾਂ ਸੂਝ ਤੋਂ ਕਿਹਾ, ਮੈਨੂੰ ਕਾਂਗਰਸ ਦਾ ਚਿੱਤ-ਚੇਤੇ ਨਹੀਂ ਸੀ। ਕੁਝ ਦਿਨਾਂ ਬਾਅਦ ਉਸ ਦੀ ਪਤਨੀ ਆਈ ਨਾਲ ਚਿੱਟਾ ਗਭਰੂ ਉਸ ਨੂੰ ਸ਼ਰਾਬੀ ਹੋਏ ਨੂੰ ਲੈ ਗਏ। ਭਰਾ ਜੀ ਹਰ ਰੋਜ਼ ਜਿਹੜੀਆਂ ਔਰਤਾਂ ਉਹਨਾਂ ਕੋਲ ਕੰਮ ਕਰਦੀਆਂ ਸਨ, ਉਹਨਾਂ ਦੇ ਘਰ ਜਾਂਦੇ। ਬਾਹਰੋਂ ਕਿਸੇ ਤਰ੍ਹਾਂ ਆਵਾਜ਼ ਮਾਰਦੇ। ਮੈਨੂੰ ਕਹਿੰਦੇ ਤੂੰ ਇਹੋ ਜਿਹੀ ਆਵਾਜ਼ ਮਾਰ। ਬੱਸ ਉਹ ਔਰਤ ਘਰੋਂ ਨਿਕਲ ਆਉਂਦੀ, ਉਸ ਨੂੰ ਇਧਰ-ਉਧਰ ਕਰਕੇ ਕੰਮ ਸਾਰ ਲੈਂਦੇ। ਉਸ ਦੀ ਜ਼ਿੰਦਗੀ ਸ਼ਰਾਬੀ ਨਹੀਂ, ਅਬਾਸ਼ ਅੱਤ ਦੀ ਸੀ। ਉਥੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਮੈਨੂੰ ਜਨਮ ਅਸ਼ਟਮੀ ਆਈ । ਗੋਂਦੀਆਂ ਦੇ ਲਾਗੇ ਚਾਗੇ ਕਈ ਪਿੰਡ ਸਨ । ਉਹਨਾਂ ਪਿੰਡਾਂ ਵਿਚੋਂ ਪੰਦਰਾਂ ਦਿਨ ਪਹਿਲਾਂ ਲੋਕ ਰਾਤ ਨੂੰ ਇਕੱਠੇ ਹੁੰਦੇ ਜਵਾਨ ਕੁੜੀਆਂ ਰਾਧਾ ਬਣਦੀਆਂ, ਜਵਾਨ ਮੁੰਡੇ ਕ੍ਰਿਸ਼ਨ । ਨਿੱਕੇ-ਨਿੱਕੇ ਡੰਡੀਆਂ ਨਾਲ ਗੋਲ ਧਾਰਾ ਬੰਨ੍ਹ ਕੇ ਨਚਦੇ ਗਾਉਂਦੇ । ਸਾਰੇ ਅਜੀਬ ਰੰਗ ਬੰਨ੍ਹਦੇ । ਰੋਜ਼ ਭਰਾ ਜੀ ਮੈਨੂੰ ਨਾਲ ਲੈ ਕੇ ਇਕ ਪਿੰਡ ਜਾਂਦੇ । ਬਹੁਤ ਅਨੰਦ ਆਉਂਦਾ । ਇਸ ਤਰ੍ਹਾਂ ਸੱਤਾਂ ਅੱਠਾਂ ਪਿੰਡਾਂ ਵਿਚ ਅਸੀਂ ਗਏ । ਭਰਾ ਹੋਰਾਂ ਮੈਨੂੰ ਉਸ ਥਾਂ ਬਿਠਾ ਕੇ ਆਪ ਪਿੰਡ ਵਿਚ ਨਿਕਲ ਜਾਣਾ । ਅੱਧੇ ਘੰਟੇ ਬਾਅਦ ਆਉਣਾ । ਉਥੋਂ ਕਾਰਖਾਨੇ ਆ ਜਾਣਾ ।

ਜਨਮ ਅਸ਼ਟਮੀ ਵਾਲੇ ਦਿਨ ਬੇਹੱਦ ਰੌਣਕ ਹੋਈ, ਰੰਗ-ਬਰੰਗੇ ਕਪੜਿਆਂ ਨਾਲ ਸ਼ਿੰਗਾਰੀ ਹੋਈ । ਕਈਆਂ ਤਰ੍ਹਾਂ ਦੇ ਝੰਡੇ ਫੜੇ ਹੁੰਦੇ । ਬੜੀਆਂ-ਬੜੀਆਂ ਸੋਹਣੀਆਂ ਕੁੜੀਆਂ ਸ਼ਿੰਗਾਰੀਆਂ, ਗਾਈਆਂ ਤੇ ਬਲਦ, ਇਕ-ਇਕ ਬੰਦੇ ਦੇ ਬਹਿਣ ਵਾਲੀਆਂ ਨਿੱਕੀਆਂ ਰੇੜ੍ਹੀਆਂ, ਉਹਨਾਂ ਅੱਗੇ ਦੋ-ਦੋ ਸ਼ਿੰਗਾਰੇ ਹੋਏ ਬਲਦ । ਦੌੜ ਹੁੰਦੀ, ਬੜਾ ਰੌਲਾ ਪੈਂਦਾ, ਮਜ਼ਾ ਆਉਂਦਾ । ਭਰਾ ਜੀ ਉਥੇ ਕਈਆਂ ਮੁਟਿਆਰਾਂ ਨੂੰ ਮਿਲਦੇ । ਇਕ ਨੂੰ ਰਾਤ ਆਪਣੇ ਕਾਰਖਾਨੇ ਆਉਣ ਲਈ ਮਨਾ ਲਿਆ । ਇਹ ਮੁਟਿਆਰ ਉਸ ਸਮੇਂ ਵਧੀਆ ਹੁਸਨ ਦਾ ਨਮੂਨਾ ਸੀ ।... ਉਥੇ ਇਕ ਤਰਖਾਣ ਸੀ ਪੰਜਾਹ ਕੁ ਸਾਲਾ, ਦਾੜ੍ਹੀ ਚਿੱਟੀ ਤੇ ਸੋਹਣੀ । ਉਂਜ ਵੀ ਸੁਹਣਾ ਤੇ ਫੁਰਤੀਲਾ, ਉਸ ਦੀ ਵਹੁਟੀ ਤੀਹ ਸਾਲ ਤੋਂ ਥੱਲੇ-ਥੱਲੇ । ਬੜੀ ਚੁਸਤ ਹੱਸਣਾ, ਮਟਕਣਾ, ਬਣਨਾ ਜਾਣਦੀ । ਵੇਖਣ ਵਿਚ ਬੜੀ ਸੁਹਣੀ । ਉਸ ਨੇ ਮੈਨੂੰ ਰਾਹ ਜਾਂਦੇ ਨੂੰ ਖਲਿਆਰ ਕੇ ਗੱਲਾਂ ਕਰਨ ਲੱਗ ਪੈਣਾ, ਨਿੱਕਾ-ਨਿੱਕਾ ਛੇੜਨਾ, ਮੈਂ ਡਰਾਕਲ ਡਰਦੇ ਰਹਿਣਾ, ਮਸਾਂ ਝੱਕ ਝੱਕ ਕੇ ਉਸ ਵਲ ਵੇਖਣਾ । ਬੱਚਾ ਉਸ ਦੇ ਘਰ ਕੋਈ ਨਹੀਂ ਸੀ । ਤਰਖਾਣ ਚਿਰਾਕਾ ਵਿਆਹਿਆ ਹੋਇਆ ਲਗਦਾ ਸੀ ।...ਮੈਂ ਇਕ ਦਿਨ ਤਰਕਾਲਾਂ ਤੋਂ ਬਾਅਦ ਆਪਣੀ ਕੋਠੜੀ ਵਿਚ ਮੰਜੀ ਉਤੇ ਬੈਠ ਕੇ ਚੌਲ ਅਤੇ ਹਰ-ਹਰ ਦੀ ਦਾਲ ਬਣਾ ਕੇ ਥਾਲੀ ਅੱਗੇ ਰੱਖ ਕੇ ਖਾ ਰਿਹਾ ਸੀ । ਉਹ ਇਕ ਕੌਲੀ ਵਿਚ ਸਬਜ਼ੀ ਲੈ ਕੇ ਆ ਗਈ, ਮੁਸਕਰਾਉਂਦੀ ਮੇਰੀਆਂ ਅੱਖਾਂ ਵਿਚ ਅੱਖਾਂ ਪਾਉਣ ਦੀ ਕੋਸ਼ਿਸ਼ ਕਰਦੀ । ਲਾਗੇ ਬਹਿ ਗਈ—ਕੀ ਖਾ ਰਿਹਾਂ ਏਂ ?

—ਚੌਲ ਤੇ ਹਰ-ਹਰ ਦੀ ਦਾਲ ।

—ਲੈ ਸਬਜ਼ੀ ਵੀ ਖਾ ਲੈ ।...ਕਹਿ ਕੇ ਮੇਰੀ ਥਾਲੀ ਵਿਚ ਰਖ ਦਿੱਤੀ । ਮੇਰਾ ਅੰਦਰ ਧੜਕਣ ਲੱਗ ਪਿਆ । ਉਸ ਢੱਕ ਸਰਕੇ ਮੇਰੇ ਮੋਢਿਆਂ ਉਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਾਂਹ ਵਲ਼ਾ ਕੇ ਮੇਰਾ ਮੂੰਹ ਚੁੰਮ ਲਿਆ ਤੇ ਕਹਿਣ ਲਗੀ—ਜੀਅ ਕਰਦਾ ਏ ਤੈਨੂੰ ਅੰਦਰ ਰੱਖ ਛੱਡਾਂ।...ਮੈਂ ਪੱਥਰ ਬਣਿਆ ਰਿਹਾ, ਜਿਸ ਤਰ੍ਹਾਂ ਛੁਰ-ਰ-ਰ ਕਰਕੇ ਆਈ ਉਸ ਤਰ੍ਹਾਂ ਚਲੀ ਗਈ। ਉਸ ਦੇ ਬਾਅਦ ਪਤਾ ਨਹੀਂ ਕੀ ਹੋਇਆ। ਮੇਰੇ ਵਲ ਚੋਰ ਅੱਖੀਂ ਵੇਖਣ ਲੱਗੀ। ਮੈਨੂੰ ਕੋਈ ਅਹਿਸਾਸ ਨਹੀਂ, ਡਰ ਹੱਡਾਂ ਵਿਚ ਸੀ।

ਆਲਾ ਸਿੰਘ ਦਾ ਲੈਣ ਦੇਣ ਇਕ ਮਾਰਵਾੜੀ ਸੇਠ ਨਾਲ ਸੀ। ਉਸ ਦੇ ਘਰ ਵੀ ਕਈ ਵਾਰੀ ਭਰਾ ਜੀ ਨਾਲ ਗਿਆ ਸਾਂ। ਅਚਾਨਕ ਆਲਾ ਸਿੰਘ ਨੂੰ ਨਮੂਨੀਆ ਹੋ ਗਿਆ। ਬੜਾ ਇਲਾਜ ਕੀਤਾ, ਸਾਰਿਆਂ ਨੂੰ ਬੜਾ ਫ਼ਿਕਰ ਰਹਿੰਦਾ, ਪਰ ਉਹ ਠੀਕ ਨਾ ਹੋਇਆ ਗੁਜ਼ਰ ਗਿਆ। ਸਸਕਾਰ ਵਿਚ ਸੜਦਾ ਨਹੀਂ ਸੀ। ਵਾਰੀ-ਵਾਰੀ ਹੋਰ ਲਕੜਾਂ ਪਾਈਆਂ। ਆਖ਼ਰ ਇਕ ਤਰਖਾਣ ਨੇ ਘਵਾੜੇ ਨਾਲ ਉਸ ਦੀ ਛਾਤੀ ਟੁੱਕ ਟੁੱਕ ਕੇ ਸਾੜੀ।

ਉਸ ਦੇ ਅੱਖਾਂ ਮੀਟਣ ਨਾਲ ਸਾਰੇ ਕੰਮ ਬੰਦ ਹੋ ਗਏ। ਸੇਠ ਕਾਰਖ਼ਾਨੇ ਵਿਚ ਮੰਜੀ ਡਾਹ ਕੇ ਬੈਠ ਗਿਆ। ਅਖੰਡ ਪਾਠ ਦੇ ਭੋਗ ਉਤੇ ਚਾਚਾ ਜੀ ਵੀ ਤੁਮਸਰ ਰੋਡ ਤੋਂ ਆਏ। ਭੋਗ ਦੇ ਬਾਅਦ ਮੈਨੂੰ ਕਹਿਣ ਲੱਗੇ—ਇਹ ਸੇਠ ਦੇ ਬਹੁਤ ਕਰਜ਼ਾਈ ਹਨ। ਸਭ ਕੁਝ ਉਸ ਨੇ ਸਾਂਭ ਲਿਆ ਹੈ। ਹੁਣ ਇਥੇ ਨਹੀਂ ਰਹਿ ਸਕਦੇ। ਤੂੰ ਬਲਾਸਪੁਰ ਚਲਿਆ ਜਾਈਂ ਮੇਰੀ ਚਿੱਠੀ ਰੇਲਵੇ ਵਿਚ ਮੇਰਾ ਮਿੱਤਰ ਹੈ ਵਰਨ ਸਿੰਘ ਉਸ ਨੂੰ ਦੇ ਦਈਂ, ਉਹ ਤੈਨੂੰ ਕੰਮ ਤੇ ਲਵਾ ਦਏਗਾ। ਜੇ ਕੰਮ ਨਾ ਮਿਲਿਆ, ਮੁੜ ਕੇ ਮੇਰੇ ਕੋਲ ਆ ਜਾਈਂ ਜਾਂ ਪੰਜਾਬ ਚਲਿਆ ਜਾਈਂ ਗਿਆਨ ਸਿੰਘ ਉਥੇ ਹੈ।

ਮੈਂ ਦੂਜੇ ਦਿਨ ਹੀ ਆਪਣਾ ਬੋਰੀਆ ਬਿਸਤਰਾ ਚੁੱਕ ਕੇ ਬਲਾਸਪੁਰ ਆ ਆ ਗਿਆ। ਮੈਨੂੰ ਕਿਸੇ ਵੀ ਗੋਂਦੀਆਂ ਵਾਲਿਆਂ ਨਹੀਂ ਵਰਜਿਆ। ਬਲਾਸਪੁਰ ਵਰਨ ਸਿੰਘ ਨੇ ਮੈਨੂੰ ਇਕ ਗੁਜਰਾਤੀ ਠੇਕੇਦਾਰ ਸਨ, ਉਹਨਾਂ ਕੋਲ ਕੰਮ ਉਤੇ ਲਵਾ ਦਿੱਤਾ। ਮੇਰੇ ਨਾਲ ਗੁਜਰਾਤੀਆਂ ਦਾ ਇਕ ਜਵਾਈ ਅਤੇ ਦੋ ਹੋਰ ਉਧਰ ਦੇ ਤਰਖਾਣ ਕੰਮ ਕਰਦੇ ਸਨ। ਕੰਮ ਉਹਨਾਂ ਮੈਨੂੰ ਦਿੱਤਾ। ਪੌਣੇ ਦੋ ਰੁਪਏ ਮੇਰੇ ਰੋਜ਼ ਲੱਗ ਗਏ। ਉਹ ਮਾਸ ਮੱਛੀ ਸ਼ਰਾਬ ਵਗੈਰਾ ਨਹੀਂ ਸਨ ਪੀਂਦੇ। ਮੈਨੂੰ ਮੱਛੀ ਖਾਣ ਦਾ ਸ਼ੌਕ ਉਹਨਾਂ ਦਾ ਮੇਟ ਮੇਰਾ ਬਣ ਗਿਆ। ਉਸ ਮੱਛੀ ਕਿਸੇ ਦੇ ਘਰੋਂ ਬਣਾ ਕੇ ਲੈ ਆਉਣੀ, ਅਸਾਂ ਖਾ ਲੈਣੀ। ਮਿੱਤਰ ਚਾਰਾ ਸਾਡਾ ਚੰਗਾ ਪੈ ਗਿਆ। ਹਫ਼ਤੇ ਕੁ ਪਿਛੋਂ ਮੇਟ ਸ਼ਾਮ ਨੂੰ ਗੱਲਾਂ ਕਰਦਾ-ਕਰਦਾ ਰੇਲਵੇ ਸਟੇਸ਼ਨ ਉਤੇ ਲੈ ਗਿਆ। ਉਸ ਦੀ ਖੋਲੀ ਮੇਰੇ ਨਾਲ ਸੀ,


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਣ-ਗਿਲਣ ਦੀ ਸੋਖ। ਗੁਜਰਾਤੀ ਮੇਰੇ ਨਾਲ ਕੰਮ ਤੋਂ ਬਿਨਾਂ ਕੋਈ ਗੱਲ ਬਾਤ ਨਹੀਂ ਸਨ ਕਰਦੇ। ਮੇਟ ਮੈਨੂੰ ਕਹਿਣ ਲੱਗਾ—ਛੋਟੇ ਮਿਸਤਰੀ ਤੁਮਾਰਾ ਦਿਲ ਔਰਤ ਕੋ ਨਹੀਂ ਚਾਹਤਾ ?

ਮੈਂ ਉੱਤਰ ਦਿੱਤਾ—ਚਾਹਤਾ ਤੋ ਹੈ, ਮਗਰ ਮੈਂ ਚਾਚਾ ਜੀ ਸੇ, ਘਰ ਵਾਲੋਂ ਸੇ ਡਰਤਾ ਹੂੰ। ਮੇਰੇ ਦੇਸ਼ ਮੇਂ ਮੇਰੀ ਮਾਂ ਹੈ, ਭਾਈ ਹੈ, ਛੋਟਾ ਭੈਨ ਹੈ ਔਰ ਬਾਤ ਯੇ ਹੈ, ਬੀਮਾਰੀ ਸੇ ਬੇ-ਹੱਦ ਡਰਤਾ ਹੂੰ !!

—ਉ ਮਿਸਤਰੀ ਏਕ ਦਫਾ ਸੇ ਕਿਆ ਹੋਤਾ ਹੈ, ਬੀਮਾਰੀ ਕਾ ਮੈਂ ਜ਼ੁੰਮੇਦਾਰ ਹੂੰ। ਏਕ ਰੰਡੀ ਹੈ ਛੋਰੀ ਹੈ ਤੁਮਾਰੇ ਜੈਸੀ। ਕਿਸੀ ਨੇ ਉਸੇ ਰਖਾ ਹੂਆ ਹੈ ਹਰ ਕੋਈ ਨਹੀਂ ਜਾ ਸਕਤਾ, ਮੈਂ ਝੂਠ ਨਹੀਂ ਬੋਲਤਾ।

—ਮੈਂ ਬਹੁਤ ਪੈਸਾ ਨਹੀਂ ਖ਼ਰਚ ਸਕਤਾ।

—ਏਕ ਰੁਪਿਆ ਦੇਨਾ ਬਾਕੀ ਮੈਂ ਸਮਝ ਲੂੰਗਾ।

ਉਸ ਨਾਲ ਉਸ ਵੇਸ਼ਵਾ ਕੋਲ ਚਲਿਆ ਗਿਆ। ਬੜਾ ਸੱਜਿਆ ਹੋਇਆ ਕਮਰਾ ਸੀ। ਉਹ ਕੁੜੀ ਅਜੇ ਮੇਰੀ ਉਮਰ ਦੀ ਸੀ। ਮੈਨੂੰ ਵੇਖ ਕੇ ਖ਼ੁਸ਼ ਹੋਈ। ਮੇਟ ਅੰਦਰ ਨਹੀਂ ਸੀ ਗਿਆ। ਉਹ ਟੁੱਟੀ ਫੁੱਟੀ ਹਮ ਤੁਮ ਕਰ ਲੈਂਦੀ। ਮੈਨੂੰ ਚੰਗੀ ਲੱਗੀ ਡਰ ਮੇਰੇ ਅੰਦਰ ਧੜਕ ਰਿਹਾ ਸੀ। ਹੂੰ-ਹਾਂ, ਹੂੰ-ਹਾਂ ਕਰਦੇ ਰਹੇ ਪਲੰਗ ਉਤੇ ਪੈ ਗਏ। ਉਸ ਨੂੰ ਰੁਪਿਆ ਦਿੱਤਾ। —ਦੂੱਧ ਪੀਏਂਗਾ।... ਉਸ ਨੇ ਮੁਸਕਾਉਂਦਿਆਂ ਆਖਿਆ। ਮੈਂ ਚਾਰ ਆਨੇ ਹੋਰ ਦਿੱਤੇ।

ਮੇਟ ਬਾਹਰ ਝੱਟ ਮਿਲ ਪਿਆ—ਅੱਛਾ ਹੈ ਛੋਕਰੀ।

—ਹਾਂ ਅੱਛਾ ਹੈ।...ਮੈਂ ਸ਼ਰਮ ਨਾਲ ਆਖਿਆ। ਜਾਪਦਾ ਸੀ ਮੈਂ ਨਹੀਂ ਉਸ ਕੁੜੀ ਨੇ ਮੇਰੇ ਨਾਲ ਗ੍ਰਹਿਸਤ ਕੀਤਾ ਹੈ ! ਪਲੰਘ ਤੋਂ ਬਾਅਦ ਮੈਨੂੰ ਫੇਰ ਕਲਕੱਤੇ ਵਾਲੀ ਨਫ਼ਰਤ ਹੋ ਗਈ। ਦਿਲ ਵਿਚ ਸੋਚਿਆ ਮੁੜ ਕੇ ਕਦੀ ਨਹੀਂ ਇੰਜ ਕਰਾਂਗਾ।

ਠੇਕੇਦਾਰਾਂ ਦੇ ਚੌਗਾਠਾਂ ਤੇ ਜੋੜੀਆਂ ਬਣਦੀਆਂ ਸਨ। ਬਲਾਸਪੁਰ ਤੋਂ ਰੇਲ ਰਾਂਚੀ ਜਾਂਦੀ ਸੀ। ਵਿਚਕਾਰ ਇਕ ਪੁਲ ਬਣਨਾ ਸੀ। ਪੁਰਾਣੇ ਦੀ ਥਾਂ ਨਵਾਂ। ਦੋ ਪਹਾੜੀਆਂ ਦਰਿਆ ਉਤੇ ਰੇਲ ਦਾ ਪੁਲ। ਉਥੇ ਕਵਾਟਰ ਤੇ ਇਕ ਦੋ ਨਿੱਕੇ ਬੰਗਲੇ ਬਣਦੇ ਸਨ। ਕੁਝ ਲਕੜੀਆਂ ਗੱਡ ਕੇ ਕੰਧਾਂ ਉਤੇ ਟੀਨਾ ਪਾ ਕੇ ਮਜ਼ਦੂਰਾਂ ਤੇ ਹੋਰਨਾਂ ਲਈ ਕਵਾਟਰ ਬਣੇ ਹੋਏ ਸਨ।

ਪੰਦਰਾਂ ਦਿਨਾਂ ਬਾਅਦ ਮੈਨੂੰ ਤੇ ਆਪਣੇ ਜਵਾਈ ਨੂੰ ਗੁਜਰਾਤੀਆਂ ਉਥੇ ਘੱਲ ਦਿੱਤਾ। ਕੁਝ ਔਰਤਾਂ ਡੇ ਬੰਦੇ ਮਜ਼ਦੂਰ ਵੀ ਸਾਡੇ ਨਾਲ। ਉਸ ਪੁਰਾਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੁਲ ਦੇ ਪਾਰ ਗੱਡੀ ਰੋਕ ਦਿੱਤੀ ਗਈ। ਅਸੀਂ ਸਾਰੇ ਉਤਰ ਗਏ, ਮੈਨੂੰ ਭੁੱਖ ਲੱਗੀ ਰਾਸ਼ਨ ਕੋਲ ਸੀ। ਮੈਂ ਭਿੰਡੀਆਂ ਤੋਰੀਆਂ ਤਰੀ ਵਾਲੀਆਂ ਬਣਾਈਆਂ ਤੇ ਫੁਲਕੇ ਲਾਹ ਕੇ ਖਾ ਲਏ। ਉਥੋਂ ਥੱਲੇ ਨੂੰ ਜਾ ਕੇ ਕੰਮ ਜਾਰੀ ਸੀ। ਇਕ ਖੋਲੀ ਵਿਚ ਮੈਂ ਤੇ ਮੇਟ ਨਾਲ ਇਕ ਮਜ਼ਦੂਰ ਚਾਰ ਵਲੀਆਂ ਦੇ ਟੁੱਟੇ ਗੱਡੇ ਉਤੇ ਵਾਂਸ ਚੀਰ ਕੇ ਲਾਇਆ, ਮੰਜੀ ਬਣ ਗਈ। ਰਾਤ ਨੂੰ ਉਸ ਉਤੇ ਬਿਸਤਰਾ ਵਿਛਾ ਕੇ ਸੌਂ ਰਹਿੰਦਾ। ਦੋ ਨਿੱਕੇ ਬੰਗਲਿਆਂ ਦੀਆਂ ਜੋੜੀਆਂ ਚੜ੍ਹਨੀਆਂ ਸਨ ਅਤੇ ਕੁਝ ਥੋੜ੍ਹਾ ਬਹੁਤ ਹੋਰ ਲਕੜੀ ਦਾ ਕੰਮ ਸੀ। ਉਸ ਗੁਜਰਾਤੀ ਤਰਖਾਣ ਨੇ ਮੇਰੇ ਨਾਲ ਕੰਮ ਦੀ ਜ਼ਿੱਦ ਦਾ ਆਡਾ ਲਾਈ ਰੱਖਣਾ। ਤੰਗ ਵੀ ਹੋਣਾ ਮੁਕਾਬਲੇ ਤੋਂ ਪਿੱਛੇ ਨਾ ਹਟਣਾ। ਉਥੇ ਪਹਿਲਾਂ ਵੀ ਮਜ਼ਦੂਰ ਔਰਤਾਂ ਬਹੁਤ ਸਨ। ਉਥੋਂ ਦੋ ਤਿੰਨ ਸਟੇਸ਼ਨ ਅੱਗੇ ਹਫ਼ਤੇਵਾਰੀ ਬਾਜ਼ਾਰ ਲਗਦਾ ਸੀ। ਉਥੋਂ ਜਾ ਕੇ ਅਸੀਂ ਸਾਰਿਆਂ ਹਫ਼ਤੇ ਜੋਗਾ ਰਾਸ਼ਨ ਫੇਰ ਲੈ ਆਂਦਾ। ਇਹੋ ਜਿਹੇ ਬਾਜ਼ਾਰ ਤੁਮਸਰ ਰੋਡ ਗੋਬਰ ਵੀ ਲਗਦੇ ਸਨ। ਟੀਨ ਦੇ ਡੱਬਿਆਂ ਵਰਗੀਆਂ ਜਿਨ੍ਹਾਂ ਨੂੰ ਉਹ 'ਪਾਲੀਆਂ' ਕਹਿੰਦੇ, ਪਾ ਦੀਆਂ, ਅੱਧੇ ਸੇਰ ਦੀਆਂ, ਇਕ ਸੇਰ ਦੀਆਂ ਹੁੰਦੀਆਂ। ਜਿੰਨਾ ਅਨਾਜ ਕਿਸੇ ਲੈਣਾ ਹੁੰਦਾ, ਉਹਨਾਂ ਵਿਚ ਭਰ ਕੇ ਦਿੰਦੇ। ਹੱਟੀਆਂ ਲੱਗੀਆਂ ਉਤੇ ਬਣੀਆਂ ਜ਼ਨਾਨੀਆਂ ਵੀ ਸੌਦਾ ਵੇਚਦੀਆਂ। ਅਨਾਜ ਪਾਲੀਆਂ ਵਿਚ, ਕੁਝ ਸੌਦਾ, ਸਬਜ਼ੀ ਗਿਣ ਕੇ। ਕੁਝ ਤਕੜੀ ਉਤੇ ਵੀ ਦਿੱਤਾ ਜਾਂਦਾ। ਉਥੇ ਵੀ ਔਰਤਾਂ ਮੁਟਿਆਰਾਂ ਆਪਣੇ ਲਈ ਗਾਹਕ ਟੋਲਦੀਆਂ ਫਿਰਦੀਆਂ। ਡਰ ਅਤੇ ਬੀਮਾਰੀ ਨਾਲੇ ਅੰਤਲੀ ਬੇ-ਸੁਆਦੀ ਸਦਾ ਮੇਰੇ ਲਈ ਪਛਤਾਵਾ ਬਣੀ ਰਹਿੰਦੀ।

ਕੰਮ ਉਤੇ ਇਕ ਲੰਘੀ ਮੁਟਿਆਰ ਬੜੀ ਸੁਨੱਖੀ, ਚਲਾਕ, ਹੋਰਨਾਂ ਔਰਤਾਂ ਦੇ ਨਾਲ ਦਰਿਆਵਾਂ ਕੰਢੇ ਕੰਮ ਕਰਨ ਜਾਂਦੀ ਅਤੇ ਛੁੱਟੀ ਵੇਲੇ ਸਾਡੇ ਨਾਲ ਉਤੇ ਆ ਜਾਂਦੀ। ਰੋਜ਼ ਰਾਤ ਨੂੰ ਕੋਈ ਨਾ ਕੋਈ ਔਰਤ ਮੇਟ ਨਾਲ ਰਹਿੰਦੀ, ਮਜ਼ਦੂਰ ਉਸ ਲਈ ਲੈ ਆਉਂਦਾ। ਮੈਂ ਬਾਹਰ ਨਿਕਲ ਜਾਂਦਾ ਜਾਂ ਸੁੱਤਾ ਹੁੰਦਾ ਜਾਂ ਘੇਸ ਮਾਰ ਛੱਡਦਾ। ਇਕ ਦਿਨ ਉਹ ਲੰਘ ਕਹਿਣ ਲੱਗੀ— ਅਰੇ ਲੌਂਡੇ ਤਰਖਾਣਵਾ ਬੜੀ ਮਜਾਜ਼ ਹੈ ਰੇ ਜ਼ਰਾ ਸਾਥ ਸੌਂ ਕਰ ਦੇਖੋ ਸਾਰੀ ਉਮਰੀਆ ਯਾਦ ਰਹੇ !!...ਮੈਂ ਚੁੱਪ ਕਰਕੇ ਆਪਣੇ ਟਿਕਾਣੇ ਆ ਕੇ ਸੌਂ ਗਿਆ। ਮੈਨੂੰ ਕੁਝ ਵਿਸ਼ਲੇਸ਼ਣ ਕਰਨ ਦਾ ਓਦੋਂ ਪਤਾ ਨਹੀਂ ਸੀ, ਔਰਤ ਕੀ ਹੈ ਕੀ ਨਹੀਂ।

ਪੰਦਰਾਂ ਦਿਨ ਉਥੇ ਕੰਮ ਕੀਤਾ। ਜੋੜੀਆਂ ਦਾ ਕੰਮ ਖ਼ਤਮ ਹੋ ਗਿਆ। ਗੁਜਰਾਤੀਆਂ ਨੂੰ ਜਵਾਬ ਦੇ ਦਿੱਤਾ। ਪੈਸੇ ਦੇਣ ਨੂੰ ਉਹ ਬੜੇ ਚੰਗੇ ਸਨ, ਉਸੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੇਲੇ ਹੀ ਦੇ ਦਿੱਤੇ । ਮੈਂ ਪੰਜਾਬ ਆਉਣ ਲਈ ਤਿਆਰ ਸਾਂ । ਗੱਡੀ ਪੁਲ ਤੇ ਖਲੋਤੀ ਸਵਾਰ ਹੋ ਕੇ ਰਾਂਚੀਆਂ ਉਤਰਿਆ । ਉਥੋਂ ਅਟਾਰਸੀ, ਅਟਾਰਸੀ ਤੋਂ ਅੰਮ੍ਰਿਤਸਰ । ਗੱਡੀ ਹੁਣ ਡੇਰੇ ਬਾਬੇ ਨਾਨਕ ਤਕ ਅੰਮ੍ਰਿਤਸਰੋਂ ਚਲੀ ਗਈ ਹੋਈ ਸੀ । ਰਾਵੀ ਪੁਲ ਬਣ ਗਿਆ ਸੀ । ਸਿਆਲਕੋਟ ਤਕ ਜਾਂਦੀ ਸੀ । ਸਵੇਰ ਦੀ ਗੱਡੀ ਬੈਠ ਕੇ ਘਰ ਪਹੁੰਚ ਗਿਆ । ਭਾਬੀ ਨੇ ਪਿਆਰ ਦਿੱਤਾ, ਭੈਣ ਭਰਾ ਮਿਲੇ, ਹਫ਼ਤਾ ਗੁਜ਼ਰ ਗਿਆ । ਮੇਰੀ ਮਾਂ ਦੇ ਨਾਨਕਿਆਂ ਵਲੋਂ ਉਹਦਾ ਭਣਵਈਆ ਲਗਦਾ ਸੀ ਗੰਡਾ ਸਿੰਘ ਰੰਡਾ ਰਹਿੰਦਾ ਸੀ । ਪੁੱਤਰ ਨੂੰਹ ਹੈ ਸੀ, ਉਹ ਰਾਵਲਪਿੰਡੀ ਰਹਿੰਦਾ ਸੀ । ਉਸ ਨਾਲ ਮੈਨੂੰ ਰਾਵਲਪਿੰਡੀ ਘੱਲ ਦਿੱਤਾ ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਰਾਵਲਪਿੰਡੀ

ਰਾਵਲ ਪਿੰਡੀ ਚਿੱਟੀਆਂ ਹੋਣੀਆਂ ਨਾਂ ਦੇ ਇਲਾਕੇ ਵਿਚ ਅਸੀਂ ਰਹਿੰਦੇ ਸਾਂ ।ਉਥੇ ਸਾਰੇ ਕਾਰੀਗਰ ਲੋਕ ਰਹਿੰਦੇ ਸਨ । ਗੰਡਾ ਸਿੰਘ ਮਾਸੜ ਦਾ ਨੂੰਹ ਪੁੱਤ ਬਹੁਤ ਚੰਗੇ ਸਨ । ਰੋਟੀ ਮੈਂ ਘਰੋਂ ਹੀ ਖਾਂਦਾ । ਕਰਤਾਰ ਸਿੰਘ ਨਾਂ ਸੀ ਉਸਦੇ ਮੁੰਡੇ ਦਾ । ਨੂੰਹ ਮੇਰੇ ਨਾਲ ਨਿੱਕੇ ਦਿਉਰਾਂ ਵਾਂਗ ਵਰਤਦੀ । ਉਹ ਦੋਏਂ ਬਹੁਤ ਚੰਗੇ ਸਨ । ਮਾਸੜ ਮੈਨੂੰ ਆਪਣੇ ਨਾਲ ਇਕ ਥਾਂ ਟਰੱਕਾਂ ਦੀਆਂ ਬਾਡੀਆਂ ਬਣਦੀਆਂ ਸਨ, ਉਥੇ ਕੰਮ ਉਤੇ ਲੈ ਗਿਆ । ਜਿਥੇ ਮੈਂ ਸੌਂਦਾ ਸਾਂ ਉਹ ਇਕ ਚਬਾਰਾ ਉਤੇ ਕਮਰਾ ਸੀ । ਚਾਰ ਜਣੇ ਉਹ ਹੋਰ ਸੌਂਦੇ । ਮਾਸੜ ਗੰਡਾ ਸਿੰਘ ਕਿਤੇ ਹੋਰ ਸੌਂਦਾ । ਸੌਣ ਵਾਲੇ ਕਮਰੇ ਦੇ ਸਾਹਮਣੇ ਦੋ ਟੱਬਰਦਾਰ ਤਰਖਾਣ ਰਹਿੰਦੇ ਸਨ । ਉਹਨਾਂ ਦੀ ਇਕ ਜਵਾਨ ਕੁੜੀ ਸੀ ਮੇਰੇ ਹਾਣ ਦੀ, ਚੁਪਚਾਪ ਘਰ ਦਾ ਕੰਮ ਕਰਦੀ ਰਹਿੰਦੀ । ਸਾਡੇ ਕਮਰੇ ਵਿਚ ਸ਼ਾਮ ਨੂੰ ਭਰਾ ਕਰਤਾਰ ਸਿੰਘ ਵੀ ਆ ਜਾਂਦਾ । ਸਾਰੇ ਭਰਾ ਸਣੇ ਉਸ ਕੁੜੀ ਦੀਆਂ ਗੱਲਾਂ ਕਰਦੇ ਰਹਿੰਦੇ । ਉਹਨੂੰ ਫਸਾਉਣ ਲਈ ਵਿਉਂਤਾਂ ਘੜਦੇ । ਇਕ ਜਣਾ ਜਾਦੂ ਟੂਣੇ ਸੋਚਦਾ, ਇਕ ਜਾਦੂ ਮੰਤਰ ਪੜ੍ਹਦਾ, ਉਹ ਕੁੜੀ ਕਿਸੇ ਵੱਲ ਕੋਈ ਗਹੁ ਨਾ ਕਰਦੀ ਘਰ ਦਾ ਕੰਮ ਕਰਦੀ ਰਹਿੰਦੀ । ਮੈਨੂੰ ਕਿਸੇ ਨਾਲ ਕੋਈ ਵਾਸਤਾ ਨਹੀਂ ਸੀ ।

ਮਾਸੜ ਕੰਮ ਉਤੋਂ ਬਹੁਤ ਟੋਕਦਾ । ਸੜਿਆ ਭੁੱਜਿਆ ਰਹਿੰਦਾ, ਆਉਂਦਾ ਜਾਂਦਾ ਮੇਰੀ ਭਾਬੀ ਦੀਆਂ, ਮੇਰੀ ਨਾਨੀ ਦੀਆਂ, ਆਪਣੇ ਸਹੁਰਿਆਂ ਦੀਆਂ ਮਾੜੀਆਂ ਚੰਗੀਆਂ ਗੱਲਾਂ ਕਰਦਾ । ਮੈਂ ਇਹਨਾਂ ਗੱਲਾਂ ਤੋਂ ਬੜਾ ਦੁਖੀ ਹੋਇਆ । ਉਸ ਨਾਲ ਸਖ਼ਤ ਨਫ਼ਰਤ ਹੋ ਗਈ । ਪਹਿਲੋਂ ਹੀ ਉਸ ਦੀ ਸ਼ਕਲ ਸੂਰਤ ਰੰਗ ਢੰਗ ਨਫ਼ਰਤ ਅੰਗ੍ਰੇਜ਼ ਸੀ । ਪੰਜ ਕੁ ਦਿਨਾਂ ਬਾਅਦ ਕੰਮ ਉਤੇ ਮੈਨੂੰ ਗੁੱਸਾ ਆ ਗਿਆ । ਲਕੜਾ ਲੁਕੜਾਂ ਵਗਾਹ ਮਾਰੀਆਂ । ਗਾਲਾਂ ਤੋਂ ਬਿਨ੍ਹਾਂ ਉਸਨੂੰ ਜੋ ਕਹਿ ਸਕਦਾ ਸਾਂ ਕਿਹਾ, ਉਹ ਮੇਰੇ ਮੂੰਹ ਵੱਲ ਬਿੱਟਰ ਬਿੱਟਰ ਵੇਖੀ ਗਿਆ । ਹੋਰ ਤਰਖਾਣ ਵੀ ਅਰਾਮ ਨਾਲ ਵੇਖਦੇ ਰਹੇ । ਮੈਂ ਔਜ਼ਾਰ ਚੁੱਕ ਕੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀ ਸੌਣ ਵਾਲੀ ਥਾਂ ਤੇ ਆ ਗਿਆ। ਕਿਸੇ ਕੁਝ ਨਾ ਆਖਿਆ, ਰੋਟੀ ਉਸ ਰਾਤ ਤੰਦੂਰ ਤੋਂ ਖਾ ਲਈ।

ਅਗਲੇ ਦਿਨ ਲਾਲ ਕੁੜਤੀ ਕੰਮ ਢੂੰਡਣ ਰੇਲ ਦਾ ਪੁਲ ਲੰਘ ਕੇ ਗਿਆ। ਇਕ ਥਾਂ ਟਰੱਕਾਂ ਦੀਆਂ ਬਾਡੀਆਂ ਬਣਦੀਆਂ ਸਨ, ਕੰਮ ਮੁਸਲਮਾਨਾਂ ਦਾ, ਮਾਲਕ ਮੁਸਲਮਾਨ, ਉਥੋਂ ਕੰਮ ਪੁੱਛਿਆ। ਉਹਨਾਂ ਕਿਹਾ, ਸਵੇਰੇ ਆ ਜਾ। ਦੂਜੀ ਸਵੇਰ ਕੰਮ ਉਤੇ ਗਿਆ। ਸ਼ਾਮ ਨੂੰ ਮੇਰੇ ਪੁੱਛਣ ਤੇ ਉਹਨਾਂ ਨੇ ਆਖਿਆ, ਤੈਨੂੰ ਬਾਰਾਂ ਆਨੇ ਰੋਜ਼ ਦਿਆਂਗੇ। ਮੈਂ ਮਨਜ਼ੂਰ ਕਰ ਲਏ। ਜਦ ਉਸ ਸ਼ਾਮ ਮੈਂ ਛੁੱਟੀ ਕਰਕੇ ਆ ਰਿਹਾ ਸਾਂ ਤਾਂ ਲਾਲ ਕੁੜਤੀ ਵਲੋਂ ਪੌੜੀਆਂ ਦਾ ਪੁਲ ਚੜ੍ਹਨ ਲੱਗਿਆਂ ਥੱਲੇ ਸੜਕ ਦੇ ਕਿਨਾਰੇ ਇਕ ਫੁਟਪਾਥ ਕਿਸਮ ਦੀ ਲੰਮੀ ਥੜੀ ਬਣੀ ਹੋਈ ਸੀ। ਜਿਸ ਉਤੇ ਪੰਦਰਾਂ ਸੋਲਾਂ ਨਾਈ ਸ਼ੀਸ਼ੇ ਰੱਖ ਕੇ ਬੈਠੇ ਰਹਿੰਦੇ ਸਨ। ਸ਼ਾਮ ਨੂੰ ਇਕ ਥਾਂ ਇਕੱਠੇ ਹੋ ਕੇ ਬੈਠੇ ਹੋਏ ਦਿਸੇ।

ਰੋਜ਼ ਸ਼ਾਮ ਨੂੰ ਉਥੇ ਬਹਿ ਕੇ ਉਹਨਾਂ ਨੂੰ ਸੁਣਨਾ। ਉਹਨਾਂ ਦੇ ਕਈ ਟੱਪੇ ਤੇ ਹੋਰ ਬੋਲਣਾ ਮੈਨੂੰ ਯਾਦ ਹੋ ਗਿਆ।

ਪੰਜਵੇਂ ਦਿਨ ਕੰਮ ਵਾਲਿਆਂ ਜਵਾਬ ਦੇ ਦਿੱਤਾ ਪੈਸੇ ਹੱਥ ਫੜਾਏ। ਉਥੇ ਚਾਰ ਪੰਜ ਹੋਰ ਮੁਸਲਮਾਨ ਤਰਖਾਣ ਵੀ ਸਨ। ਉਹਨਾਂ ਵਿਚ ਉਮਰ ਦਾ ਮੈਨੂੰ ਨਹੀਂ ਸੀ ਵੇਖ ਸਿਖਾਉਂਦਾ। ਉਸ ਸ਼ਾਮ ਮੈਂ ਇਕ ਘੰਟਾ ਔਜਾਰਾਂ ਵਾਲੀ ਬੋਰੀ ਥੱਲੇ ਰੱਖ ਕੇ ਬੰਸਰੀਆਂ ਸੁਣਦਾ ਰਿਹਾ। ਘਰ ਅਪੜ ਕੇ ਰਾਤ ਨੂੰ ਇਹੋ ਸੋਚਦਾ ਰਿਹਾ, ਮੈਂ ਇਹ ਕੀ ਜ਼ਿੰਦਗੀ ਜਿਉ ਰਿਹਾ ਹਾਂ। ਇਸ ਤਰ੍ਹਾਂ ਕਿਤਨਾ ਚਿਰ ਜੀਵਾਂਗਾ। ਮੈਂ ਕੀ ਹਾਂ! ਕਿਉਂ ਹਾਂ! ਇਹ ਸਭ ਕੁਝ ਕੀ ਹੈ! ਆਉਂਦਿਆਂ ਜਾਂਦਿਆਂ ਇਕ ਗਿਰਜਾ ਰਾਜਾ ਬਾਜ਼ਾਰ ਦੇ ਸਿਰੇ ਉਤੇ ਆਉਂਦਾ ਸੀ। ਉਸਦੇ ਉਤੇ ਮੋਟੇ ਉਰਦੂ ਦੇ ਲਫ਼ਜ਼ਾਂ ਵਿਚ ਲਿਖਿਆ ਹੋਇਆ ਸੀ, "ਮਿਹਨਤ ਕੇ ਬੋਝ ਸੇ ਦੱਬੇ ਹੋਏ ਲੋਗੋ ਮੇਰੇ ਪਾਸ ਆਉ ਮੈਂ ਤੁਮੇ ਆਰਾਮ ਦੂੰਗਾ। ਮੇਰਾ ਉਹਦੇ ਅੰਦਰ ਜਾਣ ਤੇ ਜੀਅ ਕਰਦਾ ਪਰ ਨਾ ਜਾ ਸਕਿਆ।

ਉਥੇ ਮੇਰੇ ਸਕੇ ਮਾਸੜ ਦਾ ਭਰਾ ਰਹਿੰਦਾ ਸੀ, ਉਸ ਕੋਲ ਗਿਆ। ਪੰਜ ਰੁਪਏ ਉਧਾਰ ਲਏ ਘਰ ਮੁੜਨ ਦੀ ਤਿਆਰੀ ਕਰ ਲਈ। ਆਖਰੀ ਸ਼ਾਮ ਮੈਂ ਫਿਰ ਬੜਾ ਚਿਰ ਰੇਲ ਦੇ ਪੁਲੋਂ ਪਾਰ ਬੰਸਰੀਆਂ ਦੀ ਜੋੜੀ ਸੁਣਦਾ ਰਿਹਾ, ਉਹ ਵੀ ਚਲੇ ਗਏ ਮੈਂ ਵੀ ਮੁੜ ਪਿਆ। ਜਿਹੜੇ ਹੁਣ ਤੱਕ ਮੈਨੂੰ ਉਹਨਾਂ ਦੇ ਬਹੁਤਿਆਂ ਬੋਲਾਂ 'ਚ ਕੁਝ ਯਾਦ ਨੇ ਉਹ ਇੰਜ ਹਨ :—

ਮਾਏ ਨੀ ਸੁਣ ਮੇਰੀਏ ਮਾਏ ਮੈਂ ਸ਼ਿਕਰਾ ਯਾਰ ਬਣਾਇਆ,

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਦੇ ਸਿਰ ਤੇ ਟੋਪੀ ਪੈਰੀਂ ਕੜੀਆਂ ਨੀ ਉਹ ਚੋਗਾ ਚਰੇਂਦਾ ਆਇਆ,
ਚੂਰੀ ਕੁੱਟਾਂ ਤੇ ਉਹ ਖਾਂਦਾ ਨਹੀਉਂ ਨੀ ਮੈਂ ਦਿਲ ਦਾ ਮਾਸ ਖਵਾਇਆ,
ਇਕ ਦਿਨ ਅਜਿਹੀ ਉਡਾਰੀ ਉਡਿਆ ਮੁੜ ਵਤਨੀ ਨਹੀਂ ਆਇਆ।

ਇਕ ਇਹੋ ਜਿਹਾ ਹੀ ਹੋਰ ਟੁਕੜਾ ਯਾਦ ਹੈ ਉਹ ਇੰਜ ਹੈ :—

ਖਾਬਾ ਵੇ ਖੰਡ ਘਿਉ ਖਵਾਵਾਂ ਚੂਰੀ ਛੰਨੇ ਵਿਚ,
ਸੈਂ ਵਰ੍ਹਿਆਂ ਦੇ ਵਿਛੜੇ ਮਿਲਾਏਂ ਘੜੀ ਦੇ ਵਿਚ,
ਆ ਖਾਬਾ ਤੈਨੂੰ ਘਰੋਂ ਕਢਾਵਾਂ ਜਿਹੜਾ ਧੋਖੇ ਦੇਵੇਂ ਨਿੱਤ,
ਸੌਂ ਜਾਈਏ ਤੇ ਦੋ ਦੋ ਹੋਈਏ ਉੱਠ ਬਈਏ ਤੇ ਇਕ।

ਅੱਜ ਤਕ ਕਈ ਵਾਰੀ ਉਹਨਾਂ ਨੂੰ ਇਕੱਲਾ ਬੋਲ ਕੇ ਅਨੰਦ ਮਾਣਦਾ ਹਾਂ। ਕਿਤਨੀ ਸਾਦਗੀ ਰਹਿ ਗਈ, ਸਪਸ਼ਟਤਾ, ਭਾਵਪੂਰਤਾ ਹੈ। ਨਿੱਤ ਨਵੇਂ ਜਾਪਦੇ ਨੇ ਇਹ ਨਵੇਂ ਬੋਲ।

ਅਗਲੇ ਦਿਨ ਮੈਂ ਗੱਡੀ ਬਹਿ ਕੇ ਅੰਮ੍ਰਿਤਸਰੋਂ ਬਦਲ ਕੇ ਡੇਰੇ ਪਹੁੰਚ ਗਿਆ। ਭਾਬੀ ਨੇ ਵੇਖ ਕੇ ਮੂੰਹ ਵੱਟਿਆ, ਮੈਂ ਸਭ ਕੁਝ ਦੱਸ ਦਿੱਤਾ। ਉਹ ਚੁੱਪ ਕਰ ਗਈ। ਚਾਚਾ ਗਿਆਨ ਸਿੰਘ ਆਇਆ ਹੋਇਆ ਸੀ, ਉਸਨੇ ਮੈਨੂੰ ਆਪਣੇ ਘਰ ਸੱਦ ਕੇ ਪੁੱਛਿਆ—ਕਿੱਥੇ ਗਿਆ ਸੈਂ ? – ਰਾਵਲਪਿੰਡੀ— ਕਿਸ ਨਾਲ ?—ਇਕ ਮਸੜ ਸੀ ਉਸ ਨਾਲ – ਕਿਸ ਨੇ ਘਲਾਇਆ ਸੀ ?— ਭਾਬੀ ਨੇ ! ਚਾਚੇ ਨੂੰ ਗੁੱਸਾ ਆਇਆ। ਉਹ ਬੇਵਕੂਫ ਤੂੰ ਵੀ ਬੇਵਕੂਫ ਹੈਂ ਗੱਧਿਆਂ ਕੋਲ ਤੈਨੂੰ ਘੱਲ ਦਿੰਦੀ ਹੈ। ਤੂੰ ਹੁਣ ਅਕਲ ਕਰ ਸਿਆਣਾ ਹੋ ਗਿਆ ਹੈਂ, ਆਪਣੀ ਜ਼ਿੰਦਗੀ ਵੇਖ। ਕਿਤਾਬ ਤੇ ਕੋਈ ਨਾ ਕੋਈ ਚੋਤੇ ਪਹਿਰ ਫੜੀ ਰੱਖਦਾ ਹੈਂ। ਉਹਨਾਂ ਵਿਚੋਂ ਕੁਝ ਸਿੱਖ ਵੀ। ਹਾਂ ਹਫ਼ਤੇ ਤੱਕ ਮੇਰੇ ਨਾਲ ਚੱਲਣਾ ਹੈ। ਉੜੀਸਾ ਵੱਲ ਨਾਲ ਖੜਨ ਨੂੰ ਤਰਖਾਣ ਇਕੱਠੇ ਕਰ ਰਿਹਾ ਹਾਂ। ਨੀਚਾ ਭੁਖਿਆ ਨੰਗਿਆਂ ਦਾ ਪਿੱਛਾ ਛੱਡ।...ਉਸ ਵਿਚ ਜਸਵਾਲੀ ਪਿਛਵਾੜਾ ਉੱਘੜ ਰਿਹਾ ਸੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸ਼ੱਤੀ ਕੋਨਾ

ਜਦ ਅਸੀਂ ਖੜਕਪੁਰ ਪਹੁੰਚੇ ਉਥੋਂ ਯੂ. ਪੀ. ਦੋ ਹੋਰ ਤਰਖਾਣ ਸਾਡੇ ਨਾਲ ਰਲ ਗਏ। ਚਾਚਾ ਜੀ ਦੀ ਇਹ ਸਾਰੀ ਇਕੱਠਿਆਂ ਕਰਨ ਦੀ ਕਰਾਮਾਤ ਸੀ। ਹੁਣ ਸਾਰੇ ਮਿਲਕੇ ਪੰਦਰਾਂ ਜਣੇ ਹੋ ਗਏ। ਭੱਈਆਂ, ਵਿਚੋਂ ਇਕ ਵਾਹ ਵਾਹ ਸਰੀਰ ਦਾ ਸੀ ਅਤੇ ਇਕ ਆਮ। ਜਿਹੜੇ ਪੰਜਾਬੋਂ ਖੜੇ ਸੀ ਉਹਨਾਂ ਵਿਚ ਇਕ ਲੰਮਾ ਜੱਟ ਵੀ ਸੀ। ਸੁਹਣਾ, ਦਲੇਰ, ਫੁਰਤੀਲਾ। ਉਸ ਨੂੰ ਅਸੀਂ 'ਲੰਮਿਆਂ' ਕਰਕੇ ਬਲਾਉਂਦੇ ਸਾਂ। ਹੋਏਗਾ ਤੀਹਾਂ ਕੁ ਸਾਲਾਂ ਦਾ। ਤਿੰਨ ਤਰਖਾਣ ਵਰਣਨ ਯੋਗ ਸਨ। ਦੋ ਜਣਿਆਂ ਦੀ ਆਪਣੀ ਜੋੜੀ ਸੀ। ਉਹਨਾਂ ਵਿਚੋਂ ਇਕ ਚਾਲੀ ਕੁ ਸਾਲ ਦਾ ਸੀ ਬੜਾ ਗੰਭੀਰ। ਉਸ ਕੋਲ ਪੁਸਤਕਾਂ ਬੜੀਆਂ ਸਨ। ਉਸ ਦੇ ਨਾਲ ਜੋ ਸੀ ਉਹ ਉਸ ਨਾਲੋਂ ਕਾਫੀ ਨਿੱਕਾ ਸੀ। ਇਕ ਹੋਰ ਸੀ ਉਹਦੇ ਵਿਚ ਆਪਣਾ ਕਮਾਲ ਸੀ। ਝੂਠੀ ਮਨਘੜਤ ਕਹਾਣੀ ਸੁਣਾਉਂਦਾ ਇਤਨੀ ਸੁਵਾਦੀ ਹੁੰਦੀ ਕਿ ਸੁਣਨ ਵਾਲਾ ਝੂਠੀ ਸਮਝਦਾ ਹੋਇਆ ਵੀ ਸਵਾਦ ਮਾਣਦਾ। ਕਹਾਣੀ ਰੁਮਾਂਟਕ ਹੁੰਦੀ ਅਤੇ ਹੁੰਦੀ ਅਮੀਰਾਂ ਦੀ ਕੁੜੀ ਦੀ। ਚਾਚਾ ਉਹਨਾਂ ਸਾਰਿਆਂ ਨਾਲੋਂ ਆਪ ਨੂੰ ਕੁਝ ਵੱਖਰਿਆਂ ਰੱਖਦਾ। ਹਰ ਲੋੜ ਉਹਨਾਂ ਦੀ ਪੂਰੀ ਕਰਦਾ ਉਹ ਸਾਰੇ ਚਾਚਾ ਜੀ ਨੂੰ ਠੇਕੇਦਾਰ ਜੀ ਆਖਦੇ।

ਖੜਕਪੁਰ ਤੋਂ ਜਿਸ ਗੱਡੀ ਚੜ੍ਹੇ ਉਹ ਜਗਨਨਾਥ ਪੁਰੀ ਹੁੰਦੀ ਹੋਈ ਵਜ਼ੀਗਾ ਪਟਮ ਪੁੱਜ ਗਈ। ਕੋਈ ਤਿੰਨ ਚਾਰ ਵਜੇ ਹੋਣਗੇ ਵਜ਼ੀਗਾ ਪਟਮ ਦਾ ਸਟੇਸ਼ਨ ਆਮ ਸਟੇਸ਼ਨਾਂ ਨਾਲੋਂ ਕੁਝ ਵੱਡਾ ਸੀ। ਗੱਡੀ ਦੂਜੇ ਦਿਨ ਸਵੇਰੇ ਉਥੋਂ ਜਾਣੀ ਸੀ ਰਾਤ ਮੁਸਾਫਰਖਾਨੇ ਵਿਚ ਰਹਿਣਾ ਸੀ। ਚਾਚਾ ਸੀ ਸਾਰਿਆਂ ਨੂੰ ਸਮਝਾ ਬੁਝਾ ਕੇ ਆਪ ਸਵੇਰੇ ਆਉਣ ਦੀ ਗੱਲ ਕਰਕੇ ਚਲੇ ਗਏ। ਮੈਨੂੰ ਇਕ ਪਾਸੇ ਖੜਕੇ ਕਹਿਣ ਲੱਗੇ—ਤੂੰ ਜਾਗਦੇ ਰਹੀਂ ਕੋਈ ਬੰਦਾ ਸ਼ਰਾਰਤ ਨਾ ਕਰੇ।

ਲੋਕ ਸਾਨੂੰ ਵੇਖਦੇ ਅਤੇ ਆਪਣੀ ਜ਼ਬਾਨ ਵਿਚ ਆਪੋ ਵਿਚ ਗੱਲਾਂ ਕਰਦੇ। ਸਟੇਸ਼ਨ ਤੋਂ ਬਾਹਰ ਇਕ ਨਿੱਕੀ ਜਿਹੀ ਢਾਬਿਆਂ ਵਰਗੀ ਹੋਟਲ ਸੀ। ਉਥੋਂ ਚੌਲ ਹੀ ਸਾਰਿਆਂ ਖਾਧੇ। ਨਾਲ ਕੜ੍ਹੀ ਜਿਹੀਆਂ ਸਬਜ਼ੀਆਂ ਸਨ। ਵਾਰੋ ਵਾਰੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਾ ਆਏ । ਸਾਡੇ ਬੰਦੇ ਉਹਨਾਂ ਦੀ ਹਰ ਹਰਕਤ ਅਤੇ ਖਾਣ ਪੀਣ ਤੇ ਜ਼ਬਾਨ ਨੂੰ ਮਖੌਲ ਕਰਦੇ ਸਨ ।

ਰਾਤ ਨੂੰ ਲੰਮੇ ਨਾਲ ਦੋ ਤਰਖਾਣ ਕੰਜਰ ਖਾਨੇ ਚਲੇ ਗਏ । ਮੈਂ ਕਿਸੇ ਨੂੰ ਕੀ ਕਹਿ ਸਕਦਾ ਸਾਂ । ਜਦ ਆਏ ਆਪਣੀ ਆਪਣੀ ਗੱਲ ਕਰਨ ਲੱਗ ਪਏ ਬੜੇ ਫਖਰ ਨਾਲ । ਗੋਪੀ ਨਾਲ ਸੀ, ਸਾਰਿਆਂ ਦੀ ਗੱਲ ਸੁਣ ਕੇ ਲੰਮਾ ਕਹਿਣ ਲੱਗਾ—ਮੈਂ ਰੁਪਿਆ ਇਕ ਤੇ ਦਿੱਤਾ ਹੈ ਪੂਰਾ ਕਰ ਲਿਆ ਹੈ ਸਵਾਦ ਝੁੰਗੇ ਦਾ ਲਿਆ ਹੈ । ਇਹ ਗੱਲ ਕਹਿੰਦੇ ਹੋਏ ਨੇ ਪਜਾਮੇ ਦੇ ਅੰਦਰ ਵਾਰੋਂ ਇਕ ਕਪੜਾ ਕੱਢ ਕੇ ਵਿਖਾਇਆ ਜਿਹੜਾ ਉਹ ਆਉਣ ਲੱਗਿਆਂ ਲੁਕਾ ਲਿਆਇਆ ਸੀ । ਸਾਰਿਆਂ ਵਿਚ ਬੜਾ ਹਾਸਾ ਪਿਆ, ਮੈਨੂੰ ਉਸ ਦੀ ਇਹ ਹਰਕਤ ਬਹੁਤ ਬੁਰੀ ਲੱਗੀ । ਮੈਂ ਆਪਣੇ ਅੰਦਰ ਉਸ ਦੀਆਂ ਹਰਕਤਾਂ ਦਾ ਤਸੱਵਰ ਕਰਕੇ ਗੁੱਸਾ ਪੀਂਦਾ ਰਿਹਾ ।

ਦੂਜੇ ਦਿਨ ਗੱਡੀ ਪਾਰਬਤੀ ਪੁਰਮ ਸਾਨੂੰ ਲੈ ਗਈ । ਗੱਡੀ ਦੀ ਬਾਰੀ ਵਿਚ ਬੈਠਾ ਬੈਠਾ ਮੈਂ ਵੀ ਇਕ ਕਹਾਣੀ ਮੰਨ ਵਿਚੋਂ ਰੁਮਾਂਟਕ ਜਿਹੀ ਬਣਾਉਂਦਾ ਗਿਆ । ਅਸੀਂ ਤਿੰਨਾਂ ਘੰਟਿਆਂ ਵਿਚ ਟਿਕਾਣੇ ਪਹੁੰਚ ਗਏ । ਇਕ ਸਰਾਂ ਕਿਸਮ ਦੇ ਟਿਕਾਣੇ ਜਾ ਬੈਠੇ । ਗੱਡੀ ਏਥੋਂ ਤੱਕ ਹੀ ਜਾਂਦੀ ਸੀ ।

ਪਾਰਬਤੀ ਪੁਰਮ ਤੋਂ ਨਵੀਂ ਰੇਲਵੇ ਲਾਈਨ ਨਿਕਲ ਕੇ ਕਾਲੀ ਹਾਂਡੀ ਹੁੰਦੀ ਹੋਈ ਬਲਾਸਪੁਰ ਜਾ ਰਲਣੀ ਸੀ । ਸ਼ਤੀਸਗੜ੍ਹ । ਪਾਰਬਤੀ ਪੁਰਮ ਵਿਚ ਜਿੰਨੀਆਂ ਦੁਕਾਨਾਂ ਸਨ ਬੜੀਆਂ ਸਾਫ਼ ਸੁਥਰੀਆਂ ਕਰਿਆਨੇ ਨਾਲ ਸਜਾਈਆਂ ਹੋਈਆਂ ਸਨ । ਗੱਦੀਆਂ ਉਤੇ ਬੜੀਆਂ ਬਣ ਤਣ ਕੇ ਜਨਾਨੀਆਂ ਤੇ ਮੁਟਿਆਰਾਂ ਬੈਠੀਆਂ ਹੋਈਆਂ । ਆਦਮੀ ਉਤੇ ਫਿਰਦੇ ਤੁਰਦੇ ਔਰਤਾਂ ਨੂੰ ਸੌਦਾ ਫੜਾਉਂਦੇ । ਸਾਡੇ ਬੰਦੇ ਜਿਸ ਦੁਕਾਨ ਉਤੇ ਚੰਗੀ ਜ਼ਨਾਨੀ ਵੇਖਦੇ ਉਥੇ ਜ਼ਰੂਰ ਖਲੋਂਦੇ । ਕੋਈ ਚੀਜ਼ ਲੈਂਦੇ ਜਾਂ ਭਾਅ ਪੁੱਛਦੇ । ਜ਼ਬਾਨ ਬੜੀ ਮੁਸ਼ਕਲ ਸੀ ਇਸ਼ਾਰੇ ਬਹੁਤ ਕਰਨੇ ਪੈਂਦੇ । ਏਥੇ ਵੀ ਚੌਲ ਹੀ ਖਾਣ ਨੂੰ ਮਿਲੇ । ਫਰੂਟ ਵੀ ਸੀ ਪਰ ਯਾਦ ਨਹੀਂ ਕਿਹੜਾ ਸੀ ।

ਉਥੇ ਇਕ ਹੋਰ ਸਰਕਾਰ ਸਾਥੋਂ ਪਹਿਲਾਂ ਬੈਠਾ ਹੋਇਆ ਸੀ । ਇਕ ਬੱਚੇ ਵਾਲੀ ਸਿੰਘੀ ਵੀ ਉਸ ਨਾਲ ਸੀ । ਘੁੰਡ ਕੱਢ ਕੇ ਰਖਦੀ; ਨਾ ਕੋਈ ਸਾਡਾ ਆਦਮੀ ਉਸ ਵੱਲ ਵੇਖਣ ਦੀ ਕੋਸ਼ਿਸ਼ ਕਰਦਾ ਨਾ ਉਹ ਕਰਦੀ ।

ਇਸ ਲੰਮੀ ਬਣਨ ਵਾਲੀ ਲਾਈਨ ਦਾ ਠੇਕਾ ਇਕ ਬਹੁਤ ਵੱਡੇ ਦਿੱਲੀ ਦੇ ਠੇਕੇਦਾਰ ਧਰਮ ਸਿੰਘ ਨੇ ਲਿਆ ਹੋਇਆ ਸੀ । ਚਾਚੇ ਨੇ ਉਸ ਨਾਲ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੌਦਾ ਮੁਕਾਇਆ ਸੀ ਕਿ ਹਰ ਇਕ ਤਰਖਾਣ ਦੇ ਉਹ ਅੱਠ ਆਨੇ ਲਇਗਾ। ਉਹਨਾਂ ਨੂੰ ਸਿੱਧੀ ਦਿਹਾੜੀ ਤੁਸੀਂ ਦਿਉਗੇ। ਪੰਜ ਰੁਪਏ ਰੋਜ਼ ਉਹ ਆਪਣੇ ਵੱਖਰੇ। ਜੈਸੇ ਤਰਖਾਣ ਵੈਸੇ ਪੈਸੇ ਉਸਨੂੰ ਮਿਲਣਗੇ।

ਰਾਤ ਨੂੰ ਲੰਮਿਆਂ ਲੰਮਿਆਂ ਸਿੰਗਾਂ ਵਾਲਿਆਂ ਬਲਦਾਂ ਦੀਆਂ ਗੱਡੀਆਂ ਉਤੇ ਬੈਠ ਗਏ। ਗੋਲ ਗੋਲ ਛੱਤਾਂ ਹੇਠਾਂ। ਗੱਡੀਆਂ ਬਾਂਸਾਂ ਨਾਲ ਬਣੀਆਂ ਹੋਈਆਂ ਸਨ। ਊਜ ਬਾਜ ਸ਼ਾਮ ਨੂੰ ਤੁਰ ਪਈਆਂ। ਉਗੜ ਦੁੱਗੜੇ ਰਸਤੇ ਉਤੇ ਸਾਰੀ ਰਾਤ ਤੁਰੀਆਂ ਰਹੀਆਂ। ਹੇਠਾਂ ਲਾਲਟੈਨਾਂ ਜਗਦੀਆਂ ਝੂਲਦੀਆਂ ਸਨ। ਕਈ ਵਾਰੀ ਗੱਡੀਆਂ ਕੋਈ ਟੋਆ ਲੰਘਣ ਲੱਗੀਆਂ ਉਲਟ ਜਾਂਦੀਆਂ, ਪਹੀਏ ਨਿਕਲ ਜਾਂਦੇ। ਓਦੋਂ ਅਸੀਂ ਸਾਰੇ ਉਤਰ ਕੇ ਝੱਟ ਪਟ ਗੱਡੀ ਸਿੱਧੀ ਕਰਕੇ ਮੁੜ ਕੇ ਤੁਰਨ ਵਾਲੀ ਕਰ ਦਿੰਦੇ। ਪਤਨੀ ਵਾਲੇ ਸਰਦਾਰ ਦੀ ਗੱਡੀ ਹੇਠੋਂ ਪਹੀਆ ਨਿਕਲ ਗਿਆ। ਝਟ ਪਟ ਅਸਾਂ ਜਾ ਕੇ ਬਚਾ ਲਿਆ, ਗੱਡੀ ਠੀਕ ਕਰ ਦਿੱਤੀ। ਹਰ ਗੱਡੀ ਵਿਚ ਮਸਾਂ ਚਾਰ ਚਾਰ ਬੰਦੇ ਬੈਠਦੇ ਸਨ।

ਦਿਨੇ ਦਸ ਕੁ ਵਜੇ ਜਿੱਥੇ ਅਸੀਂ ਪਹੁੰਚੇ ਉਹ ਇਕ ਕੈਂਪ ਸੀ। ਕਾਫੀਆ ਬਣਿਆ ਹੋਇਆ ਨਾਮ ਸੀ ਸ਼ੱਤੀ ਕੋਨਾ। ਉਥੇ ਰਹਿਣ ਲਈ ਰੁੱਖਾਂ ਦੀਆਂ ਲੰਮੀਆਂ ਲੰਮੀਆਂ ਟਹਿਣੀਆਂ ਦੀਆਂ ਕੰਧਾਂ ਵਾਲੇ ਕਵਾਟਰ ਮਿਲ ਗਏ। ਟੀਨ ਦੀਆਂ ਛੱਤਾਂ, ਸਾਦੇ ਬੂਹੇ, ਇਕ ਵਿਚ ਮੈਂ ਤੇ ਚਾਚਾ ਜੀ। ਦੂਜਿਆਂ ਵਿਚ ਚਾਰ ਚਾਰ ਤਰਖਾਣ। ਰੋਟੀ ਪਕਾਉਣ ਲਈ ਇਕ ਲਾਂਗਰੀ ਮਿਲ ਗਿਆ। ਇਕ ਜ਼ਨਾਨੀ ਹੋਰ ਮੁਟਿਆਰ ਜਿਹੀ ਰੱਖ ਲਈ। ਉਥੇ ਸਿਰਫ਼ ਧੋਤੀਆਂ ਹੀ ਜ਼ਨਾਨੀਆਂ ਪਾਉਂਦੀਆਂ ਸਨ। ਇਸ ਨਾਲ ਛਾਤੀ ਢੱਕੀ ਰਹਿੰਦੀ। ਇਸ ਤਰ੍ਹਾਂ ਸਾਰੇ ਛੱਤੀ ਗੜੀਆਂ ਮੱਦਤਾਂ ਜਿਹੜੀਆਂ ਸਾਡੇ ਕੋਲ ਤੁਮਸਰ ਰੋਡ ਅਤੇ ਗੋਬਰ ਵਾਈ ਹੁੰਦੀਆਂ ਸੀ ਉਹ ਵੀ ਸਿਰਫ਼ ਧੋਤੀ ਹੀ ਪਾਉਂਦੀਆਂ ਸਨ। ਸ਼ੱਤੀਕੋਨੇ ਤੇ ਪਾਰਬਤੀ ਪੁਰਮ ਕਈ ਜ਼ਨਾਨੀਆਂ ਨੇ ਹਲਦੀ ਮਲੀ ਹੋਈ ਵੀ ਵੇਖਿਆ। ਹਲਦੀ ਮਲੀ ਹੋਈ ਜ਼ਨਾਨੀਆਂ ਤਾਂ ਮੈਂ ਕਲਕੱਤੇ ਤੋਂ ਵੇਖਦਾ ਚਲਾ ਆ ਰਿਹਾ ਸਾਂ ਪਰ ਉਹ ਮਦਰਾਸ ਵਗੈਰਾ ਇਲਾਕੇ ਦੀਆਂ ਸਨ। ਪਾਰਬਤੀ ਪੁਰਮ ਔਰਤਾਂ ਸਾੜੀ ਬਨਣ ਵਿਚ ਮਾਹਿਰ ਜਾਪੀਆਂ।

ਇਕ ਲੰਮੀ ਟੀਨ ਦੇ ਛਪਰਾਂ ਵਾਲੀ ਵਰਕਸ਼ਾਪ ਵਿਚ ਅਸਾਂ ਅੱਡੇ ਲਾ ਲਏ। ਕੰਮ ਸ਼ੁਰੂ ਕਰ ਦਿੱਤਾ। ਉਥੇ ਹੋਰ ਜਿੰਨੇ ਪਹਿਲੇ ਪੰਜਾਬੀ ਗਏ ਹੋਏ ਸਨ ਉਹ ਸਾਰੇ ਪੜ੍ਹਿਆਂ ਲਿਖਿਆਂ ਵਾਲਾ ਕਲਰਕੀ ਜਾਂ ਹੋਰ ਕੰਮ ਕਰਦੇ ਸਨ। ਸਾਡੇ ਰਹਿਣ ਵਾਲੀਆਂ ਖੋਲੀਆਂ ਅੱਗੇ ਇਕ ਵੱਡਾ ਸਟੋਰ ਸੀ। ਜਿੱਥੇ ਡੱਬਿਆਂ ਵਿਚੋਂ ਬੰਦ ਚੀਜ਼ਾਂ ਮਿਲਦੀਆਂ ਸਨ। ਇਹ ਮਾਲਕਾਂ ਦਾ ਸੀ। ਲੋੜ ਵੇਲੇ ਮੁੱਲ ਲਈਆਂ ਜਾਂਦੀਆਂ। ਸਾਡਾ ਕੰਮ ਰਿੜ੍ਹ ਪਿਆ। ਮੇਰੇ ਪੌਣੇ ਦੋ ਰੁਪਏ ਰੋਜ਼ ਲੱਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਹਰ ਖੋਲੀਆਂ ਬਣਦੀਆਂ ਸਨ ਅਤੇ ਦੋ ਬੰਗਲੇ, ਸਾਰਾ ਇਮਾਰਤੀ ਕੰਮ ਸੀ। ਵਕਤੀ ਥਾਂ ਬਣਦੇ ਸਨ। ਦੋ ਤਿੰਨ ਆਰੇ ਵਾਲੇ ਲੱਗੇ ਹੋਏ ਸਨ। ਉਥੋਂ ਦੇ ਲੋਕ ਜੰਗਲੀ ਸਨ। ਹਰ ਇਕ ਕੋਲ ਇਕ ਨਿੱਕੇ ਜਿਹੇ ਮੂੰਹ ਵਾਲੀ ਘਵਾੜੀ ਹੁੰਦੀ। ਸਾਰਾ ਸਰੀਰ ਨੰਗਾ ਤੇੜ ਇਕ ਪਰਨਾ। ਹੱਸਦੇ ਲੋਕ ਚੌਲ ਬਹੇ ਤਾਜ਼ੇ ਖਾਂਦੇ। ਕੋਈ ਨਾ ਕੋਈ ਜੰਗਲੀ ਜੀਵ ਮਾਰ ਕੇ ਖਾ ਲੈਂਦੇ। ਇਹ ਸਾਰੇ ਲੋਕ ਨਾਲ ਲੱਗਦੇ ਪਹਾੜਾਂ ਤੋਂ ਆਉਂਦੇ। ਔਰਤਾਂ ਮੁਟਿਆਰਾਂ ਵੀ ਜਿਹੜੀਆਂ ਪਹਾੜਾਂ ਤੋਂ ਆਉਂਦੀਆਂ ਉਹ ਵੀ ਤੇੜ ਲੰਮਾ ਪਰਨਾ ਤੇ ਬੱਸ ਛਾਤੀਆਂ ਨੰਗੀਆਂ। ਬੱਚੇ ਦੁੱਧ ਪੀਂਦੇ ਰਹਿੰਦੇ ਉਹ ਤੁਰੀਆਂ ਰਹਿੰਦੀਆਂ। ਜਿੱਦਾਂ ਉਥੇ ਬਾਂਦਰੀਆਂ ਹਿੱਕ ਨਾਲ ਬੱਚੇ ਲਾਈ ਰੱਖਦੀਆਂ ਸਨ। ਜਿਹੜੇ ਪਹਾੜੋਂ ਹੇਠਾਂ ਰਹਿੰਦੇ ਸਨ ਬਸਤੀਆਂ ਵਿਚ ਉਹਨਾਂ ਵਿਚ ਕਈਆਂ ਮੁਟਿਆਰਾਂ ਤੇ ਬਹੁਤ ਸੁਹਣੀਆਂ ਸਨ। ਕਈ ਕੰਮ ਦੇ ਕਾਰਨ ਹੋਰਨਾਂ ਮੈਦਾਨੀ ਥਾਵਾਂ ਤੋਂ ਲਾਗਲੇ ਜੰਗਲ ਵਿਚ ਝੌਂਪੜੀਆਂ ਬਣਾ ਕੇ ਰਹਿੰਦੇ। ਜੰਗਲੀ ਲੋਕ ਚਾਰ ਪੰਜ ਜਣੇ ਇਕੱਠੇ ਹੋ ਕੇ ਉਹਨਾਂ ਘਵਾੜੀਆਂ ਨਾਲ ਮਿੰਟਾਂ ਵਿਚ ਰੁੱਖ ਕੱਟਕੇ ਡੇਗ ਦਿੰਦੇ। ਫਿਰ ਉਸਦੇ ਟੋਟੇ ਕਰਦੇ, ਆਰੇ ਵਾਲੇ ਚੀਰਦੇ ਅਸੀਂ ਕੰਮ ਕਰਦੇ। ਚੌਗਾਠਾਂ, ਜੋੜੀਆਂ ਬਾਰੀਆਂ ਬੂਹੇ ਵਗੈਰਾ। ਗੱਡਦੇ ਮਜ਼ਦੂਰ ਤੇ ਮਜ਼ਦੂਰਨੀਆਂ ਮਿੱਟੀ ਨਾਲ ਲਿੱਪ ਦਿੰਦੇ। ਕੋਠੀਆਂ ਦੀਆਂ ਕੰਧਾਂ ਪੱਥਰਾਂ ਦੀਆਂ ਬਣਦੀਆਂ, ਅਨਘੜੇ ਪੱਥਰਾਂ ਦੀਆਂ ਜਾਂ ਆਣੇ ਘੜਿਆਂ ਦੀਆਂ। ਲਕੜੀ ਸਾਲ ਦੀ ਬੀਜਾ ਸਾਲ ਦੀ ਹੁੰਦੀ ਸਭ ਜੰਗਲ ਦੀ।

ਇਤਵਾਰ ਨੂੰ ਚਾਚਾ ਜੀ ਨੇ ਅੱਧਾ ਟੀਨਾ ਸ਼ਰਾਬ ਲਿਆਉਣੀ। ਛੇ ਆਨੇ ਬੋਤਲ, ਚਾਰ ਪੰਜ ਸਸਤੇ ਮਿਲਦੇ ਮੁਰਗੇ ਬਣਾਉਣੇ ਅਤੇ ਰਾਤ ਨੂੰ ਸਾਰਿਆਂ ਕਾਰੀਗਰਾਂ ਦੀ ਸਿਆਫਤ ਕਰਨੀ। ਮੈਂ ਮਸਾਂ ਇਕ ਵਾਰੀ ਘੁੱਟ ਭਰ ਲੈਣੀ ਬਸ ਮੇਰਾ ਦਿਲ ਕੁਰੈਤ ਜਾਂਦਾ। ਮੇਰੇ ਕੋਲ ਇਕ ਪੰਜਾਬੀ ਦੀ ਅਤੇ ਇਕ ਉਰਦੂ ਦੀ ਪੁਸਤਕ ਸੀ। ਜਦ ਵਿਹਲ ਮਿਲਣਾ ਪੜ੍ਹਦੇ ਰਹਿਣਾ। ਸਾਡੀ ਲਾਗਲੀ ਖੋਲੀ ਵਿਚ ਦੋਏਂ ਗੰਡੀਰ ਤਰਖਾਣ ਰਹਿੰਦੇ। ਵੱਡੇ ਨੇ ਪੜ੍ਹਦੇ ਰਹਿਣਾ ਕੁਝ ਲਿਖਦੇ ਰਹਿਣਾ ਪਰ ਸਵੇਰੇ ਜਾਂ ਕਦੇ ਕਦੇ ਸ਼ਾਮ ਨੂੰ ਚਾਚਾ ਜੀ ਹੀ ਕਰਦੇ। ਬਾਕੀ ਇਸ ਨੇਮ ਤੋਂ ਬਰੀ ਸਨ, ਕੰਮ ਸਮਾਂ ਨਹੀਂ ਸੀ ਦਿੰਦਾ।

ਇਕ ਰਾਤ ਪਈ ਵੇਲੇ ਨਰੋਇਆ ਭਈਆ ਮੈਨੂੰ ਕਹਿਣ ਲੱਗਾ—ਆ ਚਲੇਂ।...ਮੈਂ ਚੁਪ ਕਰਕੇ ਨਾਲ ਤੁਰ ਪਿਆ। ਇਕ ਝੁੱਗੀਆਂ ਤੋਂ ਬਾਹਰ ਵੱਡਾ ਸਾਰਾ ਮੌਉਏ ਦਾ ਰੁੱਖ ਸੀ ਉਸਦੇ ਹੇਠਾਂ ਖਲੋ ਗਏ। ਉਥੇ ਕੁਝ ਪਲਾਂ ਬਾਅਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਔਰਤ ਆ ਗਈ । ਹਨੇਰੀ ਰਾਤ ਸੀ, ਉਹ ਉਸ ਔਰਤ ਨਾਲ ਇਕੱਠਾ ਹੋ ਗਿਆ । ਮੈਂ ਇਕ ਪਾਸੇ ਖਲੋਤਾ ਰਿਹਾ ।...ਫਿਰ ਕੋਲ ਆ ਕੇ ਕਹਿਣ ਜਾਉ । ਮੈਂ ਇਨਕਾਰ ਕਰ ਦਿਤਾ । ਉਸ ਨੇ ਪੁੱਛਿਆ—ਕਿਆ ਬਾਤ ਹੈ ਅੱਠ ਆਨਾ ਨਹੀਂ ਹੈ ?...ਮੈਂ ਉਤਰ ਦਿੱਤਾ– ਵੋ ਤੋ ਹੈ i...ਫਿਰ ਜਾਉ ।– ਜਹਾਂ ਤੁਮ ਗਏ ਮੈਂ ਨਹੀਂ ਜਾਉਂਗਾ ।...ਉਸਨੇ ਉਸ ਔਰਤ ਨੂੰ ਜਾ ਕੇ ਕੁਝ ਆਖਿਆ । ਉਹ ਝੁੱਗੀਆਂ ਵਿਚ ਗਈ ਤੇ ਇਕ ਮੇਰੇ ਹਾਣ ਦੀ ਕੁੜੀ ਲੈ ਆਂਦੀ । ਮੈਂ ਉਸ ਵਲ ਹੋਇਆ ਉਹ ਕੁੜੀ ਖੁਸ਼ ਸੀ । ਮੈਂ ਅਖੀਰ ਉਤੇ ਉਸ ਨੂੰ ਰੁਪਿਆ ਦਿਤਾ । ਉਸਨੇ ਮੈਨੂੰ ਜੱਫੀ ਪਾ ਕੇ ਕੁਝ ਆਖਿਆ—ਹਮਰੇ ਸੇ ਐਸਾ ਰੋਜ਼ ਰੋਜ਼ ਕਰੋ ਤੋ ਹਮ ਕਹੀਂ ਨਾ ਜਾਏਂ ਬਾਬੂ ਜਾਏਂ ਹਮਰਾ ਗਲਾ ਕਾਟੋ ।...ਮੈਂ ਉਸ ਦੀਆਂ ਬਾਹਾਂ ਪਰਾਂ ਹਟਾ ਕੇ ਦਿਲ ਵਿਚ ਆਖਿਆ । ਪੈਸੇ ਤੇ ਮੇਰੇ ਘਰਦਿਆਂ ਜੋਗੇ ਨਾ ਤੇਨੂੰ ਰੱਖ ਕੇ ਕੀ ਕਰਾਂਗਾ । ਮੈਨੂੰ ਉਦੋਂ ਦਾੜ੍ਹੀ ਮੁੱਛਾਂ ਦਾ ਨਾਂ ਥੇਹ ਨਹੀਂ ਸੀ, ਮੈਂ ਖੁਸ਼ ਨਹੀਂ ਸਾਂ ।

ਇਕ ਦਿਨ ਮੈਂ ਉਸ ਵੱਡੀ ਉਮਰ ਦੇ ਤਰਖਾਣ ਕੋਲ ਜਾ ਬੈਠਾ, ਪੜ੍ਹਨ ਦੀਆਂ ਗੱਲਾਂ ਕਰਨ ਲੱਗਾ । ਉਹ ਬੜਾ ਖੁਸ਼ ਹੋਇਆ ਕਹਿਣ ਲੱਗਾ—ਤੂੰ ਕਰੇਂਗਾ ਤਾਂ ਚੰਗਾ ਬਣ ਜਾਏਂਗਾ । ਉਸ ਕੋਲ ਪੰਜਾਹ ਕਿਸ਼ਤਾਂ ਵਿਚ ਚੰਦਰ ਕਾਂਤਾ ਨਾਵਲ ਦੀਆਂ ਪੜ੍ਹੀਆਂ, ਅਜੀਬ ਕਿਸਮ ਦਾ ਨਾਵਲ ਸੀ । ਪੜ੍ਹਨ ਵਾਲਾ ਹੈਰਾਨ ਹੁੰਦਾ ਰਹਿੰਦਾ ਤੇ ਸਵਾਦ ਲੈਂਦਾ ਰਹਿੰਦਾ । ਉਹਦਾ ਅਨੁਵਾਦ ਪੰਜਾਬੀ ਵਿਚ ਸੀ । ਅਜੂਬਿਆਂ ਅਤੇ ਕਰਾਮਾਤਾਂ ਨਾਲ ਭਰਿਆ ਪਿਆ ਸੀ । ਮੈਂ ਇਹ ਪਹਿਲੀ ਵਾਰੀ ਅਦਭੁੱਤ ਲਿਖਤ ਪੜ੍ਹੀ ਸੀ । ਇਸ ਦੇ ਬਾਅਦ ਮੈਂ ਧਰਮ ਤੋਂ ਬਾਹਰਲੇ ਮੁਤਾਲਿਆ ਵਿਚ ਵੀ ਪੈ ਗਿਆ ।

ਸਾਡੇ ਇਹਨਾਂ ਦੋਹਾਂ ਤਿੰਨਾਂ ਮਹੀਨਿਆਂ ਵਿਚ ਨਿੱਕੇ ਚੌਂਹ ਪਹੀਆਂ ਵਾਲੇ ਚਾਰ ਪੰਜ ਟਰੱਕ ਵੀ ਆ ਗਏ ਸਨ । ਉਹਨਾਂ ਉਤੇ ਬੈਠ ਕੇ ਅਸੀਂ ਬਣਦੀ ਰੇਲ ਦੇ ਦੂਰ ਨੇੜੇ ਵੀ ਜਾਂਦੇ, ਕਿਤੇ ਮਿੱਟੀ ਪੈ ਰਹੀ ਸੀ ਕਿਤੋਂ ਢੇਰ ਢਾਏ ਜਾ ਰਹੇ ਸਨ ।

ਇਕ ਦਿਨ ਮੈਂ ਇਕੱਲਾ ਰਾਤ ਪਈ ਚੜ੍ਹੇ ਚੰਨ ਵਿਚ ਫਿਰਨ ਚਲਿਆ ਗਿਆ । ਇਕ ਮਿੱਟੀ ਦੀ ਵੱਡੀ ਸਾਰੀ ਢੇਰੀ ਉਤੇ ਬਹਿ ਗਿਆ, ਚੰਨ ਵੇਖਣ ਲੱਗ ਪਿਆ । ਮੈਨੂੰ ਹਮੇਸ਼ਾ ਚੰਨ ਬਹੁਤ ਚੰਗਾ ਲੱਗਦਾ ਹੈ । ਚਾਰ ਚੌਫੇਰਾ ਵੀ ਚਾਨਣ ਚਾਨਣ ਹੋਇਆ ਪਿਆ ਸੀ । ਮੈਨੂੰ ਬੜੀ ਆਨੰਦ ਵਰਗੀ ਕੋਈ ਲੱਜ਼ਤ ਆਈ । ਜਦ ਮੈਂ ਢੇਰੀ ਦੇ ਦੂਜੇ ਪਾਸੇ ਤੱਕਿਆ ਤਾਂ ਸਾਡਾ ਗੱਪੀ ਕਾਰੀਗਰ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿਗਰਟ ਪੀ ਰਿਹਾ ਸੀ । ਮੈਨੂੰ ਵੇਖਦਿਆਂ ਝਟ ਆਪਣੇ ਕੋਲ ਖਿੱਚ ਲਿਆ— ਇਕ ਘੁੱਟ ਲਾ ਲੈ ।...ਮੈਂ ਫੜਕੇ ਅੰਦਰ ਨੂੰ ਸਾਹ ਖਿੱਚਿਆ । ਮੇਰੀ ਬੁਰੀ ਹਾਲਤ ਹੋਈ । ਉੱਥੂ ਆ ਗਿਆ, ਸਿਰ ਭੌਣ ਲੱਗ ਪਿਆ ਮੈਂ ਉਸ ਅੱਗੇ ਵਗਾਹ ਮਾਰੀ, ਚੱਕਰ ਆ ਗਏ । ਸਿਰ ਰੱਖ ਕੇ ਲੰਮਾ ਪੈ ਗਿਆ, ਉਸ ਨੇ ਫੜ ਕੇ ਉਠਾ ਲਿਆ । ਮੈਨੂੰ ਇਕ ਆਪਣੀ ਰੁਮਾਂਟਕ ਐਸੇ ਢੰਗ ਨਾਲ ਕਹਾਣੀ ਸੁਣਾਈ ਕਿ ਮੈਂ ਸਭ ਕੁਝ ਭੁੱਲ ਗਿਆ । ਕਹਾਣੀ ਇਕ ਚਹੁੰ ਪਈਆਂ ਵਾਲੀ ਘੋੜਾ ਗੱਡੀ ਉਤੇ ਜਾਂਦੀ ਅਮੀਰਾਂ ਦੀ ਕੁੜੀ ਦੀ ਸੀ । ਜਿਸ ਨੇ ਉਸ ਨੂੰ ਆਪਣੇ ਨਾਲ ਬਿਠਾ ਲਿਆ ਸੀ । ਹੁਣ ਮੈਂ ਕਦੀ ਉਸ ਬੰਦੇ ਨੂੰ ਸੋਚਦਾ ਸਾਂ ਕਿ ਕੀ ਸੀ ? ਇਤਨੀ ਸਖ਼ਤ ਮਿਹਨਤ ਕਰਦਾ ਵੀ ਆਪਣੀਆਂ ਅਮੀਰ ਕੁੜੀਅ ਨਾਲ ਕਹਾਣੀਆਂ ਜੋੜ ਕੇ ਸਣਾਉਂਦਾ ਰਹਿੰਦਾ ਸੀ । ਮੈਂ ਜਦ ਵਿਹਲਾ ਹੋਣਾ ਉਸ ਤੋਂ ਝੂਠੀ ਕਹਾਣੀ ਸੁਣਨੀ । ਅਸੀਂ ਉਸਨੂੰ ਵੀ ਗੱਪੀ ਕਹਿੰਦੇ ਸਾਂ ।

ਸਾਡੇ ਕੰਮਾਂ ਵਾਲੇ ਛਿੱਡ ਹੇਠਾਂ ਇਕ ਪਾਸੇ ਅਵਾਰਾ ਜਿਹੇ ਦੋ ਤਿੰਨ ਟੱਬਰ ਵਿਹਲੇ ਬੈਠੇ ਰਹਿੰਦੇ ਸਨ । ਮੰਗ ਮੁੰਗ ਚੁੱਕ ਚੁਕਾ ਲੈਂਦੇ, ਬਾਲਣ ਚੁਰਾ ਚੁਰਾ ਕੇ ਲੈ ਆਉਂਦੇ । ਉਹਨਾਂ ਦੇ ਬੱਚੇ ਵੀ ਇੰਜ ਹੀ ਕਰਦੇ । ਬੜੀ ਚੰਗੀ ਹਿੰਦੁਸਤਾਨੀ ਬੋਲਦੇ ਸਨ । ਮੈਂ ਉਹਨਾਂ ਵੱਲ ਵੇਖਦਾ ਰਹਿੰਦਾ ਸਾਂ । ਸੋਚਦਾ ਰਹਿੰਦਾ, ਇਕ ਦਿਨ ਕੰਨ ਲਾ ਕੇ ਸੁਣਿਆਂ । ਉਹਨਾਂ ਚੋਂ ਇਕ ਬੰਦਾ ਕਿਸੇ ਇਕੱਠ ਦੀਆਂ ਗੱਲਾਂ ਕਰ ਰਿਹਾ ਸੀ । ਕੋਈ ਪੇਟ ਫੁਲਾਏ ਜਾ ਰਿਹਾ ਸੀ । ਕੋਈ ਗਰੀ ਚਬਾਏ ਜਾ ਰਹਾ ਥਾ, ਕੋਈ ਅਖਰੋਟ ਸੇ ਗਰੀ ਚਬਾਏ ਜਾ ਰਹਾਂ ਥਾ, ਕੋਈ ਕੇਲੇ ਖਾਏ ਜਾ ਰਹਾ ਥਾ, ਏਕ ਨੇ ਜਾਤੇ ਜਾਤੇ ਦੋ ਤੀਨ ਸੰਤਰੇ ਮੇਰੇ ਤਰਫ ਫੈਂਕ ਦੀਏ ਹਲਵਾ ਪੂਰੀ ਲੀਏ ਗੁਜ਼ਰ ਗਿਆ । ਵਗੈਰਾ ਵਗੈਰਾ । ਮੈਂ ਸੋਚਿਆ ਕਿਥੇ ਬੈਠੇ ਹੋਏ ਨੇ ਗੱਲਾਂ ਕਿਸ ਤਰ੍ਹਾਂ ਦੀਆਂ ਕਰਦੇ ਨੇ ।

ਉਥੇ ਇਕ ਅੰਗਰੇਜ਼ ਵੀ ਧਰਮ ਸਿੰਘ ਹੋਰਾਂ ਕੋਲ ਨੌਕਰ ਸੀ । ਸ਼ਾਇਦ ਇੰਜੀਨੀਅਰ ਸੀ ! ਉਸ ਦਾ ਬਹਿਰਾ ਸ਼ਰਾਬੀ ਸੀ । ਉਹ ਵੀ ਮੇਰਾ ਯਾਰ ਬਣ ਗਿਆ । ਗੱਪਾਂ ਉਸ ਤੋਂ ਵੀ ਸੁਣਦਾ । ਉਹ ਅੰਗਰੇਜ਼ ਕਿਸੇ ਨਾਲ ਕੋਈ ਵਾਸਤਾ ਨਹੀਂ ਸੀ ਰੱਖਦਾ । ਇਕ ਹੋਰ ਸਰਦਾਰ ਸੀ ਬੜਾ ਸੁਹਣਾ, ਫੁਰਤੀਲਾ, ਖੇਡਾਂ ਦਾ ਸ਼ੌਕੀਨ । ਉਸ ਨੇ ਜਿਹੜੀ ਕੁੜੀ ਰੋਟੀ ਪਕਾਉਣ ਨੂੰ ਰੱਖੀ ਹੋਈ ਸੀ । ਉਹੋ ਜਿਹੀ ਸੁਹਣੀ ਕੁੜੀ ਕੈਂਪ ਵਿਚ ਨਹੀਂ ਸੀ । ਉਸ ਕੋਲ ਹੀ ਸੌਂਦੀ ਸੀ । ਕਈ ਕੁੜੀਆਂ ਉਸ ਦੀਆਂ ਵਾਕਫ ਸਨ । ਇਕ ਵਾਰੀ ਉਥੇ ਦੌੜ ਹੋਈ, ਕਾਨਪੁਰੋਂ ਚਿੱਟੇ ਕਪੜੇ ਦੇ ਮੈਂ ਬੂਟ ਮੰਗਾਏ ਸੀ ਪਾ ਕੇ ਨੱਠਿਆ ਸਭ ਤੋਂ ਪਿੱਛੇ ਰਿਹਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਵਾਰੀ ਟਰੱਕ ਮੈਨੂੰ ਤੇ ਗੋਪੀ ਨੂੰ ਅੱਠ ਦਸ ਮੀਲ ਲਾਈਨ ਬਣਦੀ ਦੇ ਨਾਲ ਨਾਲ ਇਕ ਨਿੱਕੀ ਜਹੀ ਬਸਤੀ ਉਤੇ ਲੈ ਗਿਆ। ਉਥੇ ਕੁਝ ਬਣਿਆ ਹੋਇਆ ਸੀ ਮੁਰੰਮਤ ਕਰਨੀ ਸੀ। ਉਸ ਬਸਤੀ ਤੋਂ ਬਾਹਰ ਇਕ ਵਕਤੀ ਕੋਠੀ ਵਰਗਾ ਥਾਂ ਬਣਿਆ ਹੋਇਆ ਸੀ, ਉਥੇ ਇਕ ਸਰਦਾਰ ਰਹਿੰਦਾ ਬੜੇ ਠਾਠ ਵਾਲਾ, ਟੱਬਰ ਵੀ ਉਸ ਦਾ ਉਥੇ ਸੀ। ਤਿੰਨ ਚਾਰ ਦਿਨ ਉਥੇ ਰਹੇ ਸਾਨੂੰ ਉਸ ਸਰਦਾਰ ਦੀ ਸਰਦਾਰਨੀ ਨਹੀਂ ਦਿਸੀ। ਬੜੇ ਰੋਹਬ ਦਾਬ ਅਤੇ ਸਰਦਾਰੀ ਬੋਲ ਚਾਲ ਵਾਲਾ ਸੀ ਉਹ। ਜਿਸ ਦਿਨ ਅਸੀਂ ਟਰੱਕ ਤੇ ਮੁੜੇ ਉਸ ਦਿਨ ਉਸ ਸਰਦਾਰ ਦੇ ਘਰ ਦਾ ਇਕ ਪੁੱਤਰ ਹੈ। ਏਥੇ ਇਹੋ ਮਾਲਕ ਹੈ। ਇਸ ਘਰ ਦੀ ਸਰਦਾਰਨੀ ਬਹੁਤ ਸੁਹਣੀ ਹੈ। ਦਿੱਲੀ ਦੀ ਸਭ ਤੋਂ ਸੁਹਣੀ ਵੇਸਵਾ ਹੈ। ਇਸ ਨੇ ਉਸ ਨਾਲ ਵਿਆਹ ਕੀਤਾ ਹੋਇਆ ਹੈ।

ਇਕ ਦਿਨ ਮੈਂ ਤੇ ਗੋਪੀ ਚਹੁੰ ਘਰਾਂ ਦੀ ਬਾਰਕ ਦੀਆਂ ਜੋੜੀਆਂ ਚਾਹੜ ਰਹੇ ਸਾਂ। ਦੋ ਬੰਬਈ ਵਲੋਂ ਆਈ ਮਦਤ ਦੀਆਂ ਚੰਗੇ ਜੁੱਸੇ ਵਾਲੀਆਂ ਮਜ਼ਦੂਰਨੀਆਂ ਲੰਘ ਰਹੀਆਂ ਸਨ। ਗੋਪੀ ਨੇ ਦੋਹਾਂ ਨੂੰ ਬੁਲਾ ਲਿਆ। ਉਹ ਹਸਦੀਆਂ-ਹੱਸਦੀਆਂ ਆ ਗਈਆਂ। ਇਕ ਨੂੰ ਉਹ ਬੂਹਾ ਬੰਦ ਕਰਕੇ ਅੰਦਰ ਲੈ ਵੜਿਆ ਦੂਜੀ ਲਈ ਮੈਨੂੰ ਆਖਿਆ, ਮੈਂ ਹੈਰਾਨ ਸਾਂ ਚੁੱਪ ਕਰਕੇ ਕੰਮ ਕਰਦਾ ਰਿਹਾ। ਦੂਜੀ ਮੇਰੇ ਕੋਲ ਖਲੋਤੀ ਰਹੀ ਕੁਝ ਬੋਲੀ ਕੂਈ ਨਾ। ਗੋਪੀ ਨੇ ਬਾਹਰ ਆ ਕੇ ਆਪਣੇ ਵਾਲੀ ਨੂੰ ਆਖਿਆ—ਕਲ੍ਹ ਰੁਪਿਆ ਦੂਗਾਂ ਇਕੱਠਾ ਹੀ।...ਉਹ ਖੁਸ਼ੀ ਨਾਲ ਸਿਰ ਹਿਲਾ ਕੇ ਚਲੀਆਂ ਗਈਆਂ। ਮੈਂ ਇਸ ਸਭ ਕੁਝ ਨੂੰ ਸੋਚਦਾ ਸਾਂ ਤੇ ਬਸ। ਚਾਚਾ ਜੀ ਨੇ ਮੇਰੀਆਂ ਵਾਗਾਂ ਕਾਫ਼ੀ ਢਿੱਲੀਆਂ ਛੱਡੀਆਂ ਹੋਈਆਂ ਸਨ।

ਉਥੇ ਹਫਤੇ-ਹਫਤੇ ਬਾਜ਼ਾਰ ਲਗਦਾ। ਕਈ ਬੈਲ ਗੱਡੀਆਂ ਵਾਲੇ ਬਾਹਰੋਂ ਆਉਂਦੇ। ਪਹਾੜਾਂ ਤੋਂ ਜੰਗਲੀ ਲੋਕ ਆਉਂਦੇ। ਕਈ ਤਾਂ ਬਹੁਤ ਕੱਦਾਂ ਕਾਠਾਂ ਵਾਲੇ ਹੁੰਦੇ। ਜੰਗਲ ਦੀਆਂ ਸਬਜ਼ੀਆਂ ਤੇ ਫਲ ਲਿਆਉਂਦੇ। ਕੇਲੇ, ਨਿੱਕੇ-ਨਿੱਕੇ ਟੀਂਡੇ। ਮੋਤੀਆਂ ਜਿਹੀਆਂ ਰੰਗ ਬਰੰਗੀਆਂ ਮਿਰਚਾਂ ਦੀਆਂ ਟੋਕਰੀਆਂ ਅੱਗੇ ਰੱਖ ਕੇ ਬੈਠੇ ਹੁੰਦੇ। ਹੋਰ ਕਈ ਕੁਝ ਹੁੰਦਾ ਜੋ ਮੈਨੂੰ ਯਾਦ ਨਹੀਂ। ਜਿੰਨੇ ਲੋਕ ਵੀ ਪਹਾੜਾਂ ਤੋਂ ਜਾਂ ਘਣੇ ਜੰਗਲਾਂ ਵਿਚੋਂ ਆਉਂਦੇ ਭਾਵੇਂ ਮਰਦ ਭਾਵੇਂ ਔਰਤਾਂ, ਮੁਟਿਆਰਾਂ, ਬੁਢੜੀਆਂ ਸਭ ਨੰਗੇ ਹੁੰਦੇ। ਸਿਰਫ ਇਕ ਪਰਨਾ ਕਪੜੇ ਦਾ ਮੋਢਿਆਂ ਦੇ ਉਤੋਂ ਤੱਕ ਲਪੇਟਿਆ ਹੁੰਦਾ। ਗੱਲਾਂ ਵਿਚ ਨਿੱਕੀ ਕਿਰਪਾਨ ਵਰਗੀਆਂ ਚੌੜੀਆਂ ਤਿੱਖੀਆਂ ਛੁਰੀਆਂ ਪਾਈਆਂ ਹੁੰਦੀਆਂ। ਕਈਆਂ ਕੋਲ ਲੰਮੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੰਮੇ ਲੰਝੇ ਚੜੇ ਹੁੰਦੇ। ਜਿੰਨਾਂ ਉਥੇ [illegible] ਹੁੰਦਾ। ਸਿਰਾਂ ਉਤੇ ਮਰਦਾਂ ਨੇ ਪੱਟੀ ਬੰਨ੍ਹ ਕੇ ਅਤੇ ਔਰਤਾਂ ਨੇ ਵਾਲਾਂ ਵਿਚ ਇਕ-ਇਕ ਦੋ-ਦੋ ਸੁਹਣੇ ਖੰਭ ਟੰਗੇ ਹੁੰਦੇ। ਕਈ ਅੱਧਖੜ ਜੋੜੇ ਦੇਵ ਕਦ ਅਤੇ ਭਿਆਨਕ ਲੱਗਦੇ। ਟੋਕਰਿਆਂ ਵਿਚ ਕੁਕੜ ਕੁਕੜੀਆਂ ਉਤੇ ਜਾਲ ਰੱਖ ਕੇ ਵੇਚਣ ਲਈ ਲਿਆਉਂਦੇ। ਅਸੀਂ ਕੁਕੜ ਕੁਕੜੀਆਂ ਉਹਨਾਂ ਤੋਂ ਕਾਫੀ ਸਸਤੇ ਖਰੀਦ ਲੈਂਦੇ। ਮਿਰਚਾਂ ਕਈ ਵਾਰੀ ਖਰੀਦ ਕੇ ਤੋਬਾ ਕੀਤੀ। ਬਹੁਤ ਹੀ ਕੌੜੀਆਂ ਸਨ।

ਸਾਨੂੰ ਔਰਤਾਂ ਜਾਂ ਮੁਟਿਆਰਾਂ ਦੀਆਂ ਖੁਲ੍ਹੀਆਂ ਭਰੀਆਂ ਆਕੜੀਆਂ ਛਾਤੀਆਂ ਦੀ ਖਿੱਚ ਉਕਾ ਨਾ ਮਹਿਸੂਸ ਹੁੰਦੀ। ਜਿਹੜੇ ਲੋਕ ਮੈਦਾਨਾਂ ਦੀਆਂ ਬਸਤੀਆਂ ਤੋਂ ਆਉਂਦੇ ਉਹ ਖੂਬਸੂਰਤ ਵੀ ਕਾਫ਼ੀ ਹੁੰਦੇ। ਉਹਨਾਂ ਔਰਤਾਂ ਦੀਆਂ ਧੋਤੀ ਨਾਲ ਢੱਕੀਆਂ ਛਾਤੀਆਂ ਦੇਖਣ ਵਾਲੇ ਨੂੰ ਖਿੱਚ ਪਾਉਂਦੀਆਂ। ਇਹ ਬਾਜ਼ਾਰ ਬਹੁਤ ਦਿਲਚਸਪ ਹੁੰਦੇ। ਸੰਤਰੇ ਅਮਰੂਦ ਕੱਚੇ ਨਾਰੀਅਲ, ਸੁੱਕੀਆਂ ਨਿੱਕੀਆਂ ਨਿੱਕੀਆਂ ਮੱਛੀਆਂ ਤੇ ਕਈ ਕੁਝ, ਕਪੜੇ ਸੀਤੇ ਸਤਾਏ ਅਤੇ ਧੋਤੀਆਂ ਸਾੜ੍ਹੀਆਂ।

ਉਥੇ ਰਹਿੰਦਿਆਂ ਸਾਨੂੰ ਦੁਸਹਿਰਾ ਆਇਆ। ਸੰਗਰਾਂਦ ਮੱਸਿਆ ਹੋਰ ਦਿਨ ਦਿਹਾੜੇ ਸਾਨੂੰ ਚਿੱਤ ਚੇਤਾ ਨਾ ਆਉਂਦੇ। ਸ਼ੱਤੀ ਕੋਨਾ ਨਗਰ ਸਾਡੇ ਕੈਂਪਾਂ ਤੋਂ ਪੰਜ ਛੇ ਮੀਲ ਸੀ। ਨਿੱਕੀ-ਨਿੱਕੀ ਕਣੀ ਪੈ ਰਹੀ ਸੀ। ਕਦੀ ਹਟਦੀ, ਕਦੀ ਵਰਦੀ। ਇਕ ਟਰੱਕ ਵਿਚ ਅਸੀਂ ਸਾਰੇ ਬਹਿ ਗਏ। ਟਰੱਕਾਂ ਦੀ ਬਾਡੀ ਅੱਜ ਦੇ ਟਰੱਕਾਂ ਨਾਲੋਂ ਬਹੁਤ ਘੱਟ ਉੱਚੀ ਹੁੰਦੀ ਸੀ। ਟਿਕਾਣੇ ਪਹੁੰਚ ਕੇ ਅਸੀਂ ਉਤਰ ਗਏ। ਨਗਰ ਸੀ ਜਿਵੇਂ ਉਜੜਿਆ ਹੋਇਆ ਹੋਵੇ ਪਰ ਵੱਸਦਾ ਸੀ। ਇਕ ਪਾਸੇ ਮਊਏ ਦੀ ਸ਼ਰਾਬ ਕੱਢਣ ਦਾ ਠੇਕਾ ਸੀ। ਤਿੰਨ ਚਾਰ ਭੱਠੀਆਂ ਚਲਦੀਆਂ, ਬਹਿਣ ਲਈ ਢਾਰੇ ਬਣੇ ਹੋਏ। ਜੰਗਲੀ ਪਹਾੜੀ ਲੋਕ ਮੇਲਾ ਲਾਈ ਬੈਠੇ ਸਨ। ਕੋਸੀ-ਕੋਸੀ ਸ਼ਰਾਬ ਪੀਂਦੇ ਜਾਂਦੇ ਸਣੇ ਸਾਰੇ ਪ੍ਰਵਾਰ ਦੇ। ਸਾਡੇ ਵੀ ਉਥੋਂ ਪੀਣ ਵਾਲਿਆਂ ਲਗਭਗ ਸਾਰਿਆਂ ਪੀਤੀ, ਥੋੜ੍ਹੀ ਜਿਹੀ ਮੈਂ ਵੀ। ਚਾਚੇ ਨੇ ਉੱਕੀ ਨਹੀਂ।

ਉਥੋਂ ਬਾਜ਼ਾਰ ਵਿਚੋਂ ਹੋ ਕੇ ਇਕ ਖੁਲ੍ਹੇ ਮੈਦਾਨ ਵਿਚ ਆ ਗਏ। ਮੈਦਾਨ ਵਿਚ ਥੋੜ੍ਹੀ-ਥੋੜ੍ਹੀ ਵਿੱਥ ਉਤੇ ਨਿੱਕੀਆਂ-ਨਿੱਕੀਆਂ ਕੱਚੀਆਂ ਮਜ਼ਬੂਤ ਕੰਧਾਂ ਬਣੀਆਂ ਹੋਈਆਂ ਸਨ। ਉਹਨਾਂ ਅੱਗੇ ਇਕ-ਇਕ ਮੋਟਾ ਡੂੰਗਾ ਕਰਕੇ ਵਲਾ ਗੱਡਿਆ ਹੋਇਆ ਸੀ। ਸਾਨੂੰ ਦੱਸਿਆ ਇਹ ਤਿੰਨਾਂ ਜੰਗਲੀ ਪਹਾੜੀ ਕਬੀਲਿਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀਆਂ ਦੇਵੀਆਂ ਹਨ । ਨਾਲ ਤਿੰਨ ਬੜੇ ਫਿੱਟ ਹੋਏ ਸੰਢੇ ਬੰਧੇ ਹੋਏ ਸਨ । ਸਾਡੇ ਫਿਰਨ ਤੁਰਨ ਦੇ ਇਕ ਘੰਟੇ ਬਾਅਦ ਉਹ ਜੰਗਲੀ ਕਬੀਲੇ ਇਕਠੇ ਹੋ ਗਏ । ਸਾਰੇ ਕੂਕਾਂ ਮਾਰਦੇ ਇਕ ਸੰਢੇ ਨੂੰ ਪੈ ਗਏ । ਗੱਲ ਪਈਆਂ ਛੁਰੀਆਂ ਨਾਲ ਉਹਨੂੰ ਵੱਡਣ ਲਗੇ ਪਏ । ਸੰਢਾ ਮਿੰਟ ਕੁ ਅੜੀਗਿਆ ਬੱਸ ਖ਼ਤਮ । ਵਾਰੀ-ਵਾਰੀ ਇਸ ਤਰ੍ਹਾਂ ਤਿੰਨੇ ਸੰਢੇ ਉਹਨਾਂ ਖ਼ਤਮ ਕਰ ਦਿਤੇ । ਸਾਨੂੰ ਦੱਸਿਆ ਗਿਆ ਜਿਹੜਾ ਕਬੀਲਾ ਸੰਢੇ ਦਾ ਸਿਰ ਖੜੇ ਉਹ ਬਹਾਦਰ ਮੰਨਿਆ ਜਾਂਦਾ ਸੀ । ਉਹਨਾਂ ਕਬੀਲਿਆਂ ਦੇ ਅੰਗ ਵੀ ਕਾਫ਼ੀ ਜ਼ਖ਼ਮੀ ਹੋ ਗਏ ਸਨ । ਇਕ ਅੱਧਖੜ ਔਰਤ ਦੀ ਬਾਂਹ ਕਟੀ ਹੋਈ ਲਮਕੀ ਪਈ ਸੀ । ਉਹ ਸ਼ਰਾਬ ਵਿਚ ਅੰਨ੍ਹੀ ਹੋਈ ਨੱਚੀ ਜਾ ਰਹੀ ਸੀ । ਕਿਸੇ ਦਾ ਕੰਨ ਵੱਢਿਆ ਪਿਆ ਸੀ । ਨਿੱਕੇ-ਨਿੱਕੇ ਚਿਕੜ ਵਿਚ ਲਹੂ ਮਾਸ ਦੀਆਂ ਬੋਟੀਆਂ ਮਿਲੀਆਂ ਪਈਆਂ ਸਨ । ਇਹਨਾਂ ਸੰਢਿਆਂ ਦੀ ਕੁਰਬਾਨੀ ਸਮੇਂ ਕਈਆਂ ਔਰਤਾਂ, ਮਰਦਾਂ ਦੇ ਤੇੜ ਦੇ ਪਰਨੇ ਲਹਿ ਗਏ ਸਨ । ਪਰ ਉਹ ਸੰਢਿਆਂ ਦੀਆਂ ਬੋਟੀਆਂ ਮੂੰਹ ਵਿਚ ਲਮਕਾ ਕੇ ਨੱਚੀ ਜਾ ਰਹੇ ਸਨ । ਚਿੱਕੜ ਵਿਚ ਥਪਕ-ਥਪਕ ਹੋ ਰਹੀ ਸੀ । ਢੋਲ ਵੱਜ ਰਹੇ ਸਨ । ਮੇਰਾ ਦਿਲ ਬੜਾ ਖ਼ਰਾਬ ਹੋਇਆ । ਖਾਧਾ ਪੀਤਾ ਕਿਸੇ ਵੀ ਕੁਝ ਨਾ । ਟਰੱਕ ਵਿਚ ਬਹਿ ਕੇ ਕੈਂਪ ਵੱਲ ਚੱਲ ਪਏ । ਰਸਤੇ ਵਿਚ ਮਾਸ ਚੁੱਕੀ ਜੰਗਲੀ ਲੋਕ ਪਹਾੜਾਂ ਵੱਲ ਜਾ ਰਹੇ ਨਸ । ਬਾਂਸ ਨਾਲ ਬੰਨ੍ਹ ਕੇ ਦੋ ਦੋ ਜਣਿਆਂ ਸੰਢਿਆਂ ਦੇ ਸਿਰ ਲਟਕਾਏ ਹੋਏ ਸਨ । ਉਹ ਸਾਰੇ ਸਾਨੂੰ ਗੱਡੀ ਕੋਲ ਤੇ ਰਾਹ ਵਿਚ ਵੀ ਵੇਖ ਕੇ ਹੱਸਦੇ ਸਨ । ਜਿਸ ਤਰ੍ਹਾਂ ਕਹਿ ਰਹੇ ਹੋਣ ਵੇਖਿਆ ਅਸੀਂ ਕਿਤਨੇ ਭਿਆਨਕ ਤੇ ਬਹਾਦਰ ਹਾਂ ।

ਕੈਂਪ ਵਿਚ ਇਕ ਨਿੱਕਾ ਜਿਹਾ ਹਸਪਤਾਲ ਸੀ । ਕਦੀ ਲੋੜ ਪੈਂਦੀ ਉਥੋਂ ਦਵਾਈ ਲੈ ਲੈਂਦੇ, ਪੀ ਲੈਂਦੇ । ਬੁਖ਼ਾਰ ਚੜ੍ਹਦੇ ਉਤਰਦੇ ਰਹਿੰਦੇ । ਡਾਕਟਰ ਵਲੋਂ ਹੁਕਮ ਸੀ ਕਿ ਜਦ ਬਹੁਤ ਬੁਖ਼ਾਰ ਚੜ੍ਹਿਆ ਹੋਵੇ ਤਾਂ ਨਹਾ ਲਉ । ਬੁਖ਼ਾਰ ਵਾਲੇ ਇੰਜ ਕਰਦੇ ਬੁਖ਼ਾਰ ਉਤਰ ਜਾਂਦਾ ।

ਅਸੀਂ ਉਥੇ ਛੇ ਮਹੀਨੇ ਰਹੇ । ਪਤਾ ਨਹੀਂ ਕਿਸ ਗੱਲੋਂ ਚਾਚਾ ਜੀ ਦਾ ਉਥੇ ਝੱਗੜਾ ਹੋ ਗਿਆ । ਅਸਾਂ ਕੰਮ ਬੰਦ ਕਰ ਦਿਤਾ । ਮਾਲਕਾਂ ਸ਼ੱਤੀ ਕੋਨੇ ਨਗਰ ਤੋਂ ਪੁਲਸ ਮੰਗਾ ਲਈ । ਠਾਣੇਦਾਰ ਕੁਝ ਸਿਪਾਹੀ । ਉਹ ਠਾਣੇਦਾਰ ਬੜਾ ਸਲੀਕੇ ਨਾਲ ਬੋਲਦਾ ਸੀ । ਗੱਲਾਂ ਗੱਲਾਂ ਵਿਚ ਉਸ ਨੇ ਚਾਚੇ ਨੂੰ ਆਖਿਆ—ਆਪ ਜਾਨਾ ਚਾਹਤੇ ਹੈਂ ?...ਚਾਚੇ ਨੇ ਉੱਤਰ ਦਿਤਾ ਹਾਂ ਹਮੇਂ ਭੇਜ ਦੀਆ ਜਾਏ...ਚਾਚਾ ਤੇ ਠਾਣੇਦਾਰ ਵਿਚ ਵਿਚ ਅੰਗਰੇਜ਼ੀ ਵੀ ਬੋਲਦੇ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਤੋਂ ਗਿਆ । ਸਤ ਅਠ ਤਰਖਾਣ ਹੀ ਸਾਡੇ ਨਾਲ ਤੁਰੇ । ਬਾਕੀ ਰਹਿ ਗਏ । ਟਰੱਕ ਨੇ ਸਾਨੂੰ ਜਲਦੀ ਹੀ ਪਾਰਬਤੀ ਪੁਰਮ ਪੁਚਾ ਦਿਤਾ । ਉਥੋਂ ਅਸੀਂ ਵਜ਼ੀਗਾ ਪਟਮ ਤੋਂ ਗੱਡੀ ਬਦਲ ਕੇ ਖੜਕਪੁਰ ਸਟੇਸ਼ਨ ਉਤੇ ਪਹੁੰਚੇ । ਮੈਂ ਵੱਡੇ ਚਾਚੇ ਨੂੰ ਆਖਿਆ ਪੰਜਾਬ ਨਹੀਂ ਜਾਣਾ । ਮੈਂ ਵੱਡੇ ਚਾਚਾ ਜੀ ਕੋਲ ਤੁਮਸਰ ਰੋਡ ਜਾਣਾ ਹੈ । ਉਹ ਮੰਨ ਗਏ । ਮੈਂ ਉਥੋਂ ਨਾਗਪੁਰ ਵਾਲੀ ਗੱਡੀ ਬੈਠ ਕੇ ਤੁਮਸਰ ਰੋਡ ਅਪੜ ਗਿਆ ।

7782

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

# ਨਾਗਪੁਰ

ਤੁਮਸਰ ਰੋਡ ਸਟੇਸ਼ਨ ਦੇ ਲਾਗੇ ਵੱਡਾ ਖੁਲ੍ਹਾ ਸਾਡਾ ਘਰ ਸੀ। ਮੈਂ ਵਿਹੜਾ ਲੰਘ ਕੇ ਘਰ ਪਹੁੰਚਿਆ ਤਾਂ ਪਹਿਲੋਂ ਗਣੇਸੀ ਮਿਲ ਪਈ। ਅੱਗੇ ਨਾਲੋਂ ਕਾਫੀ ਸੁਹਣੀ ਤੇ ਨਿਰੋਲ ਪੰਜਾਬੀ ਕਪੜਿਆਂ ਵਿਚ ਫੱਬੀ ਲੱਗਦੀ ਸੀ। ਲੰਮੀ ਪਰਾਂਦੀ ਪਾ ਕੇ ਗੁੱਤ ਕੀਤੀ ਹੋਈ ਸੀ। ਝੱਟ ਪੱਟ ਮੇਰੇ ਸਿਰ ਉਤੋਂ ਬਿਸਤਰਾ ਔਜ਼ਾਰਾਂ ਵਾਲੀ ਪੇਟੀ ਤੇ ਇਕ ਲਕੜੀ ਦਾ ਮੇਰਾ ਨਿੱਕਾ ਜਿਹਾ ਕਪੜਿਆਂ ਲਈ ਬਣਾਇਆ ਸੂਟਕੇਸ ਲੁਹਾਇਆ।

ਮੇਰੇ ਵਲ ਇਕ ਟੱਕ ਦੇਖਦੀ ਰਹੀ ਤੇ ਮੈਨੂੰ ਚੰਬੜ ਗਈ। ਮੈਂ ਬੁਧੂ ਬਣਿਆਂ ਖਲੋਤਾ ਰਿਹਾ। ਜ਼ਰਾ ਪਿਛੇ ਹਟ ਕੇ ਕਹਿਣ ਲੱਗੀ—ਮੈਂ ਤੁਮ ਕੋ ਬੜਾ ਯਾਦ ਕਰਦੀ ਸੀ, ਛੋਟੇ ਬਾਬੂ ਤੂੰ ਮੈਨੂੰ ਤੇ ਬੜਾ ਯਾਦ ਆਉਂਦਾ ਸੀ।...ਪਤਾ ਨਹੀਂ ਮੇਰੇ ਮੂੰਹੋਂ ਕਿਸ ਤਰ੍ਹਾਂ ਇਹ ਲਫਜ਼ ਨਿਕਲ ਗਏ-- ਗਣੇਸੀਏ ਕੌਣ ਯਾਦ ਕਰਦਾ ਹੈ ਮੈਂ ਤੇ ਰੋੜਿਆਂ ਨਾਲ ਟੱਕਰਾਂ ਖਾ ਕੇ ਰਿੜਦਾ ਰਹਿੰਦਾ ਹਾਂ। ਜੇ ਕੋਈ ਯਾਦ ਕਰਦਾ ਮੈਂ ਪੰਜਾਬ ਨਾ ਜਾਂਦਾ। ਉਸ ਸਮੇਂ ਮੇਰੀਆਂ ਤੇ ਉਹਦੀਆਂ ਅੱਖਾਂ ਭਰੀਆਂ ਹੋਈਆਂ ਸਨ। ਉਸ ਦਾ ਬੁਢਾ ਪਿਉ ਵੀ ਉਥੇ ਸੀ। ਮੈਨੂੰ ਰੋਟੀ ਪਾ ਕੇ ਖਵਾਈ। ਚਾਚਾ ਜੀ ਦੇ ਕਮਰੇ ਵਿਚ ਸੁੱਤਾ। ਉਹ ਪਿਉ ਧੀ ਨਾਲ ਦੇ ਕਮਰੇ ਵਿਚ ਸੌਂਦੇ ਸੀ। ਵਲਗਣ ਦਾ ਬਾਹਰਲਾ ਬੂਹਾ ਰਾਤ ਨੂੰ ਅੰਦਰੋਂ ਬੰਦ ਕਰ ਲੈਂਦੇ। ਇਹ ਪਿਉ ਧੀ ਚਾਚਾ ਜੀ ਦਾ 'ਸਾਰਾ ਰੋਟੀ ਅਤੇ ਹੋਰ ਕਪੜੇ ਧੋਣ ਦਾ ਕੰਮ ਕਰਦੇ ਸਨ। ਬੁਢੜੇ ਨੇ ਮੈਨੂੰ ਕਿਹਾ—ਮਾਲਕ ਤੋ ਗੋਬਰ ਵਾਈ ਸੇ ਆਗੇ ਚਕਲਾਲਾ ਪਹਾੜੀ ਪਰ ਅਪਨੇ ਭਾਈ ਨੰਦ ਸਿੰਘ ਕੇ ਪਾਸ ਗਏ ਹੂਏ ਹੈਂ।

ਨੰਦ ਸਿੰਘ ਕਲਕੱਤੇ ਬਾਬਾ ਜੀ ਕੋਲ ਹੁੰਦਾ ਸੀ ਸਾਡੇ ਸ਼ਹਿਰ ਦੀ ਬਰਾਦਰੀ ਦਾ। ਚੰਪਾ ਇਕ ਸਤੀਸਗੜ ਦਾ ਰੇਲਵੇ ਸਟੇਸ਼ਨ ਹੈ। ਉਥੇ ਦੇ ਰਾਜੇ ਦਾ ਮਹੱਲ ਬਣਾਉਣ ਆਇਆ ਇਕ ਪੰਜਾਬੀ ਮਿਸਤਰੀ ਸੀ। ਉਹ ਉਥੇ ਹੀ ਰਹਿ ਪਿਆ ਸੀ। ਰਾਜੇ ਕੋਲ ਉਥੇ ਹੀ ਉਸ ਨੇ ਵਿਆਹ ਕਰਾ ਲਿਆ। ਔਰਤ ਚੰਪੇ ਦੇ


CC-0. In Public Domain. Gurukul Kangri Collection, Haridwar

ਚੰਗੇ ਘਰਾਣੇ ਦੀ ਸੀ । ਉਸਦੇ ਬੱਚੇ ਹੋਏ । ਇਕ ਨੰਦ ਸਿੰਘ ਜਿਸ ਨੂੰ ਮੈਂ ਚਾਚਾ ਕਹਿੰਦਾ ਹੁੰਦਾ ਸਾਂ ਇਹ ਚੰਪੇ ਉਸ ਪੰਜਾਬੋਂ ਆ ਕੇ ਚੰਪੇ ਟਿਕ ਗਏ, ਉਸ ਮਿਸਤਰੀ ਦੀ ਕੁੜੀ ਨਾਲ ਵਿਆਇਆ ਹੋਇਆ ਸੀ । ਬਾਬੇ ਪਾਲਾ ਸਿੰਘ ਨੇ ਇਹ ਰਿਸ਼ਤਾ ਕਰਵਾਇਆ ਸੀ । ਨੰਦ ਸਿੰਘ ਦੀ ਪਤਨੀ ਕੱਦ, ਬੁੱਧ, ਰੰਗ, ਬੋਲਚਾਲ, ਤੁਰਨ ਫਿਰਨ ਵਿਚ ਸੁਹਣੀ ਕਹੀ ਜਾ ਸਕਦੀ ਸੀ । ਬੋਲੀ ਉਸ ਦੀ ਪੰਜਾਬੀ ਵਿਚ ਸ਼ੱਤੀਗੜ ਦੀ ਮਿਸਮਿਲੀ, ਮੋਟੇ ਨੈਣ ਸਨ । ਹਰ ਕੰਮ ਵਿਚ ਮਿੱਠੀ ਤੇ ਹਮੱਲ ਵਾਲੀ । ਘਰ ਦੇ ਕੰਮ ਵਿਚ ਚਤੁਰ, ਵੇਖਣ ਵਾਲੇ ਨੂੰ ਬਦੋ ਬਦੀ ਜਚ ਜਾਂਦੀ ।

ਮੈਂ ਦੂਜੇ ਦਿਨ ਚਕਲਾਲੇ ਚਲਾ ਗਿਆ । ਚਾਰ ਕਵਾਟਰ । ਛੱਤਾਂ ਤੇ ਉਥੇ ਖਪਰੈਲਾਂ ਵਾਲੀਆਂ ਹੁੰਦੀਆਂ ਸਨ । ਨਿਵਾਣ ਵਾਲੀਆਂ । ਬਾਹਰਲੀ ਵਲਗਣ ਦੇ ਬੂਹੇ ਨੂੰ ਮੈਂ ਠਕੋਰਿਆ ਥੋੜ੍ਹੀ ਦੇਰ ਬਾਅਦ ਬੂਹਾ ਖੁਲ੍ਹਿਆ । ਚਾਚਾ ਜੀ ਸਾਹਮਣੇ ਸਨ । ਮੈਨੂੰ ਵੇਖਕੇ ਹੈਰਾਨ ਤੇ ਖੁਸ਼ ਹੋਏ । ਮੈਂ ਗੋਡੇ ਛੂਹ ਕੇ ਸਤਿ ਸ੍ਰੀ ਅਕਾਲ ਆਖੀ । ਅੰਦਰ ਇਕ ਕਵਾਟਰ ਉਹਨਾਂ ਕੋਲ ਸੀ । ਤਿੰਨ ਨੰਦ ਸਿੰਘ ਹੋਰਾਂ ਕੋਲ । ਚਾਚੀ ਆਈ ਮੈਨੂੰ ਪਾਣੀ ਪਿਲਾਇਆ । ਰੋਟੀ ਪਕਾਉਣ ਲੱਗ ਪਈ । ਚਾਚਾ ਜੀ ਨੇ ਹਾਲ ਚਾਲ ਪੁੱਛਿਆ, ਮੈਂ ਸਾਰਾ ਕੁਝ ਦੱਸ ਦਿਤਾ । ਉਹਨਾਂ ਨੇ ਪੁੱਛਿਆ—ਪੈਸੇ ਤੇਰੇ ਕੋਲ ਹੈਗੇ ਨੇ ?...ਮੈਂ ਉੱਤਰ ਦਿੱਤਾ ਪੱਚੀ ਤੀਹ ਰੁਪਏ ਹੈਗੇ ਨੇ ।—ਬਾਕੀ ਕਿੱਥੇ ਨੇ ?...ਘਰ ਘੱਲ ਦਿੰਦਾ ਰਿਹਾ ਹਾਂ । ਤੂੰ ਹੁਣ ਗਭਰੂ ਹੋ ਚੱਲਿਆ ਹੈਂ, ਮਾਂ ਤੇਰੀ ਮੂਰਖ ਹੈ, ਕੋਲ ਪੈਸੇ ਰੱਖਿਆ ਕਰ । ਭਲਕੇ ਤੇਰਾ ਵਿਆਹ ਹੋਣਾ ਹੈ । ਹੋਰ ਦੋ ਸਾਲਾਂ ਨੂੰ ਤੈਨੂੰ ਗਿੱਠ-ਗਿੱਠ ਦਾੜ੍ਹੀ ਮੁੱਛਾਂ ਆ ਜਾਣਗੀਆਂ । ਮਾਂ ਤੇਰੀ ਜੋ ਘੱਲੇਂਗਾ ਖਾ ਛੱਡੇਗੀ, ਹੁਣ ਸੰਭਲ ।

ਮੇਰੇ ਮੂੰਹੋਂ ਨਿਕਲ ਗਿਆ—ਮੇਰਾ ਵਿਆਹ ਹੋਏਗਾ ? ਉਹ ਰੱਤਾ ਹੱਸੇ ਤੇ ਬੋਲੇ—ਮੂਰਖਾ ਜਸਵਾਲੀਆਂ ਦੇ ਤੇ ਕੁਤੇ ਵਿਆਹੇ ਜਾਂਦੇ ਨੇ ਤੂੰ ਸੇਠ ਮਲਾਵਾ ਸਿੰਘ ਜਸਵਾਲ ਦਾ ਪੋਤਰਾ ਹੈਂ, ਸ: ਭਗਵਾਨ ਸਿੰਘ ਦਾ ਭਤੀਜਾ । ਕਹਿੰਦੇ ਹੋਇਆਂ ਨੇ ਮੈਨੂੰ ਆਪਣੇ ਨਾਲ ਘੁੱਟ ਲਿਆ । ਮੈਂ ਉਹਨਾਂ ਦੇ ਪਲੰਘ ਉਤੇ ਉਹਨਾਂ ਦੇ ਨਾਲ ਕਰਕੇ ਬੈਠਿਆ ਹੋਇਆ ਸਾਂ । (ਜਦ ਇਹ ਕੁਝ ਲਿਖ ਰਿਹਾ ਹਾਂ ਤਾਰੀਖ 28-12-1987 ਹੈ । ਤੜਕੇ ਦੇ ਪੰਜ ਵੱਜੇ ਹਨ । ਮੈਂ ਚਾਚਾ ਜੀ ਨੂੰ ਯਾਦ ਕਰਕੇ ਦਸ ਮਿੰਟ ਰੋਂਦਾ ਰਿਹਾ ਹਾਂ ਉਹ ਹਾਲਤ ਡਰਾਮਾ ਵੇਖਣ ਵਾਂਗ ਸਾਹਮਣੇ ਹੈ) ।

ਦੂਜੇ ਦਿਨ ਮੈਨੂੰ ਚਾਚਾ ਜੀ ਨੇ ਚਕਲਾਲੇ ਦੀ ਆਖਰੀ ਪਹਾੜੀ ਉਤੇ



Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘੱਲਿਆ । [illegible] ਸੀ । ਰਸਤਾ ਨਿੱਕੀ ਚੋਂ ਫੁੱਟੀ ਲਾਈਨ ਜਾਂਦੀ ਸੀ ਅਤੇ ਜੰਗਲ ਵਿਚੋਂ ਸਿੱਧਾ ਰਾਹ ਵੀ । ਮੈਂ ਜੰਗਲ ਵੱਲ ਦੇ ਰਾਹ ਉਥੇ ਪਹੁੰਚ ਗਿਆ । ਇਕ ਪੰਜਾਬੀ ਠੇਕੇਦਾਰ 'ਸੀ ਉਸ ਕੋਲੋਂ ਜਾ ਪੁੱਛਿਆ ਕਿ ਕੰਮ ਹੈ ਚਾਚਾ ਜੀ ਨੇ ਘੱਲਿਆ ਹੈ । ਉਸ ਨੇ ਪਹਿਲੋਂ ਇਹ ਪੁੱਛਿਆ—ਤੂੰ ਕਿਸ ਰਸਤੇ ਆਇਆ ਹੈਂ ?...ਮੈਂ ਉੱਤਰ ਦਿਤਾ—ਜੰਗਲ ਵਿਚਲੇ ਰਾਹ ਥਾਣੀ ।...ਉਹ ਬੜਾ ਹੈਰਾਨ ਹੋਇਆ—ਤੂੰ ਬੇਵਕੂਫੀ ਕੀਤੀ ਹੈ ਇਸ ਰਾਹ ਚੀਤਾ ਪੈਂਦਾ ਹੈ ਹੁਣ ਲਾਈਨੇ ਲਾਈਨ ਜਾਈਂ ।...ਫਿਰ ਥੋੜ੍ਹਾ ਚਿਰ ਠਹਿਰ ਕੇ ਬੋਲਿਆ—ਮੇਰੇ ਕੋਲੋਂ ਕੰਮ ਖ਼ਤਮ ਹੋ ਗਿਆ ਹੈ । ਹੁਣ ਕੋਇਲੇ ਦਾ ਕੁਝ ਠੇਕਾ ਹੈ । ਆਹ ਨਿੱਕੇ ਛਕੜੇ ਭਰਾਉਣ ਦਾ । ਮੈਂ ਚੁੱਪ ਰਿਹਾ ਉਸਨੇ ਆਪ ਹੀ ਰੋਟੀ ਪਕਾਈ; ਮੈਨੂੰ ਖਵਾਈ । ਰੋਟੀਆਂ ਵਿਚ ਕਿਰਕ ਸੀ । ਖਾਣ ਵਿਚ ਬਹੁਤ ਬੁਰੀ ਤਰ੍ਹਾਂ ਦੰਦਾ ਹੇਠਾਂ ਕੀਚ-ਕੀਚ ਕਰਦੀ । ਉਹਨਾਂ ਪਹਾੜੀਆਂ ਉਤੇ ਦੋ ਫੁੱਟੀ ਲਾਈਨ ਚੜ੍ਹੀ ਹੋਈ ਸੀ । ਜਿਹੜੀ ਉਥੇ ਸਾਰੇ ਥਾਂ ਹੁੰਦੀ । ਇਹ ਕਿਸੇ ਦਿਨ ਨਿੱਕਾ ਬਿਜਲੀ ਘਰ ਹੁੰਦਾ ਸੀ, ਕੋਲਿਆਂ ਵਾਲਾ । ਚੜ੍ਹਖੜੀਆਂ ਸਨ ਵੱਡੀਆਂ-ਵੱਡੀਆਂ ਨਾਲ ਲੋਹੇ ਦੇ ਰੱਸੇ ਭਾਉਣੀ ਵਾਂਗ ਲਪੇਟੇ ਹੋਏ । ਉਹ ਚੜ੍ਹਖੜੀਆਂ ਭਾਉਂਦੀਆਂ ਲਾਇਨ ਉਤੇ ਨਿੱਕੇ-ਨਿੱਕੇ ਛਕੜੇ, ਇਕ ਉਤੇ ਚੜ੍ਹਦਾ ਦੂਜਾ ਭਰਿਆ ਹੋਇਆ ਥੱਲੇ ਆ ਜਾਂਦਾ । ਸੂਰਜ ਡੁਬਦੇ ਨਾਲ ਸੁਰੰਗਾਂ ਨੂੰ ਅੱਗ ਲਾਈ ਜਾਂਦੀ । ਕੋਲੇ ਵਾਂਗ ਲੋਹਾ ਟੁੱਟਦਾ, ਦੂਜੇ ਦਿਨ ਉਹ ਲੋਹਾ ਥੱਲੇ ਆ ਕੇ ਦਸ ਪੰਦਰਾਂ ਛਕੜੇ ਨਿੱਕਾ ਜਿਹਾ ਇੰਜਣ ਖਿਚ ਕੇ ਹੌਲ-ਹੌਲੀ ਤੁਮਸਰ ਰੋਡ ਪਹੁੰਚਦਾ । ਦੋ ਕੁ ਫੇਰੇ ਲੱਗਦੇ । ਏਥੇ ਪਹਾੜੀਆਂ ਵੱਡੀਆਂ ਛੋਟੀਆਂ ਪੰਜ ਛੇ ਸਨ । ਸਾਰੀਆਂ ਕੋਲੇ ਦੀਆਂ ।

ਮੁੜਦੀ ਪੈਰੀਂ ਨੰਦ ਸਿੰਘ ਦੇ ਘਰ ਤਰਕਾਲਾਂ ਨੂੰ ਆ ਗਿਆ । ਦੂਜੇ ਦਿਨ ਚਾਚਾ ਜੀ ਨੇ ਆਖਿਆ—ਤੂੰ ਚੱਲ ਤੁਮਸਰ ਰੋਡ ਮੈਂ ਦੋ ਦਿਨਾਂ ਤੱਕ ਆਵਾਂਗਾ । ਕੋਈ ਚੀਜ਼ ਤੂੰ ਰੋਟੀ ਲਈ ਬਜ਼ਾਰੋਂ ਨਾ ਲਈਂ । ਗਣੇਸੀ ਦੇ ਪਿਉ ਕੋਲ ਪੈਸੇ ਹੈ ਨੇ ਮੇਰੇ ਦਿਤੇ ਹੋਏ । ਮੈਂ ਨਿੱਕੇ ਇੰਜਣ ਦੇ ਮਗਰ ਲੱਗੇ ਹੋਏ ਰੇੜ੍ਹਿਆਂ ਤੇ ਬਹਿ ਕੇ ਤੁਮਸਰ ਰੋਡ ਪਹੁੰਚ ਗਿਆ ।

ਦੋ ਦਿਨਾਂ ਬਾਅਦ ਚਾਚਾ ਜੀ ਆਏ । ਦੋ ਦਿਨ ਰਹੇ ਫਿਰ ਨਾਗਪੁਰ ਗਏ । ਮੈਨੂੰ ਕਹਿਣ ਲੱਗੇ ਤੂੰ ਮੇਰੇ ਮਗਰੋਂ ਮੇਰੇ ਕਮਰੇ ਵਿਚ ਸੌਂਇਆਂ ਕਰ । ਤਜੌਰੀ ਦੇ ਲਾਗੇ, ਸਵੇਰੇ ਸ਼ਾਮ ਤਜੌਰੀ ਨੂੰ ਧੂਫ ਦਈਂ । ਮੈਂ ਸਿਰ ਹਿਲਾ ਕੇ ਹਾਂ ਆਖੀ ।

ਗਣੇਸੀ ਪਤਾ ਨਹੀਂ ਕਿਉਂ ਮੇਰੇ ਉਤੇ ਤਰਸੀਲੀ ਬਣੀ ਰਹਿੰਦੀ, ਉਸ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੁੱਢੜਾ ਪਿਉ ਮੇਰੇ ਕੋਲ ਸਹਿਮਿਆ ਰਹਿੰਦਾ । ਰੋਟੀ ਵੇਲੇ ਜੇ ਖਾਣਾ ਹੁੰਦਾ ਪੁੱਛਦਾ । ਗਣੇਸੀ ਮੇਰੇ ਨਾਲ ਬਹੁਤ ਗੱਲਾਂ ਕਰਨ ਦੀ ਕੋਸ਼ਿਸ਼ ਕਰਦੀ, ਮੈਂ ਡਰਦਾ ਤੇ ਝੱਕਦਾ ।

ਚਾਚਾ ਜੀ ਨਾਗਪੁਰੋਂ ਚੌਥੇ ਦਿਨ ਪਰਤ ਆਏ । ਮੈਨੂੰ ਕਹਿਣ ਲੱਗੇ—ਤੂੰ ਆਪਣਾ ਸਾਮਾਨ ਲੈ ਕੇ ਨਾਗਪੁਰ ਚਲਿਆ ਜਾ । ਉਥੇ ਪੰਜਾਬੀ ਬਸਤੀ ਹੈ, ਸਟੇਸ਼ਨ ਦੇ ਨੇੜੇ । ਗੁਰਦੁਆਰੇ ਨਾਲ ਇਕ ਕਾਰਖਾਨਾ ਹੈ ਲਕੜੀ ਦੇ ਕੰਮ ਦਾ। ਕਰਮ ਸਿੰਘ ਠੇਕੇਦਾਰ ਹੈ ਉਥੇ ਉਸ ਕੋਲ ਚਲਿਆ ਜਾਈਂ । ਉਹ ਮੇਰਾ ਬੜਾ ਪੱਕਾ ਦੋਸਤ ਹੈ । ਹੋਰ ਕਿਸੇ ਨਾਲ ਤੂੰ ਕੋਈ ਗੱਲ ਨਾ ਕਰੀਂ ਉਹ ਤੈਨੂੰ ਸਭ ਕੁਝ ਦੱਸ ਦੇਵੇਗਾ । ਕੰਮ ਕਰੀਂ ਉਥੇ ਹੀ ਰਹੀਂ । ਇਸ ਗੱਲ ਦਾ ਖਿਆਲ ਰੱਖੀਂ, ਸਾਮਾਨ ਕੁੱਲੀ ਕੋਲੋਂ ਚੁਕਵਾ ਕੇ ਉਥੇ ਜਾਈਂ ਆਪਣੇ ਸਿਰ ਉਤੇ ਨਾ ਚੁੱਕੀਂ । ਦਿਹਾੜੀ ਦੀ ਪ੍ਰਵਾਹ ਨਾ ਕਰੀਂ ਉਹ ਤੈਨੂੰ ਆਪੇ ਦੇ ਦਏਗਾ । ਉਹਦੀ ਵਹੁਟੀ ਬੜੀ ਚੰਗੀ ਹੈ, ਉਹਨਾਂ ਨੂੰ ਤਾਇਆ ਤਾਈ ਆਖੀਂ ।

ਦੂਜੇ ਦਿਨ ਮੈਨੂੰ ਗਣੇਸੀ ਦੇ ਪਿਉ ਨੇ ਸਾਮਾਨ ਚੁੱਕ ਕੇ ਉਥੋਂ ਗੱਡੀ ਬਿਠਾ ਦਿਤਾ । ਗਣੇਸੀ ਮੇਰੇ ਨਾਲ ਖਾਲੀ ਹੱਥ ਸਟੇਸ਼ਨ ਤੱਕ ਆਈ । ਨਾ ਮੈਂ ਬੋਲਿਆ ਨਾ ਉਹ ਬੋਲੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪੰਜਾਬ

ਕੁਲੀ ਦੇ ਸਿਰ ਤੇ ਸਾਮਾਨ ਚੁਕਵਾ ਕੇ ਮੈਂ ਸ: ਕਰਮ ਸਿੰਘ ਦੇ ਕਾਰਖਾਨੇ ਨਾਗਪੁਰ ਦੇ ਸਟੇਸ਼ਨ ਤੋਂ ਉਤਰ ਕੇ ਪਹੁੰਚ ਗਿਆ। ਕੁਲੀ ਨੇ ਸਾਮਾਨ ਲਾਹਿਆ ਪੰਜ ਛੇ ਤਰਖਾਣ ਕੰਮ ਕਰਦੇ ਕਰਦੇ ਮੇਰੇ ਵਲ ਵੇਖਣ ਲੱਗ ਪਏ। ਇਕ ਦਫ਼ਤਰ ਦੇ ਕਮਰੇ ਵਿਚੋਂ ਨੌਜਵਾਨ ਗਭਰੂ ਸਿੱਖ ਨਿਕਲਿਆ। ਮੈਂ ਉਸ ਨੂੰ ਫਤਿਹ ਬੁਲਾਈ, ਆਪਣੀ ਵਾਕਫੀਅਤ ਸੁਣਾ ਦਿਤੀ। ਉਸਨੇ ਮੇਰਾ ਸਾਮਾਨ ਦਫ਼ਤਰ ਵਿਚ ਰਖਵਾ ਲਿਆ। ਮੈਂ ਅੰਦਰ ਬੈਠ ਗਿਆ।

ਥੋੜ੍ਹੇ ਚਿਰ ਪਿਛੋਂ ਇਕ ਅੱਧਖੜ ਸਰਦਾਰ ਨੇ ਮੈਨੂੰ ਪਿਆਰ ਦਿਤਾ ਤੇ ਚਾਚੀ ਜੀ ਵਲੋਂ ਪੁੱਛ-ਗਿੱਛ ਕੇ ਆਪਣੇ ਘਰ ਲੈ ਗਿਆ। ਇਸ ਕਾਰਖਾਨੇ ਦੀ ਜਗ੍ਹਾ ਵੀ ਕਲਕੱਤੇ ਵਰਗੀ ਸੀ। ਸਭ ਕੁਝ ਵਲਗਣ ਵਿਚ। ਇਹੋ ਕਰਮ ਸਿੰਘ ਠੇਕੇਦਾਰ ਸੀ। ਘਰੋਂ ਉਸ ਦੀ ਵਹੁਟੀ ਨੇ ਮੈਨੂੰ ਪਿਆਰ ਦਿੱਤਾ, ਮੈਂ ਮੱਥਾ ਟੇਕਿਆ। (ਚਾਚਾ ਜੀ ਨੇ ਮੈਨੂੰ ਉਹਨਾਂ ਬਾਰੇ ਬੜਾ ਕੁਝ ਸਮਝਾਇਆ ਹੋਇਆ ਸੀ। ਉਹ ਔਰਤ ਮੈਨੂੰ ਬੜੀ ਹੀ ਸੁਲੱਖਣੀ ਤੇ ਮੁਦੱਬਰ ਜਾਪੀ। ਇਹ ਮੇਰਾ ਉਦੋਂ ਦਾ ਨਾ ਜਾਣਿਆਂ ਅਹਿਸਾਸ ਸੀ। ਰੋਟੀ ਖਾਧੀ। ਮੁੜਕੇ ਵਰਕਸ਼ਾਪ ਆ ਗਿਆ। ਘਰੋਂ ਇਕ ਮੰਜੀ ਘੱਲੀ ਗਈ। ਦਫ਼ਤਰ ਵਿਚ ਇਕ ਪਾਸੇ ਮੇਰਾ ਸਾਮਾਨ। ਰਾਤ ਸੌਂ ਰਿਹਾ। ਕੋਈ ਤਰਖਾਣ ਮੇਰੇ ਨਾਲ ਗੱਲਬਾਤ ਨਹੀਂ ਸੀ ਕਰਦਾ। ਕਰਮ ਸਿੰਘ ਹੋਰਾਂ ਦਾ ਨਿੱਕਾ ਭਰਾ ਸੀ। ਬੜੀ ਭੱਦੀ ਸ਼ਕਲ ਦਾ। ਮਨੂਸਿਆ ਹੋਇਆ, ਚਾਲੋਂ ਮਕਾਰ, ਬੋਲ ਚਾਲ ਹੰਕਾਰੀ। ਬੇ-ਰਹਿਮ ਤੇ ਸ਼ੱਕੀ ਨਜ਼ਰਾਂ।

ਦੂਜੇ ਦਿਨ ਮੈਨੂੰ ਉਸਨੇ ਇਕ ਕੁਰਸੀ ਬਣਾਉਣ ਲਈ ਦਿੱਤੀ। ਤਰਕਾਲਾਂ ਤੱਕ ਮੈਂ ਬਣਾ ਦਿੱਤੀ। ਰੋਟੀ ਘਰੋਂ ਖਾ ਆਉਂਦਾ। ਰਾਤ ਫਿਰ ਸੌਂ ਰਿਹਾ। ਘਰ ਦੀਆਂ ਟੱਟੀਆਂ ਵਿਚ ਤੇ ਗੁਸਲਖਾਨੇ ਵਿਚ ਮੈਨੂੰ ਦੱਸਿਆ ਗਿਆ ਕਿ ਏਥੇ ਨਹਾ ਧੋ ਲਿਆ ਕਰ। ਉਸ ਦਿਨ ਵੀ ਮੈਨੂੰ ਨਾ ਕਰਮ ਸਿੰਘ ਹੋਰਾਂ ਦੇ ਭਰਾ ਨੇ ਕੁਝ ਕਿਹਾ ਅਤੇ ਨਾ ਹੀ ਤਰਖਾਣ ਨੇ ਕੋਈ ਮੇਰੇ ਨਾਲ ਹਿੱਤ ਜਤਾਇਆ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਹੜਾ ਨਿੱਕੀ ਦਾੜ੍ਹੀ ਵਾਲਾ ਗਭਰੂ ਕਾਲਜੋਂ ਆ ਕੇ ਦਫ਼ਤਰ ਦਾ ਕੰਮ ਕਰਦਾ ਸੀ। ਉਹ ਕਰਮ ਸਿੰਘ ਹੋਰਾਂ ਦਾ ਭਤੀਜਾ ਸੀ। ਉਸ ਵਹਿਮੀ ਕਿਸਮ ਦੇ ਬੰਦੇ ਦਾ ਪੁੱਤਰ। ਉਸ ਦੀ ਰਿਹਾਇਸ਼ ਵੀ ਵਿਚ ਸੀ ਪਰ ਨਾ ਮੈਂ ਉਸਦਾ ਘਰ ਵੇਖਿਆ ਨਾ ਉਸਦੀ ਵਹੁਟੀ ਨਾ ਕੋਈ ਹੋਰ।

ਤੀਜੇ ਦਿਨ ਜਦ ਮੈਂ ਕੰਮ ਕਰਨ ਲੱਗਾ ਤਾਂ ਇਕ ਤਾਇਆ ਜੀ ਦੇ ਨੌਕਰ ਨੇ ਮੈਨੂੰ ਕਿਹਾ—ਚਲੋ ਘਰ ਮਾਲਕਣ ਬੁਲਾਤੀ ਹੈ। ਮੈਂ ਚਲਿਆ ਗਿਆ। ਤਾਈ ਨੇ ਬੜੇ ਮਿੱਠੇ ਮੋਹ ਨਾਲ ਮੈਨੂੰ ਕਿਹਾ—ਚਲੋ ਪਹਿਲਾਂ ਜਾ ਕੇ ਆਪਣੇ ਔਜਾਰ ਸਾਂਭ ਆਉ। ਜਾਉ ਮੇਰੇ ਬੀਬੇ ਪੁੱਤਰ।...ਮੈਂ ਔਜਾਰਾਂ ਦੀ ਪੇਟੀ ਸਾਂਭ ਕੇ ਦਫ਼ਤਰ ਵਿਚ ਰੱਖ ਆਇਆ। ਉਹਨਾਂ ਦੇ ਘਰ ਲੰਮਾਂ ਸਾਰਾ ਕਮਰਾ ਸੀ। ਪਿੱਛੇ ਕਰਕੇ ਸੌਣ ਵਾਲੀ ਰਸੋਈ।

ਤਾਈ ਮੈਨੂੰ ਰਸੋਈ ਵਿਚੋਂ ਉਠਾ ਕੇ ਕਮਰੇ ਵਿਚ ਲੈ ਗਈ। ਕਾਗਜ਼, ਪੈਂਨਸਲ ਦਿੱਤੇ ਤੇ ਕਿਹਾ ਲਿਖ। ਮੈਂ ਲਿਖਣ ਲੱਗ ਪਿਆ। ਤਾਈ ਜੀ ਨੇ ਮੈਨੂੰ ਘਰ ਦਾ ਸਾਮਾਨ ਸਬਜ਼ੀ ਤੇ ਹੋਰ ਕੁਝ ਚੀਜ਼ਾਂ ਲਿਖਵਾਈਆਂ। ਪੰਜ ਨੋਟ ਪੰਜਾਂ ਪੰਜਾਂ ਰੁਪਿਆਂ ਦੇ ਦਿੱਤੇ।—ਜਾ ਜਸਵੰਤ ਪੁੱਤ ਸਾਡੇ ਲਾਗੇ ਬਜ਼ਾਰ ਲੱਗਾ ਹੋਇਆ ਹੈ ਉਥੋਂ ਸਾਮਾਨ ਲੈ ਆ। ਉਹਨਾਂ ਦੇ ਘਰ ਵਿਚ ਇਕ ਨੌਂਕਰ ਤੇ ਮੁਟਿਆਰ ਨੌਂਕਰਾਣੀ ਸੀ। ਨੌਂਕਰ ਮੈਨੂੰ ਬਾਜ਼ਾਰ ਵਿਚ ਛੱਡ ਕੇ ਆ ਗਿਆ। ਇਹੋ ਜਿਹਾ ਕੰਮ ਤੁਮਸਰ ਰੋਡ ਵੀ ਕਰਦਾ ਹੁੰਦਾ ਸਾਂ। ਬਾਜ਼ਾਰ ਵਿਚ ਖੂਬਸੂਰਤ ਮੁਟਿਆਰਾਂ ਟੋਕਰੀ ਲਈ ਫਿਰਦਿਆਂ ਵੇਖੀਆਂ ਸਨ। ਚਾਰ ਪੰਜ ਮੇਰੇ ਦੁਆਲੇ ਹੋ ਗਈਆਂ--ਹਮ ਕੋ ਲੋਅ ਬਾਬੂ ਸਮਾਨ ਉਠਾਏਗਾ।... ਮੈਂ ਉਹਨਾਂ ਚੋਂ ਇਕ ਨੂੰ ਨਾਲ ਲਿਆ। ਸਬਜ਼ੀਆਂ ਖਰੀਦੀਆਂ ਉਸਦੀ ਟੋਕਰੀ ਵਿਚ ਪਾਈ ਗਿਆ। ਟੋਕਰੀ ਭਰ ਗਈ ਉਸਨੇ ਆਪਣੀ ਨਾਲ ਦੀ ਨੂੰ ਸੱਦ ਲਿਆ। ਜੋ ਜੋ ਸਾਮਾਨ ਉਹਨਾਂ ਕਿਹਾ ਸੀ ਇਹਨਾਂ ਦੋਹਾਂ ਜਣੀਆਂ ਨੂੰ ਚੁਕਵਾ ਕੇ ਘਰ ਲੈ ਆਇਆ। ਤਾਈ ਜੀ ਵੇਖ ਕੇ ਖੁਸ਼ ਹੋਏ ਉਹਨਾਂ ਦੀਆਂ ਅੱਖੀਆਂ ਵਿਚ ਇਕ ਚਾਅ ਫਿਰਦਾ ਮੈਨੂੰ ਜਾਪਿਆ। ਸੱਤ ਕੁ ਰੁਪਏ ਬਚੇ ਸੀ ਕਿਹਾ—ਤਾਈ ਜੀ ਇਹ ਪੈਸੇ ਬਚੇ ਸਨ। ਉਹਨਾਂ ਮੇਰਾ ਮੱਥਾ ਚੁੰਮ ਕੇ ਆਖਿਆ--ਤੂੰ ਰੱਖ ਲੈ ਕੋਲ।

ਰਾਤ ਲਈ ਨੌਕਰ ਨੇ ਦੋ ਮੁਰਗੇ ਬਣਾਏ। ਤਾਈ ਜੀ ਨਾਲ ਰਲ ਕੇ ਨੌਂਕਰਾਣੀ ਨੇ ਹੋਰ ਚੀਜ਼ਾਂ ਬਣਾਈਆਂ।

ਰਾਤ ਨੂੰ ਉਹਨਾਂ ਦੇ ਲੰਮੇ ਕਮਰੇ ਵਿਚ ਇਕ ਸਿੱਖ ਤੇ ਦੋ ਹੋਰ ਬੰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਏ । ਉਹਨਾਂ ਨਾਲ ਕੰਮ ਦੇ ਵਾਸਤੇ ਵਾਲੇ ਜਾਪੇ ਸੀ । ਲੰਮੇ ਮੇਜ਼, ਦੋ ਮੰਜੀਆਂ ਵਿਚਕਾਰ ਰੱਖਕੇ ਬਹਿ ਗਏ । ਤਾਇਆ ਜੀ ਨੇ ਆਖਿਆ, ਜਸਵੰਤ ਉਸ ਅਲਮਾਰੀ ਵਿਚੋਂ ਬੋਤਲ ਤੇ ਗਲਾਸ ਕੱਢ ਕੇ ਮੇਜ਼ ਉਤੇ ਰੱਖ ਹੋਰ ਸਮਾਨ ਆਪਣੀ ਤਾਈ ਜੀ ਕੋਲੋਂ ਲਿਆ ਕੇ ਉਹ ਵੀ ਰੱਖ ਦੇ । ਮੈਂ ਅਲਮਾਰੀ ਖੋਲ੍ਹੀ ਸ਼ਰਾਬ ਪੀਣ ਦਾ ਸਾਰਾ ਸਾਮਾਨ ਰੱਖ ਦਿੱਤਾ । ਬਾਕੀ ਮੀਟ ਅਤੇ ਹੋਰ ਫਰੂਟ ਵਗੈਰਾ ਰੱਖ ਦਿੱਤਾ । ਉਸ ਵਕਤ ਉਹ ਤਿੰਨ ਆਏ ਮਹਿਮਾਨ ਮੇਰੇ ਵਲ ਕਦੇ ਕਦੇ ਵੇਖਦੇ, ਇਹ ਕਝ ਸਾਨੂੰ ਕਲਕੱਤੇ ਤੋਂ ਸਿਖਾਇਆ ਜਾ ਰਿਹਾ ਸੀ । ਵੱਡੇ ਚਾਚਾ ਜੀ ਕਰੜਾਈ ਨਾਲ ਸਿਖਾਉਂਦੇ ਸਨ ।

ਰੋਟੀ ਅੱਧ ਵਿਚ ਪਹੁੰਚੀ ਹੋਵੇਗੀ ਕਿ ਉਸ ਸਿੱਖ ਨੇ ਪੁੱਛਿਆ--ਕਰਮ ਸਿੰਘ ਇਹ ਕਾਕਾ ਕੌਣ ਹੈ ?...ਤਾਇਆ ਜੀ ਨੇ ਆਖਿਆ--ਸਾਡਾ ਹੀ ਪੁੱਤਰ ਸਮਝੋ, ਸ: ਭਗਵਾਨ ਸਿੰਘ ਤੁਮਸਰ ਰੋਡ ਵਾਲਿਆਂ ਦਾ ਸਕਾ ਭਤੀਜਾ ਹੈ । ਪਿਉ ਗੁਜ਼ਰ ਗਿਆ ਹੋਇਆ ਹੈ ।...ਉਸਨੇ ਖੁਸ਼ ਹੋ ਕੇ ਆਖਿਆ--ਬੜਾ ਸਿਆਣਾ ਮੁੰਡਾ ਹੈ । ਮੈਂ ਇਸ ਬਾਰੇ ਸੋਚ ਰਿਹਾ ਸਾਂ ਕਿਸੇ ਚੰਗੇ ਘਰ ਦਾ ਮੁੰਡਾ ਹੈ ।...ਕੁਝ ਹੋਰ ਗੱਲਾਂ ਵੀ ਉਹਨਾਂ ਕੀਤੀਆਂ । ਖਾਣਾ ਖ਼ਤਮ ਹੋ ਗਿਆ । ਕੰਮ ਦੀਆਂ ਗੱਲਾਂ ਕਰਕੇ ਤਾਇਆ ਜੀ ਨਾਲ ਉਹ ਬਾਹਰ ਨੂੰ ਚਲੇ ਗਏ । ਤਾਇਆ ਜੀ ਦੇ ਘਰ ਕੋਈ ਔਲਾਦ ਨਹੀਂ ਸੀ ਹੋਈ । ਇਕ ਦੋ ਵਾਰੀ ਬੱਚਾ ਜਾਇਆ ਹੋ ਗਿਆ ਸੀ । ਮੁੜ ਕੇ ਉਹਨਾਂ ਕਿਸਮਤ ਨੂੰ ਮੰਨ ਕੇ ਕੋਈ ਉਪਰਾਲਾ ਨਹੀਂ ਸੀ ਕੀਤਾ । ਛੋਟੇ ਭਰਾ ਦੇ ਪੁੱਤਰ ਨੂੰ ਪੜ੍ਹਾਉਂਦੇ ਸਨ ਤੇ ਉਹ ਦਫ਼ਤਰ ਵਿਚ ਕੰਮ ਕਰਦਾ ਸੀ ।

ਮੈਨੂੰ ਉਹਨਾਂ ਦੋਹਾਂ ਜੀਆਂ ਨੇ ਕੰਮ ਕਰਨ ਨਹੀਂ ਦਿੱਤਾ, ਘਰ ਦਾ ਕੰਮ । ਰੋਜ਼ ਰੋਜ਼ ਤਾਇਆ ਜੀ ਨੇ ਮੈਨੂੰ ਬਾਹਰ ਨਾਲ ਲੈ ਜਾਣਾ । ਬੈਂਕ ਵਿਚ ਚੈੱਕ ਜਮ੍ਹਾਂ ਕਰਾਉਣ ਭੇਜ ਦੇਣਾ । ਕਦੀ ਬੈਂਕ ਵਿਚੋਂ ਪੈਸੇ ਕਢਾ ਕੇ ਵਿਚੋਂ ਮੈਨੂੰ ਦੋ ਤਿੰਨ ਹਜ਼ਾਰ ਦੇਣੇ ਤਾਈ ਜੀ ਨੂੰ ਦੇਣ ਲਈ । ਆਪ ਕਿਤੇ ਹੋਰ ਕੰਮ ਵਲ ਚਲੇ ਜਾਣਾ । ਉਹ ਦਿਨ ਅਜੀਬ ਸਨ । ਇਕ ਰਾਤ ਮੈਂ ਸੋਚਿਆ ਮੇਰੀ ਭਾਬੀ ਤਾਈ ਵਰਗੀ ਕਿਉਂ ਨਹੀਂ । ਜੇ ਮੇਰਾ ਪਿਓ ਹੁੰਦਾ ਜ਼ਰੂਰ ਉਸਨੇ ਤਾਏ ਵਰਗਾ ਹੋਣਾ ਸੀ । ਅਜੇ ਤਕ ਮੇਰੇ ਅੰਦਰ ਤਾਈ ਜੀ ਦਾ ਮੋਹ ਭੁਲਿਆ ਵਿਸਰਿਆ ਯਾਦ ਆ ਜਾਂਦਾ ਹੈ ।

ਇਕ ਦਿਨ ਜਦ ਮੈਂ ਘਰ ਗਿਆ, ਤਾਈ ਜੀ ਤਾਇਆ ਜੀ ਨੂੰ ਕਹਿ ਰਹੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੀ--ਜਸਵੰਤ ਨੂੰ ਮਾਸਟਰ ਰੱਖ ਕੇ ਹੋਰ ਪੜ੍ਹਾ ਦਈਏ ਸਿਆਣਾ ਤੇ ਬੀਬਾ ਮੁੰਡਾ ਹੈ। ਮੈਨੂੰ ਆਪਣਾ ਪੁੱਤਰ ਜਾਪਦਾ ਹੈ। ਮੇਰੇ ਜਾਣ ਕਰਕੇ ਉਹ ਚੁੱਪ ਕਰ ਗਏ। ਇਹ ਸਾਰੇ ਮੇਰੇ ਉਥੇ ਅੱਠ ਦਸ ਦਿਨ ਸਨ। ਮੇਰੇ ਕੋਲ ਚਾਲੀ ਪੰਜਾਹ ਰੁਪਏ ਹੋ ਗਏ ਸਨ। ਉਹ ਮੈਂ ਆਪਣੇ ਸੂਟਕੇਸ ਵਿਚ ਰੱਖ ਦਿੱਤੇ ਸਨ। ਇਹਨਾਂ ਦਿਨਾਂ ਵਿਚ ਮੇਰਾ ਵਾਸਤਾ ਤਰਖਾਣ ਨਾਲੋਂ ਟੁੱਟ ਕੇ ਦੂਜਿਆਂ ਕੰਮਾਂ ਵਿਚ ਗੱਡਿਆ ਗਿਆ ਸੀ। ਕਈ ਪਰਚੀਆਂ ਤੇ ਬਿੱਲ ਮੈਂ ਦਫ਼ਤਰ ਵਿਚ ਉਹਨਾਂ ਦੇ ਭਤੀਜੇ ਨੂੰ ਦਿੰਦਾ ਰਹਿੰਦਾ ਸਾਂ। ਪਰ ਮੇਰੇ ਅੰਦਰ ਕੋਈ ਹੋਰ ਸੁਪਨਾ ਨਹੀਂ ਸੀ ਬਣ ਰਿਹਾ ਸਿਵਾਏ ਇਸਦੇ ਕਿ ਇਹ ਮੈਨੂੰ ਆਪਣਾ ਸਮਝਦੇ ਹਨ। ਤਾਇਆ ਜੀ ਤੇ ਵੱਡੇ ਚਾਚਾ ਜੀ ਦਿਲੀ ਯਾਰ ਸਨ। ਜਦ ਨਾਗਪੁਰ ਆਉਂਦੇ ਇਹਨਾਂ ਦੇ ਘਰ ਰਹਿੰਦੇ ਪੀਂਦੇ ਖਾਂਦੇ ਰਾਤ ਨੂੰ ਗਾਣੇ ਸੁਨਣ ਲਈ ਖ਼ਾਸ ਥਾਵਾਂ ਤੇ ਜਾਂਦੇ। ਇਹ ਗੱਲਾਂ ਮੈਨੂੰ ਤਾਈ ਜੀ ਇੰਜ ਸਮਝਾਉਂਦੇ ਜੀਕਰ ਮੈਂ ਬਿਲਕੁਲ ਉਹਨਾਂ ਦਾ ਪੁੱਤਰ ਹੋਵਾਂ। ਇਕ ਰਾਤ ਮੈਂ ਵਰਕਸ਼ਾਪ ਮੰਜੀ ਉਤੇ ਸੌਣ ਲਈ ਲੰਮਾ ਪਿਆ ਸਾਂ ਕਿ ਉਹ ਤਾਇਆ ਜੀ ਦਾ ਮਨਹੂਸ ਭਰਾ ਮੇਰੀ ਮੰਜੀ ਉਤੇ ਆ ਕੇ ਬੈਠ ਗਿਆ। ਮੇਰੇ ਨਾਲ ਕੋਈ ਗੱਲ ਬਾਤ ਨਹੀਂ ਕੀਤੀ। ਮੈਨੂੰ ਗ਼ਲਤ ਛੇੜਨ ਲੱਗ ਪਿਆ। ਮੈਂ ਗੁੱਸੇ ਵਿਚ ਮੰਜੀ ਉਤੋਂ ਉਠ ਖਲੋਤਾ ਉਸਨੂੰ ਦੋ ਤਿੰਨ ਗਾਲ੍ਹਾਂ ਵੀ ਕੱਢ ਦਿੱਤੀਆਂ। ਉਹ ਚਲਿਆ ਗਿਆ। ਮੈਨੂੰ ਨੀਂਦ ਨਹੀਂ ਸੀ ਆ ਰਹੀ। ਉਹ ਫਿਰ ਆਇਆ—ਤੂੰ ਜਾਗਦੈਂ ਉਏ ?...ਮੈਂ ਉਠ ਕੇ ਬੈਠ ਗਿਆ। ਉਹ ਮੰਜੀ ਉਤੇ ਬੈਠ ਕੇ ਹੌਲੀ ਨਾਲ ਕਹਿਣ ਲੱਗਾ—ਜੇ ਜਾਨ ਚਾਹੁੰਦਾ ਹੈਂ ਤਾਂ ਸਵੇਰੇ ਹੀ ਇਥੋਂ ਨਿਕਲ ਜਾ ਪੰਜਾਬ ਤਾਈਂ। ਜੇ ਨਾ ਗਿਆ ਮੈਂ ਤੇਰੇ ਟੋਟੇ ਕਰਵਾ ਦਿਆਂਗਾ। ਮੇਰਾ ਕੁਝ ਨਹੀਂ ਜਾਣਾ ਤੇਰੀ ਮਾਂ ਭੈਣ ਭਰਾ ਰੋਣਗੇ। ਸਵੇਰੇ ਤੜਕੇ ਦਫਾ ਹੋ ਜਾ।

ਮੈਂ ਕੰਬ ਗਿਆ, ਮੰਜੀ ਉਤੇ ਬੈਠਾ ਰਿਹਾ। ਮੂੰਹ ਹਨੇਰੇ ਆਪਣਾ ਸਮਾਨ ਚੁਕਿਆ ਤੇ ਸਟੇਸ਼ਨ ਉਤੇ ਆ ਗਿਆ। ਗੱਡੀ ਜਲਦੀ ਆ ਗਈ। ਨਾਗਪੁਰ ਤੋਂ ਅਟਾਰਸੀ ਤੇ ਉਥੋਂ ਅੰਮ੍ਰਿਤਸਰ ਤੇ ਉਥੋਂ ਡੇਰੇ।

ਭਾਬੀ ਕੁਝ ਠੀਕ ਹੀ ਪੇਸ਼ ਆਈ। ਭੈਣ ਭਰਾ ਨੇ ਮੈਨੂੰ ਬੜੀਆਂ ਜੱਫੀਆਂ ਪਾਈਆਂ। ਮੇਰੀ ਭੈਣ ਬੜੀ ਸੁਹਣੀ ਤੇ ਭੋਲੀ ਜਿਹੀ ਸੀ। ਮੈਨੂੰ ਭਾਈਆ ਕਹਿੰਦੀ ਸੀ।

ਮਹੀਨਾ ਮੈਨੂੰ ਡੇਰੇ ਅਪੜਿਆਂ ਨੂੰ ਹੋਇਆ ਸੀ ਕਿ ਵੱਡੇ ਚਾਚੀ ਜੀ ਤੇ ਚਾਚਾ ਜੀ ਡੇਰੇ ਆਏ। ਸਾਡੇ ਕਮਰੇ ਨਾਲ ਹੀ ਉਹਨਾਂ ਦਾ ਕਮਰਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅੱਗੇ ਉਹਨਾਂ ਕੋਠੜੀ ਇਕ ਹੋਰ ਬਣਾ ਲਈ ਹੋਈ ਸੀ । ਮੇਰੀ ਭਾਬੀ ਤੇ ਚਾਚਾ ਜੀ ਨਹੀਂ ਬੋਲੇ, ਦਰਾਣੀ ਜਠਾਣੀ ਮਿਲੀਆਂ ।

ਚਾਚਾ ਜੀ ਨੇ ਰਾਤ ਨੂੰ ਮੈਨੂੰ ਆਪਣੇ ਕਮਰੇ ਵਿਚ ਸੱਦਿਆ ਗੁੱਸੇ ਨਾਲ ਕਹਿਣ ਲੱਗੇ—ਤੂੰ ਚੋਰੀ ਕਿਉਂ ਨੱਠ ਕੇ ਆਇਆ ਉੱਲੂ ਦਿਆ ਪੱਠਿਆ ਬਦ-ਕਿਸਮਤਾ ।...ਮੈਂ ਡਰ ਗਿਆ ਤੇ ਸਾਰੀ ਗੱਲ ਸੁਣਾ ਦਿੱਤੀ । ਉਹਨਾਂ ਨੂੰ ਬਹੁਤ ਸਖ਼ਤ ਗੁੱਸਾ ਆਇਆ—ਤੂੰ ਉਸ ਕੁੱਤੇ ਦੇ ਸਿਰ ਵਿਚ ਲਕੜੀ ਮਾਰ ਕੇ ਸਿਰ ਪਾੜ ਦੇਣਾ ਸੀ ਮੈਂ ਆਪੇ ਸਾਂਭ ਲੈਂਦਾ । ਉਹ ਦੋਵੇਂ ਨੱਠੇ ਮੇਰੇ ਕੋਲ ਗਏ । ਮੈਂ ਉਹਨਾਂ ਨੂੰ ਹੌਂਸਲਾ ਦਿੱਤਾ—ਉਹ ਪੰਜਾਬ ਚਲਿਆ ਗਿਆ ਹੋਣਾਂ ਏਂ ਸਿਆਣਾ ਹੈ ਬੱਚਾ ਨਹੀਂ । ਭਰਜਾਈ ਵਿਚਾਰੀ ਰੋਂਦੀ ਸੀ—ਭਗਵਾਨ ਸਿੰਘ ਰੱਬ ਨੇ ਸਾਡੇ ਨਾ ਰਹਿਣ ਦਿਤੇ ਕਿਸੇ ਨੇ ਕੀ ਬਣਨਾ ਸੀ । ਮੈਂ ਕਹਿੰਦੀ ਆਂ ਤੱਤਿਆ ਮਿਲ ਕੇ ਤੇ ਜਾਂਦੋਂ ।...ਮੈਂ ਸਭ ਸੁਣ ਕੇ ਘਰ ਆ ਗਿਆ, ਉਦਾਸ !

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕੁਝ ਚਿਰ ਡੇਰੇ

ਦਰਬਾਰ ਸਾਹਿਬ ਦੇ ਬਾਹਰਲੇ ਹਾਤੇ ਵਿਚ ਚਾਚੇ ਗਿਆਨ ਸਿੰਘ ਨੇ ਹੱਟੀ ਪਾ ਲਈ ਸੀ । ਵਾਣ, ਪਾਵੇ, ਹੀਆਂ, ਸੇਰੂ ਹੋਰ ਘਰ ਦੀਆਂ ਵਰਤੋਂ ਦਾ ਸ਼ਾਮਾਨ । ਆਪਣੀਆਂ ਦੁਕਾਨਾਂ ਤਾਂ ਬਾਬਾ ਜੀ ਵੇਚ ਵੱਟ ਕੇ ਟਾਲੀ ਸਾਹਿਬ ਆਉਂਦੇ ਜਾਂਦੇ ਸੰਤਾਂ ਨੂੰ ਖਵਾ ਛੱਡੀਆਂ ਸਨ । ਮਾਂ ਜੀ ਅਜੇ ਵੀ ਨੇਮ ਨਾਲ ਟਾਲੀ ਸਾਹਿਬ ਜਾਂਦੇ ਸਨ । ਦੋ ਚਾਰ ਘੰਟੇ ਘਰ ਆਉਂਦੇ ਜਾਂ ਸ਼ਾਮ ਨੂੰ ਘਰ ਆ ਕੇ ਰਾਤ ਰਹਿੰਦੇ । ਜਿਹੜਾ ਫਲ ਟਾਲੀ ਸਾਹਿਬ ਤੋਂ ਲਿਆਉਂਦੇ ਸਾਰਿਆਂ ਨੂੰ ਵੰਡਦੇ । ਜਿਹੜਾ ਜਾਇਦਾਦ ਵਲੋਂ ਮੱਝ ਵਾਲਾ ਘਰ ਮਾਂ ਦੇ ਵੰਡੇ ਆਇਆ ਸੀ ਉਹ ਚਾਚਾ ਜੀ ਨੇ ਵੇਚ ਲਿਆ ਸੀ । ਪੁਰਾਣਾ ਘਰ ਵੀ ਚਾਚੇ ਕੋਲ ਸੀ । ਉਸ ਉਤੇ ਦੂਜੀ ਛੱਤ ਉਸਨੇ ਪਾ ਲਈ ਸੀ । ਹੋਰ ਜੋ ਗਹਿਣਾ ਗੱਟਾ ਮਾਂ ਜੀ ਕੋਲ ਸੀ, ਉਹ ਵੀ ਚਾਚੇ ਕੋਲ ਹੀ ਸੀ । ਮੈਂ ਸ਼ਹਿਰ ਵਿਚ ਜਿਥੇ ਕੰਮ ਲੱਭਦਾ ਚਲਾ ਜਾਂਦਾ । ਇਕ ਆਨਾ ਰੋਜ਼ ਮਿਲਦਾ ਅਤੇ ਇਕ ਆਨਾ ਸ਼ਾਮ ਨੂੰ ਦੁੱਧ ਪੀਣ ਲਈ । ਇਕ ਆਨੇ ਦਾ ਅੱਧਾ ਸੇਰ ਕੜਿਆ ਹੋਇਆ ਮਲਾਈ ਪਾ ਕੇ ਦੁੱਧ ਹਲਵਾਈ ਤੋਂ ਪੀ ਲੈਂਦਾ।

ਟਾਲੀ ਸਾਹਿਬ ਅਸੀਂ ਸਾਰੇ ਕਦੇ ਕਦੇ ਮਰਜ਼ੀ ਨਾਲ ਜਾਂਦੇ । ਜਿਹੜਾ ਪਰਿਵਾਰ ਦਾ ਬਾਹਰੋਂ ਆਉਂਦਾ ਜਾਂ ਬਾਹਰ ਜਾਂਦਾ ਸਵਾ ਰੁਪਏ ਦੀ ਸ਼ਰਦਾਈ ਚੜ੍ਹਾਵਾ ਚੜ੍ਹਾ ਕੇ ਜਾਂਦੇ । ਸਾਡੇ ਘਰ ਦੇ ਮਾੜੇ ਮੋਟੇ ਝਗੜੇ ਵੀ ਸਭ ਟਾਲੀ ਸਾਹਿਬ ਵਾਲੇ ਨਿਬੇੜ ਦਿੰਦੇ । ਸਾਡੇ ਖਾਸ ਰਸਮੋਂ ਰਿਵਾਜ ਅਜੇ ਤੱਕ ਟਾਲੀ ਸਾਹਿਬ ਹੀ ਹੁੰਦੇ ਹਨ । ਏਥੇ ਸੁਖਣਾ ਸੁੱਖਦੇ ਹਨ ਅਤੇ ਪੈਸੇ ਬਚਾ ਕੇ ਏਥੇ ਹੀ ਚਾੜ੍ਹਦੇ ਹਨ । ਮੇਰੇ ਜਿਹੇ ਨਾਸਤਕ ਰਾਹੀਂ ਵੀ । ਸੰਤ ਮਾਂ ਜੀ ਨੂੰ ਲਮਕਾ ਕੇ ਮਾਂ ਕਹਿੰਦੇ । ਸ਼ਹਿਰ ਦੇ ਸਭਿਆਚਾਰ ਨਾਲ ਮੇਰਾ ਕੋਈ ਵਾਸਤਾ ਨਹੀਂ ਸੀ ਪਿਆ । ਆਮ ਖ਼ਿਆਲ ਮੇਰਾ ਇਹ ਸੀ, ਵਾਹਿਗੁਰੂ ਨੇ ਵੱਡਿਆਂ ਨੂੰ ਵੱਡਿਆਂ ਬਣਾਇਆ ਹੈ । ਇਸ ਲਈ ਸਾਨੂੰ ਨਿਉ ਕੇ ਮਿਲਣਾ ਚਾਹੀਦਾ ਹੈ ਇੱਜ਼ਤ ਤੇ ਆਦਰ ਦੇਣਾ ਚਾਹੀਦਾ ਹੈ ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਸਾਡੇ ਘਰ ਗੁੜ, ਕਣਕ, ਝੋਨਾ ਬੋਰੀਆਂ ਵਿਚ ਪਿਆ ਰਹਿੰਦਾ। ਨਾਨਕੇ ਵਾਲੀ ਗਹਿਣੇ ਦੀ ਜ਼ਮੀਨ ਮੈਥੋਂ ਸਾਲ ਨਿੱਕਾ ਮਾਮਾ ਘੁਮਿਆਰਾਂ ਦੇ ਖੋਤੇ ਉੱਤੇ ਲੱਦ ਕੇ ਛੱਡ ਜਾਂਦਾ। ਉਹ ਵਾਹੀ ਕਰਦਾ ਸੀ। ਭਾਬੀ ਮਸ਼ੀਨ ਚਲਾ ਲੈਂਦੀ। ਦੋ ਆਨੇ ਕਛਹਿਰਾ ਚਾਰ ਆਨੇ ਪਜਾਮਾ ਤੇ ਚਾਰ ਆਨੇ ਕੁੜਤਾ, ਚਾਰ ਆਨੇ ਚੂੜੀਦਾਰ ਪਜਾਮਾ। ਜੇ ਕਿਸੇ ਦਿਨ ਉਹ ਬਾਰਾਂ ਆਨਿਆਂ ਦਾ ਕੰਮ ਕਰ ਲੈਂਦੀ ਤਾਂ ਅਸੀਂ ਖੀਰ ਰਿਨਦੇ ਜਾਂ ਮਹਾਂ-ਪ੍ਰਸ਼ਾਦ ਬਣਾਉਂਦੇ। ਜਿਹੜਾ ਰੂੰ ਛੇ ਆਨੇ ਸੇਰ ਮਿਲਦਾ ਸੀ। ਭਾਬੀ ਬੜਾ ਬਰੀਕ ਕੱਤਦੀ ਸੀ। ਚਤੱਈਆਂ, ਖੇਸ, ਚਾਦਰਾਂ, ਰੇਜੇ ਉਣਾ ਲੈਂਦੀ। ਭੈਣ ਭਰਾ ਪੜ੍ਹ ਰਹੇ ਸਨ। ਮੈਥੋਂ ਚਾਰ ਸਾਲ ਨਿੱਕੇ ਭਰਾ ਨਾਲ ਉਸਦਾ ਖ਼ਾਸ ਪਿਆਰ ਸੀ। ਉਹ ਮੁੰਡਾ ਬੜਾ ਚੁਸਤ ਤੇ ਹੁਸ਼ਿਆਰ ਨਿਕਲਿਆ ਸੀ। ਭਾਬੀ ਦਾ ਵਫਾਦਾਰ। ਚਾਚਿਆਂ ਦੇ ਖਿਲਾਫ ਗੱਲਾਂ ਉਹ ਵੀ ਕਰਦਾ।

ਮੈਂ ਰਾਤ ਨੂੰ ਹਰੀ ਕੈਨ ਦੀ ਲੋਅ ਨਾਲ ਉੱਚੀ-ਉੱਚੀ ਅੜਿੰਗ-ਅੜਿੰਗ ਕੇ ਗਿਆਨੀ ਕਰਤਾਰ ਸਿੰਘ ਕਲਾਸ ਵਾਲੀਏ ਦਾ ਸ਼ਾਹ ਬਹਿਰਾਮ ਪੜ੍ਹਦਾ। ਦੁਪਹਿਰਾਂ ਨੂੰ ਮੈਂ ਵਿਹਲ ਵੇਲੇ ਜਿਸ ਪਿੱਪਲ ਥੱਲੇ ਮੁਸਲਮਾਨ ਫਰਦਾਂ ਕੱਢਦੇ ਰਹਿੰਦੇ ਉਹਨਾਂ ਕੋਲ ਯੂਸਫ ਜ਼ੁਲੇਖਾਂ ਸੁਣਦਾ। ਉਹ ਮੈਨੂੰ ਬੜਾ ਚੰਗਾ ਲੱਗਦਾ। ਨਿੱਕੇ ਭਰਾ ਰਾਏ ਸਿੰਘ ਦੀਆਂ ਪੰਜਵੀਂ ਦੀਆਂ ਪੁਸਤਕਾਂ ਵੀ ਪੜ੍ਹਦਾ। ਹੋਰ ਕਈ ਕਿੱਸੇ ਪੜ੍ਹਦਾ। ਰਾਤ ਨੂੰ ਭਾਬੀ ਕੋਲੋਂ ਬਾਤਾਂ ਸੁਣਦਾ। ਘਰ ਦੀਆਂ, ਨਾਨਕਿਆਂ ਦੀਆਂ, ਲਾਹੌਰ ਦੀਆਂ। ਭਾਬੀ ਦੇ ਗੱਲ ਗੱਲ ਉੱਤੇ ਮੁਹਾਵਰੇ ਤੇ ਅਖਾਣ ਮੈਨੂੰ ਯਾਦ ਹੋ ਗਏ। ਚਰਖੇ ਨਾਲ ਗੌਣ ਵਾਲੇ ਗੀਤ ਵੀ। ਆਮ ਬੰਦਿਆਂ ਵਾਲੀਆਂ ਚੰਗੀਆਂ ਮੰਦੀਆਂ ਬੋਲੀਆਂ, ਕਈ ਚੰਗੇ ਮੰਦੇ ਗੀਤ ਵੀ।

ਪਹਿਲਾਂ ਕੁਝ ਚਾਚੇ ਦੀ ਦੁਕਾਨ ਲਈ ਮੰਜੀਆਂ ਠੋਕੀਆਂ ਫਿਰ ਇਕ ਹੋਰ ਖਤਰੀ ਚਾਚੇ ਵਾਲਾ ਕੰਮ ਕਰਦੇ ਸਨ ਉਹਨਾਂ ਦੀਆਂ ਇਕ ਰੁਪਏ ਦੀਆਂ ਚਾਰ ਮੰਜੀਆਂ ਠੋਕੀਆਂ। ਫਿਰ ਵਿਹਲੇ ਦਾ ਵਿਹਲਾ। ਭਾਬੀ ਨੂੰ ਘੱਟ ਅਤੇ ਮੈਨੂੰ ਕੰਮ ਦਾ ਬਹੁਤਾ ਫ਼ਿਕਰ ਰਹਿੰਦਾ। ਭਾਬੀ ਮੇਰੇ ਉਤੇ ਕੁਝ ਨਾ ਕੁਝ ਤਰਸ ਖਾਣ ਲੱਗ ਪਈ।

ਡੇਰੇ ਤੋਂ ਬਟਾਲਾ ਅਠਾਰਾਂ ਮੀਲ ਹੈ। ਉਸ ਸਮੇਂ ਬਟਾਲੇ ਤੋਂ ਕੋਟਲੀ ਸੂਰਤ ਗਲੀ ਤਕ ਪੱਕੀ ਸੜਕ ਬਣ ਗਈ ਸੀ। ਇਕ ਨਿੱਕੀ ਬੱਸ ਜਾਂਦੀ ਬਾਕੀ ਬੰਬੂਕਾਟ ਯੱਕੇ ਤੇ ਟਾਂਗੇ। ਪੁਰਾਣੇ ਛੱਤੜੀ ਵਾਲੇ ਯੱਕੇ ਮੁੱਕ ਗਏ ਸਨ। ਬਾਰ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਨੇ ਕਿਰਾਇਆ ਲੱਗਦਾ । ਇਕ ਦਿਨ ਮੈਨੂੰ ਚਾਚੇ ਨੇ ਕਿਹਾ ਬਟਾਲੇ ਤੋਂ ਜਾ ਕੇ ਸਾਮਾਨ ਲੈ ਆਓ ਨਾਲ ਜੋਧ ਸਿੰਘ ਨੂੰ ਲੈ ਜਾ । ਉਹ ਉਦੋਂ ਅੱਠਾਂ ਸਾਲਾਂ ਦਾ ਸੀ ਪੜ੍ਹਦਾ ਸੀ ।

ਅਸਾਂ ਦੋਹਾਂ ਨੇ ਬਟਾਲਿਉਂ ਵਾਣ, ਪਾਵੇ ਤੇ ਕਈ ਕੁਝ ਹੋਰ ਖਰੀਦ ਲਿਆ । ਬੰਬੂਕਾਟ ਉਤੇ ਰੱਖ ਲਿਆ, ਜਦੋਂ ਆਪਾਂ ਬਹਿਣ ਲੱਗੇ ਤਾਂ ਪੈਸੇ ਕਰਾਏ ਵਿਚੋਂ ਚਾਰ ਆਨੇ ਘੱਟ ਸਨ । ਡੇਢ ਰੁਪਿਆ ਚਾਹੀਦਾ ਸੀ ਪਰ ਸੀ ਸਵਾ ਰੁਪਿਆ ।

ਬਾਟਾਲੇ ਤੋਂ ਨਹਿਰ ਅੱਡਾ ਪੰਜ ਮੀਲ ਸੀ । ਮੈਂ ਤੇ ਜੋਧ ਸਿੰਘ ਨੇ ਸਲਾਹ ਕੀਤੀ ਕਿ ਮੈਂ ਟਾਂਗੇ ਨਾਲ ਦੌੜਦਾ ਚਲਦਾ ਹਾਂ । ਉਥੋਂ ਚੜ੍ਹ ਜਾਵਾਂਗਾ ਫਿਰ ਚਾਰ ਆਨੇ ਦੀ ਕਮੀ ਪੂਰੀ ਹੋ ਜਾਵੇਗੀ । ਬੰਬੂਕਾਟ ਵਾਲਾ ਵੀ ਮੰਨ ਗਿਆ । ਉਸ ਵੀ ਲਿਹਾਜ਼ ਨਾ ਕੀਤਾ ।

ਮੈਂ ਬੰਬੂਕਾਟ ਦੇ ਨਾਲ-ਨਾਲ ਨੱਠਦਾ ਗਿਆ । ਕਦੇ ਹੌਲੀ ਹੋ ਜਾਂਦਾ, ਕਦੇ ਨੱਠ ਕੇ ਮਿਲ ਜਾਂਦਾ । ਨਹਿਰ ਅੱਡਾ ਆਇਆ ਮੈਂ ਵੀ ਬੰਬੂਕਾਟ ਉਤੇ ਬੈਠ ਗਿਆ । ਮੈਨੂੰ ਸਵਾਰੀਆਂ ਸਲਾਹ ਰਹੀਆਂ ਸਨ । ਮੇਰੀ ਹਿੱਕ ਫੁੱਲੀ ਹੋਈ ਸੀ ।

ਡੇਰੇ ਪਹੁੰਚ ਕੇ ਸਾਮਾਨ ਹੱਟੀ ਪੁਚਾਇਆ । ਚਾਚੇ ਨੇ ਆਖਿਆ — ਪਹਿਲਾਂ ਕਰਾਇਆ ਇਕ ਪਾਸੇ ਕੱਢ ਕੇ ਸਾਮਾਨ ਖਰੀਦਣਾ ਸੀ । ਫਿਰ ਵੀ ਮੁੰਡੇ ਹੋ ਨਾ ਕੱਚੇ ਹੋ । ਚਲੋ ਠੀਕ ਹੈ, ਅੱਗੇ ਤੋਂ ਖ਼ਿਆਲ ਰੱਖਿਉ ।

ਭਾਬੀ ਨੂੰ ਦੱਸਿਆ ਉਹ ਬੁੜ-ਬੁੜ ਚੁੜ-ਚੁੜ ਕਰਨ ਲੱਗ ਪਈ— ਖਸਮਾਂ ਨੂੰ ਖਾਧਾ ਸਾਮਾਨ, ਸੜਦੀ ਹੱਟੀ ਤੂੰ ਕਾਹਨੂੰ ਜਾਣਾ ਸੀ । ਤੇਰੇ ਪਿਉ ਨੇ ਇਸ ਨੂੰ ਕੰਮ ਸਿਖਾਇਆ, ਨਾਲ ਰੱਖਿਆ । ਬੜਾ ਬਈਮਾਨ ਹੈ ਮੁੱਢ ਤੋਂ, "ਅਖੇ ਜਲਾਹਿਆਂ ਦੇ ਪਠਾਣ ਵਗਾਰੀ । ਇਹ ਕੌਣ ਹੁੰਦਾ ਏ ਮੇਰੇ ਪੁੱਤ ਤੋਂ ਵਗਾਰ ਲੈਣ ਵਾਲਾ । ਤੇਰੇ ਪਿਉ ਦਾ ਤੇ ਅਜੇ ਇਸ ਦੇ ਢਿੱਡ ਵਿਚੋਂ ਗੂਹ ਨਹੀਂ ਨਿਕਲਿਆ ।" ਹੋਰ ਕਈ ਕੁਝ ਆਖਿਆ ।

ਮੈਂ ਚੁਪ ਕਰਕੇ ਸੁਣਦਾ ਰਿਹਾ । ਮੇਰੀ ਚਾਚਿਆਂ ਭੂਆ ਨਾਲ ਬੜੀ ਬਣਦੀ ਸੀ । ਨਾਨਕਿਆਂ ਨਾਲ ਨਫ਼ਰਤ, ਉਂਜ ਨਾਨਕੇ ਚਲਿਆ ਜਾਂਦਾ ਸੀ ।

ਇਕ ਦਿਨ ਸਲਾਹ ਕਰਕੇ ਸਮਾਨ ਲੈ ਕੇ ਭੂਆ ਸੰਤੋ ਕੋਲ ਲਾਹੌਰ ਆ ਗਿਆ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲਾਹੌਰ

ਲਾਹੌਰ ਭੂਆ ਸੰਤੋ ਤੇ ਬਾਊ ਜੀ (ਫੁਫੜ) ਬੜੇ ਖੁਸ਼ ਹੋਏ । ਸੁਰਤੂ ਨੌਕਰ ਸੀ । ਭੂਆ ਦਾ ਪੁੱਤਰ ਹਜ਼ੂਰ ਸਿੰਘ ਉਹਦੋਂ ਪਹਿਲੀ ਵਿਚ ਪੜ੍ਹਦਾ ਸੀ । ਇਕ ਦੋ ਦਿਨ ਆਰਾਮ ਕਰਕੇ ਮੈਂ ਕੰਮ ਲੱਭਣ ਤੁਰ ਪਿਆ । ਪਤਾ ਲੱਗਾ ਕਿ ਨਵੀਂ ਆਬਾਦੀ ਕਿਸ਼ਨ ਨਗਰ ਬਣ ਰਿਹਾ ਹੈ । ਪੁਰਾਣੀ ਅਨਾਰਕਲੀ ਦੇ ਪਿੱਛੇ ਇਹ ਆਬਾਦੀ ਭੂਆ ਦੇ ਘਰੋਂ ਬੜੀ ਦੂਰ ਸੀ । ਸਾਰਾ ਮਕਲੋਡ ਰੋਡ ਲੰਘ ਕੇ ਹੋਰ ਅੱਗੇ ਜਾ ਕੇ ਇਹ ਆਬਾਦੀ ਆਉਂਦੀ ਸੀ । ਮੈਂ ਉਥੇ ਪਹੁੰਚ ਗਿਆ । ਵੱਖਰੇ-ਵੱਖਰੇ ਥਾਵਾਂ ਉਤੇ ਮਕਾਨ ਬਣ ਰਹੇ ਸਨ । ਬੜਾ ਵੱਡਾ ਖਾਲੀ ਮੈਦਾਨ ਸੀ । ਹੋਰ ਵੀ ਲਾਗੇ ਚਾਗੇ ਨਵਿਆਂ ਨਾਵਾਂ ਦੀਆਂ ਆਬਾਦੀਆਂ ਬਣ ਰਹੀਆਂ ਸਨ । ਕੁੜਤਾ ਪਜਾਮਾ ਕੋਟ ਪੈਰੀਂ ਬਾਟਾ ਦੇ ਬੂਟ ਜਿਹੜੇ ਉਹਦੋਂ ਪੰਜਾਂ ਰੁਪਿਆਂ ਦੇ ਆਉਂਦੇ ਸਨ । ਮਲਮਲ ਦੀ ਪੱਗ । ਇਹ ਸੀ ਉਹਦੋਂ ਮੇਰੇ ਕਪੜਿਆਂ ਦੀ ਵਜਾ ਕਤਾ ।

ਜਿੱਥੇ ਤਰਖਾਣ ਅੱਡੇ ਲਾ ਕੇ ਕੰਮ ਕਰਦੇ ਦਿਸਦੇ ਉਹਨਾਂ ਕੋਲੋਂ ਜਾ ਪੁੱਛਦਾ—ਕੰਮ ਵਗੈਰਾ ਹੈਗਾ ਏ ?...ਅੱਗੋਂ ਉਹ ਕਹਿ ਦਿੰਦੇ— ਨਹੀਂ । ...ਮੈਂ ਹੋਰ ਅੱਗੇ ਚਲਾ ਗਿਆ । ਇਸ ਤਰ੍ਹਾਂ ਪੰਜੀਂ ਸੱਤੀਂ ਥਾਈਂ ਪੁੱਛਿਆ । ਬਸ ਤਰਖਾਣ ਮੇਰੇ ਵੱਲ ਵੇਖਦੇ ਤੇ ਨਾਂਹ ਕਰ ਦਿੰਦੇ । ਆਖਰ ਮੈਂ ਥੱਕ ਗਿਆ । ਇਕ ਥਾਂ ਫਿਰ ਪੁੱਛਿਆ—ਕੰਮ ਹੈਗਾ ਏ ?...ਉਥੇ ਇਕ ਅੱਧਖੜ ਸੀ ਤੇ ਨਾਲ ਚਾਰ ਪੰਜ ਗਭਰੂ ਸਨ । – ਤੈਂ ਸਾਲਿਆ ਕੰਮ ਨਹੀਂ ਕਰ ਸਕਦਾ। ਪਹਿਲਾਂ ਆਪਣੀ ਬਜਾ ਕਤਾ ਤਾਂ ਦੇਖ ਕੰਮ ਕਰਨ ਬਾਲੀ ਬੀ ਏ ।

ਦੂਜੇ ਗਭਰੂ ਹੱਸ ਪਏ ਇਹ ਦੁਆਬੀਏ ਸਨ । ਮੁੜਕੇ ਪਿਛਾਂਹ ਮੂੰਹ ਕਰਕੇ ਤੁਰ ਪਿਆ । ਜੋ ਵੀ ਕੰਮ ਕਰਦਾ ਦਿਸਦਾ ਉਸ ਤੋਂ ਹੀ ਪੁੱਛਦਾ, ਕੰਮ ਹੈਗਾ ਏ ? ਉੱਤਰ ਨਾਂਹ ਵਿਚ ਮਿਲਦਾ । ਇਕ ਥਾਂ ਮੁਸਲਮਾਨ ਤਰਖਾਣ ਕੰਮ ਕਰਦੇ ਸਨ ਉਹਨਾਂ ਤੋਂ ਪੁੱਛਿਆ । ਉਹਨਾਂ ਵਿਚੋਂ ਇਕ ਸਿਆਣੇ ਨੇ ਕਿਹਾਂ, ਭਲਵਾਨਾਂ ਪਹਿਲੋਂ ਤਰਖਾਣ ਦਾ ਪੁੱਤ ਬਣ ਫੇਰ ਕੰਮ ਲੱਭਣ ਤੁਰੀਂ ਤੇ ਆਪਣੇ ਕੰਮ ਲੱਗ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆ । ਮੈਂ ਸੋਚ ਰਿਹਾ ਸਾਂ, ਮੈਨੂੰ ਕੀ ਹੈ ਮੈਂ ਕਿਉਂ ਤਰਖਾਣ ਨਹੀਂ ।

ਘਰੋਂ ਬਾਊ ਜੀ ਨੇ ਆਖਿਆ—ਰਾਵੀ ਦੇ ਕੰਢੇ ਕਾਂਗਰਸ ਦੀ ਕਾਂਗਰਸ ਹੋ ਰਹੀ ਹੈ । ਉਥੇ ਸੁਣਿਆ ਬੜਾ ਕੰਮ ਹੈ । ਚਾਰ ਦਿਨ ਲਾ ਲੈ ਫਿਰ ਸਾਡੇ ਮਹਿਕਮੇ ਵਿਚ ਨਵਾਂ ਮਹੀਨਿਆਂ ਦੀ ਤਰਖਾਣ ਲਈ ਮਨਜ਼ੂਰੀ ਆਉਣ ਵਾਲੀ ਹੈ । ਉਥੇ ਲਵਾ ਦਿਆਂਗਾ ।

ਜਿੱਥੇ ਕਾਂਗਰਸ ਦੀ ਕਾਂਗਰਸ ਹੋ ਰਹੀ ਸੀ ਮੈਂ ਉਥੇ ਪਹੁੰਚਿਆ । ਇਹ ਥਾਂ ਵੀ ਘਰੋਂ ਬਹੁਤ ਦੂਰ ਸੀ । ਸਾਊ ਦੀ ਗੜੀ ਲਾਗੋਂ ਤੁਰਨਾ ਦਿੱਲੀ ਦਰਵਾਜ਼ਾ ਲੰਘ ਕੇ ਸਾਰਾ ਲਾਹੌਰ ਮੁਕਾਉਣਾ ਤੇ ਫਿਰ ਕੱਲੀ ਸੜਕੇ ਤੁਰਨਾ ਤੇ ਉਸ ਅਜਲਾਸ ਤੱਕ ਪਹੁੰਚਣਾ । ਉਥੇ ਬੜਾ ਖੁਲ੍ਹਾ ਪੰਡਾਲ ਬਣ ਰਿਹਾ ਸੀ । ਬੜਾ ਉੱਚਾ ਸਟੇਜ ਲੱਗ ਰਿਹਾ ਸੀ । ਪੰਡਾਲ ਵਲ ਜਾਣ ਲਈ ਇਕ ਵੱਡਾ ਸਾਰਾ ਗੇਟ ਸੀ । ਬਾਹਰ ਖੱਦਰ ਦੇ ਕਪੜੇ ਅਤੇ ਖੱਦਰ ਦੀ ਟੋਪੀ ਪਾ ਕੇ ਦੋ ਵਲੰਟੀਅਰ ਖਲੋਤੇ ਹੋਏ ਸਨ । ਕਿਸੇ ਨੂੰ ਅੰਦਰ ਨਹੀਂ ਸਨ ਲੰਘਣ ਦਿੰਦੇ ਕਈ ਔਰਤਾਂ ਬਦੋ-ਬਦੀ ਲੰਘ ਜਾਂਦੀਆਂ । ਵਲੰਟੀਅਰ ਬੜੇ ਤਹਮੱਲ ਵਾਲੇ ਵੇਖਣ ਵਿਚ ਪਿਆਰੇ ਲੱਗਦੇ । ਗਭਰੂ ਸਨ । ਬਾਹਰ ਲਕੜੀਆਂ ਦੀਆਂ ਆਰਜ਼ੀ ਦੁਕਾਨਾਂ ਬਣ ਰਹੀਆਂ ਸਨ, ਸ਼ਾਇਦ ਏਥੇ ਚੀਜ਼ਾਂ ਵੇਚਣ ਵਾਲੇ ਸਟਾਲ ਲੱਗਣੇ ਸਨ । ਮੈਂ ਉਥੇ ਇਕ ਤੀਹਾਂ ਕੁ ਸਾਲਾਂ ਦੇ ਆਦਮੀ ਕੋਲੋਂ ਪੁੱਛਿਆ—ਕੰਮ ਹੈਗਾ ਏ ?...ਉਸਨੇ ਮੇਰੇ ਵੱਲ ਵੇਖਿਆ ਤੇ ਕਿਹਾ—ਹੈਗਾ ਏ, ਕੱਲ੍ਹ ਸਵਖਤੇ ਆ ਜਾਈਂ ।

ਤੜਕੇ ਉਠਿਆ ਭੂਆ ਨੇ ਰੋਟੀ ਖਵਾ ਕੇ ਦੁਪਹਿਰ ਜੋਗੀ ਬੰਨ੍ਹ ਦਿੱਤੀ ਮੈਂ ਔਜ਼ਾਰਾਂ ਦੀ ਬੋਰੀ ਚੁੱਕ ਕੇ ਦਬਾ-ਦਬ ਕੰਮ ਉਤੇ ਜਾ ਲੱਗਿਆ । ਸ਼ਾਮ ਨੂੰ ਛੁਟੀ ਹੋਈ, ਹਨੇਰੇ ਹੋਏ ਘਰ ਅਪੜਿਆ । ਸਵੇਰੇ ਫਿਰ ਭੂਆ ਨੇ ਰੋਟੀ ਖਵਾਈ ਨਾਲ ਬੰਨ੍ਹ ਦਿੱਤੀ । ਮੈਂ ਘਰੋਂ ਸਿੱਧਾ ਅਯਾਡ ਵਿਚ ਨਿਕਲ ਆਇਆ । ਸਟੇਸ਼ਨ ਤੋਂ ਲਾਈਨੋ ਲਾਈਨ ਬਦਾਮੀ ਬਾਗ਼ ਸਟੇਸ਼ਨ ਤੋਂ ਥੱਲੇ ਉਤਰ ਕੇ ਡੇਰਾ ਸਾਹਿਬ ਗੁਰਦੁਆਰੇ ਦੇ ਉਤਲੇ ਪਾਸਿਉਂ ਦੀ ਜਰਨੈਲੀ ਸੜਕੇ ਪੈ ਕੇ ਕਗਾਂਰਸ ਦੇ ਅਜਲਾਸ ਉਤੇ ਸੜਕ ਦੇ ਕਿਨਾਰੇ ਪਹੁੰਚ ਕੇ ਕੰਮ ਸ਼ੁਰੂ ਕਰ ਦਿਤਾ । ਮੈਂ ਰੋਜ਼ ਇਹ ਸੋਚਦਾ ਕਿ ਕਿਹੜਾ ਰਾਹ ਨੇੜੇ ਹੈ । ਦਿੱਲੀ ਦਰਵਾਜ਼ੇ ਰਾਹੀਂ ਜਾਂ ਬਦਾਮੀ ਬਾਗ ਵਾਲਾ ਪਰ ਦੋਏਂ ਹੀ ਹਰਦੂ-ਲਾਹਨਤ ਸਨ । ਅਜੀਬ ਜ਼ਿੰਦਗੀ ਸੀ । ਪਰ ਮੈਨੂੰ ਕੋਈ ਅਹਿਸਾਸ ਨਹੀਂ ਸੀ । ਬਸ ਦਿਹਾੜੀ ਲੱਗਣ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਧੁੰਨ ਸੀ। ਚੌਥੇ ਦਿਨ ਉਸ ਕੰਮ ਕਰਾਉਣ ਵਾਲੇ ਤੋਂ ਪੁੱਛਿਆ ਕਿ ਕੀ ਦਿਹਾੜੀ ਦਿਉਗੇ ? ਉਸ ਨੇ ਉੱਤਰ ਦਿਤਾ—ਸਾਰਿਆ ਨੂੰ ਸਵਾ ਸਵਾ ਮਿਲਦਾ ਹੈ ਤੈਨੂੰ ਵੀ ਮਿਲ ਜਾਏਗਾ ।

ਮੈਂ ਕੰਮ ਵੀ ਕਰਦਾ ਉਥੇ ਆਉਂਦੇ ਜਾਂਦੇ ਖਦਰ ਪੋਸ਼ਾਂ ਨੂੰ ਵੇਖਦਾ । ਕੁਦਰਤੀ ਮੇਰੇ ਅੰਦਰ ਉਹਨਾਂ ਲਈ ਦਰਦ ਤੇ ਮੋਹ ਪੈਦਾ ਹੁੰਦਾ ਰਹਿੰਦਾ ਪਰ ਇਹ ਸਭ ਕੁਝ ਮੇਰੇ ਕੰਮ ਵਿਚ ਮੁਕੋ ਜਾਂਦਾ । ਦੁਪਹਿਰਾਂ ਨੂੰ ਰੋਟੀ ਖਾ ਕੇ ਜ਼ਰੂਰ ਉਸ ਰਾਹੇ ਫੇਰਾ ਮਾਰਦਾ, ਜਿਸ ਪਾਸੇ ਖੱਦਰ ਵਾਲੇ ਇਕੱਠੇ ਗੱਲਾਂ ਕਰਦੇ ਹੁੰਦੇ। ਮੈਨੂੰ ਕੁਝ ਸਮਝ ਨਹੀਂ ਸੀ। ਇਹ ਗੱਲ ਮੇਰੇ ਅੰਦਰ ਅਸੁਭਾਵਕ ਹੀ ਬਹਿ ਗਈ ਕਿ ਸਾਡੇ ਦੇਸ਼ ਨੂੰ ਅੰਗਰੇਜ਼ਾਂ ਨੇ ਗੁਲਾਮ ਰੱਖਿਆ ਹੋਇਆ । ਜੇ ਇਹ ਗੁਲਾਮੀ ਮੁੱਕੇ ਤਾਂ ਅਸੀਂ ਮਾਰੇ ਮਾਰੇ ਨਹੀਂ ਫਿਰਾਂਗੇ। ਪੱਕਾ ਕੰਮ ਮਿਲਿਆ ਕਰੇਗਾ ਉਥੋਂ ਫਿਰ ਇਕ ਦੋ ਨਿੱਕੇ-ਨਿੱਕੇ ਉਰਦੂ ਦੇ ਪੰਫਲਿਟ ਵੀ ਲਏ । ਪੜ੍ਹ ਲਏ ਪਰ ਕੋਈ ਸਮਝ ਨਾ ਆਈ। ਆਜ਼ਾਦੀ ਗੁਲਾਮੀ ਤਾਂ ਮੇਰੇ ਅੰਦਰ ਪਈ ਪਰ ਇਹ ਪਤਾ ਨਾ ਲੱਗਾ ਕਿ ਇਹ ਹੁੰਦੀਆਂ ਕੀ ਨੇ। ਮੇਰੀ ਆਤਮਾ ਤੱਕ ਇਹ ਲਫ਼ਜ਼ ਪਹੁੰਚੇ ਸਾਡਾ ਦੇਸ਼, ਗੁਲਾਮੀ, ਤੇ ਆਜ਼ਾਦੀ ਸਾਡੇ ਲੀਡਰ । ਖਾਸ ਨਾਂ ਮੇਰੇ ਅੰਦਰ ਠਹਿਰ ਗਏ ਮਹਾਤਮਾ ਗਾਂਧੀ ਤੇ ਪੰਡਿਤ ਜਵਾਹਰ ਲਾਲ ਨਹਿਰੂ। ਇਹ ਉਹ ਛੱਬੀ ਜਨਵਰੀ ਸੀ ਜਿਸ ਨੂੰ ਹੁਣ ਤੱਕ ਮਨਾਉਂਦੇ ਹਾਂ 1930,

ਛੇਵੇਂ ਦਿਨ ਕੰਮ ਕਰਾਉਣ ਵਾਲੇ ਨੂੰ ਪੈਸੇ ਮਿਲੇ, ਸੱਤ-ਅੱਠ ਤਰਖਾਣ ਮੇਰੇ ਸਣੇ ਉਸ ਕੋਲੋਂ ਥੋੜ੍ਹੇ-ਥੋੜ੍ਹੇ ਪੈਸੇ ਮੰਗਣ ਲੱਗੇ। ਉਹ ਚੂੰ ਚਾਂ ਕਰੀ ਜਾਏ ਤੇ ਸ਼ਹਿਰ ਵੱਲ ਦਬਾ ਦਬ ਤੁਰਿਆ ਜਾਏ । ਅਸੀਂ ਉਸ ਦੇ ਪਿੱਛੇ ਕੁੱਤੇ ਚਾਲੇ ਨੱਠੀ ਜਾਈਏ । ਹਰ ਕੋਈ ਇਹੋ ਕਹੇ ਮੈਨੂੰ ਦਿਉ, ਮੈਨੂੰ ਦਿਉ । ਉਹ ਚਾਰੀ ਵਾਰੀ ਆਖਣ ਮੈਂ ਮਸਾਂ ਦੋ ਵਾਰੀ ਆਖਾਂ— ਸ਼ਹਿਰ ਲੰਘ ਗਿਆ। ਫਿਰ ਉਹ ਕਹਿਣ ਲੱਗਾ -- ਚਾਰ ਜਣੇ ਹੁਣ ਲੈ ਜਾਉ ਤਿੰਨ ਜਣੇ ਪਰਸੋਂ ਲੈ ਜਾਇਉ। ਅਸਲੀ ਗੱਲ ਇਹ ਸੀ ਕਿ ਉਸਨੇ ਕੰਮ ਉਜਰਤ ਉਤੇ ਲਿਆ ਹੋਇਆ ਸੀ। ਮੈਂ ਫਿਰ ਨਿਰਾਸ਼ ਹੋ ਕੇ ਘਰ ਪਹੁੰਚਿਆ । ਮੋਏ ਕੁੱਤੇ ਵਾਂਗ ਸੌਂ ਗਿਆ ਸਵੇਰੇ ਪੰਜ ਵਜੇ ਉਠਣ ਲਈ। ਸਰਦੀ ਬਹੁਤ ਸੀ। ਧੰਨ ਸੀ ਮੇਰੀ ਭੂਆ ਜਿਸ ਨੇ ਮੱਥੇ ਵੱਟ ਨਹੀਂ ਸੀ ਪਾਇਆ ।

ਮੈਂ ਉਥੇ ਹੋਰ ਤਿੰਨ ਦਿਨ ਗਿਆ । ਫਿਰ ਉਜਰਤੀਏ ਨੂੰ ਪੈਸੇ ਮਿਲੇ ਅਤੇ ਕੰਮ ਖ਼ਤਮ ਹੋ ਗਿਆ । ਮੈਨੂੰ ਤੇ ਹੋਰ ਦੋ ਨੂੰ ਉਸਨੇ ਕੱਲ੍ਹ ਆਉਣ ਲਈ ਆਖਿਆ। ਮੈਂ ਦੂਜੇ ਦਿਨ ਗਿਆ ਉਥੋਂ ਪਤਾ ਲੱਗਾ ਉਹ ਚਲਿਆ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਜ਼ਮਿਆਰਾਂ ਦੀ ਬੋਰੀ ਚੁੱਕੀ ਕੇ ਮੁੜਦੇ ਪੈਰੀਂ ਡੇਰੇ ਸਾਹਿਬ ਗੁਰੂ ਅਰਜਨ ਸਾਹਿਬ ਜੀ ਦੇ ਗੁਰਦੁਆਰੇ ਮੱਥਾ ਟੇਕਿਆ। ਕਈ ਤਰਲੇ ਪਾਏ ਸਤਿਗੁਰੂ ਜੀ ਮੇਰੇ ਕਸ਼ਟ ਦੂਰ ਕਰੋ ! ! ਇਕ ਆਨਾ ਭੂਆ ਦਾ ਦਿੱਤਾ ਮੇਰੇ ਕੋਲ ਸੀ। ਉਹ ਮੈਂ ਚੜ੍ਹਾ ਦਿੱਤਾ। ਮੈਂ ਹੁਣ ਸਮਝਦਾ ਇਹ ਅੱਠਾਂ ਦਿਨਾਂ ਦੇ ਪੈਸੇ ਜਿਹੜੇ ਮੇਰੀ ਅੱਤ ਮਿਹਨਤ ਦਾ ਸਿੱਟਾ ਸੀ। ਅੱਠਾਂ ਦਿਨਾਂ ਦੇ ਦਸ ਰੁਪਏ ਬਣਦੇ ਸਨ। ਇਹ ਦਸ ਰੁਪਏ ਦੇਸ ਦੇ ਲੇਖੇ ਲੱਗ ਗਏ ਮੇਰੀ ਪਹਿਲੀ ਕੁਰਬਾਨੀ। "ਕਾਂ ਗੰਢਾ ਲੈ ਗਿਆ ਚਲੋ ਜਠੇਰਿਆਂ ਦੇ ਨਾਂ।"

ਦੋ ਤਿੰਨ ਥਾਂ ਹੋਰ ਕੰਮ ਕੀਤਾ ਜਿਥੋਂ ਪੈਸੇ ਮਿਲ ਜਾਂਦੇ ਰਹੇ। ਪੈਂਡਾ ਅੱਤ ਦਾ ਉਹਦੋਂ ਮਾਰਿਆ ਪਹਿਲੀ ਵਾਰੀ।

ਬਾਊ ਜੀ ਦੇ ਮਹਿਕਮੇ ਵਿਚ ਨੌਂਵਾਂ ਮਹੀਨਿਆਂ ਲਈ ਇਕ ਤਰਖਾਣ ਦੀ ਮਨਜ਼ੂਰੀ ਆ ਗਈ। ਉਹਨਾਂ ਮੈਨੂੰ ਉਥੇ ਲਵਾ ਲਿਆ। ਸਟੇਸ਼ਨ ਦੀਆਂ ਕੈਬਨਾਂ ਉਤੇ ਕੰਮ ਹੁੰਦਾ ਸੀ। ਜਾਂ ਕੁਝ ਹੋਰ ਨਿੱਕਾ-ਨਿੱਕਾ ਕੰਮ। ਪੱਕੇ ਪਾਸ ਸਨ ਲਾਹੌਰੋਂ ਲੁਧਿਆਣੇ ਤੱਕ ਤੇ ਪਠਾਨਕੋਟ ਤੱਕ, ਕਰਾਚੀ ਵਾਲੇ ਪਾਸੇ ਵੀ ਕਾਫ਼ੀ ਦੂਰੀ ਤੱਕ। ਇਹ ਇਲਾਕਾ ਇਸ ਮਹਿਕਮੇ ਦੇ ਇਕ ਹਿੱਸੇ ਨੂੰ ਵੰਡੇ ਆਉਂਦਾ। ਇਸ ਮਹਿਕਮੇ ਨੂੰ ਬਲਾਕ ਦਾ ਮਹਿਕਮਾ ਤੇ ਸਟੇਸ਼ਨ ਦੀ ਇੰਟਰਲਾਕ ਦਾ ਮਹਿਕਮਾ ਕਹਿੰਦੇ। ਬਾਊ ਜੀ ਦੀ ਅਫਸਰਾਂ ਤੋਂ ਕੁੱਲੀਆਂ ਤੱਕ ਅ-ਥਾਹ ਇਜ਼ਤ ਸੀ। ਬਾਊ ਜੀ ਦਾ ਲੰਮਾ ਕੱਦ, ਗੋਲ ਜਿਹੀ ਪੱਗ ਸਾਫ ਚਿੱਟੇ ਕਪੜੇ, ਪੈਰੀਂ ਬੂਟ, ਵਕਾਰ ਵਾਲੀ ਤੋਰ, ਸਹਿਜ ਨਾਲ ਬੋਲਣਾ। ਅਫ਼ਸਰ ਉਹਨਾਂ ਨਾਲ ਘਰ ਬਾਹਰ ਦੀਆਂ ਗੱਲਾਂ ਕਰ ਲੈਂਦੇ। ਨਿਹੰਗ ਖਿਆਲ ਦੇ ਸਨ। ਝੁੰਗਲ ਮਾਟਾ ਮਾਰ ਕੇ ਸਵੇਰੇ ਨਹਾ ਧੋ ਕੇ ਪਾਠ ਕਰਦੇ ਚੰਡੀ ਦੀ ਵਾਰ ਜ਼ਰੂਰ ਸਵੇਰੇ ਪੜ੍ਹਦੇ। ਹਜ਼ੂਰ ਸਾਹਿਬ ਕਈ ਵਾਰੀ ਗਏ ਸਨ। ਦੋ ਤਿੰਨ ਵਾਰੀ ਹੇਮਕੁੰਟ ਗਏ ਸਨ। ਹੇਮਕੁੰਟ ਦੇ ਰਸਤੇ ਦੀ ਲੰਮੀ ਕਥਾ ਸੁਣਾਉਂਦੇ, ਪੈਦਲ ਹੀ ਜਾਂਦੇ ਸਨ ਉਦੋਂ ਕੋਈ ਖਾਸ ਰਾਹ ਨਹੀਂ ਸੀ। ਹਜ਼ੂਰ ਸਾਹਿਬ ਬਾਬੇ ਨਿਧਾਨ ਸਿੰਘ ਦੀਆਂ ਬਹੁਤ ਸਿਫਤਾਂ ਕਰਦੇ। ਗੁਰੂ ਗੋਬਿੰਦ ਸਿੰਘ ਜੀ ਬਾਰੇ ਮੇਰੇ ਨਾਲ ਕਈ ਗੱਲਾਂ ਕਰਦੇ। ਜਿੰਨਾਂ ਵੀ ਉਹਨਾਂ ਨੂੰ ਧਾਰਮਿਕ ਇਤਿਹਾਸ ਦਾ ਪਤਾ ਸੀ ਉਹ ਬੜੀ ਸ਼ਰਧਾ ਨਾਲ ਬਿਆਨ ਕਰਦੇ, ਦਸਵੰਧ ਕਢਦੇ। ਸਾਲ ਦੇ ਸਾਲ ਰੇਲਵੇ ਦੀਆਂ ਛੁੱਟੀਆਂ ਵਿਚ ਗੁਰਦੁਆਰਿਆਂ ਦੀ ਯਾਤਰਾ ਲਈ ਜਾਂਦੇ। ਮੈਂ ਤੇ ਨੌਂਕਰ ਘਰ ਰਹਿੰਦੇ। ਉਹਨੀਂ ਦਿਨੀਂ ਫੁਲਵਾੜੀ ਦੇ ਸਿੱਖ ਰਾਜ' ਦੇ ਖੋਜੀ ਨੰਬਰ ਨਿਕਲਦੇ ਸਨ। ਇਹ ਪਰਚਾ ਉਹਦੋਂ ਸਭ ਤੋਂ ਮਸ਼ਹੂਰ ਸੀ। ਇਕ ਹਫ਼ਤੇ ਵਾਰੀ ਮੌਜੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ। ਇਹ ਦੋਵੇਂ ਬਾਊ ਜੀ ਨੇ ਲਵਾਏ ਹੋਏ ਸਨ। ਮੈਂ ਅੱਖਰ ਪੜ੍ਹਦਾ, ਥੋੜ੍ਹਾ ਬਹੁਤ ਪਾਠ ਵੀ ਕਰਦਾ। ਮੈਂ ਸਾਰੀ ਜ਼ਿੰਦਗੀ ਬਾਊ ਨਰੈਣ ਸਿੰਘ ਜੀ ਵਰਗਾ ਦੂਜਾ ਇਨਸਾਨ ਨਹੀਂ ਦੇਖਿਆ। ਉਹਨਾਂ ਦਾ ਮੇਰੇ ਉਤੇ ਹੁਣ ਤੱਕ ਪ੍ਰਭਾਵ ਹੈ। ਉਹਨਾਂ ਦੇ ਮੂੰਹੋਂ ਕਦੇ ਬਦੀ ਦੀ ਚਲਾਕੀ ਦੀ ਜਾਂ ਝੂਠ ਫਰੇਬ ਬੇਈਮਾਨੀ ਦੀ ਗੱਲ ਨਹੀਂ ਸੀ ਸੁਣੀ। ਉਹ ਕਿਰਦਾਰ ਦੇ ਸਨ। ਕਰਨੀ ਕਥਨੀ ਦੇ ਸੂਰਮੇ। ਮੇਰੇ ਨਾਲ ਉਹਨਾਂ ਦਾ ਕੁਦਰਤ ਵਲੋਂ ਮੋਹ ਪੈ ਗਿਆ ਸੀ। ਕਦੀ ਪਰਿਵਾਰ ਵਿਚ ਗੱਲ ਕਰਦੇ ਤੇ ਬੜੇ ਮਾਣ ਨਾਲ ਆਖਦੇ—ਜਸਵੰਤ ਵਾਂਗ ਸਾਡੇ ਕੋਲ ਕੋਈ ਨਹੀਂ ਰਹਿ ਸਕਦਾ।

ਮੈਨੂੰ ਬਤਾਲੀ ਰੁਪਏ ਮਹੀਨਾ ਮਿਲਦਾ। ਪੰਜ ਰੁਪਏ ਭੂਆ ਲੈਂਦੀ ਕਪੜੇ ਵੀ ਸਵਾ ਕੇ ਦਿੰਦੀ। ਮੈਂ ਬੜਾ ਖੁਸ਼ ਸਾਂ। ਲਾਹੌਰ ਦੀਆਂ ਕੈਬਨਾਂ ਦੀ ਮੁਰੰਮਤ ਹੁੰਦੀ ਸੀ। ਜ਼ਰਾ-ਜ਼ਰਾ ਇਕ ਮੁਸਲਮਾਨ ਕੈਬਨ ਵਾਲੇ ਨੇ ਮੇਰਾ ਪੜ੍ਹਨ ਵੱਲ ਰਜੂ ਦੇਖ ਕੇ ਮੇਰੇ ਨਾਲ ਮਿਤਰਤਾ ਜਿਹੀ ਪਾ ਲਈ। ਮੈਨੂੰ "ਅਮੀਰ ਹਮਜ਼ਾ" ਪੜ੍ਹਕੇ ਸੁਣਾਉਂਦਾ। ਉਸਨੇ ਮੈਨੂੰ ਬਿਤਾਲ ਪਚੀਸੀ ਅਤੇ ਸਿੰਘਾਸਨ-ਬਤੀਸੀ ਲਿਆ ਕੇ ਪੜ੍ਹਨ ਲਈ ਆਖਿਆ। ਇਹ ਰਾਜੇ ਬਿਕਰਮਜੀਤ ਦੀਆਂ ਕਹਾਣੀਆਂ ਸਨ। ਮੈਨੂੰ ਇਕ ਦੋ ਯਾਦ ਹਨ। ਮੈਂ ਅਲਫ ਲੈਲਾਂ ਵੀ ਆਂਦੀ ਪਰ ਪਤਾ ਨਹੀਂ ਸਾਰੀ ਕਿਉਂ ਨਹੀਂ ਪੜ੍ਹ ਸਕਿਆ। ਇਜਲਾਸ ਦੀਆਂ ਵੀ ਉਸ ਨੇ ਮੈਨੂੰ ਕਈ ਗੱਲਾਂ ਸੁਣਾਉਣੀਆਂ। ਉਸ ਕੈਬਨ ਤੋਂ ਕੰਮ ਮੁੱਕਾ ਤਾਂ ਵੀ ਸਮਾਂ ਕਢ ਕੇ ਉਸ ਕੋਲ ਜਾਂਦਾ।

ਭੂਆ ਦਸ ਰੁਪਏ ਮੇਰੀ ਭਾਬੀ ਨੂੰ ਘਲਾ ਦਿੰਦੀ, ਬਾਕੀ ਆਪਣੇ ਕੋਲ ਜਮ੍ਹਾਂ ਰੱਖਦੀ। ਮੈਂ ਕਈ ਪੱਜ ਪਾ ਕੇ ਸਿਨੇਮਾ ਦੇਖ ਆਉਂਦਾ। ਲੰਡੇ ਬਾਜ਼ਾਰ ਵਿਚ ਪੰਜ ਛੇ ਬਜ਼ਾਰੀ ਡਰਾਮੇ ਹੁੰਦੇ ਸੀ ਉਹ ਵੀ ਦਾਅ ਲਾ ਝੂਠ ਬੋਲ ਕੇ ਵੇਖਦਾ। ਉਹਨਾਂ ਦੀ ਟਿਕਟ ਆਨਾ ਆਨਾ ਹੁੰਦੀ। ਔਰਤਾਂ ਦਾ ਪਾਰਟ ਆਮ ਸੁਹਣੇ ਸੁਹਣੇ ਖੁਸਰੇ ਕਰਦੇ। ਇਕ ਕੰਪਨੀ ਕੋਲ ਨਿਹਾਇਤ ਹੀ ਸੁਹਣਾ ਖੁਸਰਾ ਹੁੰਦਾ ਸੀ। ਡਰਾਮੇ ਆਮ ਹੁੰਦੇ ਸਨ, ਲੈਲਾ ਮਜਨੂੰ, ਹੀਰ ਰਾਂਝਾ, ਸੱਸੀ ਪੁੰਨੂੰ, ਮਹੀਂਵਾਲ, ਸ਼ੀਰੀ ਫਰਿਆਦ, ਤੁਰਕੀ ਦੀ ਹੂਰ, ਮੁਹੱਬਤ ਕਾ ਫੂਲ ਅਤੇ ਦੋ ਚਾਰ ਹੋਰ ਉਰਦੂ ਜ਼ਬਾਨ ਵਿਚ ਤੇ ਕੁਝ ਪੰਜਾਬੀ ਵਿਚ।

ਇਕ ਮਹੀਨਾ ਮੈਂ ਅੰਮ੍ਰਿਤਸਰ ਦੀਆਂ ਕੈਬਨਾਂ ਵਿਚ ਵੀ ਕੰਮ ਕੀਤਾ। ਭੂਆ ਨੇ ਦੇਸੀ ਘਿਉ ਮੈਨੂੰ ਡੱਬੇ ਵਿਚ ਪਾ ਦਿੱਤਾ। ਰੋਟੀ ਤੰਦੂਰ ਤੋਂ ਖਾਣੀ, ਕੈਬਨ ਦੇ ਥੱਲੇ ਸੌਂ ਰਹਿਣਾ। ਇਥੇ ਮੈਂ 15 ਰੁਪਿਆਂ ਦਾ ਸਾਈਕਲ ਲਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ [illegible] ਦੋਹਾਂ ਰੁਪਿਆਂ ਦਾ ਟਾਇਰ ਪਵਾਇਆ। ਪਹਿਲੀ ਵਾਰੀ ਉਸ ਉਤੇ ਤਰਨ ਤਾਰਨ ਮੱਸਿਆ ਨਹਾਉਣ ਗਿਆ।

ਕੰਮ ਮੁਕਾ ਕੇ ਮੁੜਕੇ ਲਾਹੌਰ ਆ ਗਿਆ। ਭੂਆ ਕੋਲ ਮੇਰੇ ਵੱਡੇ ਚਾਚਾ ਜੀ ਤੇ ਚਾਚੀ ਜੀ ਆਏ ਸਨ। ਨਾਲ ਮੇਰਾ ਚਚੇਰਾ ਭਰਾ ਤਾਰਾ ਸਿੰਘ ਉਸਦਾ ਉਦੋਂ ਮੇਰੇ ਨਾਲ ਮੋਹ ਸੀ।

ਰਾਤ ਨੂੰ ਚਾਚੀ ਚਾਚੇ ਅਤੇ ਭੂਆ ਤੇ ਬਾਊ ਜੀ ਨੇ ਗੱਲ ਛੇੜੀ। ਚਾਚੀ ਜੀ ਦੇ ਦੋ ਤਾਏ ਦੇ ਪੁੱਤ ਭਰਾ ਸੀ। ਭਗਤ ਸਿੰਘ ਅਤੇ ਤੇਜਾ ਸਿੰਘ। ਤੇਜਾ ਸਿੰਘ ਦਾ ਇਕ ਲੜਕਾ ਸੀ ਕਰਤਾਰ ਸਿੰਘ ਦਸਵੀਂ ਵਿਚ ਪੜ੍ਹਦਾ ਸੀ। ਇਕ ਲੜਕੀ ਸੋਮਾ ਅਨਪੜ੍ਹ ਤੇ ਛਿੰਦੀ। ਵੱਡੇ ਭਗਤ ਸਿੰਘ ਦਾ ਧੀ ਪੁੱਤ ਕੋਈ ਨਹੀਂ ਸੀ। ਉਸ ਦੇ ਘਰ ਦੀ ਹਰਬੰਸ ਕੌਰ ਇਹ ਭਗਤ ਸਿੰਘ ਦੀ ਤੀਜੀ ਪਤਨੀ ਸੀ। ਕਿਸੇ ਨੇ ਵਿਧਵਾ ਕਰ ਦਿਤਾ ਸੀ। ਕਦੇ ਉਹ ਤੇਜਾ ਸਿੰਘ ਕੋਲ ਆ ਜਾਂਦੀ ਕਦੇ ਆਪਣੇ ਪਤੀ ਭਗਤ ਸਿੰਘ ਕੋਲ। ਤੇਜਾ ਸਿੰਘ ਛੱਡ ਵਿਚ ਮਿਸਤਰੀ ਸੀ। ਭਗਤ ਸਿੰਘ ਇੰਜਣ ਡਰਾਇਵਰ। ਇਹ ਵੀ ਰਾਮਗੜ੍ਹੀਆਂ ਮਠਾਰੂਆਂ ਦਾ ਨਰੋਇਆ ਕਬੀਲਾ ਸੀ। ਸਾਡੇ ਸ਼ਹਿਰ ਜਿਹਾ ਉਹਨਾਂ ਦਾ ਸ਼ਹਿਰ ਵੀ ਫਤਿਹਗੜ੍ਹ ਚੂੜੀਆਂ। ਵੱਡੇ ਚਾਚੇ ਦੇ ਸਹੁਰੇ। ਗੱਲਾਂ ਸ਼ੁਰੂ ਹੋਈਆਂ। ਭੂਆ ਦਾ ਲੜਕਾ ਹਜ਼ੂਰ ਸਿੰਘ ਕੁਝ ਜਮਾਂਦਰੂ ਥੋੜ੍ਹਾ ਜਿਹਾ ਸਿੱਧੜ ਤੇ ਮਾੜਾ ਜਿਹਾ ਮੂਰਖ ਤੇ ਜ਼ਿਦੀਆ ਸੀ। ਮਸਾਂ ਛੇਆਂ ਕੁ ਸਾਲਾਂ ਦਾ, ਉਹ ਵੀ ਗੱਲਾਂ ਸੁਣਦਾ ਤੇ ਮੈਂ ਵੀ।

ਚਾਚਾ ਜੀ ਨੇ ਦੱਸਿਆ – ਮੈਂ ਭਰਾ ਤੇਜਾ ਸਿੰਘ ਦੀ ਕੁੜੀ ਦਾ ਸਾਕ ਜਸਵੰਤ ਵਾਸਤੇ ਮੰਗਿਆ ਤਾਂ ਭਰਾ ਭਗਤ ਸਿੰਘ ਤੱਤਾ ਹੋ ਗਿਆ। ਕਹਿਣ ਲੱਗਾ, "ਮੰਗੋ (ਪੇਕਾ ਨਾਂ ਸੀ) ਕੋਈ ਚੰਗੀ ਗੱਲ ਕਰ, ਨਾ ਮੁੰਡੇ ਦਾ ਘਰ ਨਾ ਘਾਟ, ਨਾ ਪੜ੍ਹਿਆ ਹੋਇਆ, ਨਾ ਕੰਮ-ਕਾਰ। ਭਰਾ ਭੈਣ ਤੇ ਮਾਂ ਨੂੰ ਉਸ ਪਾਲਣੈ। ਕੋਈ ਸਿਫ਼ਤ ਹੈ ਮੁੰਡੇ ਵਿਚ ਸਾਡੀ ਕੁੜੀ ਖੂਹ ਵਿਚ ਸੁਟਣੀ ਏਂ। ਤੂੰ ਸਾਡੀ ਭੈਣ ਹੋ ਕੇ ਸਾਡੇ ਨਾਲ ਇੰਜ ਕਰਨ ਲੱਗੀ ਏਂ। ਸਾਡੀ ਦੋਵਾਂ ਭਰਾਵਾਂ ਦੀ ਇਕ ਕੁੜੀ ਹੈ। ਫਾਲਤੂ ਹੋਏ ਤਾਂ ਸੁੱਟ ਦਈਏ ਖੂਹ ਵਿਚ।

ਵਿਚੋਂ ਟੋਕ ਕੇ ਭੂਆ ਨੇ ਪੁਛਿਆ—ਕੁੜੀ ਦੀ ਤਾਈ ਕੀ ਆਖਦੀ ਸੀ ?... ਚਾਚੀ ਜੀ ਨੇ ਉੱਤਰ ਦਿੱਤਾ – ਉਸ ਨੂੰ ਮੈਂ ਮਨਾ ਲਿਆ ਸੀ ਹੌਲੀ-ਹੌਲੀ ਆਉਂਦੀ ਜਾਂਦੀ ਨੇ। ਉਹ ਚੁੱਪ ਰਹੀ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਊ ਜੀ ਨੇ ਪੁੱਛਿਆ—ਪ੍ਰੇਮ ਕੌਰੇ (ਸਹੁਰਿਆਂ ਦਾ ਨਾਂ) ਫਿਰ ਗੱਲ ਕਿਤੇ ਮੁੱਕੀ ਕਿ ਨਾ ?...ਬਾਊ ਜੀ ਦੋ ਚਾਰ ਵਾਰੀ ਕਹਿੰਦੀ ਰਹੀ ਨਾ ਮੰਨੇ ।

--ਫੇਰ ! ਬਾਊ ਜੀ ਮੁੜ ਪੁੱਛਿਆ ।...ਚਾਚਾ ਜੀ ਬੋਲ ਪਏ--ਬਾਊ ਜੀ ਫੇਰ ਕੀ ਸੀ, ਜੋ ਜਨਾਨੀਆਂ ਕਰਦੀਆਂ ਹੁੰਦੀਆਂ ਨੇ । ਇਹਨੇ ਆਖਿਆ--ਜਾਂ ਸਾਕ ਦਿਉ ਨਹੀਂ ਤੇ ਮੈਨੂੰ ਵੀ ਰੱਖੋ । ਮੇਰੇ ਵਲ ਮੂੰਹ ਕਰਕੇ ਕਹਿਣ ਲੱਗੀ, "ਤੁਸੀਂ ਜਾਉ ਜੀ ਨਿਆਣੇ ਸਾਂਭੋ ਮੈਂ ਇਹਨਾਂ ਭਰਾਵਾਂ ਸਿਰ ਚੜ੍ਹ ਕੇ ਰਹਾਂਗੀ । ਸਾਰੀ ਦਿਹਾੜੀ ਝਗੜਾ, ਰਾਤ ਵੀ ਝਗੜਾ, ਬੱਸ ਬਾਊ ਜੀ ਮਨਾ ਕੇ ਉੱਠੀ ।... ਸਾਰੇ ਹੱਸ ਪਏ ।

ਚਾਚੀ ਜੀ ਨੇ ਦੱਸਿਆ--ਸੰਤੋ ਮੈਂ ਇਹ ਸੋਚਾਂ ਦੋ ਭਰਾਵਾਂ ਦੀ ਇਕ ਧੀ ਹੈ । ਮੁੰਡਾ ਸਾਡਾ ਮਾੜਾ ਏ, ਯਤੀਮ ਏ, ਉਹਦੀ ਮਦਦ ਹੁੰਦੀ ਰਹੇਗੀ ।... ਬਾਊ ਜੀ ਨੇ ਆਖਿਆ,—ਪ੍ਰੇਮ ਕੌਰੇ ਤੇਰੇ ਜਿਹੀਆਂ ਜਨਾਨੀਆਂ ਵਾਹਿਗੁਰੂ ਨੇ ਘੱਟ ਹੀ ਘੱਲੀਆਂ ਨੇ ।

ਚਾਚਾ ਜੀ ਨੇ ਦੱਸਿਆ—ਪਰਸੋਂ ਭਗਤ ਸਿੰਘ ਨੇ ਗੱਡੀ ਲੈ ਕੇ ਲਾਹੌਰ ਆਉਣਾ ਹੈ । ਸ਼ਾਮ ਨੂੰ ਸਾਢੇ ਅੱਠ ਵਜੇ ਮੁੜਕੇ ਗੱਡੀ ਲੈ ਕੇ ਪਠਾਨਕੋਟ ਜਾਣਾ ਹੈ । ਸਟੇਸ਼ਨ ਤੇ ਮੁੰਡੇ ਦੇ ਹੱਥ ਰੋੜੀ ਰੁਪਿਆ ਰੱਖ ਜਾਏਗਾ । ਮੈਂ ਅੰਦਰੇ ਅੰਦਰ ਬੜਾ ਖੁਸ਼ ਸਾਂ ।

ਜਿਸ ਦਿਨ ਰੋੜੀ ਰੁਪਿਆ ਮੇਰੇ ਹੱਥ ਉਤੇ ਰੱਖਣਾ ਸੀ । ਉਸ ਦਿਨ ਲੌਢੇ ਵੇਲੇ ਸਿਨਮੇਂ ਦਾ ਮੋਹ ਮੈਂ ਤਾਰਾ ਸਿੰਘ ਨੂੰ ਨਾਲ ਲੈ ਕੇ ਚਲਿਆ ਗਿਆ । ਇਕ ਸ਼ੋਅ ਮੁੱਕਾ ਲਾਗਲੇ ਦੂਜੇ ਸਿਨਮੇ ਵਿਚ ਦੂਜਾ ਸ਼ੋਅ ਵੇਖਣ ਵੜ ਗਏ । ਜਦ ਘਰ ਆਏ ਤਾਂ ਸਟੇਸ਼ਨ ਉਤੇ ਜਾਣ ਲਈ ਮੇਰੀ ਉਡੀਕ ਹੋ ਰਹੀ ਸੀ । ਬੂਹਾ ਲੰਘੇ ਤਾਂ ਚਾਚਾ ਜੀ ਨੇ ਮੈਨੂੰ ਹੱਥ ਵਾਲੀ ਸੋਟੀ ਨਾਲ ਵਾਹਵਾ ਝੰਬਿਆ, ਗਾਲ੍ਹਾਂ ਕੱਢੀਆਂ । ਤਾਰਾ ਸਿੰਘ ਸਹਿਮਿਆਂ ਰਿਹਾ ।

ਝੱਟ ਪੱਟ ਤਿਆਰ ਹੋ ਕੇ ਸਟੇਸ਼ਨ ਉਤੇ ਪਹੁੰਚੇ । ਅੱਗੇ ਭਗਤ ਹੋਰੀਂ ਇੰਜਣ ਦੇ ਬਾਹਰ ਖਲੋਤੇ ਸਾਡਾ ਰਾਹ ਵੇਖ ਰਹੇ ਸਨ । ਗੱਡੀ ਚੱਲਣ ਵਿਚ ਵੀਹ ਮਿੰਟ ਰਹਿੰਦੇ ਸੀ । ਬਾਊ ਜੀ ਤੇ ਭੂਆ ਵੀ ਨਾਲ ਸੀ । ਸਾਰੇ ਉਸਦੇ ਲਾਗੇ ਜਾ ਖਲੋਤੇ । ਗੱਲਾਂ ਬਾਤਾਂ ਕਰਦੇ ਰਹੇ । ਆਖਰ ਤੇ ਭਗਤ ਸਿੰਘ ਹੋਰਾਂ ਜੇਬ ਵਿਚੋਂ ਇਕ ਰੁਪਿਆ ਕੱਢ ਕੇ ਚਾਚੀ ਜੀ ਦੇ ਹੱਥ ਉਤੇ ਰੱਖਦਿਆਂ ਆਖਿਆ— ਲੈ ਮੰਗੋ ਲਾਡਲੀ ਕੁੜੀ ਸੀ ਸਮਝਾਂਗੇ ਨਿੱਕੀ ਭੈਣ ਦੇ ਆਖੇ ਖੂਹ ਵਿਚ ਸੁੱਟ ਦਿਤੀ ਹੈ । ਇਕੋ ਸਾਡੀ ਭੈਣ ਹੈ ਛੱਡਿਆ ਨਹੀਂ ਜਾਂਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਜਣ ਨੇ ਸੀਟੀ ਮਾਰੀ ਗੱਡੀ ਚਲੀ ਗਈ ਸਾਰੇ ਹੱਸਦੇ ਮੈਨੂੰ ਛੱਡਦੇ ਘਰ ਆ ਗਏ ।

ਮੇਰੀ ਨੌਕਰੀ ਦੀ ਮਨਜ਼ੂਰੀ ਖ਼ਤਮ ਹੋ ਗਈ, ਮੈਂ ਡੇਰੇ ਆ ਗਿਆ । ਭੂਆ ਨੇ ਮੇਰੇ ਇਕੱਠੇ ਕੀਤੇ ਰੁਪਏ ਮੈਨੂੰ ਦੇ ਦਿਤੇ ।

ਮੈਂ ਘਰ ਆ ਕੇ ਪਹਿਲਾ ਕੰਮ ਇਹ ਕੀਤਾ, ਬਟਾਲਿਉਂ ਸਾਮਾਨ ਲਿਆ ਕੇ ਇਕ ਕੋਠੜੀ ਦੇ ਅੱਗੇ ਦੂਜੀ ਕੋਠੜੀ ਪਾਈ । ਬਾਹਰ ਇਕ ਨਿੱਕੀ ਜਿਹੀ ਕੱਚੀ ਪੱਕੀ ਰਸੋਈ, ਘਰ ਦੀ ਕੋਈ ਸ਼ਕਲ ਬਣ ਗਈ । ਭਾਬੀ ਨੇ ਆਖਿਆ—ਹੁਣ ਕੁੜਮਾਈ ਹੋ ਗਈ ਹੈ, ਵਹੁਟੀ ਨੇ ਆਉਣਾ ਹੈ, ਕੋਠੜੀ ਪਾ ਲਈ ਹੈ । ਚੰਗਾ ਹੋਇਆ ਹੈ । ਨਵੀਂ ਕੋਠੜੀ ਵਿਚ ਲਕੜੀ ਦਾ ਸੈਲਫ ਲਾ ਕੇ ਵੱਡੇ-ਵੱਡੇ ਗਲਾਸ ਛੰਨੇ ਸਜਾ ਕੇ ਰੱਖ ਦਿੱਤੇ । ਮੇਰੇ ਭੈਣ ਭਰਾ ਖੁਸ਼ ਸਨ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਫਿਰ ਰਾਵਲਪਿੰਡੀ

ਲਾਹੌਰ ਭੂਆ ਨਾਲ ਚਲਿਆ ਗਿਆ । ਬਾਊ ਜੀ ਨੇ ਦੱਸਿਆ ਕਿ ਸਾਡੇ ਮਹਿਕਮੇ ਵਿਚ ਮਹੀਨੇ ਡੇਢ ਮਹੀਨੇ ਤੱਕ ਤਰਖਾਣ ਦੀ ਮਨਜ਼ੂਰੀ ਹੋਰ ਆਉਣ ਵਾਲੀ ਹੈ । ਤੂੰ ਬਾਹਰ ਕੰਮ ਕਰ ਫਿਰ ਉਥੇ ਲਵਾ ਦਿਆਂਗੇ । ਮੈਂ ਬਾਹਰ ਕੰਮ ਲੱਭ ਲਿਆ । ਬਹੁਤੀ ਦੂਰ ਨਹੀਂ ਸੀ । ਉਹ ਵੀ ਇਕ ਉਜਰਤੀਏ ਨੇ ਕੰਮ ਲਿਆ ਹੋਇਆ ਸੀ ।

ਉਥੇ ਕੰਮ ਕਰਦਿਆਂ ਤਿੰਨ ਚਾਰ ਦਿਨ ਹੋਏ ਸਨ । ਮੇਰੇ ਨਾਲ ਗੱਲਾਂ ਖੁਲ੍ਹ ਪਈਆਂ । ਉਸਨੇ ਮੈਨੂੰ ਆਖਿਆ—ਮੈਂ ਆਪਣੇ ਘਰ ਘੰਟੀ ਲਵਾਉਂਣੀ ਹੈ ਤੂੰ ਮੈਨੂੰ ਦੋ ਬੈਟਰੀਆਂ ਲਿਆ ਦਏਂ, ਮਜ਼ਾ ਆ ਜਾਏ ।...ਉਥੇ ਗੱਪਾਂ ਸ਼ੱਪਾਂ ਮਾਰਦਾ ਰਹਿੰਦਾ ਸਾਂ ਹਾਂ ਕਰ ਦਿੱਤੀ । ਬਾਊ ਜੀ ਦੇ ਸਟੋਰ ਵਿਚ ਇਕ ਮਜ਼ਦੂਰ ਸੀ ਡੇਰਾਦੂਨ ਵੱਲ ਦਾ ਮੇਰਾ ਬੜਾ ਯਾਰ ਬਣ ਗਿਆ ਹੋਇਆ ਸੀ । ਜਦ ਮੈਂ ਪਹਿਲੋਂ ਰੇਲਵੇ ਵਿਚ ਸਾਂ । ਉਸਨੇ ਇਕ ਸੂਰਮਾ ਮੰਗਾਇਆ ਜਿਸ ਨੂੰ ਪਾ ਕੇ ਪਹਿਲਾਂ ਕਿਸੇ ਕੁੜੀ ਜਾਂ ਮੁਟਿਆਰ ਦੇ ਸਾਹਮਣੇ ਅੱਖੀਆਂ ਮਿਲਾਉਣ ਨਾਲ ਉਹ ਮੋਹਿਤ ਹੋ ਜਾਏਗੀ । ਉਹਦੇ ਪੰਜ ਰੁਪਏ ਜ਼ਾਇਆ ਹੀ ਗਏ ਸਨ ।

ਉਸ ਨਾਲ ਹੁਣ ਵੀ ਮੇਰੀ ਵਾਹ-ਵਾਹ ਸੀ । ਉਸ ਨੂੰ ਬੈਟਰੀਆਂ ਲਈ ਕਿਹਾ, ਉਹ ਸਟੋਰ ਦਾ ਸਾਮਾਨ ਸਾਂਭਦਾ ਤੇ ਦਿੰਦਾ । ਉਸਨੇ ਮੈਨੂੰ ਦੋ ਬੈਟਰੀਆਂ ਟੈਲੀਫੂਨ ਚਲਾਉਣ ਵਾਲੀਆਂ ਦੇ ਦਿੱਤੀਆਂ । ਉਹ ਬੈਟਰੀਆਂ ਫੜਕੇ ਸਟੇਸ਼ਨ ਉਤੋਂ ਦੀ ਬਾਹਰ ਜਾ ਰਿਹਾ ਸਾਂ ਇਕ ਰੇਲਵੇ ਪੁਲਿਸ ਦੇ ਸਿਪਾਹੀ ਨੇ ਫੜ ਲਿਆ । ਪੁੱਛਿਆ—ਕਿੱਥੇ ਲੈ ਕੇ ਚੱਲਿਆ ਹੈ ? ਮੇਰੇ ਮੂੰਹੋਂ ਝੱਟਪੱਟ ਨਿਕਲਿਆ ਬਾਬੂ ਅਹਿਮਦ ਦੀਨ ਦੇ ਘਰ ਉਸਨੇ ਘੰਟੀ ਲਵਾਉਣੀ ਹੈ ।

ਬਾਬੂ ਅਹਿਮਦ ਦੀਨ ਮਹਿਕਮੇ ਦਾ ਵੱਡਾ ਅਫਸਰ ਸੀ । ਮੇਰਾ ਫੁਫੜ ਵੀ ਕੋਟਲੀ ਸਿੰਧ ਤੋਂ ਤਰੱਕੀ ਲੈ ਕੇ ਲਾਹੌਰ ਆ ਚੁੱਕਾ ਸੀ । ਉਸ ਦਾ ਦੂਜਾ ਵਿਆਹ ਲਾਹੌਰ ਆ ਕੇ ਹੋਇਆ । ਮੇਰੀ ਵੱਡੀ ਭੂਆ ਨੂੰ ਉਸ ਮਾਰ ਮਾਰ ਕੇ ਮਾਰ ਦਿੱਤਾ ਸੀ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਪੁਲਿਸ ਨੇ ਇਕ ਥਾਂ ਬਿਠਾ ਕੇ ਬਾਬੂ ਅਹਿਮਦ ਦੀਨ ਨੂੰ ਸੱਦ ਲਿਆਂਦਾ। ਉਹਨਾਂ ਮੈਨੂੰ ਕੁਝ ਨਹੀਂ ਆਖਿਆ। ਪੁਲਿਸ ਨੇ ਬੈਟਰੀਆਂ ਰੱਖ ਕੇ ਮੈਨੂੰ ਆਖਿਆ ਜਾ ਨੱਠ ਜਾ। ਮੇਰੇ ਅੰਦਰ ਕਾਫੀ ਡਰ ਬਹਿ ਗਿਆ। ਮੈਂ ਕੀ ਕੀਤਾ, ਪਤਾ ਨਹੀਂ ਬਾਊ ਤੇ ਭੂਆ ਕੀ ਆਖੇ। ਇਸ ਡਰ ਨਾਲ ਭਰੇ ਹੋਏ ਨੇ ਕੰਮ ਤੋਂ ਔਜ਼ਾਰ ਚੁੱਕ ਲਿਆਂਦੇ। ਘਰ ਵੀ ਭੂਆ ਨੇ ਕੁਝ ਨਾ ਆਖਿਆ ! ਮੈਂ ਦੂਜੇ ਦਿਨ ਰਾਤ ਰਾਵਲਪਿੰਡੀ ਦੀ ਗੱਡੀ ਚੜ੍ਹ ਗਿਆ। ਉਹਨੇ ਸਵੇਰੇ ਰਾਵਲਪਿੰਡੀ ਉਤਾਰ ਦਿੱਤਾ। ਲਾਲ ਕੁੜਤੀ ਦੇ ਪਾਸੇ ਵੱਲ ਸਟੇਸ਼ਨ ਤੋਂ ਲਕੜੀ ਦੇ ਪੁਲ ਵੱਲ ਆਉਂਦਿਆਂ ਇਕ ਗੁਰਦੁਆਰਾ ਸੀ। ਉਥੇ ਸਾਮਾਨ ਰੱਖ ਦਿੱਤਾ। ਭਾਈ ਜੀ ਮੇਰੇ ਨਾਲ ਚੰਗਾ ਪੇਸ਼ ਆਏ। ਹੱਥ ਮੂੰਹ ਧੋ ਕੇ ਮੱਥਾ ਟੇਕ ਕੇ ਬਹਿ ਗਿਆ। ਇਕੋ ਅਠਿਆਨੀ ਮੇਰੇ ਕੋਲ ਬਚੀ ਸੀ। ਉਹ ਚੜ੍ਹਾ ਦਿੱਤੀ ਸੱਚੇ ਪਾਤਸ਼ਾਹ ਆਪੇ ਕੰਮ ਦਿਵਾਵੇਗਾ।

ਭਾਈ ਜੀ ਨੇ ਰੋਟੀ ਖਵਾਈ। ਮੈਂ ਲਾਲ ਕੁੜਤੀ ਕੰਮ ਲੱਭਣ ਲਈ ਤੁਰ ਪਿਆ। ਇਸ ਇਲਾਕੇ ਨੂੰ ਮੇਰੇ ਖ਼ਿਆਲ ਵਿਚ ਸਦਰ ਵੀ ਕਹਿੰਦੇ ਸਨ। ਚੰਗੇ ਸ਼ਹਿਰ ਵਾਂਗ ਵੱਸਿਆ ਹੋਇਆ ਛਾਉਣੀ ਨਾਲ ਸੀ। ਮੈਂ ਤੁਰਦਾ ਇਕ ਖੁਲ੍ਹੀ ਜਿਹੀ ਲੱਕੜ ਦੇ ਕੰਮ ਵਾਲੀ ਵਰਕਸ਼ਾਪ ਦੇਖੀ ਉਸ ਦੇ ਅੰਦਰ ਜਾ ਵੜਿਆ। ਤਰਖਾਣ ਕੰਮ ਕਰਦੇ ਸਨ ਪੁਛਿਆ—ਕੰਮ ਹੈਗੈ ? ਉਹਨਾਂ ਆਖਿਆ ਨਹੀਂ। ਮੈਂ ਉਥੋਂ ਪੁੱਠੇ ਪੈਰੀਂ ਫਿਰ ਤੁਰਿਆ। ਵਰਕਸ਼ਾਪ ਕਿਸੇ ਦੁਗਲ ਨਾਂ ਦੇ ਆਦਮੀ ਦੀ ਸੀ।

ਇਕ ਖੁਲ੍ਹੀ ਸੜਕ ਦੇ ਕੰਢੇ ਉਤੇ ਵੱਡੀ ਸਾਰੀ ਘਰ ਨੁਮਾ ਕੋਠੀ ਦਿਸੀ। ਉਸ ਵਿਚ ਲੱਕੜ ਦੀਆਂ ਗੇਲੀਆਂ ਤੇ ਛਤਰੀਆਂ ਪਈਆਂ ਸਨ। ਪੁਣਸ਼ੀ ਆਰੇ ਵਾਲੇ ਗੇਲੀ ਚੀਰ ਰਹੇ ਸਨ। ਤਿੰਨ ਚਾਰ ਆਦਮੀ ਖਲੋਤੇ ਗੱਲਾਂ ਕਰ ਰਹੇ ਸਨ। ਉਹਨਾਂ ਨੂੰ ਸਤਿ ਸ੍ਰੀ ਅਕਾਲ ਆਖੀ—ਕੰਮ ਹੈਗਾ ਏ ?...ਮੇਰੇ ਵਲ ਉਹਨਾਂ ਵੇਖਿਆ। ਵਿਚੋਂ ਵੱਡੇ ਮੋਹਤਬਿਰ ਨੇ ਆਖਿਆ ਹੈਗਾ ਏ। ਤੂੰ ਕਿਥੋਂ ਆਇਆ ਹੈਂ ?...ਮੈਂ ਸਭ ਕੁਝ ਦੱਸ ਦਿੱਤਾ। ਉਹਨਾਂ ਆਖਿਆ—ਜਾ ਹੁਣੇ ਸਮਾਨ ਚੁੱਕ ਲਿਆ, ਇਕ ਪਾਸੇ ਇਸ਼ਾਰਾ ਕਰਕੇ ਆਖਿਆ, ਉਸ ਕੋਠੜੀ ਵਿਚ ਸਾਮਾਨ ਰਖ ਲੈ, ਉਥੇ ਹੀ ਸੌਂ ਰਿਹਾ ਕਰ।...ਬਹੁਤ ਖੁਸ਼ ਹੋਇਆ, ਕਿੰਨੀ ਵਾਰੀ ਵਾਹਿਗੁਰੂ ਵਹਿਗੁਰੂ ਆਖਿਆ।

ਉਹਨਾਂ ਦੇ ਪਿਛਲੇ ਪਿੰਡੋਂ ਇਕ ਤਰਖਾਣ ਆਇਆ ਹੋਇਆ ਸੀ, ਨਾਂ ਸੀ ਜਵਾਲਾ ਸਿੰਘ। ਬਹੁਤ ਸਾਊ ਤੇ ਪਿਆਰੇ ਸੁਭਾਅ ਦਾ। ਅੱਡੇ ਬੱਧੇ ਦੂਜੇ ਦਿਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਮ ਸ਼ੁਰੂ ਕਰ ਦਿਤਾ । ਚੁਗਾਠਾਂ ਬਣਦੀਆਂ ਸਨ । ਜਵਾਲਾ ਸਿੰਘ ਨੇ ਮੇਰੇ ਨਾਲ ਪੁੱਤਰਾਂ ਜਿਹਾ ਸਲੂਕ ਕੀਤਾ ।

ਜਿਹੜੀ ਪਿੰਡੀ ਤੋਂ ਚਕਲਾਲੇ ਸੜਕ ਜਾਂਦੀ ਹੈ ਉਸਦੇ ਕੰਢੇ ਬਾਹਰ ਵਾਰ ਕਰਕੇ ਉਹਨਾਂ ਦੀ ਆਪਣੇ ਲਈ ਕੋਠੀ ਬਣਨੀ ਸੀ । ਉਸ਼ਦੀ ਤਿਆਰੀ ਸੀ । ਰੋਟੀ ਤੰਦੂਰ ਤੋਂ ਖਾਣ ਲੱਗ ਪਿਆ । ਪੰਜ ਰੁਪਏ ਮਹੀਨਾ ਘਿਉ ਆਪਣਾ । ਰਾਜਾਂ ਨੇ ਕੰਮ ਸ਼ੁਰੂ ਕਰ ਦਿੱਤਾ । ਉਹਨਾਂ ਜੇਹਲਮ ਦਾ ਬਾਬੂ ਮੁਨਸ਼ੀ ਰੱਖਿਆ ਹੋਇਆ ਸੀ । ਇਕ ਪੰਜਾਬ ਦਾ ਓਵਰਸੀਅਰ । ਮੇਰੇ ਪੌਣੇ ਦੋ ਰੁਪਏ ਰੋਜ਼ ਲੱਗੇ । ਇਹ ਦੁਆਬੇ ਦੇ ਪੁਰਾਣੇ ਠੇਕੇਦਾਰ ਸਨ । ਰਾਵਲਪਿੰਡੀ ਵਾਲੇ ਦਾ ਨਾਂ ਯਾਦ ਨਹੀਂ । ਵੱਡੇ ਭਰਾ ਇੰਦਰ ਸਿੰਘ ਨੇ ਕੋਹਾਟ ਕੰਮ ਲਿਆ ਹੋਇਆ ਸੀ । ਉਸ ਦੀ ਪਤਨੀ ਮਰ ਜਾਣ ਕਰਕੇ ਨਿੱਕੀ ਭਰਜਾਈ ਨੇ ਨਿੱਕੀ ਭੈਣ ਦਾ ਸਾਕ ਜੇਠ ਨੂੰ ਕਰਾ ਦਿੱਤਾ ਹੋਇਆ ਸੀ । ਪਿੰਡੀ ਵਾਲੇ ਕੋਲ ਹੀ ਉਹ ਰਹਿੰਦੀ । ਮਹੀਨੇ ਪੰਦਰੀਂ ਦਿਨੀਂ ਕੋਹਾਟ ਵਾਲਾ ਆਉਂਦਾ ਜਾਂਦਾ ਰਹਿੰਦਾ, ਬੜੇ ਕੱਦ ਕਾਠ ਦਾ ਲੰਮੀ ਦਾੜ੍ਹੀ ਵਾਲਾ, ਰੋਹਬ ਭਰਿਆ ਬੰਦਾ । ਮੈਂ ਉਸ ਤੋਂ ਸਦਾ ਡਰਦਾ । ਉਸਨੇ ਮੈਨੂੰ ਕਦੇ ਕਵਾਇਆ ਵੀ ਨਹੀਂ ਸੀ । ਕੰਮ ਨਿੱਕੀ-ਨਿੱਕੀ ਰਫ਼ਤਾਰੇ ਚੱਲ ਰਿਹਾ ਸੀ । ਜਿਹੜਾ ਕੰਮ ਕਰਨਾ ਨਹੀਂ ਸੀ ਆਉਂਦਾ ਉਹ ਕੰਮ ਵੀ ਜਵਾਲਾ ਸਿੰਘ ਹੋਰੀਂ ਮੈਨੂੰ ਸਿਖਾ ਦਿੰਦੇ । ਅਸੀਂ ਸਾਰੇ ਸਿੱਖ ਸਾਂ, ਸਿਰਫ਼ ਇਕ ਮੁਸਲਮਾਨ ਪਾਲਿਸ਼ ਕਰਨ ਵਾਲਾ ਕਦੇ-ਕਦੇ ਆਉਂਦਾ, ਘਰ ਦੇ ਫਰਨੀਚਰ ਨੂੰ ਪਾਲਿਸ਼ ਕਰਨ ਲਈ । ਉਹ ਬੇ-ਹੱਦ ਸ਼ਰਾਬੀ ਸੀ । ਸਾਰੇ ਪਿੰਡ ਵਿਚ ਮਸ਼ਹੂਰ । ਉਸ ਨੂੰ ਸਪਿਰਟ ਲਾਖ ਮਿਲਾ ਕੇ ਦਿੱਤੀ ਜਾਂਦੀ । ਬਹੁਤ ਵਾਰੀ ਸਪਿਰਟ ਵਿਚ ਪਾਣੀ ਮਿਲਾ ਕੇ ਪੀ ਜਾਂਦਾ ।

ਮੇਰੀ ਬਾਬੂ ਤੇ ਓਵਰਸੀਅਰ ਨਾਲ ਜੋੜੀ ਬਣ ਗਈ । ਉਨ੍ਹਾਂ ਠੇਕੇਦਾਰਾਂ ਦੀ ਬੁੱਢੜੀ ਮਾਂ ਸੀ । ਸਾਰੀ ਦਿਹਾੜੀ ਸਾਡੇ ਨਾਲ ਆਪਣੀਆਂ ਨਿੱਕੀ ਹੁੰਦੀ ਦੀਆਂ ਗੱਲਾਂ ਕਰਦੀ ਰਹਿੰਦੀ । ਇਕ ਹਫ਼ਤੇ ਵਿਚ ਅੰਨੀ ਹੋ ਗਈ । ਡਾਕਟਰਾਂ ਜਵਾਬ ਦੇ ਦਿਤਾ । ਕੋਠੀ ਵਿਚ ਲੰਮੀ ਰੱਸੀ ਬੰਨ੍ਹ ਦਿੱਤੀ ਗਈ । ਉਸ ਨੂੰ ਫੜ ਕੇ ਤੁਰੀ ਰਹਿੰਦੀ । ਘਰ ਵਾਲੇ ਇਜ਼ਤ ਅਤੇ ਸੇਵਾ ਬਹੁਤ ਕਰਦੇ ।

ਮੈਨੂੰ ਦੋਹਾਂ ਦਰਾਣੀ ਜਠਾਣੀ ਲੱਗਦੀਆਂ ਭੈਣਾਂ ਨੇ ਅੰਦਰ ਸੱਦ ਲੈਣਾ । ਅੰਦਰ ਦਾ ਵਿਹੜਾ ਖੁੱਲ੍ਹਾ ਸੀ । ਨਿੱਕੀ ਦੇ ਬੱਚਾ ਕੋਈ ਨਹੀਂ ਸੀ । ਵੱਡੀ ਦੇ ਬੱਚੇ ਸਨ । ਮੈਨੂੰ ਮੇਰੇ ਘਰਦੀਆਂ ਗੱਲਾਂ ਪੁੱਛਣੀਆਂ, ਕੋਈ ਚੰਗੀ ਚੀਜ਼ ਬਣਾਈ ਹੋਣੀ ਖਵਾਣੀ । ਇਸ ਤਰ੍ਹਾਂ ਵੇਖਣਾ ਜਿਸ ਤਰ੍ਹਾਂ ਮੈਂ ਉਹਨਾਂ ਦਾ ਨਿੱਕਾ ਵੀਰ ਹੋਵਾਂ । ਨਿੱਕੀ ਉਮਰੋਂ ਇੰਦਰ ਸਿੰਘ ਨਾਲੋਂ ਬਹੁਤ ਨਿੱਕੀ ਸੀ । ਸੁਹਣੀ, ਚੁਸਤ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਸਿਆਣੀ । ਉਹਨੇ ਮੈਨੂੰ ਬਿਲਕੁਲ ਨਿੱਕਾ ਵੀਰ ਸਮਝਣਾ । ਅੱਡੇ ਤੋਂ ਸੱਦ ਕੇ ਲੈ ਜਾਣਾ । ਗੱਲਾਂ ਕਰਨੀਆਂ । ਇਕ ਦਿਨ ਆਪਣੀ ਵੱਡੀ ਭੈਣ ਨੂੰ ਕਹਿਣ ਲੱਗੀ—ਭੈਣ ਇਹ ਸਾਹਬ ਵਰਗਾ ਗੋਰਾ ਹੈ । ਇਹ ਭੈਣਾਂ ਸੁਹਣੀਆਂ ਸਨ ਉਹ ਦੋਵੇਂ ਭਰਾ ਕਾਲੇ । ਇਕ ਵਾਰੀ ਮੈਂ ਆਪਣੀ ਕੋਠੜੀ ਵਿਚ ਲੰਮੇ ਪਏ ਪਏ ਨੇ ਸੋਚਿਆ, ਜੇ ਮੇਰੀਆਂ ਸਕੀਆਂ ਭੈਣਾਂ ਹੁੰਦੀਆਂ ਤੇ !! ਬੱਸ ਮੇਰੀ ਸੋਚ ਨੇ ਪਾਸਾ ਮੋੜ ਲਿਆ ।

ਜਿਹਲਮ ਵਾਲਾ ਬਾਬੂ ਬੜਾ ਗੰਭੀਰ, ਚਲਾਕ ਤੇ ਮੀਸਣਾ ਸੀ ! ਹਰ ਇਕ ਨਾਲ ਖੁਲਦਾ ਨਹੀਂ ਸੀ । ਠੇਕੇਦਾਰਾਂ ਦੇ ਇਕ ਬਾਂਹ ਵਾਲੀ ਬ੍ਰਾਹਮਣੀ ਹੰਦਾ ਲੈਣਾ ਆਉਂਦੀ । ਉਸਦਾ ਘਰ ਕੋਠੀ ਦੇ ਪਿੱਛੇ ਸੀ । ਮੈਨੂੰ ਪਤਾ ਸੀ । ਇਕ ਰਾਤ ਬਾਬੂ ਕਹਿਣ ਲੱਗਾ—ਯਾਰ ਜਾ ਉਸ ਬ੍ਰਾਹਮਣੀ ਨੂੰ ਸੱਦ ਲਿਆ । ਮੈਂ ਗਿਆ ਉਹ ਮੇਰੇ ਮਗਰ ਆ ਗਈ । ਬਾਬੂ ਦੇ ਕਮਰੇ ਵਿਚ ਚਲੀ ਗਈ । ਇਹ ਉਸਦੇ ਘੜੇ ਦੀ ਮੱਛੀ, ਉਹ ਕਵਾਰਾ ਸੀ । ਇਕ ਹੋਰ ਰਾਤ ਮੈਨੂੰ ਓਵਰਸੀਅਰ ਕਹਿਣ ਲੱਗਾ ਮੇਰੇ ਨਾਲ ਆ ਕਿਤੇ ਚੱਲੀਏ, ਮੈਂ ਤੁਰ ਪਿਆ । ਉਸਨੇ ਟਾਂਗਾ ਕੀਤਾ ਤੇ ਸਿੱਧਾ ਰੇਲ ਦੇ ਹੇਠੋਂ ਲੰਘਦੀ ਸੜਕ ਥਾਣੀ ਲਈ ਦਾ ਪੁਲ ਲੰਘ ਕੇ ਰਾਜਾ ਬਾਜ਼ਾਰ ਦੇ ਬਾਹਰ ਚਕਲੇ ਜਾ ਵੜਿਆ । ਬੜਾ ਹੈਰਾਨ ਸਾਂ ਪਰ ਤੁਰਿਆ ਗਿਆ । ਇਕ ਨਾਲ ਭਾਅ ਕਰਕੇ ਅੰਦਰ ਚਲਿਆ ਗਿਆ । ਮੈਂ ਬਾਹਰ ਬੈਠਾ ਰਿਹਾ । ਥੋੜੇ ਚਿਰ ਬਾਅਦ ਉਸ ਕੰਜਰੀ ਨੇ ਉਹਨੂੰ ਗਾਲ੍ਹਾਂ ਕੱਢੀਆਂ । ਉਹ ਦੋ ਨੂੰ ਛੱਡਕੇ ਤੀਜੀ ਕੋਲ ਚਲਿਆ ਗਿਆ । ਉਥੋਂ ਨਿਕਲ ਕੇ ਟਾਂਗਾ ਕੀਤਾ ਆਪਣੇ ਟਿਕਾਣੇ ਆ ਗਏ ।

ਇਕ ਹੋਰ ਰਾਤ ਬਾਬੂ ਮੈਨੂੰ ਟਾਂਗੇ ਉਤੇ ਉਥੇ ਲੈ ਗਿਆ । ਟਾਂਗਾ ਆਉਣ ਜਾਣ ਦਾ ਕੀਤਾ । ਉਸ ਚਕਲੇ ਵਿਚ ਪੰਜ ਛੇ ਚਬਾਰੇ ਸਨ । ਇਕ ਚਬਾਰੇ ਉਤੇ ਚੜ੍ਹ ਗਿਆ । ਅੱਧੇ ਘੰਟੇ ਬਾਅਦ ਉਸ ਟਾਂਗੇ ਵਿਚ ਟਿਕਾਣੇ ਪਹੁੰਚ ਗਏ । ਚਕਲਾ ਦਸ ਵਜੇ ਬੰਦ ਹੋ ਜਾਂਦਾ ਸੀ । ਸਾਡੇ ਰਹਿੰਦਿਆਂ ਹੀ ਓਵਰਸੀਅਰ ਨੂੰ ਸਜਾਕ ਹੋ ਗਿਆ । ਪਤਾ ਮੈਨੂੰ ਤੇ ਬਾਬੂ ਨੂੰ ਹੀ ਸੀ ।

ਇਕ ਰਾਤ ਮੈਂ ਇਕੱਲਾ ਟਾਂਗਾ ਕਰਕੇ ਬਾਬੂ ਵਾਲੀ ਕੋਲ ਗਿਆ । ਉਸਦੇ ਲਾਗੇ ਹੋਰ ਦੋ ਬੰਦੇ ਬੈਠੇ ਸਨ । ਮੈਨੂੰ ਵੇਖ ਕੇ ਉੱਠ ਕੇ ਚਲੇ ਗਏ । ਉਹ ਔਰਤ ਨਿਹਾਇਤ ਸੁਹਣੀ ਸੀ, ਦਾਨੀ ਸੀ, ਮੁਦੱਬਰ ਸੀ । ਪ੍ਰਭਾਵਸ਼ਾਲੀ ਚਿਹਰੇ ਤੇ ਵਜੂਦ ਵਾਲੀ । ਮੈਥੋਂ ਦੂਣੀ ਉਮਰ ਦੀ । ਉਸਦਾ ਮੇਰੇ ਤੇ ਛਾਇਆ ਪੈ ਗਿਆ ਉਹ ਮੈਨੂੰ ਅੰਦਰ ਪਲੰਗ ਤੇ ਲੈ ਗਈ । ਨਾ ਮੈਂ ਉਸ ਵੱਲ ਹਜੂਹ ਹੋਇਆ ਨਾ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਈ। ਗਲਾਂ ਕਰਦੀ ਰਹੀ ਮੈਂ ਉੱਤਰ ਦਿੰਦਾ ਰਿਹਾ...ਬੱਸ ਇਸ ਤਰ੍ਹਾਂ ਹੁੰਦਾ ਰਿਹਾ। ਮੈਨੂੰ ਮਾਂ ਤੇ ਪ੍ਰੇਮਕਾ ਦਾ ਸਮੇਲ ਜਾਪੀ। ਅਖੀਰ ਤੇ ਉਸ ਨੇ ਆਖਿਆ– ਨਿੱਕਿਆ ਸਰਦਾਰਾ ਵਾਰਸ਼ ਸ਼ਾਹ ਦੀ ਹੀਰ ਪੜਿਆ ਕਰ ਤੇਰੇ ਵਿਚ ਕੁਝ ਹੈ। (ਇਹ ਵਾਕਿਆ, "ਮੈਂ ਤੇ ਮੇਰੀ ਰਚਨਾ" ਲੇਖ ਵਿਚ ਛਾਇਆ ਹੋ ਚੁਕਿਆ ਹਾਂ)।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਆਇਆ। ਰਾਜਾ ਬਾਜਾਰ ਦੇ ਵੱਡੇ ਗੁਰਦੁਆਰੇ ਬੜੀ ਧੂਮ ਧਾਮ ਸੀ। ਅਸੀਂ ਵੀ ਸਭ ਗਏ। ਮੈਂ ਉਥੇ ਅੰਮ੍ਰਿਤ ਛਕਿਆ। ਉਥੇ ਪਹਿਲਾ ਧਾਰਮਕਿ ਕਵੀ ਦਰਬਾਰ ਸੁਣਿਆ। ਈਸ਼ਰ ਸਿੰਘ ਭਾਈਏ ਦੀ, "ਡੱਲਾ ਆਖਦਾ ਮੁੱਛਾਂ ਨੂੰ ਵੱਟ ਦੇ ਕੇ" ਕਵਿਤਾ ਸੁਣੀ। ਕਿਰਪਾਨ ਪਾਈ। ਦੋਏਂ ਵੇਲੇ ਪਾਠ ਕਰਨ ਲੱਗ ਪਿਆ। ਕਦੇ ਕਦੇ ਦਸਵੰਧ ਵੀ ਦਿੰਦਾ ਰਿਹਾ।

ਸਦਰ ਵਿਚ ਤਰਖਾਣ ਵਾਰੀ ਵਾਰੀ ਘਰ ਦੀਵਾਨ ਲਾਉਂਦੇ ਸਨ। ਉਥੇ ਜਾਣ ਲੱਗ ਪਿਆ। ਭਾਈ ਗੁਰਦਾਸ ਜੀ ਦੀਆਂ ਕਈ ਵਾਰਾਂ ਜ਼ਬਾਨੀ ਯਾਦ ਹੋ ਗਈਆਂ। ਭਾਈ ਗੁਰਦਾਸ ਦੀ ਪੂਰੀ ਪੁਸਤਕ ਮੈਂ ਲੈ ਲਈ। ਹੋਰ ਧਾਰਮਿਕ-ਕਵੀਆਂ ਦੀਆਂ ਪੁਸਤਕਾਂ ਵੀ ਪੜ੍ਹੀਆਂ। ਉਸ ਸਮੇਂ ਦੇ ਮਸ਼ਹੂਰ ਪੰਜਾਬੀ ਸ਼ਾਇਰਾਂ ਦੇ ਨਾਂ ਵੀ ਮੈਨੂੰ ਯਾਦ ਹੋ ਗਏ। ਜਿਵੇਂ, ਸ਼ਰਫ਼, ਹਮਦਮ, ਵਿਧਾਤਾ ਸਿੰਘ ਤੀਰ, ਚਾਤ੍ਰਿਕ, ਕਾਦਰ ਯਾਰ, ਬੁੱਲੇ ਸ਼ਾਹ, ਵਾਰਸ਼ ਦੀ ਹੀਰ, ਰੂਪ ਬਸੰਤ, ਵਗੈਰਾ। ਪੰਜਾਂ ਪਾਂਡਵਾਂ ਦੇ ਪੰਜ ਚਬੱਚੇ ਵੀ ਵੇਖਣ ਗਏ। ਉਥੇ ਇਕ ਪਹਾੜੀ ਦੇ ਹੇਠਾਂ ਸਨ। ਧਮਿਆਲ ਪਿੰਡ ਨੇੜੇ ਸੀ ਉਥੇ ਦੋ ਤਿੰਨ ਵਾਰੀ ਗਿਆ। ਪਤਾਸੇ ਲੈ ਕੇ। ਇਕ ਘਰ ਗੁਰੂ ਗੋਬਿੰਦ ਸਿੰਘ ਦਾ ਚਰਨ ਜੋੜਾ ਸੀ, ਮੱਥਾ ਟੇਕਦਾ, ਖੁਸ਼ੀ ਮਿਲਦੀ।

ਠੇਕੇਦਾਰ ਨੇ ਉਥੇ ਆਰਾ ਲਾਇਆ। ਇਕ ਪੁਰਾਣਾ ਇੰਜਣ ਮੰਗਾਇਆ। ਵੱਡੇ ਸਾਰੇ ਸਿਲੰਡਰ ਵਾਲਾ। ਉਹਦਾ ਤੇਲ ਵੀ ਵੱਖਰਾ ਸੀ। ਉਸਨੂੰ ਠੀਕ ਕਰਕੇ ਚਲਾਉਣ ਲਈ ਇਕ ਸਿੱਖ ਗਭਰੂ ਆਇਆ, ਬੜਾ ਹਸਮੁਖ ਕਵੀਆਂ ਦਾ ਚਹੇਤਾ। ਉਸ ਨਾਲ ਮੇਰੀ ਖੂਬ ਗੱਲਬਾਤ ਚੱਲਣੀ। ਉਸ ਨੂੰ ਬੜਿਆਂ ਕਵੀਆਂ ਦੀਆਂ ਜਬਾਨੀ ਕਵਿਤਾਵਾਂ ਸੁਨਾਉਣੀਆਂ। ਪ੍ਰੀਤਮ ਤੇ ਫਤਹਿ ਵੀ ਪੜ੍ਹਨ ਲੱਗ ਪਿਆ। ਉਹਨੀਂ ਦਿਨੀਂ ਫੈਸ਼ਨਦਾਰ ਵਹੁਟੀ ਉਤੇ ਬੜੀਆਂ ਕਵਿਤਾਵਾਂ ਪੜ੍ਹਨ ਨੂੰ ਮਿਲਦੀਆਂ। ਕਵਿਤਾਵਾਂ ਵੱਲ ਪੂਰੇ ਦਾ ਪੂਰਾ ਮਨ ਖਿਚਿਆ ਗਿਆ। ਉਂਜ ਚੰਗੀ ਮਾੜੀ ਉੱਚ ਨੀਵੀਂ ਦਾ ਕੋਈ ਪਤਾ ਨਹੀਂ ਸੀ। ਸਾਹਿਤ ਕੀ ਬਲਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ? ਇਹ ਤਾਂ ਉੱਕਾ ਨਹੀਂ ਸਾਂ ਜਾਣਦਾ। ਰਾਵਲਪਿੰਡੀ ਦੇ ਕੰਪਨੀ ਬਾਗ ਵਿਚ ਅਸੀਂ ਤਿੰਨੇ ਜਾਂਦੇ ਰਹਿੰਦੇ। ਮੈਨੂੰ ਬਹੁਤ ਚੰਗਾ ਲਗਦਾ। ਲਈ ਨਦੀ ਉਤੇ ਇਕ ਥਾਂ ਗੁਸਲਖ਼ਾਨੇ ਬਣੇ ਹੋਏ ਸੀ ਉਥੇ ਵੀ ਮੈਂ ਹੋ ਆਇਆ। ਮੈਨੂੰ ਜਾਨਣ, ਪੜ੍ਹਨ ਤੇ ਸਮਝਣ ਦਾ ਜਮਾਂਦਰੂ ਸ਼ੌਕ ਹੈ।

ਕੋਠੀ ਕੰਮ ਕਰਨ ਗਿਆ ਹੋਇਆ ਸਾਂ ਮਗਰੋਂ ਘਰੋਂ ਭਾਬੀ ਦਾ ਖ਼ਤ ਆਇਆ ਜਿਹੜਾ ਸਰਦਾਰਨੀਆਂ ਨੇ ਲੈ ਲਿਆ। ਜਦ ਮੈਂ ਤਰਕਾਲਾਂ ਨੂੰ ਮੁੜਿਆ ਉਹਨਾਂ ਨੌਂਕਰ ਤੋਂ ਸਦਵਾ ਲਿਆ, ਮੈਂ ਗਿਆ। ਉਹਨਾਂ ਪਹਿਲਾਂ ਰੋਟੀ ਖਵਾਈ ਮੀਟ ਤੇ ਖੀਰ ਬਣਾਈ ਹੋਈ ਸੀ। ਫਿਰ ਲਾਗੇ ਦੋਵੇਂ ਬਹਿ ਗਈਆਂ।—ਆਹ ਤੇਰਾ ਖ਼ਤ ਆਇਆ ਹੈ ਸਾਨੂੰ ਵੀ ਪੜ੍ਹ ਕੇ ਸੁਣਾ।...ਉਹਨਾਂ ਵੱਲ ਕਦੇ ਤਾੜ ਕੇ ਨਹੀਂ ਸਾਂ ਵੇਖਦਾ। ਨੀਵੀਆਂ ਨਜ਼ਰਾਂ ਨਾਲ ਪੜ੍ਹ ਦਿੱਤਾ। ਭਾਬੀ ਨੇ ਬੜੀਆਂ ਹਦਾਇਤਾਂ ਲਿਖੀਆਂ ਸਨ। ਪੈਸੇ ਸਾਂਭ ਕੇ ਰੱਖੀਂ। ਮਹੀਨੇ ਮਹੀਨੇ ਸਾਨੂੰ ਘੱਲ ਦਿਆ ਕਰ। ਹੋਰ ਵੀ ਇਹੋ ਕੁਝ। ਨਿੱਕੀ ਬੀਬੀ ਨੇ ਕਿਹਾ—ਮਾਂ ਚੰਗੀ ਹੈ ਹੀਰੇ ਵਰਗੇ ਪੁੱਤਰ ਨੂੰ ਕਿਤੇ ਨਹੀਂ ਲਿਖਿਆ ਤੂੰ ਵੀ ਚੰਗਾ ਖਾਇਆ ਪੀਆ ਕਰ।...ਮੈਂ ਕੁਝ ਨਾ ਬੋਲਿਆ। ਅੱਖੀਆਂ ਅੱਥਰੂਆਂ ਰਾਹੀਂ ਦਿਲ ਦੇ ਵੇਦਨਾ ਟਾਇਪ ਕਰਨ ਲੱਗ ਪਈਆਂ। ਦੋਹਾਂ ਭੈਣਾਂ ਨੇ ਮੈਨੂੰ ਘੁੱਟ ਲਿਆ – ਫ਼ਿਕਰ ਨਾ ਕਰ ਜਿਹੜੀ ਚੀਜ਼ ਦੀ ਲੋੜ ਹੋਵੇ ਸਾਨੂੰ ਕਹਿ ਦਿਆ ਕਰ।

ਪਿੰਡੀਉਂ ਅੱਗੇ ਰਸਾਲਪੁਰ ਛਾਉਣੀ ਫੁਫੜ ਜਗਤ ਸਿੰਘ ਤੇ ਚਾਚਾ ਗਿਆਨ ਸਿੰਘ ਐਮ. ਈ. ਐਸ. ਵਿਚ ਕੰਮ ਕਰਦੇ ਸਨ। ਉਹਨਾਂ ਨਾਲ ਮੇਰਾ ਖ਼ਤ ਪੱਤਰ ਚਲਦਾ ਸੀ। ਕਲਕੱਤੇ ਵਾਲਾ ਮਦਨ ਥੇਟਰ ਪਿੰਡੀ ਆਇਆ। ਕਲਕੱਤੇ ਵੇਖ ਨਹੀਂ ਸਾਂ ਸਕਿਆ। ਤਿੰਨਾਂ ਸਲਾਹ ਕੀਤੀ ਵੇਖਣ ਦੀ। ਮੈਂ ਦਿਨੇ ਟਿਕਟਾਂ ਲੈਣ ਗਿਆ। ਸਾਇਕਲ ਮੇਰਾ ਲਈ ਨਦੀ ਦੀ ਨਿਵਾਣ ਵੱਲ ਉਤਰਦਿਆਂ ਸਾਹਮਣੇ ਆਉਂਦੇ ਟਾਂਗੇ ਦੇ ਪਹੀਏ ਨਾਲ ਵੱਜਕੇ ਡਿੱਗ ਪਿਆ। ਪਹੀਆ ਦੋਹਰਾ ਹੋ ਗਿਆ। ਰਤਾ ਵੀ ਹੋਰ ਟਾਂਗੇ ਵੱਲ ਉਲਰਦਾ ਤਾਂ ਬੰਬ ਮੇਰੀ ਹਿੱਕ ਵਿਚ ਖੁਬ ਕੇ ਪਿੰਡੇ ਵਲ ਨਿਕਲ ਜਾਣੀ ਸੀ। ਪਰ ਕਾਹਲ ਸੀ ਟਿਕਟਾਂ ਲੈਣ ਦੀ। ਸਾਇਕਲ ਉਥੇ ਬਣਨੇ ਦੇ ਦਿਤਾ। ਰਾਤ ਦੀ ਖੇਡ ਸੀ "ਸੀਤਾ।" ਵੇਖਣ ਗਏ ਮੈਨੂੰ ਬਿਲਕੁਲ ਸਵਾਦ ਨਾ ਆਇਆ। ਨਾ ਹੀ ਕਲਾ ਦੀ ਸਮਝ ਸੀ ਮੈਨੂੰ।

ਚਾਚੇ ਨੂੰ ਖ਼ਤ ਪਾਇਆ ਮਦਨ ਥੇਟਰ ਦਾ ਜ਼ਿਕਰ ਕੀਤਾ। ਉੱਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਇਆ ਤੂੰ ਬਹੁਤੇ ਤਮਾਸ਼ੇ ਨਾ ਵੇਖਿਆ ਕਰ। ਪੈਸੇ ਇਕੱਠੇ ਕਰ ਤੇਰਾ ਹੁਣ ਵਿਆਹ ਹੋਣਾ ਹੈ। ਜਦੋਂ ਕੰਮ ਮੁੱਕ ਗਿਆ ਸਾਡੇ ਕੋਲ ਆ ਜਾਈਂ। ਨਸ਼ਹਿਰੇ ਤੋਂ ਉੱਤਰ ਕੇ ਗੱਡੀ ਭਾਗਪੁਰ ਛਾਉਣੀ ਦੀ ਮਿਲਦੀ ਹੈ। ਗੱਡੀ ਨਾ ਮਿਲੇ ਟੈਕਸੀਆਂ, ਟਾਂਗੇ ਮਿਲ ਜਾਂਦੇ ਹਨ। ਹੋਰ ਕਈ ਗੱਲਾਂ ਲਿਖੀਆਂ ਸਨ।

ਕੋਠੀ ਸਾਹਮਣੇ ਇਕ ਦਿਨ ਸਾਇਕਲ ਫੜਕੇ ਬੰਦਾ ਖਲੋਤਾ ਦਿਸਿਆ। ਮੈਨੂੰ ਵੇਖਕੇ ਆਪਣੇ ਆਉਣ ਦਾ ਇਸ਼ਾਰਾ ਕੀਤਾ। ਇਹ ਮੇਰੇ ਕਸਾਈ ਮਾਸੜ ਦਾ ਚੰਗਾ ਪੁੱਤਰ ਕਰਤਾਰ ਸਿੰਘ ਸੀ। ਸਤਿ ਸ੍ਰੀ ਅਕਾਲ ਹੋਈ। ਹਾਲ ਉਸ ਦਾ ਮੰਦਾ ਜਾਪਿਆ। ਕਹਿਣ ਲੱਗਾ ਤੂੰ ਉਦੋਂ ਚੁੱਪ ਕਰਕੇ ਚਲਿਆ ਗਿਆ ਤੇਰੇ ਵੱਲ ਰੋਟੀ ਦੇ ਪੈਸੇ ਸਨ। ਘਰੋਂ ਖਾਂਦਾ ਰਿਹਾ ਸੈਂ ਨਾ।

ਮੈਂ ਬੜੀ ਖੁਸ਼ੀ ਨਾਲ ਉਸਨੂੰ ਦਸਾਂ ਦਾ ਨੋਟ ਦਿੱਤਾ। ਉਹ ਖੁਸ਼ ਹੋ ਕੇ ਚਲਿਆ ਗਿਆ। ਕੋਠੀ ਦੇ ਲਾਗੇ ਸਿਨੇਮਾ ਸੀ। ਉਥੇ ਮੈਂ ਪਹਿਲੀ ਵਾਰੀ ਬੋਲਣ ਵਾਲੀ ਫਿਲਮ ਦੇਖੀ, 'ਸ਼ੀਰੀ ਫਰਿਆਦ' ਪਿੰਡੀ ਹਰ ਪੱਖੋਂ ਮੇਰੀ ਆਤਮਾ ਤਕ ਪਹੁੰਚ ਗਈ ਸੀ। ਹੁਣ ਤਕ ਯਾਦ ਕਰਕੇ ਰੋ ਪੈਂਦਾ ਹਾਂ। ਜਦ ਉਹਨਾਂ ਭੈਣਾਂ ਦਾ ਚੇਤਾ ਆਉਂਦਾ ਹੈ ਮੋਹ ਨਾਲ ਭਰ ਜਾਂਦਾ ਹਾਂ। ਜਵਾਲਾ ਸਿੰਘ ਦਾ ਨਾਂ ਬੜੇ ਆਦਰ ਨਾਲ ਚੇਤੇ ਕਰਦਾ ਹਾਂ। ਮੇਰੇ ਅੰਦਰ ਹੁਣ ਤਾਂ ਇਕੋ ਲੋਕ ਵਾਦੀ ਸੋਚ ਹੈ। ਮੇਰੇ ਯਾਰ, ਔਰਤ ਜ਼ਾਤ, ਚੰਗੇ ਡਾਕਟਰ ਮੇਰੇ ਲਈ ਇਹ ਤਿੰਨ ਰੱਬ ਹਨ। ਮੇਰੀ ਜਾਨੀ, ਮੇਰੀ ਕਲਮ, ਮੇਰਾ ਪਰਿਵਾਰ, ਮੇਰੀਆਂ ਪੁਸਤਕਾਂ, ਮੇਰੀ ਉਸਤਾਦੀ ਦੁਨੀਆਂ ਦੀਆਂ ਅਤੇ ਭਾਰਤ ਦੀਆਂ ਚੰਗੀਆਂ ਪੁਸਤਕਾਂ ਜ਼ਿੰਦਗੀ ਤੇ ਲੋਕ।

ਕੰਮ ਖ਼ਤਮ ਹੋ ਗਿਆ। ਭਾਬੀ ਨੇ ਖ਼ਤ ਘੱਲਿਆ ਰਸਾਲਪੁਰ ਗਿਆ ਉਥੇ ਆਪਣੇ ਭੂਆ ਫੁਫੜ ਕੋਲ ਰਹੀਂ ਗਿਆਨ ਸਿੰਘ ਵੱਲ ਨਹੀਂ। ਇਸ ਭੂਆ ਦਾ ਮੇਰੇ ਪਿਤਾ ਨੇ ਵਿਆਹ ਕੀਤਾ ਸੀ। ਮੈਂ ਪਿੰਡੀਉਂ ਵਿਹਲਾ ਹੋ ਕੇ ਗੱਡੀ ਫੜੀ ਨਸ਼ਹਿਰੇ ਉਤਰ ਕੇ ਟਾਂਗੇ ਬਹਿ ਕੇ ਰਸਾਲਪੁਰ ਆਪਣੀ ਭੂਆ ਦੇ ਘਰ ਜਾ ਡੇਰੇ ਲਾਏ। ਪਿੰਡੀ ਮੈਂ ਅੱਠ ਨੌਂ ਮਹੀਨੇ ਰਿਹਾ ਸਾਂ। ਇਹ ਮਹੀਨੇ ਮੇਰੀ ਸੂਝ ਦੇ ਮਹੀਨੇ ਸਨ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਰਸਾਲਪੁਰ

ਚਾਚਾ ਜੀ ਵੀ ਉਥੇ ਰਹਿੰਦੇ ਸਨ। ਸਾਰੇ ਖੁਸ਼ ਹੋਏ। ਉਹਨੂੰ ਪਤਾ ਸੀ ਭਾਬੀ ਨੇ ਕਿਹਾ ਹੋਵੇਗਾ ਗਿਆਨ ਸਿੰਘ ਵੱਲ ਨਾ ਰਹੀਂ। ਫੁੱਫੜ ਜਗਤ ਸਿੰਘ ਅਤੇ ਚਾਚਾ ਗਿਆਨ ਸਿੰਘ ਐਮ.ਈ.ਐਸ. ਵਿਚ ਕੰਮ ਕਰਦੇ ਸਨ। ਛਾਉਣੀ ਦਾ ਫ਼ਰਨੀਚਰ ਤੇ ਬਾਰਕਾਂ ਦੀ ਮੁਰੰਮਤ ਵਗੈਰਾ ਦਾ ਕੰਮ ਹੁੰਦਾ ਸੀ। ਫੁੱਫੜ ਜੀ ਦੇ ਵੱਡੇ ਭਰਾ ਦਾ ਦਮਾਦ ਬਿਜਲੀ ਘਰ ਵਿਚ ਅਫ਼ਸਰ ਸੀ। ਉਥੇ ਮੈਨੂੰ ਕੰਮ ਉੱਤੇ ਲਵਾ ਦਿੱਤਾ ਗਿਆ। ਦੋ ਰੁਪਏ ਦਿਹਾੜੀ। ਮੈਨੂੰ ਪਿਆਰ ਵੀ ਮਿਲਦਾ, ਪੈਸੇ ਵੀ, ਖੁਲ੍ਹ ਵੀ।

ਉਹਨੀਂ ਦਿਨੀਂ ਉਥੇ ਗੁਰੂ ਗੋਬਿੰਦ ਸਿੰਘ ਦਾ ਜਨਮ ਪੁਰਬ ਆਇਆ। ਰਾਤ ਨੂੰ ਕਵੀ ਦਰਬਾਰ ਹੋਇਆ। ਪਸ਼ੌਰੋਂ ਵੀ ਸ਼ਾਇਰ ਆਏ, ਹੋਤੀ ਮਰਦਾਨੇ ਵੀ। ਹੋਤੀ ਮਰਦਾਨੇ ਬਾਬੇ ਕਰਮ ਸਿੰਘ ਦਾ ਡੇਰਾ ਸੀ ਬੜਾ ਸੁੰਦਰ, ਪਿਆਰਾ ਤੇ ਸ਼ਾਂਤ। ਰਸਾਲਪੁਰ ਰਹਿੰਦਾ ਹੋਇਆ ਉਥੇ ਗਿਆ ਸਾਂ, ਦੋ ਤਿੰਨ ਵਾਰੀ। ਬਾਜ਼ਾਰੋਂ ਲੰਘਦਿਆਂ ਸੰਢੇ ਤੇ ਗਾਈਆਂ ਹਲਾਲ ਕਰਕੇ ਟੰਗੇ ਦਿਸਦੇ, ਜੀਅ ਕਰੈਹਤ ਜਾਂਦਾ। ਬਾਬੇ ਕਰਮ ਸਿੰਘ ਦੇ ਡੇਰੇ ਜਾ ਕੇ ਸਕੂਨ ਮਿਲਦਾ।

ਕਵੀ ਦਰਬਾਰ ਵਿਚ ਦੁਖੀ ਕਹੂਟਾ ਗੌਂ ਕੇ ਬੋਲਦਾ ਸੀ। ਅਨੰਦ ਆ ਜਾਂਦਾ। ਕਵੀ ਦਰਬਾਰ ਵਿਚ ਰਸਾਲਪੁਰ ਦੇ ਕੁਝ ਸ਼ਾਇਰ ਬੋਲੇ, ਜੈ ਸਿੰਘ 'ਜੈ ਪਟਰੌਲ ਪੰਪ' ਉਤੇ ਕੰਮ ਕਰਦਾ ਸੀ। ਸੁਜਾਨ ਸਿੰਘ ਦੂਗਲ ਬੋਲਿਆ, ਵਾਟਰ ਸਪਲਾਈ ਵਿਚ ਲੱਗਾ ਹੋਇਆ ਸੀ। ਇੰਦਰ ਸਿੰਘ ਕੁਦਰਤ ਤੇ ਸੁੰਦਰ ਸਿੰਘ ਕਮਲਾ ਅਖਬਾਰਾਂ ਰਸਾਲੇ ਵੇਚਦੇ ਸਨ। ਉਹਨਾਂ ਵੱਲ ਵੇਖਕੇ ਮੈਂ ਬੜਾ ਹੈਰਾਨ ਹੋਇਆ। ਮੇਰੇ ਅੰਦਰ ਇਹ ਭਾਵਨਾ ਜਾਗੀ, ਜੇ ਇਹ ਕਵਿਤਾ ਲਿਖ ਬੋਲ ਸਕਦੇ ਹਨ ਤਾਂ ਮੈਂ ਕਿਉਂ ਨਹੀਂ ?......ਉਸ ਰਾਤ ਮੈਂ ਘਰ ਆਕੇ ਵੀ ਸੋਚਦਾ ਰਿਹਾ ਸੁੱਤਾ ਨਾ।

ਉਹਨੀਂ ਦਿਨੀਂ ਫੈਸ਼ਨਦਾਰ ਵਹੁਟੀ ਉਤੇ ਲਿਖਣ ਦਾ ਰਿਵਾਜ ਪਿਆ ਹੋਇਆ ਸੀ। ਪਤਾ ਨਹੀਂ ਇਹ ਪਹਿਲ ਕਿਸ ਕੀਤੀ ਸੀ। ਹਰ ਪਰਚੇ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਖਬਾਰਾਂ ਵਿਚ ਇਕ ਅੱਧੀ ਕਵਿਤਾ ਜ਼ਰੂਰ ਆਉਂਦੀ। ਮੈਂ ਵੀ ਇਕ ਕਾਪੀ ਉੱਤੇ ਇਹੋ ਲਿਖਣ ਦੀ ਕੋਸ਼ਿਸ਼ ਕਰਦਾ ਰਿਹਾ। ਬੈਂਤ ਛੰਦ ਮੇਰੇ ਮੂੰਹ ਚੜ੍ਹਿਆ ਹੋਇਆ ਸੀ। ਇਹ ਸਭ ਲੁਕ ਕੇ ਕਰਦਾ ਰਿਹਾ। ਮੇਰੇ ਅੰਦਰ ਜਿਹੜੀ ਇਹ ਗੱਲ ਕਦੇ ਕਦੇ ਆਉਂਦੀ ਸੀ, ''ਮੈਂ ਕੀ ਚੀਜ਼ ਹਾਂ ਕਵੀ ਤੇ ਵੱਡੇ ਵੱਡੇ ਪੜ੍ਹੇ ਲਿਖੇ ਹੋਣਗੇ। ਜਿਸ ਉੱਤੇ ਵਾਹਿਗੁਰੂ ਦੀ ਕਿਰਪਾ ਹੋਵੇ ਕਵੀ ਬਣਦਾ ਹੈ ਮੇਰੇ ਜਿਹੇ ਮੂਰਖ ਨੇ ਕੀ ਬਣਨਾ ਹੈ।''

ਇਹ ਸੋਚ ਉੱਡ ਗਈ ਸੀ। ਉਂਜ ਡਰਦਾ ਸਾਂ ਜੇ ਕਿਸੇ ਨੂੰ ਘਰ ਪਤਾ ਲੱਗ ਗਿਆ ਸਾਰੇ ਮਾਖੌਲ ਕਰਨਗੇ। ਸਾਡੇ ਪਰਿਵਾਰ, ਸ਼ਰੀਕੇ ਵਿਚ ਜਾਂ ਜਿੱਥੇ ਮੇਰੇ ਸਹੁਰੇ ਬਣੇ ਸਨ ਜਾਂ ਕਿਸੇ ਦੂਰ ਨੇੜੇ ਦੇ ਰਿਸ਼ਤੇ ਵਿਚ ਵੀ ਕੋਈ ਵਿਦਵਾਨ, ਕਵੀ ਜਾਂ ਲੇਖਕ ਨਹੀਂ ਸੀ। ਨਾ ਕੋਈ ਸਿਆਸੀ ਬੰਦਾ। ਬਸ ਤਰਖਾਣ ਸਨ। ਸਰਕਾਰੀ ਨੌਕਰ ਜਾਂ ਅਫਸਰ ਜਾਂ ਠੇਕੇਦਾਰ। ਪਾਠ ਪੂਜਾ ਕਰਦੇ, ਧੰਨ ਇਕੱਠਾ ਕਰਨ ਦੀ ਧੁੰਨ, ਸਰਕਾਰ ਮਾਈ ਬਾਪ, ਟੋਡੀ ਕਿਸਮ। ਕਿਸਮਤ ਤੇ ਸ਼ੁਕਰ। ਸਾਡਾ ਪਰਿਵਾਰ ਉੱਕਾ ਅੰਗਰੇਜ਼ਾਂ ਦਾ ਝੋਲੀ ਚੁੱਕ, ਮੈਂ ਪਤਾ ਨਹੀਂ ਕਿਸ ਤਰ੍ਹਾਂ ਇਕ ਰੱਕੜ ਵਿਚ ਖੁੰਬ ਵਾਂਗ ਫੁੱਟ ਪਿਆ ਸਾਂ।

ਮੇਰੀ ਚਾਚੀ ਦੀ ਉਥੇ ਇਕ ਭੈਣ ਬਣੀ ਹੋਈ ਸੀ। ਉਸਦੀ ਲੜਕੀ ਸੀ ਕਰਿਸ਼ਨਾ। ਉਹ ਮੈਨੂੰ ਬੇ-ਹੱਦ ਚੰਗੀ ਲੱਗਣ ਲੱਗ ਪਈ। ਮੈਂ ਉਸ ਵੱਲ ਬਹੁਤ ਬੁਰੀ ਤਰ੍ਹਾਂ ਖਿੱਚਿਆ ਗਿਆ। ਮੇਰੇ ਅੰਦਰ ਉਸ ਦਾ ਇਕ ਬੁੱਤ ਬਣ ਗਿਆ। ਹਮੇਸ਼ਾਂ ਉਹ ਮੇਰੇ ਅੰਦਰ ਪੂਜੀ ਜਾਣ ਲੱਗ ਪਈ। ਉਸ ਦੀ ਉਮਰ ਇਤਨੀ ਨਹੀਂ ਸੀ ਕਿ ਉਹ ਮੇਰੇ ਚਿਹਰੇ ਦੇ ਪ੍ਰਭਾਵ ਵੇਖਣ ਦੇ ਢੰਗ ਦਾ ਅਹਿਸਾਸ ਕਰ ਸਕਦੀ। ਮੈਂ ਉਸ ਨਾਲ ਡਰਦਿਆਂ ਡਰਦਿਆਂ ਗੱਲ ਕਰਨੀ। ਪੱਜ ਪਾ ਕੇ ਉਸਦੇ ਘਰ ਜਾਣਾ। ਉਸਨੂੰ ਖੜਾਵਾਂ ਬਣਾ ਕੇ ਦੇਣ ਲੱਗੇ ਨੇ ਮੇਚ ਲਿਆ। ਉਸ ਦੀ ਲੱਤ ਨੂੰ ਛੂਹ ਨਾ ਸਕਿਆ। ਇਕ ਰੁੱਖ ਉੱਤੇ ਪੀਂਘ ਪਾ ਕੇ ਦਿੱਤੀ ਹੂਟਾ ਦਿੱਤਾ। ਉਂਗਲ ਤੱਕ ਨਾ ਲਾਈ। ਦੋ ਤਿੰਨ ਦਿਨ ਉਹ ਕਿਤੇ ਵਾਂਢੇ ਗਈ ਮੈਂ ਝਿੱਕੀ ਤੇ ਅਲਾਣੀ ਮੰਜੀ ਉੱਤੇ ਸੌਂ ਗਿਆ। ਮੇਰਾ ਉਹ ਸਿਮਰਨ ਜਿਹਾ ਬਣ ਗਈ। ''ਜਿਸਨੂੰ ਯਾਦ ਕਰੀਏ ਉਹ ਵੀ ਯਾਦ ਕਰਦਾ।'' ਇਕ ਤੁਕ ਮੇਰੇ ਅੰਦਰ ਉੱਗ ਪਈ। ਮਾਲਾ ਫੇਰਿਆਂ ਰੱਬ ਮਿਲ ਪੈਂਦਾ ਹੈ। ਇਸ ਗੱਲ ਨੇ ਉਹਦੇ ਨਾਂ ਦੀ ਮਾਲਾ ਮੈਥੋਂ ਜਪਾ ਦਿੱਤੀ। ਰਾਤ ਕਬਰਾਂ ਵਿਚ ਜਾ ਕੇ ਉਸ ਦੇ ਨਾਂ ਦੀ ਮਾਲਾ ਕਦੇ ਕਦੇ ਫੇਰਨੀ। ਇਸ ਵੇਲੇ ਮੈਂ ਲਿਖ ਰਿਹਾ ਆਪਣੇ ਉੱਤੇ ਹੱਸ ਰਿਹਾ ਹਾਂ। ਉਸਨੂੰ ਸਾਰੀ ਉਮਰ ਪਤਾ ਨਹੀਂ ਲੱਗਾ ਹੋਣਾ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿ ਉਸਦਾ ਕੋਈ ਆਸ਼ਕ ਸੀ । ਵਹਿਸ਼ਤ ਕਿਸਮ ਦਾ । ਉਸਦੇ ਸਰੀਰ ਨਾਲ ਲੱਗਣਾ ਕੀ ਸੀ ਛੂਹ ਤੱਕ ਨਾ ਸਕਿਆ ।

ਇਹ ਕਵਿਤਾ ਉਸ ਉੱਤੇ ਲਿਖੀ । ਸ਼ਾਇਦ ਕਈ ਲਿਖੀਆਂ । ਇਕ ਦਿਨ ਮੈਂ ਝੱਕਦਿਆਂ ਝੱਕਦਿਆਂ ਕੁਦਰਤ ਤੇ ਕਮਲੇ ਨੂੰ ਆਖਿਆ—ਮੈਂ ਵੀ ਕਵਿਤਾ ਲਿਖਦਾ ਹਾਂ ਤੁਹਾਨੂੰ ਵਿਖਾਉਣੀ ਚਾਹੁੰਦਾਂ, ਉਹਨਾਂ ਮੇਰੇ ਵੱਲ ਵੇਖਿਆ ਤੇ ਕਹਿਣ ਲੱਗੇ – ਗੁਰਦੁਆਰੇ ਦੇ ਲਾਗੇ ਜਿੱਥੇ ਮੰਦਰ ਹੈ । ਪੰਜ ਛੇ ਕਵਾਟਰ ਹਨ ਉਥੇ ਇਕ ਕਵਾਟਰ ਸਾਡਾ ਹੈ । ਅਸੀਂ ਰਹਿੰਦੇ ਹਾਂ ਉਥੇ ਆ ਜਾਈਂ ਅੱਜ ਸਾਡੀ ਕਵੀ ਮੰਡਲੀ ਦੀ ਮੀਟਿੰਗ ਵੀ ਹੈ ।

ਸ਼ਾਮ ਨੂੰ ਉਥੇ ਚਲਿਆ ਗਿਆ । ਇਹਨਾਂ ਤੋਂ ਸਿਵਾ ਦੋ ਜਣੇ ਹੋਰ ਸਨ ਉਥੇ । ਇਕ ਉਸ ਕੋਠੜੀ ਵਿਚ ਰਹਿੰਦਾ ਚਲਦਾ ਫਿਰਦਾ ਫੋਟੋਗ੍ਰਾਫਰ । ਗੋਰਿਆਂ ਫੌਜੀਆਂ ਦੀਆਂ ਫੋਟੋਆਂ ਲੈਂਦਾ ਰਹਿੰਦਾ, ਵੱਡੀਆਂ ਵੀ ਕਰ ਦਿੰਦਾ । ਇਕ ਹਿੰਦੂ ਬਜਾਜ, ਕੁੱਲੇ ਉਤੇ ਪੱਗ ਬੰਨ੍ਹਦਾ ਪਠਾਨ ਬੱਚਾ ਲੱਗਦਾ ।

ਮੈਂ ਇਕ ਕਰਿਸ਼ਨਾ ਉੱਤੇ ਅੱਠ ਮਿਸਰਿਆਂ ਦੀ ਕਵਿਤਾ ਸੁਣਾਈ । ਸਾਰਿਆਂ ਸੁਣੀ ਬੜੇ ਹੈਰਾਨ ਹੋਏ । ਕੁਦਰਤ ਨੇ ਆਖਿਆ—ਇਹ ਬੜਾ ਹਿਮਾਲਾ ਈ ਉਏ । ਜੈ ਸਿੰਘ ਜੈ ਨੇ ਦੱਸਿਆ, ਕਾਫੀਆ ਰਦੀਫ ਕੀ ਹੁੰਦਾ ਹੈ ਇਹ ਵੀ ਕਿਹਾ, ਤੇਰੀ ਕਵਿਤਾ ਵਿਚ ਰਦੀਫ ਠੀਕ ਹੈ । ਕਾਫੀਆ ਨਹੀਂ ਮਿਲਦਾ । ਉਸਨੇ ਮੈਨੂੰ ਕਾਫੀਆ ਮਿਲਾਉਣਾ ਦੱਸ ਦਿੱਤਾ । ਮੈਂ ਵੀ ਮੰਡਲੀ ਦਾ ਬਣ ਗਿਆ । ਉਹਨਾਂ ਨਾਲ ਮੇਰੀ ਸੰਗਤ ਵੱਧ ਗਈ । ਮੇਰਾ ਨਾਂ ਉਹਨਾਂ ਹਿਮਾਲਾ ਰੱਖ ਦਿੱਤਾ ਪਰ ਮੈਨੂੰ ਜਚਿਆ ਨਾ ਮੈਂ ਕੁਝ ਚਿਰ ਪਿੱਛੋਂ ਪ੍ਰਦੇਸੀ ਰੱਖ ਲਿਆ । ਉਹਨਾਂ ਮੈਥੋਂ ਕਰਿਸ਼ਨਾ ਬਾਰੇ ਖੂਬ ਗੱਲਾਂ ਸੁਣਨੀਆਂ । ਮੈਂ ਝੂਟ ਸੱਚ ਦੱਸ ਕੇ ਆਨੰਦ ਮਾਣਦੇ ਰਹਿਣਾ ਸਾਡੇ ਘਰ ਲਾਗੇ ਸੜਕ ਵੱਲ ਕਰਕੇ ਕੁਝ ਦੁਕਾਨਾਂ ਬਣੀਆਂ ਹੋਈਆਂ ਸਨ । ਉਥੇ ਇਕ ਫੋਟੋਗ੍ਰਾਫਰ ਦੀ ਬਾ-ਕਾਇਦਾ ਦੁਕਾਨ ਸੀ ਉਹ ਮੇਰਾ ਯਾਰ ਬਣ ਗਿਆ । ਕਰਿਸ਼ਨਾ ਬਾਰੇ ਉਸ ਨਾਲ ਗੱਪਾਂ ਮਾਰਦਾ ਰਹਿੰਦਾ । ਰਸਾਲਪੁਰ ਵਿਚ ਮੈਂ ਇਕ ਮੌਜੂ ਬਣ ਗਿਆ ਸਾਂ ।

ਮੈਂ ਕਵਿਤਾ ਦੀਆਂ ਦੋ ਤਿੰਨ ਹੋਰ ਪੁਸਤਕਾਂ ਮੰਗਾ ਕੇ ਪੜ੍ਹੀਆਂ । ਪੰਜਾਬੀ ਲਿੱਖਣੀ ਵੀ ਸ਼ੁਰੂ ਕਰ ਦਿੱਤੀ । ਪਹਿਲੋਂ ਉਰਦੂ ਲਿੱਪੀ ਵਿਚ ਲਿਖਦਾ ਸਾਂ ।

ਗੁਰਦੁਆਰੇ ਵਿਚ ਦੋ ਜੱਥੇ ਸਨ ਜਿਹੜੇ ਆਸਾ ਦੀ ਵਾਰ ਲਾਉਂਦੇ । ਇਕ ਔਰਤਾਂ ਦਾ ਇਕ ਮੁੰਡਿਆਂ ਦਾ । ਮੈਂ ਮੁੰਡਿਆਂ ਦੇ ਜੱਥੇ ਨਾਲ ਰਲ ਗਿਆ । ਚਿਮਟਾ ਖੂਬ ਵਜਾਉਣਾ ਆ ਗਿਆ । ਕਈ ਥਾਈਂ ਘਰ-ਦੀਵਾਨ ਲੱਗਦੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਗੁਰਦਾਸ ਦੀਆਂ ਵਾਰਾਂ ਦਾ ਉਹ ਸ਼ਬਦ ਮਸਤ ਹੋ ਕੇ ਬੋਲਦਾ ਦਰੋਪਤੀ ਦੇ ਚੀਰ ਹਰਨ ਵਾਲਾ । "ਮੇਰੀ ਕਰਿਸ਼ਨਾ ਬਿਨਾਂ ਪੱਤ ਜਾਂਦੀ ਏ ।" ਹੋਰ ਵੀ ਕਰਿਸ਼ਨਾ ਨਾਲ ਲੱਗਦੇ ਸ਼ਬਦ ਬੋਲਣੇ । ਰਾਤ ਦੇ ਘਰ—ਦੀਵਾਨਾ ਵਿਚ ਚਾਚੀ ਨੇ ਉਹਦੀ ਸਹੇਲੀ ਤੇ ਕਰਿਸ਼ਨਾ ਨੇ ਵੀ ਆਉਣਾ । ਉਹ ਦੀਵਾਨ ਮੇਰੇ ਲਈ ਅਲੋਕਾਰ ਹੁੰਦਾ ।...ਮੇਰੀ ਸਰਗਰਮੀ ਕਰਕੇ ਸਾਡੀ ਉਸ ਕੋਠੜੀ ਅੱਗੇ ਇਕ ਬੋਰਡ ਲੱਗ ਗਿਆ, "ਕਵੀ ਮੰਡਲੀ ਰਾਮਪੁਰ ਛਾਉਣੀ ।" ਐਤਵਾਰ ਨੂੰ ਮੰਡਲੀ ਨੇ ਮੀਟ ਬਣਾਉਣਾ, ਬੀਅਰ ਫੋਟੋਗ੍ਰਾਫਰ ਨੇ ਲਿਆਉਣੀ, ਬਾਹਰਲਾ ਬੂਹਾ ਬੰਦ ਕਰਕੇ ਜਸ਼ਨ ਹੋਣਾ । ਲਤੀਫੇ ਹੋਣੇ । ਸਾਡੇ ਸਾਰਿਆਂ 'ਚ ਮੈਂ ਤੇ ਸੁੰਦਰ ਸਿੰਘ ਕਮਲਾ ਪੰਜਾਬ ਵਿਚੋਂ ਸਾਂ ਬਾਕੀ ਪੋਠੋਹਾਰ ਦੇ । ਮੈਨੂੰ ਉਹਨਾਂ ਦੀ ਜ਼ਬਾਨ ਬਹੁਤ ਚੰਗੀ ਲੱਗਣੀ । ਬੋਲਣ ਦੀ ਕੋਸ਼ਿਸ਼ ਕਰਨੀ । ਕਈਆਂ ਸ਼ਾਇਰਾਂ ਦੀਆਂ ਨਵੀਆਂ ਪੁਰਾਣੀਆਂ ਕਹਾਣੀਆਂ ਉਹਨਾਂ ਨੇ ਸੁਨਾਉਣੀਆਂ ਖਾਸ ਕਰਕੇ ਜੈ ਸਿੰਘ ਜੈ ਨੇ । ਸਾਡੇ ਵਿਚੋਂ ਦੁਗਲ ਤੇ ਜੈ ਸਿੰਘ ਜੈ ਵਿਆਹੇ ਹੋਏ ਸਨ ਬਾਕੀ ਛੜੇ ਛਾਂਟ ।

ਔਰਤਾਂ ਦੇ ਕੀਰਤਨੀ ਜਥੇ ਦੀ ਜਿਹੜੀ ਬੀਬੀ ਆਗੂ ਸੀ ਉਹ ਸੀ ਈਸ਼ਰ ਕੌਰ, ਲੰਮੀ, ਗੋਰੀ, ਬਾਂਕੀ ਚਾਲ ਵਾਲੀ (ਖੈਰ ਚਾਲ ਤੇ ਪੋਠੋਹਾਰ ਵਰਗੀ ਕਿਤੇ ਮੈਂ ਨਹੀਂ ਵੇਖੀ । ਔਰਤਾਂ ਧਰਤੀ ਉੱਤੇ ਤੁਰਦੀਆਂ ਜਿਸ ਤਰ੍ਹਾਂ ਫੁੱਲਾਂ ਉੱਤੇ ਪੈਰ ਰੱਖ ਰਹੀਆਂ ਹੋਣ ਮਸਤ ਸਰੂਰੀ ਹੋਈ ਸ਼ਰਮਾਕਲ ਚਾਲ) ਦੁਗਲ ਦੀ ਉਹ ਪ੍ਰੇਮਿਕਾ ਸੀ ਉਸ ਦਾ ਨਾਂ ਈਸ਼ਰ ਕੌਰ ਕਲੀ ਅਸਾਂ ਰੱਖਿਆ ਹੋਇਆ ਸੀ । ਮਖੌਲ ਬਾਜੀ ਹੁੰਦੀ ਰਹਿਣੀ ਇਕ ਸ਼ਾਮ ਕੁਦਰਤ ਦੁਗਲ ਨੂੰ ਕਹਿਣ ਲੱਗਾ—ਉਏ ਦੁਗਲਿਆ (ਗਾਲ ਕੱਢ ਕੇ) ਨਾਲੇ ਉਸ ਦੀ ਭੈਣੂ ਆਖਨੇ ਨਾਲੇ ਉਸ ਦਾ ਯਾਰ...! ! ਅੱਗੋਂ ਦੁਗਲ ਨੇ ਉੱਤਰ ਦਿੱਤਾ—ਗਲ ਕੀਤੀ ਆਈ ਕਿ ਮਾਊਂ ਦੀ ਗੁੱਤ ਕੱਪੀ ਛੋੜੀ ਆਹੀ ਮੂਰਖੇ ਨੇ ਪੁਤਰਾ । ਉਸ ਦਾ ਨਾਂ ਭੈਣੂ ਏਂ ।... ਸਾਰਿਆਂ ਵਿਚ ਖੂਬ ਹਾਸਾ ਮੱਚਿਆ ।

ਗੁਰਦੁਆਰੇ ਦਾ ਭਾਈ ਬਜ਼ੁਰਗ ਕਮਾਲ ਦੀ ਕਥਾ ਕਰਦਾ । ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੰਦਾ । ਕਰੈਹਤ ਕਰਨ ਵਾਲਿਆਂ ਨੂੰ ਮੁੜ ਤੋਂ ਅੰਮ੍ਰਿਤ ਛਕਣ ਦੀ ਪ੍ਰੇਰਨਾ ਕਰਦਾ । ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਉੱਤੇ ਸਾਡੀ ਮੰਡਲੀ ਨੇ ਆਪ ਕਵੀ-ਦਰਬਾਰ [illegible] ਹੋਈਆਂ । ਅੰਮ੍ਰਿਤ ਪ੍ਰਚਾਰ ਹੋਣਾ ਸੀ । ਮੈਂ ਵੀ ਵਿ[illegible] ਪੰਜ ਮਰਦ । ਮੈਨੂੰ ਭਾਈ ਜੀ ਨੇ ਪੁੱਛਿ[illegible]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਮੇਰੇ ਮੂੰਹੋਂ ਨਿਕਲਿਆ ਮੈਂ ਤੁਰਕਨੀ ਨਾਲ...। ਭਾਈ ਨੇ ਝਟ ਆਖਿਆ ਬਸ-ਬਸ ਠੀਕ ਹੈ। ਮੈਂ ਇਹ ਸਭ ਝੂਠ ਬੋਲਿਆ ਸੀ।

ਮੰਡਲੀ ਦੀ ਕੋਠੜੀ ਵਿਚ ਇਕ ਗੁਜਰੀ ਦੁੱਧ ਦੇਣ ਆਉਂਦੀ। ਉਹ ਫੋਟੋਗ੍ਰਾਫਰ ਤੇ ਸਾਰਿਆਂ ਠਹਿਰਾਈ ਹੋਈ ਸੀ। ਲੋਕ ਜਾਣਦੇ ਸਨ। ਕਿਸੇ ਨੇ ਦਾਅ ਲਾ ਕੇ ਸਾਡੇ ਬੋਰਡ ਉੱਤੇ ਚਾਕ ਨਾਲ ਕਵੀ ਕੱਟ ਲੁੱਚ ਲਿਖ ਦਿੱਤਾ। ਬਣ ਗਿਆ ਲੁੱਚ ਮੰਡਲੀ ਰਸਾਲਪੁਰ ਛਾਉਣੀ।

ਅਸਾਂ ਬਾਜ਼ਾਰ ਦੇ ਮੈਦਾਨ ਵਿਚ ਬਸੰਤ ਉੱਤੇ ਕਵੀ ਦਰਬਾਰ ਰੱਖ ਦਿੱਤਾ। ਤਰਾ ਮਿਸਰਾ ਰੱਖਿਆ, "ਹੁਣ ਤੇ ਰੁੱਤ ਬਸੰਤ ਦੀ ਆਈ ਹੋਈ ਏ।" ਬਹੁਤ ਲੋਕ ਆਏ ਸਾਡੇ ਘਰ ਵਾਲੇ ਵੀ ਆਏ, ਕਰਿਸ਼ਨਾ ਆਈ। ਮਹਿਸੂਸ ਹੋਇਆ ਮੇਰੇ ਸਾਹਮਣੇ ਮੇਰੀ ਪੂਜਣ ਯੋਗ ਦੇਵੀ ਬੈਠੀ ਹੋਈ ਹੈ। ਤਰਾ ਮਿਸਰੇ ਵਾਲੀ ਕਵਿਤਾ ਦੇ ਬਾਅਦ ਮੈਂ ਕਰਿਸ਼ਨਾ ਮਹਾਰਾਜ ਉੱਤੇ ਲਿਖੀ ਪਹਿਲੀ ਕਵਿਤਾ ਬੋਲੀ। ਦੂਜੇ ਦਿਨ ਮੰਦਰ ਵਿਚ ਆਏ ਕਥਾਕਾਰ ਨੇ ਵੀ ਜ਼ਿਕਰ ਕਥਾ ਸਮੇਂ ਕੀਤਾ।

ਇਹ ਕਵਿਤਾਵਾਂ ਮੋਹਨ ਸਿੰਘ ਮਾਹਿਰ ਨੂੰ ਘੱਲੀਆਂ। ਉਹਨੇ ਉੱਤਰ ਦਿੱਤਾ ਇਹ ਪਿੰਗਲ ਵਿਚ ਤੇ ਗਰੈਮਰ ਵਿਚ ਗਲਤ ਹਨ। ਸੁੰਦਰ ਕਮਲੇ ਨੂੰ ਪਹਿਲਾਂ ਤੇ ਮੈਨੂੰ ਦੂਜਾ ਦਰਜਾ ਦਿਤਾ ਹੋਇਆ ਸੀ। ਅਸੀਂ ਹੋਤੀ ਮਰਦਾਨ ਅਤੇ ਨਸ਼ਹਿਰੇ ਤੇ ਪਸ਼ੌਰ ਭਾਈ ਜੋਗਾ ਸਿੰਘ ਦੇ ਗੁਰਦੁਆਰੇ ਵੀ ਪ੍ਰੋ: ਗੰਗਾ ਸਿੰਘ ਦੀ ਪ੍ਰਧਾਨਗੀ ਥੱਲੇ ਬੋਲ ਆਏ ਸਾਂ।

ਬਸੰਤ ਵਾਲੇ ਕਵੀ-ਦਰਬਾਰ ਤੋਂ ਪਹਿਲਾਂ ਪਿਸ਼ਾਵਰ ਵਿਚ ਸਿੱਖ ਐਜੂਕੇਸ਼ਨ ਕਾਨਫਰੰਸ ਹੋਈ ਸੀ। ਉਸ ਦੀਆਂ ਪੰਜ-ਪੰਜ ਰੁਪਏ ਦੀਆਂ ਟਿਕਟਾਂ ਅਸਾਂ ਵੀ ਖਰੀਦੀਆਂ ਸਨ। ਸਾਰੀਆਂ ਕਵਿਤਾਵਾਂ ਘੱਲੀਆਂ। ਉਥੇ ਹੋਏ ਇਨਾਮੀ ਕਵੀ ਦਰਬਾਰ ਵਿਚ ਸਿਰਫ਼ ਜੈ ਸਿੰਘ ਜੈ ਦੀ ਕਵਿਤਾ ਪਾਸ ਹੋਈ ਸੀ। ਕਾਨਫਰੰਸ ਤੇ ਸਾਰੀ ਮੰਡਲੀ ਗਈ। ਬੜਾ ਵਧ ਕੇ ਕਵੀ ਦਰਬਾਰ ਹੋਇਆ। ਬਹੁਤ ਲੋਕ ਸਨ, ਬੜੇ-ਬੜੇ ਸਿੱਖ ਲੀਡਰ ਸਨ। ਜੈ ਵਿਧਾਤਾ ਸਿੰਘ ਤੀਰ ਦੇ ਗਾ ਕੇ ਬੋਲਣ ਵਾਲੀ ਤਰਜ ਨਾਲ ਬੋਲਿਆ। ਮੈਂ ਸਭ ਬੜੇ ਗਹੁ ਨਾਲ ਸੁਣਿਆ। ਪੂਰੀ ਤਵੱਜੋ ਲਾ ਕੇ ਸੁਣਨ ਦੀ ਅਤੇ ਪੂਰਾ ਦਿਲ ਲਾ ਕੇ ਪੜ੍ਹਨ ਦੀ ਮੇਰੀ ਮੁੱਢੋਂ ਲੈ ਕੇ ਹੁਣ ਤੱਕ ਆਦਤ ਹੈ। ਕਈ ਖਿਆਲ ਇਸ ਕਰਕੇ ਵੀ ਮੇਰੇ ਅੰਦਰ ਬਹਿ ਜਾਂਦੇ ਹਨ। ਇਨਾਮਾਂ ਦੀ ਵੰਡ ਹੋਈ। ਬੋਲਣ ਦਾ ਵਿਸ਼ਾ ਸੀ ਸਿੱਖ। ਪਹਿਲਾ ਇਨਾਮ ਪ੍ਰੋ: ਮੋਹਨ ਸਿੰਘ, ਦੂਜਾ ਨੂਰ ਪੁਰੀ, ਤੀਜਾ ਸੁੰਦਰ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri
ਦਾਸ ਆਸੀ। ਪ੍ਰਧਾਨ ਧਨੀ ਰਾਮ ਚਾਤ੍ਰਿਕ ਸੀ। ਹਰ ਇਕ ਸਟੇਜ ਉੱਤੇ ਬੋਲਣ ਵਾਲੇ ਕਵੀ ਨੂੰ ਇਕ ਪੁਸਤਕ ਚੰਦਨਵਾੜੀ ਦੀ ਭੇਟ ਕੀਤੀ ਜਾਂਦੀ । ਜੈ ਕੋਲੋਂ ਲੈ ਕੇ ਮੈਂ ਬੜੇ ਗਹੁ ਨਾਲ ਦੋ ਤਿੰਨ ਵਾਰੀ ਪੜ੍ਹੀ ਸੀ। ਮੋਹਨ ਸਿੰਘ ਦੀ ਨਜ਼ਮ ਮੈਨੂੰ ਕਾਫੀ ਯਾਦ ਹੋ ਗਈ। ਤੀਰ ਹੋਰਾਂ ਦੀ ਤਰਜ ਨਾਲ ਗਾ ਲੈਂਦਾ ਸਾਂ। ਕਈਆਂ ਸਟੇਜਾਂ ਉੱਤੇ ਮੈਂ ਇਸ ਤਰਜ਼ ਨਾਲ ਕਦੇ-ਕਦੇ ਗੁਜ਼ਾਰਾ ਕਰਦਾ ਰਿਹਾ, ਉਂਜ ਨਾਲ ਗਾ ਲੈਂਦਾ ਸਾਂ। ਇਹ ਕਾਨਫਰੰਸ 1933 ਵਿਚ ਹੋਈ ਸੀ।

ਦਿਨੇ ਪਿਸ਼ੌਰ ਫਿਰਦਿਆਂ ਇਕ ਮੁਸਲਮਾਨ ਸ਼ਾਇਰ ਮਿਲਿਆ ਜਿਹੜਾ ਆਉਣ ਵਿਚ ਲੇਟ ਹੋ ਗਿਆ ਸੀ। ਉਸਨੇ ਮੈਨੂੰ ਆਖਿਆ—ਤੂੰ ਲਾਹੌਰ ਆ ਭਾਟੀ ਦਰਵਾਜ਼ੇ ਦੇ ਅੰਦਰੋਂ ਮੇਰਾ ਨਾਂ ਪੁੱਛ ਲਈਂ ਉਸਤਾਦ ਗ਼ਾਮ ਕਿੱਥੇ ਹੈ। ਮੈਂ ਤੈਨੂੰ ਸ਼ਰਫ਼ ਬਣਾ ਦਿਆਂਗਾ ਅੱਲਾ ਦੇ ਫਜ਼ਲ ਨਾਲ।...ਮੇਰੇ ਸੁਪਨੇ ਉਦੋਂ ਕਿਸੇ ਜਿਹਾ ਬਣਨ ਦੇ ਨਹੀਂ ਸਨ ਨਾ ਹੁਣ ਤੱਕ ਹਨ। ਬੱਸ ਇਹ ਸੁਪਨੇ ਸਨ ਕਿ ਮੈਂ ਸਟੇਜ ਤੇ ਬੋਲਾਂ, ਲੋਕ ਵਾਹ-ਵਾਹ ਕਰਨ ਜਾਂ ਕਿਤੇ ਛਾਇਆ ਹੋ ਜਾਵਾਂ। ਜਿਉਂ ਸੂਝ ਆਉਂਦੀ ਗਈ ਆਰਥਿਕ ਹਾਲਤ ਵਿਚ ਫਰਕ ਪੈਂਦਾ ਗਿਆ। ਸੁਪਨੇ ਵਧ ਗਏ, ਬਦਲਦੇ ਗਏ।

ਰਸਾਲਪੁਰ ਪਟਿਆਲੇ ਦਾ ਇਕ ਸ਼ਹਿਜ਼ਾਦਾ ਫੌਜ ਵਿਚ ਅਫਸਰ ਸੀ। ਇਕ ਲੱਤ ਖਰਾਬ, ਉਸ ਦਾ ਵਿਆਹ ਹੋਣਾ ਸੀ। ਕਵੀ ਮੰਡਲੀ ਨੇ ਉਸ ਉੱਤੇ ਸਿਹਰਾ ਲਿਖਿਆ। ਮੇਰਾ ਪਾਸ ਹੋਇਆ, ਛਪਿਆ ਉਸ ਨੂੰ ਦੇਣ ਗਏ। ਖੁਸ਼ ਹੋ ਕੇ ਉਸ ਨੇ ਲੈ ਲਿਆ। ਸਾਨੂੰ ਬਹਿ ਜਾ ਖਲੋ ਜਾ ਵੀ ਨਾ ਆਖਿਆ। ਮੈਂ ਫਿਰ ਵੀ ਖੁਸ਼ ਸੀ। ਮੇਰੇ ਅੰਦਰ ਕੁਝ ਨਫ਼ਰਤ ਪੈਦਾ ਹੋਈ।

ਸਾਨੂੰ ਪਤਾ ਲੱਗਾ ਅਕਾਲੀ ਫੂਲਾ ਸਿੰਘ ਦੀ ਸਮਾਧ ਉਤੇ ਇਕ ਸਰਦਾਰ ਰਹਿੰਦਾ ਹੈ। ਵਾਹੀ ਕਰਾ ਰਿਹਾ ਹੈ, ਅਮਰੀਕਾ ਤੋਂ ਆਇਆ ਹੈ। ਸਾਡੀ ਮੰਡਲੀ ਉਥੇ ਪਹੁੰਚੀ। ਇਕ ਬਹੁਤ ਖਤਰਨਾਕ ਤੇਜ਼ ਦਰਿਆ ਦੇ ਕੰਢੇ ਉਤੇ ਉਸ ਦਾ ਮਕਾਨ ਸੀ। ਉਸ ਦਿਨ ਉਹ ਉਥੇ ਹਾਜ਼ਰ ਨਹੀਂ ਸੀ, ਇਕ ਨੌਕਰ ਸਿੱਖ ਮਿਲਿਆ। ਇਕ ਮਿੱਟੀ ਦੀ ਚਾਰ ਦੀਵਾਰੀ ਵਿਚ ਅੰਗੂਰਾਂ ਦੀਆਂ ਵੇਲਾਂ ਸਨ। ਕਈ ਰੁੱਖਾਂ ਉਤੇ ਚੜ੍ਹੀਆਂ ਹੋਈਆਂ। ਗੁੱਛਿਆਂ ਨੂੰ ਚਿੱਟੇ ਕਪੜੇ ਦੀਆਂ ਥੈਲੀਆਂ ਚੜ੍ਹੀਆਂ ਹੋਈਆਂ ਅਸੀਂ ਫਿਰ ਤੁਰ ਕੇ ਆ ਗਏ। ਮਗਰੋਂ ਪ੍ਰੀਤਲੜੀ ਜਦੋਂ ਕਿਤੇ ਜਾ ਕੇ ਪੜ੍ਹੀ ਪਤਾ ਲੱਗਾ ਕਿ ਉਹ ਸਰਦਾਰ ਗੁਰਬਖਸ਼ ਸਿੰਘ ਹੋਰੀਂ ਸਨ। ਉਹਨਾਂ ਦਾ ਮੈਨੂੰ ਕੰਮ, ਬਿਜਲੀ ਘਰ, ਐਮ. ਈ. ਐਸ. ਤੇ ਇਕ ਉਜਰਤੀ ਬਿਜਲੀ ਦੀ ਵੈਰਿੰਗ ਕਰਦਾ ਹੁੰਦਾ ਸੀ ਉਸ ਨਾਲ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਿਲਦਾ ਰਿਹਾ। ਮੇਰੀ ਉਮਰ ਉਹਦੋਂ ਅਠਾਰਾਂ ਉੱਨੀਂ ਸਾਲ ਦੀ ਸੀ। ਦਾੜ੍ਹੀ ਮੁੱਛ ਫੁੱਟਦੀ।

ਜਦ ਮੈਂ 73 ਸਾਲ ਦੀ ਉਮਰ ਵਿਚ ਆਪਣੀ ਜੀਵਨੀ ਲਿਖ ਰਿਹਾਂ ਤਾਂ ਸੋਚਦਾ ਹਾਂ ਕਿ ਪਤਾ ਸੀ ਮੈਂ ਇਹ ਕੁਝ ਲਿਖਾਂਗਾ। ਹੁਣ ਮੇਰੇ ਸਾਹਮਣਿਉਂ ਬੀਤਿਆ ਸਮਾਂ ਵਾਰੋ-ਵਾਰੀ ਲੰਘ ਰਿਹਾ ਹੈ। ਮੈਥੋਂ ਪੁੱਛਦਾ ਜਾਂਦਾ ਹੈ, ਮੈਨੂੰ ਲਿਖ ਲਿਆ ਈ ? ਮੈਨੂੰ ਵੀ ਲਿਖ ! ਮੈਂ ਰਹਿ ਨਾ ਜਾਵਾਂ। ਮੈਂ ਕਦੇ ਹੱਸ ਪੈਂਦਾ ਹਾਂ। ਕਦੇ ਮੂਰਖਤਾ ਉਤੇ ਗੁੱਸਾ ਆਉਂਦਾ ਹੈ। ਕਦੇ ਅਕਲਮੰਦੀ ਉੱਤੇ ਮਾਣ, ਕਦੇ ਤਪਦਾ ਹਾਂ, ਕਦੇ ਠੰਡਾ ਹੁੰਦਾ ਹਾਂ। ਕਦੇ ਆਪਣੇ ਉੱਤੇ ਤਰਸ ਆਉਂਦਾ ਹੈ ਕਦੇ ਖਿਝ। ਜੋ ਇਸ ਕਾਂਡ ਅੱਗੇ ਲਿਖਣਾ ਹੈ ਉਹ ਬੜਾ ਕਾਹਲਾ ਪਿਆ ਹੋਇਆ ਹੈ। ਕਈ ਵਾਰੀ ਰਾਤ ਸੌਣ ਨਹੀਂ ਦਿੰਦਾ। ਸਿਹਤ ਕਮਜ਼ੋਰ ਹੈ, ਦਵਾਈ, ਟੀਕੇ ਜਾਰੀ ਹਨ। ਉਤਸ਼ਾਹ ਜਵਾਨਾਂ ਵਾਲਾ ਹੈ। ਕਹਿਕਹੇ ਮਾਰ ਕੇ ਜ਼ਰੂਰ ਹੱਸਦਾ ਹਾਂ, ਫਿਰ ਥੱਕ ਜਾਂਦਾ ਹਾਂ, ਕਦੇ ਕਾਹਲ ਕਰਦਾ ਹਾਂ ਕਦੇ ਠਰੰਮੇ ਵਿਚ ਹੁੰਦਾ ਹਾਂ ਖ਼ੈਰ...।

ਰਸਾਲਪੁਰ ਗੁਰੂ ਅਰਜਨ ਦੇਵ ਦਾ ਕਵੀ ਦਰਬਾਰ ਆਇਆ। ਫੈਸਲਾ ਹੋਤੀ ਮਰਦਾਨ ਕਰਨ ਦਾ ਹੋਇਆ। ਤਰਾ ਮਿਸਰਾ ਸੀ, "ਆਸਣ ਲੋਹ ਤੇ ਹੱਸ ਕੇ ਲਾਈਦਾ ਹੈ।" ਇਸ਼ਤਿਹਾਰ ਛਾਪਿਆ ਗਿਆ। ਪੰਜਾਬੋਂ ਵੀ ਕਵੀ ਸੱਦੇ ਗਏ। ਜਿੰਨ੍ਹਾਂ ਵਿਚ ਨੰਦ ਸਿੰਘ ਪ੍ਰਦੇਸੀ ਦਾ ਨਾਂ ਸੀ। ਮੈਂ ਬੜੇ ਉਤਸ਼ਾਹ ਲਗਨ ਅਤੇ ਸ਼ਰਧਾ ਨਾਲ ਭਰੀ ਹੋਈ ਤਰਾ ਮਿਸਰੇ ਉਤੇ ਕਵਿਤਾ ਲਿਖੀ।

ਇਕ ਹਫਤਾ ਕਵੀ ਦਰਬਾਰ ਵਿਚ ਰਹਿ ਗਿਆ। ਸਾਡੇ ਘਰਾਂ ਲਾਗੇ ਜਿਹੜਾ ਫੋਟੋਗ੍ਰਾਫਰ ਰਹਿੰਦਾ ਸੀ ਉਸ ਨੇ ਮੈਨੂੰ ਹੱਟੀ ਵਿਚ ਸੱਦ ਕੇ ਪੁੱਛਿਆ— ਪ੍ਰਦੇਸੀ ਜੇ ਤੈਨੂੰ ਕਰਿਸ਼ਨਾ ਦੇ ਮਾਪੇ ਕਹਿਣ ਤੂੰ ਮੋਨਾ ਹੋ ਜਾ ਤੇਰੇ ਨਾਲ ਕਰਿਸ਼ਨਾ ਦਾ ਵਿਆਹ ਕਰ ਦਿੰਦੇ ਹਾਂ ਫਿਰ ?...ਮੈਂ ਬੜੇ ਹੌਂਸਲੇ ਨਾਲ ਉੱਤਰ ਦਿੱਤਾ – ਮੋਨਾ ਹੋ ਜਵਾਂਗਾ।...ਮੈਂ ਖੁਸ਼ ਸਾਂ ਉੱਤਰ ਦੇ ਕੇ।

ਉਸਨੇ ਸਾਰੀ ਗੱਲ ਮੇਰੇ ਫੁੱਫੜ ਤੇ ਚਾਚੇ ਨੂੰ ਦੱਸ ਦਿੱਤੀ। ਮਾੜੀ-ਮਾੜੀ ਗੱਲ ਪਹਿਲਾਂ ਵੀ ਉਹਨਾਂ ਦੀ ਕੰਨੀਂ ਪਈ ਹੋਈ ਸੀ। ਉਹਨਾਂ ਕੋਈ ਹੀਲ ਹੁੱਜਤ ਨਾ ਕੀਤੀ ਮੈਨੂੰ ਆਖਿਆ—ਚੱਲ ਬਿਸਤਰਾ ਬੰਨ੍ਹ, ਔਜਾਰ ਸਾਂਭ ਸੂਟਕੇਸ ਵਿਚ ਕਪੜੇ ਪਾ ਲਾਹੌਰ ਪਹੁੰਚ।...ਮੇਰੀ ਕੁਝ ਸਮਝ ਨਾ ਆਇਆ। ਮੈਂ ਉਹਨਾਂ ਅੱਗੇ ਬੋਲ ਨਹੀਂ ਸਾਂ ਸਕਦਾ। ਸਾਰੀ ਤਵੱਜੋ ਉੱਖੜ ਗਈ। ਸ਼ਾਮ ਨੂੰ ਰਸਾਲਪੁਰ ਤੋਂ ਗੱਡੀ ਚੜ੍ਹਾ ਦਿੱਤਾ ਗਿਆ। ਨਸ਼ਹਿਰੇ ਤੋਂ ਰਾਤ ਸਿੱਧੀ ਗੱਡੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਾਹੌਰ ਜਾਂਦੀ ਸੀ। ਉਸ ਵਿਚ ਸਵਾਰ ਹੋ ਗਿਆ। ਕੁਝ ਚਉ ਆਇਆ, ਕਰਿਸ਼ਨਾ ਯਾਦ ਆਈ। ਦੇਖ ਕੇ ਵੀ ਨਹੀਂ ਸਾਂ ਆ ਸਕਿਆ। ਰੋਣ ਨੂੰ ਬੜਾ ਜੀਅ ਕੀਤਾ, ਕੋਸ਼ਿਸ਼ ਵੀ ਕੀਤੀ ਰੋ ਨਾ ਸਕਿਆ।

ਦਿਨ ਚੜ੍ਹੇ ਲਾਹੌਰ ਪਹੁੰਚ ਗਿਆ। ਭੂਆ ਵਲ ਜਾ ਸਾਮਾਨ ਰੱਖਿਆ, ਭੂਤ ਦਾ ਟਿਕਾਣਾ ਪਿੱਪਲ ਉੱਤੇ। ਕਰਿਸ਼ਨਾ ਨੇ ਦੋ ਚਾਰ ਸਾਲ ਮੇਰਾ ਅੰਦਰ ਮੱਲੀ ਰੱਖਿਆ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਉਸਤਾਦੀ

ਲਾਹੌਰ ਗੁਰੂ ਅਰਜਨ ਦੇਵ ਜੀ ਦਾ ਗੁਰਪੂਰਬ ਸੀ ਡੇਰਾ ਸਾਹਿਬ। ਉਥੇ ਕਵੀ ਦਰਬਾਰ ਸੀ। ਮੇਰੀ ਪਤਨੀ ਦਾ ਤਾਇਆ ਲਾਹੌਰ ਇੰਜਣ-ਛੱਡ ਵਿਚ ਬਦਲ ਕੇ ਆ ਗਿਆ ਸੀ। ਤਾਈ ਵੀ ਉਥੇ ਮੇਰੀ ਮੰਗੇਤਰ ਅਤੇ ਤਾਈ ਦਾ ਪਿਛਲਾ ਇਕ ਲੜਕਾ ਪੰਜਾਂ ਛੇਆਂ ਸਾਲਾਂ ਦਾ। ਮੇਰਾ ਸਾਲਾ ਦਸਵੀਂ ਕਰਕੇ ਲਾਹੌਰ ਆ ਗਿਆ ਹੋਇਆ ਸੀ। ਕਿਸੇ ਕੰਮ ਜਾਂ ਨੌਕਰੀ ਬਾਰੇ ਉਹ ਉਤਸ਼ੱਕ ਨਹੀਂ ਸੀ। ਭੂਆ ਵੱਲ ਸਾਰਿਆਂ ਦਾ ਆਉਣ ਜਾਣ ਪਿਛਲਾ ਸੀ। ਮੇਲਾ ਵੇਖਣ ਗਏ ਤਾਂ ਮੇਰਾ ਸਾਲਾ ਕਰਤਾਰ ਸਿੰਘ ਮਿਲ ਪਿਆ। ਉਹ ਬੜਾ ਖ਼ੁਸ਼ ਕਿ ਮੇਰਾ ਨਿੱਕਾ ਜੀਜਾ ਸੁੱਖ ਨਾਲ ਜਿਹਨੂੰ ਭੌਂਦੂ ਕਹਿੰਦੇ ਸਨ, ਕਵੀ ਬਣ ਗਿਆ ਹੈ। ਉਹ ਮੇਰੇ ਨਾਲ ਫਿਰਦਾ ਰਿਹਾ। ਪਤਾ ਲੱਗਾ ਕਿ ਇੰਜਣ-ਛੱਡ ਵਾਲਿਆਂ ਨੇ ਵੱਖਰਾ ਦੀਵਾਨ ਅਤੇ ਲੰਗਰ ਲਾਇਆ ਹੋਇਆ ਹੈ। ਮੈਂ ਅੱਖ ਬਚਾ ਕੇ ਉਸ ਪਾਸੇ ਚਲਿਆ ਗਿਆ। ਮੇਰੀ ਪਤਨੀ ਬਿਲਕੁਲ ਸਾਧਾਰਨ ਜਿਹੀ ਇਕ ਕੁੜੀ ਆਪਣੇ ਉਸ ਮੱਤਰਏ ਭਰਾ ਨੂੰ ਫੜ ਕੇ ਕਨਾਤਾਂ ਅੰਦਰ ਖੜ ਰਹੀ ਸੀ। ਕਦੇ ਮੈਂ ਸੋਚਿਆ ਸੀ ਕਿ ਮੇਰਾ ਵਿਆਹ ਹੋ ਜਾਏ ਬਸ! ਹੁਣ ਮੈਂ ਕਵਿਤਾ ਨਾਲ ਕਾਫੀ ਬਦਲ ਗਿਆ ਸਾਂ। ਮੈਨੂੰ ਪਸੰਦ ਨਾ ਆਈ, ਪਰ ਮੇਰੀ ਕੀ ਜੁਰੱਅਤ ਕੋਈ ਗੱਲ ਮੂਹੋਂ ਕੱਢ ਸਕਦਾ ਸਾਂ ਹਰ ਪਾਸਿਉਂ ਛਿੱਤਰਾਂ ਦਾ ਡਰ।

ਕਰਤਾਰ ਸਿੰਘ ਕਵੀ ਦਰਬਾਰ ਦੇ ਸਟੇਜ ਲਾਗੇ ਲੈ ਗਿਆ। ਕਵੀ ਦਰਬਾਰ ਹੋਣ-ਹੋਣ ਕਰ ਰਿਹਾ ਸੀ। ਉਸ ਨੇ ਜਾ ਕੇ ਮੇਰਾ ਨਾਂ ਲਿਖਾ ਦਿੱਤਾ। ਮੇਰੀ ਹਾਲਤ ਅਜੀਬ ਤਰ੍ਹਾਂ ਦੀ ਹੋ ਗਈ। ਕਿੱਥੇ ਮੈਂ ਕਿੱਥੇ ਉਥੇ ਵੱਡੇ ਵੱਡੇ ਲੋਕ ਕਵੀ, ਜਿਨ੍ਹਾਂ ਦੀਆਂ ਕਵਿਤਾਵਾਂ ਮੈਂ ਸ਼ੌਕ ਨਾਲ ਪੜ੍ਹਦਾ ਹੁੰਦਾ ਸਾਂ। ਕਰਤਾਰ ਨੂੰ ਕੁਝ ਨਾ ਕਹਿ ਸਕਿਆ। ਅੰਦਰ ਮੇਰਾ ਤਰਦਾ ਡੁਬਦਾ ਰਿਹਾ।

ਕਵੀ ਦਰਬਾਰ ਅਰੰਭ ਹੋਇਆ। ਵਿਧਾਤਾ ਸਿੰਘ ਤੀਰ, ਨੂਰ ਪੁਰੀ, ਜਸਵੰਤ ਰਾਏ, ਹਮਦਮ (ਸ਼ਰਫ਼ ਨੂੰ ਮੈਂ ਕਦੇ ਨਹੀਂ ਵੇਖਿਆ, ਕਿਤੇ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਲ ਇਕੱਠਾ ਮੁਸ਼ਾਇਰਾ ਪੜ੍ਹਿਆ ਨਹੀਂ, ਉਸ ਦੀਆਂ ਕਵਿਤਾਵਾਂ ਦਾ ਮੈਂ ਹੁਣ ਤਕ ਮੁਤੱਕਿਦ ਹਾਂ ਉਸ ਦੀ ਨਕਲ ਵੀ ਪਹਿਲਾਂ-ਪਹਿਲਾਂ ਕਰਦਾ ਰਿਹਾ) ਹੋਰ ਵੀ ਬੜੇ ਕਵੀ ਸਨ, ਖ਼ੂਬ ਕਵੀ ਦਰਬਾਰ ਸੱਜਿਆ ਰਿਹਾ। ਸੰਗਤ ਦੀ ਗਿਣਤੀ ਬਹੁਤ ਸੀ। ਇਕ ਥਾਂ ਆ ਕੇ ਮੇਰਾ ਨਾਂ ਬੋਲਿਆ ਗਿਆ—ਹੁਣ ਜਸਵੰਤ ਸਿੰਘ ਪ੍ਰਦੇਸੀ ਆਪਣੀ ਕਵਿਤਾ ਸੁਣਾਉਣਗੇ।... ਮੇਰੇ ਹੋਸ਼ ਉਡੇ ਹੋਏ ਸਟੇਜ ਉਤੇ ਜਾ ਖਲੋਤਾ। ਕਵਿਤਾ ਦਾ ਨਾਂ ਵੀ ਨਾ ਦੱਸ ਸਕਿਆ, ਨਾ ਸਮੱਸਿਆ। ਸਟੇਜ ਤੋਂ ਨਿੱਕਾ-ਨਿੱਕਾ ਹਾਸਾ ਫੁੱਟਿਆ। ਤੀਰ ਹੋਰਾਂ ਦੀ ਤਰਜ ਉਤੇ ਕਵਿਤਾ ਸ਼ੁਰੂ ਕਰ ਦਿੱਤੀ, ਤਰਜ ਬੱਝ ਗਈ। ਦੋ ਵਾਰੀ ਜੈਕਾਰੇ ਵੀ ਛੁੱਟੇ। ਕੁਝ ਖ਼ਿਆਲ ਇੰਜ ਸੀ: ਇਹ ਲੋਹ ਦਸਵੇਂ ਜਾਮੇ ਵਿਚ ਤਲਵਾਰ ਬਣੇਗੀ, ਫਿਰ ਜ਼ਾਲਮਾਂ ਤੋਂ ਬਦਲਾ ਲਏਗੀ, ਵਗੈਰਾ ਵਗੈਰਾ। ਕਵਿਤਾ ਮੁੱਕ ਗਈ। ਮੈਂ ਚੈਨ ਮਹਿਸੂਸ ਕੀਤਾ, ਉਤਰ ਕੇ ਸਾਲੇ ਕੋਲ ਬੈਠ ਗਿਆ। ਉਹ ਬੜਾ ਖ਼ੁਸ਼ ਸੀ।

ਸਾਰਿਆਂ ਨੇ ਕਵਿਤਾਵਾਂ ਬੋਲੀਆਂ। ਸਟੇਜ ਸੈਕਟਰੀ ਨੇ ਆਖਿਆ—ਹੁਣ ਜੱਜ ਇਨਾਮਾਂ ਦਾ ਫੈਸਲਾ ਕਰਨਗੇ। ਓਨਾਂ ਚਿਰ ਕੁਝ ਖੁਲ੍ਹੀਆਂ ਕਵਿਤਾਵਾਂ ਹੋਣਗੀਆਂ।

ਮੈਂ ਕਰਤਾਰ ਨੂੰ ਆਖਿਆ - ਚਲ ਚਲੀਏ।...ਉਸ ਨੇ ਉੱਤਰ ਦਿਤਾ—ਇਨਾਮ ਸੁਣ ਕੇ ਚਲਾਂਗੇ, ਮੈਂ ਬੈਠ ਗਿਆ। ਨੂਰਪੁਰੀ ਨੇ ਮਜ਼ਦੂਰ ਸੁਣਾਇਆ, "ਘੁੱਗੂ ਦੇ ਬੋਲਦਿਆਂ ਫਾਟਕ ਦੇ ਖੋਲ੍ਹਦਿਆ।" ਰਾਏ ਨੇ ਹਰਿਮੰਦਰ ਦੀਆਂ ਕਿਆ ਬਾਤਾਂ ਨੇ।" ਹੋਰਾਂ ਨੇ ਦੋਹਾਂ ਚੌਹਾਂ ਨੇ ਸੁਣਾਈਆਂ।

ਕਵੀ ਦਰਬਾਰ ਦੇ ਪ੍ਰਧਾਨ ਨੇ ਉਠ ਕੇ ਇਨਾਮਾਂ ਦਾ ਐਲਾਨ ਕੀਤਾ—ਤੀਰ, ਨੂਰਪੁਰੀ, ਰਾਏ ਅਤੇ ਚੌਥਾ ਜਸਵੰਤ ਸਿੰਘ ਪ੍ਰਦੇਸੀ ਸੰਗਤ ਨੇ ਜੈਕਾਰਾ ਛੱਡਿਆ।

ਮੈਂ ਆਪਣੀ ਉਹ ਹਾਲਤ ਬਿਆਨ ਨਹੀਂ ਕਰ ਸਕਦਾ। ਪਤਾ ਕਿਤਨੀ ਖ਼ੁਸ਼ੀ ਮੇਰੇ ਅੰਦਰ ਭੰਗੜਾ ਪਾ ਰਹੀ ਸੀ। ਜਿਵੇਂ ਕੀੜੀ ਨੂੰ ਬਾਦਸ਼ਾਹੀ ਮਿਲ ਗਈ ਹੋਵੇ। ਜਿਹਨਾਂ ਵਰਗੇ ਹੋਣ ਦਾ ਮੈਂ ਸੁਪਨਾ ਵੀ ਨਹੀਂ ਸਾਂ ਲੈ ਸਕਦਾ, ਉਹਨਾਂ ਦੇ ਬਰਾਬਰ ਇਨਾਮ ਮਿਲ ਗਿਆ। ਠੋਕਰਾਂ ਤੰਗੀਆਂ ਬੇ-ਇੱਜ਼ਤੀਆਂ ਵਿਚ ਪਲਿਆ ਸਾਂ, ਮੈਨੂੰ ਇਹ ਇੱਜ਼ਤ ਮਿਲੀ। ਵਾਹਿਗੁਰੂ ਤੂੰ ਕਮਾਲ ਕਰ ਦਿਤਾ ਹੈ। ਮੈਂ! ਕਵੀ! ਇਨਾਮ ਸਾਰੀ ਸੰਗਤ ਵਿਚ! ਪੰਜਾਬ ਦੇ ਵੱਡੇ-ਵੱਡੇ ਸਿਰਮੌਰ ਕਵੀਆਂ ਵਿਚ!! ਇਕ ਮੇਰੇ ਅੰਦਰ ਲੋਅ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਸ਼ਕੀ ਕਿ ਮੈਂ ਕਵੀ ਹਾਂ ਅਤੇ ਚੰਗਾ ਕਵੀ ਬਣ ਸਕਦਾ ਹਾਂ। ਚੌਥਾ ਇਨਾਮ ਚਾਰ ਰੁਪਏ ਸੀ।

ਮੇਲਾ ਵੇਖਿਆ ਘਰ ਆਏ ਸਾਰੇ ਹੈਰਾਨ। ਬਾਊ ਜੀ ਨੇ ਆਖਿਆ—ਜਸਵੰਤ ਨੇ ਬੜਾ ਵੱਡਾ ਲਿਖਣ ਵਾਲਾ ਬਣਨਾ ਹੈ। ਮੈਂ ਉਸ ਰਾਤ ਖ਼ੁਸ਼ੀ ਵਿਚ ਰੱਜ ਕੇ ਸੁੱਤਾ ਵੀ ਨਾ। ਹੁਣ ਤਕ ਉਸ ਚਹੁੰ ਰੁਪਿਆਂ ਦੇ ਇਨਾਮ ਵਰਗੀ ਮੁੜ ਕੇ ਖ਼ੁਸ਼ੀ ਨਹੀਂ ਮਿਲੀ। ਭਾਵੇਂ ਹਜ਼ਾਰਾਂ ਰੁਪਏ ਮਿਲੇ ਹਨ।

ਮੈਨੂੰ ਪਤਾ ਸੀ ਕਿ 'ਹੋਤੀ ਮਰਦਾਨ' ਮੇਰੀ ਕਵਿਤਾ ਕਿਸੇ ਹੋਰ ਨੇ ਬੋਲਣੀ ਹੈ। ਨੰਦ ਸਿੰਘ ਪ੍ਰਦੇਸੀ ਲਾਹੌਰ ਰਾਮਗੜ੍ਹ ਤੋਂ ਉਥੇ ਗਿਆ ਹੋਇਆ ਸੀ, ਉਸ ਨੂੰ ਮਿਲ ਕੇ ਪੁਛਣ ਦੀ ਲਾਲਸਾ ਅੰਦਰ ਸੀ।

ਮੈਂ ਚੌਥੇ ਦਿਨ ਭਾਟੀ ਦਰਵਾਜ਼ੇ ਉਸਤਾਦਨੂੰ ਸ਼ਾਮ ਵੇਲੇ ਮਿਲਣ ਤੁਰ ਪਿਆ। ਇਕ ਰੁਪਏ ਦਾ ਫਰੂਟ ਲੈ ਲਿਆ। ਉਹ ਮੈਨੂੰ ਭਾਟਿਉਂ ਅੰਦਰ ਇਕ ਕਲੀਗਰ ਦੀ ਹੱਟੀ ਉਤੇ ਬੈਠੇ ਮਿਲ ਗਏ। ਮੈਂ ਪੈਰਾਂ ਨੂੰ ਹੱਥ ਲਾਇਆ, ਉਹ ਪਛਾਣ ਗਏ। ਮੈਂ ਕਿਹਾ—ਜੀ ਤੁਸੀਂ ਮੈਨੂੰ ਪਸ਼ੌਰ ਮਿਲੇ ਸੀ, ਉਸ ਇਕਰਾਰ ਉਤੇ ਹਾਜ਼ਰ ਹੋ ਗਿਆ ਹਾਂ।...ਉਹਨਾਂ ਥਾਪੀ ਦਿਤੀ, ਇਕ ਪਾਸੇ ਬਿਠਾ ਲਿਆ। ਫਲ-ਫਰੂਟ ਉਹਨਾਂ ਦੇ ਪੈਰਾਂ ਲਾਗੇ ਰਖ ਦਿਤਾ। ਦੋ ਤਿੰਨ ਕਵਿਤਾਵਾਂ ਸੁਣਾਈਆਂ, ਉਹਨਾਂ ਸੋਧੀਆਂ। ਕੋਈ ਗੁਰ ਨਹੀਂ ਦਸਿਆ। ਹੋਰ ਰਾਜ਼ੀ ਖ਼ੁਸ਼ੀ ਕਰਕੇ ਆ ਗਿਆ। ਮੇਰੀ ਆਤਮਾ ਬੜਾ ਕੁਝ ਸਿੱਖਣਾ ਚਾਹੁੰਦੀ ਸੀ।

ਦੂਸਰੇ ਦਿਨ ਕਿਲ੍ਹਾ ਗੁੱਜਰ ਸਿੰਘ ਫੁਲਵਾੜੀ ਦੇ ਦਫ਼ਤਰ ਚਲਿਆ ਗਿਆ। 'ਫੁਲਵਾੜੀ' ਤੇ 'ਪ੍ਰੀਤਮ' ਦੋਵੇਂ ਰਸਾਲੇ ਆਮ ਪੜ੍ਹਦਾ ਰਹਿੰਦਾ ਸੀ। ਮੇਰਾ ਖ਼ਿਆਲ ਸੀ ਮੈਨੂੰ ਵੇਖਦਿਆਂ ਹੀਰਾ ਸਿੰਘ ਜੀ ਦਰਦ ਕਹਿਣਗੇ, ਤੈਨੂੰ ਇਨਾਮ ਮਿਲਿਆ ਹੈ ਤੂੰ ਬਹੁਤ ਵਧੀਆ ਕਵੀ ਹੈਂ। ਇਨਾਮ ਦੇ ਮੈਨੂੰ ਪੈਰ ਲੱਗੇ ਹੋਏ ਸਨ। ਆਪਣੇ ਕਮਰੇ ਦੇ ਬਾਹਰਲੇ ਬੂਹੇ ਵਿਚ ਆਰਾਮ ਕੁਰਸੀ ਉਤੇ ਉਹ ਬੈਠੇ ਹੋਏ ਸਨ। ਜਾ ਕੇ 'ਸਤਿ ਸ੍ਰੀ ਅਕਾਲ' ਆਖੀ। ਉਹਨਾਂ ਮੇਰੇ ਵਲ ਵੇਖਿਆ। ਮੈਂ ਆਖਿਆ—ਜਿਥੇ ਮੈਨੂੰ ਇਨਾਮ ਮਿਲਿਆ ਸੀ ਤੁਸੀਂ ਉਹ ਕਵੀ ਦਰਬਾਰ ਸੁਣਿਆ ਹੋਵੇਗਾ?...ਉਹਨਾਂ ਇਕ ਕਾਪੀ ਫੋਲਦਿਆਂ ਆਖਿਆ—ਨਹੀਂ, ਸੁਣਾ ਉਹ ਕਵਿਤਾ ਜਿਸ ਦਾ ਇਨਾਮ ਮਿਲਿਆ ਸੀ।... ਮੈਂ ਕਾਗਜ਼ ਕੱਢ ਕੇ ਕਵਿਤਾ ਸੁਣਾਈ। ਸੁਣ ਕੇ ਕਹਿਣ ਲੱਗੇ—ਸਾਹਿਤ ਪੜ੍ਹਿਆ ਕਰ।...ਮੈਂ ਬੋਲਿਆ—ਸਾਹਿਤ ਕੀ ਹੁੰਦਾ ਹੈ?...ਉਹਨਾਂ ਮੇਰੇ ਵਲ ਵੇਖਿਆ—ਵਾਰਸ ਦੀ ਹੀਰ ਸ਼ਰਫ਼ ਨੂੰ, ਚਾਤਰਿਕ ਨੂੰ, ਕਾਦਰ ਯਾਰ ਨੂੰ,

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri
ਭਾਈ ਗੁਰਦਾਸ ਨੂੰ ਹੋਰ ਵੀ ਉਹਨਾਂ ਨਾਂ ਲਏ। ਮੈਂ ਸੁਣ ਕੇ ਉੱਤਰ ਦਿੱਤਾ—ਵਾਰਸ ਸ਼ਾਹ ਨੇ ਕਿਹੜਾ ਸਾਹਿਤ ਪੜ੍ਹ ਕੇ ਹੀਰ ਲਿਖੀ ਸੀ ?...ਉਹਨਾਂ ਮੇਰੇ ਵਲ ਬੜੇ ਗਹੁ ਨਾਲ ਵੇਖਿਆ—ਇਹ ਗੱਲ ਜਾਨਣੀ ਹੈ ਤਾਂ ਇਥੇ ਆ ਕੇ ਗਿਆਨੀ ਕਰ, ਮੈਂ ਤੈਥੋਂ ਫੀਸ ਨਹੀਂ ਲਵਾਂਗਾ। ਮੈਂ ਇਹ ਗੱਲ ਸੁਣ ਕੇ ਉਥੋਂ ਆ ਗਿਆ।

ਕੁਝ ਚਿਰ ਬਾਅਦ ਲਾਹੌਰ ਵਿਚ ਰਹਿੰਦਿਆਂ ਹੋਇਆਂ ਮੈਂ ਗਿਆਨੀ ਵੀ ਫੁਲਵਾੜੀ ਕਾਲਜ ਵਿਚ ਪੜ੍ਹੀ ਅਤੇ ਅਠਵੀਂ ਜਮਾਤ ਵੀ। ਪਰ ਇਮਤਿਹਾਨ ਕਿਸੇ ਦਾ ਨਾ ਦੇ ਸਕਿਆ। ਹੁਣ ਤਕ ਮੈਂ ਇਹ ਝੂਠ ਬੋਲਦਾ ਹਾਂ ਅਤੇ ਲਿਖਣ ਵਿਚ ਵੀ ਲਿਖਦਾ ਹਾਂ। ਮੁਲਾਕਾਤਾਂ ਤੇ ਇੰਟਰਵਿਊਆਂ ਵਿਚ ਵੀ ਇਹ ਕਹਿੰਦਾ ਹਾਂ—ਮੈਂ ਗਿਆਨੀ ਤੇ ਮਿਡਲ ਹਾਂ।

ਤਿੰਨ ਚਾਰ ਵਾਰੀ ਉਸਤਾਦ ਰਾਮ ਜੀ ਕੋਲ ਗਿਆ ਉਹਨਾਂ ਮੈਨੂੰ ਆਪਣੀਆਂ ਕਵਿਤਾਵਾਂ ਕੀ ਸੁਣਾਨੀਆਂ। ਮੇਰੀਆਂ ਦਾ ਆ ਬਾ ਠੀਕ ਕਰ ਦੇਣਾ ਬਸ। ਮੇਰੇ ਅੰਦਰ ਦੀ ਭੁੱਖ ਭੜਕ ਰਹੀ ਸੀ। ਇਕ ਦਿਨ ਰਾਮਗੜ੍ਹ ਪੁਛਦਾ-ਪੁਛਦਾ ਨੰਦ ਸਿੰਘ ਪ੍ਰਦੇਸੀ ਜੀ ਨੂੰ ਮਿਲਿਆ। ਉਹਨਾਂ ਦਾ ਓਦੋਂ ਵਿਆਹ ਹੋਏ ਨੂੰ ਸਾਲ ਹੀ ਹੋਇਆ ਸੀ। ਆਵਾਜ ਮਾਰੀ, ਨਾਂ ਦੱਸਿਆ, ਉਹਨਾਂ ਬੈਠਕ ਖੋਲ੍ਹੀ ਬੀਬੀ ਜੀ ਨੇ ਸ਼ਰਬਤ ਪਿਲਾਇਆ। ਮੈਂ ਸਾਰੀ ਗੱਲ ਪੁੱਛੀ, ਉਹਨਾਂ ਦੱਸਿਆ—ਹੋਤੀ ਮਰਦਾਨ ਮੇਰਾ ਪਹਿਲਾ ਇਨਾਮ ਸੀ। ਜਦੋਂ ਤੇਰੀ ਕਵਿਤਾ ਇਕ ਸ਼ਾਇਰ ਨੇ ਬੋਲੀ ਸਾਰਿਆਂ ਕਿਹਾ ਇਹ ਜਸਵੰਤ ਸਿੰਘ ਪ੍ਰਦੇਸੀ ਦੀ ਹੈ ਇਨਾਮ ਵਿਚ ਨਹੀਂ ਆਉਣੀ ਚਾਹੀਦੀ। ਮੈਨੂੰ ਸੁਣ ਕੇ ਖੁਸ਼ੀ ਹੋਈ।

ਨੰਦ ਸਿੰਘ ਪ੍ਰਦੇਸੀ ਜੀ ਮੈਨੂੰ ਬਾਹਰ ਮੈਦਾਨ ਵਿਚ ਫਿਰਨ ਤੁਰਨ ਲੈ ਗਏ ਆਖਿਆ—ਪ੍ਰਦੇਸੀ ਕੁਝ ਸੁਣਾ।...ਮੈਂ ਇਕ ਹੋਰ ਧਾਰਮਿਕ ਕਵਿਤਾ ਸੁਣਾਈ ਤੇ ਆਖਿਆ ਤੁਸੀਂ ਸੁਣਾਉ। ਉਹਨਾਂ ਇਕ ਨਜ਼ਮ ਕਬਿੱਤਾਂ ਵਿਚ ਗੁਰੂ ਹਰਗੋਬਿੰਦ ਦੇ ਤੀਰਾਂ ਉਤੇ ਲਿਖੀ ਸੁਣਾਈ : ਕਾਫੀਆ ਰਦੀਫ਼ ਸੀ ਘਣਿਆਲੇ ਤੀਰ, ਮਨਵਾਲੇ ਤੀਰ। ਜਿਉਂ-ਜਿਉਂ ਸੁਣੀ ਗਿਆ, ਮੇਰੇ ਅੰਦਰ ਤਕ ਉਹ ਵੱਜਦੇ ਚਲੇ ਗਏ। ਫਿਰ ਉਹਨਾਂ ਹੋਰ ਦੋ ਤਿੰਨ ਕਵਿਤਾਵਾਂ ਸੁਣਾਈਆਂ। ਮੇਰੀ ਭੁੱਖ ਲੱਥ ਗਈ। ਮੈਂ ਅੰਦਰੋਂ ਬਾਹਰੋਂ ਖਿੜ ਗਿਆ। ਬੇਨਤੀ ਕੀਤੀ—ਮੈਨੂੰ ਸ਼ਗਿਰਦ ਬਣਾ ਲਓ।...ਉਹਨਾਂ ਮੇਰੇ ਵਲ ਗਹਿਰੀ ਨਿਗਾਹ ਮਾਰੀ—


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਹੋਰ ਕੀ ਚਾਹੀਦਾ ਹੈ ਪਲਿਆ ਪਲਾਇਆ ਸ਼ਗਿਰਦ ਮਿਲ ਗਿਆ। ਮੈਂ ਤੇਰਾ ਹਾਂ, ਤੂੰ ਮੇਰਾ।

ਘਰ ਆ ਗਏ ਉਹਨਾਂ ਬੂਹਾ ਲੰਘਦਿਆਂ ਆਖਿਆ— ਆਹ ਵੇਖੋ ਪਲਿਆ ਪਲਾਇਆ ਜਵਾਨ ਪੁੱਤ ਮਿਲ ਗਿਆ ਹੈ।.. ਮੈਂ ਬੀਬੀ ਜੀ ਨੂੰ ਪੈਰੀਂ ਹੱਥ ਲਾਇਆ। ਉਹ ਉਮਰੋਂ ਮੈਥੋਂ ਨਿੱਕੇ ਸਨ। ਪਰ ਹਮੇਸ਼ਾਂ ਮੈਨੂੰ ਨਿੱਕਿਆਂ ਵੀਰਾਂ ਵਾਂਗ ਸਮਝਿਆ।

ਲਾਹੌਰ ਕੰਮ ਲੱਭ ਲਿਆ। ਦਿਨੇ ਰਾਤ ਪੜ੍ਹਨਾ ਪ੍ਰਦੇਸੀ ਕੋਲ ਜਾਣਾ। ਉਹਨਾਂ ਮੈਨੂੰ ਪਿੰਗਲ ਸਮਝਾਇਆ। ਗਰੈਮਰ ਸਮਝਾਈ। ਰਸ ਦੱਸੇ, ਅਲੰਕਾਰ ਸਮਝਾਏ। ਤਸਬੀਹਾਂ, ਹੋਰ ਵੀ ਕਵਿਤਾ ਦੇ ਗੁਣ। ਕਈ ਕਵਿਤਾਵਾਂ ਮੇਰੀਆਂ ਰੱਦ ਕਰਕੇ ਕਹਿਣ, ਮੁੜ ਕੇ ਲਿਖ ਕੇ ਲਿਆ। ਕਵੀ ਦਰਬਾਰਾਂ ਤੇ ਨਾਲ ਖੜਨਾਂ ਕਿਤੋਂ ਕੁਝ ਪੈਸੇ ਵੀ ਮਿਲ ਜਾਣੇ। ਉਹਨਾਂ ਦੀ ਅਲਮਾਰੀ ਵਿਚ ਪਰਚੇ ਪਏ ਹੁੰਦੇ ਸੀ ਜਿਨ੍ਹਾਂ ਵਿਚ ਉਹਨਾਂ ਦੀਆਂ ਕਵਿਤਾਵਾਂ ਹੁੰਦੀਆਂ। ਮੈਂ ਸੋਚਦਾ ਕਦੇ ਮੇਰੇ ਘਰ ਵੀ ਇੰਜ ਪਰਚੇ ਪਏ ਹੋਣਗੇ।

ਕਈ ਵਾਰੀ ਮੈਂ ਉਹਨਾਂ ਨਾਲ ਕਾਂਗਰਸੀ ਜਲਸਿਆਂ ਵਿਚ ਵੀ ਜਾਂਦਾ। ਉਹ ਬਚ ਕੇ ਜਾਂਦੇ ਕਿਉਂਕਿ ਰੇਲਵੇ ਵਰਕਸ਼ਾਪ ਵਿਚ ਬਿਜਲੀ ਦਾ ਕੰਮ ਕਰਦੇ ਸਨ। ਉਂਜ ਸਵਰਨਕਾਰ ਬਰਾਦਰੀ ਦੇ ਸਨ। ਉਹਨਾਂ ਨਾਲ ਮੇਰੀ ਇਤਨੀ ਗੂੜ੍ਹੀ ਸਾਂਝ ਪੈ ਗਈ ਕਿ ਦੂਰੀ ਬਿਲਕੁਲ ਦੂਰ ਹੋ ਗਈ। ਰਾਮਗੜ੍ਹ ਦੇ ਗੁਰਦੁਆਰੇ ਵਿਚ ਸਵਾ ਰੁਪਏ ਦਾ ਪ੍ਰਸ਼ਾਦ ਕਰਾ ਕੇ, ਸੰਗਰਾਂਦ ਵਾਲੇ ਦਿਨ ਅਰਦਾਸ ਵਿਚ ਭਾਈ ਜੀ ਨੇ ਮੇਰੇ ਸ਼ਾਗਿਰਦ ਹੋਣ ਦੀ ਮਨਜ਼ੂਰੀ ਗੁਰੂ ਗ੍ਰੰਥ ਸਾਹਿਬ ਕੋਲੋਂ ਲੈ ਲਈ।

ਲਗਭਗ ਇਕ ਸਾਲ ਮੈਂ ਉਥੇ ਵਿਚਰ ਕੇ ਮੁੜ ਕੇ ਡੇਰੇ ਬਾਬਾ ਨਾਨਕ ਆ ਗਿਆ। ਘਰ ਪਹੁੰਚ ਕੇ ਕੁਝ ਆਰਾਮ ਕੀਤਾ। ਕੰਮ ਸ਼ਹਿਰ ਵਿਚ ਹੀ ਲੱਭ ਲੈਂਦਾ। ਇਕ ਨਿੱਕੀ ਲਕੜੀ ਦੇ ਕੰਮ ਦੀ ਹੱਟੀ ਵੀ ਪਾ ਲਈ। ਮੇਰੀ ਚਰਚਾ ਸ਼ਹਿਰ ਵਿਚ ਵੀ ਹੋ ਗਈ। ਮਾੜੇ ਮੋਟੇ ਸਮਾਗਮਾਂ ਤੇ ਵੀ ਬੋਲਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਵਿਆਹ ਤੱਕ

ਸਾਡਾ ਸ਼ਹਿਰ ਡੇਰਾ ਬਾਬਾ ਨਾਨਕ ਨੀਮ-ਜਾਗੀਰਦਾਰਾਨਾ ਸ਼ਹਿਰ ਸੀ। ਜਗੀਰਦਾਰਾਂ ਵਾਲੀਆਂ ਖ਼ੂਬੀਆਂ ਤੇ ਐਬ ਸਨ। ਜੰਞਾਂ ਵਿਚ ਵੇਸ਼ਵਾਵਾਂ ਆਉਂਦੀਆਂ ਅਤੇ ਜੰਞਾਂ ਨਾਲ ਜਾਂਦੀਆਂ ਸਨ। ਇਸ ਨੂੰ ਰਾਈਸੀ ਸਮਝਿਆ ਜਾਂਦਾ। ਸਾਰਾ ਸ਼ਹਿਰ ਬੇਦੀ ਸਾਹਿਬਜਾਦਿਆਂ ਦੇ ਮਤਹਤਿ। ਰਈਅਤ ਵਾੜੀ ਚਲਦੀ ਸੀ। ਕੋਈ ਠੱਠੀ ਵਾਲਾ ਖੋਤੇ ਉੱਤੇ ਚੜ੍ਹਕੇ ਬਾਜ਼ਾਰ ਵਿਚੋਂ ਨਹੀਂ ਸੀ ਲੰਘਦਾ।

ਦੋ ਰਾਗੀਆਂ ਦੀਆਂ ਬੈਠਕਾਂ ਸਨ। ਚਬਾਰੇ ਸਨ। ਇਕ ਪਰੋਹਤਾਂ ਦੀ ਦੂਜੀ ਪੰਡਿਤ ਰਲਾ ਰਾਮ ਦੀ। ਸਾਰੇ ਦੇਸ਼ ਵਿਚੋਂ ਰਾਗੀ ਆਏ ਰਹਿੰਦੇ ਰਾਮਲੀਲਾ ਵੀ ਪੰਡਿਤ ਰਲਾ ਰਾਮ ਦੇ ਸਪੁਰਦ ਹੁੰਦੀ। ਇਕ ਚਬਾਰੇ ਵਾਲੀ ਬੈਠਕ ਸ਼ਾਇਰਾਂ ਦੀ ਸੀ। ਸਭ ਦਾ ਉਸਤਾਦ ਸੀ ਲਾਲਾ ਸੰਤ ਰਾਮ ਚੋਪੜਾ। ਉਹ ਸ਼ਮਦਸਤੀ ਕਰਦਾ ਸੀ। ਕੁਲੂ ਵਿਚ ਦਸਹਿਰੇ ਉੱਤੇ ਜਾਂਦਾ। ਦੋ ਅਖਾੜੇ ਉਸ ਜਿੱਤੇ ਸਨ। ਸਾਹਮੋ-ਸਾਹਮਣੀ ਬੈਂਤ-ਬਾਜ਼ੀ ਜ਼ਬਾਨੀ ਹੁੰਦੀ। ਸਵਾਲਾਂ ਜਵਾਬਾਂ ਵਿਚ ਜਿਹੜਾ ਰੁਕ ਗਿਆ ਹਾਰ ਗਿਆ। ਸੰਤ ਰਾਮ ਹਰ ਘੜੀ ਹਰ ਸਮੇਂ ਜਿਸ ਗੱਲ ਉੱਤੇ ਕਹੋ ਚੋਕਲੀਆਂ ਬਤਾਂ ਦਾ ਕਹਿ ਸਕਦਾ ਸੀ। ਉਸ ਨੇ ਰਮਾਇਣ ਲਿਖੀ ਹੋਰ ਬੜਾ ਕੁਝ ਲਿਖਿਆ, ਕੰਮ ਸੀ ਗਰਮੀਆਂ ਨੂੰ ਖੋਏ ਮਲਾਈ ਵਾਲੀ ਬਰਫ਼ ਵੇਚਣੀ, ਸਰਦੀਆਂ ਨੂੰ ਗੱਚਕ। ਹਰ ਗਾਹਕ ਬੈਂਤ ਸੁਣਦਾ ਸੌਦਾ ਲੈਂਦਾ। ਉਹ ਬਿਲਕੁਲ ਅਨਪੜ੍ਹ।

ਇਕ ਬੇਦੀ ਲਾਲ ਚੰਦ ਕਿਲ ਸੀ। ਸਨਾਤਨ ਧਰਮ ਦਾ ਪੇਡ ਪ੍ਰਚਾਰਕ ਪੱਕਾ ਕਾਂਗਰਸੀ। ਵਧੀਆ ਲੈਕਚਰਾਰ ਸੁਤੰਤਰਤਾ ਸੰਗਰਾਮੀ। ਅੰਗਰੇਜ਼ਾਂ ਦਾ ਕੱਟੜ ਵਿਰੋਧੀ।

ਮਹਾਰਾਜਾ ਰਣਜੀਤ ਸਿੰਘ ਨੇ ਬੇਦੀ ਸਾਹਿਬਜ਼ਾਦਿਆਂ ਨੂੰ ਜਗੀਰਾਂ ਦਿੱਤੀਆਂ। ਜੋ ਅੰਗਰੇਜ਼ਾਂ ਨੇ ਕਾਇਮ ਰੱਖੀਆਂ। ਨਿੱਕੀਆਂ ਇੱਟਾਂ ਦੇ ਮਹਿਲ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੇਦੀਆਂ ਦੇ ਸਨ। ਗੁਰੂ ਨਾਨਕ ਦੀ ਅੰਸ਼ ਦੇ ਬੇਦੀ ਸਾਰੇ ਇਸ ਸ਼ਹਿਰ ਦੇ ਹਨ।

ਚਾਰ ਚੁਫੇਰੇ ਬਾਗ। ਮੋਤੀਆ ਆਮ, ਗੁਲਾਬ ਵਿਰਲਾ। ਸਵੇਰੇ ਹਰ ਸਵਾਣੀ ਦੇ ਵਾਲਾਂ ਵਿਚ ਮੋਤੀਏ ਦੇ ਫੁੱਲ। ਸਬਜ਼ੀਆਂ ਦੀ ਭਰਮਾਰ। ਰਾਹਿਣਾਂ ਮੋਤੀਆ ਤੇ ਸਬਜ਼ੀ ਘਰ ਘਰ ਦੇ ਜਾਂਦੀਆਂ। ਮੁਸਲਮਾਨ ਰਾਈ ਜ਼ਮੀਨ ਦੇ ਨਿੱਕੇ-ਨਿੱਕੇ ਖੱਤਿਆਂ 'ਚੋਂ ਸਬਜ਼ੀਆਂ, ਫੁੱਲ, ਪੋਨਾ ਗੰਨਾ ਤੇ ਕੋਨਿਆਂ ਉੱਤੇ ਬੇਰੀਆਂ ਲਾ ਕੇ ਕਮਾਲ ਕਰਦੇ ਪਰਿਵਾਰ ਟੌਰ ਨਾਲ ਪਾਲਦੇ।

ਅੰਬ, ਅਮਰੂਦ, ਫਾਲਸਾ, ਛਤੂਤ, ਜਾਮਨੂੰ, ਨਾਖਾਂ, ਅਨਾਰ, ਖਰਬੂਜੇ, ਹਦਵਾਣੇ, ਪੋਨੇ ਗੰਨੇ ਆਮ ਸਨ। ਲੌਢੇ ਵੇਲੇ ਬਾਜ਼ਾਰਾਂ ਵਿਚ ਬੇਦੀਆਂ ਸਣੇ ਸਾਰੇ ਸ਼ੌਕੀਨ ਗਲਾਂ ਵਿਚ ਮੋਤੀਏ ਦੇ ਹਾਰ, ਗੁੱਟਾਂ ਨਾਲ ਵਲੇ ਹੋਏ ਹਾਰ। ਗਰਮੀਆਂ ਨੂੰ ਹੱਥਾਂ ਵਿਚ ਫੜੀਆਂ ਹੋਈਆਂ ਪਸੌਰੀ ਮੱਖੀਆਂ, ਮਖੌਲ-ਬਾਜ਼ੀ, ਚੋਹਲ-ਬਾਜ਼ੀ, ਹੁਜਤਾਂ ਸਿੱਧੀਆਂ ਗਾਲ੍ਹਾਂ ਇਕ ਦੂਜੇ ਨੂੰ। ਮੈਂ ਆਪਣੇ ਸ਼ਹਿਰ ਨੂੰ ਫੁੱਲਾਂ ਫਲਾਂ ਦਾ ਸ਼ਹਿਰ ਲਿਖਦਾ ਆਇਆ ਹਾਂ। ਦੋ ਅੰਗਰੇਜ਼ੀ ਡਾਕਟਰ ਸਨ। ਇਕ ਮੁਸਲਮਾਨ ਦੂਜਾ ਬੇਦੀ ਮੁਕੰਦ ਲਾਲ।

ਬਟੇਰ ਬਾਜ਼ ਆਮ, ਬੈਂਤ ਬਾਜ਼ ਆਮ। ਲੌਢਾ ਵੇਲਾ ਸਾਡੇ ਸ਼ਹਿਰ ਦਾ ਇਕ ਖਾਸ ਸਮਾਂ ਸੀ। ਟਿਕਾਣੇ-ਟਿਕਾਣੇ ਚੌਪੜ, ਬਾਰ੍ਹਾਂ ਟਹਿਣੀ, ਸ਼ਤਰੰਜ, ਤਾਸ਼, ਜੂਆ, ਬਟੇਰਿਆਂ ਦੀ ਲੜਾਈ, ਕੁਕੜਾਂ ਦੀ ਲੜਾਈ, ਭੇਡੂਆਂ ਦੀ ਲੜਾਈ। ਬੱਕਰਵਾਨ ਚੋਣੇ ਵਾਲੇ। ਹਰ ਘਰ ਬੇਰੀ ਹਰ ਘਰ ਲਵੇਰਾ। ਅੱਤ ਗਰੀਬ ਪਰ ਬਹੁਤ ਘੱਟ।

ਰਾਸਧਾਰੀਏ, ਕਵਾਲ, ਨਾਟਕਾਂ ਵਾਲੇ, ਰਾਗੀ, ਕਵੀ ਆਉਂਦੇ ਰਹਿੰਦੇ। ਕਿਸੇ ਦਾ ਵੀ ਤਿਉਹਾਰ ਹੁੰਦਾ ਸਾਰੇ ਇਕੱਠੇ ਰਾਮ ਲੀਲਾ, ਗੁਰਪੁਰਬ ਤਾਜ਼ੀਏ ਵੀ ਇਕੱਠੇ। ਸਾਰਿਆਂ ਕਵੀਆਂ ਨੇ ਨਜ਼ਮਾਂ ਕਹਿਣੀਆਂ। ਕਈ ਮੁੰਡਿਆਂ ਦੇ ਆਸ਼ਕ, ਕਈ ਰੰਨਾਂ ਦੇ ਆਸ਼ਕ, ਅਖਾੜੇ ਸਾਵੇਂ ਮਨਾਉਣੇ! ਪੀਘਾਂ, ਗਿੱਧੇ, ਭੰਗੜੇ ਰਾਤ ਨੂੰ ਸ਼ਾਦੀਆਂ ਦੇ ਹਫਤਾ-ਹਫਤਾ ਪਹਿਲੋਂ ਗੀਤ। ਟਿਚਕਰ ਕਰਕੇ ਹੱਸਣਾ ਆਮ। ਵਿਸਾਖੀ ਵਾਲੇ ਦਿਨ ਰਾਵੀ ਤੇ ਨਹਾਉਣ ਜਾਣਾ। ਵਿਸਾਖੀ ਪਾਰ ਕਰਤਾਰ ਪੁਰ ਮਨਾਉਣੀ। ਦਸਵੀਂ ਦਾ ਸਰਾਧ ਵੀ ਰਾਵੀਉਂ ਪਾਰ ਜਾ ਕੇ ਮਨਾਉਣਾ। ਮਹੀਨਾ-ਮਹੀਨਾ ਪਹਿਲੋਂ ਰਾਮ ਲੀਲਾ ਦੀ ਰੀਹਰਸਲ ਹੋਣੀ। ਬੜੇ ਖ਼ੇ-ਤਰਸ ਬਿਆਜੀ-ਸ਼ਾਹ। ਅੱਤ ਤੇ ਔਖੇ ਕਰਜ਼ਾਈ। ਮੇਰਾ ਸ਼ਹਿਰ ਮੇਰੇ ਲਈ ਹੁਣ ਤੱਕ ਸਾਰਾ ਪੰਜਾਬ ਹੈ, ਜ਼ਿਲਾ ਹੈ, ਦੇਸ਼ ਹੈ, ਦੁਨੀਆਂ ਹੈ; ਚਾਰ ਤਕੀਏ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri
ਦੋ ਟਾਲੀ ਸਾਹਿਬ । ਚੰਦੂ ਨਗਰ ਵਾਲਾ ਛਵਾਲਾ ਜਿਥੇ ਦੁਸਹਿਰਾ ਹੁੰਦਾ । ਵੱਡਾ ਦਰਬਾਰ ਤੇ ਚੋਲਾ ਸਾਹਿਬ ।

ਇਸ ਵਾਰੀ ਏਥੇ ਖੁਲ੍ਹ ਕੇ ਵਿਚਰਿਆ । ਸ਼ਹਿਰ ਦਾ ਆਸ਼ਕ ਬਣ ਗਿਆ । ਕੰਮ ਮਾੜਾ ਮੋਟਾ ਲੱਭ ਪੈਂਦਾ ਸੀ । ਇਕ ਰੁਪਏ ਦੀਆਂ ਤਿੰਨ ਮੰਜੀਆਂ ਵੀ ਠੋਕੀਆਂ । ਦਾਦੀ ਮਾਂ ਪੂਰਾ ਮੋਹ ਦਿੰਦੀ ।

ਪਤਾ ਲੱਗਾ ਲਾਹੌਰ ਤੋਂ ਤਰਖਾਣਾ ਦਾ ਮੁੰਡਾ ਕਵੀ ਬਣਕੇ ਆਇਆ ਹੈ । ਮੈਨੂੰ ਬੈਠਕ ਵਿਚ ਸੱਦ ਲਿਆ ਗਿਆ । ਉਸਤਾਦ ਸੰਤ ਰਾਮ ਵੀ ਉਥੇ ਸੀ । ਚਾਰ ਪੰਜ ਹੋਰ ਕਵੀ 'ਦਿਲ' ਨਹੀਂ ਸੀ । ਸਾਰੇ ਚਟਾਈਆਂ ਉਤੇ ਬਹਿ ਗਏ । ਇਕ ਜਗਨਨਾਥ ਕਵੀ ਨੇ ਮੈਨੂੰ ਕਿਹਾ— ਕਿਆ ਤੂੰ ਕਵੀ ਹੈਂ ?...ਮੈਂ ਉੱਤਰ ਦਿੱਤਾ ਹਾਂ ।—ਤੇਰਾ ਉਸਤਾਦ ਕਿਹੜਾ ਹੈ- ਨੰਦ ਸਿੰਘ ਪ੍ਰਦੇਸੀ ਮੈਂ ਉੱਤਰ ਦਿੱਤਾ । ਪਿੰਗਲ ਤੋਂ ਉਹ ਬਹੁਤਾ ਜਾਣੂ ਨਹੀਂ ਸਨ । ਜਗਨ ਨਾਥ ਨੇ ਇਕ ਸਮੱਸਿਆ ਦਿੱਤੀ, "ਸਾਧੂ ਲਾ ਕੇ ਧੂਣੀ ਜਦ ਬੈਠ ਜਾਵੇ ਕੋਲ ਚਿਮਟਾ ਨਾ ਹੋਵੇ ਤੇ ਕੀ ਹੋਵੇ ।" ਇਸ ਉੱਤੇ ਹੋਰ ਸ਼ੇਅਰ ਲਿਖ ਕੇ ਦੱਸ ।...ਮੈਂ ਕਾਗਜ਼ ਕੱਢਕੇ ਲਿਖਣ ਲੱਗਾ, ਊੜੇ ਤੋਂ ਲੈ ਕੇ ੜਾੜੇ ਤੱਕ ਗਿਣਿਆ । ਕੋਈ ਕਾਫੀਆ ਨਾ ਲੱਭਾ । ਮੈਂ ਕਿਹਾ ਚਿਮਟੇ ਦੇ ਨਾਲ ਦਾ ਕਾਫੀਆ ਨਹੀਂ ਹੈ । ਸਾਰੇ ਮੇਰੇ ਮੂੰਹ ਵੱਲ ਵੇਖਣ ਲੱਗ ਪਏ ।

ਉਸਤਾਦ ਸੰਤ ਰਾਮ ਨੇ ਆਖਿਆ ਠੀਕ ਹੈ । ਮੈਂ ਫਿਰ ਕਿਹਾ, ਕੋਈ ਕਵਿਤਾ ਦੱਸੋ ਜੋ ਮੈਂ ਲਿਖ ਕੇ ਲਿਆਵਾਂ । ਕੋਈ ਮਜ਼ਮੂਨ ਮੈਨੂੰ ਉਸਤਾਦ ਸੰਤ ਰਾਮ ਦੱਸਿਆ । ਮੈਂ ਦੂਜੇ ਦਿਨ ਪੂਰੀ ਕਵਿਤਾ ਲਿਖ ਕੇ ਲੈ ਗਿਆ । ਸਾਰਿਆਂ ਸੁਣੀ । ਉਸਤਾਦ ਸੰਤ ਰਾਮ ਨੇ ਦੱਸਿਆ – ਮੁੰਡਿਆ ਜੀਊਂਦਾ ਰਹੋ ਕਿਸੇ ਦਿਨ ਨੂੰ ਤੂੰ ਕਮਾਲ ਦਾ ਸ਼ਾਇਰ ਬਣੇਗਾ । ਡੇਰੇ ਬਾਬੇ ਨਾਨਕ ਦਾ ਨਾਂ ਉੱਚਾ ਕਰੇਗਾ । ਉਹਨਾਂ ਦੇ ਇਹਨਾਂ ਲਫਜ਼ਾਂ ਮੈਨੂੰ ਬਹੁਤ ਉਤਸ਼ਾਹ ਦਿੱਤਾ । ਪਤਾ ਨਹੀਂ ਮੈਂ ਉਹਨਾਂ ਦੇ ਕਹੇ ਮੁਤਾਬਕ ਬਣਿਆਂ ਹਾਂ ਕਿ ਨਹੀਂ ।

ਸਾਡੀ ਰਾਮਗੜੀਆ ਬਰਾਦਰੀ ਵਿਚ ਨਾਭੇ ਵਾਲੇ ਰਾਜੇ ਦਾ ਵਜ਼ੀਰ ਰਹਿ ਚੁੱਕਾ ਸ: ਰਾਮ ਸਿੰਘ ਸਾਹੋ ਵਾਲੀਆ । ਬੜਾ ਚੰਗਾ ਪੱਤਰਕਾਰ ਤੇ ਸਿਆਣਾ ਤਜਰਬੇਕਾਰ । ਕਿੱਕਰ ਦੇ ਸੱਕਾਂ ਨਾਲ ਰੰਗੇ ਹੋਏ ਕਪੜੇ ਖੱਦਰ ਦੀ ਪੱਗ, ਐਚਕਨ ਵੀ ਇਹੋ ਜਿਹੀ । ਮੋਟੀ ਧੌੜੀ ਦੀ ਜੁੱਤੀ । ਉਹ ਲਾਹੌਰੋਂ ਹਫ਼ਤੇ ਵਾਰ 'ਰਾਮਗੜੀਆ' ਨਾਂ ਦਾ ਪਰਚਾ ਕੱਢਦਾ ਸੀ । ਜਿਹੜਾ ਡੇਰਿਉਂ ਆ ਕੇ ਸਾਰੇ ਪੰਜਾਬ ਅਤੇ ਦੇਸ਼ ਵਿਚ ਘੱਲਦਾ ਸੀ । ਮੈਂ ਉਸ ਵਿਚ ਛੱਪਣ ਲੱਗ ਪਿਆ ।


CC-0. In Public Domain. Gurukul Kangri Collection, Haridwar

ਉਹਨਾਂ ਵੀ ਉਤਸ਼ਾਹ ਦਿੱਤਾ । ਬੇਦੀਆਂ ਦੇ ਮੁਜ਼ਾਰੇ ਸਭ ਮੁਸਲਮਾਨ ਸਨ ।
Digitized by Arya Samaj Foundation Chennai and eGangotri
ਹਕੀਮ ਮੁਸਲਮਾਨ ਸ਼ਬਦ ਕਮਾਲ ਦੇ ਸਨ । ਸਗੋਂ ਮੇਰੇ ਉਹ ਮਿੱਤਰ ਬਣੇ ਰਹੇ ਜਦ ਤਕ ਪਾਕਿਸਤਾਨ ਨਾ ਬਣਿਆ । ਮੇਰਾ ਹੱਸ ਕੇ ਮੋਹ ਨਾਲ ਮੁਫ਼ਤ ਇਲਾਜ ਕਰਦੇ ਰਹੇ । ਮਸ਼ਹੂਰ ਸਨ ਮਸੀਤ ਵਾਲੇ ਸ਼ਾਹ । ਹਕੀਮ ਹੋਰ ਵੀ ਚੰਗੇ ਤੇ ਸਿਆਣੇ ਹੈ ਸਨ । ਇਕ ਬੇਦੀ ਸਾਹਿਬ ਸ਼ਰਬਤਾਂ ਵਾਲੇ ਸਨ ਹਰ ਇਲਾਜ ਉਹ ਸ਼ਰਬਤਾਂ ਨਾਲ ਕਰਦੇ ਸਨ ।

ਅੰਗਰੇਜ਼ਾਂ ਨੇ ਪਹਿਲਾਂ ਮਿਊਂਸਿਪਲ ਕਮੇਟੀ ਜ਼ਿਲੇ ਵਿਚ ਗੁਰਦਾਸਪੁਰ ਬਸਾਈ । ਦੂਜੀ ਡੇਰੇ ਬਾਬੇ ਨਾਨਕ । ਪਹਿਲਾਂ ਹਾਈ ਸਕੂਲ ਜ਼ਿਲੇ ਵਿਚ ਦੂਜਾ ਡੇਰੇ । ਪਹਿਲੇ ਮਿਊਂਸਿਪਲ ਪ੍ਰਧਾਨ ਸਨ ਬੇਦੀ ਛਿਣ ਬਖ਼ਸ਼ ਜੀ । ਅੰਗਰੇਜ਼ਾਂ ਨੂੰ ਬੜੇ ਪਿਆਰੇ ਸਨ । ਮਹੱਲ ਅੱਗੇ ਪੁਲਿਸ ਦੇ ਇਕ ਸਿਪਾਹੀ ਦਾ ਪਹਿਰਾ ਰਹਿੰਦਾ । ਉਹਨਾਂ ਦੇ ਪੋਤਰੇ ਸਨ ਟੀ. ਡੀ. ਬੇਦੀ ਜੋ ਮਿਸ਼ਨ ਜੱਜ ਸਨ । ਉਸ ਤੋਂ ਨਿੱਕਾ ਸੀ. ਪੀ. ਐਲ. ਬੇਦੀ । ਫਰੀਡਾ ਬੇਦੀ ਦਾ ਘਰ ਵਾਲਾ । ਦੋਵੇਂ ਔਕਸਫੋਰਡ ਯੂਨੀਵਰਸਿਟੀ ਤੋਂ ਪੜ੍ਹੇ ਹੋਏ ਸਨ । ਬੀ ਪੀ. ਐਲ. ਬੇਦੀ ਕਾਂਗਰਸ ਦਾ ਅਤੇ ਫਿਰ ਕਮਿਊਨਿਸਟ ਪਾਰਟੀ ਦਾ ਮਸ਼ਹੂਰ ਲੀਡਰ ਰਿਹਾ ਹੈ । ਮਹਾਤਮਾ ਗਾਂਧੀ ਦੇ ਸਮੇਂ ਸਭ ਤੋਂ ਪਹਿਲਾਂ ਜ਼ਿਲੇ ਵਿਚ ਸਤਿਆ-ਗ੍ਰਹਿ ਚਰਖਾ ਲੈ ਕੇ ਫਰੀਡਾ ਬੇਦੀ ਨੇ ਡੇਰੇ ਬਾਬੇ ਨਾਨਕ ਸ਼ੁਰੂ ਕੀਤਾ ਸੀ ।

ਮੇਰੇ ਸ਼ਹਿਰ ਦੇ ਬੇਦੀ ਜਿਹੜੇ ਵਿਦਵਾਨ ਸਨ । ਅਤਿ ਦਰਜੇ ਦੇ ਵਿਦਵਾਨ ਸਨ । ਜਿਹੜੇ ਇਬਾਸ਼ ਸਨ ਅੱਤ ਦੇ ਇਬਾਸ਼ ਸਨ । ਮਿਊਂਸਿਪਲ ਕਮੇਟੀ ਦੀਆਂ ਸੀਟਾਂ ਲਈ ਆਪੋ ਵਿਚ ਟਕਰਾ ਕੇ ਕਈ ਘਰ ਮਾੜੇ ਪੈ ਗਏ ਸਨ ।

ਸਾਡੀ ਗਲੀ ਬਾਵੇ ਕਾਕੇ ਦੀ ਗਲੀ ਅਖਵਾਉਂਦੀ ਸੀ । ਇਹ ਬੇਦੀਆਂ ਦਾ ਘਰਾਣਾ ਅੱਧੇ ਸ਼ਹਿਰ ਦਾ ਗੁਰੂ ਸੀ । ਤਿੰਨ ਘਰ ਮੁਸਲਮਾਨ । ਇਕ ਨੂੰ ਮੈਂ ਤਾਇਆ ਕਹਿੰਦਾ ਸਾਂ, ਦੋ ਨੂੰ ਚਾਚਾ । ਬੜੀ ਮਿਲਵਰਤਣ ਸੀ । ਉਹ ਮੇਰੇ ਸ਼ਾਇਰ ਹੋਣ ਨੂੰ ਬੜਾ ਪਸੰਦ ਕਰਕੇ ਕਹਿੰਦੇ—ਤੇਰੇ ਕੋਲ ਤੇ ਖ਼ੁਦਾ ਦੀ ਬਰਕਤ ਆ ਗਈ ਹੈ ।

ਗਲੀ ਵਿਚ ਤਿੰਨ ਜਵਾਨ ਕੁੜੀਆਂ ਸਨ । ਸਾਡੇ ਪਾਸੇ ਵੱਲ ਇਕ ਪਤਲੀ, ਇਕ ਆਮ ਜਿਹੀ ਤੇ ਇਕ ਭਰਵੇਂ ਸਰੀਰ ਦੀ । ਮੈਨੂੰ ਭਰਵੇਂ ਸਰੀਰ ਦੀ ਚੰਗੀ ਲਗਦੀ । ਤਿੰਨੇ ਗੋਰੀਆਂ ਸਨ । ਭਰਵੇਂ ਸਰੀਰ ਦੀ ਸਾਡੇ ਨਜ਼ਦੀਕ ਜਿਹੇ ਦੀ ਸੀ । ਇਕ ਦਿਨ ਇਕ ਮਹੱਲ ਉਤੋਂ ਝਾਕ ਰਹੀ ਸੀ, ਦੂਜੀਆਂ ਦੋ ਥਲਿਉਂ ਗੱਲਾਂ ਕਰ ਰਹੀਆਂ ਸਨ । ਉਤੋਂ ਪਤਲੀ ਨੇ ਛਿੱਕਾ ਲਮਕਾਇਆ ਥੁੱਲੇ ਵਾਲੀਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਕੋਈ ਚੀਜ਼ ਰੱਖ ਦਿੱਤੀ, ਉਤਲੀ ਨੇ ਛਿੱਕਾ ਖਿੱਚ ਲਿਆ, ਮੈਂ ਆਪਣੇ ਘਰ ਅੱਗੇ ਵੇਖਦਾ ਰਿਹਾ। ਰਾਤ ਨੂੰ ਦੀਵੇ ਦੀ ਲੋਅ ਥੱਲੇ ਉਹਨਾਂ ਉਤੇ ਕਵਿਤਾ ਲਿਖੀ। ਤੀਸਰੇ ਕੁ ਦਿਨ ਉਹ ਤਿੰਨੇ ਭਰਵੇਂ ਸਰੀਰ ਵਾਲੀ ਦੇ ਘਰ ਦੇ ਸਾਹਮਣੇ ਥੱਲੇ ਇਕੱਠੀਆਂ ਹੋਈਆਂ ਗੱਲਾਂ ਕਰ ਰਹੀਆਂ ਸਨ। ਮੈਂ ਚਲਿਆ ਗਿਆ, ਉਹ ਚੁੱਪ ਕਰ ਗਈਆਂ। ਮੈਂ ਕਿਹਾ—ਤੁਹਾਡੇ ਉਤੇ ਇਕ ਕਵਿਤਾ ਲਿਖੀ ਹੈ, ਆਖੋ ਤੇ ਸੁਣਾਵਾਂ ?...ਦੋ ਕੁੜੀਆਂ ਸ਼ਰਮਾ ਗਈਆਂ ਘਰ ਵਾਲੀ ਕਹਿਣ ਲੱਗੀ – ਸੁਣਾ !

ਮੈਂ ਕਵਿਤਾ ਸੁਣਾਈ, ਉਹ ਇੰਜ ਸੀ, "ਇਕ ਮਹੱਲ ਉਤੇ ਦੋ ਗਲੀ ਅੰਦਰ, ਅੱਜ ਵੇਖੀਆਂ ਸੀ ਮੈਂ ਤਿੰਨ ਪਰੀਆਂ।" ਸਾਰੀਆਂ ਮੁਸਕਰਾ ਪਈਆਂ। ਇਕ ਦੂਜੀ ਨੂੰ ਕਹਿਣ ਲੱਗੀਆਂ, ਤੇਰੀ ਬਹੁਤੀ ਸਿਫ਼ਤ ਹੈ। ਇਕ ਆਂਦੀ ਕਵਿਤਾ ਹੋਰ ਸੁਣਾਈਂ। ਉਹ ਮੇਰੇ ਨਾਲ ਖੁਲ੍ਹ ਗਈਆਂ।

ਬਾਬਾ ਪਾਲਾ ਜੀ ਆਏ ਹੋਏ ਸਨ। ਉਹ ਘਰ ਦੀ ਤੀਜੀ ਮੰਜ਼ਿਲ ਉਤੇ ਰਾਤ ਨੂੰ ਤਵਿਆਂ ਵਾਲਾ ਵਾਜਾ ਵਜਾਉਂਦੇ। ਧੂਤੂ ਲੱਗਾ ਲੱਗਾ ਕੇ। ਲੋਕ ਕੋਠਿਆਂ ਤੇ ਬੈਠ ਕੇ ਸੁਣਦੇ। ਇਕ ਤਵਾ ਸੀ, "ਚੱਕ ਲੈ ਬਸੰਤੇ ਨੂੰ ਰੋਟੀਆਂ ਝਲੂਸ ਦਿਉਂ ਤੇਰੀਆਂ।" ਵਾਜਾ ਵੱਜ ਰਿਹਾ ਸੀ ਮੈਂ ਸੁਣਨ ਦਾ ਮਾਰਾ ਭਰਵੇਂ ਸਰੀਰ ਵਾਲੀ ਦੇ ਕੋਠੇ ਤੇ ਚਲਿਆ ਗਿਆ। ਉਹ ਚੁਬਾਰੇ ਵਿਚ ਲੰਮੀ ਪਈ ਹੋਈ ਸੀ। ਘਰ ਹੋਰ ਕੋਈ ਨਹੀਂ ਸੀ। ਉਸ ਨੂੰ ਛੇੜਿਆ ਤੇ ਚੁੰਮ ਲਿਆ। ਉਹ ਬਿਲਕੁਲ ਨਾ ਸਰਕੀ ਤੇ ਕਹਿਣ ਲੱਗੀ—ਮੈਂ ਤੈਨੂੰ ਭਰਾਵਾਂ ਵਾਂਗ ਸਮਝਦੀ ਸਾਂ, ਤੂੰ ਇਹ ਕੀ ਕਰਨ ਲੱਗ ਪਿਆ ਏਂ !...ਮੈਨੂੰ ਇਕ ਅਜੀਬ ਧੱਕਾ ਲੱਗਾ, ਘਰ ਆ ਗਿਆ। ਮੰਜੀ ਉਤੇ ਲੰਮੇ ਪੈ ਕੇ ਪ੍ਰਣ ਕੀਤਾ ਕਿ ਮੁੜ ਕੇ ਕਿਸੇ ਕੁੜੀ ਜਾਂ ਮੁਟਿਆਰ ਨੂੰ ਇਸ ਤਰ੍ਹਾਂ ਗ਼ਲਤ ਨਹੀਂ ਸਮਝਾਂਗਾ। ਰਾਤ ਇਹੋ ਪਛਤਾਵਾ ਰਿਹਾ, ਹੁਣ ਤਕ ਮੇਰੇ ਵਿਚ ਉਹੋ ਪਛਤਾਵਾ ਹੈ। ਕਦੀ ਇਸ ਤਰ੍ਹਾਂ ਨਹੀਂ ਸੋਚਦਾ।

ਪਰ ਗੱਲ ਇਹ ਹੋਈ ਕਿ ਉਹ ਕੁੜੀ ਮੇਰੇ ਨਾਲ ਲੱਗੀ ਰਹੀ ਜਦ ਤਕ ਉਸ ਦਾ ਵਿਆਹ ਨਹੀਂ ਹੋਇਆ। ਹਾਬੜਿਆਂ ਵਾਂਗ ਨਹੀਂ ਸਮਝ ਵਿਚਾਰ ਕੇ।

ਸਾਡੇ ਸ਼ਹਿਰ ਹਰ ਪਾਸੇ ਪਿੱਪਲ ਤੇ ਬੋਹੜ ਸਨ। ਪਿੱਪਲਾਂ ਥੱਲੇ ਮੁਸਲਮਾਨ ਫਰਦਾਂ ਕੱਢਦੇ ਰਹਿੰਦੇ। ਕੋਈ ਇਕ ਯੂਸਫ਼ ਜ਼ਲੇਖਾਂ ਬੜੀ ਲੈਅ ਨਾਲ ਪੜ੍ਹਦੇ। ਮੌਕਾ ਮਿਲਦਾ ਮੈਂ ਲਾਗੇ ਬਹਿ ਕੇ ਸੁਣਦਾ ਰਹਿੰਦਾ। ਆਪ ਵੀ ਰਾਤ ਨੂੰ ਉੱਚੀ-ਉੱਚੀ ਕਦੇ ਹੀਰ ਪੜ੍ਹਦਾ ਕਦੇ ਸਿਦਕ ਖ਼ਾਲਸਾ। ਸ਼ਰਫ਼ ਦੀਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਸੁਨਹਿਰੀ ਕਲੀਆਂ', ਮੋਹਨ ਸਿੰਘ ਮਹਿਰ ਦੇ 'ਚਾਰ ਹੰਝੂ' ਹੋਰ ਕਿੱਸੇ ਕਹਾਣੀਆਂ। ਨਾ ਭਾਬੀ ਮੈਨੂੰ ਰੋਕਦੀ, ਨਾ ਕੋਈ ਗੱਲ ਕਰਦੀ। ਉਹ ਮਸ਼ੀਨ ਦਾ ਕੰਮ ਕਰ ਲੈਂਦੀ। ਮੈਂ ਦਿਹਾੜੀ ਲਾ ਲੈਂਦਾ। ਮੈਥੋਂ ਨਿੱਕਾ ਜੋ ਮਰਜ਼ੀ ਕਰਦਾ, ਸਕੂਲੋਂ ਉਠ ਬੈਠਾ। ਭੈਣ ਪੰਜਵੀਂ ਪੜ੍ਹ ਕੇ ਹਟ ਗਈ।

ਬੇਦੀ ਰਤਨ ਸਿੰਘ ਡਾਕਟਰ ਸਾਡੀ ਨਾਲ ਦੀ ਗਲੀ ਵਾਲਾ ਰਾਮਦਾਸ ਇਕ ਸੰਤ ਕੋਲ ਜਾਂਦਾ ਹੁੰਦਾ ਸੀ। ਉਸ ਨਾਲ ਮੈਂ ਵੀ ਚਲਾ ਗਿਆ। ਰਾਮਦਾਸ ਸਾਥੋਂ ਅੱਠ ਮੀਲ ਅੰਮ੍ਰਿਤਸਰ ਵਾਲੀ ਸੜਕ 'ਤੇ ਹੈ, ਪੈਦਲ ਗਿਆ ਸਾਂ। ਹੋਰ ਲੋਕ ਵੀ ਜਾਂਦੇ। ਬਾਹਰ ਤਲਾਅ ਉਤੇ ਦੋ ਤਿੰਨ ਝੁੱਗੀਆਂ ਵਿਚ ਉਹ ਸੰਤ ਰਹਿੰਦਾ ਸੀ। ਇਕ ਗੁਰੂ ਗ੍ਰੰਥ ਸਾਹਿਬ। ਦੋਹਾਂ ਵਿਚ ਸੰਗਤਾਂ ਉਸ ਦਾ ਨਾਂ ਵੀ ਸੰਤ ਜਸਵੰਤ ਸਿੰਘ ਸੀ। ਜਾ ਮੱਥਾ ਟੇਕਿਆ, ਉਹ ਮੈਨੂੰ ਪਿਆਰ ਨਾਲ ਮਿਲਿਆ। ਉਸ ਉਤੇ ਕਵਿਤਾ ਲਿਖ ਕੇ ਮੱਸਿਆ ਨੂੰ ਬੋਲੀ ਬੜੀ ਸਲਾਹੀ ਗਈ। ਉਹਨਾਂ ਕੋਲ ਤਿੰਨ ਪਾਠੀ ਸਨ ਇਕ ਖ਼ੂਬਸੂਰਤ, ਚੁਸਤ ਅਤੇ ਕੱਸਿਆ ਮੁੱਸਿਆ। ਇਕ ਚਾਲ੍ਹੀਆਂ ਕੁ ਸਾਲਾਂ ਦੀ ਔਰਤ ਕੱਸੇ ਸਰੀਰ ਵਾਲੀ ਚੁਰਤ-ਫੁਰਤ। ਉਸ ਨੂੰ ਸਾਰੇ ਮਾਤਾ ਜੀ ਆਖਦੇ। ਚੁਸਤ ਪਾਠੀ ਬਹੁਤਾ ਮਾਤਾ ਜੀ, ਮਾਤਾ ਜੀ ਕਰਦਾ। ਇਕ ਝੁੱਗੀ ਵਿਚ ਸੰਤਾਂ ਦੀ ਪਤਨੀ ਅਤੇ ਹੋਰ ਘਰ ਦੇ ਜੀਅ ਰਹਿੰਦੇ। ਸਾਡੇ ਸ਼ਹਿਰੋਂ ਤਿੰਨ ਕੁੜੀਆਂ ਦਾ ਇਕ ਗਰੁੱਪ ਜਾਂਦਾ। ਦੋ ਸ਼ਾਦੀ ਸ਼ੁਦਾ ਇਕ ਕਵਾਰੀ। ਇਕ ਮੇਰੀ ਉਮਰ ਦੀ ਦੋ ਵੱਡੀਆਂ, ਨਾਂ ਯਾਦ ਹਨ ਇਕ ਕਰਤਾਰੋ, ਦੂਜੀ ਤਾਰੋ ਅਤੇ ਤੀਜੀ ਵਿਦਿਆ। ਇਹ ਸੰਤਾਂ ਦੀ ਬੜੀ ਸੇਵਾ ਕਰਦੀਆਂ, ਅੱਗੇ ਪਿੱਛੇ ਫਿਰਦੀਆਂ। ਅਕਾਲੀਆਂ ਨਾਲ ਸੰਤਾਂ ਦੀ ਲਾਗਤ-ਬਾਜ਼ੀ ਚਲਦੀ ਰਹਿੰਦੀ।

ਇਕ ਵਾਰੀ ਉਹ ਆਮ ਵਾਂਗ ਡੇਰੇ ਆਏ। ਇਕ ਘਰ ਅਖੰਡ ਪਾਠ ਉਤੇ ਰਾਤ ਦੀ ਗੱਡੀ ਰਾਮਦਾਸ ਜਾਣ ਵਾਸਤੇ ਸਟੇਸ਼ਨ ਉਤੇ ਪਹੁੰਚੇ। ਮੈਂ ਵੀ ਨਾਲ ਸਾਂ। ਸੰਤਾਂ ਨੂੰ ਉਡੀਕ ਕਮਰੇ ਵਿਚ ਬਿਠਾ ਦਿੱਤਾ। ਬਾਹਰ ਇਕ ਸੇਵਾਦਾਰ ਖਲਿਆਰ ਦਿੱਤਾ, ਜਿਸ ਨੇ ਮਿਲਣਾ ਹੁੰਦਾ ਸੇਵਾਦਾਰ ਉਸ ਨੂੰ ਮਿਲਾਉਂਦਾ। ਘੁਸਮੁਸਾ ਹੋ ਚੁਕਾ ਸੀ। ਤਿੰਨ ਮੁਟਿਆਰਾਂ ਮੁਸਾਫਰ ਖਾਨੇ ਗੱਲਾਂ ਕਰ ਰਹੀਆਂ ਸਨ। ਮੈਂ ਵੇਖ ਕੇ ਥੰਮ ਦੇ ਓਹਲੇ ਹੋ ਗਿਆ। ਤਾਰੋ ਕਹਿਣ ਲੱਗੀ—ਚਲੋ ਹੁਣ ਕੀ ਹੈ, ਸੰਤ ਇਕੱਲੇ ਹਨ ਜੱਫੀਆਂ ਜੁੱਫੀਆਂ ਪਾ ਆਈਏ...। ਇਹ ਕਹਿ ਕੇ ਉਹ ਚਲੀਆਂ ਗਈਆਂ। ਸੇਵਾਦਾਰ ਨੇ ਰੋਕਿਆ ਨਹੀਂ। ਗੱਡੀ ਆਈ ਤਾਂ ਉਹ ਕੁੜੀਆਂ ਮਹਾਤਮੜਾਈ ਨਾਲ ਅੰਦਰੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਿਕਲੀਆਂ । ਸੰਤ ਗੱਡੀ ਚੜ੍ਹ ਗਏ । ਮੈਂ ਡਾ: ਰਤਨ ਸਿੰਘ, ਕੁੜੀਆਂ ਅਤੇ ਹੋਰ ਸਾਰੇ ਗੱਪਾਂ ਮਾਰਦੇ ਸ਼ਹਿਰ ਆ ਗਏ ।

ਡਾ: ਰਤਨ ਸਿੰਘ ਬੇਦੀ ਦੀ ਦੁਕਾਨ ਸਾਡੀ ਸ਼ੁਰੂ ਹੋਣ ਵਾਲੀ ਗਲੀ ਉਤੇ ਸੀ । ਇਕ ਦਿਨ ਉਹਨਾਂ ਮੈਨੂੰ ਕੰਮ ਉਤੋਂ ਸੱਦਾ ਘੱਲਿਆ । ਆਖਿਆ— ਸੰਤਾਂ ਦੇ ਘਰ ਲੜਕਾ ਹੋਇਆ । ਕੁਝ ਦਿਨਾਂ ਬਾਅਦ ਸੰਤਣੀ ਜੀ ਗੁਜ਼ਰ ਗਏ ਨੇ, ਚਲੋ ਚਲੀਏ ।...ਅਸੀਂ ਦੁਪਹਿਰ ਦੀ ਗੱਡੀ ਪਹੁੰਚ ਗਏ । ਰਾਮਦਾਸ ਸਟੇਸ਼ਨ ਸੰਤਾਂ ਦੇ ਨੇੜੇ ਸੀ । ਅੱਗੇ ਸੰਤਣੀ ਦੀ ਦੇਹ ਨੂੰ ਨਵਾਲ ਰਹੇ ਸਨ ਅਤੇ ਮਲਾਟਾ ਕਿੱਲ ਹਥੌੜੀ ਲੈ ਕੇ ਬੈਠਾ ਹੋਇਆ ਸੀ । ਡਾਕਟਰ ਜੀ ਨੇ ਪੁੱਛਿਆ—ਇਹ ਕਾਹਦੇ ਲਈ ਬੈਠਾ ਹੈ ?...ਸੰਤਾਂ ਨੇ ਉੱਤਰ ਦਿੱਤਾ— ਬੀਬੀਆਂ ਕਹਿੰਦੀਆਂ ਹਨ ਸੂਤਕ ਵਿਚ ਮਰੀ ਹੈ, ਮੁੜ ਕੇ ਬੱਚੇ ਨੂੰ ਤੰਗ ਨਾ ਕਰੇ । ਅੱਖਾਂ ਵਿਚ, ਤਲੀਆਂ ਵਿਚ ਕਿੱਲ ਠੋਕਣੇ ਹਨ ।.. ਡਾਕਟਰ ਜੀ ਕੁੱਦ ਕੇ ਪਏ - ਤੁਸੀਂ ਮਹਾਰਾਜ ਕੀ ਕਰਨ ਲੱਗੇ ਹੋ । ਵਿਚਾਰੀ ਸੰਤਣੀ ਸੀ ਦਿਨੇ ਰਾਤ ਬਾਣੀ ਸੁਣਦੀ ਸੀ ਤੁਹਾਡੀ ਪਤਨੀ ਹੈ ।...ਏਦਾਂ ਕਹਿਣ ਤੇ ਮੁਲਾਟੇ ਨੂੰ ਘੱਲ ਦਿੱਤਾ ਗਿਆ ਅਤੇ ਸੰਤਣੀ ਦਾ ਸਸਕਾਰ ਕਰਕੇ ਸ਼ਾਮ ਦੀ ਗੱਡੀ ਮੁੜ ਕੇ ਡੇਰੇ ਆ ਗਏ । ਜਿਹੜਾ ਕੋਈ ਸੰਤਾਂ ਮੈਨੂੰ ਗੁਰ-ਮੰਤਰ ਦੱਸਿਆ ਹੋਇਆ ਸੀ ਉਹਦੀ ਮਾਲਾ ਉਸ ਰਾਤ ਬਹੁਤ ਫੇਰੀ । ਯਾਦ ਆਈ ਭਾਈ ਗੁਰਦਾਸ ਦੀ ਬਾਣੀ, "ਜੇ ਗੁਰ ਸਾਂਗ ਵਰਤਿਆ ਸਿੱਖ ਸਿਦਕ ਨਾ ਹਾਰੇ ।"

ਸ਼ਹਿਰ ਆਰੀਆ ਸਮਾਜ ਦੇ ਜਲਸੇ ਹੋਣੇ ਅਤੇ ਧਰਮ ਕੋਟ ਸ਼ਾਹ ਪੁਰ ਪਿੰਡਾਂ ਵਿਚ ਵੀ । ਇਕ ਦੇਵਾ ਸਿੰਘ ਰਾਮਦਾਸੀਆ ਜੁੱਤੀਆਂ ਗੰਢਣ ਦਾ ਕੰਮ ਕਰਦਾ ਸੀ । ਬੜਾ ਚਾਤੁਰ ਸੀ ਅਤੇ ਸੁਥਰਾ ਰਹਿਣ ਵਾਲਾ । ਕਵਿਤਾ ਵਾਹਵਾ ਲਿਖ ਲੈਂਦਾ । ਦੋਹਾਂ ਹੀ ਇਕੱਠਿਆਂ ਕਵਿਤਾਵਾਂ ਬੋਲਣ ਜਾਣਾ । ਉਥੇ ਦੇਸ਼ ਦੀ ਆਜ਼ਾਦੀ ਦੀਆਂ ਵੀ ਗੱਲਾਂ ਹੋਣੀਆਂ ਅਤੇ ਫ਼ੈਸ਼ਨ ਦੇ ਖ਼ਿਲਾਫ਼ ਤਾਂ ਬਹੁਤ ਪ੍ਰਚਾਰ ਵੈਦਾਂ ਦਾ ਕਰਦੇ ।

ਸੰਤਣੀ ਦੇ ਅੰਤਿਮ ਭੋਗ ਉਤੇ ਮੈਂ ਨਵੀਂ ਕਵਿਤਾ ਲਿਖ ਕੇ ਖੜੀ । ਬੀਬੀਆਂ ਨੇ ਮਾਂ ਮਿਟੜ ਬੱਚੇ ਨੂੰ ਪਾਲਣਾ ਸ਼ੁਰੂ ਕਰ ਦਿਤਾ । ਬੱਚਾ ਤੰਦਰੁਸਤ ਸੀ ।

ਭੋਗ ਦੇ ਬਾਅਦ ਮੈਂ ਕਵਿਤਾ ਇਕੋ ਕਾਫੀਆ ਰਦੀਫ਼ ਵਿਚ ਵੀਰ ਮਿਸਰਿਆਂ ਵਾਲੀ ਸੁਣਾਈ । ਸਰਦਾਰ ਮਾਈਆ, ਦਿਲਦਾਰ ਮਾਈਆ । ਇਕ ਸ਼ੇਅਰ ਸੀ : "ਮੇਰੇ ਲਾਲ ਨੂੰ ਕਦੇ ਨਾ ਭੁੱਲ ਜਾਵੀਂ ਮੈਨੂੰ ਦੇਵੀਂ ਤੂੰ ਭਾਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸਾਰ ਮਾਈਆ।'' ਤੀਰ ਜੀ ਦੀ ਤਰਜ਼ ਖ਼ੂਬ ਫੱਬ ਗਈ। ਸੰਗਤਾਂ ਰੋ ਵੀ ਪਈਆਂ। ਕਵਿਤਾ ਮੁੱਕਣ ਤੋਂ ਬਾਅਦ ਸੰਤ ਜੀ ਉੱਠੇ—ਇਹ ਜੋ ਕਵਿਤਾ ਰਾਹੀ ਸਾਹਿਬ ਨੇ ਬੋਲੀ ਹੈ (ਰਾਹੀ ਮੇਰਾ ਨਾਂ ਲਾਹੌਰ ਪ੍ਰਦੇਸੀ ਜੀ ਨੇ ਰੱਖਿਆ ਸੀ ਕਿਉਂਕਿ ਉਹਨਾਂ ਦਾ ਨਾਂ ਵੀ ਪ੍ਰਦੇਸੀ ਸੀ) ਇਸ ਨਾਲ ਇਕਰਾਰ ਕਰਦਾ ਹਾਂ ਕਿ ਜਦ ਵਾਹਿਗੁਰੂ ਦੇ ਘਰ ਇਹ ਜਾਵੇਗਾ ਮੈਂ ਸਿਫਾਰਸ਼ ਕਰਾਂਗਾ ਇਹਨੂੰ ਸਵਰਗ ਵਿਚ ਉੱਚਾ ਥਾਂ ਦਿਤਾ ਜਾਵੇ।...ਮੈਂ ਬਹੁਤ ਫੁੱਲਿਆ (ਪਰ ਪੈਸਾ ਕਿਸੇ ਨੇ ਇਕ ਵੀ ਪੱਲੇ ਨਾ ਪਾਇਆ) ਕਵਿਤਾ ਮੇਰੀ 'ਨੂਰ ਉਪਾਇਆ' ਧਰਮ ਪੁਸਤਕ ਵਿਚ ਹੈ।

ਇਕ ਵਾਰੀ ਸੰਤਾਂ ਨੂੰ ਸੇਵਕਾਂ ਨੇ ਰਾਵੀਉਂ ਪਾਰ ਨਾਰੋਵਾਲ ਸਟੇਸ਼ਨ ਤੋਂ ਅਗਲੇ ਸਟੇਸ਼ਨ ਦੇ ਪਿੰਡ ਵਿਚੋਂ ਸੱਦਾ ਭੇਜਿਆ। ਬੜੀ ਸੰਗਤ ਗਈ। ਪਾਠੀ ਜੋ ਚੁਸਤ ਸੀ, ਮਾਤਾ ਜੋ ਗੱਠੀ ਹੋਈ ਸੀ। ਮੈਂ ਵੀ ਹੋਰ ਸੱਤ ਅੱਠ ਜਣੇ। ਪਿੰਡ ਵਾਲਿਆਂ ਦੀਵਾਨ ਰੱਖਿਆ ਹੋਇਆ ਸੀ, ਸੰਤਾਂ ਕਥਾ ਕੀਤੀ। ਨਾਲ ਗਏ ਸੰਤਾਂ ਦੇ ਪਾਠੀ ਨੇ ਗੁਰੂ ਗ੍ਰੰਥ ਸਾਹਿਬ ਦਾ ਹੋਰ ਪਾਠ ਕੀਤਾ। ਮੈਂ ਸੰਤਾਂ ਉਤੇ ਕਵਿਤਾ ਪੜ੍ਹੀ। ਸ਼ਾਮ ਨੂੰ ਚੰਗਾ ਭੋਜਨ ਮਿਲਿਆ। ਦੋ ਤਿੰਨ ਮੁਟਿਆਰਾਂ ਅਤੇ ਅੱਧ-ਖੜਾ ਹੋਰ ਸੇਵਕਾਂ ਦੇ ਨਾਲ ਸੰਤਾਂ ਦੀ ਬੜੀ ਸੇਵਾ ਕਰਦੀਆਂ। ਸੰਤ ਜੀ ਖ਼ੂਬਸੂਰਤ ਸਨ। ਦੁਆਬੇ ਵਿਚੋਂ ਆਏ ਹੋਏ। ਰਾਤ ਨੂੰ ਸੰਤਾਂ ਦੇ ਬਚਨ ਸੁਣ ਕੇ ਸਭ ਆਪੋ ਆਪਣੇ ਘਰ ਚਲੇ ਗਏ। ਸਿਰਫ਼ ਪਿੰਡ ਦੇ ਸੇਵਕ ਦਾ ਘਰ ਰਿਹਾ। ਇਕ ਮਿੱਟੀ ਦੇ ਚੁੱਲੇ ਜਿਹਾ ਥਾਂ ਸੀ। ਉਂਜ ਸਾਰਾ ਕੱਚਾ। ਇਕ ਪਾਸੇ ਪਰਾਲੀ ਵਿਛਾ ਕੇ ਸਾਨੂੰ ਸਵਾਇਆ ਗਿਆ। ਸਾਹਮਣੇ ਪਾਠੀ ਤੇ ਮਾਤਾ ਜੀ। ਵਿਚਾਰੇ ਸੰਤ ਜੀ ਜਿਨ੍ਹਾਂ ਦਾ ਹੁਕਮ ਸੀ ਰਾਤ ਉਹ ਇਕੱਲੇ ਰਹਿਣਗੇ। ਘਰ ਵਾਲਿਆਂ ਦੀ ਮੁਟਿਆਰ ਕੁੜੀ ਜਿਸ ਨੂੰ ਸਮੇਂ ਦੀ ਸੁਹਣੀ ਕੁੜੀ ਆਖਿਆ ਜਾ ਸਕਦਾ ਸੀ ਸੰਤਾਂ ਦੀ ਸੇਵਾ ਲਈ ਖਾਸ।

ਸਾਰੇ ਸੌਂ ਬੈਠ ਗਏ। ਹਨੇਰਾ ਗੂੜਾ ਹੋ ਗਿਆ। ਮੈਨੂੰ ਪਿਸ਼ਾਬ ਆਇਆ। ਮੈਂ ਹੌਲੀ ਨਾਲ ਬੂਹਾ ਖੋਲ੍ਹ ਕੇ ਬਾਹਰ ਜ਼ਰਾ ਦੂਰ ਗਿਆ। ਰਾਤ ਸ਼ਾਹ ਕਾਲੀ, ਸਾਂ ਸਾਂ ਕਰਦੀ ਕਿਤੇ ਰੌਸ਼ਨੀ ਦੀ ਝਲਕ ਨਹੀਂ ਸੀ।

ਜਦ ਨਾਲਾ ਬੰਨ ਕੇ ਮੁੜਿਆ ਤਾਂ ਪਾਠੀ ਦੀ ਕੋਠੜੀ ਦੀਵਾ ਬਲਦਾ ਝੀਤਾਂ ਰਾਹੀਂ ਨਜ਼ਰ ਆਇਆ। ਹੌਲੀ ਹੌਲੀ ਲਾਗੇ ਜਾ ਕੇ ਵੇਖਿਆ ਮਾਂ ਪੁੱਤਰ ਹੀਰ ਰਾਂਝਾ ਬਣੇ ਹੋਏ ਸਨ। ਮੈਂ ਹੈਰਾਨ ਚੁਪਕੇ ਪਿੱਛੇ ਹੋਇਆ ਲਾਗੋਂ ਉਹੋ ਕੁੜੀ ਲੰਘੀ ਘਰ ਵਾਲਿਆਂ ਦਾ ਦੁੱਧ ਲੈ ਕੇ ਦੱਬੇ ਪੈਰੀਂ ਸੰਤਾਂ ਦਾ ਬੂਹਾ ਹੌਲੀ-ਹੌਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੜਕਾਉਣ ਲੱਗ ਪਈ। ਦੀਵਾ ਇਸ ਕਮਰੇ ਵਿਚ ਜਗ ਰਿਹਾ ਸੀ। ਇਕ ਵੱਡੇ ਨਵਾਰੀ ਮੰਜੇ ਉਤੇ ਵਧੀਆ ਬਿਸਤਰਾ। ਮੈਂ ਉਹਲੇ-ਉਹਲੇ ਦੱਬੇ ਪੈਰੀਂ ਲਾਗੇ ਹੋਇਆ। ਸੰਤਾਂ ਬੂਹਾ ਖੋਲ੍ਹਿਆ, ਦੁੱਧ ਵਾਲਾ ਕਰਮੰਡਲ ਮੁਟਿਆਰ ਦੇ ਹੱਥੋਂ ਫੜਿਆ ਥੱਲੇ ਰੱਖਿਆ, ਜੱਫੀ ਪਾ ਕੇ ਪਲੰਗ ਉੱਤੇ ਪੈ ਗਏ। ਫਿਰ ਝੱਟ ਉੱਠ ਕੇ ਬੂਹਾ ਬੰਦ ਕਰ ਲਿਆ। ਉਸ ਬੂਹੇ ਵਿਚ ਝੀਤ ਕੋਈ ਨਹੀਂ ਸੀ।

ਮੇਰੇ ਜਿਤਨੇ ਸੁਪਨੇ ਸਨ ਕਿ ਸੇਵਾ ਤੇ ਸਿਮਰਨ ਨਾਲ ਮੇਰਾ ਸੰਤ ਕੁਝ ਕੁਝ ਸਵਾਰ ਦੇਣਗੇ ਢਹਿ ਢੇਰੀ ਹੋ ਗਿਆ !! ਰਾਤ ਪਲਸੇਟੇ ਪਲਸੇਟੇ ਮਾਰ ਕੇ ਕੱਟੀ। ਦਿਨੇ ਮੱਥਾ ਟੇਕਿਆ, ਸੰਤਾਂ ਮੈਨੂੰ ਕਿਰਾਇਆ ਦੇ ਕੇ ਵਿਦਾ ਕਰ ਦਿੱਤਾ। ਵੱਧ ਇਕ ਪੈਸਾ ਨਾ ਦਿੱਤਾ।

ਡੇਰੇ ਸ: ਰਾਮ ਸਿੰਘ ਧਾਰੋਵਾਲੀਏ ਨੂੰ ਸਾਰੀ ਕਥਾ ਸੁਣਾਈ ਉਸ ਨੇ ਕਿਹਾ, "ਤੂੰ ਕਵਿਤਾ ਲਿਖ, ਛਾਇਆ ਕਰਾਂਗਾ।" ਉਹ ਇਹੋ ਜਿਹੀਆਂ ਗੱਲਾਂ ਦੇ ਖਿਲਾਫ਼ ਸੀ।

ਮੈਂ ਇਕ ਸਿੱਠੀ ਲਿਖੀ ਜਿਸ ਦੀ ਪੰਗਤੀ ਹੁਣ ਤੱਕ ਯਾਦ ਹੈ :

"ਦੱਸ ਜੋ ਹੋਏ ਬਿਮਾਰ ਪੰਜਾਂ ਨੇ ਅੱਛੇ ਹੋਣੈ,
ਪੰਜ ਜੋ ਗਏ ਸੁਧਾਰ ਪੰਜਾਂ ਨੇ ਮੁੜ ਕੇ ਆਉਣੈ।"

ਕਵਿਤਾ ਛਾਇਆ ਹੋਈ। ਰਾਮਦਾਸ ਵਾਲੇ ਅਕਾਲੀਆਂ ਨੇ ਵੱਡੇ ਇਤਿਹਾਸਕ ਗੁਰਦੁਆਰਿਉਂ ਇਸ਼ਤਿਹਾਰ ਵਾਂਗ ਛਾਪ ਕੇ ਵੰਡੀ।

ਇਸ ਵਾਕਿਆਤ ਨੇ ਮੇਰੇ ਅੰਦਰ ਬੀਜ ਬੋ ਦਿਤਾ ਸਾਧਾਂ ਸੰਤਾਂ ਦੇ ਖਿਲਾਫ਼ ਹੋਣ ਦਾ। ਜ਼ਿੰਦਗੀ ਵਿਚ ਜੇ ਕਿਸੇ ਸਾਧ ਸੰਤ ਦੇ ਨੇੜੇ ਗਿਆ ਤਾਂ ਆਮਦਨੀ ਵਾਸਤੇ ਰਸਮੀ ਤੌਰ ਤੇ। ਵੱਖੋ-ਵੱਖਰੇ ਪਖੰਡਾਂ ਵਾਲੇ ਸਾਧ ਸੰਤ ਮੇਰੀ ਜ਼ਿੰਦਗੀ ਵਿਚ ਹੋਰ ਵੀ ਆਏ। ਕੋਈ ਕਰਾਮਾਤੀ ਨਾ ਆਇਆ ਅਤੇ ਨਾ ਕੋਈ ਧਰਮ ਮਜ਼ਹਬ ਵੀ ਕਰਾਮਾਤੀ ਮਿਲਿਆ ਦੇਖਿਆ। ਜਾਪਦਾ ਰਿਹਾ ਹੈ ਅਸੀਂ ਅੰਨੀ ਸ਼ਰਧਾ ਦੇ ਪੱਕੇ ਗੁਲਾਮ ਹਾਂ। ਬੇਚੈਨੀਆਂ ਤੇ ਥੁੜਾਂ ਦੂਰ ਕਰਦੇ ਫਿਰਦੇ ਹਾਂ।

ਲਾਹੌਰ ਤੋਂ ਦੋ ਪੁਸਤਕਾਂ ਆਂਦੀਆਂ ਹੋਈਆਂ ਸਨ। ਇਕ ਡਾ: ਹਰਨਾਮ ਦਾਸ ਬੀ. ਏ. ਦਾ ਹਦਾਇਤਨਾਮਾ ਖਾਵੰਦ। ਇਕ ਤਿੰਨ ਸੌ ਸਫੇ ਦੀ ਕਿਤਾਬ ਕਹਾਣੀਆਂ ਦੀ। ਕੋਈ 'ਅਸਕਰੀ' ਜਿਹੇ ਨਾਂ ਦਾ ਲਿਖਾਰੀ ਸੀ। ਕਹਾਣੀਆਂ ਬੜੀਆਂ ਭਿਆਣਕ ਤੇ ਡਰਾਉਣੀਆਂ ਸਨ। ਜਿਵੇਂ ਇਕ ਔਰਤ ਜੋ ਖੂਬਸੂਰਤ ਸੀ ਉਹ ਰਾਤ ਨੂੰ ਉਸ ਘਰ ਦੇ ਬੱਚੇ ਡਾਇਣ ਬਣ ਕੇ ਖਾ ਗਈ। ਵਗੈਰਾ ਵਗੈਰਾ। ਇਕ ਦਿਨ ਮੈਂ ਘਰ ਇਕੱਲਾ ਸਾਂ ਰਾਤ ਪਈ ਕਹਾਣੀਆਂ ਪੜ੍ਹਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਰਦਾ ਰਿਹਾ। ਘਰ ਖਾਣ ਨੂੰ ਪੈਂਦਾ ਸੀ। ਪਰ ਪੜ੍ਹਨੋਂ ਨਾ ਹਟਿਆ। ਉਸ ਨੂੰ ਮੁਕਾ ਦੇਣੀ ਚਾਹੁੰਦਾ ਸਾਂ ਤਾ ਕਿ ਮੁੜ ਕੇ ਨਾ ਪੜ੍ਹਨੀ ਪਵੇ। ਉਹ ਪੁਸਤਕ ਮੇਰੇ ਕੋਲੋਂ ਕੋਈ ਮੰਗ ਕੇ ਲੈ ਗਿਆ, ਨਾ ਮੰਗੀ ਨਾ ਮਿਲੀ। ਜਦ ਉਸ ਦੀਆਂ ਕਹਾਣੀਆਂ ਯਾਦ ਆਉਣੀਆਂ ਡਰ ਲੱਗਣਾ।

ਹਦਾਇਤ ਨਾਮਾ ਖਾਵੰਦ ਬੜੇ ਗੌਰ ਨਾਲ ਪੜ੍ਹਿਆ। ਔਰਤ ਨਾਲ ਵਿਸ਼ੇ ਬਾਰੇ ਬੜਾ ਖੁਲ੍ਹ ਕੇ ਲਿਖਿਆ ਹੋਇਆ ਸੀ। ਏਥੋਂ ਤੱਕ ਆ ਗਿਆ ਸੀ ਕਿ ਕਿਸੇ ਇਨਸਾਨ ਨੇ ਭੋਗ ਕਰਕੇ ਮਰ ਜਾਣਾ ਹੋਵੇ ਤਾਂ ਇਕ ਦਿਨ ਛੱਡ ਕੇ ਇਕ ਦਿਨ ਭੋਗ ਕਰੇ। ਸਿਰਫ਼ ਇਕ ਵਾਰੀ। ਔਰਤ ਨਾਲ ਕਦੇ ਨਾ ਰਾਤ ਸਵੇਂ ਵਗੈਰਾ ਵਗੈਰਾ। ਇਕ ਗੱਲ ਹੋਰ ਜਦ ਬੱਚਾ ਪਤਨੀ ਦੇ ਪੇਟ ਵਿਚ ਸਰਕਦਾ ਮਾਲੂਮ ਹੋਵੇ ਭੋਗ ਕਰਨਾ ਬੰਦ ਕਰ ਦੇਵੋ। ਜਦੋਂ ਤੱਕ ਬੱਚਾ ਦੁੱਧ ਨਾ ਛੱਡ ਦਏ ਭੋਗ ਨਾ ਕਰੋ।

ਮੈਂ ਕਾਫੀ ਇਸ ਹਦਾਇਤ ਨਾਮੇ ਦੇ ਮਸਲੇ ਉੱਤੇ ਤੁਰਿਆ ਰਿਹਾ ਹਾਂ। ਇਹ ਗੱਲ ਮੇਰੇ ਅੰਦਰ ਬਹਿ ਗਈ ਸੀ। ਬਾਕੀ ਮੇਰੀ ਪਤਨੀ ਵਿਚ ਇਤਨੀ ਕਸ਼ਸ਼ ਜਾਂ ਭੁੱਖ ਨਹੀਂ ਸੀ ਸੈਕਸ ਦੀ ਅਤੇ ਨਾ ਹੀ ਉਹ ਇਤਨੀ ਸੁਹਣੀ ਸੀ ਕਿ ਮੈਂ ਉਸ ਵੱਲ ਖਿੱਚਿਆ ਰਹਿੰਦਾ। ਮੋਹ ਬੜਾ ਸੀ। ਇਸ ਦਾ ਕਾਰਨ ਇਹ ਹੋਇਆ ਕਿ ਮੇਰੇ ਬੱਚੇ ਤੰਦਰੁਸਤ ਹਨ! ਮੇਰੀ ਪਤਨੀ ਮੈਥੋਂ ਤਕੜੀ ਹੈ। ਕੋਈ ਨਹੀਂ ਕਹਿ ਸਕਦਾ ਕਿ ਇਸ ਔਰਤ ਦੀਆਂ ਪੰਜ ਧੀਆਂ ਤੇ ਤਿੰਨ ਪੁੱਤਰ ਹਨ। ਹਰ ਬੱਚਾ ਉਸ ਨੂੰ ਕਛੇ ਮਾਰ ਸਕਦਾ ਹੈ। ਮੈਂ ਜਦ ਇਹ ਲਿਖ ਰਿਹਾ ਹਾਂ ਤਿਹੱਤਰਵੇਂ ਸਾਲ ਵਿਚ ਹਾਂ। ਅਜੇ ਕੋਈ ਨਹੀਂ ਕਹਿ ਸਕਦਾ। ਇਕ ਵਾਰੀ ਮਰਨ ਤੱਕ ਦੀ ਬੀਮਾਰੀ ਵਿਚੋਂ ਗੁਜ਼ਰ ਚੁੱਕਾ ਹਾਂ। ਟੀਕੇ ਤੇ ਦਵਾਈਆਂ ਵਰਤਦਾ ਰਹਿੰਦਾ ਹਾਂ।

ਸਾਡੇ ਸ਼ਹਿਰ ਗੁਰੂ ਨਾਨਕ ਦਾ ਚੋਲਾ ਹੈ। ਹਰ ਚਾਰ ਪੰਜ ਮਾਰਚ ਨੂੰ ਤਿੰਨ ਦਿਨ ਮੇਲਾ ਹੁੰਦਾ ਹੈ। ਹੋਰਨਾਂ ਜ਼ਿਲ੍ਹਿਆਂ ਚੋਂ ਪੈਦਲ ਸੰਗਤਾਂ ਆਉਂਦੀਆਂ ਹਨ। ਮੈਂ ਅਕਾਲੀਆਂ ਨੂੰ ਕਹਿ ਕੇ ਕਵੀ ਦਰਬਾਰ ਰਖਾਇਆ। ਗੁਰਦੁਆਰਾ ਕਮੇਟੀ ਦਸ ਦਸ ਰੁਪਏ ਦੇ ਸਕਦੀ ਸੀ। ਲਾਹੌਰੋਂ ਪ੍ਰਦੇਸੀ ਜੀ ਅਤੇ ਨਾਲ ਹੋਰ ਦੋ ਕਵੀ ਆਏ ਤਿੰਨ ਕਵੀ ਸ਼ਹਿਰ ਦੇ ਸੀ।

ਰਾਤ ਨੂੰ ਬੜੀ ਸੰਗਤ ਦੀਵਾਨ ਵਿਚ ਇਕੱਠੀ ਹੁੰਦੀ ਸੀ। ਖੂਬ ਕਵੀ ਦਰਬਾਰ ਹੋਇਆ। ਮੈਂ ਸੰਤਾਂ ਉੱਤੇ ਲਿਖੀ ਸਿੱਠੀ ਬੋਲੀ। ਖੂਬ ਵਾਹ ਵਾਹ ਹੋਈ। ਪੰਜ ਸੱਤ ਰੁਪਏ ਹੋ ਗਏ। ਜਦ ਅਸੀਂ ਸਟੇਜ ਤੋਂ ਉਤਰ ਕੇ ਸੰਗਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚੋਂ ਲੰਘਦੇ ਆ ਰਹੇ ਸਾਂ ਇਕ ਜ਼ਨਾਨੀ ਮੈਨੂੰ ਸੁਣਾ ਕੇ ਬੋਲੀ—ਉਥੇ ਤੇ ਸੰਤਾਂ ਦੀਆਂ ਬੜੀਆਂ ਸਿਫ਼ਤਾਂ ਕਰਦਾ ਸੀ, ਏਥੇ ਕੁੱਤੇ ਵਾਂਗੂ ਭੌਂਕਦਾ ਹੈਂ ਸ਼ਰਮ ਨਹੀਂ ਆਉਂਦੀ ਬੇਸ਼ਰਮ ਨੂੰ ਲੱਖ-ਲਾਹਨਤ ਈ।

ਮੈਂ ਮੁਸਕਰਾ ਕੇ ਲੰਘ ਆਇਆ। ਜ਼ਨਾਨੀਆਂ ਤੇ ਸਾਧਾਂ ਦਾ ਧੁਰ ਦਾ ਮੇਲ ਹੈ ਅਜ ਵੀ ਹੈ ਦਸਵੀਂ ਦੇ ਸਰਾਧ ਦਾ ਮੇਲਾ ਰਾਵੀਉਂ ਪਾਰ ਕਰਤਾਰਪੁਰ ਲੱਗਦਾ ਸੀ। ਜਿੱਥੇ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ ਹਨ। ਬਾਬੇ ਸ੍ਰੀ ਚੰਦ ਨੇ ਰਾਵੀ ਵਿਚ ਹੜ੍ਹ ਆਉਣ ਕਰਕੇ ਚਿਖਾ ਦੀ ਬਿਭੂਤੀ ਵਾਲੀ ਗਾਗਰ ਡੇਰੇ ਵੱਡੇ ਗੁਰਦੁਆਰੇ ਗੁਰੂ ਗ੍ਰੰਥ ਵਾਲੇ ਥਾਂ ਹੇਠਾਂ ਧਰਤੀ ਦੀ ਗੋਦ ਵਿਚ ਰੱਖੀ ਹੋਈ ਸੀ।

ਕਰਤਾਰਪੁਰ ਬਾਬਾ ਪਾਲਾ ਸਿੰਘ ਜੀ ਹਮੇਸ਼ਾਂ ਲੰਗਰ ਲਾਉਂਦੇ ਗੱਡੇ ਉਤੇ ਸਾਰਾ ਸਾਮਾਨ ਲੱਦ ਕੇ ਖੜਦੇ ਸਨ। ਸਾਰਾ ਗਲੀ ਮਹੱਲਾ ਜਾਂਦਾ। ਦਰੀਆਂ ਵਿਛੀਆਂ ਹੁੰਦੀਆਂ। ਸਾਰੇ ਬੰਦੇ ਔਰਤਾਂ ਰਾਤ ਭਰ ਮਾਂਹ ਰਿੰਨਦੇ ਫੁਲਕੇ ਪਕਾਉਂਦੇ ਰਹਿੰਦੇ। ਦਿਨੇ ਅਰਦਾਸ ਕਰਕੇ ਵਰਤਏ ਜਾਂਦੇ।

ਮੈਨੂੰ ਅਕਾਲੀਆਂ ਵੀ ਆਉਣ ਲਈ ਆਖਿਆ ਸੀ। ਸਾਡਾ ਘਰ ਵੀ ਗਿਆ। ਮੈਂ ਉਸ ਗੁੱਦੇ ਹੋਏ ਸਰੀਰ ਵਾਲੀ ਕੁੜੀ ਦੇ ਗਰੁੱਪ ਵਿਚ ਸਾਂ, ਨਾਲ ਉਸ ਦੀ ਭਰਜਾਈ ਜਿਸ ਦੀ ਖ਼ੂਬਸੂਰਤੀ ਸਾਰਿਆਂ ਵਿਚ ਉੱਘੀ ਸੀ। ਤਿੰਨ ਚਾਰ ਸਾਲ ਵਿਆਹ ਨੂੰ ਹੋਏ ਸਨ, ਪਰ ਬੱਚਾ ਕੋਈ ਨਹੀਂ ਸੀ। ਕੱਦ ਤੇ ਤੁਰਨਾ ਸਿਫ਼ਤਾਂ ਵਾਲਾ। ਮੈਥੋਂ ਘੁੰਡ ਕੱਢਦੀ। ਰਾਵੀ ਵਿਚ ਗਾਣ ਵਾਲੇ ਪੱਤਣ 'ਚ ਉਸ ਮਹੀਨੇ ਪਾਣੀ ਗੋਡੇ-ਗੋਡੇ ਹੁੰਦਾ ਹੈ। ਜਦ ਰਾਵੀ ਲੰਘਣ ਲੱਗੇ ਤਾਂ ਉਸ ਦਾ ਪੈਰ ਗਾਣ ਵਿਚ ਫਸ ਗਿਆ, ਨਿਕਲੇ ਨਾ। ਮੈਨੂੰ ਕੁੜੀ ਨੇ ਆਖਿਆ - ਬਾਹੋਂ ਫੜ ਕੇ ਕੱਢ ਦੇ ਭਰਜਾਈ ਨੂੰ।...ਮੈਂ ਹੀਲ ਹੁਜਤ ਕੋਈ ਨਾ ਕੀਤੀ ਬਾਹੋਂ ਫੜ ਕੇ ਖਿੱਚ ਲਿਆ। ਬਾਂਹ ਕੇਲੇ ਦੇ ਗੁੱਦੇ ਵਰਗੀ ਸੀ। ਨਿਕਲ ਕੇ ਘੁੰਡ ਸਾਂਭਦੀ ਨੇ ਮੁਸ ਮੁਸ ਕੀਤੀ, ਮੇਰੀਆਂ ਅੱਖੀਆਂ ਵਿਚ ਆਪਣੇ ਨੈਣ ਡੋਲ੍ਹ ਦਿਤੇ। ਘੁੰਡ ਕੱਢ ਲਿਆ। ਇਹ ਤਿੰਨ ਮੀਲ ਦਾ ਸਫ਼ਰ ਮੈਨੂੰ ਪਿਆਰ ਦੀਆਂ ਕੁਤਕਤਾਰੀਆਂ ਭਰਿਆ ਜਾਪਿਆ।

ਮਾਂਹ ਦੇ ਵਲਟੋਏ ਭੱਠੀਆਂ ਉਤੇ ਰਖੇ ਗਏ। ਲੋਹ ਉਤੇ ਰੋਟੀਆਂ ਪੱਕਣ ਲੱਗ ਪਈਆਂ। ਮੈਂ ਅਕਾਲੀਆਂ ਦੇ ਦੀਵਾਨ ਵਿਚ ਬੋਲਿਆ। ਦਸ ਕੁ ਰੁਪਏ ਹੋਏ। ਫਿਰ ਇਕ ਦੀਵਾਨ ਵਿਚ ਗਿਆ ਉਥੇ ਵੀ ਕਵਿਤਾ ਸੁਣਾਈ ਪੰਜ ਸੱਤ ਰੁਪਏ ਹੋਏ। ਫਿਰ ਨਿੱਕੇ ਜਿਹੇ ਦੀਵਾਨ ਲਾਗੇ ਜਾ ਖਲੋਤਾ। ਲੈਕਚਰ ਹੋ ਰਿਹਾ ਸੀ। ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਸੀ। ਗਰੀਬਾਂ ਦੀਆਂ ਤੇ ਜੱਟਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਗੁਲਾਮੀ ਤੋੜਨ ਦੀਆਂ ਗੱਲਾਂ ਹੋ ਰਹੀਆਂ ਸਨ। ਜੈਕਾਰਾ ਨਹੀਂ ਸਨ ਛੱਡਦੇ, 'ਇਨਕਲਾਬ ਜ਼ਿੰਦਾਬਾਦ' ਕਹਿੰਦੇ ਸਨ। ਮੈਂ ਆਪਣਾ ਨਾਮ ਲਿਖਾਇਆ। ਝੱਟ ਉਹਨਾਂ ਮੈਨੂੰ ਟਾਈਮ ਦੇ ਦਿਤਾ। ਆਰੀਆ ਸਮਾਜ ਵਾਲੀਆਂ ਕਵਿਤਾਵਾਂ 'ਚੋਂ ਇਕ ਸੁਣਾ ਦਿਤੀ। ਅਛੂਤਾਂ ਦੇ ਹੱਕ ਦੀ, ਅੰਗਰੇਜ਼ਾਂ ਅਤੇ ਫ਼ੈਸ਼ਨਾਂ ਦੇ ਖ਼ਿਲਾਫ਼। ਸਟੇਜ ਸੈਕਟਰੀ ਨੇ ਆਖਿਆ, "ਰਾਕੇਡ ਨਵਾਂ ਹੈ ਠੀਕ ਹੋ ਜਾਵੇਗਾ।" ਮੈਂ ਸਮਝਿਆ ਇਕ ਸਿੱਧੇ ਜੱਟੇ ਨਾਂ ਦਾ ਸ਼ਾਇਰ ਬੋਲਿਆ, "ਤੇਹਾ ਮਿਹਾਂ ਕਾਵਾਂ ਨੂੰਗ ਲਿਆ ਉਏ ਜੱਟਾ।" ਉਸ ਦੇ ਬਾਅਦ ਨਿਰੰਜਣ ਸਿੰਘ ਨਥਾਵਾਂ ਬੋਲਿਆ, "ਕਮਾਲ ਦੀ ਕਵਿਤਾ ਅਤੇ ਕਮਾਲ ਦੀ ਅਦਾ।" ਇਹ ਪਹਿਲੀ ਵਾਰੀ ਸੀ ਕਿ ਮੇਰੀ ਸਿੱਧੇ ਜੱਟ ਤੇ ਨਥਾਵੇਂ ਨੂੰ ਵੇਖਣ ਸੁਣਨ ਦੀ! ਓਦੋਂ ਤੋਂ ਮੇਰੀਆਂ ਕਵਿਤਾਵਾਂ ਦਾ ਉਲਾਰ ਲੋਕਾਂ ਵੱਲ ਅਤੇ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਵੱਲ ਹੋਇਆ।

ਰਾਤ ਦਾ ਇਕ ਵੱਜ ਚੁਕਾ ਸੀ, ਸਾਡਾ ਲੰਗਰ ਇਕ ਕਮਾਦ ਦੇ ਲਾਗੇ ਸੀ। ਜਿਥੇ ਕੁੜੀ ਦਰੀ ਉਤੇ ਬੈਠੀ ਸੀ। ਉਹਨਾਂ ਲਾਗੇ ਬਹਿ ਗਿਆ। ਗੱਲਾਂ ਹੋਣ ਲੱਗ ਪਈਆਂ। ਉਸ ਦੀ ਭਰਜਾਈ ਨੇ ਅੱਧਾ ਘੁੰਡ ਲਾਹ ਦਿਤਾ। ਉਹਨਾਂ ਦੇ ਘਰੋਂ ਕੋਈ ਨਹੀਂ ਸੀ ਆਇਆ, ਉਹਦਾ ਘਰ ਵਾਲਾ ਛੱਡ ਕੇ ਚਲਿਆ ਗਿਆ ਸੀ। ਹਰੀਕੇਨ ਲਾਲਟੈਨ ਨਿੰਮੀ ਹੋ ਗਈ। ਮੈਂ ਕੁੜੀ ਨੂੰ ਇਸ਼ਾਰਾ ਕਰਕੇ ਕਮਾਦ ਵਿਚ ਹੌਲੀ ਜਿਹੇ ਨਾਲ ਜਾ ਵੜਿਆ। ਥੋੜ੍ਹੇ ਚਿਰ ਬਾਅਦ ਉਹ ਉਥੇ ਆ ਗਈਆਂ। ਭਰਜਾਈ ਦਾ ਜਗਮਗਾਉਂਦਾ ਚਿਹਰਾ ਜਾਪਿਆ। ਮੈਂ ਘੁੱਟ ਕੇ ਉਸ ਨੂੰ ਜੱਫੀ ਪਾਈ, ਅਜੇ ਚੁੰਮਿਆਂ ਨਹੀਂ ਸੀ ਕਮਾਦ ਵਿਚ ਖੜਖੜ ਹੋਣ ਲੱਗੀ। ਛੱਡ ਛਡਾ ਕੇ ਘਾਬਰੇ ਹੋਏ ਵੱਖਰੇ ਵੱਖਰੇ ਬਾਹਰ ਦਰੀ ਉਤੇ ਆ ਬੈਠੇ। ਮੁੜ ਕੇ ਕਦੇ ਉਸ ਨਾਲ ਸਮਾਂ ਨਹੀਂ ਮਿਲਿਆ।

ਡੇਢ ਦੋ ਸਾਲ ਮੈਂ ਆਪਣੇ (ਪਿੰਡ) ਸ਼ਹਿਰ ਵਿਚ ਰਿਹਾ। ਇਕ ਮੇਰਾ ਪੱਗ ਵੱਟ ਭਰਾ ਲਾਲ ਸਿੰਘ ਬਣ ਗਿਆ। ਬਿਲਕੁਲ ਨਾਲ ਦੇ ਪਿੰਡ ਪੱਖੋਂਕੇ ਟਾਲ੍ਹੀ ਸਾਹਿਬ। ਡੇਰੇ ਬਾਬੇ ਨਾਨਕ ਦੇ ਚਾਰ ਚੁਫੇਰੇ ਵੀਹ ਪੰਝੀ ਪਿੰਡ ਹਨ। ਜੁਗਰਾਫੀ ਆਈ ਹਾਲਤ ਕਰਕੇ ਇਹਨਾਂ ਨੂੰ ਮਿਲਾ ਕੇ ਹੀ ਡੇਰਾ ਬਾਬਾ ਨਾਨਕ ਮੁਕੰਮਲ ਆਖਿਆ ਜਾ ਸਕਦਾ ਹੈ।

ਨਿੱਕਾ ਚਾਚਾ ਗਿਆਨ ਸਿੰਘ ਅਤੇ ਵੱਡਾ ਚਾਚਾ ਭਗਵਾਨ ਸਿੰਘ ਵੀ ਡੇਰੇ ਬਾਬੇ ਨਾਨਕ ਆ ਚੁਕੇ ਸਨ। ਨਿੱਕੇ ਨੇ ਘਰ ਉਤੇ ਚੁਬਾਰਾ ਪਾ ਲਿਆ। ਵੱਡੇ ਨੇ ਅੰਦਰ ਵਾਰ ਇਕ ਖੋਲ਼ਾ ਮੁੱਲ ਲੈ ਕੇ ਵਧੀਆ ਦੋ ਮੰਜ਼ਿਲਾ ਛੱਜਾ ਵਧਾ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਇਆ। ਸਾਡੇ ਲਾਗੇ ਸਿਰਫ਼ ਲਵੇਰਾ ਬੰਨ੍ਹਦੇ। ਮੇਰੀ ਭਾਬੀ ਨਾਲ ਉਂਜ ਬਣਦੀ ਦੋਹਾਂ ਦੀ ਨਹੀਂ ਸੀ, ਪਰ ਸ਼ਰੀਕੇ ਦੀ ਲੜਾਈ ਵਿਚ ਇਕੱਠੇ ਹੋ ਜਾਂਦੇ ਸਨ।

ਹੁਣ ਮੇਰੇ ਵਿਆਹ ਦੀ ਤਾਰੀਕ ਨਿਕਲ ਆਈ। ਦੋ ਮਹੀਨੇ ਦੀ ਵਿੱਥ ਉੱਤੇ। ਤਿਆਰੀ ਹੋਣੀ ਸ਼ੁਰੂ ਹੋ ਗਈ। ਭਾਬੀ ਕੋਲ ਜਿਨਾਂ ਗਹਿਣਾ ਸੀ ਅੱਧਾ ਉਸਨੇ ਵਰਤ ਲਿਆ। ਸਾਰਿਆਂ ਭੂਆਂ ਤੇ ਚਾਚਿਆਂ ਨੇ ਪੰਜਾਂਹ ਪੰਜਾਂਹ ਰੁਪਏ ਪਾਏ। ਇਕ ਸੌ ਰੁਪਿਆ ਕਰਜ਼ ਧਾਰੋਵਾਲੀਏ ਕੋਲੋਂ ਤੇ ਇਕ ਸੌ ਗਲੀ ਦੇ ਮਹੱਲੇ ਵਾਲੇ ਬੇਦੀ ਅਜੀਤ ਸਿੰਘ ਕੋਲੋਂ ਲਿਆ। ਦੋਹਾਂ ਨੇ ਮੇਰੇ ਹੱਥਾਂ ਦੇ ਅੰਗੂਠੇ ਸਣੇ ਪੰਜੇ ਲਵਾਏ। ਪੰਝੀ ਰੁਪਏ ਤੋਲਾ ਸੋਨਾ ਕੁਝ ਹੋਰ ਲਿਆ ਗਿਆ। ਵਿਆਹ ਵਿਚ ਬਾਬਾ ਪਾਲਾ ਸਿੰਘ ਹੋਰੀਂ ਵੀ ਮੰਨ ਗਏ। ਵੀਹ ਰੁਪਿਆਂ ਦਾ ਗੁੜ ਉਧਾਰ ਵੱਡੀ ਮਾਸੀ ਮਾਸੜ ਕੋਲੋਂ ਖੋਤੇ 'ਤੇ ਲੱਦ ਕੇ ਲਿਆਂਦਾ। ਜਦ ਉਹ ਵਿਆਹ ਉੱਤੇ ਆਏ ਉਹ ਵੀਹ ਰੁਪਏ ਮੈਥੋਂ ਮੰਗ ਲਏ। ਉਹਨਾਂ ਜਿੰਨੇ ਚਾਹੇ ਵਿਆਹ ਵਿਚ ਵਰਤੇ, ਹੋਰ ਸਾਮਾਨ ਵੀ ਬਣਾਇਆ। ਜੰਞ ਵਿਚ ਮੇਰੇ ਕਿਸੇ ਯਾਰ ਨੂੰ ਵੱਡੇ ਚਾਚਾ ਜੀ ਨੇ ਨਹੀਂ ਸੀ ਖੜਨ ਦਿੱਤਾ ਇਕ ਤੇ ਬੋਲਣੋਂ ਹਟ ਗਿਆ ਸੀ। ਨਿੱਕੇ ਭੈਣ ਭਰਾ ਨੂੰ ਬੜਾ ਸ਼ੌਕ ਸੀ। ਚੌਂਕ ਫੁੱਲ ਮੇਰੀ ਭਾਬੀ ਨੇ ਮੇਰੇ ਮਾਮਾ ਜੀ ਫੌਜਾ ਸਿੰਘ ਦਾ ਮੰਗਵਾ ਲਿਆ ਸੀ। ਵੱਡਾ ਚਾਚਾ ਭਾਬੀ ਨੂੰ ਹੇਠਾਂ ਲਾ ਕੇ ਰੱਖਦਾ ਸੀ। ਉਹ ਬੇ-ਵਸ ਹੋਈ ਖਾਮੋਸ਼ੀ ਨਾਲ ਸਭ ਕਰੀ ਜਾ ਰਹੀ ਸੀ। ਮੇਰਾ ਇਕ ਮਾਮਾ ਅਮਰ ਸਿੰਘ ਵਿਆਹ ਉੱਤੇ ਆਇਆ। ਮੇਰੇ ਕੁਝ ਕਪੜੇ ਲਿਆਇਆ। ਉਸਤਾਦ ਪ੍ਰਦੇਸੀ ਜੀ ਆਏ। ਰਸਮਾਂ ਹੋਈਆਂ ਨਿਉਂਦਰਾ ਲੈਣ ਦੇ ਵੇਲੇ ਭਾਬੀ ਗਾਲ੍ਹਾਂ ਕੱਢ ਰਹੀ ਸੀ। ਖਸਮਾਂ ਨੂੰ ਖਾਣਿਆਂ ਦੇ ਮੈਂ ਕਿੰਨਾਂ ਕਿੰਨਾਂ ਨਿਉਂਦਰਾ ਪਾ ਕੇ ਆਈ ਸਾਂ ਇਹਨਾਂ ਦਾ ਬੇੜਾ ਗਰਕ ਹੋਵੇ ਆਪਣੀ ਵਾਰੀ ਸੱਪ ਸੁੰਘ ਗਿਆ ਹੈ।

ਇਹ ਸਭ ਉਹਦਿਆਂ ਪੇਕਿਆਂ ਦੀ ਗੱਲ ਸੀ। ਮਰਾਸੀ ਲੱਗਾ ਕਲਿਆਨ ਕਰਨ, ਰਾਜੇ ਜਸਵਾਲ ਦੀ ਕੁਲ ਦਾ ਸ਼ਹਿਜ਼ਾਦਾ ਜੰਞੇ ਚੜ੍ਹਨ ਲੱਗਾ ਹੈ। ਚੰਦਾ ਸਿੰਘ ਸੰਗਾਣ ਮਲਾਟਾ ਸਿੰਘ ਮਲਾਣਾ ਸਿੰਘ ਸੰਗਾਣ ਠਾਕਰ ਸਿੰਘ ਠਾਕਰ ਸਿੰਘ ਸੰਗਾਣ ਜਸਵੰਤ ਸਿੰਘ ਤੇ ਕਲਿਆਨ ਸਮਾਪਤ। ਜੰਞ ਭਰਾ ਅਮਰ ਨਾਥ ਦੀ ਬੱਸ ਤੇ ਗਈ। ਸੜਕ ਕੱਚੀ ਸੀ। ਜਿੰਨੇ ਪੈਸੇ ਦਿੱਤੇ ਉਸ ਲੈ ਲਏ। ਉਹ ਨਿਹਾਇਤ ਚੰਗਾ ਆਦਮੀ ਸੀ। ਮੇਰੇ ਨਾਲ ਬਹੁਤ ਚੰਗਾ ਰਿਹਾ। (ਅਜ ਕੁਝ ਉਸ ਦਾ ਵੱਡਾ ਪੁੱਤਰ ਰਾਮ ਲੁਭਾਇਆ ਚੰਗਾ ਟਰਾਂਸਪੋਰਟ ਹੈ ਮੈਨੂੰ ਚਾਚਾ ਜੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਹਿੰਦਾ ਹੈ ਹਰ ਪਾਸਿਉਂ ਚਲਦਾ ਪੁਰਜਾ) ਸ਼ਰਾਬ ਘਰੋਂ ਹੀ ਪੀ ਕੇ ਜੰਞ ਚੜ੍ਹੀ ਸੀ । ਛੁੱਫੜ ਸਾਰੇ ਇਕ ਮਾਸੜ, ਇਕ ਮਾਮਾ ਤੇ ਸਾਰਾ ਜਸਵਾਲ ਪਰਿਵਾਰ । ਰਾਹ ਵਿਚੋਂ ਬਾਬਾ ਪਾਲਾ ਸਿੰਘ ਜੀ ਵੀ ਬੈਂਤ ਸੁਨਾਉਂਦੇ ਜਾਂਦੇ ਸਨ । (ਉਂਜ ਪਹਿਲੋਂ ਪਹਿਲੋਂ ਮੈਨੂੰ ਸ਼ਰੀਕੇ ਨੇ ਮਰਾਸੀ ਆਖਿਆ ਸੀ । ਕਿਸੇ ਕਲਕੱਤੇ ਬੈਠੇ ਨੇ ਕਿਹਾ ਸੀ, ਉਹ ਖੁੱਧੂ ਕਵੀ ਕਿਥੇ ਬਣ ਗਿਆ ਕੋਈ ਹੋਸ਼ ਦੀ ਗੱਲ ਕਰੋ । ਚਿੱਤੜ ਧੋਣੇ ਆਉਂਦੇ ਨਹੀਂ ਮਾਂ ਦਾ ਕਵੀ ਕਿਵੇਂ ਬਣ ਗਿਆ ਐਵੇਂ ਲੋਕੀਂ ਮਾਖੌਲ ਕਰਦੇ ਹੋਣਗੇ ।

ਜੰਞ ਸਹੁਰੇ ਘਰ ਲਾਗੇ ਬੂਟੀ ਸ਼ਾਹ ਦੇ ਮੰਦਰ ਉੱਤਰੀ । ਮੰਜੀਆਂ ਦੋਹੀਂ ਥਾਈਂ ਸਨ । ਅਸੀਂ ਸਾਰੇ ਮੰਦਰ; ਸ਼ਰੀਕਾ ਵੱਡੇ ਚਾਚਾ ਜੀ ਦੇ ਵੱਡੇ ਸਾਲੇ ਬਾਬੂ ਵੀਰ ਸਿੰਘ ਵੱਲ । ਰਾਤ ਖਰਮਸਤੀ ਹੁੰਦੀ ਰਹੀ । ਪ੍ਰਦੇਸੀ ਜੀ ਦੀ ਘੜੀ ਲੱਥ ਕੇ ਗੁਆਚ ਗਈ, ਲੱਭੀ ਨਾ । ਉਹਨਾਂ ਸਾਲੀ ਦੀ ਮੰਗ ਕੇ ਲਿਆਂਦੀ ਹੋਈ ਸੀ । ਸਾਂਢੂ ਉਹਨਾਂ ਦਾ ਕਿਸੇ ਥਾਂ ਅਫਸਰ ਸੀ ਲਾਹੌਰ ਵਿਚ ।

ਤੜਕੇ ਚਾਹ ਪਾਣੀ ਪੀ ਕੇ ਮੰਦਰ ਆਂਏ ਲਾਵਾਂ ਦੀ ਤਿਆਰੀ ਹੋ ਰਹੀ ਸੀ। ਮੈਂ ਮੰਦਰੋਂ ਬਾਹਰ ਖਲੋਤਾ ਹੋਇਆ ਸਾਂ ਸਿਹਰੇ ਪੱਗ ਉੱਤੇ ਟੰਗੇ ਹੋਏ ਸੀ । ਸਾਹਮਣਿਉਂ ਇਕ ਲੰਘਦੇ ਜਾਂਦੇ ਮੋਹਤਬਿਰ ਜਿਹੇ ਜੱਟ ਨੇ ਮੈਨੂੰ ਆਪਣੇ ਕੋਲ ਸੱਦਿਆ । ਮੈਂ ਗਿਆ ਉਹ ਕਹਿਣ ਲੱਗਾ – ਮੇਰੇ ਕੱਲ੍ਹ ਮੁਕੱਦਮੇ ਦੀ ਤਾਰੀਕ ਹੈ ਮੈਨੂੰ ਕਵਿਤਾ ਲਿਖ ਦੇਹ ਮੈਂ ਬਿਆਨ ਕਵਿਤਾ ਵਿਚ ਦਿਆਂਗਾ ।...ਮੈਂ ਆਖਿਆ— ਮੇਰਾ ਤੇ ਵਿਆਹ ਹੈ ਹੁਣੇ ਲਾਵਾ ਹੋਣੀਆਂ ਨੇ ।...ਉਸ ਨੇ ਮੁੜ ਆਖਿਆ— ਸਾਹਮਣੇ ਮੇਰੇ ਨਾਲ ਚੱਲ ਤੂੰ ਝੱਟ ਲਿਖ ਦੇਣੀ ਹੈ ਲਾਵਾਂ ਜ਼ਰਾ ਚਰਾਕੀਆਂ ਹੋ ਜਾਣਗੀਆਂ ।.. ਮੈਂ ਕੁਝ ਗੁੱਸੇ ਵਿਚ ਆਖਿਆ ।—ਇੰਜ ਨਹੀਂ ਹੋ ਸਕਦਾ ।...ਤੇਰੀ ਮਰਜੀ ਕਹਿਕੇ ਉਹ ਚਲਿਆ ਗਿਆ । ਉਹ ਸੰਤਾਂ ਦੇ ਸਮੇਂ ਦਾ ਵਾਕਫ ਸੀ ।

ਪ੍ਰਦੇਸੀ ਜੀ ਨੇ ਮੜ੍ਹਾ ਕੇ ਲਿਆਂਦੇ ਸਿਹਰੇ ਨੂੰ ਪੜ੍ਹਿਆ, ਲਾਵਾਂ ਹੋਈਆਂ; ਰੋਟੀ ਖਾਧੀ, ਡੋਲੇ ਵਿਚ ਬਹਿਕੇ ਸੋਮਾ ਸਤਵੰਤ ਕੌਰ ਬਣ ਕੇ ਡੇਰੇ ਆ ਗਈ। ਮੋਟਰ ਨਾਲ ਹੀ ਲੱਗਭੱਗ ਢੋਲੀ ਆ ਗਿਆ । ਸੜਕ ਕੱਚੀ ਸੀ । ਲੋਕਾਂ ਵਹੁਟੀ ਵੇਖੀ ਕਿਸੇ ਨੇ ਚੰਗੀ ਕਿਸੇ ਨੇ ਮਾੜੀ ਆਖਿਆ ।

ਦੂਜੇ ਦਿਨ ਮੇਰੇ ਵੱਡੇ ਸਾਲੇ ਦੀ ਜੰਞ ਜਾਣੀ ਸੀ । ਸਵੇਰੇ ਪਹੁੰਚੇ ਗੱਡੀ ਰਾਹੀਂ । ਵਿਆਹ ਉਸ ਦਾ ਵੀ ਹੋ ਗਿਆ ।

ਉਸ ਦੇ ਵਿਆਹ ਤੋਂ ਪੰਝੀ ਦਿਨ ਬਾਅਦ ਤਾਈ ਦਾ ਪਿਛੋਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਇਆ ਪੁੱਤਰ ਬੀਮਾਰ ਹੋ ਕੇ ਮਰ ਗਿਆ । ਉਸ ਦੇ ਮੰਨ ਵਿਚ ਬਹਿ ਗਿਆ ਕਿ ਜੰਦ ਵਿਚ ਮੇਰੇ ਪੁੱਤਰ ਨੂੰ ਕਿਸੇ ਕੁਝ ਕਰ ਦਿੱਤਾ ਹੈ । ਇਸ ਕਾਰਨ ਸਾਰੀ ਉਮਰ ਨੂੰਹ ਸੱਸ ਦੀ ਨਹੀਂ ਬਣੀ । ਮਾਂ ਧੀ ਦਾ ਬੜਾ ਗੂੜਾ ਜੁੱਟ ਰਿਹਾ । ਸਤਵੰਤ ਨੇ ਦੋਹਾਂ ਨੂੰ ਰਾਜੀ ਰੱਖਿਆ ।

ਪਹਿਲਾਂ ਪਹਿਲਾਂ ਸਤਵੰਤ ਨੂੰ ਲਿਆਉਣ ਦਾ ਝਗੜਾ ਵੀ ਮੇਰੇ ਨਾਲ ਪੈਂਦਾ ਰਿਹਾ । ਤਾਇਆ ਮੈਨੂੰ ਵੇਖ ਨਹੀਂ ਸੀ ਸਿਖਾਉਂਦਾ । ਮੈਂ ਵੀ ਲੜ ਕੇ ਮੁੜ ਆਉਂਦਾ ਫਿਰ ਬੇ-ਸ਼ਰਮ ਹੋ ਕੇ ਲੈਣ ਜਾਂਦਾ । ਇੰਜ ਕਾਫੀ ਚਿਰ ਰਿਹਾ । ਰੋ ਪਿੱਟ ਕੇ ਤੋਰਨੀ ਝੱਟ ਮੰਗਾਉਣੀ । ਮੈਂ ਇਕੱਲੇ ਨੇ ਰਹਿ ਨਾ ਸਕਣਾ ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲਾਲ ਸਿੰਘ ਨਾਲ ਸਫ਼ਰ

ਮੇਰੇ ਵਿਆਹ ਤੋਂ ਪਹਿਲਾਂ ਮੇਰਾ ਇਕ ਚੰਗਾ ਮਿੱਤਰ ਸੀ। ਦਿਆਲ ਸਿੰਘ ਉਹਨੀਂ ਦਿਨੀਂ ਛੇ ਕੁ ਮਹੀਨੇ ਡੇਰੇ ਰਿਹਾ ਸੀ। ਦਰਬਾਰ ਸਾਹਿਬ ਵੱਲ ਉਹਨਾਂ ਦਾ ਘਰ। ਵਿਆਹ ਹੋਇਆ ਹੋਇਆ ਪਰ ਪਤਨੀ ਪੇਕੇ। ਦਿੱਲੀ ਵੱਲ ਕਿਤੇ ਕੰਮ ਕਰਦਾ ਸੀ। ਡੇਰੇ ਬਾਬੇ ਨਾਨਕੋਂ ਜਿਹੜੀ ਸੜਕ ਰਾਮਦਾਸ ਰਾਹੀਂ ਹੋ ਕੇ ਅੰਮ੍ਰਿਤਸਰ ਜਾਂਦੀ ਹੈ। ਉਸ ਸੜਕ ਉੱਤੇ ਇਕ ਪਿੰਡ ਹੈ। ਸਾਡੇ ਤੋਂ ਕੋਈ ਬਾਰਾਂ ਮੀਲ ਦੂਰ। ਉਥੇ ਉਹਦੇ ਕਿਸੇ ਯਾਰ ਦੇ ਵਿਆਹ ਉੱਤੇ ਉਹ ਮੈਨੂੰ ਨਾਲ ਲੈ ਗਿਆ। ਸਾਇਕਲ ਦੋਹਾਂ ਕੋਲ ਹੈ ਸਨ। ਮੈਂ ਘਰ ਨਹੀਂ ਦੱਸਿਆ ਨਾ ਮੇਰੇ ਕੋਲ ਕੋਈ ਪੈਸਾ।

ਜਿਸ ਦਿਨ ਉਸ ਪਿੰਡ ਪਹੁੰਚੇ ਉਸ ਦਿਨ ਤੋਂ ਤੀਜੇ ਦਿਨ ਜੰਞ ਜਾਣੀ ਸੀ। ਸਾਡੇ ਨਾਲ ਉਹਨਾਂ ਬੜਾ ਮੋਹ ਕੀਤਾ। ਰਾਮਗੜ੍ਹੀਏ ਸਨ। ਰਾਤ ਸ਼ਰਾਬ ਪੀਣ ਲੱਗੇ। ਮੈਂ ਸ਼ਰਾਬ ਨਹੀਂ ਸਾਂ ਪੀਂਦਾ, ਮੈਥੋਂ ਉਹ ਕਵਿਤਾ ਕੁਵਿਤਾ ਸੁਣਦੇ ਰਹੇ। ਮੈਂ ਮਜਲਸੀ ਤੇ ਲਿਖ ਨਹੀਂ ਸਾਂ ਸਕਦਾ ਗੁਜ਼ਾਰਾ ਕੀਤਾ।

ਰਾਤ ਨੂੰ ਮੈਂ ਤੇ ਦਿਆਲ ਸਿੰਘ ਇਕ ਕਮਰੇ ਵਿਚ ਸੁੱਤੇ। ਉਹ ਕਹਿਣ ਲੱਗਾ—ਰਾਹੀ ਸਵੇਰੇ ਅੰਮ੍ਰਿਤਸਰ ਚੱਲੀਏ। ਮੇਰੀ ਚਕਲੇ ਵਿਚ ਵਾਕਫੀਅਤ ਹੈ ਉਥੇ ਚੱਲਾਂਗੇ ਸ਼ਾਮ ਨੂੰ ਏਥੇ ਮੁੜ ਆਵਾਂਗੇ। ਮੈਂ ਹਾਂ ਕਰ ਦਿੱਤੀ। ਅੰਮ੍ਰਿਤਸਰ ਇਸ ਥਾਂ ਤੋਂ ਚੌਵੀ ਮੀਲ ਸੀ।

ਤੜਕੇ ਉੱਠ ਰੋਟੀ ਖਾ ਕੇ ਦੋਵੇਂ ਦਬਾ-ਦਬ ਸਾਇਕਲ ਚਲਾਕੇ ਗਿਆਰਾਂ ਕੁ ਵਜੇ ਅੰਮ੍ਰਿਤਸਰ ਪਹੁੰਚ ਗਏ। ਜਿੱਥੇ ਅੱਜਕਲ੍ਹ ਸਬਜ਼ੀ ਮੰਡੀ ਹੈ। ਰਾਮ ਬਾਗ ਦਰਵਾਜ਼ੇ ਲਾਗੇ ਉਥੇ ਇਕ ਪੱਕਾ ਤਿੰਨ ਮੰਜ਼ਿਲਾ ਮਕਾਨ ਸੀ। ਰਾਮ ਬਾਗ ਉਹਦਾ ਚਕਲਾ ਹੁੰਦਾ ਸੀ ਕੰਨੀਆਂ ਵਾਲੇ ਕਟੜੇ ਤਕ। ਗੌਣ ਵਾਲੀਆਂ ਅਤੇ ਕੋਠੇ ਵਾਲੀਆਂ।

ਸਾਇਕਲ ਥੱਲੇ ਰੱਖ ਕੇ ਦਿਆਲ ਪਿੱਛੇ ਮੈਂ ਵੀ ਕੋਠੇ ਤੇ ਚੜ੍ਹ ਗਿਆ। ਇਕ ਤੱਗੜੀ ਮਾਈ ਬੈਠੀ ਹੁੱਕਾ ਪੀ ਰਹੀ ਸੀ ਤਖ਼ਤ ਪੋਸ਼ ਉੱਤੇ ਢੋਅ ਵਾਲਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਾਣਾ । ਜਾਂਦਿਆਂ ਹੀ ਦਿਆਲ ਨੇ ਆਖਿਆ — ਅੰਮਾਂ ਸਲਾਮ ਤੇ ਮੱਥਾ ਵੀ ਟੇਕਿਆ । ਮੈਂ ਉਸ ਵਾਂਗ ਕੀਤਾ । ਅੰਮਾਂ ਨੇ ਲਾਗੇ ਬਿਠਾ ਲਿਆ । ਪਾਣੀ ਪਿਲਾਇਆ ਪੁੱਛਿਆ – ਦਿਆਲ ਬੇਟਾ ਚਾਹੀਦੀਆਂ ਨੇ ਕੁੜੀਆਂ ? ਹਾਂ ਅੰਮਾ ਜ਼ਰੂਰ ਦੂਰੋਂ ਆਏ ਹਾਂ ਇਹ ਮੇਰਾ ਪੱਕਾ ਯਾਰ ਹੈ । ਅੰਮਾਂ ਨੇ ਤਿੰਨ ਚਾਰ ਵਾਜਾਂ ਮਾਰੀਆਂ ਦਸਾਂ ਕੁ ਮਿੰਟਾਂ ਵਿਚ ਦਸ ਪੰਦਰਾਂ ਖ਼ੂਬਸੂਰਤ ਮੁਟਿਆਰਾਂ ਕੁੜੀਆਂ ਕਤਾਰ ਬੰਨ੍ਹ ਕੇ ਖਲੋ ਗਈਆਂ ।

—ਕਰ ਲਉ ਪਸੰਦ ?...ਦਿਆਲ ਨੇ ਮੈਨੂੰ ਆਖਿਆ ਤੂੰ ਪਸੰਦ ਕਰ । ਮੈਂ ਕਿਹਾ ਨਹੀਂ ਤੂੰ ਪਸੰਦ ਕਰ । ਆਖ਼ਿਰ ਮੈਂ ਇਕ ਕੁੜੀ ਪਸੰਦ ਕਰ ਲਈ । ਦਿਆਲ ਦੂਜੀ । ਇਕ-ਇਕ ਕਮਰੇ ਵਿਚ ਅਸੀਂ ਜਾ ਪਏ । ਮੇਰੇ ਵਾਲੀ ਕੁੜੀ ਬੜੀ ਪਿਆਰੀ ਸੀ । ਮੈਨੂੰ ਆਪਣੇ ਨਾਲ ਘੁੱਟਿਆ । ਅਜੀਬ ਕਿਸਮ ਨਾਲ ਉਸਨੇ ਮੇਰੇ ਨਾਲ ਤੇ ਮੈਂ ਉਸ ਨਾਲ ਭੋਗ ਕੀਤਾ । ਉਸ ਨੇ ਆਪਣੇ ਤੇ ਮੇਰੇ ਕਪੜੇ ਲੁਹਾ ਦਿੱਤੇ, ਬਾਹਰੋਂ ਅੰਮਾਂ ਦੀ ਆਵਾਜ਼ ਆਈ, "ਕੁੜੀਓ ਇਨ੍ਹਾਂ ਕੋਲੋਂ ਕੁਝ ਲਿਓ ਨਾ । ਮੈਂ ਲੈ ਲਏ ਨੇ ।" ਉਸ ਕੁੜੀ ਨੇ ਨਾ ਕੋਈ ਗੱਲ ਕੀਤੀ ਨਾ ਮੈਂ । ਨਾ ਉਸ ਨੇ ਅੰਮਾਂ ਦੀ ਆਵਾਜ਼ ਸੁਣੀ । ਕੋਠੜੀਆਂ ਤੋਂ ਬਾਹਰ ਆ ਗਏ । ਦਿਆਲ ਨੇ ਮੇਰੇ ਵਾਲੀ ਨੂੰ ਤੇ ਮੈਂ ਉਹਦੇ ਵਾਲੀ ਨੂੰ ਜੱਫੀ ਪਾਈ ਚੁੰਮਿਆਂ ਉਹ ਦੋਏਂ ਖੁਸ਼ ਸਨ ।

ਉਥੋਂ ਰੋਟੀ ਖਾ ਕੇ ਮੁੜੇ । ਸ਼ਾਮ ਨੂੰ ਪਿੰਡ ਪਹੁੰਚੇ ਪੰਜਾਹ ਮੀਲ ਦਾ ਪੈਂਡਾ ਹੋ ਗਿਆ । ਮੈਂ ਬਹੁਤ ਥੱਕ ਗਿਆ, ਮੇਰੇ ਕੋਲ ਕੋਈ ਪੈਸਾ ਨਹੀਂ ਸੀ । ਸਾਰਾ ਖਰਚ ਦਿਆਲ ਸਿੰਘ ਨੇ ਕੀਤਾ ਸੀ । ਦੂਜੇ ਦਿਨ ਜੰਞ ਗਈ ਮੈਂ ਸਿੱਧਾ ਡੇਰੇ ਆ ਗਿਆ ਦਿਆਲ ਜੰਞੇ ਗਿਆ । ਇਹ ਮੇਰਾ ਮਿੱਤਰ ਸੀ ਜਿਸ ਨੂੰ ਵੱਡੇ ਚਾਚੇ ਨੇ ਜੰਞੇ ਨਹੀਂ ਸੀ ਖੜਨ ਦਿਤਾ । ਹੁਣ ਤਕ ਜਦ ਮੈਨੂੰ ਚੇਤੇ ਆਉਂਦਾ ਤੇ ਸ਼ਰਮ ਆਉਂਦੀ ਹੈ । "ਪਰ ਅਧੀਨ ਸੁਪਨੇ ਸੁੱਖ ਨਾਹੀ ।"

ਘਰ ਭਾਬੀ ਮੇਰੇ ਨਾਲ ਵਿਗੜੀ ਪਈ ਸੀ ਗੁੱਸੇ ਨਾਲ ਬੋਲੀ—ਕਿੱਥੇ ਖੱਜਲ ਹੋਣ ਚਲਿਆ ਗਿਆ ਸੈਂ ਦੱਸ ਮਰਕੇ ਵੀ ਨਹੀਂ ਸੀ ਜਾਣਾ । ਤੂੰ ਸ਼ਰਮ-ਹਯਾ ਛਿੱਕੇ ਟੰਗ ਛੱਡੀ ਹੈ ਨਿੱਕੇ-ਨਿੱਕੇ ਭੈਣ ਭਰਾ ਨੇ ਜਿੱਧਰ ਮਰਜ਼ੀ ਉੱਜੜ ਜਾਂਦਾ ਹੈਂ, "ਮਾਂ ਘਰ ਚੱਕੀ ਪੀਵੇ ਪੁੱਤਰ ਸੋਡਾ ਵਾਟਰ ਪੀਵੇ ।" ਮੈਂ ਕਿਹਾ ਰੋਟੀ ਹੈਗੀ ਏ ਤੇ ਮੈਨੂੰ ਦੇਹ ਭੁੱਖ ਲੱਗੀ ਹੋਈ ਏ ।...ਉਸ ਨੇ ਗੁੱਸੇ ਨਾਲ ਆਖਿਆ—ਆਟਾ ਰਾਤ ਦਾ ਮੁੱਕਾ ਹੋਇਆ ਏ ਘੁਮਿਆਰਾਂ ਦੇ ਘਰੋਂ ਉਧਾਰਾ ਲਿਆ ਕੇ ਪਕਾਈਆਂ ਖਾਧੀਆਂ ਫੂਕੀਆਂ ਸੀ । ਪੈਸੇ ਦੇ ਮੈਂ ਆਟਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਆਵਾਂ । ਮੇਰੇ ਕੋਲ [illegible] ਨੂੰ ਪੈਸਾ ਨਹੀਂ [illegible] ਮੈਨੂੰ ਕੀ ਜਿੱਥੋਂ ਮਰਜ਼ੀ ਦੇ ਜਾ ਲਿਆ ਪਕਾ ਸੜਾ ਦਿਆਂਗੀ । ਕਿਥੋਂ ਲਿਆਵਾਂ ?...ਜਿੱਥੋਂ ਮਰਜ਼ੀ, ਜਿਥੇ ਗਿਆ ਸੈਂ ਉਹਨਾਂ ਤੈਨੂੰ ਆਟਾ ਨਾ ਦਿੱਤਾ ਊਠ ਜਿਹਾ ਬੇ-ਅਕਲ ਮੇਰੇ ਪੱਲੇ ਪਿਆ ਹੋਇਐ ।

ਦਰਬਾਰ ਲਾਗੇ ਇਕ ਚੁੱਚਾ ਜਿਹਾ ਆੜ੍ਹਤੀ ਸੀ ਉਸ ਕੋਲ ਪਹੁੰਚਿਆ—ਲਾ ਜੀ ਇਕ ਮਣ ਕਣਕ ਦਿਉ ।...ਕੱਢ ਦੋ ਰੁਪਏ !...ਉਧਾਰ ਦੇ ਦਿਉ ਛੇਤੀ ਪੈਸੇ ਦੇ ਦਿਆਂਗਾ ।--ਪਹਿਲੇ ਪੈਸੇ ਤੁਸਾਂ ਮਹੀਨੇ ਬਾਅਦ ਦਿਤੇ ਸੀ ।...ਹੁਣ ਜਲਦੀ ਦੇ ਦਿਆਂਗਾ ਪਰ ਉਹ ਲੋਹੇ ਦਾ ਥਣ ਬਣਿਆ ਰਿਹਾ ਬਿਲਕੁਲ ਨਾ ਮੰਨੇ । ਮੇਰੇ ਅਥਰੂ ਭਰ ਆਏ । ਬਾਹੋਂ ਫੜ ਕੇ ਹੱਟੀ ਦੇ ਅੰਦਰ ਲੈ ਗਿਆ । ਬਾਹਰ ਵਲ ਨਿਗਾਹ ਮਾਰ ਕੇ ਪੱਗ ਉਹਦੇ ਪੈਰਾਂ ਵਿਚ ਰੱਖ ਦਿੱਤੀ--ਲਾ ਜੀ ਮਿਹਰਬਾਨੀ ਕਰ ਬਹੁਤ ਤੰਗੀ ਆ । ਉਹਨੇ ਪੱਗ ਮੇਰੇ ਸਿਰ ਉਤੇ ਰੱਖ ਕੇ ਮੇਰੇ ਵੱਲ ਵੇਖਿਆ--ਫੜ ਬੋਰੀ ਛੇਤੀ ਪਹੁੰਚਾ ਦਈਂ ਕਹਿ ਕੇ ਮਣ ਪੱਕੀ ਕਣਕ ਤੋਲ ਕੇ ਬੋਰੀ ਵਿਚ ਮੈਂ ਚੁੱਕੀ ਤੇ ਘਰ ਲਿਆ ਰੱਖੀ ।

ਮੈਨੂੰ ਤਹਿਸੀਲ ਬਟਾਲੇ ਤੋਂ ਇਕ ਚਿੱਠੀ ਆਈ, ਲਿਖਿਆ ਸੀ : ਠਾਕਰ ਸਿੰਘ ਦਾ ਸਪੁੱਤਰ ਜਸਵੰਤ ਸਿੰਘ ਸੱਠ ਰੁਪਏ ਆ ਕੇ ਲੈ ਜਾਵੇ । ਠਾਕਰ ਸਿੰਘ ਦੇ ਪਿਛਲੇ ਜਮ੍ਹਾਂ ਪਏ ਸਨ ।'' ਮੈਂ ਖ਼ੁਸ਼ ਹੋਇਆ, ਸਾਈਕਲ ਫੜਿਆ ਬਟਾਲੇ ਜਾ ਕੇ ਦਫਤਰ ਲੱਭਾ । ਜਦ ਪੁੱਛਿਆ ਉਥੇ ਇਕ ਸਿੱਖ ਬਾਬੂ ਅੱਗੋਂ ਕਹਿਣ ਲੱਗਾ -- ਦੋ ਤਿੰਨ ਘੰਟੇ ਠਹਿਰ ਕੇ ਆਈਂ ।...ਮੈਂ ਪਰੇਸ਼ਾਨ ਕਚਹਿਰੀ ਵਿਚ ਫਿਰ ਰਿਹਾ ਸੀ । ਉਥੇ ਬੇਦੀ ਹੰਸਰਾਜ ਮਿਲ ਪਏ । ਮੈਂ ਕਿਹਾ—ਤਾਇਆ ਜੀ, ਭਾਈਏ ਦੇ ਰੁਪਏ ਆਏ ਹਨ, ਬਾਬੂ ਪੱਜ ਪਾਉਂਦਾ ਹੈ ।...ਤਾਏ ਨੇ ਮੈਥੋਂ ਇਕ ਰੁਪਿਆ ਲਿਆ ਜਾ ਕੇ ਉਸ ਬਾਬੂ ਨੂੰ ਫੜਾਇਆ — ਇਸ ਮੁੰਡੇ ਦੇ ਪੈਸੇ ਦੇ ਦਿਉ ।.. ਉਸ ਨੇ ਮੇਰੇ ਦਸਤਖ਼ਤ ਕਰਵਾਏ, ਰੁਪਏ ਦੇ ਦਿਤੇ । ਇਹ ਮੇਰੀ ਜ਼ਿੰਦਗੀ ਦਾ ਪਹਿਲਾ ਮੌਕਾ ਸੀ ਰਿਸ਼ਵਤ ਦੇਣ ਦਾ ।

ਵਿਆਹ ਵਿਚ ਬਾਜ਼ਾਰੋਂ ਉਧਾਰ ਸੌਦਾ ਬੇਦੀ ਜੋਗਿੰਦਰ ਸਿੰਘ ਨੇ ਆਪਣੇ ਜ਼ੁੰਮੇ ਤੇ ਲੈ ਕੇ ਦਿੱਤਾ ਸੀ । ਸਾਰਾ ਉਧਾਰ ਲਾਹ ਦਿਤਾ । ਕੁਝ ਰੁਪਏ ਬਚ ਗਏ । ਬੇਦੀ ਨੂੰ ਕਿਹਾ -- ਚਾਚਾ ਜੀ, ਮੈਂ ਸਾਰੇ ਪੈਸੇ ਖੰਡ, ਚੌਲਾਂ, ਮਾਂਹ ਦੇ ਅਤੇ ਹੋਰ ਸਾਰੇ ਲਾਹ ਦਿਤੇ ਹਨ । ਉਹ ਖ਼ੁਸ਼ ਹੋਇਆ ਤੇ ਕਹਿਣ ਲਗਾ—ਗੱਲ ਸੁਣ, ਬਾਹਰਲੇ ਬਾਗੇ ਕੋਠੀ ਬਣ ਰਹੀ ਹੈ । ਚੁਗਾਠਾਂ ਲੱਗ ਗਈਆਂ ਨੇ ਬਾਕੀ ਅਲਮਾਰੀਆਂ ਬਾਰੀਆਂ ਨੂੰ ਜੋੜੀਆਂ ਚਾੜ੍ਹ ਦੇ ਇਕ ਜਣਾ ਹੋਰ ਨਾਲ ਲਾ ਲਈਂ ।



CC-0. In Public Domain. Gurukul Kangri Collection, Haridwar

ਉਥੇ ਮੈਂ ਤੇ ਲਾਲ ਸਿੰਘ ਨੇ ਕੰਮ ਕੀਤਾ । ਪੱਗ ਵੱਟ ਭਰਾ ਬਣ ਗਏ ।
Digitized by Arya Samaj Foundation Chennai and eGangotri
ਉਸ ਦਾ ਵਿਆਹ ਵੀ ਮੇਰੇ ਨਾਲ ਹੀ ਹੋਇਆ ਸੀ । ਵਹੁਟੀਆਂ ਦੀਆਂ ਰਾਤ ਬਰਾਤੇ ਦੀਆਂ ਗੱਲਾਂ ਵੀ ਕਰਦੇ ਰਹਿਣਾ । ਉਹਨੇ ਆਖਿਆ— ਚਲ ਹੁਣ ਦੋਵੇਂ ਜਣੇ ਸੰਡੇ ਚਲੀਏ (ਫੋਹਟ ਸੰਡੇ ਸਨ) ਬਲੋਚਿਸਤਾਨ ਵਿਚ । ਉਥੇ ਬੜਾ ਕੰਮ ਹੈ । ਮੈਂ ਇਕ ਵਾਰੀ ਹੋ ਆਇਆ ਹਾਂ ।

ਅਸੀਂ ਤਿਆਰ ਹੋ ਕੇ ਬਿਸਤਰੇ ਤੇ ਐਜ਼ਾਰਾਂ ਦੀਆਂ ਪੇਟੀਆਂ ਨਾਲ ਲਈਆਂ ਅਤੇ ਲਾਹੌਰ ਤੋਂ ਕੋਟੇ ਜਾਣ ਵਾਲੀ ਗੱਡੀ ਉਤੇ ਬਹਿ ਗਏ । ਮੈਨੂੰ ਚੇਤਾ ਨਹੀਂ ਕਿਥੇ ਉਤਰੇ । ਉਥੋਂ ਉਤਰ ਕੇ ਡੇਰੇ ਗਾਜ਼ੀ ਖਾਂ ਪਹੁੰਚੇ । ਉਥੇ ਸਰਾਂ ਵਿਚ ਰਹੇ । ਤੀਜੇ ਦਿਨ ਟਰੱਕ ਜਾਣੇ ਸਨ ਜਿਨ੍ਹਾਂ ਉਤੇ ਛੱਤ ਸੀ । ਅੱਧਿਆਂ ਵਿਚ ਸਮਾਨ ਅਤੇ ਸਮਾਨ ਉਤੇ ਸਵਾਰੀਆਂ । ਟਰੱਕ ਦੋ ਤਿੰਨ ਸਨ ਇਕ ਵਿਚ ਅਸੀਂ । ਸੜਕਾਂ ਕੱਚੀਆਂ ਪਹਾੜੀ । ਜਦ ਚਾਰ ਪੰਜ ਘੰਟੇ ਟਰੱਕਾਂ ਚਲਿਆਂ ਨੂੰ ਹੋਏ ਜਿਸ ਵਿਚ ਅਸੀਂ ਸਾਂ ਉਹਦਾ ਐਕਸਲ ਟੁੱਟ ਗਿਆ । ਡਰਾਈਵਰ ਤੇ ਮਾਲਕ ਪੰਜਾਬੀ, ਨਾਲ ਦੂਜਾ ਭਾਈਵਾਲ । ਪਹਾੜਾਂ ਲਾਗੇ ਮੈਦਾਨ ਵਿਚ ਅਸੀਂ ਸਾਰੇ ਉਤਰ ਕੇ ਆਪੋ ਆਪਣੇ ਬਿਸਤਰੇ ਵਿਛਾ ਕੇ ਬਹਿ ਗਏ । ਡਰਾਈਵਰ ਮੁੜ ਕੇ ਕਿਸੇ ਤਰ੍ਹਾਂ ਡੇਰੇ ਗਾਜ਼ੀ ਖਾਂ ਗਿਆ, ਦੂਜੇ ਦਿਨ ਚਾਰ ਪੰਜ ਵਜੇ ਆਇਆ । ਐਕਸਲ ਬਦਲਿਆ । ਤੁਰ ਪਏ ਸ਼ਾਮ ਡੂੰਘੀ ਪਈ ਤਾਂ ਪਹਾੜੀ ਚੜ੍ਹਾਈ ਆਰੰਭ ਹੋ ਗਈ ਫਿਰ ਉਸ ਪੈਗੰਬਰ ਦੇ ਨਾਂ ਦਾ ਪਹਾੜ ਆ ਗਿਆ ਜਿਸ ਨੇ ਕੀੜੀਆਂ ਕਾਢਿਆਂ ਤੋਂ ਵੀ ਖਰਾਜ ਲਿਆ ਸੀ । ਜਦ ਉਹ ਪਹਾੜ ਚੜ੍ਹ ਰਹੇ ਸਾਂ ਤਾਂ ਟਰੱਕ ਦੇ ਅਗਲੇ ਪਹੀਏ ਚੁੱਕੇ ਗਏ । ਚਾਂਗਰਾਂ ਵੱਜ ਗਈਆਂ । ਡਰਾਈਵਰ ਨੇ ਫੌਰਨ ਤੋਂ ਪਹਿਲਾਂ ਪੂਰੀਆਂ ਬਰੇਕਾਂ ਲਾ ਲਈਆਂ । ਅਸਾਂ ਛਾਲਾਂ ਮਾਰੀਆਂ । ਜ਼ੋਰ ਲਾ ਕੇ ਅਗਲੇ ਪਹੀਏ ਥੱਲੇ ਖਿੱਚ ਕੇ ਟਰੱਕ ਬਰਾਬਰ ਕੀਤਾ । ਕੁਝ ਸਾਮਾਨ ਇੰਜਣ ਵਲ ਕੀਤਾ । ਕੁਝ ਬੰਦਿਆਂ ਦਾ ਝੁਕਾ ਵੀ ਅਗਲੇ ਪਾਸੇ ਨੂੰ । ਫਿਰ ਟਰੱਕ ਰਾਤ ਚਲਦਾ ਰਿਹਾ । ਦਿਨੇ ਇਕ ਕਿੱਲੀ ਆਈ (ਪਿੰਡ) ਉਧਰ ਹਦਵਾਣੀਏ ਹਿੰਦੂ ਸਨ । ਵੇਸ ਪੁਰਾਣਾ ਵਰਗਾ । ਸਾਰੀ ਕਿੱਲੀ ਦਾ ਉਹ ਹੀ ਲੇਖਾ ਜੋਖਾ ਸੀ । ਸਾਰਿਆਂ ਪੁਰਾਣਾ ਵਿਚ ਇਕੱਲਾ ਹਿੰਦੂ । ਕੁਝ ਸਾਮਾਨ ਲਾਹਿਆ ਤੁਰਨ ਲੱਗੇ ਤਾਂ ਇਕ ਨਿੱਕੇ ਜਿਹੇ ਘਾਣ ਵਿਚ ਟਰੱਕ ਫਸ ਗਿਆ । ਸਾਰਿਆਂ ਨੇ ਦੋ ਘੰਟੇ ਖਪ ਕੇ ਬਾਹਰ ਕੱਢਿਆ । ਤਿੰਨ ਚਾਰ ਜ਼ਨਾਨੀਆਂ ਵੀ ਸਨ । ਪਰ ਵਲੇਟੀਆਂ ਢੱਕੀਆਂ ਹੋਈਆਂ । ਜਦ ਚੰਗੀ ਰਾਤ ਪਈ ਪਹਾੜ ਮੁੱਕੇ ਮੈਦਾਨ ਆਇਆ ਤੇ ਫੋਰ ਲੰਡਾ ਵੀ ਆ ਗਿਆ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ [illegible] ਸੀ। ਉਥੇ ਸਾਡੇ ਸ਼ਹਿਰ ਦੇ [illegible] ਤਰਖਾਣ ਮਿਲ ਪਏ। ਉਹ ਬਾਹਰ, ਅਸੀਂ ਅੰਦਰ। ਫ਼ਤਿਹ ਬੁਲਾਈ ਹੋਈ। ਮੇਰੇ ਵਲੋਂ ਸੁਣ ਕੇ ਇਕ ਕਹਿਣ ਲੱਗਾ—ਲਾਲ ਸਿਹਾਂ ਇਹ ਵਧੀਆ ਕੀਤਾ ਈ ਇਕ ਕਵੀ ਲੈ ਆਇਐਂ, ਸਾਡਾ ਵੀ ਗੁਰਦੁਆਰੇ ਰੋਹਬ ਬਣੇਗਾ।

ਸ਼ਹਿਰ ਵਿਚ ਥਾਂ ਮਿਲ ਗਿਆ। ਸਭ ਕੱਚਾ ਸੀ। ਕੁਝ ਅਣਘੜੇ ਪੱਥਰਾਂ ਦਾ। ਬੜੀ ਵੱਡੀ ਛਾਉਣੀ ਸੀ। ਇਕ ਨਿੱਕੀ ਜਿਹੀ ਪਹਾੜੀ ਉਤੇ ਸਭ ਤੋਂ ਵੱਡੇ ਅੰਗਰੇਜ਼ ਅਫ਼ਸਰ ਦੀ ਕੋਠੀ ਸੀ। ਕਾਰਾਂ ਨਵਾਬਾਂ ਦੀਆਂ ਤੇ ਉਸ ਦੀਆਂ ਚਲਦੀਆਂ ਸਨ। ਇਕ ਵੱਡੀ ਫਰੂਟ ਵੇਚਣ ਵਾਲੀ ਮੰਡੀ, ਊਠਾਂ ਉਤੇ ਸਾਰਾ ਕੁਝ ਹੁੰਦਾ। ਜਾਂ ਬੜੇ ਬੜੇ ਤਕੜੇ ਘੋੜਿਆਂ ਉਤੇ। ਘੋੜੇ ਵਿਰਲੇ, ਭੇਡਾਂ. ਬੱਕਰੀਆਂ, ਕੁਕੜ ਬਹੁਤ। ਅੰਗੂਰ, ਅਖਰੋਟ, ਬਦਾਮ ਸਸਤੇ ਤੇ ਆਮ। ਪਠਾਨ ਦਲੇਰ ਯਾਰ ਤੇ ਦੁਸ਼ਮਣ ਵਧੀਆ। ਕੰਜੂਸ ਕੋਈ ਦੇਖਿਆ ਮਿਲਿਆ ਨਹੀਂ। ਜਿਹੜੇ ਕਬਾਇਲੀ ਆਉਣੇ ਪੱਕੇ ਸਿੱਖ। ਲਬਾਂ ਨਹੀਂ ਸਨ ਕਟਾਉਂਦੇ ਪੱਗਾਂ ਜਾਂ ਪਿਛਾਂਹ ਨੂੰ ਵਾਲ ਸੁੱਟੇ ਹੋਏ। ਬੜੀਆਂ-ਬੜੀਆਂ ਸਲਵਾਰਾਂ, ਖੁਲ੍ਹੇ ਕੁੜਤੇ। ਮੋਟੀਆਂ ਪਠਾਣੀ ਚਪਲਾਂ। ਸਿਰ ਕੁੱਲਾ ਤੇ ਵਧੀਆ ਲੁੰਗੀਆਂ। ਲੜ ਇਕ-ਇਕ ਜਾਂ ਦੋ-ਦੋ ਛੱਡੇ ਹੋਏ। ਮੈਨੂੰ ਬਹੁਤ ਚੰਗੇ ਲੱਗਦੇ : ਔਰਤਾਂ ਬਿਲਕੁਲ ਵਲ੍ਹੇਟੀਆਂ ਹੋਈਆਂ। ਸੁਹਣੇ-ਸੁਹਣੇ ਦਗ-ਦਗ ਕਰਦੇ ਚਿਹਰੇ। ਖ਼ਾਸ ਗੱਲ ਇਹ ਕਿ ਮੁਤੱਸਬੀ ਬਿਲਕੁਲ ਨਹੀਂ ਸਨ।

ਉਥੇ ਸਾਡੇ ਸ਼ਹਿਰ ਦਾ ਇਕ ਨਾਗੀਆਂ ਦਾ ਪਰਿਵਾਰ ਸੀ। ਪੰਜ ਭਰਾ ਇਕ ਪਿਤਾ ਚੰਗੇ ਠੇਕੇਦਾਰ ਸਨ। ਉਹਨਾਂ ਦਾ ਵੱਡਾ ਭਰਾ ਬਹੁਤ ਚੰਗਾ ਬੀਬਾ ਭਲਾਮਾਣਸ, ਅਕਲਮੰਦ ਅਤੇ ਪਿਆਰਾ ਬੰਦਾ ਸੀ। ਉਸ ਕੋਲ ਕੰਮ ਉਤੇ ਲਾਲ ਸਿੰਘ ਤੇ ਮੈਂ ਲੱਗ ਗਏ। ਇਕ ਦਿਨ ਵੱਡੇ ਭਰਾ ਨੇ ਜਿਸ ਨੂੰ ਚਾਚਾ ਜੀ ਆਖਦਾ ਸਾਂ ਮੈਨੂੰ ਪੁੱਛਿਆ—ਜਸਵੰਤ ਸਿੰਘਾ ਤੁਹਾਡਾ ਕਲਕੱਤੇ ਬੜਾ ਕੰਮ ਹੈ ਤੂੰ ਏਧਰ ਕੀਕਰ ਆ ਗਿਆ ਪੱਥਰਾਂ ਵਿਚ ?...ਮੈਂ ਮੁਖਤਸਰ ਗੱਲ ਦੱਸੀ ਉਹ ਸਮਝ ਗਿਆ। ਦੋ ਰੁਪਏ ਰੋਜ ਲੱਗੇ ਲਾਲ ਸਿੰਘ ਨੂੰ ਸਵਾ ਦੋ ਰੁਪਏ। ਪਹਿਲੇ ਮਹੀਨੇ ਦੇ ਪੈਸੇ ਲਾਲ ਸਿੰਘ ਨੇ ਆਪਣੇ ਮੈਨੂੰ ਦੇ ਦਿੱਤੇ। ਮੈਂ ਅੱਸੀ ਰੁਪਏ ਘਰ ਘੱਲੇ। ਭਾਬੀ ਨੇ ਕਿਹਾ ਸੀ ਭਗਵਾਨ ਸਿੰਘ ਦੇ ਮੁੰਡੇ ਤਾਰਾ ਸਿੰਘ ਦੇ ਵਿਆਹ ਨੂੰ ਨਿਉਂਦਰਾ ਪਾਉਣਾ ਹੈ।...ਦੂਜੇ ਮਹੀਨੇ ਮੈਂ ਲਾਲ ਸਿੰਘ ਨੂੰ ਦਿਤੇ ਇਕੱਠੇ ਰਹਿੰਦੇ ਸਾਂ। ਪਿਆਰ ਦੇ ਨਾਲ ਕੋਈ ਦੂਜ ਨਹੀਂ। ਕਦੇ



CC-0. In Public Domain. Gurukul Kangri Collection, Haridwar

ਹਿਸਾਬ ਕਿਤਾਬ ਕਰਨਾ ਨਹੀਂ ਸੀ ਸਿਖਿਆ। Digitized by Arya Samaj Foundation Chennai and eGangotri

ਉਥੇ ਇਕ ਬੀਬਾ ਬੰਦਾ ਮਿਲਿਆ ਜੇਹਲਮ ਵਲ ਦਾ ਨਾਂ ਸੀ ਪ੍ਰਤਾਪ ਸਿੰਘ ਕੰਵਲ। ਉਹਨਾਂ ਦਾ ਲੈਮਨ ਸੋਡੇ ਦਾ ਕੰਮ ਸੀ। ਛਾਉਣੀ ਵੀ ਅਤੇ ਅਫ਼ਸਰਾਂ ਨੂੰ ਵੀ ਸਪਲਾਈ ਕਰਦੇ ਸਨ। ਮਸ਼ੀਨਾਂ ਇਕ ਦੋ ਹੈ ਸਨ। ਤਰਕਾਲਾਂ ਨੂੰ ਫੌਜੀ ਗੋਰਿਆਂ ਦੀ ਹੇੜ ਦੁਕਾਨ ਤੇ ਆਉਣੀ। ਉਸਨੇ ਲੈਮਨ ਦੇ ਕਈ ਕਰੇਟ ਰੱਖ ਦੇਣੇ। ਗੋਰਿਆਂ ਨੇ ਫੜ ਫੜ ਪੀਂਦੇ ਜਾਣਾ ਆਨਾ-ਆਨਾ ਰੱਖਦੇ ਜਾਣਾ ਕਰੇਟਾਂ ਕੋਲ ਕੋਈ ਨਹੀਂ ਸੀ ਹੁੰਦਾ। ਉਹ ਸੁਭਾਅ ਸੂਰਤ ਦਾ ਚੰਗਾ, ਰਾਗੀ ਚੰਗਾ, ਸ਼ਾਇਰ ਚੰਗਾ, ਲੈਕਚਰਾਰ ਚੰਗਾ। ਕੀਰਤਨ ਕਰਦਾ ਸੰਗਤਾਂ ਨੂੰ ਸੁੰਨ ਕਰ ਦਿੰਦਾ। ਪਤਨੀ ਪੱਕੀ ਗੁਰੂ ਘਰ ਤੇ ਗੁਰਦੁਆਰੇ ਦੀ ਪ੍ਰੇਮਣ। ਇਕ ਨਿੱਕੀ ਕੁੜੀ ਉਸ ਦੀ 'ਭਿਪੂ' ਮੈਨੂੰ ਹੱਦ ਪਿਆਰੀ ਲਗਦੀ। ਉਹਦਾ ਜੁੱਟ (ਪੂਰਾ ਨਾਂ ਚੇਤੇ ਨਹੀਂ) 'ਸ਼ਾਦ' ਉਰਦੂ ਦਾ ਸ਼ਾਇਰ ਸੀ, ਦੰਦਾਂ ਦੀ ਦੁਕਾਨ। ਉਤੋਂ ਦੇ ਸਭ ਤੋਂ ਵੱਡੇ ਸੇਠ ਦਾ ਪੁੱਤਰ, ਸੇਠ ਬਹੁਤ ਵੱਡੀ ਮਾਲਕੀ ਵਾਲਾ। ਫੌਜਾਂ ਨੂੰ ਅਤੇ ਵੱਡੇ ਅਫ਼ਸਰਾਂ ਨੂੰ ਮਾਲ ਸਪਲਾਈ ਕਰਦਾ ਸੀ। ਦਾਨੀ ਵੀ ਬੜਾ, ਪੁੱਤਰ ਸ਼ਾਦ ਨੂੰ ਨਾਲ ਇਕ ਸਮਝਦਾ ਸੀ। ਸ਼ਾਦ ਹੈ ਵੀ ਦੇਵਤਾ ਸੀ। ਕਿਸੇ ਆਫ਼ਿਸ ਵਿਚ ਨਿੱਕੇ ਅਫ਼ਸਰੀ ਔਹਦੇ ਉਤੇ ਸੀ। ਸਾਹਿਤ ਵਲੋਂ ਸਾਰਿਆਂ ਤੋਂ ਸਿਆਣਾ। ਚੌਥਾਂ ਉਹਨਾਂ ਮੈਨੂੰ ਰਲਾ ਲਿਆ। ਦੂਜੇ ਤੀਜੇ ਦਿਨ ਮੈਨੂੰ ਨਾਲ ਲੈ ਕੇ ਬਹਿ ਜਾਣਾ। ਮੈਥੋਂ ਕਵਿਤਾਵਾਂ ਸੁਣਨੀਆਂ। ਆਪੋ ਵਿਚ ਗੱਲਾਂ ਕਰਨੀਆਂ। ਮੇਰੀ ਤਾਲੀਮ ਵਲੋਂ ਦੰਗ ਰਹਿਣਾ। ਇਕ ਦਿਨ ਮੈਂ ਉਹਨਾਂ ਤਿੰਨਾਂ ਉਤੇ ਇਕ ਕਵਿਤਾ ਸੁਣਾਈ। ਸ਼ਰਾਬ ਦੇ ਗੁੱਤੇ ਤੋਂ ਚੌਂਹ ਆਨਿਆਂ ਦੀ ਸ਼ਰਾਬ ਵੀ ਪੀਤੀ ਹੋਈ ਸੀ। ਜਦ ਮੈਂ ਸੁਣਾ ਚੁਕਾ ਤਾਂ ਉਹ ਨਿੱਕਾ ਅਫ਼ਸਰ ਕਹਿਣ ਲੱਗਾ —ਮੈਂ ਇਸ ਨੂੰ ਦੋ ਮਹੀਨਿਆਂ ਤੋਂ ਸੁਣ ਰਿਹਾ ਹਾਂ।...ਮੈਨੂੰ ਹੈਰਾਨੀ ਇਹ ਹੈ ਕਿ ਇਸ ਨੂੰ ਖ਼ੁਦ ਨੂੰ ਪਤਾ ਨਹੀਂ ਇਹ ਕੈਸਾ ਕਮਾਲ ਦਾ ਲਿਖਦਾ ਹੈ। ਐਸੀਆਂ-ਐਸੀਆਂ ਗੱਲਾਂ ਸਧਾਰਨ ਕਰ ਜਾਂਦਾ ਹੈ, ਆਪ ਸਵਾਦ ਵੀ ਨਹੀਂ ਲੈਂਦਾ। ਮੈਂ ਕਈ ਵਾਰੀ ਸੋਚਦਾ, ਮੈਂ ਸਾਰੀ ਆਪਣੀ ਕਵਿਤਾ ਸਮਝਦਾ ਹਾਂ ਇਹਨਾਂ ਨੂੰ ਖੌਰਿਆ ਕੀ ਚੰਗਾ ਲਗਦਾ ਹੈ।

ਉਥੇ ਸਿੱਖਾਂ ਲਈ ਗੁਰਦੁਆਰਾ ਹੀ ਹਰ ਸਾਂਝ ਤੇ ਇਕੱਠ ਦਾ ਕੇਂਦਰ ਸੀ। ਗੁਰਪੁਰਬ, ਸੰਗਰਾਂਦ, ਮੱਸਿਆ, ਪੂਰਨਮਾਸ਼ੀ ਅਤੇ ਐਤਵਾਰ ਖ਼ੂਬ ਇਕੱਠ ਹੁੰਦਾ। ਹਰ ਕਿਸਮ ਦਾ ਸਿੱਖ ਰਲ ਬਹਿੰਦਾ। ਪੰਜਾਬੀ ਜ਼ਬਾਨ ਵਿਚ ਹਰ ਕੋਈ ਆਪਣੇ ਜੌਹਰ ਵਿਖਾਉਂਦਾ। ਬਹੁਤਾ ਪਰੋਹਾਰ ਸੀ ਲਾਹੌਰ ਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰਦਾਸਪੁਰ । ਸੇਠ ਵੀ ਲਾਹੌਰ ਦਾ ਸੀ । ਉਸ ਨੇ ਇਕ ਸਾਨ੍ਹ ਛੱਡਿਆ ਹੋਇਆ ਸੀ । ਲੋਕ ਉਸ ਸਾਨ੍ਹ ਦੀ ਇੱਜ਼ਤ ਕਰਦੇ । ਇਕ ਵਾਰੀ ਗੋਰਾ ਪਲਟਨ ਬਦਲੀ । ਨਵੀਂ ਆਈ ਪਲਟਨ ਨੂੰ ਉਸ ਨੇ ਸਾਨ੍ਹ ਪੇਸ਼ ਕੀਤਾ ।

ਗੁਰਦੁਆਰੇ ਐਤਵਾਰ ਨੂੰ ਜ਼ਰੂਰ ਸਾਰੇ ਲੋਕ ਆਉਂਦੇ । ਉਂਜ ਵੀਰਵਾਰ ਨੂੰ ਰੌਣਕ ਹੁੰਦੀ । ਕੰਵਲ ਕੀਰਤਨ ਕਰਦਾ । ਜ਼ਨਾਨੀਆਂ ਉਸ ਨੂੰ ਘੁੰਡ ਵਿਚੋਂ ਨੀਜ ਲਾ ਲਾ ਕੇ ਵੇਖਦੀਆਂ । ਮੈਨੂੰ ਬੜੀ ਖਾਰ ਆਉਂਦੀ । ਮੈਂ ਇਕ ਨਜ਼ਮ ਲਿਖੀ : "ਜੇਕਰ ਮੈਂ ਵੀ ਜਾਣਦਾ ਰਾਗ ਹੁੰਦਾ ।" ਉਥੇ ਦੋ ਭਰਾ ਸਨ । ਆਰੇਕੱਸ਼ ਬੜੇ ਚੰਗੀ ਪਰਨਾਈ । ਆਪੇ ਰੇਤੀ ਟੱਕ ਲੈਣੀ । ਦੋਹਾਂ ਦੇ ਇਕੱਠੇ ਵਿਆਹ ਹੋਏ । ਦੋਵੇਂ ਵਹੁਟੀਆਂ ਕੋਲ ਰਹਿੰਦੀਆਂ ਸਨ । ਗੁਰਦੁਆਰੇ ਉਹਨਾਂ ਦੋੜਨਾ ਲੈ ਕੇ ਐਸੀ ਮਟਕਵੀਂ ਚਾਲ ਅਤੇ ਨਖਰੇਲੂ ਘੁੰਡ ਕੱਢ ਕੇ ਆਉਣਾ । ਬਹੁਤ ਚੰਗੀਆਂ ਲੱਗਣੀਆਂ । ਆਉਂਦੀਆਂ ਜਾਂਦੀਆਂ ਨੂੰ ਵੇਖਣਾ । ਇਕ ਦਿਨ ਮੈਂ ਪ੍ਰਤਾਪ ਸਿੰਘ ਕੰਵਲ ਨੂੰ ਆਖਿਆ—ਕੰਵਲ ਯਾਰ, ਮੈਨੂੰ ਆਰੇਕਸ਼ਣਾਂ ਬੜੀਆਂ ਚੰਗੀਆਂ ਲਗਦੀਆਂ ਨੇ, ਮੈਂ ਉਹਨਾਂ ਉੱਤੇ ਆਸ਼ਕ ਹੋ ਗਿਆ ਹਾਂ ।... ਉਹਨਾਂ ਜ਼ਰਾ ਮੁਸਕਰਾ ਕੇ ਆਖਿਆ—ਰਾਹੀ ਸਾਹਿਬ, ਆਸ਼ਕ ਨਹੀਂ ਬਣੀਦਾ ਜੁੱਤੀਆਂ ਵੱਜਦੀਆਂ ਨੇ । ਮਾਸ਼ੂਕ ਬਣੀਦਾ ਹੈ, ਕੋਈ ਆਪਣੇ ਉੱਤੇ ਮਰੇ ।

ਉਸ ਨੂੰ ਮੋੜਵਾਂ ਉੱਤਰ ਦਿਤਾ —ਉਹ ਯਾਰ ਮਾਸ਼ੂਕ ਕਿਸ ਤਰ੍ਹਾਂ ਬਣਾ । ਦਾੜ੍ਹੀ ਮੇਰੇ ਮੂੰਹ ਤੇ ਹੈ, ਤੇਈਆਂ ਸਾਲਾਂ ਦਾ ਹੋ ਗਿਆ ਹਾਂ । ਮਸ਼ਕਰੀ ਕਰਦਾ ਏਂ ? ...ਨਹੀਂ-ਨਹੀਂ ਮਸ਼ਕਰੀ ਨਹੀਂ ਆਪਣੇ ਵਿਚ ਇਤਨੀਆਂ ਸਿਫ਼ਤਾਂ ਪੈਦਾ ਕਰਕੇ ਉਹ ਘੁੰਡ ਚੁੱਕ ਕੇ ਵੇਖਣ ।...ਜਿਸ ਤਰ੍ਹਾਂ ਤੇਲ ਦੀ ਬੂੰਦ ਪਾਣੀ ਉਤੇ ਖਿਲਰ ਜਾਂਦੀ ਹੈ, ਇਹ ਗੱਲ ਵੀ ਮੇਰੇ ਰੋਮ-ਰੋਮ ਵਿਚ ਖਿਲਰ ਗਈ । ਸਾਰੀ ਉਮਰ ਉਸ ਦੀ ਇਹ ਗੱਲ ਭੁੱਲੀ ਨਹੀਂ ਅਤੇ ਪੂਰਾ-ਪੂਰਾ ਅਮਲ ਕਰਦਾ ਹਾਂ ।

ਉਥੇ ਲਾਇਬ੍ਰੇਰੀ ਸੀ, ਦੋ ਤਿੰਨ ਪਰਚੇ ਵੀ ਆਉਂਦੇ ਸਨ । ਪੜ੍ਹਨਾ ਸ਼ੁਰੂ ਕਰ ਦਿਤਾ, ਪ੍ਰੋ: ਪੂਰਨ ਸਿੰਘ 'ਖੁਲ੍ਹੇ ਮੈਦਾਨ, ਖੁਲ੍ਹੇ ਘੁੰਡਾਂ' । ਭਾਈ ਵੀਰ ਸਿੰਘ ਦੀ ਇਕ ਪੁਸਤਕ ਸੀ, 'ਮੌਤ ਦੇ ਬਾਅਦ' ਹੋਰ ਤੀਰ ਦੇ ਦੁਆਲੇ ਤੀਰ । ਮੁਤਾਲਿਆ ਨੂੰ ਮੈਂ ਫਿਰ ਅੰਗ ਬਣਾ ਲਿਆ ।

ਇਕ ਦੀਵਾਨ ਗੁਰਦੁਆਰੇ ਹੋਇਆ । ਫ਼ੌਜੀ ਵੀ ਆਏ । ਸਾਰੇ ਵਸੋਂ ਵਾਲੇ ਸਿੱਖ ਵੀ । ਪਹਿਲੋਂ ਫ਼ੌਜੀਆਂ ਦੇ ਰਾਗੀਆਂ ਨੇ ਕੀਰਤਨ ਕੀਤਾ । ਫਿਰ ਪ੍ਰਤਾਪ ਸਿੰਘ ਕੰਵਲ ਦੇ ਜੱਥੇ ਨੇ । ਫਿਰ ਕਵਿਤਾਵਾਂ ਹੋਈਆਂ ਉਥੇ ਇਕ ਡਾਕਟਰ ਸੀ ਅਤੇ ਇਕ ਹੋਰ । ਉਹਨਾਂ ਕਵਿਤਾਵਾਂ ਸੁਣਾਈਆਂ ਫਿਰ ਫ਼ੌਜੀਆਂ ਵਿਚੋਂ ਦੋਵਾਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੇ ਸੁਣਾਈਆਂ । ਸਟੇਜ ਸੈਕਟਰੀ ਕੰਵਲ ਸੀ । ਅਖ਼ੀਰ ਉਤੇ ਮੇਰਾ ਨਾਂ ਲਿਆ । ਮੈਂ ਗੁਰੂ ਗੋਬਿੰਦ ਸਿੰਘ ਉਤੇ ਲੰਮੀ ਕਵਿਤਾ ਲਿਖੀ ਹੋਈ ਸੀ । ਸੋਹਣ ਸਿੰਘ ਮਾਹਿਰ ਦੀ ਕਵਿਤਾ 'ਅੰਬੀ ਦੇ ਬੂਟੇ' ਦੇ ਵਜ਼ਨ ਉਤੇ । ਖ਼ੂਬ ਯਾਦ ਕੀਤੀ ਹੋਈ ਸੀ । ਪੰਜ ਮਿੰਟ ਦੀ ਕਾਵਿ ਕਵਿਤਾ । ਆਰਾਮ ਨਾਲ ਅਤੇ ਟੌਰ੍ਹ ਨਾਲ ਸੁਣਾਈ । ਸੁਣਾਉਂਦਿਆਂ ਹੋਇਆਂ ਮੈਂ ਆਰੇਕੱਸ਼ਣਾਂ ਵਲ ਵੇਖਿਆ । ਉਹ ਅੱਧੇ ਘੁੰਡ ਸਰਕਾ ਕੇ ਮੇਰੇ ਵਲ ਖ਼ੁਸ਼ ਹੋ ਕੇ ਵੇਖ ਰਹੀਆਂ ਸਨ । ਮੈਂ ਖ਼ੁਸ਼ ਹੋ ਗਿਆ ।

ਤੀਸਰੇ ਦਿਨ ਉਹਨਾਂ ਵਿਚੋਂ ਇਕ ਭਰਾ ਮੇਰੇ ਕੋਲ ਆਇਆ - ਰਾਹੀ ਸਾਹਿਬ ਜੀ, ਰੋਟੀ ਸ਼ਾਮ ਦੀ ਸਾਡੇ ਘਰੋਂ ਖਾ ਲੈਣੀ । ਸਾਨੂੰ ਦੋ ਖ਼ਤ ਲਿਖ ਦਿਉ । ਕਲਮ ਦਵਾਤ ਘਰ ਛੱਡ ਆਇਆ ਹਾਂ ।...ਮੈਂ ਘਰ ਗਿਆ । ਘੁੰਡ ਖ਼ਤਮ ਸਨ । ਮੰਜੇ ਉਤੇ ਦੋਵੇਂ ਮੇਰੇ ਦੋਹੀਂ ਬੰਨੀਂ ਬਹਿ ਗਈਆਂ । ਮਰਜ਼ੀ ਨਾਲ ਲਿਖਵਾਏ । ਸਰਨਾਵੇਂ ਉਰਦੂ ਵਿਚ ਲਿਖ ਦਿਤੇ । ਖ਼ਤ ਲਿਖਵਾਉਂਦੀਆਂ ਕਈ ਵਾਰ ਮੇਰੇ ਨਾਲ ਘੁੱਟ ਕੇ ਛੁਹਦੀਆਂ । ਰੋਟੀ ਖਾਧੀ ਘਰ ਆ ਗਿਆ । ਸਾਰੀ ਖਿਚ-ਖਿਚ ਖ਼ਤਮ ।

ਸਾਡੇ ਬਾਅਦ ਲਾਲ ਸਿੰਘ ਦਾ ਨਿੱਕਾ ਭਰਾ ਨਾਨਕ ਸਿੰਘ ਤੇ ਉਹਦੇ ਤੋਂ ਨਿੱਕਾ ਸਵਰਨ ਲਾਲ ਸਿੰਘ ਦੀ ਵਹੁਟੀ ਨਾਲ ਲੈ ਕੇ ਪਹੁੰਚ ਗਏ । ਸਵਰਨ ਬਿਲਕੁਲ ਅਣ-ਦਾੜ੍ਹੀਆ ਸੀ । ਸਾਰਿਆਂ ਦੀਆਂ ਵਹੁਟੀਆਂ ਨੂੰ ਮਿਲ ਆਉਂਦਾ ਸੀ । ਸਾਨੂੰ ਗੱਲਾਂ ਸੁਣਾਉਂਦਾ, ਮੂੰਹ ਕਰਾਰੇ ਕਰਾਉਂਦਾ ਅਤੇ ਕੰਨਾਂ ਨੂੰ ਰਸ ਪਿਆਉਂਦਾ ।

ਸ਼ਾਦ ਨੇ ਇਕ ਦਿਨ ਕਿਹਾ—ਮੇਰੇ ਚੁਬਾਰੇ ਦਾ ਬੂਹਾ ਚੰਗੀ ਤਰ੍ਹਾਂ ਵੱਜਦਾ ਨਹੀਂ, ਰਾਹੀ ਸਾਹਿਬ ਯਾਰ ਠੀਕ ਕਰ ਦਈਂ । ਮੈਂ ਗਿਆ, ਉਸ ਦਿਨ ਹੋਲੀ ਸੀ । ਰੰਗ ਡੁਲ੍ਹਿਆ ਪਿਆ ਸੀ, ਪੁੱਛਿਆ—ਇਹ ਰੰਗ ?...ਉਹਨੇ ਕਿਹਾ—ਮੈਂ ਤੇ ਮੇਰੀ ਵਹੁਟੀ ਨੇ ਹੋਲੀ ਖੇਡੀ ਹੈ ।

ਉਸ ਰਾਤ ਉਹਨਾਂ ਉਤੇ ਕਵਿਤਾ ਲਿਖੀ, 'ਮੇਰੇ ਸ਼ਾਦ ਦੀ ਹੋਲੀ', "ਖੇਡੀ ਅੱਜ ਯਾਰੋ ਮੇਰੇ ਸ਼ਾਦ ਜੀ ਨੇ ਹੋਈ ।"

ਕੰਵਲ ਦੀ ਭਿੱਪੋ ਮੈਨੂੰ ਬੜੀ ਪਿਆਰੀ ਲਗਦੀ ਸੀ । ਮੈਂ ਉਸ ਨੂੰ ਬਾਜ਼ਾਰ ਵੀ ਲੈ ਜਾਣਾ । ਉਸ ਉਤੇ ਕਵਿਤਾ ਲਿਖੀ 'ਕੰਵਲ ਦੀ ਭਿੱਪੋ' ਮਸਾਂ ਸਾਲ ਦੀ ਸੀ । "ਸਾਰਿਆਂ ਤੋਂ ਲਗਦੀ ਮੈਨੂੰ ਹੈ ਪਿਆਰੀ ਭਿੱਪੋ ।"

ਉਥੇ ਨੂੰਏਂ ਬੜੇ ਜ਼ਹਿਰੀ ਹੁੰਦੇ ਸੀ, ਮੈਨੂੰ ਲੜ ਗਿਆ । ਗੁਰਦੁਆਰੇ ਦੇ ਭਾਈ ਕੋਲ ਗਿਆ । ਉਸ ਨੇ ਲਾਲ ਮਿਰਚਾਂ ਰੱਖੀਆਂ ਹੋਈਆਂ ਸੀ । ਝੱਟ ਕੂੰਡੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਾ ਕੇ ਮਲੀਦਾ ਕਰਕੇ ਡੰਗ ਵਾਲੀ ਥਾਂ ਲਾ ਦਿੱਤੀਆਂ । ਝਟ ਆਰਾਮ ਆ ਗਿਆ । ਇਕ ਕਵਿਤਾ ਲਿਖੀ 'ਠੂੰਏਂ ਫੋਰ ਸੰਡੇ ਦੇ ।' ਇਹ ਸਾਰੀਆਂ ਨਜ਼ਮਾਂ ਹੁਣ ਤਕ ਮੇਰੇ ਕੋਲ ਹਨ ।

ਇਕ ਦਿਨ ਅਸੀਂ ਚਾਰੇ ਬੈਠੇ ਹੋਏ ਸਾਂ । ਉਥੇ ਸਿਨਮੇ ਵਿਚ 'ਡਾਕੂ ਮਨਸੂਰ' ਫ਼ਿਲਮ ਆ ਰਹੀ ਸੀ । ਸਿਨਮਾਂ ਵੀ ਸ਼ਾਦ ਦਾ ਸੀ । ਮੈਂ ਆਖਿਆ ਐਵੇਂ ਹੀ ਲਾਹੌਰ ਅੱਧ ਵਿਚੋਂ ਛੱਡ ਕੇ ਆ ਗਿਆ ਸਾਂ । ਮੇਰੀ ਗੱਲ ਉਤੇ ਉਹ ਸੋਚੀਂ ਪੈ ਗਏ । — ਪ੍ਰਿਥਵੀ ਰਾਜ ਕੰਮ ਕਰਦਾ ਹੈ ਫਲਾਣੀ ਐਕਟਰਸ ਕੰਮ ਕਰਦੀ ਹੈ ਮਾੜੀ ਕਿਸ ਤਰ੍ਹਾਂ ਹੋ ਸਕਦੀ ਹੈ ਹੋਰ ਵੀ ਐਕਟਰ ਚੰਗੇ ਹਨ ।— ਗੱਲਾਂ ਹੁੰਦੀਆਂ ਰਹੀਆਂ । ਕੰਵਲ ਕਹਿਣ ਲੱਗਾ ਰਾਹੀ ਮੈਂ ਨਿਰਨਾ ਕੀਤਾ ਹੈ ਤੈਨੂੰ ਫ਼ਿਲਮ ਵੇਖਣੀ ਨਹੀਂ ਆਉਂਦੀ । ਤੂੰ ਅੱਜ ਮੇਰੇ ਨਾਲ ਚੱਲੀਂ ਅੰਗਰੇਜ਼ੀ ਫ਼ਿਲਮ ਹੈ ਤੈਨੂੰ ਸਮਝਾਵਾਂਗਾ । ਉਤਲੇ ਬਕਸੇ ਵਿਚ ਇਕੱਲੇ ਬੈਠਾਂਗੇ ।... ਸ਼ਾਮ ਨੂੰ ਉਸ ਨਾਲ ਜਾ ਬੈਠਾ । ਉਹ ਹੌਲੀ-ਹੌਲੀ ਮੈਨੂੰ ਗੱਲ ਬਾਤ ਵੀ ਤੇ ਉਹਨਾਂ ਦੇ ਹਾਵ-ਭਾਵ ਵੀ ਸਮਝਾਉਂਦਾ ਰਿਹਾ । ਜਿਸ ਤਰ੍ਹਾਂ ਹੁਣ ਅੱਖਾਂ ਵੇਖ ਹੁਣ ਚਿਹਰਾ ਵੇਖ, ਹੁਣ ਆਹ ਵੇਖ, ਹੁਣ ਔਹ ਵੇਖ ਅਤੇ ਮੈਂ ਵੇਖੀ ਗਿਆ । ਇਕ ਦੋ ਹੋਰ ਹੋਰ ਉਸ ਨੇ ਮੈਨੂੰ ਫ਼ਿਲਮ ਵੇਖਣੀ ਸਮਝਾਈ ।

ਜਦ 'ਡਾਕੂ ਮਨਸੂਰ' ਫ਼ਿਲਮ ਆਈ ਤਾਂ ਅਸੀਂ ਚਾਰੇ ਵੇਖਣ ਗਏ । ਮੈਨੂੰ ਇਤਨਾ ਸੁਆਦ ਆਇਆ ਕਿ ਮੈਂ ਆਨੰਦ ਮਈ ਹੋ ਗਿਆ । ਕਮਾਲ ਸੀ ਪ੍ਰਤਾਪ ਸਿੰਘ ਕੰਵਲ ।

ਇਕ ਸਰਕਾਰੀ ਮਿਸਤਰੀ ਦੁਆਬੇ ਦਾ ਸੀ । ਉਸ ਦੇ ਘਰ ਲੜਕਾ ਕੋਈ ਨਹੀਂ ਸੀ । ਉਸ ਦੀ ਮਿਸਤਰਆਣੀ ਸਾਰੇ ਤਰਖਾਣਾਂ ਦੇ ਮੂੰਹ ਚੜ੍ਹੀ ਹੋਈ ਸੀ, ਨਿਸ਼ੰਗ ਫਿਰਦੀ । ਹਰ ਸਮੇਂ ਕੱਸੀ ਮੁੱਸੀ ਤਿਆਰ ਬਰ ਤਿਆਰ । ਸਰੀਰ ਦੀ ਬਣਤਰ ਨਕਸ਼ ਖਰਾਦੇ ਹੋਏ । ਚੁਸਤ ਅੰਗਾਂ ਨਾਲ ਗੱਲਾਂ ਕਰਦੀ । ਲਾਲ ਸਿੰਘ ਦੀ ਵਹੁਟੀ ਦੇ ਆਉਣ ਕਰਕੇ ਮੈਨੂੰ ਉਸ ਗਲੀ ਵਿਚ ਘਰ ਮਿਲਿਆ ਜਿਧਰ ਮਿਸਤਰਆਣੀ ਦਾ ਘਰ ਸੀ । ਬਾਜ਼ਾਰ ਵਿਚ ਉਹ ਕਈ ਵਾਰੀ ਸਬਜ਼ੀ ਖੜਦੀ ਦਿਸੀ ਸੀ । ਮੇਰੇ ਨਾਲ ਇਕ ਵਲਾ ਜੋੜ ਜਿਹਾ ਇਕ ਤਰਖਾਣ ਰਹਿੰਦਾ ਸੀ । ਸਵਰਨ ਮੇਰੇ ਨਾਲ ਬੜਾ ਮੋਹ ਰੱਖਦਾ । ਮਿਸਤਰਆਣੀ ਵੱਲ ਵੀ ਜਾਂਦਾ । ਮੈਂ ਉਸ ਦੀਆਂ ਗੱਲਾਂ ਉਸ ਕੋਲੋਂ ਪੁੱਛਦਾ ਰਹਿੰਦਾ ।

ਗੁਰਪੂਰਬ ਆਇਆ । ਗੁਰਦਵਾਰਾ ਕਮੇਟੀ ਨੇ ਕੋਟਿ ਜਾ ਕੇ ਜਿਹੜੇ ਪੰਜਾਬੀ ਪਰਚਾਰਕ ਆਏ ਸਨ ਉਹਨਾਂ ਨੂੰ ਫੇਰ ਸੰਡੇ ਲੈ ਆਂਦਾ । ਇਕ ਰਾਗੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਥਾ ਸੀ । ਵਿਧਾਤਾ ਸਿੰਘ ਜੀ ਤੀਰ । ਗੁਰਦਾਸ ਰਾਮ ਆਲਮ ਦੇ ਸ਼ਾਇਰ ਹੋਰ। ਮੈਂ ਉਥੇ ਨਿੱਕੇ ਸਾਹਿਬਜ਼ਾਦਿਆਂ ਦੀ ਕਵਿਤਾ ਲਿਖੀ ਸੀ। (ਹੁਣ ਤੱਕ ਉਹ ਸੱਜਰੀ ਹੈ) ਕੁਝ ਸ਼ੇਅਰ ਹਨ ।

''ਖੇਡ ਛੱਡ ਖਿਡੌਣਿਆਂ ਵਿਚ ਗਏ,
ਮੌਤ ਨਾਲ ਖੇਡਣ ਹੋਣਹਾਰ ਤੁਰ ਗਏ ।''

ਸਾਰੇ ਸ਼ਾਇਰ ਮੈਨੂੰ ਪੰਜਾਬ ਤੋਂ ਹੀ ਜਾਣਦੇ ਸਨ। ਜਦ ਦਰਦੀਲੇ ਸ਼ੇਅਰ ਆਉਂਦੇ ਮੈਂ ਨਾਲ 'ਹਾਏ' ! ਕੋਲੋਂ ਲਾ ਲੈਂਦਾ । ਜਦ ਕਵੀ ਦਰਬਾਰ ਹੋਇਆ ਮੇਰੀ ਕਵਿਤਾ ਨੇ ਜੈ ਜੈ ਕਾਰ ਕਰਾ ਦਿੱਤੀ। (ਮੇਰੇ ਕੋਲ ਉਹ ਸਾਰੀਆਂ ਕਵਿਤਾਵਾਂ ਹੁਣ ਤੱਕ ਹਨ ।)

ਤੀਸਰੇ ਚੌਥੇ ਦਿਨ ਸਵਰਨਾ ਮਿਸਤਰਆਣੀ ਕੋਲੋਂ ਹੋ ਕੇ ਆਇਆ । ਕਹਿਣ ਲੱਗਾ—ਭਾ ਰਾਹੀ ਮਿਸਤਰਆਣੀ ਤੇ ਤੇਰੇ ਉਤੇ ਮਰੀ ਪਈ ਹੈ । ਕਹਿੰਦੀ ਸੀ, ਜਦੋਂ ਹਾਏ ! ਕਰਦਾ ਸੀ ਜਾਨ ਕੱਢ ਲੈਂਦਾ ਸੀ ।...ਮੈਂ ਵੀ ਉਸ ਦੀਆਂ ਸਿਫਤਾਂ ਕੀਤੀਆਂ । ਇਕ ਚੋਕਲੀਆ ਉਸ ਉਤੇ ਲਿਖ ਕੇ ਸਵਰਨ ਨੂੰ ਯਾਦ ਕਰਾਇਆ ਉਸ ਨੇ ਜਾ ਸੁਣਾਇਆ । ਉਹ ਵੀ ਗੱਲਾਂ ਕਰੇ ਮੈਂ ਵੀ ਕਰਾਂ ਸਵਰਨ ਦੱਸੀ ਜਾਵੇ ਦੋਹਾਂ ਨੂੰ ।

ਇਕ ਦਿਨ ਮੈਂ ਇਕੱਲਾ ਘਰ ਸਾਂ । ਪਾਣੀ ਕਈਆਂ ਨਲਕਿਆਂ ਵਿਚ ਆਉਣਾ ਕਈਆਂ ਵਿਚ ਨਾ ਆਉਣਾ । ਸਾਡੇ ਨਲਕੇ ਵਿਚ ਹੈ ਸੀ ਮਿਸਤਰਆਣੀ ਸੂਕੀ ਬੂਕੀ ਹੋਈ ਬਾਲਟੀ ਲੈ ਕੇ ਸਾਡੇ ਘਰ ਆ ਗਈ ਮੇਰੇ ਵੱਲ ਵੇਖ ਕੇ ਕਹਿਣ ਲੱਗੀ – ਸਾਡੇ ਨਲਕੇ ਵਿਚ ਪਾਣੀ ਨਹੀਂ ਸੀ ਆਉਂਦਾ ਮੈਂ ਆਖਿਆ ਤੁਹਾਡਿਉਂ ਲੈ ਆਉਂਦੀ ਹਾਂ ।

ਮੇਰੇ ਮੂੰਹੋਂ ਮਸਾਂ ਨਿਕਲਿਆ, ਲੈ ਲਉ । ਉਹ ਮੇਰੇ ਵੱਲ ਵੇਖੇ ਮੈਂ ਉਸ ਵੱਲ ਵੇਖਾਂ ਦਿਲ ਧੜਕਣ । ਪਹਿਲ ਕੋਈ ਨਾ ਕਰੇ । ਆਖਰ ਬਾਲਟੀ ਭਰ ਗਈ ਉਹ ਵੇਖਦੀ-ਵੇਖਦੀ ਆਪਣੇ ਘਰ ਮੈਂ ਆਪਣੇ ਘਰ । ਮੈਂ ਬੂਹਾ ਬੰਦ ਕਰਕੇ ਆਪਣੇ ਕੰਮ ਕਰਨ ਲੱਗਾ । ਸਮਝਦਾ ਹਾਂ ਸ਼ਾਇਰ ਬੁਜ਼ਦਿਲ ਜ਼ਰੂਰ ਹੁੰਦਾ ਹੈ ਥੋੜਾ ਜਿਹਾ ਪਾਗ਼ਲ ਵੀ ।

ਲੌਂਗਲਾਈ ਤੋਂ ਮੰਗ ਆਈ ਇਕ ਤਰਖਾਣ ਚਾਹੀਦਾ ਹੈ । ਇਮਾਰਤੀ ਕੰਮ ਵਾਲਾ । ਲਾਲ ਸਿੰਘ ਨੇ ਮੈਥੋਂ ਪੁੱਛਿਆ ਮੈਂ ਹਾਂ ਕਰ ਦਿੱਤੀ। ਫੋਰਟ ਸੰਡੇ ਮਨ ਤੋਂ ਮੈਂ ਲੋਗਲਾਈ ਚਲਿਆ ਗਿਆ । ਉਥੇ ਸਿੰਧੀ ਠੇਕੇਦਾਰ ਸਨ । ਉਹਨਾਂ ਕੋਲ ਕੰਮ ਕਰਨ ਲੱਗ ਪਿਆ । ਮੈਂ ਇਕੱਲਾ ਹੀ ਸਾਂ ਸਾਡੇ ਸ਼ਹਿਰ ਦਾ ਇਕ ਸਾਡੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਰਾਦਰੀ ਦਾ ਸ: ਮੰਗਲ ਸਿੰਘ ਰਹਿੰਦਾ ਸੀ। ਆਪਣੀ ਦੁਕਾਨ ਅਤੇ ਮਕਾਨ ਸੀ, ਮੱਝ ਰੱਖੀ ਹੋਈ ਸੀ। ਉਸ ਕੰਮ ਜੋਗਾ ਹੱਟੀ ਉਤੇ ਮਿਲ ਜਾਂਦਾ ਸੀ। ਮੈਂ ਉਹਨੂੰ ਚਾਚਾ ਜੀ ਕਹਿੰਦਾ। ਚਾਚਾ ਜੀ ਵੀ ਬੜੇ ਸੁੱਘੜ ਘਰ ਨੂੰ ਸਵਰਗ ਬਣਾ ਕੇ ਰੱਖਣ ਵਾਲੇ ਸਨ। ਉਹਨਾਂ ਕੋਲ ਠਹਿਰਿਆ। ਰਾਤ ਨੂੰ ਦੁਧ ਵੀ ਮਿਲ ਜਾਂਦਾ ਫਿਰ ਇਕ ਮਕਾਨ ਲੈ ਲਿਆ।

ਸਿੰਧੀ ਠੇਕੇਦਾਰ ਬੜੇ ਚੰਗੇ ਤੌਰ ਤਰੀਕੇ ਦੇ ਸਨ। ਉਥੇ ਅਫਸਰਾਂ ਦੀਆਂ ਕੋਠੀਆਂ ਬੰਗਲੇ ਬਹੁਤ ਸਨ। ਸਭ ਕੱਚੇ ਸਲੇਪ ਛੱਤਾਂ। ਹਰ ਸਾਲ ਠੇਕੇ ਹੁੰਦੇ ਲਿੰਬਣ ਪੋਚਣ ਦੇ। ਕੱਚੀ ਉਸਾਰੀ ਤੇ ਉਤੇ ਮਿੱਟੀ ਤੂੜੀ ਦਾ ਪਲਸਤਰ ਫਿਰ ਉਤੇ ਰੰਗ ਰੋਗਣ ਬੜੇ ਖੂਬਸੂਰਤ ਸਨ। ਹਰ ਕੋਠੀ ਵਿਚ ਬਾਗ਼, ਸੇਬ, ਅੰਗੂਰ, ਬੱਗਗੋਸ਼ੇ, ਖੁਰਮਾਨੀਆਂ ਜਿਵੇਂ ਮਿੱਠਾ ਮੱਖਣ ਹੋਵੇ। ਫੁਲਾਂ ਦਾ ਅੰਤ ਨਹੀਂ। ਅਨਾਰ ਮਿੱਠੇ ਲਾਲ। ਸਿਕੜਾਂ ਸਣੇ ਖਾਣ ਵਾਲੇ। ਬਦਾਮਾਂ ਦੇ ਬਾਗ਼, ਚਲਗੋਜ਼ੇ, ਖਰਬੂਜੇ, ਹਦਵਾਣੇ, ਮੱਛੀ ਮੀਟ, ਮੁਰਗੇ, ਸਬਜ਼ੀਆਂ ਤੇ ਫਰੂਟ ਦੀ ਮਾਰਕੀਟ। ਨਗਰ ਦੇ ਵਿਚ ਨਿੱਕਾ ਜਿਹਾ ਚਕਲਾ। ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਾ। ਪੁਲਿਸ ਪੰਜਾਬੀ ਸਿੱਖ। ਘੋੜ ਸਵਾਰ ਰਿਸਾਲਾ ਸਿੱਖਾਂ ਦਾ। ਗੁਰਦਵਾਰਾ ਵਧੀਆ, ਉਤੇ ਪੋਠੋਹਾਰ, ਦਾ ਕਬਜ਼ਾ। ਭਾਈਆਣੀ ਸ਼ਿੰਗਾਰੀ ਹੋਈ ਤੇ ਅਤਿ ਸੁਹਣੀ। ਪੋਠੋਹਾਰੀ ਆਪਣੀ ਅਲਹਿਦਗੀ ਜਤਾ ਕੇ ਰੱਖਦੇ। ਸਿੰਧੀਆਂ ਨਾਲ ਮੇਰੀ ਬੜੀ ਬਣ ਗਈ ਉਹ ਚੰਗੇ, ਬੇਲਿਹਾਜ਼ ਤੇ ਖਰੇ ਸਨ। ਸ਼ਾਨਦਾਰ ਠੇਕੇਦਾਰ। ਕੰਜੂਸ ਨਹੀਂ ਸਨ। ਇਕ ਤਾਂ ਬਾਬੂ ਪੋਠੋਹਾਰੀ ਬਲਦੇਵ ਸਿੰਘ ਨਾਲ ਮੇਰਾ ਜੋੜ ਬਣ ਗਿਆ। ਉਸ ਦੇ ਘਰ ਚਲਿਆ ਗਿਆ। ਉਹ ਮੰਗਿਆ ਹੋਇਆ ਸੀ। ਨਿੱਕਾ ਭਰਾ ਵੀ ਕੋਲ ਸੀ। ਮੰਗੇਤਰ ਦੀਆਂ ਚਿੱਠੀਆਂ ਆਉਣੀਆਂ ਮੈਂ ਸੁਣਨੀਆਂ ਉਸ ਨੇ ਵੀ ਲਿਖਣੀਆਂ। ਰੋਟੀ ਮੈਂ ਇਕ ਤੰਦੂਰ ਉਤੋਂ ਖਾਣ ਲੱਗ ਪਿਆ। ਉਹ ਵੀ ਪੰਜਾਬੀ ਸੀ। ਉਸ ਦੀ ਇਕ ਕੁੜੀ। ਦੁਕਾਨ ਦੇ ਪਿੱਛੇ ਘਰ ਸੀ। ਕੁੜੀ ਦਾ ਰੰਗ ਕਾਲਾ ਨਕਸ਼ ਚੰਗੇ, ਤਕਣੀ ਚੰਗੀ। ਉਸ ਉਤੇ ਨਜ਼ਮ ਲਿਖੀ 'ਜਵਾਨੀ' (ਮੇਰੇ ਧਰਮ ਭਰਾ ਗੁਰਬਚਨ ਸਿੰਘ ਤਮਜੀ ਦਾ ਬਚਨ ਹੈ ਕੁੜੀਆਂ ਤੇ ਸਭ ਸੁਹਣੀਆਂ ਹੁੰਦੀਆਂ ਹਨ, ਰੰਨ ਸੁਹਣੀ ਹੋਵੇ ਤਾਂ ਸਿਫਤ ਹੈ।) ਇਕ ਟਰੱਕ ਮਾਲਕ ਸੋਢੀ ਸੀ। ਚਕਲੇ ਦਾ ਸ਼ੌਕੀਨ। ਬੇ-ਫ਼ਿਕਰ, ਅਲਬੇਲਾ ਮੇਰੇ ਕੋਲੋਂ ਇਸ਼ਕੀ ਕਵਿਤਾ ਸੁਣਣ ਦਾ ਸ਼ੌਕੀਨ। ਇਕ ਦਿਨ ਉਹਨੇ ਤੇ ਮੈਂ ਗੁੱਤੇ ਤੋਂ ਅੱਠਾਂ-ਅੱਠਾਂ ਆਨਿਆਂ ਦੀ ਸ਼ਰਾਬ ਪੀਤੀ। ਖੁਲ੍ਹੇ ਠੇਕੇ ਨੂੰ ਗੁੱਤਾ ਕਹਿੰਦੇ ਸਨ। ਦੋ ਡਰੰਮ। ਟੂਟੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਾਲੈ । ਇਕ ਵਿਚ ਸ਼ਰਾਬ ਦੇਸੀ ਤੇ ਇਕ ਵਿਚ ਬੀਅਰ । ਹੋਲਣਾਂ ਵਿਚ, ਬੋਤਲਾਂ ਵਿਚ ਸ਼ਰਾਬ ਤੇ ਬੀਅਰ ਬੋਤਲਾਂ ਵਿਚ ਵਿਕਦੀ ।

ਪੀ ਕੇ ਗੱਪਾਂ ਮਾਰ ਕੇ ਕਹਿਣ ਲੱਗਾ ਅੱਜ ਮੈਂ ਚਕਲੇ ਜਾਣਾ ਹੈ । ਮੈਂ ਪੁੱਛਿਆ ਅੱਜ ਕੀ ਗੱਲ ਹੋਈ ਹੈ ? ਅੱਗੋਂ ਕਹਿਣ ਲੱਗਾ ਅੰਮਾ ਕਹਿੰਦੀ ਸੀ, ਐਸਾ ਮਾਲ ਪੰਜਾਬ ਵਿਚੋਂ ਆਇਆ ਹੈ ਪਤਾਸਾ ਨਹੀਂ ਭੱਜਣ ਦਿੰਦੀ । ਮੈਂ ਹੱਸ ਪਿਆ ਤੇ ਪੁੱਛਿਆ— ਸੋਢੀ ਜੀ, ਤੁਹਾਨੂੰ ਐਬਾਂ ਤੋਂ ਡਰ ਨਹੀਂ ਲੱਗਦਾ ਅਗਲੀ ਦਰਗਾਹੇ ਲੇਖਾ ਦੇਣਾ ਪਏਗਾ ?...ਹੱਸ ਕੇ ਕਹਿਣ ਲੱਗਾ—ਜਦ ਖੁਦਾ ਪੁੱਛੇਗਾ ਤਕਸੀਰ ਕਿਸ ਕੀ ਹੈ ? ਹੱਮ ਕਹੇਂਗੇ ਤਕਦੀਰ ਮੈਂ ਤਹਿਸੀਰ ਕਿਸ ਕੀ ਹੈ...ਮੈਂ ਕਿਹਾ ਕਮਾਲ ਹੈ ਸੋਢੀ ਸਾਹਿਬ ।

ਇਕ ਦਿਨ ਡਾਕਖਾਨਿਉਂ ਚਿੱਠੀਆਂ ਤੇ ਖ਼ਤ ਲੈਣ ਗਿਆ । ਪੋਸਟ ਮਾਸਟਰ ਨੇ ਆਪ ਉੱਠ ਕੇ ਮੈਨੂੰ ਚਿੱਠੀਆਂ ਤੇ ਖ਼ਤ ਦਿਤੇ । ਬੜਾ ਮਿੱਠਾ ਤੇ ਹਲੀਮੀ ਵਾਲਾ ਪੁਰਸ਼ ਸੀ । ਉਸਨੂੰ ਮੇਰਾ ਪਤਾ ਲੱਗ ਗਿਆ ਸੀ ਕਿ ਸ਼ਾਇਰ ਹੈ । ਕਹਿਣ ਲੱਗਾ—ਰਾਹੀ ਜੀ ਸ਼ਾਮ ਨੂੰ ਮੇਰੇ ਘਰ ਆਇਉ ਤੁਹਾਡੇ ਨਾਲ ਗੱਲਾਂ ਬਾਤਾਂ ਕਰਨੀਆਂ ਹਨ । ਰੋਟੀ ਵੀ ਏਥੋਂ ਖਾਇਉ ।...ਮੈਂ ਹਾਂ ਕਿਹਾ ।

ਰਾਤ ਨੂੰ ਉਸ ਦੇ ਘਰ ਗਿਆ । ਪਤਨੀ ਸੀ ਦੋ ਬੱਚੇ ਸਨ । ਸਾਰੇ ਸਾਦਾ ਤੇ ਸਾਫ਼ । ਜੋ ਕੋਈ ਘਰ ਵਿਚ ਕਰਦਾ ਸੁਥਰਾ ਕਰਦਾ । ਬੜਾ ਪਿਆਰ ਤੇ ਸ਼ਾਂਤ ਮਾਹੌਲ । ਮੀਟ ਨਾਲ ਰੋਟੀ । ਅਨਾਰ ਤੇ ਖਰਮਾਨੀਆਂ ਰੋਟੀ ਤੋਂ ਬਾਅਦ । ਵਿਹਲੇ ਹੋ ਕੇ ਦੋਵੇਂ ਕੁਰਸੀਆਂ ਉਤੇ ਬੈਠ ਗਏ । ਮੈਨੂੰ ਪੁੱਛਿਆ—ਤੁਸਾਂ ਕਦੇ ਪ੍ਰੀਤਲੜੀ ਪੜ੍ਹੀ ਹੈ ?—ਨਹੀਂ ਪੜ੍ਹੀ, ਪ੍ਰੀਤਮ ਪੜ੍ਹਿਆ ਹੈ । ਉਸ ਵਿਚ ਮੇਰੀ ਇਸ ਵਾਰੀ ਗੁਰੂ ਉੱਤੇ ਨਜ਼ਮ ਵੀ ਛਪੀ ਸੀ । ਉਹਨਾਂ ਮੁੜ ਸਵਾਲ ਕੀਤਾ—ਪੜ੍ਹਨ ਦਾ ਸ਼ੌਕ ਰਖਦੇ ਹੋ ?...ਬਹੁਤ ਹੀ ਰੋਟੀ ਨਾ ਮਿਲੇ ਕਿਤਾਬ ਮਿਲ ਜਾਏ ਠੀਕ ਹੈ । ਉਹਨਾਂ ਫਿਰ ਪੁੱਛਿਆ—ਕਿਸ ਕਿਸਮ ਦੀਆਂ ਪੁਸਤਕਾਂ ਪੜ੍ਹਦੇ ਹੋ ?

—ਜਿਹੋ ਜਿਹੀਆਂ ਵੀ ਮਿਲ ਜਾਣ ਪੜ੍ਹ ਲੈਂਦਾ, ਇਹ ਮੇਰੀ ਵਾਦੀ ਹੈ ।... ਉਹ ਖ਼ੁਸ਼ ਹੋਏ । ਲਾਗੋਂ ਕੱਢ ਕੇ ਪ੍ਰੀਤਲੜੀ ਦਾ ਪਰਚਾ ਦਿੱਤਾ । ਮੈਂ ਖੁਸ਼ੀ ਨਾਲ ਫੜ੍ਹਦੇ ਨੇ ਕਿਹਾਂ—ਇਕ-ਇਕ ਹਰਫ ਪੜ੍ਹਾਂਗਾ । ਪ੍ਰੀਤਲੜੀ ਦੇ ਬਾਹਰਲੇ ਪੇਜ਼ ਉਤੇ ਇਕ ਸੁਹਾਵਣਾ ਰੁੱਖ ਸੀ । ਉਸ ਦੇ ਹੇਠਾਂ ਇਕ ਗਭਰੂ ਅੱਧਾ ਕਪੜਾ ਪਾਈ ਵਲੈਤੀ ਤਾਰਾਂ ਦਾ ਸਾਜ਼ ਵਜਾ ਰਿਹਾ ਸੀ । ਚਾਰ ਚੁਫੇਰੇ ਸ਼ੇਰ ਚੀਤੇ ਆਰਾਮ ਨਾਲ ਬੈਠੇ ਹੋਏ ਸੁਣ ਰਹੇ ਸਨ । ਹੇਠਾਂ ਇਕ ਸ਼ੇਅਰ ਸੀ :


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਇਹ ਦਿਲ ਸਾਂਝ ਦੀ ਧੜਕ, ਇਕ ਗੀਤ ਪ੍ਰੀਤ ਦੀ ਲੋ।
ਪੱਤੇ ਪ੍ਰੀਤਲੜੀ ਦੇ ਦੱਸਣ ਇਸ ਵਿਚ ਪਰੋਤੀ ਸੱਭੋ ਸ਼ੈ।"

ਮੈਂ ਪ੍ਰੀਤਲੜੀ ਪੜ੍ਹਿਆ। ਮੇਰੀ ਅੱਖੀਆਂ ਆਪਣੇ ਅੰਦਰ ਝਾਕਦੀਆਂ ਲੱਗੀਆਂ। ਹੋਸ਼ ਵਿਚ ਕੁਝ ਖਲਬਲੀ ਮੱਚੀ।

ਸਾਡਾ ਤਿੰਨਾਂ ਦਾ ਜੁੱਟ ਬਣ ਗਿਆ। ਪੋਸਟ ਮਾਸਟਰ ਇਕ ਜਣਾ ਹੋਰ ਤੇ ਮੈਂ। ਕਿਸੇ-ਕਿਸੇ ਦਿਨ ਸੈਰ ਵੀ ਇਕੱਠਿਆਂ ਜਾਣਾ। ਲੋਗਲਾਈ ਵੱਡੀ ਮਸਜਦ ਸੀ। ਪੰਜਾਬੀ ਸੋਲਵੀਂ ਆਉਣੇ ਮੈਂ ਸੁਨਣ ਜਾਣਾ। ਆਰੀਆ ਸਮਾਜ ਮੰਦਰ ਸੀ ਪੰਜਾਬੀ ਉਪਦੇਸ਼ਕ ਆਉਣ ਮੈਂ ਸੁਨਣ ਜਾਣਾ। ਗੁਰਦੁਆਰੇ ਤਾਂ ਜਾਣਾ ਹੁੰਦਾ ਸੀ। ਇਕ ਦਿਨ ਸੈਰ ਕਰਦਿਆਂ ਮੈਂ ਪੋਸਟ ਮਾਸਟਰ ਸਾਹਿਬ ਕੋਲੋਂ ਪੁੱਛਿਆ—ਸਰਦਾਰ ਜੀ ਰੱਬ ਹੈ ਕਿ ਨਹੀਂ ?...ਉਹਨਾਂ ਉੱਤਰ ਦਿੱਤਾ—ਉਹ ਮੇਰੇ ਸਾਹਮਣੇ ਪਹਾੜ ਹੈ ਉਸ ਦੇ ਦੂਸਰੇ ਪਾਸੇ ਸਾਨੂੰ ਪਤਾ ਨਹੀਂ ਕੀ ਹੈ। ਅਸਮਾਨ ਉਤੇ ਰੱਬ ਹੈ ਕਿ ਨਹੀਂ ਸਾਨੂੰ ਕੀ ਪਤਾ ਹੋ ਸਕਦਾ ਹੈ।...ਮੈਂ ਹੋਰ ਕੋਈ ਗੱਲ ਅੱਗੇ ਨਾ ਕੀਤੀ। ਪ੍ਰੀਤਲੜੀ ਦੇ ਪਰਚੇ ਪੁਰਾਣੇ ਵੀ ਪੜ੍ਹ ਆਇਆ ਨਵਾਂ ਵੀ ਪੜ੍ਹਨਾ। ਮਹਿਸੂਸ ਹੋਇਆ ਮੇਰੇ ਕਈ ਭਰਮ ਭੁਲੇਖੇ ਤੇ ਬੰਧਨ ਟੁੱਟ ਰਹੇ ਹਨ।

ਇਕ ਸਵੇਰ ਸਾਰੇ ਲੋਗਲਾਈ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਕੋਇਟੇ ਵਿਚ ਭੂਚਾਲ ਆ ਗਿਆ ਹੈ। ਸਾਰੇ ਕੰਮ ਬੰਦ ਥਾਂ ਥਾਂ ਗੱਲਾਂ ਖ਼ਬਰਾਂ!! ਉਹ ਭੂਚਾਲ ਬੜਾ ਤਬਾਹ ਕੁਨ ਸੀ। ਮੰਦਰਾਂ ਮਸੀਤਾਂ ਗੁਰਦੁਆਰਿਆਂ ਵਿਚ ਇਕੱਠ, ਪ੍ਰਾਰਥਨਾਵਾਂ, ਦੁਆਵਾਂ, ਬੇਨਤੀਆਂ!! ਜੋ ਹੋਣਾ ਸੀ ਹੋ ਗਿਆ! ਕੰਮ ਪਹਿਲਾਂ ਵਾਂਗ ਚਲ ਪਿਆ। ਗੱਲਾਂ ਤਬਾਹੀਆਂ ਦੀਆਂ ਚੱਲਦੀਆਂ ਰਹੀਆਂ।

ਮੇਰਾ ਫੋਰਟ ਸੰਡੇਮਨ ਜਾਣ ਨੂੰ ਜੀਅ ਕੀਤਾ। ਇਕ ਸਰਦਾਰ ਜਿਸ ਦੀ ਅਸਾਂ ਤਿੰਨਾਂ ਚਹੁੰ ਜਣਿਆਂ ਫਿਰੀ ਬਨਾਈ ਸੀ। ਰਾਤ ਬਰਾਤੇ ਸਮੇਂ ਲੱਗੇ ਤੇ ਵੀ ਦਿਨ ਨੂੰ ਵੀ। ਉਸ ਦੇ ਟਰੱਕ ਉਤੇ ਚੜ੍ਹਕੇ ਮੈਂ ਸਿੰਧੀਆਂ ਨੂੰ ਦਸੇ ਤੋਂ ਬਿਨ੍ਹਾਂ ਚਲਿਆ ਗਿਆ। ਉਥੇ ਸਾਰਿਆਂ ਨੂੰ ਮਿਲਿਆ। ਗੱਪਾਂ ਛੱਪਾਂ ਮਾਰੀਆਂ ਕੰਵਲ ਨੂੰ ਪ੍ਰੀਤਲੜੀ ਬਾਰੇ ਦਸਿਆ। ਵਾਂਪਸ ਮੁੜਕੇ ਲੋਗਲਾਈ ਨੂੰ ਤੀਜੇ ਦਿਨ ਉਸ ਟਰੱਕ ਉਤੇ ਮੁੜ ਪਿਆ। ਰਾਹ ਵਿਚ ਟਰੱਕ ਪਹਾੜੀ ਨਦੀ ਵਿਚ ਫਸ ਗਿਆ। ਨਾ ਨਿਕਲਿਆ। ਬੱਦਲ ਹੋਏ, ਬਰਸਾਤ ਪੈਣ ਲੱਗ ਪਈ। ਉਤਲੇ ਪਾਸਿਉਂ ਇਕ ਵਡੀ ਸਾਰੀ ਪਾਣੀ ਦੀ ਕੰਧ ਸ਼ੂਕਰਾਂ ਮਾਰਦੀ ਆ ਗਈ। ਸਾਰੇ ਟਰਕ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri
ਛੱਡ ਕੇ ਕੰਢੇ ਉਤੇ ਆ ਗਏ। ਟਰੱਕ ਵਾਲਾ ਸਰਦਾਰ ਉੱਚੀ-ਉੱਚੀ ਡਾਡਾ ਮਾਰ ਕੇ ਰੋ ਰਿਹਾ ਸੀ। ਟਰੱਕ ਦੇ ਉਤੋਂ ਦੀ ਪਾਣੀ ਲੰਘ ਗਿਆ। ਉਥੇ ਇਕ ਪਠਾਣਾਂ ਦਾ ਡੇਰਾ ਸੀ। ਭੇਡਾਂ ਵਾਲਿਆਂ ਦਾ ਉਹਨਾਂ ਸਾਨੂੰ ਰੋਟੀ ਖਵਾਈ। ਰਾਤ ਕੱਟੀ। ਤੜਕੇ ਪੈਦਲ ਤੁਰ ਪਏ ਮੇਰਾ ਕਪੜੇ ਦਾ ਥੈਲਾ ਰੁੜ ਗਿਆ, ਇਕ ਕਵਿਤਾ ਦੀ ਕਾਪੀ। ਮੇਨ ਸੜਕ ਤੇ ਪਹੁੰਚੇ। ਇਕ ਟਰੱਕ ਮਿਲਿਆ। ਬਾਰਾਂ ਆਨੇ ਸਵਾਰੀ ਦੇ ਕੇ ਲੋਗਲਾਈ ਆ ਗਏ। ਸਿੰਧੀਆਂ ਠੇਕੇਦਾਰਾਂ ਮੇਰਾ ਹਿਸਾਬ ਕਰਕੇ ਕੰਮੋਂ ਹਟਾ ਦਿਤਾ। ਮੈਂ ਹਫ਼ਤਾ ਕੁ ਇਧਰ-ਉਧਰ ਫਿਰਦਾ ਰਿਹਾ। ਸਤਵੰਤ ਕੌਰ ਮੈਨੂੰ ਬੇ-ਹੱਦ ਯਾਦ ਆਉਣ ਲੱਗ ਪਈ। ਅਨਪੜ੍ਹ ਸੀ ਚਿਠੀ ਕਿਸ ਨੂੰ ਪਾਉਂਦਾ। ਉਸ ਦੀ ਹਿੰਦੀ ਵਿਚ ਲਿਖਵਾਈ ਹੋਈ ਚਿੱਠੀ ਮਿਲੀ। ਮੰਦਰ ਦੇ ਪੰਡਿਤ ਕੋਲੋਂ ਪੜ੍ਹਾਈ। ਬੜੇ ਮੋਹ ਨਾਲ ਭੂਚਾਲ ਦਾ ਜ਼ਿਕਰ ਕੀਤਾ ਹੋਇਆ ਸੀ। ਮੈਨੂੰ ਸੱਦਿਆ ਗਿਆ ਸੀ। ਇਹ ਉਸ ਦੀ ਪਹਿਲੀ ਚਿੱਠੀ ਸੀ। ਮੇਰਾ ਸਾਲਾ ਵੀ ਮੇਰੇ ਨਾਲ ਨਾਰਾਜ਼ ਸੀ। ਸਾਲੇਹਾਰ ਹਿੰਦੀ ਜਾਣਦੀ ਸੀ।

ਫਿਰ ਜੀਅ ਕਿਥੇ ਲੱਗੇ। ਚੁਪ ਕੀਤਾ ਕਿਸੇ ਨੂੰ ਮਿਲੇ ਤੋਂ ਬਗ਼ੈਰ ਤੰਦੂਰ ਵਾਲੇ ਦੇ ਚਾਰ ਪੰਜ ਰੁਪਏ ਮਾਰ ਕੇ ਮੁਲਤਾਨ ਵਾਲੇ ਟਰੱਕ ਉਤੇ ਬਹਿ ਕੇ ਮੁਲਤਾਨੋਂ ਲਾਹੌਰ ਤੇ ਉਥੋਂ ਡੇਰੇ ਬਾਬੇ ਨਾਨਕ। ਭਾਬੀ ਹੈਰਾਨ ਤੇ ਨਾਰਾਜ਼।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲਾਹੌਰੋਂ ਬਨਬਸਾ ਹੈੱਡ

ਮੇਰੇ ਭਰਾ ਰਾਏ ਸਿੰਘ ਨੂੰ ਭਾਬੀ ਆਪਣਿਆਂ ਪੇਕਿਆਂ ਵਲ ਕਦੀ ਕਿਤੇ, ਕਦੀ ਕਿਤੇ ਘਲਦੀ ਰਹਿੰਦੀ। ਉਹ ਕਿਤੇ ਨਹੀਂ ਸੀ ਟਿਕਦਾ। ਮੈਂ ਮੁੜ ਕੇ ਲਾਹੌਰ ਆ ਗਿਆ। ਕੰਮ ਕਰਨ ਲਗ ਪਿਆ। ਪ੍ਰਦੇਸੀ ਹੋਰਾਂ ਨੇ ਮੈਨੂੰ ਰਾਮਗੜ੍ਹ ਵਿਚ ਇਕ ਸੁਹਣੀ ਮਾਲਦਾਰ ਖਤਰਾਣੀ ਬਾਰੇ ਦਸਿਆ ਕਿ ਉਸ ਨੇ ਇਕ ਸਿੱਖ ਤਰਖਾਣ ਅਫ਼ਰੀਕਾ ਵਿਚੋਂ ਆਏ ਨਾਲ ਮਰਜ਼ੀ ਕਰਕੇ ਚਾਦਰ ਪਾ ਲਈ ਸੀ। ਉਹਨਾਂ ਰੀਝਾਂ ਨਾਲ ਸੁਹਣਾ ਮਕਾਨ ਬਣਾਉਣਾ ਸ਼ੁਰੂ ਕੀਤਾ ਹੋਇਆ ਸੀ। ਉਥੇ ਕੰਮ ਉਤੇ ਲਾ ਦਿਤਾ। ਸਵੇਰੇ ਭੂਆ ਵਲੋਂ ਤੁਰ ਕੇ ਜਾਂਦਾ। ਕੰਮ ਕਰਦਾ, ਸ਼ਾਮ ਨੂੰ ਮੁੜਦਾ। ਕਈ ਵਾਰੀ ਪ੍ਰਦੇਸੀ ਹੋਰਾਂ ਕੋਲ ਰਹਿ ਪੈਂਦਾ। ਉਹਨਾਂ ਨਾਲ ਕਵੀ ਦਰਬਾਰਾਂ ਉਤੇ ਚਲਿਆ ਜਾਂਦਾ। ਮਕਾਨ ਬਣਵਾਉਣ ਵਾਲੀ ਜੋੜੀ ਸੁਹਣੀ ਸੀ। ਖਤਰਾਣੀ ਬੜੀ ਅਕਲਮੰਦ, ਬੇ-ਹੱਦ ਮਾਲਦਾਰ, ਦੋਵੇਂ ਖ਼ੁਸ਼। ਉਹਨਾਂ ਵਲ ਵੇਖ ਕੇ ਮੈਂ ਰੀਝਿਆ ਜਾਂਦਾ।

ਪ੍ਰਦੇਸੀ ਜੀ ਨੇ ਰਾਮਗੜ੍ਹ ਇਕ ਕਵੀ ਦਰਬਾਰ ਕਰਵਾਇਆ ਗੁਰਦੁਆਰਿਉਂ ਬਾਹਰ। ਕਾਫੀ ਸ਼ਾਇਰ ਆਏ। ਉਥੇ ਪ੍ਰੀਤਮ ਸਿੰਘ ਸਫ਼ੀਰ ਕਿਸੇ ਕਾਲਜ ਵਿਚੋਂ ਆਇਆ। ਖ਼ੂਬਸੂਰਤ, ਗਭਰੂ, ਚੁਸਤ ਅਤੇ ਆਪਾ-ਵਿਸ਼ਵਾਸ ਨਾਲ ਭਰਿਆ ਹੋਇਆ। ਬੜੇ ਨਿਸ਼ੰਗ ਹੋ ਕੇ ਕਵਿਤਾ ਪੜ੍ਹੀ, "ਮੇਰਾ ਵੀ ਹੁੰਦਾ ਕਦੇ ਜੇ ਕੋਈ ਮਿੱਤਰ" ਉਸ ਦੀ ਅਲਫ਼ਾਜ਼ੀ ਅਦਾ ਤੇ ਕਹਿਣੀ ਖ਼ੂਬ ਸੀ। ਮੈਂ ਵੀ ਕਵਿਤਾ ਸੁਣਾਈ। ਰਾਤ ਨੂੰ ਇਕ ਕਵੀ ਦਰਬਾਰ ਹੋਇਆ ਸੀ। ਰੋਟੀ ਖਾ ਕੇ ਸੁੱਤੇ ਤਾਂ ਗੱਲਾਂ-ਗੱਲਾਂ ਵਿਚ ਮੈਨੂੰ ਸਫ਼ੀਰ ਨੇ ਆਖਿਆ – ਰਾਹੀ ਤੂੰ ਮੈਨੂੰ ਮਿਲੀਂ ਪੁਰਾਣੀ ਅਨਾਰਕਲੀ ਤੈਨੂੰ ਕੁਝ ਗੱਲਾਂ ਦਸਾਂਗਾ।...ਯਾਦ ਹੈ ਉਸ ਨੂੰ ਉਥੇ ਮਿਲਣ ਗਿਆ। ਉਤਲਾ ਚੁਬਾਰਾ ਸੀ, ਥਲਿਉਂ ਆਵਾਜ਼ਾਂ ਮਾਰੀਆਂ, ਕੋਈ ਨਾ ਬੋਲਿਆ। ਮੁੜ ਕੇ ਮੈਂ ਨਹੀਂ ਗਿਆ।

ਪ੍ਰਦੇਸੀ ਹੋਰਾਂ ਦੇ ਘਰ ਬੱਚਾ ਹੋਣ ਵਾਲਾ ਸੀ। ਉਹਨਾਂ ਮੈਨੂੰ ਕਿਹਾ— ਰਾਹੀ ਤੂੰ ਜਾ ਕੇ ਵਹੁਟੀ ਨੂੰ ਲੈ ਆ ਸਾਡੇ ਘਰ ਦੋਵੇਂ ਰਹਿਉ।...ਮੈਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਠਾਨਕੋਟ ਗਿਆ। ਤਾਈ ਨੇ ਚੁੜ-ਚੁੜ ਬੁੜ-ਬੁੜ ਕਰਦੀ ਨੇ ਸਤਵੰਤ ਨੂੰ ਤੋਰ ਦਿਤਾ। ਅਸਲੀ ਅੰਦਰੋਂ ਗੱਲ ਇਹ ਸੀ ਕਿ ਉਹ ਮੈਨੂੰ ਕੋਲ ਰੱਖਣਾ ਚਾਹੁੰਦੀ ਸੀ। ਮੈਂ ਕਿਸੇ ਹਾਲਤ ਵਿਚ ਨਹੀਂ ਸਾਂ ਰਹਿ ਸਕਦਾ।

ਅਸੀਂ ਪ੍ਰਦੇਸੀ ਜੀ ਵਲ ਰਹਿਣ ਲਗ ਪਏ। ਇਥੋਂ ਮੈਂ ਕੰਮ ਉਤੇ ਦੂਰ ਨੇੜੇ ਚਲਿਆ ਜਾਂਦਾ। ਇਥੋਂ ਛਾਉਣੀ ਦੀ ਬਸਤੀ ਸਦਰ ਨੇੜੇ ਸੀ। ਉਥੇ ਮੇਰੇ ਸਹੁਰੇ ਦੀ ਚਾਚੇ ਦੀ ਧੀ ਭੈਣ ਤੇ ਜੀਜਾ ਰਹਿੰਦਾ ਸੀ। ਉਹ ਸਤਵੰਤ ਦੇ ਭੂਆ ਫੁੱਫੜ ਸਨ। ਸਾਡੇ ਨਾਲ ਬੜਾ ਮੋਹ ਕਰਦੇ। ਮੇਰੀ ਫੁੱਫੜ ਕਰਮ ਸਿੰਘ ਨਾਲ ਯਾਰੀ ਪੈ ਗਈ। ਉਹ ਥੋੜ੍ਹੇ ਮੈਥੋਂ ਵੱਡੇ ਸਨ। ਭੂਆ ਤਾਰੋ ਬਹੁਤ ਚੰਗੀ। ਦੋ ਬੱਚੇ ਸਨ ਉਹਨਾਂ ਦੇ। ਫੁੱਫੜ ਵੀ ਕੰਮ ਫਿਰ ਤੁਰ ਕੇ ਕਰਦਾ। ਹਰਮੋਨੀਅਮ ਵਾਜੇ ਤੇ ਚੰਗਾ ਗਾਉਂ ਲੈਂਦਾ। ਗੁਰਦੁਆਰੇ ਦੀਵਾਨ ਲਾ ਲੈਂਦਾ। ਉਸ ਦਾ ਇਕ ਸੁਨਿਆਰਾ ਖ਼ਾਸ ਮਿੱਤਰ ਸੀ। ਚੰਗੇ ਸੁਭਾਅ ਵਾਲਾ।

ਪ੍ਰਦੇਸੀ ਜੀ ਦੇ ਘਰ ਦੇ ਇਕ ਕਮਰੇ ਵਿਚ ਪਹਾੜੀਆ ਗਭਰੂ ਰਹਿੰਦਾ ਸੀ। ਸਾਰੇ ਚੁਬਾਰੇ ਦੇ ਕੋਠੇ 'ਤੇ ਸੌਂਦੇ। ਉਸ ਗਭਰੂ ਨੇ ਬਾਤ ਸ਼ੁਰੂ ਕਰਨੀ ਹਫ਼ਤਾ-ਹਫ਼ਤਾ ਮੁਕਣੀ ਨਾ। ਉਸ ਕੋਲੋਂ ਵੀ ਬਾਤਾਂ ਨਾ ਮੁਕਣੀਆਂ। ਸਤਵੰਤ ਅਜੇ ਬਿਲਕੁਲ ਕੁੜੀ ਜਿਹੀ ਸੀ। ਥੋੜ੍ਹੀ-ਥੋੜੀ ਚੰਚਲ, ਪਿਆਰੀ-ਪਿਆਰੀ, ਕਈ ਵਾਰੀ ਨਿੱਕੀ-ਨਿੱਕੀ ਜ਼ਿੱਦ ਕਰਦੀ। ਨਿਆਣਿਆਂ ਵਾਂਗ ਮੈਨੂੰ ਚੰਬੜ ਜਾਂਦੀ। ਮੈਂ ਇਸ ਦੇ ਬਿਨਾਂ ਰਹਿ ਨਹੀਂ ਸਾਂ ਸਕਦਾ। ਜਿੱਥੇ ਕਹਿੰਦੀ ਮੈਂ ਲੈ ਜਾਂਦਾ। ਇਕ ਦਿਨ ਮੀਂਹ ਵਰ੍ਹਦੇ ਵਿਚ ਕੋਠੇ 'ਤੇ ਸੁੱਤੀ ਰਹੀ। ਰਜਾਈ ਭਿੱਜ ਕੇ ਪਾਣੀ ਅੰਦਰ ਜਾਣ ਲਗਾ ਫਿਰ ਉਠੀ। ਮੈਂ ਮਖ਼ੌਲ ਕਰਦਾ ਰਿਹਾ। ਛਲੰਗੜੀ ਜਿਹੀ ਉਮਰੋਂ ਵੀ ਮੇਰੇ ਨਾਲੋਂ ਸੱਤ-ਅੱਠ ਸਾਲ ਛੋਟੀ।

ਇਕ ਰਾਤ ਬੀਬੀ ਜੀ ਬੜਾ ਤੜਫੇ। ਪ੍ਰਦੇਸੀ ਹੋਰਾਂ ਦੇ ਨਾਲ ਜਾ ਕੇ ਨਰਸ ਆਂਦੀ। ਫਿਰ ਡਾਕਟਰ ਆਂਦੀ। ਬੀਬੀ ਜੀ ਕੁਰਲਾ ਰਹੇ ਸਨ। ਸਾਰੀ ਰਾਤ ਤੜਫਦੇ ਰਹੇ। ਦਿਨੇ ਦਸ ਵਜੇ ਬੱਚੇ ਨੂੰ ਮੁਰਦਾ ਕਰਕੇ ਜਨਮ ਦਿਵਾਇਆ। ਲੇਡੀ ਡਾਕਟਰ ਤੇ ਨਰਸ ਨੇ। ਸੋਚਦਾਂ ਮਾਂ ਕਿਤਨੀ ਮਹਾਨ ਹੈ। ਧਰਤੀ ਅਤੇ ਮਾਂ ਨੂੰ ਹੀ ਕੁਦਰਤ ਨੇ ਉਤਪਤੀ ਦਾ ਹੱਕ ਦਿਤਾ ਹੈ ਹੋਰ ਕਿਸੇ ਤੀਜੇ ਨੂੰ ਨਹੀਂ।

ਬਾਊ ਜੀ ਤੇ ਭੂਆ ਜੀ ਨੇ ਹਜ਼ੂਰ ਸਾਹਿਬ ਜਾਣਾ ਸੀ। ਅਸੀਂ ਉਸ ਨਿੱਕੀ ਕੋਠੀ ਵਿਚ ਰਹੇ। ਪੰਦਰਾਂ ਦਿਨਾ ਦੀ ਛੁੱਟੀ ਸੀ। ਘਰ ਕਿਸੇ ਰਾਸ਼ਣ ਦੀ ਘਾਟ ਨਹੀਂ ਸੀ। ਸੂਰਤ ਕੰਮ ਕਰਕੇ ਚਲਿਆ ਜਾਂਦਾ। ਮੈਂ ਤੇ ਸਤਵੰਤ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੜੇ ਖੁਲ੍ਹ ਕੇ ਉਥੇ ਵਿਚਰੇ। ਦੋ ਵਾਰੀ ਅਨਾਰਕਲੀ ਸੈਰ ਕਰਨ ਗਏ। ਉਹ ਮੇਰੇ ਨਾਲ ਨਿਆਣੀਆਂ ਕੁੜੀਆਂ ਵਾਂਗ ਸੈਰ ਕਰਦੀ ਨਿੱਕੀਆਂ-ਨਿੱਕੀਆਂ ਚੀਜ਼ਾਂ ਲੈਂਦੀ। ਅਲਗੋਜ਼ੇ ਉਸ ਦੀ ਖ਼ਾਸ ਖੁਰਾਕ ਸੀ। ਜਦ ਮੈਨੂੰ ਪਿਆਰ ਆਉਂਦਾ ਉਸ ਨੂੰ ਘਰ ਦੋਹਾਂ ਹੱਥਾਂ ਉਤੇ ਚੁੱਕ ਲੈਂਦਾ ਸੀ। ਹੌਲੀ ਫੁਲ, ਸੁਹਣੀ ਜਿਹੀ ਲਾਡਲੀ ਕੁੜੀ ਛੋਟਕੀ ਜਿਹੀ। ਜਿਹੜੀ ਮੇਰੀ ਉਮਰ ਨਾਲ ਲੋਹੇ ਦੀ ਪੁਤਲੀ ਬਣ ਕੇ ਆ ਰਹੀ ਹੈ।

ਇਕ ਦਿਨ ਮੇਰੇ ਸਣੇ ਚਾਰ ਤਰਖਾਣ ਕਹਿਣ ਲੱਗੇ, ਛੁੱਟੀ ਕਰਕੇ ਅਨਾਰਕਲੀਓਂ ਬੀਅਰ ਪੀਣੀ ਹੈ। ਕੰਮ ਮੇਰਾ ਉਸ ਵਕਤ ਕ੍ਰਿਸ਼ਨ ਨਗਰ ਬਣ ਰਿਹਾ ਸੀ। ਉਥੇ ਸੀ।

ਅਨਾਰਕਲੀ ਦੇ ਵਿਚਕਾਰ ਇਕ ਬੀਅਰ ਦੀ ਖੁੱਲ੍ਹੀ ਦੁਕਾਨ ਸੀ। ਲੱਕੜੀ ਦੇ ਦੋ ਡਰੰਮ ਭਰੇ ਹੋਏ। ਟੂਟੀਆਂ ਲੱਗੀਆਂ ਹੋਈਆਂ, ਅੱਠ-ਅੱਠ ਆਨੇ ਗਲਾਸ। ਦੋ-ਦੋ ਗਲਾਸ ਸਾਰਿਆਂ ਪੀਤੇ। ਮੈਨੂੰ ਕੁਝ ਆਮਦਨੀ ਕਵੀ ਦਰਬਾਰਾਂ ਤੋਂ ਵੀ ਹੋ ਜਾਂਦੀ ਸੀ।

ਬੀਅਰ ਵੇਚਣ ਵਾਲਾ ਬੰਦਾ ਗੱਦੀਉਂ ਉੱਠ ਕੇ ਮੇਰੇ ਕੋਲ ਆ ਖਲੋਤਾ। ਫੜਕੇ ਗੱਦੀ ਉਤੇ ਆਪਣੇ ਨਾਲ ਬਿਠਾ ਲਿਆ। ਪੁੱਛਿਆ—ਤੇਰਾ ਨਾਂ ਕੀ ਏ ? ...ਜਸਵੰਤ ਸਿੰਘ ਰਾਹੀ, ਮੈਂ ਉੱਤਰ ਦਿੱਤਾ। ਉਸ ਨੇ ਮੇਰੇ ਵੱਲ ਚੰਗੀ ਤਰ੍ਹਾਂ ਵੇਖਿਆਂ—ਤੂੰ ਠਾਕਰ ਸਿੰਘ ਦਾ ਪੁੱਤਰ ਹੈਂ ?...ਮੈਂ ਉਸ ਵੱਲ ਵੇਖ ਕੇ ਆਖਿਆ ਹਾਂ।.. ਡੇਰੇ ਬਾਬੇ ਨਾਨਕੋਂ ਆਇਆ ਹੈਂ ?...ਮੈਂ ਹੈਰਾਨ ਹੋ ਕੇ ਉੱਤਰ ਦਿੱਤਾ—ਹਾਂ। ਉਸ ਨੇ ਮੈਨੂੰ ਆਪਣੇ ਨਾਲ ਘੁੱਟ ਲਿਆ। ਬੜੇ ਮੋਹ ਨਾਲ ਵੇਖਿਆ, ਉਸ ਵਿਚ ਬੜੀ ਅਪੱਣਤ ਸੀ ਉਸ ਵੇਲੇ। —ਤੂੰ ਨਾਨਕ ਚੰਦ ਜੀ ਨੂੰ ਜਾਣਦਾ ਹੈਂ ? ਉਸ ਮੋਹ ਭਰੇ ਲਹਿਜੇ ਨਾਲ ਪੁੱਛਿਆ—ਮੈਂ ਹੈਰਾਨ ਹੋਏ ਨੇ ਆਖਿਆ—ਮੇਰੀ ਮਾਤਾ ਉਹਨਾਂ ਬਾਰੇ ਦੱਸਦੀ ਹੁੰਦੀ ਹੈ। ਉਹ ਮੇਰੇ ਤਾਇਆ ਜੀ ਹਨ ਮੇਰੇ ਪਿਤਾ ਜੀ ਉਹਨਾਂ ਨਾਲ ਮਿਲ ਕੇ ਕੰਮ ਕਰਦੇ ਸਨ।

—ਮੈਂ ਉਹਨਾਂ ਦਾ ਇਕ ਨਿੱਕਾ ਭਰਾ ਹਾਂ। ਜਦ ਦਾ ਤੂੰ ਦੁਕਾਨ ਵਿਚ ਆਇਆ ਹੈਂ ਉਸ ਵੇਲੇ ਤੋਂ ਮੈਂ ਤੈਨੂੰ ਦੇਖ ਰਿਹਾ ਸਾਂ। ਤੇਰੀ ਡੀਲ ਡੌਲ ਫਿਰਨਾ ਤੁਰਨਾਂ ਹਰਕਤਾਂ ਆਵਾਜ਼ ਭਰਾ ਠਾਕਰ ਸਿੰਘ ਵਰਗੀਆਂ ਨੇ। ਮੈਂ ਪੱਕੀ ਧਾਰ ਲਈ ਤੂੰ ਉਹੋ ਜਸਵੰਤ ਹੈਂ ਜਿਹੜਾ ਬੜਾ ਪਿਆਰਾ ਡਰਾਕਲ ਬੱਚਾ ਹੁੰਦਾ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਸੀ । ਉਸ ਨੇ ਮੈਨੂੰ ਪੂਰਾ ਪਤਾ ਲਿਖਵਾਇਆ । ਗੁੱਜਰ ਸਿੰਘ ਦੀ ਨਵੀਂ ਵੱਸੋਂ ਵਿਚ ਉਹਨਾਂ ਦਾ ਤਿੰਨ ਮੰਜ਼ਲਾ ਮਕਾਨ ਸੀ ।

ਦੂਜੇ ਦਿਨ ਮੈਂ ਉਥੇ ਗਿਆ । ਤਾਇਆ ਜੀ ਮਿਲੇ, ਤਾਈ ਜੀ ਮਿਲੇ, ਤਾਈ ਜੀ ਸਧਾਰਨ ਸਨ । ਲਾਗੇ ਸਮਾਜ ਮੰਦਰ ਬਣਦਾ ਸੀ । ਨਾਨਕ ਸਿੰਘ ਜੀ ਇੰਚਾਰਜ ਸਨ । ਉਹਦਾ ਲਕੜੀ ਦਾ ਕੰਮ ਮੈਨੂੰ ਉਹਨਾਂ ਠੇਕੇ ਉਤੇ ਦੇ ਦਿਤਾ । ਸਾਰਾ ਕੰਮ ਮੇਰੇ ਉਤੇ ਸੁੱਟ ਦਿੱਤਾ । ਆਪ ਹੀ ਛਤੀਰੀਆਂ ਲਿਆਵਾਂ ਚਰਾਈ ਕਰਾਵਾਂ ਤੇ ਕੰਮ ਤਿਆਰ ਕਰਾਂ । ਇਕ ਕਾਰੀਗਰ ਹੋਰ ਨਾਲ ਲਾ ਲਿਆ । ਪਰ ਅਖ਼ੀਰ ਉਤੋਂ ਕੰਨ ਘੜਿਚ ਹੀ ਰਿਹਾ । ਉਸ ਸਮੇਂ ਅਨੁਸਾਰ ਮੈਂ ਖੁੱਲ੍ਹਾ ਖ਼ਰਚ ਕਰਨ ਵਾਲਾ ਬੰਦਾ ਸਾਂ । ਇਹਨਾਂ ਦਿਨਾਂ ਵਿਚ ਮੇਰੇ ਲਈ ਖ਼ਾਸ ਪਰਚਾ ਫੁਲਵਾੜੀ ਸੀ । ਸਿੱਖ ਰਾਜ ਦੇ ਨੰਬਰ ਨਿਕਲ ਰਹੇ ਸਨ । ਕਾਂਗਰਸ ਵੱਲ ਮੇਰਾ ਕਾਫ਼ੀ ਰੌਜਾਨ ਹੋ ਗਿਆ ਸੀ । ਗੁਲਾਮੀ ਦੇ ਖਿਲਾਫ਼, ਬਦੀਆਂ ਦੇ ਖਿਲਾਫ਼, ਫੈਸ਼ਨਾਂ ਦੇ ਖਿਲਾਫ਼ ਬੋਲਣ ਲਈ ਤਿੰਨ ਸਟੇਜ ਸਨ । ਕਾਂਗਰਸ ਦਾ ਆਰੀਆ ਸਮਾਜ ਦਾ ਅਕਾਲੀਆਂ ਦਾ । ਆਮ ਜ਼ਾਤੀ ਗੁਰਦੁ-ਆਰਿਆਂ ਵਿਚ ਅੰਗਰੇਜ਼ ਦੇ ਹੱਕ ਵਿਚ ਕਈ ਲਫਜ਼ ਕਹੇ ਜਾਂਦੇ ਸਨ । ਇਕ ਵਾਰੀ ਪੁਰਾਣੀ ਅਨਾਰਕਲੀ ਦੇ ਗੁਰਦੁਆਰਿਉਂ ਮੈਂ ਅਰਦਾਸ ਵੇਲੇ ਮੱਥਾ ਟੇਕ ਕੇ ਉੱਠ ਆਇਆ ਸਾਂ ।

ਬਰੇਲੀਉਂ ਪੀਲੀ ਭੀਤ ਹੋ ਕੇ ਟਨਕਪੁਰ ਮੰਡੀ ਤੱਕ ਜਾਂਦੀ ਨਿੱਕੀ ਲਾਈਨ ਉਤੇ ਟਿਕ ਸਟੇਸ਼ਨ ਹੈ । ਬਨਾਬਸਾ ਹੈੱਡ । ਇਕ ਨਾਮ ਵਾਲੀ ਨਦੀ ਉਤੇ ਬੱਝਾ ਹੋਇਆ ਹੈ । ਹੈੱਡ ਦਾ ਇਕ ਪਾਸਾ ਹਿੰਦੁਸਤਾਨ ਵਿਚ ਹੈ ਦੂਜਾ ਨਿਪਾਲ ਵਿਚ । ਉਥੇ ਇਕ ਵੱਡੀ ਕੋਠੀ ਬਣਨੀ ਸੀ । ਠੇਕਾ ਤਾਇਆ ਜੀ ਕੋਲ ਸੀ । ਉਹਨਾਂ ਉਥੇ ਮੈਨੂੰ ਚੱਲਣ ਲਈ ਕਿਹਾ । ਕੰਮ ਠੇਕੇ ਉਤੇ ਫੁੱਟਾਂ ਦੇ ਹਿਸਾਬ ਸੀ ।

ਮੈਂ ਫੁੱਫੜ ਕਰਮ ਸਿੰਘ ਨੂੰ ਨਾਲ ਲੈ ਲਿਆ । ਸਤਵੰਤ ਨੂੰ ਪਠਾਨਕੋਟ ਘੱਲ ਦਿੱਤਾ । ਲਾਹੌਰੋਂ ਬਰੇਲੀ ਨਿੱਕੀ ਗੱਡੀ ਚੜ੍ਹਕੇ ਬਨਬਸੇ । ਸਟੇਸ਼ਨ ਤੋਂ ਅੱਧਾ ਮੀਲ ਹੈੱਡ । ਉਥੇ ਦੋ ਤਿੰਨ ਕਮਰਿਆਂ ਦੀ ਝੁੱਗੀ ਦੇ ਇਕ ਕਮਰੇ ਵਿਚ ਜਾ ਡੇਰੇ ਲਾਏ । ਇਕ ਤਾਇਆ ਜਿਨ੍ਹਾਂ ਨੂੰ ਸਾਰੇ ਚੌਧਰੀ ਕਹਿੰਦੇ ਸਨ । ਰੋਟੀ ਲਈ ਇਕ ਪਹਾੜਾਂ ਦਾ ਪਹਾੜੀਆ । ਵਧੀਆ ਲਾਂਗਰੀ, ਹੱਸ-ਮੁੱਖ, ਪਿਆਰਾ ਤੇ ਮਿੱਠਾ, ਸਲਾਹਕਾਰ, ਲਿਹਾਜ਼ਦਾਰ ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟਨਕਪੁਰ ਤੱਕ ਗੱਡੀ ਜਾਂਦੀ ਸੀ। ਉਥੋਂ ਕਿਸੇ ਦੇਵੀ ਦੀ ਯਾਤਰਾ ਲਈ ਵੀ ਦੂਜਿਆਂ ਸੂਬਿਆਂ ਚੋਂ ਲੋਕ ਜਾਂਦੇ। ਇਕ ਸਟੇਸ਼ਨ ਖਟੇਮਾ ਆਉਂਦਾ ਸੀ। ਪੈਦਲ ਜਾਣਾ ਪੈਂਦਾ, ਨਾਨਕ ਮਤਾ ਉਦੋਂ ਇਕ ਕਮਰੇ ਵਿਚ ਗੁਰੂ ਗ੍ਰੰਥ ਦਾ ਪ੍ਰਕਾਸ਼ ਲਾਗੇ ਇਕ ਬੁਝੀ ਹੋਈ ਧੂਣੀ। ਇਕ ਪਿੱਪਲ ਜਿਸ ਦਾ ਹਰ ਪੱਤਾ ਵਿਚਕਾਇਓਂ ਥੋੜ੍ਹਾ ਜਿਹਾ ਸੜਿਆ ਹੋਇਆ। ਇਕ ਥਾਂ ਹੋਰ ਕਮਰਾ ਤੇ ਉਸ ਉਤੇ ਚੁਬਾਰਾ। ਮੌਸਮ ਕਰਕੇ ਮਿੱਠੇ ਰੇਠੇ ਤੱਕ ਨਹੀਂ ਸੀ ਜਾਇਆ ਜਾਂਦਾ।

ਸਾਡੀਆਂ ਝੁੱਗੀਆਂ ਲਾਗੇ ਉਹ ਨਹਿਰ ਸੀ ਜਿਹੜੀ ਇਸ ਹੈੱਡ ਵਿਚੋਂ ਨਿਕਲਦੀ ਸੀ। ਅਸੀਂ ਖੂਬ ਨਹਾਉਂਦੇ, ਦੂਰ-ਦੂਰ ਤਰਦੇ ਨਿਕਲ ਜਾਂਦੇ। ਦੂਜੇ ਕੰਢੇ ਉਤੇ ਚਲੇ ਜਾਂਦੇ। ਰੋਟੀ ਲਾਂਗਰੀ ਪੱਕੀ ਪਕਾਈ ਖਵਾਉਂਦਾ, ਤਾਇਆ ਜੀ ਨੇ ਆਖਿਆ ਆਰੀ ਲੈ ਆਉ ਪ੍ਰਨਾਈ ਬਣਾ ਕੇ ਲਕੜੀ ਆਪੇ ਚੀਰੋ। ਅਸਾਂ ਇੰਜ ਹੀ ਕੀਤਾ ਪਰ ਆਰੇਕਸ਼ੀ ਆਪ ਨਾ ਕਰ ਸਕੇ। ਪੀਲੀ ਭੀਤ ਤੋਂ ਵੱਡਿਆਂ-ਵੱਡਿਆਂ ਆਰਿਆਂ ਵਾਲਾ ਇਕ ਮੁਸਲਮਾਨ ਆਰੇਕਸ਼ ਆ ਗਿਆ। ਸਾਡਾ ਕੰਮ ਸ਼ੁਰੂ ਹੋ ਗਿਆ। ਤਾਇਆ ਥੋੜ੍ਹਾ ਚਿਰ ਉਥੇ ਰਹਿੰਦਾ ਬਾਹਰ ਘੋੜ ਦੌੜਾਂ ਉਤੇ ਰੁਪਏ ਲਾਉਣ ਜਾਦਾ ਪਤਾ ਨਹੀਂ ਉਹ ਕੀ ਇਨਸਾਨ ਸੀ। ਬੜਿਆਂ-ਬੜਿਆਂ ਨਾਲ ਵਾਕਫੀਅਤ। ਤੁਰੇ ਰਹਿਣਾ, ਮੈਂ ਤੇ ਫੁਫੜ ਉਥੇ ਇਕ ਕਿਸਮ ਦੇ ਵਗਾਰੇ ਫੜੇ ਹੋਏ ਸਾਂ। ਪਮਾਇਸ਼ ਕਰਕੇ ਭਲਾ ਇਕ ਕੋਠੀ ਦੇ ਕਿਤਨੇ ਕੁ ਪੈਸੇ ਬਣ ਜਾਣੇ ਸਨ। ਉਥੇ ਮਜ਼ਦੂਰ ਵਗੈਰਾ ਟਨਕਪੁਰ ਮੰਡੀ ਦੇ ਉਤਲੇ ਪਹਾੜਾਂ ਤੋਂ ਆਏ ਹੋਏ ਸਨ। ਔਰਤਾਂ ਮੁਟਿਆਰਾਂ ਕਾਫੀ ਸੁਹਣੀਆਂ। ਮੇਲ ਜੋਲ ਵਲੋਂ ਖ਼ਾਸ ਝਕੋ-ਝਕਾ ਨਹੀਂ ਸੀ। ਸਰਦੀਆਂ ਨੂੰ ਆਉਂਦੇ ਗਰਮੀਆਂ ਨੂੰ ਮੁੜਜਾਂਦੇ। ਰਾਜ ਕੰਮ ਕਰਨ ਵਾਲੇ ਵੀ ਉਧਰ ਦੇ ਸਨ। ਖ਼ਾਸ ਚੀਜ਼ਾਂ ਜਾਂ ਦਵਾਈ ਕਪੜਾ ਅਸੀਂ ਟਨਕਪੁਰ ਮੰਡੀ ਤੋਂ ਲਿਆਉਂਦੇ। ਲਾਂਗਰੀ ਸਾਡੇ ਨਾਲ ਖ਼ਾਸ ਮੇਰੇ ਨਾਲ ਬਹੁਤ ਖੁਲ੍ਹ ਗਿਆ ਸੀ। ਫੁਫੜ ਸ਼ਰਾਬ ਨਹੀਂ ਸੀ ਪੀਂਦਾ। ਨਾ ਉਸ ਨੂੰ ਔਰਤ ਜਾਤ ਨਾਲ ਇਕੱਠੇ ਹੋਣ ਦਾ ਜਾਂ ਗੱਪਾਂ ਮਾਰਨ ਦਾ ਸ਼ੌਕ ਸੀ।

ਇਕ ਦਿਨ ਬਨਬਸਾ ਸਟੇਸ਼ਨ ਉਤੇ ਲਾਂਗਰੀ ਨਾਲ ਮੈਂ ਕਿਸੇ ਕੰਮ ਗਿਆ। ਸਰਦੀਆਂ ਆ ਚੁੱਕੀਆਂ ਸਨ। ਉਥੇ ਇਕ ਮੁਟਿਆਰ ਮੇਰੇ ਹਾਣ ਦੀ ਦਿਸੀ। ਚੰਨਣ ਦੀ ਗੇਲੀ, ਮਟਕ ਨਾਲ ਤੁਰਦੀ, ਸਵਾਰ ਕੇ ਧੋਤੀ ਬੰਨੀ ਹੋਈ। ਸਟੇਸ਼ਨ ਦੇ ਕਵਾਟਰਾਂ ਵਿਚ ਰਹਿੰਦੀ, ਬੜੀ ਜਵਾਨ। ਮੈਂ ਲਾਂਗਰੀ ਤੋਂ ਪੁੱਛਿਆ—ਏਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੌਨ ਹੈ ? ਕਿਸ ਕੀ ਹੈ ? ਬਾਕੀ ਘਰ ਵਾਲੇ ਕਹਾਂ ਹੈਂ !...ਲਾਂਗਰੀ ਨੇ ਮੇਰੇ ਵੱਲ ਵੇਖ ਕੇ ਉੱਤਰ ਦਿੱਤਾ—ਯੇ ਵਿਧਵਾ ਹੈ। ਸਰਦਾਰ ਜੀ ਸਟੇਸ਼ਨ ਪਰ ਆਪਣੇ ਪਰ ਵਾਲੇ ਭੈਣ ਕੇ ਘਰ ਵਾਲੇ ਕੇ ਪਾਸ ਰਹਿਤੀ ਹੈ। ਸਟੇਸ਼ਨ ਮਾਸਟਰ ਹੈ ਨਾ ਜੋ, ਉਸ ਨੇ ਰੱਖੀ ਹੋਈ ਹੈ।...ਬਹੁਤ ਅੱਛੀ ਲੱਗਤੀ ਹੈ ਲਾਂਗਰੀ।... ਉਸ ਨੇ ਜਿਸ ਕੰਮ ਆਏ ਸਾਂ ਉਹ ਕਰਕੇ ਤਰਕਾਲਾਂ ਨੂੰ ਉਸ ਦੇ ਘਰ ਲੈ ਗਿਆ। ਉਥੇ ਦੋ ਔਰਤਾਂ ਸਨ ਇਕ ਉਹ ਤੇ ਇਕ ਹੋਰ। ਧੂਆਂ ਲਾਇਆ ਹੋਇਆ ਸੀ। ਤਿੰਨ ਜਣੇ ਸੇਕ ਰਹੇ ਸਨ। ਅੱਗੜ-ਪਿੱਛੜ ਕਵਾਟਰਾਂ ਦੇ ਦੋ-ਦੋ ਕਮਰੇ ਸਨ। ਮੈਂ ਵੀ ਧੂਆਂ ਸੇਕਣ ਬਹਿ ਗਿਆ। ਉਹ ਪਹਾੜੀ ਬੋਲੀ ਵਿਚ ਦੇਵੀ ਦੇਵਤਿਆਂ ਤੇ ਭਗਵਾਨ ਦੀਆਂ ਗੱਲਾਂ ਕਰਦੇ। ਮੈਂ ਕਾਫੀ ਸਮਝ ਲੈਂਦਾ ਸਾਂ। ਬਾਂਕੀ ਲੰਮੀ ਭਰਵੀਂ ਤਕੜੀ ਮੁਟਿਆਰ ਉੱਠ ਕੇ ਅੰਦਰ ਚਲੀ ਗਈ। ਲਾਂਗਰੀ ਨੇ ਮੈਨੂੰ ਆਖਿਆ—ਇਕ ਰੁਪਿਆ ਦਿਉ ਸਰਦਾਰ ਜੀ।...ਮੈਂ ਦੇ ਦਿੱਤਾ। ਉਸ ਨੇ ਉਥੇ ਬੈਠੇ ਇਕ ਬੰਦੇ ਨੂੰ ਫੜਾ ਦਿੱਤਾ। ਮੈਨੂੰ ਇਸ਼ਾਰਾ ਕਰਕੇ ਆਖਿਆ— ਜਾਈਏ ਅੰਦਰ।...ਮੈਂ ਚਲਿਆ ਗਿਆ। ਇਸ ਮੇਲ ਵਿਚ ਮੈਂ ਉਸ ਨੂੰ ਸੰਭਾਲ ਨਾ ਸਕਿਆ ਮੰਨ ਕਿਰਕਰਾ ਹੋ ਗਿਆ। ਮੁੜ ਕੇ ਉਸ ਵੱਲ ਵੇਖ ਕੇ ਵੀ ਅੱਖ ਚੁਰਾ ਲੈਂਦਾ ਰਿਹਾ। ਫੁੱਫੜ ਵੀ ਹੈਰਾਨ ਸੀ ਇਹ ਨੂੰ ਕਿਉਂ ਨਫ਼ਰਤ ਹੋ ਗਈ ਹੈ।

ਸੰਗਰਾਂਦ ਨੂੰ ਦੋਵੇਂ ਭੀਲੀ ਭਾਂਤ ਗਏ। ਉਥੇ ਖੰਡ ਮਿੱਲ ਸੀ। ਸਾਡੇ ਜ਼ਿਲੇ ਦੇ ਸੁਜਾਨਪੁਰ ਨਗਰ ਦੇ ਰਾਮਗੜ੍ਹੀਏ ਉਸ ਉਤੇ ਹਾਵੀ ਸਨ। ਇੰਜੀਨੀਅਰ ਵੀ ਰਾਮਗੜ੍ਹੀਆ ਸੀ। ਭੋਗ ਪਿਆ, ਪ੍ਰਸ਼ਾਦ ਵੰਡਿਆ ਗਿਆ। ਇਕ ਕਵਿਤਾ ਸੁਣਾਈ। ਇਕ ਚਤੁਰ ਜਿਹਾ ਕਾਰੀਗਰ ਆਪਣੇ ਕਵਾਟਰ ਵਿਚ ਸਾਨੂੰ ਲੈ ਗਿਆ। ਉਸ ਨਾਲ ਅਸਾਂ ਖੂਬ ਗੱਲਾਂ ਕੀਤੀਆਂ। ਕਾਫੀ ਪੰਜਾਬਣਾਂ ਵੀ ਉਥੇ ਸਨ। ਬੜੀਆਂ ਬਣੀਆਂ ਫੱਬੀਆਂ ਪਹਿਨੀਆਂ ਪਚਰੀਆਂ ਹੋਈਆਂ। ਉਸ ਰਾਮਗੜ੍ਹੀਏ ਸਾਨੂੰ ਦੱਸਿਆ—ਇਹ ਇੰਜੀਨੀਅਰ ਸਰਦਾਰ ਬੜਾ ਅਯਾਸ਼ ਹੈ। ਸਾਰੇ ਆਪਣੇ ਗਰੀਬ ਰਿਸ਼ਤੇਦਾਰ ਮੰਗਾਏ ਹੋਏ ਨੇ। ਕੰਮ ਤੇ ਲਵਾਏ ਹੋਏ ਨੇ। ਬੜਾ ਬਦਮਾਸ਼ ਤੇ ਕਮੀਨਾ ਹੈ। ਜਿੰਨੀਆਂ ਜ਼ਨਾਨੀਆਂ ਨੇ ਲੱਗਭੱਗ ਸਾਰੀਆਂ ਹੀ ਵਰਤ ਲੈਂਦਾ ਹੈ। ਮਾੜੇ-ਮਾੜੇ ਰਿਸ਼ਤੇਦਾਰ ਚੁੱਪ ਨੇ ਮੌਜਾਂ ਕਰਦੇ ਨੇ। ਕਈਆਂ ਘਰ ਆਪ ਵੀ ਜਾ ਵੜਦਾ ਹੈ। ਕਈਆਂ ਨੂੰ ਸ਼ਰਾਬ ਪੀ ਕੇ ਤੇ ਪਿਆ ਕੇ ਸੁੱਟ ਦਿੰਦਾ ਹੈ ਅਤੇ ਆਪ ਉਹਦੀ ਜਨਾਨੀ ਵਰਤ ਲੈਂਦਾ ਹੈ। ਕੋਈ ਕੁਝ ਨਹੀਂ ਕਹਿੰਦੀ ਸਗੋਂ ਆਕੜ-ਆਕੜ ਕੇ ਤੁਰਦੀ ਹੈ।...ਮੈਂ ਧਿਆਨ ਨਾਲ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਣੀ ਗਿਆ । ਮੇਰੇ ਅੰਦਰ ਬਹੁਤੀ ਕੋਈ ਗੱਲ ਖੁੜਕੀ ਨਾ ।

ਉਸ ਨੇ ਮੈਨੂੰ ਪੀਲੀਭੀਤ ਵੀ ਵਿਖਾਇਆ । ਇਕ ਚੰਗਾ ਤਕੜਾ ਮੁਸਲਮਾਨ ਠੇਕੇਦਾਰ ਮਿਲ ਦਾ ਕੰਮ ਲੈ ਕੇ ਕਰਾਉਂਦਾ ਸੀ । ਬੜੇ ਰੋਅਬ ਦਾਬ ਵਾਲਾ ਉਸ ਬਾਰੇ ਉਸ ਨੇ ਦੱਸਿਆ—ਇਹ ਠੇਕੇਦਾਰ ਮੁੰਡੇ ਬਾਜ਼ ਹੈ । ਬੜਾ ਚਿਰ ਇਸ ਨੇ ਇਕ ਮੁੰਡੇ ਦੀ ਗੂੰ ਦੀ ਲੇਨੀ ਜੇਬ ਵਿਚ ਪਾ ਛੱਡੀ ਸੀ । ਇਤਨਾ ਉਹਦੇ ਉਤੇ ਆਸ਼ਕ ਸੀ । ਉਸ ਮੁੰਡੇ ਉਤੋਂ ਇਹਨਾਂ ਵਿਚ ਆਪਸ ਵਿਚ ਲੜਾਈ ਹੋ ਗਈ । ਛੁਰੇ ਨਾਲ ਇਕ ਬੰਦਾ ਮਰ ਗਿਆ । ਇਹ ਫੇਰ ਪੈਸੇ ਦੇ ਕੇ ਬਰੀ ਹੋ ਗਿਆ । ਚੰਦਰ ਕਾਇਮ ਹੈ ।... ਹੋਰ ਵੀ ਇਸ ਤਰ੍ਹਾਂ ਮੈਂ ਗੁਰਪੂਰਬ ਉੱਤੇ ਇਕੱਲਾ ਹੀ ਰਾਏ ਬਰੇਲੀ ਗੁਰਦੁਆਰੇ ਕਵਿਤਾ ਬੋਲ ਆਇਆ । ਬਾਜ਼ਾਰ ਵਿਚ ਫਿਰ ਕੇ ਬਰੇਲੀ ਸ਼ਹਿਰ ਵੇਖਿਆ । ਹੱਥ ਰੇੜੀਆਂ ਵਿਚ ਮੁਸਲਮਾਨ ਜਨਾਨੀਆ ਵਲੇਟੀਆਂ ਹੁੰਦੀਆਂ ਚਾਰ ਚੁਫੇਰੇ ਕਪੜੇ ਆਪ ਹੀ ਖਿੱਚ ਕੇ ਲਈ ਫਿਰਦੇ । ਜਿਹੜੇ ਮੁਸਲਮਾਨ ਹੁੰਦੇ ਉਹਨਾਂ ਤੇ ਪੈਸੇ ਵਾਲੇ ਰੋਹਬ ਰੱਖਦੇ । ਮਾੜੇ ਮੁਸਲਮਾਨ ਮਾੜੇ ਦੋਜ਼ਕੀ ਘਰਾਂ ਵਿਚ ਰਹਿੰਦੇ । ਬੱਕਰੀਆਂ, ਤੋਤੇ, ਕੁੱਕੜ ਪਾਲਦੇ । ਜੋ ਤਕੜੇ ਮਹੱਲਾਂ ਵਿਚ ਨੌਂਕਰ ਬਹੁਥੇਰੇ, ਹਿੰਦੂ ਸੇਠ, ਦਾਨੇ, ਭਰਦਾਨੇ, ਗਹਿਰ ਗੰਭੀਰ, ਚਲਾਕ ਚੁਸਤ ਖਚਰੇ ਸਿਆਣੇ । ਸਿੱਖ ਬੱਸ ਕੰਮ ਕਰਦੇ । ਗੁਰਦੁਆਰੇ ਜਾਂਦੇ, ਦਰਮਿਆਨੀ ਹਾਲਤ ਵਾਲੇ । ਟੱਬਰਾਂ ਵਾਲੇ ਵੀ ਛੜੇ ਵੀ ।

ਕੰਮ ਮੁਕਦਾ ਜਾ ਰਿਹਾ ਸੀ । ਕੋਠੀ ਤੇ ਇਕੋ ਬਣਨੀ ਸੀ । ਇਕ ਸ਼ਾਮ ਮੈਂ ਤੇ ਫੁੱਫੜ ਜਿਥੇ ਆਦਮੀਆਂ ਦੀ ਲੇਬਰ ਰਹਿੰਦੀ ਸੀ ਉਹਨਾਂ ਨਾਲ ਚਲੇ ਗਏ । ਉਹ ਗਾਉਂਦੇ ਜਾਂਦੇ ਤੁਰੇ ਜਾਂਦੇ । ਫੁੱਫੜ ਨੇ ਇਕ ਦੋ ਰੰਗੀਨ ਗੀਤ ਉੱਚੀ ਉੱਚੀ ਸੁਣਾਏ । ਔਰਤਾਂ ਤੇ ਮੁਟਿਆਰਾਂ ਨੂੰ ਅਸੀਂ ਛੇੜਦੇ ਜਾਂਦੇ । ਉਹ ਇਧਰ ਉਧਰ ਨੱਚਦੀਆਂ ਤੇ ਫਿਰ ਚਾਲੇ ਪੈ ਜਾਂਦੀਆਂ ।

ਆਪਣੀਆਂ ਝੁੱਗੀਆਂ ਵਿਚ ਪਹੁੰਚ ਗਈਆਂ । ਸਵੇਰੇ ਦੀਆਂ ਬਣੀਆਂ ਖਰਾਕੀ ਚੀਜ਼ਾਂ ਖਾ ਕੇ ਇਕ ਘੇਰਾ ਬੰਨ੍ਹ ਕੇ ਨੱਚਣ ਲੱਗੀਆਂ । ਲਮਕਾ-ਲਮਕਾ ਕੇ ਬਾਹਵਾਂ ਦਾ ਗਿੱਧਾ ਪਾਉਂਦੀਆਂ । ਗੀਤ ਸੀ :

"ਪੀਆ ਗਏ ਪ੍ਰਦੇਸ ਬਦਰਵਾ ਬਰਸੇ ਗੋ,
ਪੀਆ ਦੀ ਮਲਮਲ ਪਾਗ ਬਦਰਵਾ ਬਰਸੇ ਗੋ ।

ਅਸੀਂ ਸੁਣਦੇ ਰਹੇ । ਅੱਧੀ ਰਾਤ ਉਹ ਛੇਤੀ ਉਠਣ ਵਾਸਤੇ ਸੌਂ ਗਈਆਂ ਅਸੀਂ ਜੰਗਲ ਤ੍ਹਿ ਕਰਕੇ ਆਪਣੀ ਝੁੱਗੀ ਵਿਚ ਆ ਸੁੱਤੇ ।...ਬਰਸਾਤ ਹੁੰਦੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੰਗਲ ਵਿਚ ਘਾਹ ਵਾਂਗ ਉੱਗੇ ਹੋਏ ਫਾਲਸੇ ਖੂਬ ਖਾਂਦੇ। ਬਹੇੜਿਆਂ ਦੇ ਰੁੱਖ ਬੜੇ ਸਨ। ਉਹਨਾਂ ਨੂੰ ਭੰਨ-ਭੰਨ ਕੇ ਗਿਰੀਆਂ ਖਾਂਦੇ। ਇਕ ਸ਼ਾਮ ਮੈਂ ਲਾਂਗਰੀ ਨੂੰ ਆਖਿਆ—ਲਾਂਗਰੀ ਕੋਈ ਅੱਛੀ ਸੀ ਜੋਰੂ ਨਹੀਂ ਮਿਲ ਸਕਤੀ? ਉਸ ਨੇ ਉੱਤਰ ਦਿੱਤਾ—ਸਰਦਾਰ ਜੀ ਸਭ ਐਸਾ ਹੀ ਹੈ। ਪਤਾ ਨਹੀਂ ਕੌਣ ਸਾਲੀ ਬੀਮਾਰ ਨਿਕਲ ਆਏ। ਜਿਸ ਕੇ ਪਾਸ ਸਟੇਸ਼ਨ ਪਰ ਗਏ ਥੇ ਵੋ ਬੀ ਬੀਮਾਰ ਹੋ ਗਿਆ ਹੈ ਟਨਕਪੁਰ ਸੇ ਦਵਾਈ ਲਾਤਾ ਹੈ। ਅਬ ਤੋ ਸਭ ਹਮ ਪਹਾੜ ਕੋ ਜਾਏਗਾ। ਨਹੀਂ ਤੋ ਹਮ ਜਾ ਕੇ ਆਪਣੀ ਔਰਤ ਕੋ ਲੈ ਆਤਾ ਆਪ ਕੋ ਠੀਕ ਰਹਿਤਾ।—ਮੈਂ ਉਸਦੇ ਮੂੰਹ ਵੱਲ ਵੇਖ ਰਿਹਾ ਸਾਂ ਕਿ ਇਹ ਕੀ ਕਹਿ ਰਿਹਾ ਹੈ।

ਉਥੇ ਸਾਨੂੰ ਹੋਲੀ ਆਈ। ਤਾਇਆ ਜੀ ਮੈਨੂੰ ਨਾਲ ਲੈ ਕੇ ਪੀਲੀਭੀਤ ਗਏ। ਇਕ ਮਾਰਵਾੜੀ ਸੇਠ ਦੇ ਸ਼ਾਨਦਾਰ ਘਰ। ਤਾਇਆ ਜੀ ਤੇ ਸੇਠ ਜੀ ਨੇ ਇਕੱਲਿਆਂ ਕੋਈ ਨਸ਼ਾ ਕੀਤਾ। ਰਾਤ ਨੂੰ ਸੇਠ ਦੇ ਸਾਰੇ ਘਰ ਦੇ ਮੁੰਡੇ, ਕੁੜੀਆਂ, ਔਰਤਾਂ, ਆਦਮੀ, ਦੋ ਚਾਰ ਰਿਸ਼ਤੇਦਾਰ ਇਕ ਖੁੱਲੇ ਕਮਰੇ ਵਿਚ ਗਲੀਚੇ ਉਤੇ ਸਰਾਣਿਆਂ ਦੀ ਢੋਅ ਲਾ ਕੇ ਬਹਿ ਗਏ। ਇਕ ਬੜੀ ਸੁਹਣੀ ਵੇਸ਼ਵਾ ਸਾਜ਼ਿੰਦਿਆਂ ਦੇ ਨਾਲ ਆਈ। ਮੁਜਰਾ ਹੋਇਆ। ਸਾਰੇ ਘਰ ਦੇ ਖੁਸ਼ ਹੋਏ। ਉਹ ਚਲੀ ਗਈ, ਅਸੀਂ ਰਾਤ ਕੱਟੀ। ਤਾਇਆ ਜੀ ਬਰੇਲੀ ਨੂੰ ਚਲੇ ਗਏ ਮੈਂ ਬਨਬਸੇ ਆ ਗਿਆ।

ਹੈੱਡ ਕਈ ਵਾਰ ਵੇਖਿਆ। ਨੇਪਾਲ ਦੇ ਪਾਸ ਸ਼ਰਾਬ ਸਸਤੀ ਮਿਲਦੀ ਸੀ। ਪਰ ਉਥੋਂ ਨਹੀਂ ਪੀਤੀ। ਅੰਗਰੇਜ਼ ਅਫਸਰ ਤਾਇਆ ਜੀ ਦੇ ਜਾਦੂ ਥੱਲੇ ਸੀ। ਜੋ ਬਣਿਆ ਮਨਜ਼ੂਰ ਹੋ ਗਿਆ। ਕੰਮ ਦਾ ਹਿਸਾਬ ਕਿਤਾਬ ਹੋਇਆ। ਸਾਨੂੰ ਸਾਰੇ ਪੰਜਤਾਲੀ-ਪੰਜਤਾਲੀ ਰੁਪਏ ਬਚੇ। ਕਿੰਨੇ ਸਾਰੇ ਮਹੀਨੇ ਰਹੇ ਹੋਵਾਂਗੇ। ਮੇਰਾ ਮਨ ਬਹੁਤ ਢਹਿ ਗਿਆ। ਤਾਏ ਚੌਧਰੀ ਉਤੇ ਮੈਂ ਇਕ ਕਵਿਤਾ ਲਿਖੀ ਸੀ। ਉਹ ਬੁਰੀ ਲੱਗਣ ਲੱਗ ਪਈ। ਤਾਏ ਦੀ ਇਜ਼ਤ ਵੀ ਮੇਰੇ ਅੰਦਰੋਂ ਘਟ ਗਈ। ਉਹ ਕਿਸੇ ਦਾ ਮਿੱਤਰ ਨਹੀਂ ਸੀ ਬੇ-ਤਰਸ ਤੇ ਤੇ ਛਾਤਰ ਸੀ।

ਆਉਂਦੇ ਆਉਂਦੇ ਕਰਮ ਸਿੰਘ ਜੀ ਤੇ ਮੈਂ ਹਰਦੁਆਰ ਵੀ ਵੇਖ ਆਏ। ਕਿਸੇ ਪੇਡੇ ਦੇ ਕਾਬੂ ਨਾ ਆਏ। ਉਹ ਸਿੱਧੇ ਲਾਹੌਰ ਚਲੇ ਗਏ। ਮੈਂ ਅੰਮ੍ਰਿਤਸਰ ਕਿਤੇ ਸਾਮਾਨ ਰੱਖ ਕੇ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਸੁੱਤਾ, ਤੜਕੇ ਆਸਾ ਦੀ ਵਾਰ ਵੇਲੇ ਉਠਿਆ, ਸਾਰੀ ਰਾਤ ਨੀਂਦ ਨਾ


CC-0. In Public Domain. Gurukul Kangri Collection, Haridwar

ਆਖੀ ਇਕ ਅਰਦਾਸ ਬੇਨਤੀ ਕੀਤੀ—ਹੇ ਸੱਚੇ ਪਾਤਸ਼ਾਹ ਮੈਨੂੰ ਕੋਈ ਪੱਕਾ ਕੰਮ ਦੇ, ਜੇ ਨਹੀਂ ਦੇ ਸਕਦਾ ਤਾਂ ਮੇਰੀ ਜਾਨ ਕੱਢ ਲੈ । ਇਸ ਹਾਲਤ ਵਿਚ ਜੀਉ ਨਹੀਂ ਸਕਦਾ ।...ਮੈਨੂੰ ਪਿਛਲੀ ਅਤੇ ਹੁਣ ਦੀ ਹਾਲਤ ਨਾਲ ਨਫ਼ਰਤ ਹੋਈ ਜਾਪੀ । ਘਰ ਵੀ ਕੋਈ ਪੈਸਾ ਨਹੀਂ ਸੀ ਘਲਿਆ । ਮੱਥਾ ਟੇਕਿਆ ਪ੍ਰਸ਼ਾਦ ਲਿਆ, ਗੱਡੀ ਬੈਠ ਡੇਰੇ ਬਾਬੇ ਨਾਨਕ ।

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਘਰ ਵਿਚ

ਚਾਰ ਪੰਜ ਦਿਨ ਘਰ ਰਹਿ ਕੇ ਪਠਾਨਕੋਟ ਗਿਆ। ਪਤਨੀ ਨੂੰ ਡੇਰੇ ਲੈ ਆਇਆ। ਉਦੋਂ ਮੇਰੇ ਘਰ ਜੇਠੀ ਲੜਕੀ ਸੁਖਬੀਰ ਨੇ ਜਨਮ ਲੈਣਾ ਸੀ। ਭਾਬੀ ਨੇ ਆਖਿਆ—ਦੋਏਂ ਭਰਾ ਜਾਓ ਨਾਨਕਿਆਂ ਤੋਂ ਗਾਈਂ ਲੈ ਆਉ। ਮੈਂ ਅਧਿਆਰੇ ਦੇ ਆਈ ਹਾਂ। ਲੈ ਆਇਉ ਪੈਸੇ ਮੈਂ ਆਪੇ ਦੇ ਦਿਆਂਗੀ।

ਭਾਬੀ ਔਖੀ ਸੌਖੀ ਗਾਂ ਮੱਝ ਜ਼ਰੂਰ ਰੱਖਦੀ ਰਹੀ ਹੈ। ਮਰਨ ਤੱਕ ਵੀ। ਜਦ ਘਰ ਆਏ ਪਤਾ ਲੱਗਾ ਬੀਬੀ ਰਾਣੀ ਹੋਈ। ਮੈਨੂੰ ਕੋਈ ਕੁੜੀ ਹੋਣ ਦਾ ਹਿਰਖ ਨਹੀਂ ਸੀ। ਸਾਡੇ ਘਰਾਂ ਵਿਚ ਕੁੜੀ ਮੁੰਡੇ ਦਾ ਫ਼ਿਕਰ ਘੱਟ ਵੱਧ ਸੀ। ਬਾਬਾ ਜੀ ਧੀਆਂ ਨਾਲ ਬੜਾ ਮੋਹ ਰੱਖਦੇ ਸਨ। ਚੌਥੇ ਦਿਨ ਗਾਈਂ ਸੂਅ ਪਈ। ਉਸ ਨੇ ਵੱਛਾ ਦਿੱਤਾ। ਪੱਠੇ ਸਸਤੇ ਸਨ ਚਾਰ ਪੰਜ ਆਨੇ ਦਾ ਰੋਜ਼ ਦਾ ਖ਼ਰਚ ਸੀ। ਘਰ ਵਿਚ ਦੁੱਧ, ਦਹੀਂ, ਲੱਸੀ ਦੀ ਮੌਜ।

ਮੈਂ ਸ਼ਹਿਰ ਵਿਚ ਕੰਮ ਲੱਭ ਲੈਂਦਾ। ਸਾਡੇ ਸ਼ਰੀਕੇ ਵਿਚ ਕਿਸੇ ਦਾ ਕੰਮ ਹੁੰਦਾ ਉਹ ਮੈਥੋਂ ਕਰਾਉਂਦੇ। ਖ਼ਾਸ ਤੰਗੀ ਨਹੀਂ ਸੀ। ਆਪਣੇ ਨਿੱਕੇ ਭਰਾ ਦਾ ਪੂਰਾ ਪਤਾ ਨਹੀਂ ਰਿਹਾ ਕਿ ਉਹ ਕੀ ਕੰਮ ਕਰਦਾ ਸੀ। ਲਕੜੀ ਦਾ ਕੰਮ ਉਹ ਨਾਨਕਿਆਂ ਕੋਲੋਂ ਧੱਕੇ-ਧੁੱਕੇ ਖਾ-ਖਾ ਕੇ ਸਿੱਖਿਆ ਸੀ। ਬੱਸਾਂ, ਮੋਟਰਾਂ ਵਾਲਿਆਂ ਦੇ ਨਾਲ ਟੁਰਿਆ ਫਿਰਦਾ। ਡਰਾਇਵਰ ਨਾ ਬਣ ਸਕਿਆ ਸੜਕ ਬਟਾਲੇ ਤੱਕ ਤੇ ਅੰਮ੍ਰਿਤਸਰ ਤੱਕ ਪੱਕੀ ਬਣ ਚੁੱਕੀ ਸੀ।

ਪੰਜ ਛੇ ਮਹੀਨੇ ਦੀ ਸੁਖਬੀਰ ਹੋ ਗਈ। ਦੰਦ ਕੱਢਣੇ ਸ਼ੁਰੂ ਕਰ ਦਿੱਤੇ। ਰਾਤ ਨੂੰ ਬਹੁਤ ਉੱਚੀ-ਉੱਚੀ ਰੋਂਦੀ। ਸਾਰੇ ਮਹੱਲੇ ਨੂੰ ਪਤਾ ਲੱਗਦਾ ਕਿਉਂਕਿ ਉਦੋਂ ਅਜੇ ਸਾਰੇ ਮਹੱਲੇ ਦੇ ਪੱਕੇ ਮੰਜ਼ਲੇ ਘਰ ਨਹੀਂ ਸਨ ਬਣੇ ਹੋਏ। ਮੇਰਾ ਸਹੁਰਾ ਆਇਆ ਉਸਨੂੰ ਪਠਾਨਕੋਟ ਲੈ ਗਿਆ। ਦੋਹਾਂ ਭਰਾਵਾਂ ਦੀ ਬਦਲੀ ਕਦੇ ਲਾਹੌਰ ਕਦੇ ਪਠਾਨਕੋਟ ਹੁੰਦੀ ਰਹਿੰਦੀ ਸੀ। ਜੇ ਇਕ ਦੀ ਹੁੰਦੀ ਤਾਂ ਵੀ ਤਾਈ ਕਦੇ ਪਤੀ ਕੋਲ ਕਦੇ ਦਿਉਰ ਕੋਲ ਵੰਡ ਕੇ ਰਹਿੰਦੀ।

ਇਕ ਦਿਨ ਰਾਏ ਨੇ ਆਖ਼ਿਆ—ਭਾਜੀ ਇਕ ਬੱਸ ਵਿਕਦੀ ਹੈ। ਬਟਾਲੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਂ ਵੇਖਕੇ ਆਇਆ ਹਾਂ। ਮੈਨੂੰ ਲੈ ਦਿਉ। ਡਰਾਇਵਰ ਰੱਖ ਲਵਾਂਗਾ ਬੜੀ ਆਮਦਨੀ ਹੋ ਜਾਵੇਗੀ। ਕਦੇ ਬਟਾਲੇ ਕਦੇ ਅੰਮ੍ਰਿਤਸਰ ਸਵਾਰੀਆਂ ਲੈ ਆ ਜਾਇਆ ਕਰਾਂਗੇ।...ਮੈਂ ਪੁੱਛਿਆ—ਭਾਬੀ ਕੀ ਕਹਿੰਦੀ ਹੈ?...ਉਸ ਨੇ ਉੱਤਰ ਦਿੱਤਾ ਕਹਿੰਦੀ ਲੈ ਲਉ।

ਮੈਂ ਭਾਬੀ ਨਾਲ ਗੱਲ ਕੀਤੀ ਉਸ ਨੇ ਆਖਿਆ—ਰਾਏ ਕਹਿੰਦਾ ਹੈ ਪੰਜ ਸੌ ਵਿਚ ਮਿਲ ਜਾਏਗੀ। ਘਰ ਗਹਿਣੇ ਰੱਖ ਦਿਉ ਮੋਟਰ ਲੈ ਲਉ। ਪੰਜ ਰੁਪਏ ਰੋਜ਼ ਵੀ ਬਚਣਗੇ ਤਾਂ ਵੀ ਕਰਜ਼ਾ ਲੱਥ ਜਾਵੇਗਾ!...ਮੈਨੂੰ ਨਿੱਕੇ ਭਰਾ ਨਾਲ ਬੜਾ ਪਿਆਰ ਸੀ। ਮੈਂ ਕੋਈ ਹੀਲ ਹੁਜਤ ਨਾ ਕੀਤੀ। ਬੱਸ ਲੈ ਲਈ ਘਰ ਪੰਜ ਸੌ ਵਿਚ ਪੂਰਨ ਸ਼ਾਹ ਕੋਲ ਗਹਿਣੇ ਪਾ ਦਿੱਤਾ। ਘਰ ਵਿਚ ਅਸਾਂ ਰਹਿਣਾ ਸੀ ਇਸ ਕਟਕੇ ਵਿਆਜ਼ ਵੀ ਲਿਖ ਦਿੱਤਾ। ਦੋਵੇਂ ਚਾਚੇ ਵਿੰਹਦੇ ਰਹਿ ਗਏ। ਅਸਾਂ ਇਹ ਕਾਰਾ ਕਰ ਲਿਆ। ਰਾਏ ਨੂੰ ਭਾਬੀ ਜਿਸ ਤਰ੍ਹਾਂ ਸਿਖਾਉਂਦੀ ਉਹ ਚਾਚਿਆਂ ਨਾਲ ਉਸ ਤਰ੍ਹਾਂ ਹੀ ਕਰਦਾ। ਮੈਂ ਇੰਜ ਨਹੀਂ ਸਾਂ ਕਰਦਾ। ਸਲਾਹ ਚਾਚਿਆਂ ਨਾਲ ਨਾ ਕੀਤੀ।

ਸੱਠ ਰੁਪਏ ਮਹੀਨੇ ਉਤੇ ਇਕ ਡਰਾਇਵਰ ਰੱਖ ਲਿਆ। ਮੁਸਲਮਾਨ ਸੀ ਸਾਡੇ ਘਰ ਹੀ ਰਹਿੰਦਾ ਮੇਰੇ ਕਮਰੇ ਵਿਚ ਸੌਂਦਾ। ਭਾਬੀ ਤੇ ਨਿੱਕੀ ਭੈਣ ਬਾਲੀ ਬੈਠਕ ਵਿਚ ਸੌਂਦੇ। ਡਰਾਇਵਰ ਮੇਰੀ ਉਮਰ ਦਾ ਸੀ। ਸਰਨੋਂ ਪੰਦਰਾਂ ਕੁ ਸਾਲਾਂ ਦੀ। ਲੋਕਾਂ ਨੇ ਕਈ ਗੱਲਾਂ ਕਰਨੀਆਂ ਸਾਡੀ ਪਿੱਠ ਪਿੱਛੇ। ਪਰ ਭਾਬੀ ਧੀਆਂ ਦੀ ਨਿਗਰਾਨੀ ਬੜੇ ਗ਼ਾਲਮਾਨਾ ਢੰਗ ਨਾਲ ਕਰਦੀ ਸੀ। ਮੈਂ ਇਕ ਦੁਨੀਆਂ ਦੇਖ ਚੁੱਕਾ ਤੇ ਦੇਖ ਰਿਹਾ ਸਾਂ। ਸਰਨੋਂ ਕਦੀ ਬਹੁਤਾ ਕਿਸੇ ਨਾਲ ਨਹੀਂ ਸੀ ਬੋਲਦੀ। ਆਏ ਗਏ ਕੋਲੋਂ ਵੀ ਝੱਕਦੀ 'ਸਤਿ ਸ੍ਰੀ ਅਕਾਲ' ਵੀ ਨਹੀਂ ਸੀ ਕਹਿੰਦੀ। ਮੇਲ ਨਾਲ ਬੋਲ ਕੂ ਲੈਂਦੀ। ਅੱਗੇ ਜਾ ਕੇ ਮੇਰੀ ਮਾਂ ਨੇ ਧੀ ਵਾਂਗ ਮੇਰੀਆਂ ਧੀਆਂ ਨੂੰ ਪਾਲਿਆ। ਨਿਗਰਾਨੀ ਕਦੇ ਢਿੱਲੀ ਨਹੀਂ ਸੀ ਕਰਦੀ। ਕਈ ਵਾਰੀ ਆਖਦੀ ਧੀ ਦੀ ਮਾਂ ਨੂੰ ਚਾਰ ਚੁਫੇਰੇ ਅੱਖਾਂ ਰੱਖਣੀਆਂ ਚਾਹੀਦੀਆਂ ਨੇ। ਬਗਾਨੇ ਤੇ ਬਗਾਨੇ ਸ਼ਰੀਕਾ ਸਿਹਰੇ ਬੰਨ ਕੇ ਨਹੀਂ ਢੁਕਦਾ ਹੋਰ ਸਭ ਕੁਝ ਕਰ ਗੁਜ਼ਰਦਾ ਹੈ।

ਵੱਡੇ ਚਾਚੇ ਜੀ ਦੀ ਵੱਡੀ ਲੜਕੀ ਦਾ ਵਿਆਹ ਹੋ ਗਿਆ। ਉਸ ਦਾ ਨਾਂ ਸਵਰਨੋ ਸੀ। ਮਲਾਵਾ ਸਿੰਘ ਦੀ ਪੀੜ੍ਹੀ ਵਿਚ ਜਿਸ ਤਰ੍ਹਾਂ ਸਾਰਿਆਂ ਭਰਾਵਾਂ 'ਚੋਂ ਮੈਂ ਵੱਡਾ ਸਾਂ ਸਾਰੀਆਂ ਭੈਣਾਂ 'ਚੋਂ ਉਹ ਵੱਡੀ ਸੀ। ਮੈਥੋਂ ਬਹੁਤ ਛੋਟੀ। ਲਾਹੌਰੋਂ ਜੰਞ ਆਈ। ਉਹ ਤਕੜੇ ਰਾਮ ਗੜ੍ਹੀਏ ਸਨ। ਦੋ ਨਿੱਕੇ-ਨਿੱਕੇ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਖਾਨੇ ਸਨ। ਨਿੱਕੇ ਜੀਜੇ ਦਾ ਨਾਂ ਜਗਤ ਸਿੰਘ ਸੀ। ਇਕੱਲਾ ਪੁੱਤਰ ਮਾਪਿਆਂ ਦਾ। ਮੇਰੀ ਭੈਣ ਬੜੀ ਸੁਹਣੀ, ਚੰਗੀ ਤੇ ਦਲੇਰ ਸੁਭਾਅ ਦੀ ਸੀ। ਮੈਂ ਲਾਹੌਰ ਗਿਆ ਹੋਇਆ ਸਾਂ ਵਿਆਹ ਦੇ ਇਕ ਦਿਨ ਪਹਿਲਾਂ ਆਇਆ। ਜੰਞ ਪੂਰੀ ਪੂਰੀ ਸਰਦਾਰਾਂ ਰਾਮਗੜ੍ਹੀਆਂ ਦੀ ਸੀ। ਜਗਤ ਸਿੰਘ ਉਦੋਂ ਇੰਜੀਨੀਅਰੀ ਪਾਸ ਕਰ ਰਿਹਾ ਸੀ। ਸਾਰੀ ਉਮਰ ਇਹ ਜੀਜਾ ਮੇਰੇ ਚੰਗੇ ਮਿਤਰਾਂ ਵਾਂਗ ਰਿਹਾ ਹੈ। ਚਾਚਾ ਜੀ ਦੀ ਸ਼ੁਹਰਤ ਸੀ, ਪੈਸਾ ਸੀ, ਤਾਲੀਮ ਸੀ। ਦੋਵੇਂ ਰਿਸ਼ਤੇਦਾਰ ਆਖਰੀ ਤੱਕ ਨਿੱਭਦੇ ਰਹੇ।

ਇਸ ਵਿਆਹ ਦੇ ਬਾਅਦ ਭਾਬੀ ਨੇ ਜਦੋਂ ਮੇਰੀ ਭੈਣ ਨੂੰ ਗੁੱਸੇ ਹੋਣਾ ਇੰਜ ਕਹਿਣਾ—ਤੇਰਾ ਪਿਉ ਨਹੀਂ ਸਿਰ ਤੇ ਭਰਾ ਭਰਜਾਈ ਕਦੇ ਨਹੀਂ ਬਣੀਆਂ। ਸਮਝ ਨਾਲ ਕੰਮ ਧੰਦਾ ਕਰਿਆ ਕਰ। ਤੇਰਾ ਕਿਹੜਾ ਪਿਉ ਜਿਊਂਦਾ ਏ ਜਿਹੜਾ ਕਿਸੇ ਚੰਗੇ ਥਾਂ ਮੁੰਡਾ ਵੇਖ ਕੇ ਵਿਆਹ ਕਰ ਦੇਵੇਗਾ। ਸਵਰਨੋਂ ਦੀ ਰੀਸ ਨਾ ਕਰ ਉਸਦੇ ਸਿਰ ਤੇ ਪਿਉ ਸੀ। ਠੱਗੀਆਂ ਮਾਰ-ਮਾਰ ਕੇ ਖੀਸੇ ਭਰੇ ਹੋਏ ਨੇ ਚੰਗੇ ਥਾਂ ਝੱਟ ਧੀ ਦਾ ਵਿਆਹ ਕਰ ਦਿੱਤਾ।

ਗੱਲਾਂ ਸਵਰਨੋਂ ਨੂੰ ਨਹੀਂ ਮੈਨੂੰ ਕਹਿ ਰਹੀ ਹੁੰਦੀ। ਸਤਵੰਤ ਵੀ ਪਠਾਨਕੋਟੋਂ ਸਵਰਨੋਂ ਦੇ ਵਿਆਂਹ ਉਤੇ ਆ ਚੁੱਕੀ ਸੀ। ਮੇਰੇ ਸਹੁਰੇ ਵੀ ਆਏ ਸਨ। ਭਨੇਵੀਂ ਦੇ ਵਿਆਹ। ਸਤਵੰਤ ਨੂੰ ਜਦ ਪਤਾ ਲੱਗਾ ਕਿ ਅਸੀਂ ਘਰ ਗਹਿਣੇ ਪਾ ਕੇ ਬੱਸ ਲਈ ਹੈ ਉਹ ਅੰਦਰੇ ਸਭ ਕੁਝ ਘੁੱਟ ਕੇ ਚੁੱਪ ਕਰ ਗਈ। ਮੈਨੂੰ ਵੀ ਕੁਝ ਨਾ ਆਖਿਆ।

ਮੈਂ ਤੰਗ ਆ ਕੇ ਸਰਨੋਂ ਲਈ ਮੁੰਡਾ ਲੱਭਣਾ ਸ਼ੁਰੂ ਕਰ ਦਿੱਤਾ। ਉਂਜ ਉਹ ਅਜੇ ਵਿਆਹ ਜੋਗੀ ਨਹੀਂ ਸੀ। ਲੱਭਦਿਆਂ ਨੇ ਰਾਵੀਉਂ ਪਾਰ ਨਾਰੋਵਾਲ ਇਕ ਮੁੰਡਾ ਲੱਭਾ। ਸਾਰੀ ਪੁੱਛ ਗਿੱਛ ਕੀਤੀ। ਉਸਦਾ ਪਿਤਾ ਰੇਲਵੇ ਵਿਚ ਮਿਸਤਰੀ ਸੀ। ਸ਼ਹਿਰ ਵਿਚ ਇਕ ਪੂਰਾ ਹਾਤਾ ਉਸ ਨੇ ਖਰੀਦਿਆ ਹੋਇਆ ਸੀ। ਵੱਡਾ ਸਾਰਾ ਘਰ, ਸੜਕ ਵਲ ਦੁਕਾਨਾਂ। ਇਕ ਅੰਮ੍ਰਿਤਸਰ ਡਾਕਖਾਨਾ। ਮਿਸਤਰੀ ਆਤਮਾ ਸਿੰਘ ਦਾ ਹਾਤਾ ਬਹੁਤ ਮਸ਼ਹੂਰ ਸੀ। ਹੋਰਾਂ ਨੂੰ ਉਸ ਹਾਤੇ ਵਿਚ ਜ਼ਮੀਨ ਮੁੱਲ ਦੇ ਕੇ ਵਸਾਇਆ ਹੋਇਆ ਸੀ। ਮੁੰਡੇ ਦਾ ਨਾਮ ਪੂਰਨ ਸਿੰਘ ਸੀ। ਦਸਵੀਂ ਪਾਸ ਹਾਰਮੋਨੀਅਮ ਵਜਾਉਂਦਾ, ਗਲਾ ਬੜਾ ਰਸੀਲਾ। ਛਲੂੰਗੜਾ ਜਿਹਾ ਸੁਹਣਾ। ਸਧਾਰਨ ਤੇ ਕਾਮਾ, ਵਲ ਛਲ ਤੋਂ ਕੋਰਾ। ਮਿਸਤਰੀ ਆਤਮਾ ਸਿੰਘ ਦੇ ਦੋ ਟੱਬਰ ਮਰ ਚੁੱਕੇ ਸਨ। ਇਹ ਤੀਜੇ ਟੱਬਰ ਦੀ ਔਲਾਦ ਸੀ। ਪੂਰਨ ਤੇ ਇਸ ਦੀ ਵੱਡੀ ਵਿਆਹੀ ਹੋਈ ਇਕ ਭੈਣ। ਨਾਰੋਵਾਲ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਗ ਪਿੰਡ ਸੀ ਕੁੱਲਾ ਉਥੇ ਜ਼ਮੀਨ ਸਤ ਅਠ ਕਿਲ੍ਹੇ । ਮਿਸਤਰੀ ਆਤਮਾ ਸਿੰਘ ਮਰ ਚੁੱਕਾ ਸੀ ।

ਜਿਸ ਦਿਨ ਦੇਖਣ ਗਿਆ । ਪਸੰਦ ਆਇਆ ਮੁੰਡਾ । ਗਲੀ ਦੇ ਇਕ ਮੋਹਤਬਿਰ ਰਾਮਗੜ੍ਹੀਏ ਨੇ ਅਰਦਾਸ ਕੀਤੀ । ਰੋੜੀ ਰੁਪਿਆ ਦੇ ਕੇ ਆ ਗਿਆ । ਆਉਣ ਲੱਗਿਆਂ । ਪੂਰਨ ਸਿੰਘ ਨੂੰ ਆਖਿਆ ਤੂੰ ਪ੍ਰੀਤਲੜੀ ਜ਼ਰੂਰ ਪੜ੍ਹਿਆ ਕਰ । ਉਸ ਨੇ ਉਦੋਂ ਹੀ ਕਿਤੋਂ ਮੰਗਾ ਲਈ ਚੰਗੀ ਤਰ੍ਹਾਂ ਪੜ੍ਹੀ । ਹੁਣ ਤੱਕ ਵੀ ਪੜ੍ਹਦਾ ਹੈ ।

ਦੋਹਾਂ ਚਾਚਿਆਂ ਨੇ ਮੈਨੂੰ ਸੱਦ ਕੇ ਪੁੱਛਿਆ—ਤਸੱਲੀ ਕਰ ਆਇਆ ਹੈਂ ? ਸੁਣਿਆ ਹੈ ਮੁੰਡੇ ਦੀ ਮਾਂ ਪਿੰਡ ਵਿਚ ਲੰਬੜਦਾਰ ਨਾਲ ਰਲੀ ਹੋਈ ਹੈ । ਲਈ ਵੀ ਮਿਸਤਰੀ ਨੇ ਮੁੱਲ ਸੀ । ਸੁਣ ਕੇ ਅਣਸੁਣੀ ਕਰ ਦਿੱਤੀ । ਰਾਤ ਬਹਿ ਕੇ ਸੋਚਿਆ ਤਾਂ ਮੇਰੇ ਅੰਦਰੋਂ ਪ੍ਰੀਤਲੜੀ ਦੀ ਪੜ੍ਹਾਈ ਦੇ ਜ਼ੇਰ ਅਸਰ ਇਹ ਆਵਾਜ਼ ਆਈ—ਬੁੱਢੇ ਨਾਲ ਵਿਆਹੀ ਗਈ ਇਕ ਮਾਸੂਮ ਕੁੜੀ । ਬੱਚੇ ਹੋ ਗਏ । ਉਸ ਦਾ ਕੀ ਕਸੂਰ, ਘਰ ਹੈ ਮੁੰਡਾ ਹੈ ਪਸੰਦ ਆਇਆਂ ਹੈ ਜੋ ਹੈ ਠੀਕ ਹੈ ।

ਕੰਮ ਮੈਂ ਡੇਰੇ ਸ਼ੁਰੂ ਕਰ ਲਿਆ ਸੀ । ਕਦੀ ਕਿਤੇ ਕਦੀ ਕਿਤੇ ਦਿਹਾੜੀ ਮਿਲ ਜਾਂਦੀ ਸੀ । ਬੱਸ ਵਿਚੋਂ ਕੁਝ ਨਹੀਂ ਸੀ ਬੱਚ ਰਿਹਾ । ਮੁਰੰਮਤ ਉਤੇ ਲੱਗ ਜਾਂਦਾ । ਘਰ ਮੇਰੇ ਤੇ ਭਾਬੀ ਕਰਕੇ ਚੱਲ ਰਿਹਾ ਸੀ । ਸਤਵੰਤ ਦੇ ਮਾਪੇ ਕਾਫੀ ਮਦਦ ਕਰਦੇ ਰਹਿੰਦੇ । ਭਾਬੀ ਪ੍ਰਵਾਹ ਨਾ ਕਰਦੀ, ਕਹਿੰਦੀ—ਚੱਲ ਦਿੰਦੇ ਹੋਣਗੇ ਤੇ ਆਪਣੀ ਧੀ ਨੂੰ ਦਿੰਦੇ ਹੋਣਗੇ । ਹੁਣ ਦੋਹਤੀ ਨੂੰ ਦਿੰਦੇ ਨੇ ਸਾਨੂੰ ਕੀ ਭਾਗ ਏ ।

ਭਾਬੀ ਦੀਆਂ ਇਹਨਾਂ ਗੱਲਾਂ ਨੇ ਮੈਨੂੰ ਹੋਰ ਸਤਵੰਤ ਦੇ ਨੇੜੇ ਕਰ ਦਿੱਤਾ । ਚਾਚੀ ਚਾਚੇ ਦੇ ਨੇੜੇ ਕਰ ਦਿੱਤਾ । ਰਾਏ ਭਾਬੀ ਦੀ ਬੋਲੀ ਬੋਲਦਾ ਵੱਡੀ ਚਾਚੀ ਪ੍ਰੇਮ ਕੌਰ ਕੋਈ ਜਠਾਣੀ ਦਾ ਖਿਆਲ ਨਾ ਕਰਦੀ ਆਪਣੀ ਭਤੀਜੀ ਦਾ ਪੂਰਾ ਖਿਆਲ ਕਰਦੀ । ਸਤਵੰਤ ਇਕ ਲਫ਼ਜ਼ ਵੀ ਮੂੰਹੋਂ ਨਾ ਕੱਢਦੀ । ਉਹਦੇ ਪੇਕਿਆਂ ਤੇ ਸਾਡੇ ਘਰ ਦਾ ਬਹੁਤ ਫ਼ਰਕ ਸੀ । ਜਿਹੜੀ ਚੀਜ਼ ਅਸੀਂ ਸਲਾਹ ਨਾਲ ਲਿਆਉਂਦੇ ਸਤਵੰਤ ਦੇ ਪੇਕੇ ਟੋਕਰੀਆਂ ਨਾਲ ਆਉਂਦੀ ।

ਤਿੰਨ ਚਾਰ ਮਹੀਨੇ ਬਾਅਦ ਭੈਣ ਦਾ ਵਿਆਹ ਦੇ ਦਿੱਤਾ । ਗੱਲ ਕੀਤੀ ਕਿ ਮਸਾਂ ਤੀਹ ਚਾਲੀ ਬੰਦੇ ਆਉ । ਵਿਚੋਲਾ ਸੀ ਮਹਿਰ ਸਿੰਘ ਪੂਰਨ ਸਿੰਘ ਦਾ ਭੈਣਵਈਆਂ । ਸਾਡੀ ਗੱਲੀ ਵਿਚ ਉਸ ਦੇ ਨਾਨਕੇ ਸਨ । ਪਾਰ ਉਸ ਦੇ ਪਿੰਡ ਉਹਦੀ ਵੀਹ ਪੰਝੀ ਕਿੱਲੇ ਜ਼ਮੀਨ ਸੀ । ਇਹ ਵੀ ਕਿਹਾ ਕਿ ਰਾਗੀ ਨਾਲ ਲੈ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਣਾ । ਹੋਰ ਕੋਈ ਸ਼ਰਤ ਨਾ ਰੱਖੀ । ਬੱਸ ਸਾਡੀ ਪਤਾ ਨਹੀਂ ਕਿੱਥੇ ਸੀ । ਰਾਏ ਨੂੰ ਆਖਿਆ—ਜਾ ਕੇ ਬੱਸ ਵੇਚ ਦੇ ਜੋ ਮਿਲਦਾ ਹੈ ਵਿਆਹ ਉਤੇ ਲਾਈਏ ।—ਉਸ ਨੇ ਕਿਹਾ, ਟੁੱਟੀ ਭੱਜੀ ਬਟਾਲੇ ਪਈ ਹੈ । ਮੈਨੂੰ ਗੁੱਸਾ ਆਇਆ ਗਾਲ੍ਹਾਂ ਕੱਢੀਆਂ ਅੱਗੋਂ ਬੋਲਦਾ ਨਹੀਂ ਸੀ ਮੇਰੇ ਅੱਗੇ । ਚੁੱਪ ਕਰਕੇ ਘਰੋਂ ਚਲਿਆ ਗਿਆ । ਤੀਜੇ ਦਿਨ ਪੰਜਾਹ ਰੁਪਏ ਵੱਟ ਕੇ ਲੈ ਆਇਆ ।

ਫਿਕਰ ਪਿਆ ਵਿਆਹ ਦਾ ਕੀ ਕਰਾਂਗੇ ? ਮੈਂ ਲਾਹੌਰ ਜਾ ਕੇ ਤਾਏ ਨਾਨਕ ਚੰਦ ਨੂੰ ਮਿਲਿਆ । ਉਸ ਨੂੰ ਦੱਸਿਆ । ਉਸ ਨੇ ਕਿਹਾ—ਕਿੰਨੇ ਰੁਪਏ ਚਾਹੀਦੇ ਨੇ ?...ਮੇਰੇ ਮੂੰਹੋਂ ਨਿਕਲਿਆ– ਪੰਜਾਹ ਰੁਪਏ ।—ਉਹਨਾਂ ਮਨੀਮ ਨੂੰ ਕਿਹਾ—ਇਹਨੂੰ ਪੰਜਾਹ ਰੁਪਏ ਦੇ ਦਿਉ ਮੇਰੇ ਖਾਤੇ ਵਿਚ ਪਾ ਲਉ । ਰੁਪਏ ਲਏ ਤੇ ਸਿੱਧਾ ਫਿਰੋਜ਼ਪੁਰ ਗਿਆ ਉਥੇ ਸਤਵੰਤ ਦਾ ਤਾਇਆ ਲੱਗਦਾ ਬਾਊ ਵੀਰ ਸਿੰਘ ਨੌਕਰ ਸੀ । ਰੇਲਵੇ ਵਿਚ ਡਰਾਫਟ ਮੈਨ । ਮੇਰੀ ਸਾਲੇਹਾਰ ਉਸ ਦੀ ਨਿੱਕੀ ਸਕੀ ਸਾਲੀ ਲੱਗਦੀ ਸੀ । ਦੂਜੇ ਵਿਆਹ ਰਾਹੀਂ । ਉਸ ਦਾ ਨਾਂ ਮਾਇਆ ਸੀ । ਸਾਲਾ ਮੇਰਾ ਕਰਾਚੀ ਵੱਲ ਸੀ । ਉਸ ਦੀ ਆਪਣੇ ਸਹੁਰਿਆਂ ਨਾਲ ਖਟਪਟ ਰਹਿੰਦੀ ਸੀ । ਦੋਹਾਂ ਦਾ ਪਿਆਰ ਥਿੜਕਵਾਂ ਜਿਹਾ ਸੀ । ਮਾਇਆ ਨੂੰ ਵਿਆਹ ਲਈ ਪੱਕੀ ਕੀਤੀ । ਉਥੋਂ ਸਿੱਧਾ ਘਰ ਆ ਗਿਆ । ਭੂਆ ਨੂੰ ਸਭ ਕੁਝ ਦੱਸ ਦਿੰਦਾ ਸਾਂ ।

ਘਰ ਆ ਕੇ ਕੁਝ ਸਾਮਾਨ ਖਰੀਦਿਆ । ਭਾਬੀ ਨੇ ਬਚੇ ਸੋਨੇ ਵਿਚੋਂ ਇਕ ਦੋ ਮਾਮੂਲੀ ਗਹਿਣੇ ਬਣਾਏ । ਕੁਝ ਕਪੜੇ । ਬਾਕੀ ਜਿੰਨਾਂ ਮੇਰਾ ਦਾਜ ਆਇਆ ਸੀ ਸਾਰਾ ਦੇਣ ਲਈ ਸਵਾਰ ਲਿਆ । ਉਹਨੀਂ ਦਿਨੀ ਮੇਰਾ ਪੱਗ-ਵੱਟ ਭਰਾ ਲਾਲ ਸਿੰਘ ਆਇਆ ਹੋਇਆ ਸੀ । ਉਸ ਨਾਲ ਸਲਾਹ ਕੀਤੀ । ਉਸ ਨੇ ਬਿਸਤਰੇ ਅਤੇ ਮੰਜੇ ਪਿੰਡੋਂ ਲਿਆ ਕੇ ਗੁਰਦੁਆਰੇ ਰੱਖ ਦਿੱਤੇ ਜੰਞ ਦੇ ਰਾਤ ਸੌਣ ਲਈ । – ਸਾਹੇ ਤੇ ਜੰਞ ਆਈ । ਬੰਦੇ ਸੌ ਦੇ ਲਾਗੇ ਚਾਗੇ ਆ ਗਏ । ਅਸਾਂ ਤੇ ਮੇਰੇ ਮਿਤਰਾਂ ਨੇ ਸਾਂਭੀ । ਚਾਚਿਆਂ ਨੂੰ ਭੂਆਂ ਨੂੰ ਭਾਬੀ ਨੇ ਸੱਦਿਆ ਨਹੀਂ ਸੀ । ਕੰਮ ਕਰੀ ਜਾ ਰਿਹਾ ਸਾਂ । ਸਵੇਰੇ ਜੰਞ ਲਾਵਾਂ ਉਤੇ ਕਹਿਣ, ਰਾਗੀ ਲਾਵਾਂ ਵਾਲੇ ਅਸਾਂ ਨਹੀਂ ਆਂਦੇ । ਇਕ ਭਾਈ ਸਾਡੀ ਜੰਞ ਵਿਚ ਹੈ ।... ਬੜਾ ਗੁੱਸਾ ਆਇਆ । ਸਾਡੇ ਮਰਾਸੀ ਦਿੱਤ ਹੋਰੀਂ ਸਨ । ਮੇਰੇ ਯਾਰਾਂ 'ਚੋਂ ਇਕ ਉਹਨਾਂ ਨੂੰ ਸੱਦ ਲਿਆਇਆ । ਲਾਵਾਂ ਭਾਈ ਨੇ ਪੜ੍ਹੀਆਂ । ਸਾਰਾ ਕੁਝ ਦਿੱਤੇ ਹੋਰਾਂ ਦੇ ਰਾਗੀ ਜਥੇ ਨੇ ਕੀਤਾ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਟੀ ਜੰਞ ਨੇ ਖਾਧੀ। ਤਿਆਰੀ ਹੋਣ ਲੱਗੀ। ਮਾਇਆ ਆਈ ਹੋਈ ਜਾਣ ਲੱਗੇ ਮੁੰਡੇ ਨੂੰ ਖੱਟ ਤੇ ਬਿਠਾਇਆ। ਸਾਰਾ ਮੇਲ ਤੇ ਹੋਰ ਗਲੀ ਮਹੱਲੇ ਦੀਆਂ ਜ਼ਨਾਨੀਆਂ ਤੇ ਕੁੜੀਆਂ ਦੁਆਲੇ ਆਣ ਹੋਈਆਂ। ਅਸਾਂ ਭਾਵੇਂ ਚਾਚਿਆਂ ਨੂੰ ਨਹੀਂ ਸੀ ਸੱਦਿਆ ਪਰ ਫਿਰ ਵੀ ਉਹਨਾਂ ਨੇ ਦੁਪਹਿਰ ਦੀ ਵਧੀਆ ਰੋਟੀ ਜੰਞ ਨੂੰ ਦਿੱਤੀ। ਕੁੜੀ ਦੇ ਨਾਨਕਿਆਂ ਤੋਂ ਕੋਈ ਨਾ ਆਇਆ।

ਭਾਬੀ ਖੱਟ ਛੱਡ ਕੇ ਮੈਨੂੰ ਕਹਿਣ ਲੱਗੀ—ਜ਼ਰਾ ਅੰਦਰ ਆ ਕੇ ਮੇਰੀ ਗੱਲ ਸੁਣ।...ਮੈਂ ਮਗਰ-ਮਗਰ ਅੰਦਰ ਆ ਗਿਆ। ਪਿਛਲੀ ਕੋਠੜੀ ਵਿਚ। ਭਾਬੀ ਖੌਲ ਗਈ ਤੇ ਮੈਨੂੰ ਕਹਿਣ ਲੱਗੀ—ਹੁਣੇ ਇਹ ਗੱਲ ਸੁਣ ਲੈ, ਤੂੰ ਸਭ ਕੁਝ ਆਪਣੇ ਆਏ ਦਾਜ ਦਾ ਦੇਣ ਲੱਗਾ ਹੈਂ, ਕੱਲੂ ਨੂੰ ਰਾਏ ਦੇ ਵਿਆਹ ਦਾ ਦਾਜ ਆਇਆ ਤੇ ਮੈਂ ਤੈਨੂੰ ਕੁਝ ਨਹੀਂ ਦੇਣਾ ਆਖੇਂ ਭਈ ਮੈਂ ਭੈਣ ਨੂੰ ਦਿੱਤਾ ਸੀ, ਤੂੰ ਮੈਨੂੰ ਅੱਧਾ ਦੇ।

ਮੈਨੂੰ ਗੁੱਸਾ ਆਇਆ ਤੇ ਖਿਜ ਆਈ ਪਿੱਛੇ ਧੱਕ ਕੇ ਆਖਿਆ—ਜਾ ਜਾ ਚਲੀ ਜਾ ਮੈਂ ਇੰਨਾ ਕਮੀਣਾ ਨਹੀਂ ਜਸਵਾਲੀਆਂ ਦਾ ਪੁੱਤਰ ਹਾਂ ਕੁਝ ਨਹੀਂ ਮੰਗਾਂਗਾ। ਮੇਰਾ ਭਰਾ ਹੈ, ਤੂੰ ਕਿਉਂ ਹੁਣੇ ਦੁਸ਼ਮਣੀਆਂ ਪੌਣ ਲੱਗੀ ਹੈਂ !!... ਉਹ ਚਲੀ ਗਈ ਆਪਣੇ ਚਿੱਤ ਕਰਕੇ।

ਮੈਂ ਬਾਅਦ ਵਿਚ ਸਤਵੰਤ ਨਾਲ ਗੱਲ ਕੀਤੀ – ਭਾਬੀ ਕੈਸੀ ਮਾਂ ਹੈ ਜਦ ਮੈਂ ਸਭ ਕੁਝ ਦੇ ਦਿੱਤਾ ਤੂੰ ਵੀ ਕੋਈ ਹੀਲ ਹੁਜਤ ਨਹੀਂ ਕੀਤੀ। ਜੰਞ ਸਭ ਕੁਝ ਲੈ ਜਾ ਰਹੀ ਸੀ ਫਿਰ ਮੈਨੂੰ ਇਸ ਨੇ ਏਦਾਂ ਆਖਿਆ ! !—ਉਹ ਬੋਲੀ — ਚਲੋ ਜਾਣ ਦਿਉ ਸੁਭਾਅ ਇਸ ਤਰ੍ਹਾਂ ਦਾ ਹੈ। ਸਾਨੂੰ ਬਥੇਰਾ ਮਿਲ ਜਾਵੇਗਾ। ਮੁੰਡਾ ਸਾਡੇ ਨਾਲ ਚੰਗਾ ਹੈ।

ਕੁਝ ਦਿਨਾਂ ਬਾਅਦ ਮੈਂ ਭਾਬੀ ਨੂੰ ਆਖਿਆ—ਤੂੰ ਇਸ ਨੂੰ ਗੋਡੇ ਲਾਗੇ ਬਿਠਾਇਆ ਹੋਇਆ ਹੈ ਫੋਰ-ਸੰਡੇ ਘੱਲ ਦੇ ਮੈਂ ਵੀ ਕੁਝ ਦਿਨ ਠਹਿਰ ਕੇ ਜਾਣਾ ਹੈ। ਪਰਸੋਂ ਨਾਗੀਆਂ ਦੇ ਬੰਦੇ ਜਾਣੇ ਹਨ। ਉਹਨਾਂ ਨਾਲ ਚਲਿਆ ਜਾਵੇਗਾ।

ਭਾਬੀ ਨੇ ਚੁੱਪਚਾਪ ਰਾਏ ਨੂੰ ਫੋਰਟ ਸੰਡੇਮਨ ਘੱਲ ਦਿੱਤਾ।

ਭਾਈਆ ਪਠਾਨਕੋਟੋਂ ਲਾਹੌਰੋਂ ਇੰਜਨ ਛਿੱਡ ਵਿਚ ਬਦਲ ਕੇ ਆ ਗਿਆ। ਤਾਈ ਉਸ ਕੋਲ ਰਹਿੰਦੀ ਸੀ। ਮੈਂ ਤਿਆਰ ਹੋ ਗਿਆ। ਲਾਲ ਸਿੰਘ ਵਹੁਟੀ ਸਣੇ ਗਿਆ ਹੋਇਆ ਸੀ। ਮੈਂ ਸਤਵੰਤ ਨੂੰ ਨਾਲ ਖੜਨਾ ਸੀ। ਭਾਬੀ ਕਦੇ ਵੀ ਸਾਨੂੰ ਇਕੱਠਿਆਂ ਆਉਂਦਿਆਂ ਜਾਂਦਿਆਂ ਖੁਸ਼ ਨਾ ਹੁੰਦੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਆਖਿਆ—ਭਾਬੀ ਮੈਨੂੰ ਬਿਸਤਰਾ ਇਕ ਦੇ ਦਏ। ਪੰਦਰਾਂ ਕੁ ਰੁਪਏ ਕਿਸੇ ਤੋਂ ਲਿਆ ਦੇ।...ਬੜੇ ਰੁੱਖੇ ਤੇ ਕੋਰੇ ਢੰਗ ਨਾਲ ਜਵਾਬ ਦਿੱਤਾ—ਬਿਸਤਰਾ ਮੈਂ ਦੇਣਾ ਨਹੀਂ, ਆਇਆਂ ਗਿਆਂ ਨੂੰ ਕੀ ਦਿਆਂਗੀ। ਰੁਪਏ ਕਿੱਥੋਂ ਲਿਆਵਾਂ। ਮੂੰਹ ਮੋੜ ਕੇ ਬਾਹਰ ਨੂੰ ਚਲੀ ਗਈ।

ਸਤਵੰਤ ਨੇ ਕਿਹਾ ਚਲੋ ਤੁਸੀਂ ਸਭ ਕੁਝ ਹੋ ਜਾਵੇਗਾ। ਲਾਹੌਰ ਪਹੁੰਚ ਗਏ। ਬਿਸਤਰਾ ਤੇ ਰੁਪਏ ਤਾਈ ਕੋਲੋਂ ਸਤਵੰਤ ਨੇ ਦਿਵਾ ਦਿੱਤੇ। ਮੇਰੇ ਪਿਛੋਂ ਮਹੀਨੇ ਕੁ ਨੂੰ ਹੋਰ ਬੰਦੇ ਫੋਰਟ ਸੰਡੇ ਆਉਣੇ ਸਨ। ਉਹਨਾਂ ਨਾਲ ਸਤਵੰਤ ਕੌਰ ਦਾ ਉਥੇ ਆ ਜਾਣ ਕਰਕੇ ਮੁਲਤਾਨੋਂ ਹੁੰਦਾ ਹੋਇਆ ਫੇਰ ਸੰਡੇ ਪਹੁੰਚ ਗਿਆ। ਰਾਏ ਨੂੰ ਮਿਲਿਆ ਉਹ ਨਾਗੀਆਂ ਕੋਲ ਕੰਮ ਕਰਦਾ ਸੀ ਚੰਗਾ ਘੁਲ ਮਿਲ ਗਿਆ ਸੀ। ਇਕ ਕਮਰਾ ਲੈ ਕੇ ਲਾਲ ਸਿੰਘ ਨਾਲ ਕੰਮ ਉਤੇ ਚਲਿਆ ਗਿਆ।

ਉਥੇ ਇਕ ਜਗ੍ਹਾ ਦਸ ਪੰਦਰਾਂ ਕਾਰੀਗਰ ਕੰਮ ਕਰਦੇ ਸਨ। ਮੈਂ ਵੀ। ਸੰਤ ਹਰਨਾਮ ਸਿੰਘ ਜਿਹੜਾ ਸਾਡੇ ਸ਼ਹਿਰ ਤੋਂ ਦੋ ਮੀਲ ਦੀ ਵਿੱਥ ਉਤੇ ਪਿੰਡ ਹੈ। ਹਰੂਵਾਲ ਉਥੋਂ ਦਾ ਸੀ। ਬੜਾ ਮਿੱਠਾ ਤਕੜਾ, ਬੀਬਾ, ਤਹੱਮਲ ਵਾਲਾ ਸੁਭਾਅ, ਪਾਠ ਪੂਜਾ ਵਿਚ ਮਾਹਿਰ। ਕੰਮ ਕਰਨ ਵਿਚ ਪੀਰ ਤੇ ਤੇਜ। ਲੱਕੜੀ ਦੇ ਇਮਾਰਤੀ ਕੰਮ ਦੀਆਂ ਗੁੱਝੀਆਂ ਗੱਲਾਂ ਜਾਣਦਾ ਸੀ। ਮੇਰੇ ਨਾਲ ਮੋਹ ਕਰਨ ਲੱਗ ਪਿਆ। ਮੈਂ ਉਹਨਾਂ ਦਾ ਸ਼ਗਿਰਦ ਪੈ ਗਿਆ। ਉਹਨਾਂ ਰਾਤ ਨੂੰ ਵੀ ਮੈਨੂੰ ਕਾਗਜ਼ ਪੈਂਨਸਲ ਲੈ ਕੇ ਬਿਧਾਰੇ ਬਨਾਉਣਾ ਦੱਸਣੇ, ਜੋੜੀਆਂ ਜੁੜਨੀਆਂ, ਦੋਰੀਆਂ ਬਨਾਉਣੀਆਂ। ਸ਼ੀਸ਼ਿਆਂ ਲਈ ਗਜ਼ ਭਰਨੇ ਦੱਸਣੇ। ਹੋਰ ਕਈ ਕੁਝ। ਇਕ ਮਹੀਨੇ ਬਾਅਦ ਮੇਰੇ ਹੱਥਾਂ ਵਿਚ ਸਫਾਈ ਆ ਗਈ। ਔਜ਼ਾਰ ਬਣਾਉਣੇ ਦੱਸੇ। ਗੁਲ ਤੇ ਗੋਲੇ ਕਾਰਨ ਸਾਂ ਵਗੈਰਾ-ਵਗੈਰਾ ਮੇਰੇ ਹੱਥੋਂ ਕਈ ਨਵੇਂ ਕੰਮ ਕਢਾਏ।

ਸਤਵੰਤ ਕੌਰ ਸੁਖਬੀਰ ਨੂੰ ਕੁੱਛੜ ਚੁੱਕੀ ਹੋਰ ਸਾਮਾਨ ਸਣੇ ਉਥੇ ਪਹੁੰਚ ਗਈ। ਜਿਸ ਟਰੱਕ ਵਿਚ ਬੰਦਿਆਂ ਨਾਲ ਆਈ ਸੀ ਉਹ ਰਾਏ ਸਿੰਘ ਨੂੰ ਪਹਿਲਾਂ ਮਿਲ ਪਿਆ ਉਹ ਸਾਮਾਨ ਚੁੱਕ ਕੇ ਮੇਰੇ ਮਕਾਨ ਵਿਚ ਛੱਡ ਗਿਆ। ਸੁਖਬੀਰ ਨਾਲ ਉਸ ਨੂੰ ਬੜਾ ਮੋਹ ਸੀ। ਚੁਕੀ ਫਿਰਦਾ। ਮੈਂ ਵੀ ਸੁਖਬੀਰ ਨੂੰ ਬੜਾ ਮੋਹ ਕਰਦਾ ਸਾਂ। ਸਤਵੰਤ ਉਸ ਨੂੰ ਬੜਾ ਸਵਾਰ ਕੇ ਰੱਖਦੀ। ਸਤਵੰਤ ਘਰ ਸਾਂਭਣ ਵਿਚ ਸਿਉਣ, ਪਰੋਣ ਵਿਚ, ਸਫਾਈ ਰੱਖਣ ਵਿਚ, ਸੰਕੋਚ ਨਾਲ ਖਰਚ ਕਰਨ ਵਿਚ ਮਾਹਿਰ ਸੀ। ਮੈਨੂੰ ਉਤਸ਼ਾਹ ਦੇਣ ਵਿਚ ਹਮੇਸ਼ਾਂ ਤਤਪਰ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿੰਦੀ। ਸਾਰੀ ਉਮਰ ਭਾਵੇਂ ਕੁਝ ਵੀ ਰਿਹਾ ਹਾਂ, ਉਸ ਨੇ ਮੇਰਾ ਅੰਦਰ ਮੱਲੀ ਰਖਿਆ ਹੈ। ਘਰ ਅਸਾਂ ਇਕ ਹੋਰ ਥਾਂ ਲੈ ਲਿਆ। ਜਿਥੇ ਤਿੰਨ ਚਾਰ ਹੋਰ ਟੱਬਰ ਸਨ। ਸੁਖਬੀਰ ਨੂੰ ਅਸੀਂ ਬੀਰੀ ਕਹਿੰਦੇ। ਖ਼ੂਬ ਖਾਂਦੀ, ਗੜਵੀ ਨਾਲ ਦੁੱਧ ਪੀ ਜਾਂਦੀ, ਅੰਗੂਰ ਬੜੇ ਖਾਂਦੀ, ਖੰਡ ਵਾਲਾ ਪਾਣੀ ਪੀਂਦੀ। ਉਦੋਂ ਮਸਾਂ ਸੱਤਾਂ ਅੱਠਾਂ ਮਹੀਨਿਆਂ ਦੀ ਸੀ। ਇਕ ਦਿਨ ਸਤਵੰਤ ਨੇ ਰਾਏ ਨੂੰ ਆਖਿਆ—ਗੁਆਂਢਣਾਂ ਮੈਥੋਂ ਪੁੱਛਦੀਆਂ ਨੇ ਤੇਰਾ ਸਕਾ ਦਿਉਰ ਹੈ। ਭਰਾ ਦੋਵੇਂ ਫਿਰ ਤੁਹਾਡੇ ਨਾਲ ਕਿਉਂ ਨਹੀਂ ਰਹਿੰਦਾ ? ਮੈਂ ਕੀ ਉੱਤਰ ਦਿਆਂ ਤੂੰ ਘਰ ਆ ਜਾ।...ਉਸ ਨੇ ਉੱਤਰ ਦਿਤਾ— ਭਾਬੀ ਨੇ ਮੈਨੂੰ ਬੜੀ ਪੱਕੀ ਕੀਤੀ ਸੀ, ਕਹਿੰਦੀ ਸੀ : ਤੂੰ ਇਕੱਲਾ ਰਹੀਂ, ਆਪਣੇ ਪੈਸੇ ਜੋੜੀਂ ਉਹਨਾਂ ਨੂੰ ਨਾ ਦਈਂ। ਜੇ ਇਸ ਤਰ੍ਹਾਂ ਨਾ ਕਰਾਂ ਉਹ ਮੈਨੂੰ ਘਰ ਨਹੀਂ ਵੜਨ ਦਏਗੀ। ਕਹਿੰਦੀ ਸੀ, ਤੇਰਾ ਵਿਆਹ ਹੋਣਾ ਹੈ। ਆਪਣਾ ਆਪ ਸਾਂਭ ਕੇ ਰੱਖੀਂ।

ਉਹ ਮੈਨੂੰ ਕਦੇ ਕੁਝ ਨਾ ਦੱਸਦਾ, ਨਾ ਮੈਂ ਪੁੱਛਦਾ। ਜੋ ਕਹਿ ਦਿਆਂ ਚੁੱਪ। ਮੇਰੀ ਪੂਰੀ ਇੱਜ਼ਤ ਕਰਦਾ। ਉਸ ਨਾਲ ਮੈਨੂੰ ਅੰਤਾਂ ਦਾ ਮੋਹ ਸੀ।

ਸਤਵੰਤ ਨੂੰ ਚਲਗੋਜ਼ੇ ਖਾਣ ਦਾ ਬੜਾ ਸ਼ੌਕ ਸੀ। ਉਥੇ ਖਾ ਖਾ ਕੇ ਅੱਕ ਗਈ। ਸਾਰੇ ਘਰ ਮਿਲ ਕੇ ਇਕੱਠਾ ਫਰੂਟ ਲੈ ਆਉਂਦੇ, ਫਿਰ ਹਿੱਸੇ ਕਰ ਲੈਂਦੇ। ਮੇਰੀ ਵੀ ਮੁੜ ਕੇ ਕੰਵਲ ਹੋਰਾਂ ਨਾਲ ਜੁੱਟ ਬਣ ਗਿਆ। ਮੈਂ ਪਹਿਲਾਂ ਜਿਹਾ ਮਾਸੂਮ ਨਹੀਂ ਸਾਂ। ਕੰਵਲ ਪ੍ਰੀਤਲੜੀ ਨੂੰ ਚੰਗਾ ਨਹੀਂ ਸੀ ਸਮਝਦਾ। ਰਾਤ ਨੂੰ ਲਾਇਬਰੇਰੀ ਵਿਚੋਂ ਨਾਨਕ ਸਿੰਘ ਹੋਰਾਂ ਦੇ ਨਾਵਲ ਤੇ ਕਹਾਣੀਆਂ ਦੀ ਪੁਸਤਕ ਲੈ ਆਉਂਦਾ ਅਤੇ ਸਤਵੰਤ ਨੂੰ ਪੜ੍ਹ ਪੜ੍ਹ ਕੇ ਸੁਣਾਉਂਦਾ। ਉਹ ਬੜੇ ਸ਼ੌਕ ਨਾਲ ਸੁਣਦੀ, ਫਿਰ ਆਪਣੀ-ਆਪਣੀ ਮੰਜੀ ਉਤੇ ਸੌਂ ਜਾਂਦੇ।

ਕੰਵਲ ਨਾਲ ਗੱਪਾਂ ਮਾਰਦਿਆਂ ਮੈਂ ਉਸ ਨੂੰ ਪੁਛਿਆ —ਕੰਵਲ ਜੀ, ਜਿਹੜੀ ਕਲ੍ਹ ਤੁਸੀਂ ਮੈਨੂੰ ਸੁਹਣੀ ਮਹੀਂਵਾਲ ਦੀ ਕਵਿਤਾ ਸੁਣਾਈ ਸੀ ਉਹ ਭਿੱਪੋ ਦੀ ਮਾਂ ਨੂੰ ਵੀ ਸੁਣਾਈ ਜੇ ਕਿ ਨਹੀਂ ?...ਹੱਸ ਕੇ ਬੋਲਿਆ—ਸੁਣ ਰਾਹੀ ਜਿਦਣ ਲਿਖੀ, ਉਸ ਨੂੰ ਲਾਗੇ ਬਿਠਾ ਕੇ ਸੁਣਾਈ। ਜਿਉਂ-ਜਿਉਂ ਸਵਾਦ ਲੈ ਕੇ ਸੁਣਾਈ ਜਾਵਾਂ ਉਹ ਵਾਹਿਗੁਰੂ-ਵਾਹਿਗੁਰੂ ਕਹੀ ਜਾਵੇ। ਮੈਂ ਛੇਤੀ ਮੁਕਾ ਕੇ ਉਠ ਬੈਠਾ। ਕਿੱਥੇ ਇਸ਼ਕ ਕਿੱਥੇ ਵਾਹਿਗੁਰੂ !! ਅਸੀਂ ਦੋਵੇਂ ਮਿਲ ਕੇ ਬੜਾ ਹੱਸੇ।

ਰਾਏ ਮੇਰੇ ਉਥੇ ਹੁੰਦਿਆਂ ਇਕ ਮਜ਼੍ਹਬੀ ਸਿੰਘ ਨਿੱਕਾ ਜਿਹਾ ਠੇਕੇਦਾਰ ਸੀ, ਉਹਦੇ ਕੋਲ ਕੰਮ ਕਰਨ ਲੱਗ ਪਿਆ। ਮੈਂ ਕਿਸੇ ਗੱਲ ਵਿਚ ਕੋਈ ਦਖ਼ਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਹੀਂ ਸਾਂ ਦਿੰਦਾ। ਦੋਵਾਂ ਤਿੰਨਾਂ ਜਣਿਆਂ ਮੈਨੂੰ ਕਿਹਾ—ਇਸ ਨੂੰ ਉਥੋਂ ਹਟਾ ਲਵੋ, ਅਸੀਂ ਚੰਗੇ ਨਹੀਂ ਲਗਦੇ ਉਹ ਟੱਬਰ ਵੀ ਚੰਗਾ ਨਹੀਂ।...ਮੈਂ ਕੋਈ ਖ਼ਿਆਲ ਨਾ ਕੀਤਾ।

ਫੋਰਟ ਸੰਡੇਮਨ ਦੇ ਇਲਾਕੇ ਵਿਚ ਇਕ ਨਵਾਬ ਰਹਿੰਦਾ ਸੀ। ਇਥੋਂ ਦੇ ਅੰਗਰੇਜ਼ ਕਮਿਸ਼ਨਰ ਦੇ ਥੱਲੇ। ਉਸ ਦਾ ਕਿੱਲੀ ਵਿਚ ਕੋਈ ਕੰਮ ਸੀ। ਲਾਲ ਸਿੰਘ ਨੇ ਮੈਨੂੰ ਉਸ ਸਾਹਮਣੇ ਕੀਤਾ। ਮੈਂ ਇਕ ਹੋਰ ਤਰਖਾਣ ਨੂੰ ਨਾਲ ਲੈ ਕੇ ਉਥੇ ਪਹੁੰਚ ਗਿਆ। ਪਰਨਾਈ ਵੀ ਨਾਲ ਲੈ ਲਈ। ਲੱਕੜੀ ਆਪੇ ਚੀਰਨੀ ਸੀ। ਆਪਣੀ ਕਾਰ ਵਿਚ ਉਹ ਸਾਨੂੰ ਲੈ ਗਿਆ।

ਉਸ ਦੀ ਕਿੱਲੀ ਜਿਹੜੀ ਸੜਕ ਇਥੋਂ ਕੋਟੇ ਜਾਂਦੀ ਸੀ ਉਸ ਤੋਂ ਥੋੜ੍ਹੀ ਹਟ ਕੇ ਸੀ। ਕਿੱਲੀ ਦੇ ਵਿਚ ਸੜਕ ਦਾ ਟੋਟਾ ਜਾਂਦਾ ਸੀ। ਉਸ ਦੇ ਘਰ ਦੀ ਕੁਝ ਰਿਪੇਅਰ ਹੋਣ ਵਾਲੀ ਸੀ। ਬਰਾਂਡਿਆਂ ਦੀ ਜਾਫਰੀ ਟੁੱਟੀ ਹੋਈ ਸੀ। ਚਪਟੀਆਂ ਚੀਰ ਕੇ ਕੰਮ ਸ਼ੁਰੂ ਕਰ ਦਿਤਾ। ਸਾਡੇ ਨਾਲ ਬੜੇ ਪਿਆਰ ਨਾਲ ਬੋਲਦਾ। ਹੋਰ ਆਦਮੀ ਵੀ ਸਨ। ਇਕ ਕਮਰਾ ਦੇ ਦਿਤਾ। ਫੋਰ ਸੰਡੇਮਨ ਇਥੋਂ ਪੰਜ ਛੇ ਘੰਟੇ ਦਾ ਰਸਤਾ ਸੀ।

ਉਸ ਨਵਾਬ ਦੀ ਕਿੱਲੀ ਵਿਚ ਕੋਈ ਨਹੀਂ ਸੀ ਜਾ ਸਕਦਾ। ਇਕ ਨਿੱਕਾ ਜਿਹਾ ਕਿੱਲਾ ਵਲਿਆ ਹੋਇਆ ਸੀ। ਛੇ ਉਸ ਦੀਆਂ ਬੇਗਮਾਂ ਸਨ। ਸਭ ਤੋਂ ਵੱਡਾ ਲੜਕਾ ਜਿਸ ਨੂੰ ਪਿਉ ਬਾਅਦ ਨਵਾਬੀ ਮਿਲਣੀ ਸੀ। ਬੜਾ ਨਿਡਰ, ਦਲੇਰ ਅਤੇ ਬੇ-ਬਾਕ ਸੀ। ਉਸ ਦੀਆਂ ਅਜੇ ਦੋ ਬੇਗ਼ਮਾਂ ਸਨ। ਨਵਾਬ ਦੀ ਸਭ ਤੋਂ ਨਿੱਕੀ ਬੇਗਮ ਦੇ ਦੋ ਬਹੁਤ ਸੁਹਣੇ ਲੜਕੇ ਸਨ। ਉਹਨਾਂ ਨੂੰ ਇਕ ਦੇਹਰਾਦੂਨ ਦਾ ਮਾਸਟਰ ਪੜ੍ਹਾਉਂਦਾ ਸੀ। ਇਥੇ ਹੀ ਰਹਿੰਦਾ ਸੀ। ਸਾਡੀ ਗੱਲ ਚੰਗੀ ਤਰ੍ਹਾਂ ਸਮਝਦਾ, ਹਿੰਦੂ ਸੀ। ਉਸ ਨੇ ਬੜੀ ਵਾਕਫ਼ੀਅਤ ਦੇਣੀ। ਜਿਸ ਦਿਨ ਅਸੀਂ ਪਹੁੰਚੇ ਕਿਲ੍ਹੇ ਦੇ ਬਾਹਰਲੀ ਬੈਠਕ ਵਿਚ ਤਵਿਆਂ ਵਾਲਾ ਵਾਜਾ ਵੱਜ ਰਿਹਾ ਸੀ, "ਲੰਘ ਆਜਾ ਪੱਤਣ ਝਨਾ ਦਾ, ਉਹ ਯਾਰ ਲੰਘ ਆਜਾ ਪੱਤਣ ਝਨਾ ਦਾ।" ਚੁੱਪਚਾਪ ਇਕਾਂਤ ਵਿਚੋਂ ਇਕ ਗੀਤ ਸੁਣ ਕੇ ਸਰੂਰ ਆ ਗਿਆ, ਇਕ ਲੋਰ ਜਾਗ ਪਿਆ। ਨਵਾਬ ਤੋਂ ਪੁਛਿਆ—ਨਵਾਬ ਸਾਹਿਬ, ਯੇ ਗੀਤ ਆਪ ਕੋ ਸਮਝ ਆਤਾ ਹੈ?...ਨਵਾਬ ਨੇ ਹੱਸ ਕੇ ਕਿਹਾ—ਸਮਝ ਨਹੀਂ ਆਤਾ ਮਗਰ ਬੋਤ ਅੱਛਾ-ਅੱਛਾ ਲਗਤਾ ਹੈ, ਮਜ਼ਾ ਆਤਾ ਹੈ।...ਮੈਨੂੰ ਆਪਣੀ ਮਾਂ-ਬੋਲੀ ਉਤੇ ਉਦੋਂ ਅਨ-ਕਿਆਸਾ ਮਾਣ ਹੋਇਆ। ਮੈਂ ਫੁੱਲ ਗਿਆ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੇ ਦਿਨ ਸਾਡੇ ਕਮਰੇ ਵਿਚ ਪੰਜ ਛੇ ਖ਼ੂਬਸੂਰਤ ਜ਼ਨਾਨੀਆਂ ਮੈਲਿਆਂ ਕੁਚੈਲਿਆਂ ਕਪੜਿਆਂ ਵਿਚ ਥਾਲੀਆਂ ਵਿਚ ਤੇ ਨਿੱਕੀਆਂ ਟੋਕਰੀਆਂ ਵਿਚ ਆਟਾ, ਚੌਲ, ਕੱਚੀਆਂ ਸਬਜ਼ੀਆਂ, ਕੱਚੀਆਂ ਦਾਲਾਂ ਅਤੇ ਦੋ ਮੁਰਗੀਆਂ ਲੈ ਕੇ ਆ ਗਈਆਂ। ਇਕ ਨੇ ਲੱਕੜੀਆਂ ਚੁਕੀਆਂ ਹੋਈਆਂ ਸਨ। ਇਹ ਸਾਡੇ ਲਈ ਰਾਸ਼ਨ ਸੀ। ਨਾਲ ਕਹਿੰਦਾ ਸੀ, ਉਹ ਸਾਡੇ ਵਲ ਵੇਖ ਕੇ ਹੱਸਦੀਆਂ। ਆਪੋ ਵਿਚ ਗੱਲਾਂ ਕਰਦੀਆਂ, ਸਾਥੋਂ ਕੁਝ ਪੁਛਦੀਆਂ। ਅਸੀਂ ਡਰਦੇ ਮਾਰੇ ਮੂੰਹ ਉਤਾਂਹ ਨਾ ਚੁਕਦੇ। ਵੇਖ ਕੇ ਹਾਂ ਹੂੰ ਕਰਕੇ ਅੱਖੀਆਂ ਝੁਕਾ ਲੈਂਦੇ। ਪਾਠਾਣਾਂ ਲਈ ਬੰਦਾ ਮਾਰ ਦੇਣਾ ਕੋਈ ਬਹੁਤਾ ਔਖਾ ਨਹੀਂ ਸੀ।

ਸਾਨੂੰ ਡੇਰੀਏ ਮਾਸਟਰ ਨੇ ਦਸਿਆ—ਇਹ ਵੀਹ ਪੰਝੀ ਜ਼ਨਾਨੀਆਂ ਮੁਕੱਦਮੇ ਕਰਕੇ ਇਥੇ ਰਹਿੰਦੀਆਂ ਨੇ। ਇਧਰ ਔਰਤਾਂ ਦੇ ਕੇਸ ਬੜੇ ਹੁੰਦੇ ਹਨ। ਜਿਸ ਪਠਾਣ ਦੇ ਘਰ ਤਿੰਨ ਚਾਰ ਕੁੜੀਆਂ ਹੋ ਜਾਣ ਉਹ ਆਪਣੇ ਆਪ ਨੂੰ ਵੱਡਾ ਸਮਝਦਾ ਹੈ। ਕੁੜੀਆਂ ਦਾ ਬੜਾ ਮੁੱਲ ਪੈਂਦਾ ਹੈ। ਕਈ ਤਾਂ ਲਿਖਾ ਲੈਂਦੇ ਨੇ ਸਾਲ ਦੇ ਸਾਲ ਇਤਨੀਆਂ ਭੇਡਾਂ ਦਏਗਾ। ਇਕ ਊਠ ਦਏਗਾ। ਕਈ ਲਿਖਾ ਲੈਂਦੇ ਹਨ, ਜਿਹੜੀ ਇਸ ਦੇ ਪੇਟੋਂ ਕੁੜੀ ਹੋਵੇਗੀ ਉਹ ਵੀ ਕਿਸ਼ਤਾਂ ਵਿਚ ਲੈਣੀ ਹੈ। ਨਵਾਬ ਨਿੱਕੀਆਂ-ਨਿੱਕੀਆਂ ਕੁੜੀਆਂ ਖ਼ਰੀਦ ਲੈਂਦਾ ਹੈ। ਪਾਲ ਕੇ ਚੰਗੇ ਪੈਸੇ ਵੱਟਦਾ ਹੈ। ਲੋਕ ਕਹਿੰਦੇ ਹਨ, ਨਵਾਬ ਦੀ ਧੀ ਵਿਆਹ ਕੇ ਆਂਦੀ ਹੈ। ਉਹ ਸਾਰੇ ਝਗੜੇ ਨਵਾਬ ਕੋਲ ਆਉਂਦੇ ਹਨ। ਔਰਤਾਂ ਇਥੇ ਹੀ ਰੱਖ ਲੈਂਦਾ ਹੈ, ਝਗੜੇ ਮੁਕਣ ਤੱਕ। ਉਂਜ ਔਰਤਾਂ ਵਲੋਂ ਇਹ ਪਠਾਣ ਬਹੁਤ ਈਮਾਨਦਾਰ ਹਨ। ਕਈ ਡਾਕੂ ਵੀ ਹਨ। ਔਰਤਾਂ ਦਾ ਗਲ ਪਿਆ ਗਹਿਣਾ ਨਹੀਂ ਲਾਹੁੰਦੇ। ਔਰਤ ਅਤੇ ਬੱਚੇ ਨੂੰ ਇਹ ਬਹੁਤ ਚੰਗਾ ਸਮਝਦੇ ਹਨ। ਹੋਰ ਕਈ ਗੱਲਾਂ।...ਗੁਲਸ਼ਨ ਕਿੱਲੇ ਦੇ ਚਾਰ ਚੁਫੇਰੇ ਸਨ। ਬੜਾ ਮੇਵਾ ਸੀ, ਹਰ ਕਿਸਮ ਦਾ। ਸਮਾਂ ਪੱਤਝੜ ਦਾ ਸੀ। ਨਿੱਕੇ ਮੁੰਡਿਆਂ ਨੇ ਸਾਡੇ ਕੰਮ 'ਚੋਂ ਨਿਕਲੇ ਲਕੜੀ ਦੇ ਨਿੱਕੇ-ਨਿੱਕੇ ਡੱਕ ਚੁਣ ਲੈਣੇ। ਉਤਾਂਹ ਨੂੰ ਸੁਟਣੇ ਫਿਰ ਐਘਰ ਗੰਨ ਨਾਲ ਨਿਸ਼ਾਨਾ ਕਰਨਾ। ਕਈ ਡੱਕ ਨਿਸ਼ਾਨਾ ਬਣਾਉਣੇ।

ਮੁਕੱਦਮੇ ਵਾਲੀਆਂ ਔਰਤਾਂ ਦੀਆਂ ਦੋ-ਦੋ ਗੁੱਤਾਂ ਸਨ। ਗੋਡਿਆਂ-ਗੋਡਿਆਂ ਤਕ ਲੰਮੀਆਂ। ਧੁੱਪੇ ਲੰਮੀਆਂ ਪਈਆਂ ਰਹਿੰਦੀਆਂ, ਗੱਲਾਂ ਮਾਰਦੀਆਂ। ਸਿਆਲ ਲਈ ਛਤਰੇ ਰੋਜ਼ ਪੰਜ ਛੇ ਹਲਾਲ ਹੁੰਦੇ। ਸਰਦੀਆਂ ਲਈ ਇਸ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਮੀਟ ਨੂੰ [illegible] ਚਲਦਾ । ਉਹਨਾਂ ਨੇ ਕੋਈ ਸੌ ਕੁ ਬਕਰਾ ਇੰਜ ਕੀਤਾ ।

ਸਾਥੋਂ ਹੱਟ ਕੇ ਇਕ ਹੋਰ ਕਿੱਲੀ ਸੀ । ਉਥੇ ਬੰਦੂਕਾਂ ਚਲਣ ਦੀ ਆਵਾਜ਼ ਆਉਂਦੀ ਰਹੀ । ਡੇਰੀਏ ਮਾਸਟਰ ਨੇ ਦਸਿਆ ਇਕ ਔਰਤ ਦਾ ਝਗੜਾ ਸੀ । ਕੋਈ ਨਠਾ ਕੇ ਲੈ ਆਇਆ ਮਗਰ ਬੰਦੂਕਾਂ ਵਾਲੀ ਵਾਹਰ ਆ ਗਈ । ਗੋਲੀਆਂ ਚੱਲੀਆਂ । ਤਿੰਨੇ ਬੰਦੇ ਮਰ ਗਏ ।...ਉਥੇ ਹਰ ਪਠਾਣ ਮੋਢੇ ਉਤੇ ਬੰਦੂਕ ਪਾਈ ਫਿਰਦਾ ਸੀ । ਕਬਾਇਲੀ ਇਲਾਕਾ ਨਾਲ ਸੀ ।

ਕੰਮ ਮੁੱਕਾ ਨਵਾਬ ਨੇ ਪੈਸੇ ਦਿੱਤੇ । ਦਸ ਰੁਪਏ ਇਨਾਮ ਦਿਤਾ । ਮੇਰੇ ਨਾਲ ਦਾ ਚੀਕਦਾ ਰਿਹਾ ਮੈਂ ਉਸ ਨਾਲ ਨਾ ਵੰਡਿਆ । ਕਿਹਾ—ਮੈਂ ਤੈਨੂੰ ਆਂਦਾ ਸੀ ਇਨਾਮ ਕਿਹਾ ? ਕੁਝ-ਕੁਝ ਬੇਈਮਾਨ ਮੇਰੇ ਸਣੇ ਸਾਰੇ ਤਰਖਾਣ ਹੁੰਦੇ ਸੀ । ਮੈਂ ਉਥੋਂ ਸਿੱਧਾ ਲੋਗਲਾਈ ਆ ਗਿਆ । ਕੰਮ ਮੈਨੂੰ ਪਹਿਲਿਆਂ ਸਿੰਧੀਆਂ ਦੇ ਮਿਲ ਗਿਆ । ਪੋਸਟ ਮਾਸਟਰ ਸਣੇ ਸਾਰੇ ਯਾਰ ਮਿਲ ਗਏ । ਸਿੰਧੀਆਂ ਦਾ ਇਕ ਮੁਨਸ਼ੀ ਸੀ । ਛਿਵ ਰਾਮ ਮੁਲਤਾਨ ਵਾਲੇ ਪਾਸੇ ਦਾ । ਬੜਾ ਸਖ਼ਤ । ਬੜੀ ਚੰਗੀ ਠੇਠ ਪੰਜਬੀ ਬੋਲਦਾ । ਹਫਤੇ ਬਾਅਦ ਮੇਰਾ ਉਹ ਪੱਕਾ ਯਾਰ ਬਣ ਗਿਆ । ਵਹੁਟੀ ਅਨਪੜ੍ਹ ਤੇ ਕੁਝ ਸਿੱਧੀ ਸੀ ।

ਸਤਵੰਤ ਕੌਰ ਵੀ ਉਥੇ ਆ ਗਈ । ਚਾਚੇ ਮੰਗਲ ਸਿੰਘ ਹੋਰਾਂ ਨਾਲ ਬੜਾ ਮੋਹ ਵਧ ਗਿਆ । ਚਾਚੀ ਬਹੁਤ ਚੰਗੀ ਔਰਤ ਸੀ ।

ਇਕ ਸਿਆਲ ਜਦੋਂ ਮੈਂ ਇਕੱਲਾ ਫੋਰਟ ਸੰਡੇਮਨ ਆਇਆ ਸਾਂ ਉਥੇ ਆਇਆ । ਪਹਿਲੀ ਬਰਫ਼ ਪੈਂਦੀ ਵੇਖੀ ਸੀ । ਰੂੰ ਦੇ ਗੋੜ੍ਹਿਆਂ ਵਾਂਗ ਪੈਂਦੀ ਰੁੱਖਾਂ ਦੀਆਂ ਟਾਣੀਆਂ ਨਾਲ ਅਟਕਦੀ । ਮੈਂ ਬਾਹਰ ਨਿਕਲ ਕੇ ਵੇਖਦਾ । ਕੰਮ ਹਾੜ ਸਿਆਲ ਬੰਦ ਨਹੀਂ ਸੀ ਹੁੰਦਾ । ਇਕ ਦੋ ਦਿਨ ਰੁਕਦਾ । ਬਰਫ਼ ਪੈਣ ਬਾਅਦ ਇਕ ਐਸੀ ਤਿੱਖੀ ਹਵਾ ਵਗਦੀ ਜਿਸ ਨੂੰ ਚੱਟ ਜਾਏ ਇਕ ਦੋ ਘੰਟੇ ਵਿਚ ਖ਼ਤਮ ਕਰ ਦਿੰਦੀ । ਲੋਗਲਾਈ ਵੀ ਮੈਂ ਤੇ ਸਤਵੰਤ ਨੇ ਬਰਫ ਵਿਚ ਸਿਆਲ ਕੱਟਿਆ । ਫੋਰ ਸੰਡੇ ਸਤਵੰਤ ਦੇ ਵੈਰਾਗ ਵਿਚ ਬਸੰਤ ਵਾਲੇ ਦਿਨ ਨਜ਼ਮ ਲਿਖੀ ਸੀ ਜਿਹੜੀ ਅਜੇ ਵੀ ਹੈ ਅਤੇ ਸਟੇਜਾਂ ਉਤੇ ਬਹੁਤ ਚਲਦੀ ਰਹੀ । "ਸਾਡੇ ਭਾ ਦੀ ਕਾਹਦੀ ਬਸੰਤ ਆਈ ।"...ਰਾਏ ਦੀਆਂ ਗੱਲਾਂ ਸਾਨੂੰ ਕਿਸੇ ਨੇ ਦੱਸੀਆਂ—ਰਾਹੀ ਜੀ ਤੁਹਾਡਾ ਭਰਾ ਤੇ ਮਜ਼ੁਬੀਆਂ ਦੀ ਕੁੜੀ ਪਿੱਛੇ ਲੱਗਾ ਹੋਇਆ ਹੈ । ਉਸ ਨੂੰ ਸੱਦ ਕੇ ਕੋਈ ਮੱਤ ਦਿਉ ।

ਸਤਵੰਤ ਨਾਲ ਸਲਾਹ ਕਰਕੇ ਉਸ ਨੂੰ ਲੋਗਲਾਈ ਸੱਦਿਆ । ਉਹ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਇਆ ਮੈਂ ਉਹਦੀ ਕੁੱਤੇ ਦੀ ਬਾਬ ਕੀਤੀ ਆਖਿਆ—ਉਏ ਹਰਾਮ-ਜਾਦਿਆ ਤੈਨੂੰ ਬੱਸ ਦੀ ਖੱਜਲ ਖਵਾਰੀ ਨੇ ਵਿਗਾੜ ਦਿੱਤਾ ਹੈ ਤੂੰ ਉਹਨਾਂ ਮਜ਼ਬੀਆਂ ਦੀ ਕੁੜੀ ਨਾਲ ਵਿਆਹ ਕਰਾਉਣਾ ਚਾਹੁੰਦਾ ਹੈਂ ਤੈਨੂੰ ਸ਼ਰਮ ਨਹੀਂ ਕੁੱਤਿਆ ! ! ਕੋਈ ਖਾਨਦਾਨ ਦਾ ਖ਼ਿਆਲ ਹੈ ਅਸੀਂ ਜਸਵਾਲ ਹਾਂ ਸਾਡਿਆਂ ਵੱਡਿਆਂ ਦੇ ਦੋ-ਦੋ ਤਿੰਨ-ਤਿੰਨ ਚਾਰ-ਚਾਰ ਵਿਆਹ ਹੋਏ । ਬੜੀਆਂ ਉੱਚੀਆਂ ਜਾਤੀਆਂ ਦੇ ਰਿਸ਼ਤੇ ਆਏ । ਉਏ ! ਜਸਵਾਲੀਆਂ ਦੇ ਕੁੱਤੇ ਵਿਆਹੇ ਜਾਂਦੇ ਨੇ ਨੀਚਾ—! ! ਉਹ ਮੇਰੇ ਅੱਗੇ ਬੋਲਿਆ ਨਾ ਸਿਰ ਨੀਵਾਂ ਕਰਕੇ ਬੈਠ ਗਿਆ । ਜਦ ਠਹਿਰ ਕੇ ਫਿਰ ਸਤਵੰਤ ਨੇ ਪੁੱਛਿਆ ਤੇ ਬਿਲਕੁਲ ਮੁਕਰ ਗਿਆ । ਸਹੁੰਆਂ ਖਾਣ ਲੱਗਾ । ਦੋ ਤਿੰਨ ਦਿਨ ਰਹਿ ਕੇ ਚਲਾ ਗਿਆ ।

ਲੋਗਲਾਈ ਤੋਂ ਇਕ ਪਾਸੇ ਕਰਕੇ ਇਕ ਪੋਸਟ ਸੀ ਦੂੱਕੀ । ਉਦੋਂ ਕਿਤੇ ਕਿਤੇ ਬੱਸਾਂ ਜਾਣ ਲੱਗ ਪਈਆਂ ਸਨ । ਸਿੰਧੀਆਂ ਦਾ ਉਥੇ ਕੰਮ ਸੀ ਇਕ ਮਹੀਨੇ ਲਈ । ਮੈਂ ਸ਼ਿਵਰਾਮ ਤੇ ਕੁਝ ਰਾਜ ਮਜ਼ਦੂਰ ਗਏ । ਦੂੱਕੀ ਇਕ ਮਸ਼ਹੂਰ ਜਗ੍ਹਾ ਹੈ ਉਥੋਂ ਦੇ ਖਰਬੂਜੇ ਸਾਰੇ ਦੇਸ਼ਾਂ ਵਿਚ ਜਾਂਦੇ ਸਨ । ਸ਼ਰਦਿਆਂ ਨਾਲੋਂ ਮਿੱਠੇ । ਸਤਵੰਤ ਨੇ ਕਰਾਕਰੀ ਵਾਲੀ ਟੋਕਰੀ ਛੱਤ ਉਤੇ ਰੱਖ ਦਿੱਤੀ ਰਾਹ ਵਿਚ ਸੜਕ ਕੰਢੇ ਅਨਾਰਾਂ ਦੇ ਬੂਟੇ ਸੜਕ ਵੱਲ ਝੁਕੇ ਹੋਏ ਸੀ ਕੁਝ ਟਾਣੀਆਂ ਵੱਜੀਆਂ, ਟੋਕਰੀ ਸੜਕ ਉਤੇ ਡਿੱਗ ਪਈ । ਬਸ ਖਲੋ ਗਈ ਮੈਂ ਉਤਰ ਕੇ ਟੋਕਰੀ ਚੁਕ ਲਿਆਂਦੀ ਸਭ ਕੁਝ ਟੁੱਟ ਗਿਆ । ਹੱਸ ਕੇ ਕਿਹਾ ਚੰਗਾ ਹੋਇਆ ਅੰਗਰੇਜ਼ੀ ਮਾਲ ਗਲੋਂ ਲੱਥਾ ।

ਕੋਈ ਵੱਡਾ ਕਵਾਟਰ ਬਣਨਾ ਸੀ, ਓਵਰਸੀਅਰ ਤੰਗ ਕਰਦਾ ਸਿੰਧੀ ਆਇਆ ਛਿਵ ਰਾਮ ਨੇ ਦੱਸਿਆ, ਸਿੰਧੀ ਨੇ ਓਵਰਸੀਅਰ ਨੂੰ ਬੁਲਾਇਆ—। ਉਏ ਭੈੜਿਆ ਕਿਉਂ ਤੰਗ ਕਰਦਾ ਹੈਂ ਉਏ ! ਇੰਨੀ ਗੱਲ ਕਹਿ ਦੋ ਸੌ ਦੇ ਨੋਟ ਕੱਢ ਕੇ ਉਹਦੇ ਅੱਗੇ ਸੁੱਟ ਦਿੱਤੇ—ਲੈ ਫੜ ਹੋਰ ਲੈਣੇ ਹੈ ਲੈ ਲਈਂ ਕੰਮ ਨਾ ਰੋਕਣਾ ...ਬੱਸ ਕੰਮ ਚਲ ਨਿਕਲਿਆ ਜਿਸ ਦਿਨ ਮੇਰਾ ਕੰਮ ਰੁਕਣਾ ਸ਼ਿਵ ਰਾਮ ਪਹਾੜੀ ਉਤੇ ਪੱਥਰ ਘੜ੍ਹਨ ਵਾਲੇ ਨਾਲ ਘੱਲ ਦੇਣਾ । ਮੈਂ ਇਧਰ-ਉਧਰ ਹਥੌੜਿਆਂ ਨਾਲ ਪੱਥਰ ਸਿੱਧੇ-ਸੁੱਧੇ ਕਰ ਦੇਣੇ । ਅਸੀਂ ਇਕਠੇ ਇਕ ਥਾਂ ਰਹਿੰਦੇ ਸਾਂ ਰੋਟੀ ਇਕਠੀ । ਸੌਣ ਕਮਰੇ ਵੱਖਰੇ-ਵੱਖਰੇ ਦਿਨੇ ਮੈਂ ਸਮਾਂ ਕਢ ਕੇ ਉਸ ਦੀ ਵਹੁਟੀ ਨੂੰ ਗੁਰਮੁਖੀ ਪੜ੍ਹਾਉਣੀ । ਇਕ ਮੁਸਲਮਾਨ ਰੱਖ ਲਿਆ ਉਹ ਪਾਣੀ ਲਿਆ ਦਿੰਦਾ ਹੋਰ ਚੀਜ਼ ਵਸਤ ਵੀ । ਕੰਮ ਤੇ ਉਹਨੂੰ ਲਾ ਲਿਆ । ਆਪਣਿਆਂ ਸਾਰਿਆਂ ਸਾਨੂੰ ਆਖਿਆ—ਮੁਸਲਮਾਨ ਹਟਾ ਦਿਉ ...ਸ਼ਿਵਰਾਮ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੇ ਉੱਤਰ ਦਿੱਤਾ—ਤੁਸੀਂ ਸਾਡੇ ਘਰ ਦਾ ਕੰਮ ਕਰ ਦਿਆ ਕਰੋ— ...ਚੁਪ ਛਾ ਗਈ।

ਉਥੇ ਬਾਗ਼ ਬਹੁਤ ਸਨ। ਪਠਾਣਾਂ ਵਿਚ ਇਹ ਰਿਵਾਜ ਹੈ ਬਾਗ਼ ਵਿਚੋਂ ਕੋਈ ਵੀ ਫਲ ਤੋੜ ਕੇ ਖਾਵੇ ਰੋਕਦੇ ਨਹੀਂ, ਰੋਕਣ ਨੂੰ ਗੁਨਾਹ ਸਮਝਦੇ ਹਨ। ਅਸਾਂ ਸਭ ਨੂੰ ਵਰਜ ਦਿੱਤਾ। ਕੋਈ ਕਿਸੇ ਬਾਗ਼ ਦੇ ਫਲ ਨਾ ਤੋੜੇ, ਇਕ ਬਦਾਮਾਂ ਦਾ ਵੱਡਾ ਸਾਰਾ ਬਾਗ਼ ਸੀ। ਹੋਰ ਫਲਾਂ ਦੇ ਬੂਟੇ ਵੀ ਵਿਰਲੇ-ਵਿਰਲੇ ਸਨ, ਮੈਂ ਉਸ ਬਾਗ਼ ਵਿਚ ਵਿਹਲੇ ਸਮੇਂ ਬਹਿ ਕੇ ਚੁਝ ਪੜ੍ਹਨਾ ਕੁਝ ਲਿਖਣਾ ...ਇਕ ਰਾਖਾ ਗਭਰੂ ਪਠਾਨ ਸੀ ਸੁਹਣਾ ਜਵਾਨ, ਉਸ ਨੇ ਮੈਨੂੰ ਵੇਖਣਾ, ਇਕ ਦਿਨ ਮੇਰੇ ਲਾਗੇ ਆ ਕੇ ਬੈਠ ਗਿਆ। —ਸਰਦਾਰਾ ਤੁਮ ਜਾਦੂ ਜਾਨਤਾ ਹੈਂ ... ਮੈਂ ਆਖਿਆ—ਖਾਨ ਹਮ ਜਾਦੂ ਮਾਨਤਾ ਨਹੀਂ ਜਾਨੇਗਾ ਕਿਆ।

ਉਸ ਨੇ ਮੇਰਾ ਪਿੱਛਾ ਨਾ ਛੱਡਿਆ। ਜਦ ਜਾਣਾ ਉਸ ਨੇ ਮੇਰੇ ਦੁਆਲੇ ਹੋ ਜਾਣਾ। ਮੈਂ ਸ਼ਿਵਰਾਮ ਨਾਲ ਗੱਲ ਕੀਤੀ। ਉਸ ਨੇ ਕਿਹਾ ਤੇਰਾ ਪਿੱਛਾ ਇਸ ਨਹੀਂ ਛੱਡਣਾ। ਉਸ ਨੇ ਪੰਜ ਛੇ ਵੱਡੇ ਕਾਗਜ਼ ਦੇ ਟੋਟੇ ਕਰਕੇ ਉਸ ਉਤੇ ਲਾਲ ਪੈਂਨਸਲ ਨਾਲ ਕੁਝ ਵਾਹ ਦਿੱਤਾ। ਮੈਨੂੰ ਦੇ ਕੇ ਕਹਿਣ ਲੱਗਾ—ਉਸ ਨੂੰ ਦੇ ਦਈਂ ਇਕ ਨੂੰ ਬਾਂਹ ਉਤੇ ਬੰਨ ਲਏ ਬਾਕੀ ਤੂੰ ਕਰ ਲਈਂ ਸਮੇਂ ਅਨੁਸਾਰ।

ਮੈਂ ਗਿਆ। ਮੇਰੇ ਕੋਲ ਉਹ। ਮੈਂ ਪੁਛਿਆ—ਖਾਨ ਜਾਦੂ ਕੋ ਕਿਆ ਕਰੇਗਾ ?...ਉਸ ਨੇ ਉੱਤਰ ਦਿੱਤਾ—ਏਕ ਲੜਕੀ ਪਰ ਆਸ਼ਕ ਖੁਦਾ ਜਾਨਤਾ ਮਰ ਜਾਏਗਾ। ਇਕ ਯਾਰ ਹਮਾਰੇ ਸਾਥ ਬੋਲੇ ਬੱਸ ਯੇ ਮਾਂਗਤਾ।...ਮੈਂ ਇਹ ਤਹਿ ਕੀਤਾ ਕਾਗਜ਼ ਦਿੱਤਾ ਕਲਾਈ ਉੱਤੇ ਬੰਨਣ ਲਈ ਆਖਿਆ। ਬਾਕੀ ਪੰਜ ਛੇ ਤਹਿ ਲੱਗਿਆਂ ਨੂੰ ਆਖਿਆ—ਦੇਖੋ ਖਾਨ ਜੱਬ ਲੜਕੀ ਸਾਹਮਣੇ ਆਏ ਏਕ ਕਾਗਜ਼ ਖੋਲ੍ਹ ਕਰ ਫਾੜ ਦਿਉ ਆਂਖੇਂ ਉਸ ਕੇ ਸਾਥ ਮਿਲਾਉ।... ਉਹ ਬੜਾ ਖੁਸ਼ ਹੋਇਆ ਉੱਠ ਕੇ ਆਪਣੇ ਆਹਰੇ ਲੱਗ ਗਿਆ।

ਸਾਡਾ ਕੰਮ ਚਲਦਾ ਰਿਹਾ। ਜਦ ਕੰਮ ਮੁਕਣ ਤੇ ਆਇਆ ਉਹ ਸ਼ਾਮ ਨੂੰ ਸਾਡੇ ਘਰ ਆ ਗਿਆ। ਬਦਾਮ ਚਲਗੋਜ਼ੇ, ਸੇਬ, ਸੁਕੀਆਂ ਖੁਰਮਾਨੀਆਂ, ਖਰਬੂਜ਼ੇ ਲਿਆ ਰੱਖੇ। ਮੇਰੇ ਮੋਢੇ ਘੁਟਣ ਲੱਗ ਪਿਆ—ਓ ਸਰਦਾਰ ਖ਼ੁਦਾ ਤੁਮ ਕੋ ਬੜਾ ਬਰਕਤ ਦੇ ਗਾ। ਤੁਮ ਨੇ ਹਮਾਰਾ ਕਾਮ ਕਰ ਦੀਆ। ਹਮਰਾ ਮਾਸ਼ੂਕ ਹਮਾਰੇ ਬੋਲਾ ਬਾਤ ਕੀਆ।...ਅਸੀਂ ਸਭ ਕੁਝ ਰੱਖ ਲਿਆ ਉਹ


CC-0. In Public Domain. Gurukul Kangri Collection, Haridwar

ਚਲਿਆ [illegible] ਗਲਾਈ
Digitized by Arya Samaj Foundation Chennai and eGangotri
ਆ ਗਏ ।

ਗੁਰੂ ਨਾਨਕ ਦੇਵ ਦੇ ਪੁਰਬ ਉਤੇ ਕੋਟੇ ਤੋਂ ਰਾਗੀ ਗੁਰਦੁਆਰਾ ਕਮੇਟੀ ਨੇ ਲਿਆਂਦੇ । ਉਮਰੋਂ ਤੇ ਰਾਗੋਂ ਸਿਆਣੇ । ਉਹਨਾਂ ਨਾਲ ਇਕ ਪ੍ਰਚਾਰਕ ਮੁਸਲਮਾਨੋਂ ਸਿੰਘ ਹੋਇਆ ਹੋਇਆ ਸੀ । ਉਹ ਵੀ ਪਤਨੀ ਸਣੇ ਆ ਗਿਆ । ਮੈਨੂੰ ਠਰਕ ਹੋਇਆ ਕਿ ਇਸ ਤੋਂ ਪੁੱਛਾਂ ਤੂੰ ਧਰਮ ਕਿਉਂ ਬਦਲਿਆ । ਉਸ ਕੋਲੋਂ ਪੁੱਛਿਆ ਵੀ ਪਰ ਉਹ ਮੇਰੀ ਤਸੱਲੀ ਨਾ ਕਰ ਸਕਿਆ । ਬਾਵਾ ਜਿਹਾ ਹੀ ਜਾਪਿਆ । ਉਸ ਦੇ ਨਾਲ ਅਸੀਂ ਤਿੰਨ ਚਾਰ ਜਣੇ ਫਿਰਦੇ । ਮੁਸਲਮਾਨੀ ਇਲਾਕਾ ਸੀ । ਹਖਵਾਲੀ ਲਈ ।

ਬੀਰੀ ਹੁਣ ਬਹੁਤ ਸ਼ੈਤਾਨ ਹੋ ਗਈ ਸੀ । ਨੱਠੀ ਫਿਰਦੀ । ਚਾਚੇ ਮੰਗਲ ਸਿੰਘ ਦੀ ਕੁਕੜੀ ਪਿੱਛੇ ਚੂਚੇ ਸਨ ਉਹਨੂੰ ਫੜਦੀ । ਬੜੀ ਛੇਤੀ ਬੋਲਣ ਲੱਗ ਪਈ । ਇਕ ਵਾਰੀ ਗੁਰਦੁਆਰਿਉਂ ਲੱਭੀ । ਇਕ ਵਾਰੀ ਫਰੂਟ ਤੇ ਸਬਜ਼ੀ ਮਾਰਕੀਟ ਵਿਚੋਂ । ਪੂਰੇ ਸਾਲ ਦੀ ਨਹੀਂ ਸੀ ਹੋਈ ।

ਬੀਰੀ ਦੇ ਬਾਅਦ ਦੂਜਾ ਬੱਚਾ ਹੋਣ ਵਾਲਾ ਹੋ ਗਿਆ । ਸੋਚਿਆ ਸਤਵੰਤ ਨੂੰ ਲਾਹੌਰ ਘੱਲ ਦਿਆਂ । ਬੱਚਾ ਜਦੋਂ ਛੇ ਸੱਤ ਮਹੀਨੇ ਦਾ ਮਾਂ ਦੇ ਪੇਟ ਵਿਚ ਪਲ ਗਿਆ । ਸਤਵੰਤ ਨੂੰ ਘੱਲਣ ਦੀ ਸਲਾਹ ਕਰ ਲਈ । ਸਤਵੰਤ ਮੰਨ ਗਈ । ਉਹ ਵੀ ਮੈਨੂੰ ਛੱਡ ਕੇ ਨਹੀਂ ਜਾਣਾ ਚਾਹੁੰਦੀ ਸੀ ।

ਸਾਰੇ ਭਾਂਡੇ ਤੇ ਕਰਾਕਰੀ ਉਥੋਂ ਲਈ ਹੋਈ ਕੂੰਡੀ । ਵੱਡੇ ਖੋਖੇ ਵਿਚ ਕੂੰਡੀ ਵਿਚਕਾਰ ਰੱਖ ਕੇ ਕਰਾਕਰੀ ਤੇ ਭਾਂਡੇ ਚਾਰ ਚੁਫੇਰੇ ਰੱਖੇ । ਚੰਗੀ ਤਰ੍ਹਾਂ ਪਰਾਲੀ ਕੱਸ-ਕੱਸ ਕੇ ਤੁੰਨ ਦਿੱਤੀ । ਬੰਦ ਕਰਕੇ ਲੋਹੇ ਦੀਆਂ ਪੱਤਰੀਆਂ ਜੜ੍ਹ ਦਿੱਤੀਆਂ । ਸੁੱਕਾ ਫਰੂਟ ਲਿਆ । ਬੱਸੇ ਬਹਿ ਕੇ ਹਰਨਾਈ ਤੋਂ ਲੌਢੇ ਵੇਲੇ ਗੱਡੀ ਉਥੋਂ ਸਿੱਧੀ ਲਾਹੌਰ ਜਾਂਦੀ ਸੀ । ਉਸ ਵਿਚ ਬਿਠਾ ਕੇ ਪਾਰਸਲ ਕਰ ਦਿੱਤਾ ਡੇਰੇ ਬਾਬੇ ਨਾਨਕ ਲਈ । ਜਨਾਨੇ ਡੱਬੇ ਵਿਚ ਸਤਵੰਤ ਨੂੰ ਛੇ ਸੱਤ ਔਰਤਾਂ ਨਾਲ ਬਿਠਾ ਦਿੱਤਾ । ਇਕ ਵੇਸ਼ਵਾ ਵੀ ਉਸ ਡੱਬੇ ਵਿਚ ਬੈਠੀ ਹੋਈ ਸੀ । ਉਸ ਨੇ ਬੀਰੀ ਨੂੰ ਚੁੱਕ ਲਿਆ । ਬੜੀ ਖ਼ੁਸ਼ ਹੋਈ । ਬੜਾ ਪਿਆਰ ਕਰਨ ਲੱਗ ਪਈ । ਮੈਂ ਉਸ ਵੱਲ ਵੇਖਣ ਲੱਗ ਪਿਆ । ਮੇਰੇ ਅੰਦਰੋਂ ਇਕ ਸੋਚ ਉਭਰ ਰਹੀ ਸੀ – ਇਸ ਨੇ ਮਾਂ ਦਾ ਚਾਅ ਤੇ ਆਸਾਂ ਸੀਨੇ ਵਿਚ ਘੁੱਟ ਕੇ ਅਖੀਰ ਤੇ ਖੋਰਿਆ ਕਿਸ ਹਾਲਤ ਵਿਚ ਮਰਨਾ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੱਡੀ ਤੁਰ ਗਈ ਮੈਂ ਰਾਤ ਗੁਰਦੁਆਰੇ ਰਿਹਾ । ਗੱਡੀ ਜਾਣ ਦੇ ਬਾਅਦ ਇਕ ਕੁਦਰਤੀ ਚਸ਼ਮੇ ਉਤੇ ਜਾ ਬੈਠਾ ਉਦਾਸ ਹੋ ਗਿਆ, ਰੋ ਪਿਆ । ਵਿਛੋੜੇ ਦੀ ਇਕ ਕਵਿਤਾ ਲਿਖੀ ।

ਲੱਗਲਾਈ ਸਿੰਧੀਆਂ ਕੋਲ ਲਕੜੀ ਦਾ ਕੰਮ ਮੁੱਕ ਜਾਣ ਕਰਕੇ ਮੈਂ ਐਮ. ਈ.ਐਸ. ਵਿਚ ਜਾ ਲੱਗਾ । ਇਹ ਛਾਉਣੀਆਂ ਲਈ ਸਰਕਾਰੀ ਮਹਿਕਮਾ ਹੁੰਦਾ ਹੈ । ਉਥੇ ਸੁਜਾਨ ਸਿੰਘ ਮੇਰਾ ਚੰਗਾ ਵਾਕਫ਼ ਸੀ । ਪੂਰਾ ਪੰਜਾਬੀ ਅਤੇ ਪੰਜਾਬੀ ਸੁਭਾਅ ਵਾਲਾ । ਪੰਜਾਬ ਵਰਗਾ ਜਵਾਨ ਤੇ ਦਲੇਰ ਓਵਰਸੀਅਰ । ਉਸਦੇ ਘਰ ਕੰਮ ਕਰਨਾ । ਹਾਜ਼ਰੀ ਸਰਕਾਰੀ ਕੰਮ ਦੀ ਲੱਗਦੀ । ਉਸ ਦਾ ਵਲਾਇਤੀ ਕਿਸਮ ਦਾ ਪਲੰਗ ਬਣਿਆ । ਹੋਰ ਕੁਝ ਫਰਨੀਚਰ । ਉਸ ਦੀ ਪਤਨੀ ਮਾਂ ਤੇ ਦੋ ਬੱਚੇ ਉਥੇ ਸਨ । ਮੇਰੀ ਸਾਰੇ ਘਰ ਵਾਲੇ ਬੜੀ ਇਜ਼ਤ ਕਰਦੇ ।

ਉਹਨਾਂ ਦੇ ਐਸ. ਡੀ. ਓ. ਦੇ ਘਰ ਮੁਟਿਆਰ ਪਤਨੀ ਸੀ । ਬੜੀ ਖ਼ੂਬਸੂਰਤ । ਉਹ ਆਪ ਬੁੱਢਾ ਹੋ ਰਿਹਾ ਸੀ । ਇਹ ਮੁਟਿਆਰ ਕੋਇਟੇ ਦੇ ਭੁਚਾਲ ਵਿਚ ਬਚ ਗਈ ਸੀ । ਸਭਾ ਸੁਸਾਇਟੀ ਨੇ ਇਸ ਦੇ ਘਰ ਬਿਠਾ ਦਿੱਤਾ ਸੀ । ਉਹ ਆਪਣਾ ਕੋਠੀ ਵਿਚ ਟੌਰ ਬਣਾ ਕੇ ਰੱਖਦੀ । ਅਫਸਰਾਂ ਵਾਲਾ ਹੁਕਮ ਚਲਾਉਂਦੀ । ਹਰ ਇਕ ਨੂੰ ਟਿੱਚ ਸਮਝਦੀ । ਸੁਜਾਨ ਸਿੰਘ ਨੂੰ ਜੋ ਕੰਮ ਕਹਿਣਾ ਹੁੰਦਾ ਕਹਿੰਦੀ । ਉਸ ਦੇ ਘਰ ਦਾ ਖਾਸ ਨੌਕਰ ਸੀ ਪਿਆਰਾ ਲਾਲ ਗਭਰੂ । ਉਸ ਨੂੰ ਆਵਾਜ਼ ਮਾਰਦੀ—ਵੇ ਪਿਆਰਿਆ । ਸੁਜਾਨ ਸਿੰਘ ਨੇ ਉਸ ਨੌਕਰ ਨੂੰ ਕਹਿਣਾ—ਹਾਏ ! ਹਾਏ ! ਪਿਆਰਿਆ ਮਾਪਿਆਂ ਮੇਰਾ ਨਾਂ ਵੀ ਪਿਆਰਾ ਸਿੰਘ ਰੱਖਿਆ ਹੁੰਦਾ ਮੈਨੂੰ ਵੀ ਮੇਮ ਸਾਹਿਬ ਕਹਿੰਦੀ—ਵੇ ਪਿਆਰਿਆ ਪਰ ਸਾਡੀ ਕਿਸਮਤ ਕਿੱਥੇ ! !

ਇਕ ਹੋਰ ਆਫਸ ਵਿਚ ਕਲਰਕ ਸੀ ਫੁੱਲ ਬੇਰੀ ਵਾਲਾ । ਉਸ ਨੇ ਵੀ ਕੋਇਟੇ ਦੇ ਭੂਚਾਲ ਤੋਂ ਬਚੀ ਹੋਈ ਇਕ ਮੁਟਿਆਰ ਨਾਲ ਵਿਆਹ ਕੀਤਾ ਹੋਇਆ ਸੀ । ਉਹ ਬੜੀ ਸੁਹਣੀ ਸੀ । ਕਲਰਕ ਉਸ ਦੇ ਨਾਲ ਤਰਕਾਲਾਂ ਨੂੰ ਸੈਰ ਕਰਨ ਨਿਕਲਦਾ । ਖ਼ੂਬ ਹਜਾਮਤ ਕਰਾਈ ਹੋਈ ਹੁੰਦੀ ਜਿਸ ਤਰ੍ਹਾਂ ਐਸ. ਡੀ. ਓ. ਕਰਾ ਕੇ ਫੱਬਿਆ ਰਹਿੰਦਾ ਸੀ ।

ਮੈਂ ਤੇ ਸੁਜਾਨ ਸਿੰਘ ਘੁੱਟ-ਘੁੱਟ ਸ਼ਰਾਬ ਪੀ ਕੇ ਫਿਰਨ ਨਿਕਲੇ ਹੋਏ ਸਾਂ । ਕਲਰਕ ਜੋੜਾ ਸੈਰ ਕਰਦਾ ਮਿਲ ਪਿਆ । ਮੈਂ ਕਿਹਾ ।—ਸੁਜਾਨ ਸਿੰਘ ਇਸ ਨੂੰ ਕਿਤੇ ਟੋਅ ਛੱਡਣਾ ਸੀ ।...ਅੱਗੋਂ ਹੱਸ ਕੇ ਕਹਿਣ ਲੱਗਾ ਮੇਰੇ ਕੋਲ ਤੇਰੀ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੁਪਏ [illegible] ਰੁਪਿਆਂ ਦਾ ਕੀ ਮਤਲਬ ਹੋਇਆ ?

—ਗੱਲ ਸੁਣ ! ਉਸ ਨੇ ਦੱਸਿਆ — ਤਿੰਨ ਕੁ ਮਹੀਨੇ ਹੋਏ ਇਸ ਸੁਹਣੀ ਨੂੰ ਛੇੜਿਆ ਸੀ । ਨਾਲ ਦੇ ਬਾਂਦਰ ਐਸ. ਡੀ. ਓ. ਕੋਲ ਸ਼ਿਕਾਇਤ ਕਰ ਦਿੱਤੀ । ਮੈਨੂੰ ਸੱਦਿਆ ਗਿਆ । ਮੈਂ ਮੁਆਫੀ ਮੰਗ ਲਈ ਪਰ ਮੈਨੂੰ ਤੇਤੀ ਰੁਪਏ ਜ਼ੁਰਮਾਨਾ ਹੋਇਆ । ਦਫ਼ਤਰ ਵਾਲਿਆਂ ਜਸ਼ਨ ਕੀਤਾ ।...ਅਸੀਂ ਖ਼ੂਬ ਹੱਸੇ ।

ਕੋਇਟੇ ਤੋਂ ਇਸ਼ਤਿਹਾਰ ਆਇਆ । ਗੁਰੂ ਅਰਜਨ ਦੇਵ ਦਾ ਸ਼ਹੀਦੀ ਪੁਰਬ ਉਤੇ ਕਵੀ-ਦਰਬਾਰ ਸੀ । ਉਹਨਾਂ ਸਮੱਸਿਆ ਦਿੱਤੀ ਹੋਈ ਸੀ, "ਹੁਕਮ ਸੰਗਤ ਦਾ ਮੰਨ ਸ਼ਹੀਦ ਹੋਏ ।" ਮੈਂ ਉਹ ਕਵਿਤਾ ਲਿਖੀ । ਚਿੱਠੀ ਪਾਈ ਮੈਨੂੰ ਸੱਦੋ ਬਿਨ ਕਰਾਇਆ ਆਵਾਂਗਾ । ਕੈਸੀ ਮੂਰਖਤਾ ਸੀ ।

ਉਦੋਂ ਜਿਹੇ ਮੈਨੂੰ ਐਮ ਈ ਐਸ ਵੱਲੋਂ ਜਵਾਬ ਮਿਲ ਗਿਆ ਉਥੇ ਇਸ ਤਰ੍ਹਾਂ ਹੀ ਆਦਮੀ ਰੱਖਦੇ ਸਨ । ਮੈਂ ਉਦਾਸ ਹੋ ਗਿਆ । ਪੰਜਾਂ ਆਨਿਆਂ ਦਾ ਪ੍ਰਸ਼ਾਦ ਲਿਆ । ਇਕ ਨਿੱਕੀ ਜਿਹੀ ਪਹਾੜੀ ਦੇ ਸਿਖਰ ਉਤੇ ਚੜ੍ਹ ਗਿਆ । ਸੂਰਜ ਡੁੱਬ ਰਿਹਾ ਸੀ । ਸਾਰੇ ਪਾਸੇ ਲਾਲਗੀ ਛਾਈ ਹੋਈ ਸੀ । ਚਾਰ ਚੁਫੇਰੇ ਅਲੌਕਾਰ ਸੀਨ । ਹੱਥ ਜੋੜ ਕੇ ਅਰਦਾਸ ਕੀਤੀ । ਆਖਿਆ— ਹੇ ਵਾਹਿਗੁਰੂ ਸੱਚੇ ਪਾਤਸ਼ਾਹ ਮੈਂ ਕੁਝ ਨਹੀਂ ਮੰਗਦਾ ਮੇਰੀ ਭਟਕਨਾ ਮੁਕਾ ਦਿਉ । ਸੱਠ ਰੁਪਏ ਦੀ ਪੱਕੀ ਨੌਕਰੀ ਦਿਵਾ ਦਿਉ ।...ਅਰਦਾਸ ਮਗਰੋਂ ਪ੍ਰਸ਼ਾਦ ਸਾਰੀ ਪਹਾੜੀ ਉਤੇ ਖਿਲਾਰ ਦਿੱਤਾ ਨਿੱਕੇ ਪਤਾਸੇ । ਘਰ ਆ ਕੇ ਰਾਤ ਭਾਈ ਵੀਰ ਸਿੰਘ ਦਾ ਗੁਰੂ ਨਾਨਕ ਚਮਤਕਾਰ ਪੜ੍ਹਦਾ ਰਿਹਾ, ਰੋਂਦਾ ਰਿਹਾ ਪਿਛਲੀ ਸਵੇਰ ਇਕ ਕਵਿਤਾ ਲਿਖੀ । ਭਾਗ ਭਰੀ ਕਿਸ ਤਰ੍ਹਾਂ ਕਸ਼ਮੀਰ ਹਰਗੋਬਿੰਦ ਗਏ ਸਨ । ਪੜ੍ਹਨ ਵੱਲ ਮੇਰਾ ਹੋਰ ਜ਼ਿਆਦਾ ਖ਼ਿਆਲ ਹੋ ਗਿਆ । ਕਮਾਲ ਪਾਸਾ "ਅਤਾ ਉਲਾ ਤੁਰਕ" ਦੀ ਪੁਸਤਕ ਪੜ੍ਹੀ । ਭਾਈ ਵੀਰ ਸਿੰਘ ਨੂੰ ਹੋਰ ਪੜ੍ਹਿਆ । ਬਾਬਾ ਨੰਦ ਸਿੰਘ ਪੜ੍ਹਿਆ ਜਿਸ ਤਰ੍ਹਾਂ ਜਿੱਥੇ ਕੰਮ ਮਿਲ ਜਾਂਦਾ ਕਰ ਲੈਂਦਾ ਸਾਂ ਉਸੇ ਤਰ੍ਹਾਂ ਜੋ ਮਿਲਿਆ ਪੜ੍ਹਿਆ । ਪੜ੍ਹਨਾ ਲਿਖਣਾ ਮੈਨੂੰ ਹੁਣ ਤੱਕ ਰੋਟੀ ਖਾਣ ਦੇ ਬਰਾਬਰ ਹੈ ।

ਇਕ ਵਾਰ ਟਰੱਕ ਵਾਲੇ ਨਾਲ ਕੋਇਟੇ ਗਿਆ । ਸਾਰਾ ਨਵਾਂ ਬਣ ਗਿਆ ਕੁਝ ਬਣ ਰਿਹਾ ਸੀ । ਕਈ ਟੀਨਾਂ ਪਾ-ਪਾ ਕੇ ਢਾਰੇ ਬਣੇ ਹੋਏ ਸਨ । ਪੰਜਾਬ ਸਾਰਾ ਉਥੇ ਉਲਰਿਆ ਪਿਆ ਸੀ । ਕੀੜਿਆਂ ਕਾੜ੍ਹਿਆਂ ਵਾਂਗ ਰਾਜ ਮਜ਼ਦੂਰ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਰਖਾਣ ਹਰਲ-ਹਰਲ ਕਰਦੇ ਫਿਰਦੇ ਸਨ। ਮੇਰਾ ਮਾਮਾ ਫੌਜਾ ਸਿੰਘ ਉਥੇ ਐਮ. ਟੀ ਵਿਚ ਸੀ। ਫੌਜ ਕਾਫ਼ੀ ਸੀ। ਰਾਤ ਗੁਰਦੁਆਰੇ ਕਵੀ ਦਰਬਾਰ ਹੋਇਆ। ਪੰਜਾਬ ਵਿਚੋਂ ਦੋ ਨਵੇਂ ਜਿਹੇ ਕਵੀ ਆਏ ਹੋਏ ਸਨ। ਬਾਕੀ ਉਥੇ ਦੇ ਤੇ ਲਾਗੇ ਚਾਗੇ ਦੇ। ਮੇਰੀ ਕਵਿਤਾ ਚੰਗੀ ਰਹੀ। ਕੋਇਟੇ ਦੇ ਭੁਚਾਲ ਉਤੇ ਇਕਬਾਲ ਦੇ ਸ਼ਿਕਵੇ ਦੇ ਬਹਿਰ ਉਤੇ ਕਵਿਤਾ ਲਿਖੀ ਸੀ ਉਹ ਵੀ ਬੋਲੀ। ਤੀਜੀ ਵਾਰੀ ਉਹਨਾਂ ਫਿਰ ਮੈਨੂੰ ਬੁਲਾਇਆ। ਪ੍ਰੀਤਮ ਸਿੰਘ ਸਫ਼ੀਰ ਦਾ ਫਿਕਰਾ ਲੈ ਕੇ ਮਜਮੂਨ ਦੀ ਕਵਿਤਾ ਲਿਖੀ ਹੋਈ ਸੀ: "ਮੇਰਾ ਹੁੰਦਾ ਕਦੇ ਜੇ ਕੋਈ ਮਿੱਤਰ" ਉਹ ਪੜ੍ਹੀ। ਸਲਾਹਿਆ ਬਹੁਤ ਗਿਆ। ਪੈਸਾ ਕਿਸੇ ਨੂੰ ਵੀ ਮੇਰੇ ਸਣੇ ਸੰਗਤ ਨਾ ਦਿੱਤਾ। ਸ਼ਰੀਕੇ ਵਿਚੋਂ ਮੇਰਾ ਬਾਬਾ ਲੱਗਦਾ ਸੀ ਸੁੰਦਰ ਸਿੰਘ ਉਸ ਕੋਲ ਰਾਤ ਰਿਹਾ। ਇਕ ਨਵਾਂ ਕਵੀ ਮੇਰੇ ਨਾਲ ਹੋ ਗਿਆ। ਕੋਇਟੇ ਵਿਚ ਫਿਰਦਾ ਰਿਹਾ। ਸਵੇਰੇ-ਸਵੇਰੇ ਰਾਜ ਤੇ ਤਰਖਾਣ ਤੰਦੂਰਾਂ ਉਤੋਂ ਰੋਟੀਆਂ ਖਾ ਕੇ ਮੈਲੇ ਕਪੜਿਆਂ ਵਿਚ ਦੁਪਹਿਰਾਂ ਲਈ ਬੰਨ੍ਹ ਕੇ ਤੁਰ ਪੈਂਦੇ। ਜਿਨ੍ਹਾਂ ਨੂੰ ਕੰਮ ਨਾ ਮਿਲਦਾ ਉਹ ਪੋਣਿਆਂ ਵਿਚੋਂ ਚੋਂਦੀ ਤਰੀ ਵਾਲੀ ਸਬਜ਼ੀ ਲਈ ਮੁੜੀ ਆਉਂਦੇ। ਉਥੋਂ ਜਿੰਨੀ ਕਾਰੀਗਰਾਂ ਦੀ ਬੇਇਜ਼ਤੀ ਪਹਿਲੋਂ ਕਿਤੇ ਨਹੀਂ ਸੀ ਵੇਖੀ। ਇਤਨਾ ਕੰਮ! ਇਤਨੀ ਬੇਕਾਰੀ, ਇਨਸਾਨੀਅਤ ਰੁਲ ਰਹੀ ਸੀ। ਮੈਂ ਇਹੋ ਸੋਚਦਾ ਦੇਸ਼ ਆਜ਼ਾਦ ਹੋਏਗਾ ਇਹ ਸਭ ਮੁੱਕ ਜਾਏਗਾ।

ਮਾਮੇ ਫੌਜਾ ਸਿੰਘ ਨੂੰ ਵੀ ਮਿਲਿਆ। ਇਕ ਰਾਤ ਉਸ ਕੋਲ ਰਿਹਾ। ਉਸ ਨੇ ਪਹਾੜੀ ਦਾ ਕੋਟ ਬਣਵਾਇਆ ਸੀ ਮੈਨੂੰ ਦਿੱਤਾ। ਲੰਮਾ ਪੇਟੀ ਵਾਲਾ ਕੋਟ। ਉਹ ਵੀਹ ਪੰਝੀ ਸਾਲ ਮੇਰੇ ਕੋਲ ਰਿਹਾ।...ਤੀਜੇ ਦਿਨ ਇਕ ਹੋਰ ਗੁਰਦੁਆਰੇ ਵਾਲਿਆਂ ਮੈਨੂੰ ਸੱਦਿਆ ਹੋਇਆ ਸੀ। ਉਥੇ ਮੈਂ ਇਕ ਧਾਰਮਿਕ ਕਵਿਤਾ ਤੇ ਕੋਇਟੇ ਦੇ ਭੂਚਾਲ ਵਾਲੀ ਕਵਿਤਾ ਸੁਣਾਈ। ਸਲਾਹੀ ਗਈ। ਮੇਰੇ ਬੋਲਣ ਪਿਛੋਂ ਨਰਿੰਦਰ ਸਿੰਘ ਸੋਢ ਜੋ ਪੰਜਾਬੋਂ ਗਿਆ ਹੋਇਆ ਸੀ। ਉਸ ਨੇ ਲੈਕਚਰ ਦਿੱਤਾ। ਸ਼ੁਰੂ ਵਿਚ ਕਿਹਾ—ਹੁਣੇ ਤੁਸੀਂ ਵਿਦਵਾਨ ਕਵੀ ਦੀ ਕਵਿਤਾ ਸੁਣ ਚੁੱਕੇ ਹੋ।...।

ਮੈਨੂੰ ਇਹ ਤੇ ਪਤਾ ਨਹੀਂ ਸੀ ਮੈਂ ਵਿਦਵਾਨ ਕਵੀ ਕਿਸ ਤਰ੍ਹਾਂ ਹਾਂ। ਅੰਦਰੇ-ਅੰਦਰ ਫੁਲਿਆ ਬੜਾ। ਉਂਜ ਏਥੇ ਵੀ ਕਿਸੇ ਮੇਰੀ ਤਲੀ ਤੇ ਕੁਝ ਨਾ ਧਰਿਆ।...ਜਿਸ ਟਰੱਕ ਤੇ ਗਿਆ ਸਾਂ ਵਿਚ ਮੁੜ ਆਇਆ। ਮੈਂ ਬੜਾ ਖੁਸ਼ ਹਾਂ, ਮੈਨੂੰ ਮਾਣ ਮਿਲਿਆ। ਸੋਭਾ ਮਿਲੀ। ਪਸੰਦ ਕੀਤਾ ਗਿਆ। ਧਰਤੀ ਦੀ ਮਿੱਟੀ ਵਿਚ ਰੁਲਦੇ ਖੁਲਦੇ ਬੰਦੇ ਨੂੰ ਇਹੋ ਵੱਡਾ ਸਨਮਾਨ ਸੀ।


CC-0. In Public Domain. Gurukul Kangri Collection, Haridwar

ਲੋਗਲਾਈ ਵਿਚ ਸਿੱਖਾਂ ਦਾ ਰਸਾਲਾ ਸੀ। ਘੋੜਿਆਂ ਤੇ ਚੜ੍ਹਕੇ ਫਿਰਦੇ। 
Digitized by Arya Samaj Foundation Chennai and eGangotri
ਮੈਨੂੰ ਬੜੇ ਚੰਗੇ ਲੱਗਦੇ। ਪੈਦਲ ਹੀ ਬਾਜ਼ਾਰ ਆਉਂਦੇ ਗੁਰਦੁਆਰੇ ਵੀ ਆਉਂਦੇ। ਇਕ ਨਾਲ ਮੇਰੀ ਗੂੜ੍ਹੀ ਜਾਣ-ਪਛਾਣ ਹੋ ਗਈ। ਉਹ ਅੰਮ੍ਰਿਤਸਰ ਜ਼ਿਲ੍ਹੇ ਦਾ ਸੀ। ਤਾਜ਼ਾ-ਤਾਜ਼ਾ ਵਿਆਹ ਕਰਾ ਕੇ ਆਇਆ ਸੀ। ਇਕ ਕਵਿਤਾ ਲਿਖੀ ਸੀ। ਨਾਂ ਹੈ, 'ਲਾਵਾਂ ਦਾ ਚੋਰ'। ਬੜੀ ਜ਼ਜਬਾਤੀ ਕਰੁਣਾ ਤੇ ਸ਼ਿੰਗਾਰ ਰਸ ਰਲਿਆ ਮਿਲਿਆ। ਹੁਣ ਤੱਕ ਉਹ ਮਸ਼ਹੂਰ ਹੈ ਕਈ ਥਾਈਂ ਛਾਇਆ ਹੋ ਚੁਕੀ ਹੈ। ਸਤਵੰਤ ਦੇ ਚਲੇ ਜਾਣ ਪਿਛੋਂ ਬਹੁਤ ਵਿਚਰ ਰਿਹਾ ਸਾਂ। ਐਸੀ ਕੋਈ ਗੱਲ ਸੀ। ਤਰਖਾਣੇ ਕੰਮ ਦੇ ਅੱਡਿਆਂ ਤੋਂ ਸਿਵਾ ਮੇਰੀ ਸੰਗਤ ਕਿਸੇ ਤਰਖਾਣ ਨਾਲ ਨਹੀਂ ਸੀ ਹੁੰਦੀ।

ਘਰੋਂ ਚਿੱਠੀ ਆਈ—ਕੂੰਡੀ ਨੇ ਸਾਰੀ ਕਰਾਕਰੀ ਤਹਿ ਕਰ ਦਿੱਤੀ ਹੈ ਥੋੜ੍ਹੀ ਜਿਹੀ ਬਚੀ ਹੈ। ਤੇਰੇ ਘਰ ਇਕ ਹੋਰ ਬੱਚੀ ਨੇ ਜਨਮ ਲਿਆ। ਨਾਂ ਰੱਖਿਆ ਗਿਆ ਹੈ ਪ੍ਰਦੁਮਣ ਉਂਜ ਸਾਰੇ ਕਹਿੰਦੇ ਹਨ ਦੁੱਮਣੀ ਬਿਲਕੁਲ ਭਾਬੀ ਉਤੇ ਹੈ।...ਮੈਨੂੰ ਨਾ ਖੁਸ਼ੀ ਹੋਈ ਨਾ ਉਦਾਸੀ ਆਈ। ਇਕਸਾਰ। ਪ੍ਰੀਤਲੜੀ ਦਾ ਮੁਤਾਲਿਆ ਜਾਰੀ ਸੀ। ਉਸ ਵਿਚ ਮੈਂ ਪਿਆਰਾ ਸਿੰਘ ਸਹਿਰਾਈ, ਦਰਸ਼ਨ ਸਿੰਘ ਅਵਾਰਾ, ਨਾਰੰਗ ਸਿੰਘ, ਭਾਈਆ ਈਸ਼ਰ ਸਿੰਘ ਪੜ੍ਹਿਆ। ਦੋ ਵਾਰੀ ਆਪਣੀ ਕਵਿਤਾ ਘੱਲੀ ਪਰ ਉਸ ਮਿਆਰ ਦਾ ਕਿੱਥੇ ਸਾਂ।...ਹਫ਼ਤੇ ਵਿਚ ਦੋ ਵਾਰੀ ਬੀਅਰ-ਬਾਰ ਜਾਣਾ ਦੋ ਆਨਿਆਂ ਦੀ ਬੀਅਰ ਪੀਣੀ ਚਾਰ ਆਨੇ ਦੀ ਮੱਛੀ। ਬੱਸ ਆਪਣਾ ਇਸ਼ਕ ਪੂਰਾ ਹੋ ਜਾਣਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੌਤ ਨੇ ਪਲਟਾ ਦਿੱਤਾ

ਇਕ ਦਿਨ ਅਚਾਨਕ ਫੋਰਟ ਸੰਡੇਮਨ ਤੋਂ ਤਾਰ ਆਈ ਲਿਖਿਆ ਸੀ ਰਾਏ ਸਿੰਘ ਕਤਲ ਹੋ ਗਿਆ ਹੈ। ਮੈਨੂੰ ਇੰਝ ਧੱਕਾ ਲੱਗਾ ਜਿਸ ਤਰ੍ਹਾਂ ਮੈਂ ਚੱਲਦੇ ਟਰੱਕ ਵਿਚੋਂ ਡਿੱਗ ਪਿਆ ਹੋਵਾਂ। ਬੌਲਾ-ਬੌਲਾ ਹੋ ਗਿਆ ਚਕਰਾ ਗਿਆ। ਡਾਕਖਾਨੇ ਵਾਪਸੀ ਤਾਰ ਦੇਣ ਗਿਆ। ਉਥੇ ਇਕ ਸਰਦਾਰ ਸੀ, ਆਈ. ਡੀ. ਦਾ ਮਿਲਿਆ। ਇਹ ਫੋਰ ਸੰਡੇ ਦਾ ਤੇ ਲੋਗਲਾਈ ਦੋਹਾਂ ਥਾਵਾਂ ਦਾ ਇੰਚਾਰਜ ਸੀ। ਕਈ ਗੱਲਾਂ ਪੁੱਛਣ ਲੱਗਾ। ਜਿੰਨਾਂ ਪਤਾ ਸੀ ਦੱਸੀ ਗਿਆ। ਡਾਕਖਾਨੇ ਦੇ ਪ੍ਰੀਤਲੜੀਏ ਤਾਰ ਦਿੱਤੀ। ਪੈਸੇ ਨਹੀਂ ਲਏ। ਮੈਂ ਰਾਤ ਭਰ ਸੁੱਤਾ ਨਾ। ਝੱਟ-ਪੱਟ ਜਾਣ ਦਾ ਕੋਈ ਇੰਤਜਾਮ ਨਹੀਂ ਸੀ। ਦੂਜੇ ਦਿਨ ਟਰੱਕ ਉਤੇ ਗਿਆ ਫੋਰ ਸੰਡੇ ਸਾਰੇ ਕਾਰੀਗਰ ਬੜੀ ਹਮਦਰਦੀ ਕਰਦੇ ਸਨ। ਸਾਰੀ ਆਬਾਦੀ ਵਿਚ ਰਾਏ ਦੀ ਜੀਭ-ਕਥਾ ਚਲੀ ਪਈ ਸੀ। ਲਾਲ ਸਿੰਘ ਉਦੋਂ ਉਥੇ ਨਹੀਂ ਸੀ।

ਕਥਾ ਇਹ ਸੀ ਕਿ ਰਾਏ ਮਜ਼ਬੀ ਠੇਕੇਦਾਰ ਕੋਲ ਕੰਮ ਕਰਦਾ ਸੀ। ਉਸ ਦੀ ਨਿੱਕੀ ਜਿਹੀ ਲੱਕੜੀ ਦੇ ਕੰਮ ਦੀ ਵਰਕਸ਼ਾਪ ਸੀ। ਰਹਿਣ ਲਈ ਚੰਗਾ ਘਰ ਬਣਾਇਆ ਹੋਇਆ ਸੀ। ਉਸ ਦੀ ਇਕ ਕੁੜੀ ਵਿਆਹੀ ਹੋਈ ਸੀ। ਦੂਜੀ ਕਵਾਰੀ। ਇਕ ਨਿੱਕਾ ਲੜਕਾ ਅੱਠ ਨੌਂ ਸਾਲ ਦਾ। ਜਿਸ ਨਾਲ ਰਾਏ ਦੀ ਖਚਾਈ ਹੋਈ ਤਸਵੀਰ ਮੇਰੇ ਕੋਲ ਅਜੇ ਤਕ ਪਈ ਹੈ।

ਉਸ ਦੀ ਇਹ ਸਲਾਹ ਬਣ ਗਈ ਕਿ ਰਾਏ ਨੂੰ ਨਿੱਕੀ ਕੁੜੀ ਵਿਆਹ ਦਿਆਂ। ਇਸ ਕਾਰਨ ਖੁਲ੍ਹ ਦਿਤੀ ਹੋਈ ਸੀ। ਕਈ ਵਾਰੀ ਉਹਨਾਂ ਦੇ ਘਰ ਰਾਏ ਰਹਿੰਦਾ। ਚਰਚਾ ਚੱਲੀ ਵਿਆਹੀ ਲੜਕੀ ਨਿੱਕੀ ਭੈਣ ਸਣੇ ਰਾਏ ਨਾਲ ਫਿਰ ਤੁਰ ਆਉਂਦੀ। ਸਾਰੇ ਸਿਨਮਾ ਵੀ ਵੇਖ ਆਉਂਦੇ। ਗੁਰਦੁਆਰੇ ਇਕੱਠੇ ਚਲੇ ਜਾਂਦੇ।

ਕੁਝ ਸਮਾਂ ਪਾ ਕੇ ਉਸ ਠੇਕੇਦਾਰ ਦਾ ਵੱਡਾ ਜਵਾਈ ਉਥੇ ਚਲਿਆ ਗਿਆ। ਉਹ ਵੀ ਤਰਖਾਣਾ ਦਾ ਕੰਮ ਕਰਦਾ ਸੀ। ਉਦੋਂ ਰਾਏ ਐਨ ਈ. ਐਸ.



CC-0. In Public Domain. Gurukul Kangri Collection, Haridwar

ਵਿਚ ਕੁਝ ਦਿਨਾਂ ਲਈ ਲੱਗਾ ਹੋਇਆ ਸੀ। ਉਸ ਦੇ ਜਵਾਈ ਨੂੰ ਲੋਕਾਂ ਨੇ ਕਾਫੀ
Digitized by Arya Samaj Foundation Chennai and eGangotri
ਚੁਕਿਆ ਸਾਡਿਆਂ ਸੱਜਣਾਂ ਨੇ ਆਪਣੇ ਵੀਊ ਨਾਲ ਅਤੇ ਮੁਖਾਲਫਾਂ ਨੇ ਆਪਣੇ ਵੀਊ ਨਾਲ। ਰਾਏ ਉਹਦੇ ਹੁੰਦਿਆਂ ਹੀ ਘਰ ਆਉਂਦਾ ਜਾਂਦਾ। ਮਖੌਲ ਬਾਜ਼ੀ ਚਲਦੀ। ਠੇਕੇਦਾਰ ਨੂੰ ਲਕੜੀ ਦਾ ਕੰਮ ਮਿਲਿਆ। ਰਾਏ ਨੇ ਤੇ ਠੇਕੇਦਾਰ ਦੇ ਜਵਾਈ ਨੇ ਰਾਤ ਨੂੰ ਦੋ ਤਿੰਨ ਘੰਟੇ ਸਮਾਂ ਲਾ ਦੇਣਾ। ਇਕ ਰਾਤ ਰਾਏ ਤੇ ਉਸ ਦਾ ਬਣਨ ਵਾਲਾ ਸਾਂਢੂ ਇਕੱਠੇ ਕੰਮ ਕਰ ਰਹੇ ਸਨ। ਰਾਏ ਜੋੜੀ ਦੀਆਂ ਲਰਾਂ ਠੀਏ ਵਿਚ ਬੰਨ੍ਹ ਕੇ ਸ਼ੇਕ ਰਿਹਾ ਸੀ। ਆਪਣੇ ਧਿਆਨ। ਠੇਕੇਦਾਰ ਦੇ ਜਵਾਈ ਨੇ ਪਿਛੋਂ ਹੋ ਕੇ ਪੂਰੇ ਜ਼ੋਰ ਨਾਲ ਰਾਏ ਦੀ ਧੌਣ ਉਤੇ ਤੇਸਾ ਮਾਰਿਆ, ਇਕ ਹੋਰ! ਇਕ ਹੋਰ!! ਬੱਸ! ਰਾਏ ਡਿੱਗ ਪਿਆ ਸਾਰੇ ਥਾਂ ਮੇਰੇ ਲਾਡਲੇ ਨਿੱਕੇ ਵੀਰ ਦਾ ਲਹੂ ਖਿਲਰ ਗਿਆ। ਲਾਲ ਛਿੱਟਾ ਚਾਰ ਚੁਫੇਰੇ ਪਈਆਂ। ਰੰਡੀ ਮਾਂ ਦਾ ਪੁੱਤਰ ਵੱਡੇ ਇਕ ਭਰਾ ਨੂੰ ਛੱਡ ਕੇ ਤੜਫ ਕੇ ਖ਼ਤਮ ਹੋ ਗਿਆ।

ਪੁਲਿਸ ਨੇ ਘਰਦਿਆਂ ਨੂੰ ਫੜ ਲਿਆ। ਸਾਰਿਆਂ ਦੇ ਬਿਆਨ ਹੋਏ। ਚਿੱਠੀਆਂ ਫ਼ੜੀਆਂ ਗਈਆਂ। ਸਾਰੇ ਪੁੱਛ-ਗਿੱਛ ਕਰਕੇ ਛੱਡ ਦਿੱਤੇ ਕਾਤਲ ਕਾਬੂ ਕਰ ਲਿਆ।

ਮੇਰੇ ਜਾਂਦਿਆਂ ਨੂੰ ਸਸਕਾਰ ਹੋ ਚੁੱਕਾ ਸੀ। ਜਾ ਕੇ ਫੁੱਲ ਚੁਣੇ। ਸਾਰਿਆਂ ਦੇ ਸਾਹਮਣੇ ਮੈਂ ਘੱਟ ਰੋਂਦਾ। ਇਕੱਲਾ ਹੁੰਦਾ ਰੋਈ ਜਾਂਦਾ· ਰਾਏ ਤੂੰ ਮੇਰੇ ਨਾਲ ਧੋਖਾ ਕੀਤਾ ਹੈ ਦੂਜੇ ਜਨਮ ਵਿਚ ਇਸ ਤਰ੍ਹਾਂ ਤੈਨੂੰ ਇਕੱਲਾ ਛੱਡ ਕੇ ਮਰਾਂਗਾ।...ਪ੍ਰੀਤਲੜੀ ਪੜ੍ਹਨ ਕਰਕੇ ਕਾਫੀ ਸੰਭਲ ਜਾਂਦਾ ਸਾਂ। ਹੌਂਸਲੇ ਦਾ ਵਿਖਾਵਾ ਕਰਦਾ ਪਰ ਰਾਏ ਦਾ ਗ਼ਮ ਮੇਰੇ ਵਾਲ-ਵਾਲ ਸਮਾ ਗਿਆ ਸੀ। ਘੇਰੀਆਂ ਖਾਂਦਾ ਰਹਿੰਦਾ ਏਥੋਂ ਵਾਲਿਆਂ ਤਾਰ ਘਰ ਵੀ ਭੇਜ ਦਿੱਤੀ ਹੋਈ ਸੀ।

ਇਕ ਕਾਰੀਗਰ ਨੇ ਮੈਨੂੰ ਆਖਿਆ—ਉਸ ਨੇ ਪੰਦਰਾਂ ਸੋਲ੍ਹਾਂ ਦਿਨ ਐਮ.ਟੀ. ਐਸ. ਵਿਚ ਲਾਏ ਹੋਏ ਨੇ ਮੇਰੇ ਨਾਲ ਚੱਲ ਕੇ ਉਵਰਸੀਅਰ ਕੋਲੋਂ ਪੈਸੇ ਲੈ ਆਈਏ।...ਮੈਂ ਉਸ ਨਾਲ ਓਵਰਸੀਅਰ ਦੇ ਘਰ ਗਿਆ। ਉਹ ਮਿਲ ਪਿਆ। ਰੁੱਖਾ-ਰੁੱਖਾ! ਆਖਣ ਲੱਗਾ—ਹਾਂ ਲਾਏ ਸੀ ਪਰ ਹੁਣ ਤਾਂ ਕੇਵਲ ਉਸ ਦੀ ਅੱਧੀ ਦਿਹਾੜੀ ਦੇ ਪੈਸੇ ਰਹਿੰਦੇ ਹਨ।...ਮੈਂ ਪਹਿਲਾਂ ਹੀ ਆਤਰ ਆਤਰ ਸਾਂ ਚੁੱਪ ਕਰਕੇ ਆ ਗਿਆ। ਦੋ ਦਿਨ ਪੁਲਿਸ ਨੇ ਮੈਨੂੰ ਰੁਕਵਾ ਲਿਆ। ਕੰਵਲ ਮੈਨੂੰ ਬਹੁਤ ਹੌਂਸਲਾ ਦਿੰਦਾ। ਦੋ ਵਾਰੀ ਘਰ ਰੋਟੀ ਖਵਾਈ। ਸਾਰਾ ਫੋਰ ਸੰਡੇ ਮੇਰੇ ਨਾਲ ਹਮਦਰਦੀ ਅਤੇ ਤਰਸ ਦਿਖਾ ਰਿਹਾ ਸੀ।

ਚੌਥੇ ਦਿਨ ਸੰਤ ਹਰਨਾਮ ਸਿੰਘ ਹੋਰਾਂ ਦੇ ਕਮਰੇ ਵਿਚ ਪੰਜ ਚਾਰ ਜਣੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਨਾਲ ਹਮਦਰਦੀ ਕਰ ਰਹੇ ਸਨ। ਇਕ ਜਣਾ ਕਹਿਣ ਲੱਗਾ— ਫਲਾਣੇ ਤਰਖਾਣ ਨੇ ਮੈਨੂੰ ਦੱਸਿਆ ਹੈ ਕਿ ਰਾਏ ਉਸ ਨੂੰ ਸੁਪਨੇ ਵਿਚ ਮਿਲਿਆ ਹੈ। ਕਹਿੰਦਾ ਸੀ।...ਮੇਰਾ ਕਿਰਿਆ ਕਰਮ ਕਰਾਉ ਪਾਠ ਰਖਾਉ ਮੇਰੇ ਭਰਾ ਨੂੰ ਕਹਿ ਦਿਉ ਨਹੀਂ ਤੇ ਮੈਂ ਬੁਰਾ ਹਾਲ ਕਰਾਂਗਾ।...ਇਹ ਗੱਲ ਸੁਣ ਕੇ ਮੈਨੂੰ ਖਿਝ ਆਈ ਉਤਰ ਦਿੱਤਾ—ਇਹ ਸਭ ਗੱਲਾਂ ਨੇ! ਜੇ ਉਹ ਮੇਰਾ ਬੁਰਾ ਹਾਲ ਕਰ ਸਕਦਾ ਹੈ ਤੇ ਜਿਸ ਨੇ ਕਤਲ ਕੀਤਾ ਹੈ ਉਸ ਦਾ ਕਿਉਂ ਨਹੀਂ ਕਰਦਾ।

ਸਾਰੇ ਚੁਪ ਹੋ ਗਏ। ਮੈਂ ਜਾਣ ਦੀ ਤਿਆਰੀ ਕਰ ਲਈ। ਸਵੇਰੇ ਟਰੱਕ ਜਾਣਾ ਸੀ। ਕੰਵਲ ਮਿਲਿਆ ਉਸ ਨੇ ਕਿਹਾ—ਰਾਹੀ ਜੋ ਹੋਣਾ ਸੀ ਹੋ ਗਿਆ। ਮਰਦਿਆਂ ਪਿੱਛੇ ਮਰੀਦਾ ਨਹੀਂ ਜੀਵੀਦਾ ਹੈ। ਮਰਨ ਵਾਲੇ ਦਾ ਨਾਂ ਰਹੇ ਉਸ ਦੇ ਛੱਡੇ ਕੰਮ ਪੂਰੇ ਹੋਣ...ਹਾਂ ਲਾਹੌਰ ਉਤਰੇਂਗਾ ਤਾਂ ਉਥੇ ਦੇਵਦਾਸ ਫ਼ਿਲਮ ਲੱਗੀ ਹੋਈ ਹੈ ਜ਼ਰੂਰ ਦੇਖੀਂ।...ਮੈਂ ਸਿਰ ਹਿਲਾਉਂਦਾ ਰਿਹਾ ਜ਼ਬਾਨ ਨਾ ਹਿਲਾਈ।

ਲਾਹੌਰ ਆ ਕੇ ਦਿਨੇ ਡੇਰੇ ਸਾਹਿਬ ਮੱਥਾ ਟੇਕਣ ਗਿਆ। ਸ਼ਾਮ ਨੂੰ ਦੇਵਦਾਸ ਫਿਲਮ ਦੇਖੀ। ਬੜੀ ਦਰਦੀਲੀ ਤੇ ਉਦਾਸ ਫ਼ਿਲਮ ਸੀ। ਸੈਹਗਲ ਗਾਈ ਜਾਂਦਾ ਮੈਂ ਰੋਈ ਜਾਂਦਾ। ਅੰਤ ਵਿਚ ਪਾਰੋ ਦਾ ਦੇਵ ਕਹਿਣਾ ਅਤੇ ਦੇਵਦਾਸ ਦਾ ਮਰ ਜਾਣਾ ਵੇਖ ਕੇ ਡੱਡਿਆ ਉਠਿਆ। ਸੀਟ ਦੀ ਬਾਹੀ ਨਾਲ ਸਿਰ ਲਾ ਲਿਆ। ਸਾਰਾ ਹਾਲ ਖਾਲੀ ਹੋ ਗਿਆ। ਬਾਅਦ ਵਿਚ ਉੱਠਿਆ। ਸਟੇਸ਼ਨ ਉਤੇ ਜਾ ਲੰਮਾ ਪਿਆ ਤੇ ਤੜਕੇ ਵਾਲੀ ਗੱਡੀ ਦੀ ਉਡੀਕ ਵਿਚ।

ਘਰ ਪਹੁੰਚਿਆ ਰਾਏ ਦਿਆਂ ਫੁੱਲਾਂ ਦਾ ਭਾਂਡਾ ਕੋਲ ਸੀ। ਸਾਰੀ ਗਲੀ ਵਿਚ ਚੀਕ ਚਿਹਾੜਾ ਪੈ ਗਿਆ ਚਾਰ ਚੁਫੇਰਾ ਰੋ ਰਿਹਾ ਸੀ। ਸਾਰਾ ਸ਼ਹਿਰ ਸਾਡੇ ਘਰ ਢੁਕਿਆ। ਮੇਰੀ ਭੈਣ ਸਰਨੋਂ ਵੈਣ ਪਾ ਰਹੀ ਸੀ—ਵੇ ਵੀਰਾ ਰੁੱਖ ਜਿੱਡਾ ਕਰਕੇ ਘੱਲਿਆ ਸੀ ਕੁੱਜੇ ਵਿਚ ਪੈ ਕੇ ਆ ਗਿਆ ਹੈ।

ਰਾਏ ਦੇ ਫੁੱਲ ਰਾਵੀ ਵਿਚ ਤਾਰੇ ਜਿੱਥੇ ਸਾਡਿਆਂ ਵੱਡਿਆ ਦੇ ਪਏ ਹੋਏ ਸਨ। ਆਪਣੇ ਪਿਤਾ ਤੇ ਬਾਬੇ ਨਾਲ ਜਾ ਰਲਿਆ।

ਮਕਾਣਾਂ ਨੂੰ ਰੋਣ ਨਹੀਂ ਦਿੱਤਾ। ਗੁਰਦੁਆਰੇ ਪ੍ਰਸ਼ਾਦ ਕਰਾ ਦਿੱਤਾ। ਹੋਰ ਕਿਰਿਆ ਕਰਮ ਦਾ ਕਿਸੇ ਨੂੰ ਖਿਆਲ ਨਹੀਂ ਸੀ। ਭਾਬੀ ਰੋਜ਼ ਦੀ ਗੁਰਦੁਆਰੇ ਦੀ ਪ੍ਰੇਮਣ ਸੀ। ਸਿਆਲ ਵਿਚ ਰਾਤ ਦੇ ਰੱਖੇ ਪਾਣੀ ਨਾਲ ਤੜਕੇ ਨਹਾ ਲੈਂਦੀ। ਪਾਠ ਉਸ ਨੂੰ ਆਉਂਦਾ ਨਹੀਂ ਸੀ। ਵਾਹਿਗੁਰੂ ਵਾਹਿਗੁਰੂ ਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਨ [illegible] ਦਾ ਪ੍ਰਸ਼ਾਦ ਕਰਾਇਆ ਫਿਰ ਉਹ ਗੁਰਦੁਆਰੇ ਨਹੀਂ ਗਈ ਕਹਿੰਦੀ ਮੈਨੂੰ ਗੁਰਦੁਆਰੇ ਕੀ ਦਿੱਤਾ ? ਮੈਂ ਕਿਸੇ ਨੂੰ ਨਹੀਂ ਮੰਨਦੀ। ਸਿਰਫ਼ ਟਾਲ੍ਹੀ ਸਾਹਿਬ ਜਾਂਦੀ। ਸੰਤਾਂ ਨਾਲ ਦੁੱਖ ਸੁੱਖ ਫੋਲ ਆਉਂਦੀ। ਭਾਬੀ ਵਿਚ ਰਾਏ ਦੀ ਮੌਤ ਨੇ ਜ਼ਬਰਦਸਤ ਤਬਦੀਲੀ ਲੈ ਆਂਦੀ। ਮੇਰੇ ਉਤੇ ਪੂਰੀ ਤਰ੍ਹਾਂ ਉਲਰ ਗਈ। ਰਹਿੰਦੀ ਉਮਰ ਮੇਰੀ, ਮੇਰੇ ਬੱਚਿਆਂ ਦੀ ਮੇਰੀ ਪਾਰਟੀ ਦੀ ਬਣੀ ਰਹੀ। ਮੇਰੀ ਮਾਂ ਵੀ ਬਣ ਗਈ। ਮੇਰੇ ਬੱਚਿਆਂ ਦੀ ਮਾਂ ਵੀ। ਮੇਰਾ ਸਾਥੀ ਵੀ।

ਘਰ ਰਹਿ ਕੇ ਮੈਂ ਫਿਰ ਲੋਗਲਾਈ ਆਇਆ। ਔਜ਼ਾਰ ਅਤੇ ਸਾਰਾ ਸਾਮਾਨ ਲੈ ਕੇ ਮੁੜਿਆ (ਜਦ ਮੈਂ ਇਹ ਕਾਂਡ ਲਿਖਿਆ 23.3.88 ਤਾਰੀਕ ਸੀ। ਸਵੇਰ ਦੇ ਸਾਢੇ ਤਿੰਨ ਵਜੇ। ਮੇਰਾ ਸੱਜਾ ਗੋਡਾ ਪੀੜ ਕਰ ਰਿਹਾ ਹੈ। ਉਂਜ ਦੋਵੇਂ ਗੋਡੇ ਕਮਜ਼ੋਰ ਹਨ ਰੋਇਆ ਵੀ ਹਾਂ।)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੁੜ ਲਾਹੌਰ

ਭਾਬੀ ਨੇ ਰਾਏ ਨੂੰ ਇਧਰ ਉਧਰ ਕੰਮਾਂ ਉਤੇ ਘੱਲਣ ਲਈ ਸਤਵੰਤ ਦੇ ਦੋ ਗਹਿਣੇ ਰੈਣ ਰੱਖੇ ਹੋਏ ਸਨ। ਸਲਾਈ ਮਸ਼ੀਨ, ਵੱਡੇ ਵੱਡੇ ਦੋ ਪਤੀਲੇ ਸਤਵੰਤ ਨੇ ਉਹ ਸਾਰੇ ਛੁਡਾ ਲਏ। ਮਕਾਨ ਦਾ ਕੁਝ ਨਾ ਬਣਾ ਸਕੇ। ਸੁਖਬੀਰ ਨੂੰ ਭਾਬੀ ਨੇ ਰੱਖ ਲਿਆ। ਅਸੀਂ ਸਤਵੰਤ ਤੇ ਦੁੱਮਣੀ ਨੂੰ ਲੈ ਕੇ ਲਾਹੌਰ ਆ ਗਏ। ਜਿੱਥੇ ਤਾਈ ਤੇ ਭਾਈਆ ਰਹਿੰਦੇ ਸਨ ਉਹਨਾਂ ਨਾਲ ਰਹਿ ਪਏ। ਫੁਫੜ ਕਰਮ ਸਿੰਘ ਤੇ ਭੂਆ ਤਾਰੋ ਸਦਰ ਰਹਿੰਦੇ ਸਨ। ਡੇਰਿਉਂ ਆਉਣ ਲੱਗਿਆਂ ਨੂੰ ਮਾਂ ਜੀ ਨੇ ਬੜੀਆਂ ਅਸੀਸਾਂ ਦਿੱਤੀਆਂ। ਸਤਵੰਤ ਨੂੰ ਕਿਹਾ— ਜਾ ਧੀਏ ਤੂੰ ਬੜਾ ਸੁਖ ਭੋਗੇਂਗੀ ਤੇਰੇ ਜਿਹੀ ਨੂੰਹ ਹਰ ਇਕ ਦੇ ਘਰ ਹੋਵੇ। ਮੈਂ ਐਵੇਂ ਨਹੀਂ ਕਹਿ ਰਹੀ ਅਸੀਂ ਸੰਤ ਹਾਂ ਜੋ ਧੁਰੋਂ ਵਾਕ ਹੁੰਦਾ ਹੈ ਉਹ ਹੀ ਸਾਡੇ ਮੂੰਹੋਂ ਨਿਕਲਦਾ ਹੈ। ਸੰਤਾਂ ਵਾਂਗ ਮਾਂ ਨੇ ਹੱਥ ਬਣਾ ਕੇ ਆਖਿਆ ਸੀ। ਮੇਰਾ ਮੱਥਾ ਚੁੰਮਿਆਂ ਸੀ—ਤੂੰ ਤੇ ਆਪਣੇ ਬਾਬੇ ਦਾ ਜਸਵਾਲ ਰਾਜਾ ਹੈਂ ਸੁਣ ਲੈ ਸਾਡੇ ਬਚਨ ਰਾਜ ਕਰੇਂਗਾ। ਰਾਜ।...ਰਾਏ ਦੀ ਮੌਤ ਦੀ ਨਿਰਾਸਤਾ ਮੇਰੇ ਹੋਰ ਠਹਿਰੀ ਹੋਈ, ਸ਼ੁਗਲੀ ਸੁਭਾਅ ਸਾਹਾ ਉੱਡ ਪੁੱਡ ਗਿਆ।

ਬਾਊ ਨਰਾਇਣ ਸਿੰਘ ਨੇ ਆਪਣੇ ਛੋਟੇ ਭਰਾ ਸਰਾਇਣ ਸਿੰਘ ਜਿਸ ਦਾ ਹੋਰ ਵਿਆਹ ਹੋ ਚੁਕਾ ਅਤੇ ਜੋ ਅਫ਼ਸਰ ਬਣ ਗਿਆ ਸੀ। ਕੋਠੀ ਮਿਲੀ ਹੋਈ ਸੀ। ਉਸਨੂੰ ਕਹਿਕੇ ਮੈਨੂੰ ਛਿਆਂ ਮਹੀਨਿਆਂ ਦੀ ਫਿਟਰ ਦੀ ਨੌਕਰੀ ਉਤੇ ਲਵਾ ਦਿੱਤਾ। ਪਹਿਲੋਂ ਫੁਫੜ ਸਰੈਣ ਸਿੰਘ ਨੇ ਕੋਠੀ ਸੱਦ ਕੇ ਪੰਜ ਛੇ ਨਾਂ ਲਿਖਾ ਦਿੱਤੇ। ਖੰਬੇ ਗਡਾ ਕੇ ਉਤੇ ਬਰਾਕਟ ਕੱਸ ਕੇ ਬਾਹਰਲੇ ਸਿੰਗਨਲ ਤੋਂ ਸ਼ੁਰੂ ਕਰਕੇ ਕੈਬਨ ਤਕ ਲਿਆਉਣੇ ਸਨ। ਉਥੋਂ ਸਟੇਸ਼ਨ ਤੱਕ। ਇਕ ਇੰਚ ਦਾ ਪਾਇਪ ਸੀ। ਚੂੜੀਆਂ ਪਾਉਣੀਆਂ ਪੈਂਦੀਆਂ ਸਨ। ਡਾਈ ਅਤੇ ਹੋਰ ਸਾਮਾਨ। ਦੋ ਮਜ਼ਦੂਰ ਤਾਰਾਂ ਖੰਬਿਆਂ ਤੇ ਕਿਸੇ ਹੋਰ ਨੇ ਵਹਾਉਣੀਆਂ ਸਨ। ਇਕ ਲੋਹਾਰ ਮੇਰੇ ਨਾਲ ਉਸ ਨੂੰ ਨਰੈਣ ਸਿੰਘ ਹੋਰਾਂ ਸਾਰੀ ਗੱਲ ਸਮਝਾ ਦਿੱਤੀ। ਉਸਨੇ ਮੈਨੂੰ ਇਕ ਹਫਤੇ ਵਿਚ ਸਭ ਕੁਝ ਸਿਖਾ ਦਿੱਤਾ। ਮੈਂ ਜਦ ਸਿੰਗਨਲ 'ਤੇ ਪਾਇਪ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿੱਟ [illegible] ਪੜ੍ਹਾਈ ਬਹੁਤ ਘੱਟ ਗਈ, ਪ੍ਰੀਤਲੜੀ ਛੁੱਟ ਗਈ । ਮੇਰਾ ਤਾਈ ਨਾਲ ਕੁਝ ਝਗੜਾ ਹੋ ਗਿਆ । ਅਸਾਂ ਵੱਖਰਾ ਮਕਾਨ ਲੈ ਲਿਆ, ਖੁਸ਼ ਸਾਂ ਮੇਰੇ ਗਲੋਂ ਤਰਖਾਣਾ ਕੰਮ ਲੱਥਾ । ਇਥੇ ਤੇਜ਼ਾਬ ਦਾ ਕਾਰਖਾਨਾ ਸੀ ਇਸ ਕਰਕੇ ਇਸ ਨਿੱਕੇ ਜਿਹੇ ਇਲਾਕੇ ਦਾ ਨਾਂ ਤਹਿਜ਼ਾਬ ਖਾਨਾ ਸੀ । ਜਿਸ ਪਾਸਿਉਂ ਕਾਰਖਾਨੇ ਦਾ ਪਾਣੀ ਖੁਲ੍ਹੇ ਪਾਇਪ ਰਾਹੀਂ ਡਿੱਗਦਾ ਉਸ ਦੇ ਸਾਹਮਣੇ ਸਾਡਾ ਕਮਰਾ ਸੀ । ਇਕ ਰਸੋਈ । ਦੋ ਕਿਰਾਏਦਾਰ ਸਾਂ । ਦੂਜਾ ਸ: ਲਾਭ ਸਿੰਘ ਰੇਲਵੇ ਵਿਚ ਕੰਮ ਕਰਦਾ ਹਰ ਸ਼ਾਮ ਨੂੰ ਭੰਗ ਘੋਟ ਕੇ ਪੀਂਦਾ । ਉਸ ਦੀ ਪਤਨੀ ਸਿਆਣੀ ਤੇ ਚਤੁਰ । ਦੋ ਨਿੱਕੀਆਂ-ਨਿੱਕੀਆਂ ਧੀਆਂ । ਅੰਦਰ ਜਾਂਦੀ ਗਲੀ ਉਤੇ ਛੱਤ ਪਈ ਹੋਈ ਸੀ । ਸਾਡੇ ਕਮਰੇ ਦੀ ਉਹ ਖੁੱਲੀ ਸਾਰੀ ਪਰਛੱਤੀ ਸੀ । ਅਸੀਂ ਉਤੇ ਸੌਂਦੇ । ਨਹੀਂ ਤੇ ਮੈਂ ਇਕੱਲਾ ਸੌਂ ਰਹਿੰਦਾ । ਉਤੇ ਹੀ ਲਿਖਦਾ ਪੜ੍ਹਦਾ । ਭਾਬੀ ਤੇ ਬੀਰੀ ਵੀ ਲਾਹੌਰ ਆ ਗਏ । ਮੈਂ ਸਾਰੇ ਲਾਹੌਰ ਵਿਚ ਲੱਤਾਂ ਪਸਾਰ ਲਈਆਂ । ਕਾਂਗਰਸ ਦਿਆਂ ਜਲਸਿਆਂ ਵਿਚ । ਸਿਆਸੀ ਜਲਸਿਆਂ ਵਿਚ, ਕਵੀ ਦਰਬਾਰਾਂ ਵਿਚ ਜਾਣਾ ਆਰੰਭ ਦਿੱਤਾ । ਕਰਮ ਸਿੰਘ ਹੋਰੀਂ ਵੀ ਮੇਰੇ ਨਾਲ ਮੇਰਾ ਸਾਥ ਦੇਣ ਲੱਗ ਪਏ । ਸਾਇਕਲ ਦੀ ਖਾਸ ਲੋੜ ਨਾ ਪਈ । ਸਡਾ ਮਕਾਨ ਦਾ ਕਿਰਾਇਆ ਪਾ ਕੇ ਰਾਸ਼ਨ ਪੂਰਾ ਕਰਕੇ ਸਾਰੇ ਪੰਦਰਾਂ ਰੁਪਏ ਲੱਗਦੇ ਸਨ । ਇਕਤਾਲੀ ਰੁਪਏ ਮਹੀਨਾ ਨੌਕਰੀ ਤੋਂ ਮਿਲਦਾ । ਗੱਡੀ ਦਾ ਪੱਕਾ ਪਾਸ । ਤਾਇਆ ਸਾਡੀ ਮਦਦ ਕਰਦਾ ਰਹਿੰਦਾ ਗੱਡੀ ਵਾਹ-ਵਾਹ ਚੱਲ ਪਈ ।

ਤਿੰਨ ਮਹੀਨੇ ਲਾਏ । ਪਦਾਮੀ ਬਾਗ ਸਟੇਸ਼ਨ ਦੀ ਕੈਬਨ ਉਤੇ ਪਾਇਪ ਫਿੱਟ ਕਰ ਰਿਹਾ ਸਾਂ ਸਰੈਣ ਸਿੰਘ ਹੋਰੀਂ ਫੂੰ ਫੂੰ ਕਰਦੇ ਆ ਗਏ । ਇਧਰ ਉਧਰ ਪੈਰ ਮਾਰੇ । ਬਦ-ਜ਼ਬਾਨ ਬੋਲੀ । ਰਾਕਸ਼ ਜਾਪ ਰਿਹਾ ਸੀ । ਆਖਰ ਤੇ ਗੱਜਿਆ—ਜਾ ਚੁੱਕ ਸਾਮਾਨ ਆਪਣਾ ਤੇ ਦਫਾ ਹੋ ਜਾ ਅੱਖੀਆਂ ਤੋਂ ਦੂਰ । ਤਨਖਾਹ ਵਾਲੇ ਦਿਨ ਪੈਸੇ ਲੈ ਜਾਈਂ ਦਿਹਾੜੀਆਂ ਲੱਗੀਆਂ ਦੇ ।...ਮੈਂ ਸਾਰਾ ਗੁੱਸਾ ਪੀ ਗਿਆ । ਸਾਮਾਨ ਆਪਣਾ ਨਿੱਕੀ ਪੇਟੀ ਵਿਚ ਪਾਇਆ ਵਿੱਸ ਘੋਲਦਾ ਉਥੋਂ ਸਿੱਧਾ ਸਦਰ ਭੂਆ ਤਾਰੋ ਦੇ ਘਰ ਚਲਿਆ ਗਿਆ । ਰਾਤ ਨੂੰ ਕਰਮ ਸਿੰਘ ਉਹਦਾ ਸੁਨਿਆਰਾ ਮਿੱਤਰ ਤਿੰਨਾਂ ਨੇ ਸਲਾਹ ਕੀਤੀ ਕਿ ਕਾਂਗਰਸ ਦਾ ਕੰਮ ਗਰਮ ਕੀਤਾ ਜਾਏ ।

ਦਿਨੇ ਤੇਜ਼ਾਬ ਹਾਤੇ ਵਿਚ ਆ ਗਿਆ । ਸੁਨਿਆਰੇ ਕੋਲ ਰੇਸ ਸਾਇਕਲ ਸੀ । ਨਿੱਕਿਆਂ ਟਾਇਰਾਂ ਵਾਲਾ । ਤਾਰਾਂ ਵਾਲੀਆਂ ਬਰੇਕਾਂ । ਹੈਂਡਲ ਨਿਵਿਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆ। ਉਹ ਉਤੇ ਆ ਗਿਆ। ਭਾਬੀ ਉਦਾਸ ਸੀ। ਸਰੈਣ ਸਿੰਘ ਨੂੰ ਗਾਲ੍ਹਾਂ ਕੱਢ ਰਹੀ ਸੀ।—ਇਸ ਚੰਡਾਲ ਨੇ ਤੇਰੀ ਵੱਡੀ ਭੂਆ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਇਸ ਨੂੰ ਕੀੜੇ ਪੈਣੇ ਨੇ।...ਮੈਂ ਦੂਜੇ ਦਿਨ ਉਸ ਸਾਇਕਲ ਉਤੇ ਜਾ ਰਿਹਾ ਸਾਂ ਉਸ ਦੀ ਕੋਠੀ ਸਾਹਮਣਿਓਂ ਜਾਂਦਾ ਸੀ। ਕੋਠੀਆਂ ਹੋਰ ਵੀ ਸਨ। ਕੋਠੀ ਦੇ ਬਾਹਰ ਉਸ ਦਾ ਵੱਡਾ ਸਾਲਾ ਇਕ ਵੱਡਾ ਮੇਜ਼ ਬਣਾ ਰਿਹਾ ਸੀ। ਸਮਝ ਵਿਚ ਆ ਗਿਆ ਮੈਨੂੰ ਕਿਉਂ ਕੱਢਿਆ ਸੀ? ਭੂਆ ਸੰਤੋ ਨੇ ਕਿਹਾ—ਚੱਲ ਦਫ਼ਾ ਕਰ ਹੋਰ ਵੀਹ ਕੰਮ ਨੇ ਵਾਹਿਗੁਰੂ ਦਾ ਆਸਰਾ ਰੱਖ। ਬਾਊ ਜੀ ਨੇ ਉਹਨੂੰ ਫਿੱਟ ਲਾਹਨਤ ਕੀਤੀ। ਬਾਊ ਨਰਾਇਣ ਸਿੰਘ ਮੈਨੂੰ ਬਹੁਤ ਪਸੰਦ ਕਰਦੇ ਸਨ। ਮੈਂ ਉਨ੍ਹਾਂ ਦੇ ਸੁਭਾਅ ਨੂੰ ਜਾਣ ਗਿਆ ਸਾਂ। ਇਸ਼ਾਰਿਆਂ ਨਾਲ ਹਰ ਗੱਲ ਸਮਝ ਜਾਂਦਾ।...ਕੰਮ ਫੇਰ ਕ੍ਰਿਸ਼ਨ ਨਗਰ ਲੱਗ ਪਿਆ। ਉਥੋਂ ਦਿਆਂ ਕਾਂਗਰਸੀਆਂ ਨਾਲ ਮੇਰਾ ਜੁੱਟ ਬਣ ਗਿਆ। ਕਈ ਵਾਰ ਉਹਨਾਂ ਕੋਲ ਰਹਿ ਪੈਂਦਾ। ਕ੍ਰਿਸ਼ਨ ਨਗਰ ਵਿਚ ਜਲਸੇ ਹੁੰਦੇ ਰਹਿੰਦੇ। ਕਈ ਵਾਰੀ ਪ੍ਰਭਾਤ ਫੇਰੀ ਵਿਚ ਨਿਕਲਣਾ। ਗੀਤ ਲਿਖਣੇ। ਇਕ ਮਸ਼ਹੂਰ ਰਾਗੀ ਨਾਲ ਮੇਰੀ ਚੰਗੀ ਗੂੜ੍ਹੀ ਪੈ ਗਈ। ਕਈ ਵਾਰੀ ਸੁਰਿੰਦਰ ਕੌਰ ਵੀ ਸਾਡੇ ਨਾਲ ਹੁੰਦੀ। ਉਦੋਂ ਬੜੀ ਸੁਹਣੀ ਜਿਹੀ ਗੰਨੇ ਦੀ ਪੋਰੀ ਜਿਹੀ ਲੱਗਦੀ ਸ਼ਰਮਾਕਲ!

ਪੈਦਲ ਆਉਣ ਜਾਣ ਦੀ ਫਿਰ ਤਕਲੀਫ਼ ਜਾਰੀ ਹੋ ਗਈ। ਤੇਜ਼ਾਬ-ਹਾਤੇ ਇਕ ਬੜੇ ਖੁਲ੍ਹੇ ਦਿਲ ਵਾਲਾ ਮੇਰੀ ਉਮਰ ਦਾ ਯਾਰ ਬਣ ਗਿਆ। ਵਾਸ਼ਲ ਲਾਇਨ ਵਿਚ ਕੰਮ ਕਰਦਾ ਸੀ। ਜੁੱਟ ਬਣ ਗਿਆ। ਉਹਦਾ ਅੱਗੇ ਛੁਰਤ ਫੁਰਤ ਯਾਰ ਸੀ। ਉਸ ਕੋਲ ਸਾਇਕਲ ਸੀ। ਪੈਰਾਂ ਲਾਗੇ ਬਰੇਕ। ਹੈਂਡਲ ਦੀਆਂ ਹੱਥੀਆਂ ਦੀ ਥਾਂ ਲੱਕੜੀ ਦੇ ਗੁੱਸੇ ਸਾਫ਼ ਕਰਕੇ ਲਾਏ ਹੋਏ। ਮੇਰੇ ਦੋਸਤ ਨੇ ਮੈਨੂੰ ਉਸ ਕੋਲੋਂ ਉਹ ਸਾਇਕਲ ਦਸਾਂ ਰੁਪਿਆਂ ਵਿਚ ਲੈ ਦਿੱਤਾ। ਵੀਹ ਦਿਨ ਉਹ ਮੇਰੇ ਕੋਲ ਚੱਲਿਆ। ਦੋ ਵਾਰੀ ਸਿਪਾਹੀ ਨੇ ਰੋਕਿਆ ਤਰਲੇ ਪਾ ਕੇ ਜਾਨ ਛਡਾਉਂਦਾ ਰਿਹਾ। ਆਖ਼ਰ ਮੈਂ ਉਹ ਪੰਜਾਂ ਰੁਪਿਆਂ ਵਿਚ ਕਵਾੜੀਆਂ ਕੋਲ ਵੇਚ ਦਿੱਤਾ। ਪੰਜ ਛੇ ਦਿਨ ਬਾਅਦ ਫੇਰ ਪੰਦਰਾ ਰੁਪਿਆਂ ਦਾ ਸਾਇਕਲ ਲਿਆ। ਸਾਰਾ ਚੰਗਾ ਪਰ ਕਾਠੀ ਥਾਨਿਉਂ ਹੈ ਨਹੀਂ ਸੀ। ਇਕ ਟਾਇਰ ਹੋਰ ਪਵਾਉਣਾ ਪਿਆ ਕੰਮ ਚਲ ਨਿਕਲਿਆ ਜੱਦੋ-ਜਹਿਦ ਵਿਚ ਰਾਏ ਦਾ ਗ਼ਮ ਮੱਠਾ ਪੈ ਗਿਆ। ਪ੍ਰਦੇਸੀ ਜੀ ਨਾਲ ਬਹੁਤ ਆਉਣ ਜਾਣ ਹੋ ਗਿਆ। ਖ਼ੂਬ ਕਵਿਤਾ ਲਿਖਦਾ, ਉਹਨਾਂ ਨਾਲ ਜਾਂਦਾ। ਸੂਝ ਆ ਰਹੀ ਸੀ। ਦਲੇਰ ਹੋ ਰਿਹਾ ਸਾਂ। ਦਿਮਾਗ਼ ਕਈਆਂ ਗੱਲਾਂ ਤੋਂ ਸਾਫ਼ ਹੋ ਰਿਹਾ ਸੀ। ਕੁਦਰਤੀ ਮੈਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਡਾ. ਸਤਪਾਲ ਦੇ ਗਰੁਪ ਨਾਲ ਹੋ ਗਿਆ । ਉਹ ਮੈਨੂੰ ਬੜਾ ਸਲਾਹੁੰਦੇ, ਪਿਆਰ ਦਿੰਦੇ, ਕਦੇ-ਕਦੇ ਪੈਸੇ ਦੀ ਮਦਦ ਵੀ ਕਰਦੇ । ਜਿਸ ਦਿਨ ਰਾਤ ਕਵੀ ਦਰਬਾਰ ਚੋਂ ਤਿੰਨ ਚਾਰ ਰੁਪਏ ਮਿਲ ਜਾਂਦੇ ਦੂਜੇ ਦਿਨ ਕੰਮ ਉਤੇ ਨਾ ਜਾਂਦਾ। ਕੁਝ ਪੜ੍ਹਦਾ ਲਿਖਦਾ । ਪ੍ਰਿੰਸੀਪਲ ਛਬੀਲ ਦਾਸ ਦੀ ਪੁਸਤਕ ਇਨਕਲਾਬੀ ਸੁਗਰੇ ਖੂਬ ਪੜ੍ਹੀ । ਯੂ.ਪੀ. ਹਿੰਦੀ ਦਾ 'ਵੇਪਲਵ' ਆਉਂਦਾ ਲੁਕਾ ਕੇ ਵੰਡਣਾ ਪੈਂਦਾ । ਕਿਸੇ ਤੋਂ ਪੜ੍ਹਾ ਕੇ ਸੁਣਦਾ ।

ਜਦ ਸੁਭਾਸ਼ ਚੰਦਰ ਬੋਸ ਲਾਹੌਰ ਆਇਆ ਸਾਰਾ ਲਾਹੌਰ ਉਸ ਦੇ ਜਲੂਸ ਵਿਚ ਉਮੰਡਿਆ ਗਿਆ । ਬਾਜ਼ਾਰ ਸੱਜੇ ਪਏ ਸਨ । ਅਜ਼ਾਇਬ ਘਰ ਨਾਲ ਇਕ ਗਰਾਊਂਡ ਸੀ ਉਥੇ ਬੜਾ ਵੱਡਾ ਜਲਸਾ ਸੀ ਉਥੇ ਮੈਂ ਦੋ ਕਵਿਤਾਵਾਂ ਸੁਣਾਈਆਂ । ਜਲਸੇ ਦੇ ਲਾਗੇ ਦੇ ਬਾਹਰ ਇਕ ਕਾਲਾ ਬੋਰਡ ਲੱਗਾ ਹੋਇਆ ਸੀ । ਉਸ ਉਤੇ ਮੋਟੇ ਲਫ਼ਜ਼ਾਂ ਵਿਚ ਲਿਖਿਆ ਹੋਇਆ ਦਿਸਿਆ, 'ਤਹਿਰੀਕੇ ਅਜ਼ਾਦੀ' ਟੀਕਾ ਰਾਮ ਸੁਖਨ ਦੀ ਪੁਸਤਕ ਉਰਦੂ ਵਿਚ, ਮੁੱਲ ਇਕ ਰੁਪਿਆ, ਮਜ਼ਦੂਰਾਂ ਤੋਂ ਬਾਰਾਂ ਆਨੇ, ਬਰਾਡਲਾ ਹਾਲ ਤੋਂ ਆ ਕੇ ਲਉ ।...ਸਿੱਧਾ ਉਥੇ ਚਲਿਆ ਗਿਆ । ਸਿਨਮਾ ਹਾਲ ਜਿਹਾ ਇਕ ਹਾਲ ਵੱਡਾ ਸਾਰਾ । ਇਕ ਪਾਸੇ ਤਿੰਨ ਚਾਰ ਕਵਾਟਰ । ਇਕ ਵੱਡਾ ਸਾਰਾ ਮਕਾਨ ਦੋ ਮੰਜ਼ਿਲਾ ਪੁੱਛਣ ਤੇ ਪਤਾ ਲੱਗਾ ਉਤਲੀ ਮੰਜ਼ਿਲ ਉਤੇ ਚਲੇ ਜਾਉ ਉਤੇ ਚਲਿਆ ਗਿਆ । ਕਮਰੇ ਵਿਚ ਇਕ ਲੰਮਾ ਚਿੱਟੀ ਮੇਮ ਜਿਹਾ ਬੰਦਾ ਬੈਠਾ ਸੀ । ਸੁਨਹਿਰੀ ਵਾਲ ਖਿਲਰੇ ਹੋਏ ਅਤੇ ਹੋਰ ਦੋ ਚਾਰ । ਮੈਨੂੰ ਵੇਖਕੇ ਇਕ ਨੇ ਆਖਿਆ - ਆਉ ਕਾਮਰੇਡ ਕਿਧਰ ਆਏ ਹੋ ?...ਮੈਂ ਟੀਕਾ ਰਾਮ ਸੁਖਨ ਨੂੰ ਮਿਲਣਾ ਹੈ ।—ਉਹ ਹੱਸ ਪਿਆ ਮੇਮ—ਬੰਦੇ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ ਆਉ ਬਹਿ ਜਾਉ ਇਹੋ ਹਨ ।

ਉਥੇ ਬੈਠ ਗਿਆ ਸੁਖਨ ਸ਼ਾਨਦਾਰ ਉਰਦੂ ਬੋਲਦਾ ਅਤੇ ਥਿੜਕਵੀਂ ਪੰਜਾਬੀ । ਫਿਰ ਦੋ ਘੰਟੇ ਮੇਰੇ ਨਾਲ ਗੱਲਾਂ ਚਲਦੀਆਂ ਰਹੀਆਂ । ਮੁਨਸ਼ੀ ਅਹਿਮਦ ਦੀਨ ਬਲਦੇਵ ਮਿੱਤਰ ਬਿਜਲੀ ਅਤੇ ਦੋ ਹੋਰ । ਉਹਨਾਂ ਕਿਹਾ, ਇਹ ਸੋਸ਼ਲਿਸਟ ਪਾਰਟੀ ਦਾ ਸੂਬਾ ਹੈ । ਮੁਨਸ਼ੀ ਅਹਿਮਦ ਦੀਨ ਸੂਬੇ ਦਾ ਸੈਕਟਰੀ; ਸੁਖਨ ਵੀ ਕੁਝ ਸੀ । ਆਲ ਇੰਡੀਆ ਦਾ ਪ੍ਰਧਾਨ ਜੈ ਪ੍ਰਕਾਸ਼ ਨਰਾਇਣ, ਉਹਨਾਂ ਦੱਸਿਆ—ਇਹ ਕਾਂਗਰਸ ਦਾ ਹਿੱਸਾ ਹੈ ਗਰਮ ਖਿਆਲੀ । ਪਹਿਲਾਂ ਕਾਂਗਰਸ ਦਾ ਮੈਂਬਰੀ ਫਾਰਮ ਭਰਨਾ ਹੈ ਫਿਰ ਸੋਸ਼ਲਿਸਟ ਪਾਰਟੀ ਦਾ ਕਾਂਗਰਸ ਦਾ ਭਰਿਆ ਹੋਇਆ ਸੀ ਇਹਨਾਂ ਦਾ ਭਰ ਦਿੱਤਾ ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਮੇਰੀ ਸਰਗਰਮੀ ਤੇਜ਼ ਹੋ ਗਈ। ਕਈ ਵਾਰੀ ਬਾਲਣ ਦੀ ਬੋਰੀ ਬਰਾਤਲਾ ਹਾਲ ਵੀ ਸੁੱਟ ਦੇਣੀ। ਸਾਰੇ ਫੱਕੜ ਕਾਮਰੇਡ। ਮੈਨੂੰ ਲੱਗਿਆ ਸੁਖਨ ਹੋਰੀਂ ਅਹਿਮਦਦੀਨ ਸੋਢੀ ਪਿੰਡੀ ਦਾਸ ਸਾਰੇ ਭਗਤ ਸਿੰਘ ਦੀ ਪਾਰਟੀ ਦੇ ਹੁੰਦੇ ਸਨ। ਇਹਨਾਂ ਦਿਆਂ ਜਲਸਿਆਂ ਚੋਂ ਪੈਸੇ ਨਹੀਂ ਸਨ ਮਿਲਦੇ। ਹਰ ਕਿਸਮ ਦੀ ਕਵਿਤਾ ਵਿਚ ਜ਼ਰੂਰ ਅੰਗਰੇਜ਼ਾਂ ਦੀ ਗੱਲ ਮਾਰਨੀ ਹੇਰ ਫੇਰ ਕਰਕੇ। ਇਕ ਹੋਰ ਵੀ ਫ਼ਰਕ ਸੀ। ਇਹਨਾਂ ਦੇ ਸਟੇਜ ਉਤੇ ਮੈਂ ਅਮੀਰਾਂ ਨੂੰ ਟਰੰਡ ਲੈਂਦਾ। ਕਾਂਗਰਸ ਸਟੇਜ ਇੰਜ ਨਹੀਂ ਸਨ ਕਰਨ ਦਿੰਦੇ। ਸ਼ੋਸਲਿਸਟ ਪਾਰਟੀ ਵੀ ਡਾਕਟਰ ਸਤਪਾਲ ਦੇ ਗਰੁੱਪ ਨਾਲ ਸੀ। ਉਹ ਮਾਲੀ ਮਦਦ ਕੀ ਕਰਦਾ। ਲਾਹੌਰ ਦਾ ਸਾਰਾ ਕੁਝ ਸੋਢੀ ਪਿੰਡੀ ਦਾਸ ਕੋਲ ਸੀ। ਬੜਾ ਪਿਆਰਾ ਮਿੱਠਾ ਤਹੱਮਲ ਵਾਲਾ ਕਾਮਰੇਡ ਹਰ ਸਾਥੀ ਨਾਲ ਮੋਹ ਕਰਦਾ। ਉਹਨੀਂ ਦਿਨੀਂ ਪਹਿਲਾਂ ਪ੍ਰਦੇਸ਼ ਲੇਖਕ ਮੈਂ ਪੜ੍ਹਿਆ, ਉਰਦੂ ਕਹਾਣੀਆਂ ਟਾਲਸਟਾਏ ਦੀਆਂ। ਮਸ਼ਹੂਰ ਸੀ ਕਿ ਇਹ ਮਹਾਤਮਾਂ ਗਾਂਧੀ ਦਾ ਗੁਰੂ ਹੈ। ਮੌਜੀ ਅਖਬਾਰ ਤੇ ਮਗਰੋਂ ਐਸ. ਐਸ. ਚਰਨ ਸਿੰਘ ਸ਼ਹੀਦ ਦੀਆਂ ਕਹਾਣੀਆ ਦੀ ਪੁਸਤਕ 'ਮੁੜਕੇ ਬਾਦ-ਸ਼ਾਹੀਆਂ' ਉਹਨਾਂ ਦਿਨਾਂ ਵਿਚ ਇਕ ਕਾਵਿ ਪੁਸਤਕ ਫੁੱਲਾਂ ਦੀ ਟੋਕਰੀ ਪੜ੍ਹੀ। ਉਸ ਵਿਚ ਚਾਤ੍ਰਿਕ ਤੋਂ ਲੈ ਕੇ। ਵੀਰ ਸਿੰਘ ਤੇ ਹੋਰ ਵੱਡਿਆਂ-ਵੱਡਿਆਂ ਨੇ ਅੰਗਰੇਜ਼ਾਂ ਦੀ ਤੇ ਇਕ ਵਾਇਸਰਾਏ ਦੀ ਸਿਫਤ ਕੀਤੀ ਹੋਈ ਸੀ। ਚਾਤ੍ਰਿਕ ਨੇ ਲਿਖਿਆ ਹੋਇਆ ਸੀ ਇਹੋ ਜਿਹੇ ਦੇਵਤੇ ਵਾਇਸਰਾਏ ਨੂੰ ਕਿਸ ਪਾਪੀ ਨੇ ਬੰਬ ਮਾਰਿਆ। ਸ਼ਹੀਦ ਦੀ ਕਹਾਣੀ ਦੀ ਪੁਸਤਕ ਵਿਚ ਠਾਣੇਦਾਰ ਨਾਂ ਦੀ ਕਹਾਣੀ ਸੀ। ਮਗਰੋਂ ਜਦ ਮੈਂ ਚੈਖੋਫ ਫੜਿਆ ਤਾਂ ਉਸ ਦੀ ਗਿਰਗਿਟ ਕਹਾਣੀ ਦਾ ਹੂ-ਬਹੂ ਤਰਜਮਾ ਸੀ। ਯਾਦ ਨਹੀਂ ਜਦ ਮੈਂ ਉਥੇ ਸਾਹਿਤ ਵਿਚ ਪੈ ਗਿਆ। ਕਈਆਂ-ਕਈਆਂ ਬੁਲਡੋਜ਼ਰਾਂ ਦੀਆਂ ਨਕਲਾਂ ਕੀਤੀਆਂ ਮੈਂ ਪੜ੍ਹੀਆਂ। ਦਿਮਾਗ਼ੀ ਹਾਲਤ ਸੁਧਰਦੀ ਗਈ। ਮਾਸਿਕ ਹਾਲਤ ਪਤਲੀ ਹੁੰਦੀ ਗਈ। ਇਕ ਕਿਸਮ ਨਾਲ ਪੂਰਾ ਸਮਾਂ ਕਾਂਗਰਸ ਨੂੰ ਦੇਣ ਲੱਗ ਪਿਆ। ਆਇਆਂ ਗਿਆਂ ਦੀਆਂ ਪਾਰਟੀਆਂ ਉਤੇ ਵੀ ਅਸੀਂ ਜਾਂਦੇ। ਸਾਡੇ ਸ਼ਹਿਰ ਦੇ ਬੀ. ਪੀ. ਐਲ. ਬੇਦੀ ਅਤੇ ਉਹਨਾਂ ਦੀ ਪ੍ਰਦੇਸੀ ਪਤਨੀ ਫਰੀਡਾ ਬੇਦੀ ਵੀ ਉਥੇ ਮਿਲੀ ਖੱਦਰ ਦੇ ਕਪੜੇ ਮੋਟਾ ਸਾਰਾ ਜੁਤਾ ਹਾਥੀ ਵਰਗਾ ਜਵਾਨ। ਹੜਤਾਲ ਕਰਾਉਂਦਾ ਸਾਰੇ ਕਾਲਜਾਂ ਦੇ ਮੁੰਡੇ ਅਤੇ ਤਾਂਗੇ ਵਾਲੇ ਮਗਰ-ਮਗਰ ਅੱਗੇ-ਅੱਗੇ ਇਕ ਮੁਸਕਰਾਉਂਦਾ ਦੇਵ-ਕੱਦ ਬੇਦੀ।

ਮੇਰੇ ਸਾਇਕਲ ਦੀ ਕਾਠੀ ਟੁੱਟ ਗਈ। ਖਰੀਦ ਨਹੀਂ ਸਾਂ ਸਕਦਾ। ਕਾਠੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਾਲੀ ਥਾਂ ਦੁਮਣੀ ਦਾ ਨਿੱਕਾ ਸਰਾਣਾ ਰੱਖ ਕੇ ਉਤੇ ਇਕ ਮੋਟੀ ਸਾਰੀ ਲੀਰ ਬੰਨ ਲਈ। ਵਧੀਆ ਗੁਜ਼ਾਰਾ ਹੋ ਗਿਆ। ਡਾ: ਸਤਪਾਲ ਨੇ ਮੇਰੀਆਂ ਕਵਿਤਾਵਾਂ ਦੀ ਪੁਸਤਕ ਛਪਵਾ ਦਿੱਤੀ। ਕੋਈ ਸੱਤਰ ਅੱਸੀ ਸਫੇ ਦੀ ਨਾਂ ਸੀ 'ਸੋਣਾਂ'। ਇਸ ਨਾਮ ਦਾ ਇਸ ਤੋਂ ਪਹਿਲਾਂ ਇਕ ਕਿੱਸਾ ਛਪਵਾਇਆ ਸੀ ਜਿਹੜਾ ਰਾਏ ਦੀ ਮੌਤ ਬਾਰੇ ਸੀ। ਪੰਜ ਕਵਿਤਾਵਾਂ ਸਨ। ਸਾਡੀ ਗਾਈਂ ਡੇਰੇ ਬਾਬੇ ਨਾਨਕ ਦੇ ਲਾਗਲੇ ਪਿੰਡ ਜੌੜੀਆਂ ਵਿਚ ਅਧਿਆਰੇ ਦਿੱਤੀ ਹੋਈ ਸੀ। ਉਸ ਦਾ ਮੁੱਲ ਪਿਆ ਚੌਵੀ ਰੁਪਏ। ਬਾਰਾਂ ਲੈ ਕੇ ਮੈਂ ਅੰਮ੍ਰਿਤਸਰ ਗਿਆ ਸਾਂ ਉਥੋਂ ਕਿੱਸਾ ਛਪਵਾਇਆ ਸੀ। ਸਾਰਿਆਂ ਰਿਸ਼ਤੇਦਾਰਾਂ ਨੂੰ ਘੱਲਿਆ ਸੀ। ਇਕ ਮੇਰੇ ਹਾਣ ਦਾ ਅੰਮ੍ਰਿਤਸਰੋਂ ਬਾਲਮੀਕੀ ਮੁੰਡਾ ਮੇਰਾ ਜਾਣਕਾਰ ਬਣ ਗਿਆ ਹੋਇਆ ਸੀ। ਉਹ ਵੇਚਦਾ ਰਿਹਾ। ਉਹ ਕਿੱਸੇ ਦੇ ਹਰਫ਼ ਨਹੀਂ ਸਨ ਅੱਥਰੂ ਇਕੱਠੇ ਕਤਾਰਾਂ ਵਿਚ ਖਲੋਤੇ ਹੋਏ ਸਨ।

ਮੇਰੀ ਪੁਸਤਕ ਛਪ ਗਈ। ਟਾਇਟਲ ਇਕ ਮੋਟੇ ਸਾਰੇ ਖੁਰਦਰੇ ਜਿਹੇ ਕਾਗਜ਼ ਦਾ। ਅਨਾਰਕਲੀ ਦੇ ਪ੍ਰੈਸ ਵਿਚ ਛਪਿਆ। ਮੈਂ ਵੀਹ ਪੰਝੀ ਕਾਪੀਆਂ ਲਿਆਂਦੀਆਂ। ਤਿੰਨ ਚਾਰ ਦਿਨ ਬਾਅਦ ਪੁਲਿਸ ਨੇ ਛਾਪਾ ਪ੍ਰੈਸ ਵਿਚ ਮਾਰ ਕੇ ਉਹ ਕਿਤਾਬ ਚੁਕ ਖੜੀ। ਚੌਥੇ ਦਿਨ ਇਕ ਜਲਸੇ ਵਿਚੋਂ ਰਾਤ ਨੂੰ ਮੁੜ ਰਿਹਾ ਸਾਂ ਮੈਨੂੰ ਦਿੱਲੀ ਦਰਵਾਜ਼ੇ ਫੜ ਲਿਆ ਗਿਆ। ਹਵਾਲਾਤ ਵਿਚ ਬੰਦ ਕਰ ਦਿੱਤਾ। ਇਸ ਤਰ੍ਹਾਂ ਮੈਨੂੰ ਉਹਨਾਂ ਢਾਈ ਮਹੀਨੇ ਲਾਹੌਰ ਦੀਆਂ ਹਵਾਲਾਤਾਂ ਵਿਚ ਰੱਖਿਆ। ਘਰ ਪਤਾ ਪਹੁੰਚ ਚੁੱਕਾ ਸੀ। ਜਦ ਘਰ ਆਇਆ ਸਤਵੰਤ ਉਦਾਸ ਸੀ ਭਾਬੀ ਨੇ ਮੈਨੂੰ ਆਪਣੇ ਨਾਲ ਘੁੱਟਿਆ, ਮੇਰਾ ਮੱਥਾ ਚੁੰਮਿਆਂ। ਦੂਜੇ ਦਿਨ ਪੈਸੇ ਦਿਤੇ ਔਜ਼ਾਰ ਵਗੈਰਾ ਘਰ ਲਿਆ ਰੱਖੇ। ਸਾਇਕਲ ਵਿਗੜਿਆ ਪਿਆ ਸੀ। ਕੰਮ ਮੈਂ ਛੱਡ ਦਿੱਤਾ। ਸਿਆਸੀ ਜਲਸੇ ਤੇ ਧਾਰਮਿਕ ਕਵੀ ਦਰਬਾਰ ਮੇਰਾ ਆਸਰਾ ਬਣ ਗਏ। ਕਦੀ ਕਿਤੇ ਕੰਮ ਜ਼ਰਾ ਮਿਲ ਜਾਂਦਾ। ਕੁਝ ਤੰਗੀ ਵਧ ਗਈ। ਪੈਦਲ ਤੁਰਨਾ ਫਿਰ ਪੱਲੇ ਪੈ ਗਿਆ। ਸਾਡੇ ਕਮਰੇ ਦੇ ਬਾਹਰ ਜਗ੍ਹਾ ਨੀਵੀਂ ਸੀ। ਇਕ ਨਾਵਲ ਲਿਖਣਾ ਸ਼ੁਰੂ ਕੀਤਾ। ਇਸ ਨਾਵਲ ਤੋਂ ਪਹਿਲਾਂ ਦੀਵਾਲੀ ਵਾਲੇ ਦਿਨ ਮੈਂ ਕੰਮ ਤੋਂ ਛੇਤੀ ਛੁੱਟੀ ਕਰਕੇ ਆ ਰਿਹਾ ਸਾਂ। ਰੇਲਵੇ ਸਟੇਸ਼ਨ ਤੋਂ ਬਾਹਰ ਇਕ ਮਦਾਰੀ ਤਮਾਸ਼ਾ ਕਰ ਰਿਹਾ ਸੀ। ਉਹ ਬੰਸਰੀ ਨਾਲ ਡੰਬਰੂ ਵਜਾਉਂਦਾ ਬਹੁਤ ਵਧੀਆ ਸੁਰਾਂ ਕੱਢ ਰਿਹਾ ਸੀ। ਉਸ ਦਾ ਤਮਾਸ਼ਾ ਵੇਖਣ ਲੱਗ ਪਿਆ। ਜਦ ਤਮਾਸ਼ਾ ਮੁੱਕਾ ਇਕ ਆਦਮੀ ਉੱਚੀ-ਉੱਚੀ ਰੌਲਾ ਪਾਉਣ ਲੱਗ ਪਿਆ।—ਹਾਏ ਮੇਰੀ ਜੇਬ ਕੱਟੀ ਗਈ ਮੈਂ ਮਾਰਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਿਆ। ਹੁਣ ਕੀਕਰ ਦੀਵਾਲੀ ਮਨਾਵਾਂਗਾ ? ਮੇਰੇ ਭਗਵਾਨ !...ਮੈਂ ਗੌਰ ਨਾਲ ਵੇਖਦਾ-ਵੇਖਦਾ ਤੁਰ ਪਿਆ। ਘਰ ਆ ਗਿਆ। ਉਸ ਰਾਤ ਪਰਛੱਤੀ ਉਤੇ ਸੁੱਤਿਆਂ—ਇਕ ਕਹਾਣੀ ਲਿਖੀ ਆਪਣੀ ਪਹਿਲੀ ਕਹਾਣੀ ਨਾਂ ਸੀ, 'ਕਾਲੀ ਦੀਵਾਲੀ' ਮਦਾਰੀ ਵਾਲਾ ਵਾਕਿਆ ਉਹ ਅਕਾਲੀ ਅਖਬਾਰ ਅਤੇ ਰਾਮ ਸਿੰਘ ਧਾਰੋਵਾਲੀਏ ਦੇ ਅਖਬਾਰ ਵਿਚ ਛਾਇਆ ਹੋਈ।

ਨੀਵੀਂ ਜ਼ਮੀਨ ਉਤੇ ਬੈਠ ਜਾਣਾ। ਬੂਹੇ ਦੀ ਚੌਗਾਠ ਦਾ ਥੱਲੇ ਸੇਰੂ ਨਹੀਂ ਸੀ। ਸੀਮਿੰਟ ਦਾ ਫਰਸ਼ ਬੱਝਾ ਹੋਇਆ ਉਸ ਉਤੇ ਕਾਪੀ ਰੱਖ ਕੇ ਲਿਖਣਾ ਆਟੇ ਦਾਲਾਂ ਜੋਗੇ ਪੈਸੇ ਕਵੀ ਦਰਬਾਰਾਂ ਵਿਚੋਂ ਆ ਜਾਂਦੇ। ਪ੍ਰਦੇਸੀ ਮੇਰਾ ਖ਼ਾਸ ਖ਼ਿਆਲ ਰੱਖਦੇ। ਆਪਣੇ ਜੁੱਟਾਂ ਨੂੰ ਕਹਿੰਦੇ— ਸੁਣੋ ਜ਼ਰਾ ਮੁੰਡਾ ਕੀ ਗੱਲ ਕਰ ਰਿਹਾ ਹੈ।

ਇਕ ਦਿਨ ਨਾਵਲ ਲਿਖ ਰਿਹਾ ਸਾਂ। ਤਿੰਨ ਸਪੇਰੇ ਵਹਿੰਗੀਆਂ ਚੁੱਕੀ ਆ ਗਏ ਲੱਗੇ ਅਸੀਸਾਂ ਦੇਣ। ਮੈਂ ਆਪਣੇ ਧਿਆਨ ਲੱਗੇ ਹੋਏ ਨੇ ਆਖਿਆ —ਭਾਬੀ ਇਹਨਾਂ ਨੂੰ ਰੋਟੀ ਖਵਾ ਦੇ। ਉਹਨੇ ਆਟਾ ਗੁੱਧਾ ਤੇ ਰੋਟੀਆਂ ਪਕਾ ਕੇ ਆਚਾਰ ਨਾਲ ਉਹਨਾਂ ਨੂੰ ਖਵਾ ਦਿੱਤੀਆਂ। ਉਹ ਰੱਜ ਪੁੱਜ ਕੇ ਕਹਿਣ ਲੱਗੇ ਓ ਸਰਦਾਰਾ ਤੇਰੀਆਂ ਰੇਖਾਵਾਂ ਚੰਗੀਆਂ ਬੜਾ ਧੰਨ ਤੇਰੇ ਕੋਲ ਆਏਗਾ। ਖੁਸ਼ੀਆਂ ਮਾਣੇਂਗਾ, ਹੋਰ ਪਤਾ ਨਹੀਂ ਕੀ ਕੁਝ — ਮੰਗ ਲੈ ਜੋ ਮੰਗਣਾ ਈ...ਇਕ ਚਤੁਰ ਬੋਲਿਆ।

ਮੈਂ ਉਸ ਵੱਲ ਵੇਖਿਆ—ਉਏ ਭਰਾਵੋ ਰੋਟੀ ਤੁਸਾਂ ਮੇਰੇ ਕੋਲੋਂ ਖਾਧੀ ਹੈ ਮੈਨੂੰ ਕੀ ਦੇ ਸਕਦੇ ਹੋ। ਜਾਉ ਕੰਮ ਕਰੋ।...ਉਹਨਾਂ ਵਿਚਲਾ ਚਤੁਰ ਕਹਿਣ ਲੱਗਾ—ਸਰਦਾਰਾ ਸੋਲਾਂ ਆਨੇ ਗੱਲ ਕੀਤੀ ਊ ਤੈਨੂੰ ਕੀ ਦੇ ਸਕਦੇ ਹਾਂ ਬੱਸ ਸਾਡਾ ਢੰਗ ਹੈ।...ਜ਼ਰਾ ਠਹਿਰ ਕੇ ਕਹਿਣ ਦਾ ਪਰ ਆ ਲੈ ਇਕ ਮਣਕਾ ਇਹ ਝੂਠ ਫਰੇਬ ਨਹੀਉਂ ਜਿਥੇ ਸੱਪ ਲੜ ਜਾਏ ਉਤੇ ਰੱਖ ਦਿਉ ਮੋਟਾ ਹੋ ਜਾਏਗਾ ਘੁੱਟ ਕੇ ਨਿਚੋੜ ਦਿਉ ਫਿਰ ਰੱਖ ਦਿਉ—ਭਾਬੀ ਨੇ ਫੜ ਲਿਆ।

ਨਾਵਲ ਮੁਕੰਮਲ ਹੋ ਗਿਆ ਨਾਂ ਰੱਖਿਆ, 'ਕੌਮੀ ਸ਼ਹੀਦ'। ਚਾਲ ਨਾਨਕ ਸਿੰਘ ਹੋਰਾਂ ਦੇ ਨਾਵਲ ਚਿੱਟੇ ਲਹੂ ਜਿਹੀ ਸੀ। ਥੀਮ ਸਿਆਸੀ। ਸਾਡੇ ਮਈ ਦੇ ਧਾਰਨੀ ਕਾਂਗਰਸੀ ਨੂੰ ਝੂਠਾ ਤਸ਼ਦਦ ਦਾ ਕੇਸ ਬਣਾ ਕੇ ਫਾਂਸੀ ਦੇ ਦਿੱਤੀ ਗਈ ਸੀ। ਤਕਨੀਕ ਡਰਾਮੇ ਵਰਗੀ ਜਿਸ ਤਰ੍ਹਾਂ ਚਿੱਟੇ ਲਹੂ ਵਰਗੀ।...ਮੈਂ ਜ਼ਿੰਦਗੀ ਵਿਚ ਜਾਚਿਆ ਹੈ ਲਿਖਤ ਦੀ ਤਕਨੀਕ ਕੋਈ ਹੋਵੇ ਖਿਆਲ ਅਮਰ ਹੁੰਦਾ ਹੈ। ਕੋਈ ਤਕਨੀਕ ਜਾਂ ਛੰਦ ਨਹੀਂ। ਬਣਤੋ ਦੇ ਕਿਸੇ ਦੇ ਛੰਦ ਵੀ ਉਹੋ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਜਿਹੜੇ ਧਾਰਮਿਕ ਪੁਸਤਕਾਂ ਦੇ ਨੇ । ਉਹ ਦੂਜਿਆਂ ਕੁਝ ਕਲਾਸੀਕਲ ਨਾਵਲਾਂ ਵਿਚ ਇਕ ਨਾਵਲ ਹੈ । 'ਅਮਰਾਉ ਜਾਨ ਅਦਾ' ਮਿਰਜ਼ਾ ਮੁਹੰਮਦ ਹਾਦੀ ਰਸਵਾ ਦਾ । ਡਰਾਮੇ ਵਾਂਗ ਲਿਖਿਆ ਹੋਇਆ ਹੈ ਪਰ ਕਲਾ ਦੀ ਸਿਖਰ ਹੈ ।

ਲਾਹੌਰ ਸਾਰੇ ਵਿਚ ਲਈ ਫਿਰਦਾ ਰਿਹਾ । ਇਕ ਦੋ ਨੇ ਪੜ੍ਹਿਆ ਇਕ ਦੋਹਾਂ ਨੇ ਕਿਹਾ ਜੇ ਉਰਦੂ ਜ਼ਬਾਨ ਵਿਚ ਹੁੰਦਾ ਛਾਇਆ ਕਰ ਦਿੰਦੇ । ਮੈਨੂੰ ਕਿਸੇ ਕਿਹਾ ਅੰਮ੍ਰਿਤਸਰੋਂ ਛਪ ਜਾਏਗਾ । ਉਥੇ ਪੰਜਾਬੀ ਦੀਆਂ ਪੁਸਤਕਾਂ ਛਾਇਆ ਹੁੰਦੀਆਂ ਹਨ ।

ਮੈਂ ਸਾਇਕਲ ਠੀਕ ਕਰਾਇਆ, ਕਾਠੀ ਦੀ ਥਾਂ ਹੋਰ ਨਿੱਕਾ ਸਰਾਣਾਂ ਰੱਖ ਕੇ ਗੱਦੀ ਬਣਾਈ । ਦੁਪਹਿਰ ਦੀ ਰੋਟੀ ਬੰਨ੍ਹ ਕੇ ਤੜਕੇ ਤੜਕੇ ਜਿਉਂ ਤੁਰਿਆ ਦਸ ਵਜੇ ਅੰਮ੍ਰਿਤਸਰ ਪਹੁੰਚ ਗਿਆ । ਮਾਈ ਸੇਵਾਂ ਦੇ ਬਾਜ਼ਾਰ ਧੱਕੇ ਖਾਣ ਲੱਗਾ, ਪੁੱਛੀ ਜਾਵਾਂ ਨਾਂਹ ਹੁੰਦੀ ਜਾਵੇ । ਤੀਰ ਜੀ ਇਕ ਹੱਟੀ ਤੇ ਬੈਠੇ ਸਨ । ਉਹਨਾਂ ਦੀ ਗੋਡੀਂ ਹੱਥ ਲਾਇਆ, ਉਹਨਾਂ ਬਿਠਾਇਆ ਲੱਸੀ ਪਿਆਈ । ਹਾਲ ਚਾਲ ਪੁੱਛਿਆ । ਆਪਣੀਆਂ ਤਿੰਨ ਚਾਰ ਕਵਿਤਾਵਾਂ ਸੁਣਾਈਆਂ ਉਹਨਾਂ ਨਾਲ ਮੈਂ ਕੋਈ ਗੱਲ ਨਾ ਕੀਤੀ । ਮੁੜ ਪਿਆ ਘੰਟੇ ਘਰੋਂ ਨਿਵਾਣ ਵੱਲ ਜਿਹੜਾ ਬਾਜ਼ਾਰ ਜਾਂਦਾ ਹੈ ਉਸ ਪਾਸੇ ਮੁੜਿਆ । ਕੋਨੇ ਉਤੇ ਇਕ ਪੁਸਤਕਾਂ ਦੀ ਦੁਕਾਨ ਸੀ ਉਥੇ ਖਲੋ ਗਿਆ । ਮਾਲਕ ਦੇ ਨਾਲ ਉਰੇ ਕਰਕੇ ਇਕ ਲੱਤਾਂ ਤੋਂ ਅਪਾਹਜ ਗੱਭਰੂ ਬੈਠਾ ਹੋਇਆ ਸੀ । ਬੜਾ ਹਸ-ਮੁਖਾ ਪਿਆਰਾ ਚਿਹਰਾ । ਆਤਮ ਵਿਸ਼ਵਾਸ ਨਾਲ ਭਰਿਆ ਹੋਇਆ...ਦੁਕਾਨ ਵਾਲੇ ਨਾਲ ਗੱਲ ਹੋਈ, ਇਨਕਾਰ । ਉਸ ਨੇ ਕਿਹਾ—ਇਹਨਾਂ ਨੂੰ ਮਿਲੋ ਸ: ਪਿਆਰਾ ਸਿੰਘ ਸਹਿਰਾਈ । ਮੈਂ ਖੁਸ਼ ਹੋ ਗਿਆ । ਸਾਇਕਲ ਖਲਿਆਰ ਕੇ ਘੁੱਟ ਕੇ ਹੱਥ ਮਿਲਾਇਆ ਪ੍ਰੀਤਲੜੀ ਦੀ ਗੱਲ ਹੋਈ ਮੈਂ ਵੀ ਸ਼ੇਖੀ ਵਿਚ ਆਖਿਆ—ਮੈਂ ਵੀ ਪ੍ਰੀਤਲੜੀ ਦਾ ਉਮਰ ਮੈਂਬਰ ਹਾਂ । ਗੱਲਾਂ ਹੋਈਆਂ ਉਥੇ ਬੈਠ ਕੇ ਰੋਟੀ ਖਾਧੀ । ਹਰਿਮੰਦਰ ਸਾਹਿਬ ਜਾਣ ਦਾ ਖਿਆਲ ਨਹੀਂ ਆਇਆ । ਵਾਪਸ ਮੁੜਿਆ ਸ਼ਾਮ ਨੂੰ ਤੇਜ਼ਾਬ ਹਾਤੇ ! ਅਜੀਬ ਗੱਲ ਇਹ ਸੀ ਮੈਂ ਮਾਯੂਸ ਨਹੀਂ ਸਾਂ ਹੋਇਆ । ਪ੍ਰੀਤਲੜੀ ਪੜ੍ਹੇ ਨੂੰ ਮਹੀਨੇ ਗੁਜ਼ਰ ਗਏ ਸਨ ।

ਇਕ ਥਾਂ ਦੂਰ ਮੈਨੂੰ ਇਕ ਵਾਕਫ ਤਰਖਾਣ ਕੰਮ ਉਤੇ ਲੈ ਗਿਆ । ਉਥੇ ਉਜਰਤੀਆਂ ਠੇਕੇਦਾਰ ਸੀ । ਹਫਤਾ ਕੁ ਕੰਮ ਤੇ ਗਿਆ ਸਾਂ ਦੁੱਮਣੀ ਬੀਮਾਰ ਹੋ ਗਈ । ਓੜ ਪੋੜ ਕੀਤਾ ਠੀਕ ਨਾ ਹੋਈ । ਉਸ ਦਾ ਮੂੰਹ ਅੰਦਰੋਂ ਪੱਕ ਗਿਆ । ਉਹ ਨਿਰੀ ਭਾਬੀ ਜਿਹੀ ਸੀ । ਬਾਊ ਜੀ ਉਸ ਨੂੰ ਹਰਨਾਮ ਕੌਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਂਦੇ। ਉਹ ਵਿਚਾਰੀ ਜ਼ਿਆਦਾ ਬੀਮਾਰ ਹੋ ਗਈ। ਠੇਕੇਦਾਰ ਕੋਲ ਪੈਸੇ ਮੰਗੇ ਉਸ ਨਾ ਦਿੱਤੇ। ਹੱਥ ਹਰ ਪਾਸੇ ਤੰਗ ਸੀ। ਸਤਵੰਤ ਪ੍ਰੇਸ਼ਾਨ ਸੀ। ਮੈਨੂੰ ਕਹਿਣ ਲੱਗੀ - ਅੱਜ ਜ਼ਰੂਰ ਪੈਸੇ ਲਿਆਓ ਰੋਜ਼ ਰੋਜ਼ ਕਿਥੋਂ ਮੰਗ ਕੇ ਲਿਆਵਾਂ। ਤਾਈ ਨਾਲ ਮੇਰੀ ਅਣਬਣ ਸੀ। ਭਾਈਆ ਕਿਤੇ ਬਾਹਰ ਗਿਆ ਹੋਇਆ ਸੀ। ਸਤਵੰਤ ਪਿਤਾ ਨੂੰ ਭਾਈਆ ਆਖਦੀ ਸੀ ਮੈਂ ਵੀ।

ਸਵੇਰੇ ਕੰਮ ਚੱਲਿਆ ਦੁਮਣੀ ਮੇਰੇ ਕੋਲ ਆ ਗਈ। ਮੇਰੇ ਗਲ ਨਾਲ ਚੰਬੜ ਗਈ। ਬਹੁਤ ਪਿਆਰੀ ਲੱਗੀ। ਚੁੰਮਿਆਂ ਤੇ ਸਾਇਕਲ ਫੜਕੇ ਤੁਰ ਪਿਆ। ਸਤਵੰਤ ਨੇ ਫੇਰ ਆਖਿਆ -- ਪੈਸੇ ਜ਼ਰੂਰ ਲੇ ਕੇ ਆਇਉ।

ਮੈਨੂੰ ਉਸ ਦਿਨ ਵੀ ਕੰਮ ਉਤੋਂ ਪੈਸੇ ਨਾ ਮਿਲੇ ਖਾਲੀ ਘਰ ਲਾਗੇ ਆਇਆ ਤਾਂ ਅੰਦਰੋਂ ਰੋਣ ਦੀ ਆਵਾਜ਼ ਆਈ। ਦੁੱਮਣੀ ਮਰ ਚੁੱਕੀ ਸੀ। ਉਥੋਂ ਸਾਇਕਲ ਮੋੜਿਆ ਭੂਆ ਕੋਲ ਗਿਆ। ਦੁੱਮਣੀ ਮਰ ਗਈ ਸੁਣ ਕੇ ਕਹਿਣ ਲੱਗੀ -- ਬਹਿ ਜਾ ਰੋਟੀ ਖਾ ਲੈ ਭੁੱਖਾ ਹੋਏਂਗਾ — ਰੋਟੀ ਖਾਧੀ ਬਾਊ ਜੀ ਤੁਰ ਪਏ। ਮੈਂ ਸਾਇਕਲ ਤੇ ਪਹੁੰਚਿਆ ਕੁੜੀ ਮਰੀ ਪਈ ਸੀ। ਭਾਬੀ ਵੈਣ ਪਾ ਰਹੀ ਸੀ — ਧੀਏ ਮੈਂ ਤੇ ਮਰ ਮਰ ਕੇ ਟੱਬਰ ਬਣਾਉਣ ਢਹੀ ਹੋਈ ਆਂ ਤੂੰ ਕਿਉਂ ਚਾਚੇ ਕੋਲ ਚਲੀ ਗਈ। ਸਤਵੰਤ ਨੇ ਅੱਖਾਂ ਪੂੰਝ ਕੇ ਆਖਿਆ --- ਪੈਸੇ ਆਂਦੇ ਜੇ ? — ਉੱਤਰ ਦਿੱਤਾ ਨਹੀਂ ਮਿਲੇ।...ਕਿਤੋਂ ਬੰਦੋਬਸਤ ਕਰੋ।...ਮੇਰਾ ਵਾਸ਼ਲ ਲਾਇਨ ਵਾਲਾ ਮਿੱਤਰ ਸੁਣ ਕੇ ਆ ਗਿਆ। ਸਾਡੇ ਲਾਗੋਂ ਦਸ ਪੰਦਰਾਂ ਘਰ ਛੱਡ ਕੇ ਰਹਿੰਦਾ ਸੀ। ਉਸ ਨੂੰ ਸਾਰੀ ਗੱਲ ਦੱਸੀ। ਉਸ ਨੇ ਕਿਹਾ ਪ੍ਰਵਾਹ ਨਾ ਕਰੋ ਬਹੁਤ ਪੈਸੇ ਨੇ। ਉਸ ਨੇ ਹੀ ਕਫਨ, ਘੜਾ, ਹੋਰ ਜੋ ਚਾਹੀਦਾ ਸੀ ਲਿਆਂਦਾ। ਤਾਂਗਾ ਰਾਵੀ ਦਾ ਕੀਤਾ। ਮੈਂ, ਭਾਬੀ, ਬਾਊ ਜੀ, ਮੇਰਾ ਮਿੱਤਰ ਰਾਵੀ ਉਤੇ ਚਲੇ ਗਏ। ਮੇਰੀ ਕੁੜੀ ਦਵਾਈ ਖੁਣੋਂ ਮਰੀ ਸੀ। ਮੇਰੇ ਮਿੱਤਰ ਨੇ ਚੁੱਕੀ ਹੋਈ ਸੀ। ਰੱਬ ਨੇ ਲੋਕਾਂ ਨੂੰ ਦੌਲਤਾਂ, ਮਲਕੀਅਤਾਂ, ਧੰਨ ਨਾਲ ਮਾਲਾ ਮਾਲ ਕੀਤਾ। ਮੈਨੂੰ ਮਿੱਤਰ ਦਿਤੇ ਸਭ ਤੋਂ ਵੱਡਾ ਆਪਣਾ ਰੂਪ।

ਉਸ ਦਿਨ ਬੇੜੀਆਂ ਵਾਲਿਆਂ ਦੀ ਕਿਸੇ ਗੱਲੋਂ ਹੜਤਾਲ ਸੀ। ਕੁੜੀ ਨੂੰ ਰਾਵੀ ਦੇ ਅੱਗੇ ਕਰਕੇ ਸੁੱਟਣਾ ਸੀ। ਇਕ ਬੇੜੀ ਦੇ ਅਗਲੇ ਪਾਸੇ ਦੂਜੀ ਬੇੜੀ ਖਿੱਚ ਕੇ ਕੀਤੀ। ਰਾਤ ਪਈ ਹੋਈ ਸੀ। ਮਿੱਟੀ ਨਾਲ ਭਰੇ ਹੋਏ ਘੜੇ ਦਾ ਮੂੰਹ ਬੱਧਾ ਨਾਲ ਦੁੱਮਣੀ ਨੂੰ ਬੰਨ੍ਹ ਦਿੱਤਾ। ਦੂਜੀ ਬੇੜੀ ਦੇ ਅਗਲੇ ਸਿਰੇ ਉਤੇ


CC-0. In Public Domain. Gurukul Kangri Collection, Haridwar

ਜਾ ਕੇ ਹੌਲੀ ਨਾਲ ਧੀ ਨੂੰ ਰਾਵੀ ਦੇ ਹਵਾਲੇ ਕਰ ਦਿੱਤਾ । ਜਾ ਧੀਏ ਬਾਬੇ, ਪੜਦਾਦੇ, ਚਾਚੇ ਕੋਲ ।

Digitized by Arya Samaj Foundation Chennai and eGangotri

ਮੈਂ ਖਲੋ ਗਿਆ ਹਨੇਰੀ ਰਾਤ ਨੀਝ ਲਾ ਕੇ ਵੇਖਿਆ । ਡੁਬਦੀ ਧੀ ਨੂੰ ਆਖਿਆ— ਜਾ ਧੀਏ ਅੱਜ ਤੇਰੇ ਨਾਲ ਮੇਰਾ ਰੱਬ ਵੀ ਮਰ ਗਿਆ । ਅੰਗਰੇਜ਼ਾਂ ਦਾ ਵੀ ਬਾਗ਼ੀ ਹਾਂ ਰੱਬ ਦਾ ਵੀ ਖੈੜਾ ਛੱਡਿਆ । ਉਸ ਸਮੇਂ ਤੋਂ ਮੈਂ ਨਾਸਤਕ ਬਣਿਆ ਹੋਇਆ ਚਲਿਆ ਆ ਰਿਹਾ ਹਾਂ ।

ਅੱਜ ਜਦੋਂ ਮੈਂ ਸੋਚਦਾ ਹਾਂ ਕਿ ਮੈਂ ਦੋ ਦਰਜਨ ਪੁਸਤਕਾਂ ਦਾ ਕਰਤਾ ਹਾਂ ਅਤੇ ਸਰਕਾਰੀ ਗ਼ੈਰ ਸਰਕਾਰੀ ਸਨਮਾਨ, ਮਾਨ, ਅਪਮਾਨ, ਨਾਮ ਮਿਲੇ ਹਨ । ਮੇਰੀ 'ਮੈਂ ਕਿੱਦਾਂ ਜੀਵਿਆਂ' ਵਾਲੀ ਜ਼ਿੰਦਗੀ ਨਵੇਂ ਮੁਤਾਲਿਆ ਨਾਲ ਮਿਲ ਕੇ ਪ੍ਰਦਰਸ਼ਤ ਹੋ ਰਹੀ ਹੈ ।

ਜਦੋਂ ਪਹਿਲਾਂ ਟੀਕਾ ਰਾਮ ਸੁਖਨ ਤੇ ਮੁਨਸ਼ੀ ਅਹਿਮਦ ਦੀਨ ਨੂੰ ਮਿਲਿਆ ਸਾਂ ਤਾਂ ਉਹਨਾਂ ਮੈਨੂੰ ਸ਼ੋਸਲਿਸਟ ਪਾਰਟੀ ਦਾ ਮੈਂਬਰ ਬਣਨ ਲਈ ਆਖਿਆ ਸੀ ਮੈਂ ਇੰਜ ਕਿਹਾ ਸੀ —ਸੁਣਿਆ ਹੈ ਤੁਸੀਂ ਰੱਬ ਨੂੰ ਨਹੀਂ ਮੰਨਦੇ । ਮੈਂ ਰੱਬ ਨੂੰ ਮੰਨਦੇ ਰਹਿਣਾ ਹੈ ਨਹੀਂ ਹੱਟਣਾ ।...ਟੀਕਾ ਰਾਮ ਸੁਖਨ ਨੇ ਜ਼ਰਾ ਕੁ ਹੱਸ ਕੇ ਉੱਤਰ ਦਿੱਤਾ ਸੀ—ਸਾਡੀ ਕੋਈ ਸ਼ਰਤ ਨਹੀਂ ਹੈ । ਕਾਮਰੇਡ ਜਿਸ ਨੂੰ ਮਰਜ਼ੀ ਮਾਨੋ ਹਮਾਰਾ ਕੋਈ ਖ਼ੁਦਾ ਸੇ ਵਾਸਤਾ ਨਹੀਂ ਹੈ । ਉਹ ਉਰਦੂ ਬੋਲਦਾ ਪੰਜਾਬੀ ਤੇ ਪੰਜਾਬੀ ਬੋਲਦਾ ਉਰਦੂ ਬੋਲਣ ਲੱਗ ਪੈਂਦਾ ਸੀ ।

ਮੈਂ ਧੀ ਦੁੱਮਣੀ ਦੇ ਨਾਲ ਰੱਬ ਨੂੰ ਵੀ ਰਾਵੀ ਵਿਚ ਡੁੱਬਾ ਦਿੱਤਾ ਸੀ ਤਾਂ ਮੈਨੂੰ ਸਮੇਂ ਨੇ ਆਖਿਆ ਸੀ—ਲੈ ਭਲਿਆ ਲੋਕਾ ਤੈਨੂੰ ਰੱਬ ਦੇ ਨਾਂ ਦੇ ਜਾਲ ਵਿਚੋਂ ਬਾਹਰ ਕੱਢ ਦਿੱਤਾ ਹੈ, ਜੇ ਨਾ ਕੱਢਦਾ ਤੂੰ ਖੁਲ੍ਹੇ ਅਸਮਾਨਾਂ ਵਿਚ ਸਾਰੀ ਉਮਰ ਨਹੀਂ ਸੀ ਵਿਚਰ ਸਕਣਾ ।

ਕੰਮ ਉਤੇ ਗਿਆ । ਛੁੱਟੀ ਵੇਲੇ ਮੇਰਾ ਸਾਇਕਲ ਦੋਹਾਂ ਪਹੀਆਂ ਤੋਂ ਪੈਂਚਰ । ਸਾਇਕਲ ਰੱਖਕੇ ਅੱਧੀ ਬੋਰੀ ਬਾਲਣ ਦੀ ਮੋਢੇ ਤੇ ਸੁੱਟ ਪੈਦਲ ਤੁਰ ਪਿਆ । ਤੁਰਦਿਆਂ ਸੋਚਾਂ ਨੇ ਘੇਰ ਲਿਆ । ਰਾਏ ਬਹੁਤ ਯਾਦ ਆਇਆ । ਬਾਬਾ ਤੇ ਪਿਤਾ ਜੀ ਯਾਦ ਆਏ । ਦੁੱਮਣੀ ਅੰਦਰੋਂ ਬੀਮਾਰ ਅੱਖਾਂ ਨਾਲ ਮੇਰੇ ਵੱਲ ਵੇਖਣ ਲੱਗੀ । ਬੀਤੀ ਕਸ਼ਟਾਂ ਭਰੀ ਜੀਵਨੀ ਅਤੇ ਖੱਜਲ ਖਵਾਰੀ ਮੇਰੇ ਅੱਗੇ ਫਿਰਨ ਲੱਗੀ । ਜ਼ਿੰਦਗੀ ਮਰਨ ਨਾਲੋਂ ਔਖੀ ਜਾਪੀ । ਮੌਤ ਜ਼ਿੰਦਗੀ ਨਾਲੋਂ ਸੁਖਦਾਈ ।

ਮ਼ੰਨ ਬਣ ਗਿਆ । ਮੈਕਾਲੰਡ ਰੋਡ ਤੋਂ ਇਕ ਸੜਕ ਬਾਹਰ-ਬਾਹਰ ਰਾਵੀ ਨੂੰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦੀ ਹੈ । ਉਸ ਰਾਹ ਰਾਹੀਂ ਜਾ ਕੇ ਰਾਵੀ ਵਿਚ ਛਾਲ ਮਾਰ ਕੇ ਆਤਮਘਾਤ ਕਰ ਲਿਆ ਜਾਵੇ । ਕੀ ਜੀਵਨ ਹੈ ! ਦਵਾਈ ਬਾਝੋਂ ਮਾਸੂਮ ਦਸਾਂ ਮਹੀਨਿਆਂ ਦੀ ਧੀ ਮਰ ਜਾਏ ।...ਇਹ ਪੱਕੀ ਗੱਲ ਮੇਰੇ ਅੰਦਰ ਬੈਠ ਗਈ । ਹੋਰ ਸਾਰੇ ਖਿਆਲ ਉੱਡ ਗਏ । ਅਜੀਬ ਤਰ੍ਹਾਂ ਦੀ ਖੁਸ਼ੀ ਨਾਲ ਪੈਰ ਤੇਜ਼ ਤੁਰਨ ਲੱਗ ਪਏ ।

ਮੇਰੀ ਨਜ਼ਰ ਧਰਤੀ ਉਤੇ ਸੀ । ਮੈਂਕਲੋਡ ਰੋਡ ਦੇ ਫੁੱਟਪਾਥ ਉਤੇ ਤੁਰਿਆ ਜਾਂਦਾ ਸਾਂ । ਮੇਰੀ ਨਜ਼ਰ ਨੇ ਦੇਖਿਆ ਬਿਜਲੀ ਦੇ ਖੰਬੇ ਥੱਲੇ ਇਕ ਪੰਫਲਿਟ ਪਿਆ ਹੈ । ਖੰਬੇ ਉਤਲਾ ਬਿਜਲੀ ਦਾ ਲਾਟੂ ਪੂਰੀ ਰੌਸ਼ਨੀ ਕਰ ਰਿਹਾ ਸੀ । ਮੋਢੇ ਤੋਂ ਬੋਰੀ ਲਾਹੀ ਉਹ ਪੰਫਲਿਟ ਚੁਕ ਲਿਆ ਟਾਈਟਲ ਉਤੇ ਲਿਖਿਆ ਸੀ ਸ: ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਨਾਂ ਬਹੀ ਉਤੇ ਬੈਠ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ । ਜਿਉਂ ਜਿਉਂ ਪੜ੍ਹਦਾ ਜਾਵਾਂ ਮੰਨ ਬਦਲਦਾ ਜਾਵੇ । ਪੰਫਲਿਟ ਇਕ ਘੰਟੇ ਵਿਚ ਪੜ੍ਹ ਲਿਆ । ਮਜ਼ਮੂਨ ਸੀ । ਸਰਦਾਰ ਹੋਰੀਂ ਲਾਹੌਰ ਆ ਗਏ ਸਨ । ਕਿਸ ਤਰ੍ਹਾਂ ਰਹਿਣਾ, ਬਹਿਣਾ, ਕੰਮ ਕਰਨਾ, ਖਾਣਾ, ਪਹਿਨਣਾ ਜੀਉਣਾ ਹੈ ! ! ਅਖੀਰ ਤੇ ਲਿਖਿਆ ਹੋਇਆ ਸੀ । ਤੁਹਾਨੂੰ ਪ੍ਰੀਤਲੜੀ ਅਨਾਰਕਲੀ ਦੇ ਸਿਰੇ ਉਤਲੇ ਬੁਕ ਸਟਾਲ ਤੋਂ ਮਿਲੇਗੀ ।

ਮੇਰੀ ਅੰਦਰੋਂ ਜ਼ਿੰਦਗੀ ਜਾਗ ਪਈ । ਮੌਤ ਮਰ ਗਈ । ਖੁਸ਼ੀ ਨਾਲ ਘਰ ਪਹੁੰਚ ਕੇ ਰੋਟੀ ਖਾਧੀ ਤੇ ਸੁੱਤਾ । ਦਿਨੇ ਸਿੱਧਾ ਅਨਾਰਕਲੀ ਬੁੱਕ ਸਟਾਲ ਪ੍ਰੀਤਲੜੀ ਅਤੇ ਬਰਾਡਲਾ ਹਾਲ ।

ਮੀਟਿੰਗ ਸਾਰਿਆਂ ਦੀ ਰਲਵੀਂ ਹੋ ਰਹੀ ਸੀ । ਜਾ ਕੇ ਬੈਠ ਗਿਆ । ਤਿੰਨ ਦਿਨ ਲਾਹੌਰ ਦਿਆਂ ਚੌਂਕਾਂ ਅਤੇ ਚੌਰਸਤਿਆਂ ਵਿਚ ਨਿੱਕੇ-ਨਿੱਕੇ ਜਲਸੇ ਕਰਨੇ ਸਨ । ਡਿਊਟੀਆਂ ਵੰਡੀਆਂ ਗਈਆਂ ਚਾਰ ਗਰੁੱਪ ਬਣੇ । ਜਿਸ ਗਰੁੱਪ ਵਿਚ ਮੈਂ ਤੇ ਇਕ ਇਹਰਾਰ ਪਾਰਟੀ ਦਾ ਮੈਂਬਰ ਸ਼ਾਇਰ ਮੁਸਲਮਾਨ ਸਨ । ਡਾ: ਸਤਪਾਲ, ਸ੍ਰ: ਕਿਸ਼ਨ ਸਿੰਘ, ਭਗਤ ਸਿੰਘ ਦੇ ਪਿਤਾ ਅਤੇ ਸੋਢੀ ਪਿੰਡੀ ਦਾਸ । ਸਿਹਾ ਪੋਸ਼ ਜਰਨੈਲ ਕਿਦਾਰ ਨਾਥ ਸਹਿਗਲ । ਇਕ ਨਿੱਕਾ ਮੇਜ਼ । ਅਸੀਂ ਸੋਢੀ ਪਿੰਡੀ ਦਾਸ ਨਾਲ ਚੌਂਕ ਵਿਚ ਧੂਤਾ ਵਜਾ ਕੇ ਲੋਕ ਇਕੱਠੇ ਕਰਦੇ ਕਵਿਤਾਵਾਂ ਸੁਣਾਉਂਦੇ । ਮਗਰ ਡਾ: ਸਤਿਪਾਲ ਸ੍ਰ: ਕਿਸ਼ਨ ਸਿੰਘ ਸਹਿਗਲ ਆ ਜਾਂਦੇ । ਅਸੀਂ ਅਗਲੇ ਚੌਂਕ ਵਿਚ ਤਿੰਨੇ ਚਾਰੇ ਵਰਕਰ । ਸਤਿਆਪਾਲ ਸਾਡਾ ਬਹੁਤ ਖ਼ਿਆਲ ਰੱਖਦੇ ਪਿਆਰ ਦਿੰਦੇ ਹਰ ਇਕ ਅੰਦਰ ਤੱਕ ਪਹੁੰਚ ਜਾਂਦੇ । ਵਰਕਰਾਂ ਨੂੰ ਆਪਣੇ ਮੂੰਹੋਂ ਕੱਢ ਕੇ ਰੋਟੀ ਦੇਣ ਵਾਲੇ ਲੀਡਰ ਸਨ । ਇਹ ਜਲਸੇ ਸਾਰੇ ਲਾਹੌਰ ਵਿਚ ਸਫ਼ਲ ਹੋਏ ਅਗਲੇ ਦਿਨ ਰਾਤ ਨੂੰ ਅਨਾਰਕਲੀ ਦੇ ਪਰ੍ਹਾਂ ਕਰਕੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਗ ਵਿਚ ਜਲਸਾ ਹੋਇਆ । ਬਹੁਤ ਲੋਕ ਆਏ । ਸੁਖਨ ਨੂੰ ਸੁਣਨ ਵਾਲਾਂ ਬੁੱਧੀਜੀਵੀ ਬਹੁਤ ਇਕੱਠਾ ਹੁੰਦਾ ਸੀ । ਉਹ ਉਰਦੂ ਦਾ ਸੁਲਝਿਆ ਹੋਇਆ ਤੇ ਕਮਾਲ ਦਾ ਸ਼ਾਇਰ ਸੀ । ਉਰਦੂ ਵਿਚ ਤਕਰੀਰ ਕਰਦਾ । ਜਾਦੂ ਧੂੜੀ ਜਾਂਦਾ ਸਾਰਿਆਂ ਲੀਡਰਾਂ ਤਕਰੀਰਾਂ ਕੀਤੀਆਂ । ਸੁੱਖਨ ਨੇ ਕਮਾਲ ਦੀ ਭੜਕੀਲੀ ਅਤੇ ਦਿਲਾਂ ਨੂੰ ਟੁੰਬਣ ਵਾਲੀ ਤਕਰੀਰ ਕੀਤੀ । ਖ਼ਤਮ ਕਰਨ ਲੱਗੇ ਨੇ ਇੰਜ ਫ਼ੁਰਮਾਇਆ— ਜਾਗੋ ਖੜੇ ਹੋ ਜਾਉ—ਕਮਰੇਂ ਬਾਂਧ ਲੋ ਔਰ ਜਮਾਤੀ ਜੰਗ ਕੇ ਲੀਏ ਤਿਆਰ ਹੋ ਜਾਉ......ਇਹ ਮੇਰੀ ਜ਼ਿੰਦਗੀ ਦਾ ਪਹਿਲਾ ਮੌਕਿਆ ਸੀ ਜਮਾਤੀ ਜੰਗ ਲਫ਼ਜ਼ ਸੁਨਣ ਦਾ ।

ਪ੍ਰੀਤਲੜੀ ਤੋਂ ਉਸ ਦੇ ਪ੍ਰਵਾਰ ਨੇ ਜਾਂ ਨਵੀਂ ਪੀੜ੍ਹੀ ਨੇ ਕੁਝ ਸਿੱਖਿਆ ਹੈ ਕਿ ਨਹੀਂ ਪਰ ਮੇਰੀ ਪੀੜ੍ਹੀ ਨੇ ਬਹੁਤ ਕੁਝ ਸਿੱਖਿਆ ਹੈ । ਦਾਰਜੀ ਸਾਡਿਆਂ ਦਿਲਾਂ ਵਿਚ ਸਾਡੀਆਂ ਲਿਖਤਾਂ ਵਿਚ ਅਮਰ ਹੈ । ਆਪਣੀਆਂ ਲਿਖਤਾਂ ਵਿਚ ਉਹ ਅਮਰ ਹਨ ਹੀ ।

ਮੇਰੀ ਇਹ ਲਿਖਤ ਨਾ ਤੇ ਮੇਲ ਗੱਡੀ ਹੈ ਨਾ ਪਸੰਜਰ । ਐਕਸਪ੍ਰੈਸ ਹੈ । ਮੇਰਾ ਆਪਣੇ ਬਾਰੇ ਇਹ ਨਿਰਨਾ ਹੈ ਕਿ ਮੈਂ ਦਰਮਿਆਨੀ ਜਮਾਤ ਵਿਚੋਂ ਹਾਂ । ਦਰਮਿਆਨੇ ਦਰਜੇ ਦਾ ਕਵੀ ਅਤੇ ਸਾਹਿਤਕਾਰ ਹਾਂ । ਦਰਮਿਆਨੇ ਦਰਜੇ ਦਾ ਆਸ਼ਕ । ਸਿਰਫ ਯਾਰ ਪਹਿਲੇ ਦਰਜੇ ਦਾ ਹਾਂ ।

ਮੁਲਤਾਨ ਵੱਲ ਇਕ ਜ਼ਿਮਨੀ ਅਲੈਕਸ਼ਨ ਆਇਆ । ਬੀਬੀ ਛੰਨੂ ਦੇਵੀ ਨੂੰ ਕਾਂਗਰਸ ਨੇ ਖਲਿਆਰਿਆ । ਯੂਨਿਸਟ ਵਜ਼ਾਰਤ ਵਲੋਂ ਰਾਏ ਬਹਾਦਰ ਸੇਵਕ ਰਾਮ ਉਥੇ ਸੋਢੀ ਪਿੰਡੀ ਦਾਸ ਨੇ ਸਾਡੇ ਘਰ ਦਸ ਰੁਪਏ ਘੱਲ ਦਿੱਤੇ । ਉਪਰਲੇ ਵਰਕਰ ਬਹੁਤ ਸਨ । ਇਕ ਵਾਜੇ ਵਾਲਾ ਮੁਲਤਾਨੀ ਵਰਕਰ ਕੌਮੀ ਗੀਤ ਗਾਉਂਦਾ, ਇਕ ਉਂਜ, ਤੀਜਾ ਮੈਂ । ਸਾਡੇ ਕੋਲ ਕਰਾਏ ਦੇ ਸਾਇਕਲ ਬੜੀ ਚੰਗੀ ਹਾਲਤ ਵਿਚ । ਮੇਰੇ ਵਾਲਾ ਸਾਇਕਲ ਹਰਕੁਲਿਸ ਬੜੀ ਵਧੀਆ ਕਾਠੀ । ਹੈੱਡ ਕਵਾਟਰ ਖਾਸ ਮੁਲਤਾਨ । ਬਾਕੀ ਪੇਂਡੂ ਇਲਾਕਾ । ਦੋ ਪੁਰਾਣੇ ਕਿਸਮ ਦੀਆਂ ਕਾਰਾਂ । ਸੋਢੀ ਜੀ ਇੰਨਚਾਰਜ ਹੈੱਡ ਆਫਸ ਦੇ । ਇਕ ਹਫਤਾ ਮੈਂ ਉਸ ਕਾਰ ਵਿਚ ਜਿਸ ਵਿਚ ਡਾ: ਸਤਪਾਲ ਭੀਮ ਸੈਨ ਸੱਚਰ ਬੀਬੀ ਅਮਰ ਕੌਰ ਵਾਜੇ ਵਾਲਾ ਵਰਕਰ ਅਤੇ ਇਕ ਭੀਨ ਸੈਨ ਹੋਰਾਂ ਦਾ ਨੌਕਰ । ਵਾਜੇ ਵਾਲੇ ਗੀਤ ਸ਼ੁਰੂ ਕਰਨਾ । ਮੈਂ ਕਵਿਤਾ ਸੁਣਾ ਕੇ ਸਟੇਜ ਸੈਕਟਰੀ ਬਣ ਜਾਣਾ । ਸੱਚਰ ਤੇ ਡਾ: ਹੋਰਾਂ ਤਕਰੀਰ ਕਰਨੀ । ਡਾ: ਬਹੁਤ ਅੱਛੀ ਅਵਾਮੀ ਦੀ ਤਕਰੀਰ ਕਰਦੇ ਸਨ ਹਸਾ ਵੀ ਦਿੰਦੇ ਰਵਾ ਵੀ ਦਿੰਦੇ ਜ਼ਜਬਾਤਾਂ ਵਿਚ ਵੀ ਸਰੋਤਿਆਂ ਨੂੰ ਲੈ ਆਉਂਦੇ । ਢੰਗ ਸਾਰਾ ਗਾਂਧੀਵਾਦੀ । ਸੱਚਰ ਹੌਲੀ ਉੱਠਦੇ, ਹੌਲੀ ਖਲੋਂਦੇ, ਹੌਲੀ ਬੋਲਦੇ, ਹੌਲੀ ਸਮਝਾਉਂਦੇ । ਉਹਨਾਂ ਦਾ ਨੌਕਰ ਹਰ ਸਮੇਂ ਅਟੈਂਨ ਸ਼ੈਂਨ ਰਹਿੰਦਾ । ਨੌਕਰ ਬਿਨਾਂ ਪਿੰਡਾਂ ਸ਼ਹਿਰਾਂ ਵਿਚ ਰਹਿ ਨਾ ਸਕਦੇ । ਚੰਗੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁੱਥਰੀ ਮੰਜੀ, ਚੰਗਾ ਨਰਮ ਬਿਸਤਰਾ, ਰੋਜ਼ ਕਪੜਿਆਂ ਦੀ ਬਦਲੀ। ਟੱਟੀ ਜਾਣਾ ਗੜਵੀ ਨੌਕਰ ਨੇ ਪਾਣੀ ਵਾਲੀ ਖੜਨੀ। ਸਹਿਜੇ-ਸਹਿਜੇ ਰੋਟੀ ਖਾਣੀ। ਵਰਕਰਾਂ ਨਾਲ ਕੂਣਾ ਬੋਲਣਾ ਨਹੀਂ। ਤੁਰਨ ਲੱਗਿਆਂ ਧਰਤੀ ਉਤੇ ਪੈਰ ਇੰਜ ਧਰਨੇ ਜਿਵੇਂ ਉਹ ਦੁੱਖਦੀ ਹੋਵੇ। ਵੀਹ ਪੰਝੀ ਦਿਨ ਰਹੇ ਉਹ ਤੁਰ ਰਹੇ।

ਫਿਰ ਸਾਡੀ ਤਿੰਨਾਂ ਵਰਕਰਾਂ ਦੀ ਡਿਊਟੀ ਵੱਖਰੀ ਲੱਗ ਗਈ। ਛੰਨੋ ਦੇਵੀ ਸਾਡੇ ਨਾਲ ਨਹੀਂ ਉਹ ਵੱਖਰੇ ਗਰੁੱਪ ਨਾਲ ਸੀ। ਤੀਜਾ ਵਰਕਰ ਸਾਰੇ ਇਲਾਕੇ ਨੂੰ ਜਾਣ ਦਾ। ਰਾਹ ਥਿੱਤਾ ਦਸਦਾ ਉਸ ਨਾਲ ਅਸੀਂ ਤੁਰੇ ਜਾਂਦੇ। ਅਜੀਬ ਇਲਾਕਾ ਸੀ। ਉੱਚਾ ਨੀਵਾਂ ਕੱਚੀਆਂ ਸੜਕਾਂ। ਰੇਤਲਾ ਤੇ ਬੰਜਰ। ਖਜੂਰਾਂ ਦੇ ਕਈ ਬਾਗ। ਹਿੰਦੂ ਦੁਕਾਨਦਾਰ ਬਹੁਤ। ਆਉ-ਭਗਤ ਬੜੀ ਕਰਦੇ। ਥਾਲੀ ਭਰਕੇ ਮਠਿਆਈ ਦਿੰਦੇ ਥੋੜ੍ਹੀ-ਥੋੜ੍ਹੀ ਖਾਣੀ ਬਾਕੀ ਮੋੜ ਦੇਣੀ। ਜਿੱਥੋਂ ਤਕ ਮੈਨੂੰ ਚੇਤਾ ਆਉਂਦਾ ਹੈ ਕਾਮਰੇਡ ਰਾਮ ਕਿਸ਼ਨ ਵੀ ਨਾਲ ਰਿਹਾ ਸੀ। ਇਹ ਬੜੀਆਂ ਯਵੀਆਂ ਮਾਰਨ ਵਾਲੀ ਤਕਰੀਰ ਕਰਦਾ।

ਅਸੀਂ ਵਰਕਰ ਹਿਸਾਬ ਨਾਲ ਰੰਗਪੁਰ ਖੇੜੇ ਦੁਪਹਿਰਾਂ ਵੇਲੇ ਪਹੁੰਚੇ। ਰਾਤ ਨੂੰ ਸਾਡੇ ਗਰੁਪ ਨੇ ਆਉਣਾ ਸੀ। ਜਾਂਦਿਆਂ ਹੀ ਅਸੀਂ ਨਗਰੋਂ ਬਾਹਰ ਨਾਲ ਕਰਕੇ ਇਕ ਸਾਧ ਦਾ ਡੇਰਾ ਸੀ ਉਥੇ ਜਾ ਵੜੇ। ਸਾਧ ਹੱਸ ਕੇ ਬੋਲਿਆ, ਸਾਇਕਲ ਰੱਖੋ। ਸਾਨੂੰ ਮੱਖਣ ਪਾ ਕੇ ਲੱਸੀ ਪਿਆਈ। ਆਸ਼ਕਾਂ ਦਾ ਝਨਾਂ ਮਟਕ ਨਾਲ ਚੌੜਾ ਸੀਨਾ ਕਰਕੇ ਮੱਠੀ-ਮੱਠੀ ਚਾਲੇ ਵਗ ਰਿਹਾ ਸੀ। ਜਿਵੇਂ ਆਸ਼ਕਾਂ ਦੀਆਂ ਗੱਲਾਂ ਸੁਣਦਾ ਸੁਣਦਾ ਤੁਰਿਆ ਜਾ ਰਿਹਾ ਹੋਵੇ। ਬਾਹਰੋਂ ਹੋ ਕੇ ਜਦ ਮੁੜੇ ਸਾਧ ਗਰਮ ਹੋਇਆ ਪਿਆ ਸੀ—ਜਾਉ ਜੀ ਨਿਕਲੋ ਏਥੋਂ ਬਾਹਰ! ਚੁਕੋ ਸਾਇਕਲ! ਤੁਹਾਡਾ ਇਸ ਡੇਰੇ ਕੋਈ ਕੰਮ ਨਹੀਂ, ਹੋਰ ਕਈ ਕੁਝ।

ਸਾਇਕਲ ਫੜ ਲਏ ਰਾਤ ਰਹਿਣ ਦਾ ਸਾਰਾ ਪ੍ਰੋਗਰਾਮ ਖੁਰਦ ਬੁਰਦ। ਬਾਜ਼ਾਰ ਵਿਚ ਨਿਕਲੇ। ਕੋਈ ਖਾਣ ਨੂੰ ਕੁਝ ਨਾ ਦਏ। ਬੋਲੇ ਵੀ ਕੋਈ ਨਾ ਚੰਗੀ ਤਰ੍ਹਾਂ। ਅਸੀਂ ਹੱਸਦੇ ਫਿਕਰ ਕਰਦੇ। ਪਾਣੀ ਵੀ ਕੋਈ ਨਾ ਪਿਆਏ। ਬੈਠੀਏ ਕਿੱਥੇ? ਆਰਾਮ ਕਿੱਥੇ ਕਰੀਏ? ਇਕ ਬੰਦਾ ਹੋਲੀ ਨਾਲ ਸਾਡੇ ਲਾਗੋਂ ਲੰਘਿਆ ਤੇ ਕਹਿ ਗਿਆ – ਆਰੀਆ ਸਮਾਜ ਚਲੇ ਜਾਉ ਬੂਹਾ ਖੁੱਲਾ ਹੈ। ਬਾਹਰ ਮੈਦਾਨ ਵਿਚ ਆਰੀਆ ਸਮਾਜ ਮੰਦਰ ਵੱਲ ਮੁੜੇ ਤਾਂ ਇਕ ਜੁੱਤੀਆਂ ਬਣਾਉਂਦਾ ਸੀ ਰਾਮ ਦਾਸੀਆ ਭਲਵਾਨ। ਉਹ ਹੱਟੀ ਤੋਂ ਉੱਠ ਕੇ ਸਾਡੇ ਅੱਗੇ ਅੱਗੇ ਤੁਰ ਪਿਆ। ਹੌਲੀ ਨਾਲ ਕਹਿਣ ਲੱਗਾ - ਮੇਰੇ ਪਿੱਛੇ ਤੁਰੇ ਆਉ ਲਾਗੇ ਪਿੰਡ ਹੈ ਉਥੋਂ ਮੇਰੇ ਘਰੋਂ ਰੋਟੀ ਖਾ ਲਉ।...ਅਸੀਂ ਉਸਦੇ ਮਗਰ ਤੁਰ ਪਏ। ਇਕ ਖਜੂਰਾਂ ਦੇ ਝੁੰਡ ਵਿਚ ਨਿੱਕਾ ਜਿਹਾ ਪਿੰਡ। ਰਾਹ ਵਿਚ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਨੇ [illegible] ਨੂੰ [illegible] ਦਿੱਤਾ ਹੈ । ਕੋਈ ਇਹਨਾਂ ਨੂੰ ਮੂੰਹ ਨਾ ਲਾਏ । ਬਿਲਕੁਲ ਕੁਝ ਨਾ ਦਿਉ । ਮਦਦ ਨਾ ਕਰੋ । ਜੇ ਕਿਸੇ ਸਾਡਾ ਆਖਾ ਨਾ ਮੰਨਿਆ ਉਸ ਨੂੰ ਚੰਗੀ ਤਰ੍ਹਾਂ ਨਜਿੱਠਣਗੇ ।... ਇਹ ਸਭ ਕੁਝ ਉਸ ਨੇ ਸਵਾਦੀ ਢੰਗ ਨਾਲ ਮੁਲਤਾਨੀ ਪੰਜਾਬੀ ਵਿਚ ਕਿਹਾ । ਮੁਲਤਾਨ ਵਿਚ ਪੰਜਾਬੀ ਕਮਾਲ ਦੀ ਪੰਜਾਬੀ ਸੀ । ਉਸ ਦੀ ਗੱਲ ਸੁਣ ਕੇ ਮੈਂ ਦਿਲ ਵਿਚ ਆਖਿਆ—ਹੀਰੇ ਤੂੰ ਤੇ ਆਪਣਿਆਂ ਸਹੁਰਿਆਂ ਤੋਂ ਰਾਂਝੇ ਨਾਲ ਨੱਠ ਕੇ ਗਈ ਸੈਂ ਸਾਨੂੰ ਏਥੋਂ ਖੌਹਰਿਆਂ ਪੁਲਿਸ ਭਜਾਵੇ ।

ਰੋਟੀ ਖਾ ਕੇ ਅਸੀਂ ਆਰੀਆ ਸਮਾਜ ਮੰਦਰ ਦਾ ਕੁੰਡਾ ਖੋਲ੍ਹਿਆ ਅੰਦਰ ਮੰਜੀਆਂ ਡੱਠੀਆਂ ਹੋਈਆਂ ਸਨ, ਕੁਝ ਆਰਾਮ ਕੀਤਾ । ਤਰਕਾਲਾਂ ਪਈਆਂ ਉੱਠੇ । ਸਮਾਜ ਮੰਦਰ ਵਿਚੋਂ ਦੋ ਕੁਰਸੀਆਂ, ਇਕ ਨਿੱਕਾ ਮੇਜ਼ ਚੁਕਿਆ । ਇਕ ਦਰੀ ਉਥੇ ਪਈ ਸੀ ਉਹ ਵੀ ਚੁੱਕੀ । ਬਾਜ਼ਾਰ ਦੇ ਵਿਚ ਜਾ ਵਿਛਾਈ । ਮੇਜ਼ ਨਾਲ ਦੋ ਕੁਰਸੀਆਂ ਰੱਖ ਦਿੱਤੀਆਂ । ਮੰਦਰ ਵਿਚੋਂ ਇਕ ਵੱਡੀ ਸਾਰੀ ਲਾਲਟੈਨ ਤੇਲ ਨਾਲ ਭਰੀ ਮਿਲ ਗਈ । ਜਗ੍ਹਾ ਕੇ ਪਿੱਛੇ ਕੰਧ ਨਾਲ ਟੰਗ ਦਿੱਤੀ । ਜਾਪਦਾ ਇਹ ਸਾਰਾ ਸਮਾਨ ਸਾਡੇ ਲਈ ਮੰਦਰ ਵਿਚ ਰੱਖ ਦਿੱਤਾ ਗਿਆ ਸੀ ।

ਵਾਜੇ ਉਤੇ ਦੋ ਗੀਤ ਗਾਏ ਗਏ । ਮੈਂ ਦੋ ਕਵਿਤਾਵਾਂ ਸੁਣਾਈਆਂ । ਵੀਹ ਪੰਝੀ ਮਿੰਟ ਤਕਰੀਰ ਕੀਤੀ । ਫਿਰ ਗੀਤ ਤੇ ਫਿਰ ਡਾ: ਜੀ ਅਤੇ ਸੱਚਰ ਹੋਰੀਂ ਆ ਗਏ । ਬਾਜ਼ਾਰ ਖੁਲ੍ਹਿਆ ਹੋਇਆ ਸੀ । ਤੇਲ ਦੇ ਚਹੁੰ ਮੁਖੀਏ ਦੀਵੇ ਅਤੇ ਲਾਲਟੈਨਾਂ ਜਗ ਰਹੀਆਂ ਸਨ ।

ਡਾ: ਸਤਪਾਲ ਜੀ ਨੇ ਤਕਰੀਰ ਸ਼ੁਰੂ ਕੀਤੀ । ਉਹ ਗੁੱਸੇ ਵਿਚ ਲੱਗਦੇ ਸਨ । ਪੰਚ ਮਿੰਟ ਬੋਲਣ ਦੇ ਬਾਅਦ ਪੁਲਿਸ ਨੂੰ ਪੈ ਗਏ । ਛੌਡਾ ਲਾਹ ਕੇ ਰੱਖ ਦਿੱਤੀਆਂ । ਇਕ ਘੰਟਾ ਬੋਲੇ । ਲੋਕ ਬਾਜ਼ਾਰ ਵਿਚ ਜਮ੍ਹਾਂ ਹੋ ਗਏ । ਔਰਤਾਂ ਕੋਠਿਆਂ ਉਤੇ ਆ ਕੇ ਬਹਿ ਗਈਆਂ । ਅਸਾਂ ਨਾਹਰੇ ਲਾਏ ਲੋਕਾਂ ਨੇ ਜਵਾਬ ਦਿੱਤਾ । ਵੋਟ ਕਿਸਨੂੰ ? ਛੰਨੋ ਦੇਵੀ ਨੂੰ । ਮਹਾਤਮਾ ਗਾਂਧੀ ਪੰਡਤ ਨਹਿਰੂ ਜ਼ਿੰਦਾਬਾਦ । ਇਨਕਲਾਦ ਜ਼ਿੰਦਾਬਾਦ । ਵੋਟ ਕਿਸ ਦਾ ਕਾਂਗਰਸ ਦਾ ।... ਸੱਚਰ ਬੋਲਿਆ, ਬੀਬੀ ਅਮਰ ਕੌਰ ਨੇ ਚੰਗੀ ਤਕਰੀਰ ਕੀਤੀ । ਜੈ ਜੈ ਹੋ ਗਈ ।

ਆਰੀਆ ਸਮਾਜ ਮੰਦਰ ਆ ਗਏ । ਬਿਸਤਰੇ ਰੋਟੀ, ਰਬੜੀ, ਦੁੱਧ ਬੜੀ ਰੌਣਕ ਹੋ ਗਈ । ਸਾਰਿਆਂ ਦੇ ਝੱਕ ਖੁਲ੍ਹ ਗਏ । ਲੀਡਰਾਂ ਨੂੰ ਰੋਟੀ ਸਾਡੇ ਨਾਲੋਂ ਚੰਗੀ ਪਰ ਡਾਕਟਰ ਜੀ ਨੇ ਆਪਣੀ ਸਾਰੀ ਭਰੀ ਥਾਲੀ ਸਾਨੂੰ ਦੇ ਦਿੱਤੀ । ਆਪ ਸਾਡੇ ਵਰਗੀ ਖਾਧੀ ।

ਰੰਗਪੁਰ ਖੇੜੇ ਕੋਈ ਕਾਲਾ ਚਿੱਟਾ ਬਾਗ ਨਹੀਂ ਸੀ । ਹੀਰ ਰਾਂਝੇ ਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਨਿਸ਼ਾਨੀ, ਅਸਾਂ ਨਹੀਂ ਵੇਖੀ । ਇਨ੍ਹਾਂ ਨੇ ਕੋਈ ਕੁਝ ਕਰ ਦਿੱਤਾ ਹੋਵੇਗਾ । ਰੰਗਪੁਰ ਦੇ ਲਾਗੇ ਬਹੁਤ ਵੱਡਾ ਅਸਮਾਨ ਜਿਹਾ ਅ-ਥਾਹ ਰੇਤ ਦਾ ਸਿਹਰਾ ਸੀ । ਕੋਈ ਵਾਕਫ ਊਠਾਂ ਵਾਲਾ ਹੀ ਉਸਦੇ ਪਾਰ ਜਾ ਸਕਦਾ ਸੀ । ਕਿਸੇ ਨੂੰ ਖੜ੍ਹ ਸਕਦਾ ਸੀ । ਕਈ ਲੋਕ ਭੁੱਲ ਜਾਂਦੇ ਸਨ ਤੇ ਮਰ ਜਾਂਦੇ ਸਨ ਕੰਢਾ ਨਹੀਂ ਸੀ ਲੱਭਦਾ । ਇਹ ਕੁਝ ਸਾਨੂੰ ਲੋਕਾਂ ਨੇ ਦੱਸਿਆ ਤੇ ਕਿਹਾ— ਹੇ ਸੱਸੀ ਦੇ ਥੱਲ ਹੀ ਸਮਝਿਆ ਜੇ ਜੀ ।

ਤਿੰਨ ਚਾਰ ਦਿਨ ਬਾਅਦ ਮੁਲਤਾਨ ਆਏ । ਦੋ ਦਿਨ ਆਰਾਮ ਕੀਤਾ । ਮੁਲਤਾਨ ਦੇਖਿਆ, ਪ੍ਰਹਿਲਾਦ ਭਗਤ ਦਾ ਮੰਦਰ ਦੇਖਿਆ । ਰਾਤ ਨੂੰ ਮਜਲਸੇ ਇਹਰਾਰ ਦਾ ਜਲਸਾ ਸੀ । ਇਹ ਜਮਾਤ ਨੈਸ਼ਲਿਸਟ ਮੁਸਲਮਾਨ ਦੀ ਸੀ । ਕਾਂਗਰਸ ਦੀ ਪੱਕੀ ਸਾਥਣ । ਵੱਡਾ ਲੀਡਰ ਸੀ ਅਤਾਊਲਾ ਸ਼ਾਹ ਬਖਾਰੀ ਤੇ ਹਸਾਮੋਦੀਨ । ਜ਼ਹੀਰ ਕਸ਼ਮੀਰੀ ਤਕਰੀਰ ਕਰ ਰਿਹਾ ਸੀ । ਬਖਾਰੀ ਤੇ ਹਸਾਮੋਦੀਨ ਉਥੇ ਨਹੀਂ ਸਨ । ਉਸ ਸਮੇਂ ਹਿਟਲਰ ਨੇ ਇੰਗਲੈਂਡ ਨੂੰ ਵਖਤ ਪਾਇਆ ਹੋਇਆ ਸੀ । ਅੰਗਰੇਜ਼ ਐਸ ਪੀ. ਤੇ ਪੁਲਿਸ ਜਲਸਾ ਘੇਰ ਕੇ ਖਲੋਤੀ ਹੋਈ । ਜ਼ਹੀਰ ਕਸ਼ਮੀਰ ਰਮਾਲ ਦਾ ਮੁਕੱਰਰ ਸੀ ਨਾਲ ਸ਼ੇਅਰ ਬੋਲਦਾ । ਤਕਰੀਰ ਬੜੀ ਚੜ੍ਹ ਗਈ ਤਾਂ ਉਸ ਆਖਿਆ—ਦੁਸ਼ਮਣ ਦਾ ਦੁਸ਼ਮਣ ਦੋਸਤ ਹੋਤਾ ਹੈ । ਅਬ ਹਿਟਲਰ ਬਤਾ ਦੇ ਗਾ ਇਨ ਗੋਰੇ ਬਿੱਲੋਂ ਕੋ ਕੈਸੇ ਗੁਜ਼ਰਤੀ ਹੈ ।...ਉਸਦੇ ਮੂੰਹੋਂ ਇਹ ਲਫਜ਼ ਨਿਕਲੇ ਹੀ ਸਨ ਕਿ ਐਸ. ਪੀ. ਅੰਗਰੇਜ਼ ਨੇ ਲਲਕਾਰਾ ਮਾਰਿਆ । ਪੁਲਿਸ ਨੇ ਅੰਨ੍ਹੇਵਾਹ ਲਾਠੀਚਾਰਜ ਕੀਤਾ । ਜ਼ਹੀਰ ਨੂੰ ਕੁੱਟ-ਕੁੱਟ ਕੇ ਗ੍ਰਿਫਤਾਰ ਕਰ ਲਿਆ । ਮੈਂ ਝੱਟ-ਪੱਟ ਸਟੇਜ ਦੇ ਤਖਤਪੋਸ਼ ਥੱਲੇ ਵੜ ਗਿਆ । ਉਥੇ ਹੋਰ ਵੀ ਸਿਰ ਲੁਕਾਈ ਬੈਠੇ ਸਨ । ਮੇਰਾ ਲੱਕ ਬਾਹਰ ਸੀ ਦੋ ਤਿੰਨ ਲਾਠੀ ਦੀਆਂ ਹੁੱਜਾਂ ਮੇਰੇ ਲੱਕ ਤੇ ਚਿਤੜਾਂ ਉਤੇ ਪਈਆਂ । ਲੋਕ ਨੱਠ ਗਏ । ਸਾਨੂੰ ਇਹ ਦੱਸਿਆ ਜਾਂਦਾ ਸੀ ਕਿ ਜਦ ਲਾਠੀਚਾਰਜ ਹੋਵੇ ਲੰਮੇਂ ਪੈ ਜਾਉ ਸਿਰ ਬਚਾਓ ।

ਸਾਨੂੰ ਕੁਝ ਵਰਕਰਾਂ ਨੂੰ ਮੁਲਤਾਨੋਂ ਇਕ ਬੱਸ ਤੇ ਚੜ੍ਹਾ ਦਿੱਤਾ ਗਿਆ । ਦਸ ਦਸ ਰੁਪਏ ਨਕਦ ਦੇ ਦਿਤੇ ਗਏ । ਮੈਂ ਅੱਖ ਬਚਾ ਕੇ ਸਾਇਕਲ ਬੱਸ ਦੀ ਛੱਤ ਉਤੇ ਰੱਖ ਲਿਆ । ਜਿਥੇ ਮੈਂ ਦੇਣਾ ਸੀ ਨਾ ਦਿੱਤਾ ।

ਲਾਹੌਰ ਪਹੁੰਚ ਕੇ ਅੱਖ ਬਚਾ ਕੇ ਸਾਇਕਲ ਲਾਹਿਆ ਤੇ ਟੋਰ ਨਾਲ ਆਪਣੇ ਘਰ ਦੀ ਡਿਉੜੀ ਵਿਚ ਖੜ੍ਹਾ ਕਰ ਦਿੱਤਾ । ਰੁਪਏ ਸਤਵੰਤ ਨੂੰ ਦੇ ਦਿੱਤੇ ।

ਪਤਾ ਤੇ ਲੱਗ ਗਿਆ ਪਰ ਸੋਢੀ ਪਿੰਡੀ ਦਾਸ ਨੇ ਗੱਲ ਮੁਕਾ ਦਿੱਤੀ । ਮੈਨੂੰ ਕਿਸੇ ਜਤਾਇਆ ਵੀ ਨਹੀਂ ਸੀ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਨੱਠ-ਭੱਜ ਚੱਕਰ

ਮੁਲਤਾਨ ਦੀ ਅਲੈਕਸ਼ਨ ਵਿਚ ਇਕ ਸਮਾਂ ਆਇਆ ਜਦੋਂ ਦੋਵੇਂ ਕਾਰਾਂ ਸਣੇ ਲੀਡਰ ਛੰਨੋ ਦੇਵੀ ਨਾਲ ਪੰਜ ਛੇ ਵਰਕਰ ਮੈਂ, ਸੋਢੀ ਪਿੰਡੀ ਦਾਸ। ਪੰਜ ਨਦ ਵੇਖਣ ਗਏ। ਇਥੇ ਪੰਜਾਬ ਦੇ ਪੰਜੇ ਦਰਿਆ ਇਕੱਠੇ ਹੁੰਦੇ ਹਨ। ਉਤੇ ੈਂਡ ਬੱਝਾ ਹੋਇਆ ਵੇਖ ਕੇ ਆਉਣ ਲਗਿਆਂ ਗੂੜ੍ਹਾ ਹਨੇਰਾ ਹੋ ਗਿਆ। ਇਕ ਮਿੱਟੀ ਦੇ ਵੱਡੇ ਸਾਰੇ ਬੰਨ੍ਹ ਉਤੇ ਤੁਰੇ ਆਉਂਦੇ ਸਾਂ। ਦੋਈਂ ਪਾਸੀਂ ਨਿਵਾਣ ਵੱਲ ਰੁੱਖ ਲਗੇ ਹੋਏ।

ਮੈਨੂੰ ਅੱਗੇ ਲਿਆ ਕੇ ਸੋਢੀ ਜੀ ਆਖਿਆ— ਪੱਗ ਮੈਨੂੰ ਫੜਾ ਤੂੰ ਨੀਵੇਂ ਪਾਸਿਉਂ ਦੀ ਹੋ ਕੇ ਜ਼ਰਾ ਅਗਾਂਹ ਹੋ ਕੇ ਲੁਕ ਜਾ। ਜਦ ਅਸੀਂ ਲਾਗੇ ਆ ਜਾਈਏ ਵਾਲ ਖੋਲ੍ਹ ਕੇ ਸਿਰ ਮਾਰ ਡਾਂਡਾਂ ਮਾਰਨ ਲੱਗ ਪਈਂ।

ਮੈਂ ਇੰਜ ਕੀਤਾ, ਜਦ ਨੇੜੇ ਸਾਰੇ ਜਣੇ ਆਏ ਤਾਂ ਹਊ-ਹਊ ਕੀਤਾ ਸਾਰੇ ਇਧਰ-ਉਧਰ ਭੱਜੇ ਲੀਡਰ ਖਲੋਤੇ ਰਹੇ। ਸਹਿਮ ਗਏ। ਮੇਰੇ ਨਾਲ ਦਾ ਵਾਜੇ ਵਾਲਾ ਡਾਡ ਮਾਰ ਕੇ ਲੰਮਾ ਪੈ ਗਿਆ। ਮੈਂ ਤੇ ਸੋਢੀ ਹੋਰੀਂ ਹੱਸ ਪਏ। ਖਲੋ ਕੇ ਮੈਂ ਵਾਲ ਬੰਨ੍ਹਣ ਲਗ ਪਿਆ। ਕਈ ਦਿਨ ਹੱਸਦੇ ਰਹੇ। ਅਜੀਬ ਜਿਹਾ ਭੈਅ ਸੀ। ਅਜੀਬ ਇਨਸਾਨ ਵਿਚ ਕਮਜ਼ੋਰੀ ਸੀ।

ਅਨਾਰਕਲੀ ਦੇ ਅਗਲੇ ਬਾਗ ਵਿਚ ਅਲੈਕਸ਼ਨ ਦੀ ਜਿੱਤ ਦਾ ਬੜਾ ਵੱਡਾ ਜਲਸਾ ਹੋਇਆ। ਉਸ ਜਲਸੇ ਵਿਚ ਪਹਿਲੀ ਵਾਰੀ ਘਰ ਦੀ ਪਰਛੀ ਉਤੇ ਬੈਠ ਕੇ ਇਕ ਨਜ਼ਮ ਲਿਖੀ ਹੋਈ ਸੀ, "ਮਜ਼ਦੂਰ ਦਾ ਸਾਈਕਲ" ਬੜੀ ਕਮਾਲ ਦੀ ਵੱਸੀ। ਲੋਕ ਹਸਾਏ ਵੀ ਗੰਭੀਰ ਵੀ ਕੀਤੇ। ਉਸ ਸਮੇਂ ਦਾ ਮੇਰਾ ਸੱਚਾ ਅਕਸ ਸੀ। ਇਸ ਨਜ਼ਮ ਨੇ ਮੈਨੂੰ ਬਹੁਤ ਮਸ਼ਹੂਰ ਕੀਤਾ। ਮੇਰੀ ਜਾਣ-ਪਹਿਚਾਣ ਕਰਾਈ। ਮਾਲੀ ਹਾਲਤ ਦੇ ਕੰਮ ਆਉਂਦੀ ਰਹੀ। ਹਿੰਦੁਸਤਾਨ ਵਿਚ ਵੀ ਜਿੱਥੇ ਕਵੀ ਦਰਬਾਰਾਂ ਤੇ ਜਾਂਦਾ ਰਿਹਾ ਜ਼ਰੂਰ ਹਲੋਰੇਂ ਆਏ ਲੋਕ ਮੈਥੋਂ ਸੁਣਦੇ। ਉਹ ਨਜ਼ਮ ਮੇਰੀ 'ਲੰਮੀਆਂ ਲਗਰਾਂ' ਨਾਂ ਦੀ ਪੁਸਤਕ ਵਿਚ ਹੈ।

ਮੈਂ ਲਾਹੌਰ ਰਹਿੰਦਿਆਂ ਹੋਇਆਂ ਤਿੰਨ ਵਾਰੀ ਗ੍ਰਿਫਤਾਰ ਹੋਇਆ, ਛੇਤੀ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri
ਰਿਹਾ ਹੋ ਜਾਂਦਾ ਰਿਹਾ । ਉਦੋਂ ਕਾਂਗਰਸ ਦੇ ਦੋ ਧੜੇ ਸਨ । ਡਾ: ਗੋਪੀ ਚੰਦ ਅਤੇ ਡਾ: ਸਤਪਾਲ ਦਾ । ਛੰਨੋ ਦੇਵੀ ਦੇ ਅਲੈਕਸ਼ਨ ਵਿਚ ਗੋਪੀ ਚੰਦ ਦਾ ਗਰੁੱਪ ਨਹੀਂ ਸੀ ਗਿਆ । ਭਗਤ ਸਿੰਘ ਦੇ ਸਾਥੀ ਸਾਰੇ ਡਾ: ਸਤਪਾਲ ਨਾਲ ਸਨ ਅਤੇ ਕਾਂਗਰਸ ਸੋਸ਼ਲਿਸਟ ਪਾਰਟੀ ਵਾਲੇ ਵੀ ਇਸ ਧੜੇ ਨਾਲ ਸਨ ।

ਛੰਨੋ ਦੇਵੀ ਦੇ ਮੁਕਾਬਲੇ ਤੇ ਰਾਏ ਬਹਾਦਰ ਸੇਵਕ ਰਾਮ ਹਾਰ ਕੇ ਪੰਦਰਾਂ ਦਿਨਾਂ ਪਿਛੋਂ ਰੱਬ ਨੂੰ ਪਿਆਰਾ ਹੋ ਗਿਆ ।

ਉਹਨੀਂ ਦਿਨੀਂ ਸ਼ਹੀਦ ਗੰਜ ਦੀ ਤਾਰੀਕ ਚਲੀ ਹੋਈ ਸੀ । ਕਦੇ-ਕਦੇ ਉਥੇ ਦੀਵਾਨ ਸੁਣਨ ਜਾਂਦਾ, ਕਬਜ਼ਾ ਅਕਾਲੀਆਂ ਦਾ ਸੀ । ਮਾਸਟਰ ਤਾਰਾ ਸਿੰਘ ਦੇ ਉਥੇ ਦਰਸ਼ਨ ਕੀਤੇ ਸਨ । ਦੋ ਕੁ ਵਾਰੀ ਮੈਂ ਵੀ ਨਜ਼ਮਾਂ ਬੋਲੀਆਂ । ਜਾਣੇ ਅਣਜਾਣੇ ਅੰਗਰੇਜ਼ ਦਾ ਕਸੂਰ ਕੱਢਿਆ ਸੀ । ਕਈਆਂ ਨੂੰ ਉਹ ਚੰਗੀਆਂ ਨਹੀਂ ਸੀ ਲਗੀਆਂ ।

ਮੇਰੇ ਸਹੁਰੇ ਫਤਿਹਗੜ੍ਹ ਚੂੜੀਆਂ ਕਿਸੇ ਕੁੜੀ ਦਾ ਵਿਆਹ ਸੀ । ਸਤਵੰਤ ਆਪਣੀ ਤਾਈ ਨਾਲ ਚਲੀ ਗਈ । ਭਾਬੀ ਲਾਹੌਰ ਰਹੀ । ਸੁਖਬੀਰ ਗਈ । ਮੈਂ ਇਕ ਦਿਨ ਪਹਿਲੋਂ ਜਾਣਾ ਸੀ । ਸਦਰੋਂ ਕਰਮ ਸਿੰਘ ਹੋਰਾਂ ਦਾ ਸਨੇਹਾ ਆਇਆ ਕਿ ਮੈਂ ਐਤਵਾਰ ਜ਼ਰੂਰ ਪਹੁੰਚਾਂ ।

ਮੈਂ ਉਥੇ ਗਿਆ । ਲੌਢੇ ਵੇਲੇ ਸੁਨਿਆਰੇ ਦੀ ਹੱਟੀ ਉਤੇ ਪ੍ਰੀਤਲੜੀਆਂ ਦੀ ਇਕ ਮੀਟਿੰਗ ਹੋਈ । ਸਲਾਹ ਹੋਈ ਜਿਹੜਾ ਉਥੇ ਚੇਲਾ ਰਹਿੰਦਾ ਹੈ ਉਸ ਨਾਲ ਗੱਲਾਂ ਕਰਨੀਆਂ ਹਨ । ਉਹ ਚੇਲਾ ਬੜਾ ਮਸ਼ਹੂਰ ਸੀ । ਧਾਗੇ ਤਵੀਤ ਕਰਦਾ, ਡੋਲੀਆਂ ਖਿਡਾਉਂਦਾ, ਜਾਦੂ-ਟੂਣੇ ਕਰਦਾ, ਤਵੀਤ ਗੰਢੇ ਫੂਕਾਂ ਮਾਰ-ਮਾਰ ਕੇ ਦਿੰਦਾ । ਬੜਾ ਟੌਰ ਟਿੱਕਾ ਬਣਾਇਆ ਹੋਇਆ । ਉਸ ਨੂੰ ਸੱਦ ਕੇ ਮੈਨੂੰ ਉਸ ਦਾ ਸ਼ਾਗਿਰਦ ਬਣਾਉਣ ਦਾ ਪਰਪੰਚ ਰਚਣਾ ਸੀ । ਉਹ ਮੈਨੂੰ ਨਹੀਂ ਸੀ ਜਾਣਦਾ ।

ਇਕੱਠੇ ਹੋਏ, ਉਸ ਨੂੰ ਸੱਦਿਆ ਗਿਆ । ਸਵਲਕਾਰ ਨੇ ਉਸ ਨੂੰ ਆਖਿਆ—ਚੇਲਾ ਜੀ !...ਮੇਰੇ ਵਲ ਇਸ਼ਾਰਾ ਕੀਤਾ – ਇਸ ਸਾਡੇ ਯਾਰ ਨੂੰ ਸ਼ਾਗਿਰਦ ਪਾ ਲਉ । ਇਹ ਚਾਹੁੰਦਾ ਹੈ ਜਿੰਨਾਂ-ਭੂਤਾਂ ਨਾਲ ਬੋਲ ਚਾਲ ਕਰੇ, ਮੁੱਠ ਚਲਾਉਣੀ ਵੀ ਸਿਖਣਾ ਚਾਹੁੰਦਾ ਹੈ ।

ਚੇਲੇ ਨੇ ਕਿਹਾ—ਬੜੀ ਖ਼ੁਸ਼ੀ ਨਾਲ ਸਿੱਖੋ, ਸਾਡੀ ਸੇਵਾ ਕਰੇ ਪੱਕਾ ਸ਼ਾਗਿਰਦ ਬਣ ਜਾਏ । ਭੇਤ ਆਪਣੇ ਤਕ ਡੱਕ ਕੇ ਜ਼ਰੂਰ ਰਖੇ ।

ਮੈਂ ਬੋਲ ਪਿਆ – ਚੇਲਾ ਜੀ ਜਿਵੇਂ ਹੁਕਮ ਕਰੋਗੇ ਕਰਾਂਗਾ ।...ਪਤਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਹੀਂ ਉਸ ਦੇ ਮੂੰਹੋਂ ਇਹ ਗੱਲ ਕਿਵੇਂ ਨਿਕਲੀ—ਤੂੰ ਭਾਈ ਕਾਹਦੇ ਲਈ ਮੇਰੇ ਕੋਲੋਂ ਇਹ ਸਭ ਕੁਝ ਸਿੱਖਣਾ ਚਾਹੁੰਦਾ ਹੈਂ ?...ਮੈਂ ਸਾਫ਼ ਕਹਿ ਦਿਤਾ—ਵਾਇਸਰਾਏ ਉਤੇ ਮੁੱਠ ਚਲਾਉਣੀ ਚਾਹੁੰਦਾ ਹਾਂ ।...ਉਹ ਮੇਰੀ ਗੱਲ ਸਮਝ ਗਿਆ । ਕਹਿਣ ਲੱਗਾ—ਜਾਦੂ ਜਾਂ ਮੁੱਠ ਹੁਕਮਰਾਨਾਂ ਉਤੇ ਨਹੀਂ ਚਲਦੀ। ਆਖ ਕੇ ਉੱਠ ਖਲੋਤਾ ।...ਸੁਨਿਆਰਾ ਮੂੰਹ ਵੱਟ ਕੇ ਬੋਲਿਆ - ਇਹ ਤੇਰਾ ਜਾਦੂ ਮੂਰਖ ਜਨਾਨੀਆਂ; ਗਰੀਬਾਂ ਅਤੇ ਵਹਿਮੀਆਂ ਉਤੇ ਚਲਦਾ ਹੈ।... ਅਸੀਂ ਸਾਰੇ ਹੱਸ ਪਏ । ਉਸ ਦਾ ਖੂਬ ਮੌਜੂ ਉਡਾਇਆ । ਰਾਤ ਨੂੰ ਮੀਟ ਬਣਾਇਆ ਅਤੇ ਸਾਰਿਆਂ ਪ੍ਰੀਤਲੜੀਆਂ ਨੇ ਸ਼ੁਗਲ ਕੀਤਾ । ਮੈਂ ਇਕ ਪ੍ਰੀਤਲੜੀ ਵਿਚ ਮਜ਼ਮੂਨ ਦਾਰਜੀ ਦਾ ਛਪਿਆ ਹੋਇਆ ਸੁਣਾਇਆ। ਵਿਪਲਵ ਚੋਂ ਹਿੰਦੀ ਦਾ ਚੰਦਰ ਸ਼ੇਖਰ ਆਜ਼ਾਦ ਦਾ ਕਰਮ ਸਿੰਘ ਹੋਰਾਂ ਸੁਣਾਇਆ। ਉਹ ਹਿੰਦੀ ਪੜ੍ਹ ਲੈਂਦੇ ਸਨ ।

ਸਵੇਰੇ ਆਉਣ ਲੱਗਿਆਂ ਮੈਂ ਸਵਲਕਾਰ ਕੋਲੋਂ ਰੇਸ ਸਾਇਕਲ ਲੈ ਆਂਦਾ ਅਤੇ ਆਪਣਾ ਉਸਨੂੰ ਦੇ ਦਿੱਤਾ । ਇਸ ਸਾਇਕਲ ਉਤੇ ਮੈਂ ਫਤਿਹਗੜ੍ਹ ਚੂੜੀਆਂ ਵਿਆਹ ਉੱਤੇ ਗਿਆ । ਹਰ ਕੋਈ ਵੇਖਕੇ ਹੈਰਾਨ ਹੁੰਦਾ। ਲਾਹੌਰੋਂ ਇਕ ਸਮਾਨ ਦੇ ਭਰੇ ਹੋਏ ਟਰੱਕ ਨਾਲ-ਨਾਲ ਅੰਮ੍ਰਿਤਸਰ ਪਹੁੰਚਿਆ ਸਾਂ । ਕਦੀ ਟਰੱਕ ਨੂੰ ਫੜ ਲੈਂਦਾ ਕਦੀ ਛੱਡ ਦੇਂਦਾ । ਉਸ ਸਾਇਕਲ ਦੀ ਗਰਾਰੀ ਬਹੁਤ ਵੱਡੀ ਸੀ । ਪਤਲੇ ਟਾਇਰ ਅੱਗੇ ਨੂੰ ਉਲਾਰ ਖੂਬ ਜ਼ੋਰ ਲੱਗਦਾ ਬਹੁਤ ਨੱਠਦਾ ।

ਸਹੁਰੇ ਕੁੜੀਆਂ ਮੇਰੇ ਨਾਲ ਗੱਪ ਸ਼ੱਪ ਮਾਰਦੀਆਂ, ਕਵਿਤਾਵਾਂ ਸੁਣਦੀਆਂ, ਸਾਰੀਆਂ ਹੀ ਸੁਹਣੀਆਂ ਸਨ । ਵਿਆਹ ਵਾਲੀ ਤਾਂ ਮੈਨੂੰ ਅੱਖੀਆਂ ਮਿਲਾ ਕੇ ਛੇੜਦੀ । ਸਤਵੰਤ ਦੀ ਇਕ ਭੈਣ ਬਣੀ ਹੋਈ ਸੀ । ਜੱਸੀ । ਬੜੀ ਹਲੀਮੀ ਨਾਲ ਬੋਲਦੀ । ਮੇਰੇ ਨਾਲ ਬੜੇ ਆਦਰ ਤੇ ਟਿਚਕਰ ਨਾਲ ਬੋਲਦੀ । ਇਹਨਾਂ ਪੰਜਾਂ ਛੇਆਂ ਕੁੜੀਆਂ ਚੋਂ ਅੱਧੀਆਂ ਚੰਗੇ ਥਾਂ ਵਿਆਹੀਆਂ ਹੋਈਆਂ ਸਨ । ਅੱਧੀਆਂ ਖੁਲ੍ਹਾ ਰੋਣਾ-ਧੋਣਾ ਆਪਣਿਆਂ ਖਸਮਾਂ ਦਾ ਤੇ ਘਰ ਦਾ ਰੋਂਦੀਆਂ । ਰਹਿੰਦੀਆਂ । ਜੱਸੀ ਦਾ ਪਤੀ ਸੇਪੀ ਸੀ ਮੂਰਖ ਤਰਖਾਣ, ਆਇਆ ਹੋਇਆ ਸੀ । ਜ਼ਨਾਨੀਆਂ ਤੇ ਕੁੜੀਆਂ ਦਾ ਸ਼ੁਗਲ । ਮੇਰੇ ਕੋਲ ਦੋ ਵਾਰੀ ਜੱਸੀ ਆ ਕੇ ਰੋਈ - ਜਸਵੰਤ ਸਿਆਂ ਮੇਰੀ ਕਿਸਮਤ ਸੜ ਗਈ । ਮਾਪੇ ਅੰਨ੍ਹੇ ਹੋ ਗਏ । ਮੈਂ ਇਹ ਗੱਲ ਹੁਣ ਤੱਕ ਜਾਚੀ ਹੈ ਕਿ ਰਾਮਗੜ੍ਹੀਆਂ ਅਤੇ ਤਰਖਾਣਾਂ ਦੇ ਮੁੰਡੇ ਕੁੜੀਆਂ ਘੱਟ ਹੀ ਕੁ-ਸੁਹਣੇ ਹੁੰਦੇ ਹਨ । ਬੜੀ ਖੂਬਸੂਰਤ ਬਰਾਦਰੀ ਹੈ । ਇਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਨ ਹੈ ਕਿ ਸਤਰਵੀਂ ਸਦੀ ਇਹ ਰਨ ਗੁਲਾਮ ਹੁੰਦੇ ਚਲੇ । [illegible] ਦਾਰ ਅਬਾਸੀ ਕਰਕੇ ਦੂਜੇ ਵਿਚਾਰੇ ਸੈਕਸ ਕਰਕੇ । ਸੂਰਜੋਂ ਸੂਰਜੀ ਕੰਮ ਕਰਨਾ । ਫਿਰ ਘਰ ਤੇ ਫਿਰ...ਰਾਤ !! ਸਾਧਾਂ ਸੰਤਾਂ ਜਾਦੂ ਟੂਣਿਆਂ ਨੂੰ ਹੁਣ ਤੱਕ ਮੰਨਦੀ ਹੈ । ਅਕਸਰੀਅਤ । ਹੱਟਿਆਂ ਕੱਟਿਆਂ ਸਾਧਾਂ ਨੂੰ ਘਰ ਸੱਦੀ ਰੱਖਣਗੇ ।

ਜੱਸੀ ਵਿਆਹ ਦੀ ਰਾਤ ਮੈਨੂੰ ਸੱਦ ਕੇ ਲੈ ਗਈ । ਹਨੇਰੇ ਵਿਚ ਖਲਿਆਰ ਕੇ ਕਹਿਣ ਲੱਗੀ ਮੈਨੂੰ ਦੋ ਰੁਪਏ ਦੇ, ਕੁੜੀ ਨੂੰ ਸਗਨ ਪਾਉਣਾ ਹੈ । ਮੈਂ ਦੇ ਦਿਤੇ । ਉਸ ਨੂੰ ਕੁਝ ਕਿਹਾ ਨਾ । ਉਹ ਮੈਨੂੰ ਬਹੁਤ ਹੀ ਵਿਚਾਰੀ ਲੱਗੀ ਸੀ ।

ਵਿਆਹ ਵਾਲੀ ਕੁੜੀ ਸਹੁਰਿਉਂ ਦੂਜੇ ਦਿਨ ਮੁੜਕੇ ਆਈ ਤਾਂ ਸਿੱਧੀ ਸਾਡੇ ਘਰ ਆਈ । ਉਰੇ ਗੱਲ ਸੁਣ ।...ਉਹਲੇ ਹੋ ਕੇ ਚੰਬੜ ਗਈ—ਤੂੰ ਮੈਨੂੰ ਸਹੁਰੇ ਗਈ ਨੂੰ ਪਹਿਲੀ ਰਾਤ ਕਿਉਂ ਮਿਲਣ ਨਹੀਂ ਸੈਂ ਆਇਆ ?...ਮੈਂ ਹੱਸ ਕੇ ਕਿਹਾ ਚੇਤਾ ਨਹੀਂ ਰਿਹਾ ।...ਆਪਣੇ ਆਪ ਨੂੰ ਬਹੁਤ ਵੱਡਾ ਜਾਣਨਾ ਏਂ ਨਾ !! ਕਹਿ ਕੇ ਦਬ ਦਬਾ ਚਲੀ ਗਈ ।

ਲਾਹੌਰ ਭਾਬੀ ਦਾ ਭਰਾ ਅਮਰ ਸਿੰਘ ਬੰਨੂ ਘੁਹਾਟ ਤੋਂ ਆਇਆ ਇਹ ਮੈਥੋਂ ਛੇ ਮਹੀਨੇ ਨਿੱਕਾ । ਉਹਦੇ ਘਰ ਬੱਚਾ ਹੋਣ ਵਾਲਾ ਸੀ । ਭਾਬੀ ਨੂੰ ਨਾਲ ਲੈ ਗਿਆ । ਸੁਖਬੀਰ ਸਾਡੇ ਕੋਲ ਸੀ ।

ਮੇਰਾ ਨਿੱਕਾ ਭਣਵਈਆ ਵੀ ਲਾਹੌਰ ਆ ਗਿਆ । ਨਿੱਕੀ ਭੈਣ ਨਾਲ ਸੀ । ਉਹਨੇ ਕਿਲਾ ਗੁਜ਼ਰ ਸਿੰਘ ਇਕ ਨੁੱਕਰ ਵਿਚ ਘੜੀ ਸਾਜ਼ੀ ਦੀ ਦੁਕਾਨ ਖੋਲ੍ਹ ਲਈ । ਕੰਮ ਕੁਝ ਚਲ ਨਿਕਲਿਆ । ਇਕ ਰਾਤ ਉਸ ਵਿਚ ਚੋਰੀ ਹੋ ਗਈ । ਸਭ ਕੁਝ ਸਾਫ । ਸਾਡਾ ਕੀ ਚਾਰਾ ਸੀ । ਉਹ ਮੁੜਕੇ ਦੋਏਂ ਆਪਣੇ ਨਗਰ ਨਾਰੋਵਾਲ ਮੁੜ ਗਏ । ਮੇਰਾ ਇਹ ਭਣਵਈਆ ਹੱਦੋਂ ਵੱਧ ਭਲਾਮਾਣਸ ਤੇ ਦੇਵਤਾ ਹੈ । ਇਹ ਉਸ ਦੀ ਕਮਜ਼ੋਰੀ ਹੈ । ਮੇਰੀ ਭੈਣ ਅੱਗੇ ਵੀ ਸਹਿਮਿਆ ਰਹਿੰਦਾ । ਉਹ ਇਸ ਦੀ ਸੇਵਾ ਬਹੁਤ ਕਰਦੀ ਹੱਸ ਕੇ ਦੁਖ ਸੁਖ ਕੱਟਦੀ । ਲਾਭ ਹਾਨ ਵੀ ਸਮਝਾਉਂਦੀ ਹੈ ।

ਵੱਡੇ ਚਾਚਾ ਜੀ ਦਾ ਦਮਾਦ ਜਗਤ ਸਿੰਘ ਮੈਨੂੰ ਕਦੇ-ਕਦੇ ਜ਼ਰੂਰ ਜਲਸਿਆਂ ਵਿਚ ਮਿਲਣ ਆਉਂਦਾ । ਮੇਰੇ ਨਾਲ ਉਸ ਦੀ ਦੋਸਤੀ ਹੁਣ ਤੱਕ ਹੈ । ਬਹੁਤ ਖੁਸ਼ ਦਿਲ ਤੇ ਸ਼ੁਗਲੀ ਪਰਿਵਾਰ ਸੀ । ਪਿਉ ਪੁੱਤ ਕੱਠੇ ਹੀਰਾ ਮੰਡੀ ਨਾਚ ਗਾਣਾ ਸੁਣ ਆਉਂਦੇ । ਇਹੋ ਜਿਹੀਆਂ ਗੱਲਾਂ ਉਹਨਾਂ ਦੀ ਸਰਦਾਰੀ ਲਈ ਸਨ । ਅਨਾਰਕਲੀ ਦੀ ਲਾਗਲੀ ਅਬਾਦੀ ਵਿਚ ਉਹਨਾਂ ਦਾ ਤਿੰਨ ਮੰਜ਼ਿਲਾ ਮਕਾਨ ਸੀ ।...ਨਿੱਕਾ ਚਾਚਾ ਗਿਆਨ ਸਿੰਘ ਮੇਰੇ ਕੋਲ ਲਾਹੌਰ ਆ ਗਿਆ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਹ ਬੇਕਾਰ ਸੀ । ਏਥੇ ਆ ਕੇ ਉਜਰਤ ਉਤੇ ਕਈ ਕੰਮ ਲੱਭਣ ਜਾਂਦਾ ਉਸਦੀ ਪੁਰਾਣੀ ਜਾਣਕਾਰੀ ਲਾਹੌਰ ਕਾਫੀ ਸੀ ।

ਇਹਨਾਂ ਦਿਨਾਂ ਵਿਚ ਉਥੇ ਪੰਡਿਤ ਨਹਿਰੂ ਜੀ ਆਏ । ਪੁਰਾਣੀ ਅਨਾਰਕਲੀ ਦੇ ਲਾਗੇ ਮੈਦਾਨ ਵਿਚ ਜਲਸਾ ਹੋਇਆ । ਬੇ-ਹੱਦ ਭੀੜ ਸੀ । ਉਸ ਸਟੇਜ ਉਤੇ ਗੋਪੀ ਚੰਦ ਗਰੁਪ ਦਾ ਕਬਜ਼ਾ । ਸਾਨੂੰ ਕਿਸ ਨੇੜੇ ਢੁੱਕਣ ਦੇਣਾ ਸੀ । ਯਾਦ ਨਹੀਂ ਡਾ: ਸਤਪਾਲ ਵੀ ਬੋਲਿਆ ਸੀ । ਸਟੇਜ ਸੈਕਟਰੀ ਡਾ: ਸੋਹਨ ਸਿੰਘ ਜੋਸ਼ । ਉਦੋਂ ਉਹ ਸੂਬਾ ਕਾਂਗਰਸ ਦੇ ਜਨਰਲ ਸੈਕਟਰੀ ਸਨ । ਪਹਿਲੀ ਵਾਰੀ ਮੈਂ ਨਹਿਰੂ ਜੀ ਅਤੇ ਜੋਸ਼ ਜੀ ਨੂੰ ਦੇਖਿਆ ਸੀ । ਨਹਿਰੂ ਜੀ ਨੱਠ ਕੇ ਸਟੇਜ ਉਤੇ ਚੜ੍ਹ ਗਏ । ਲੋਕਾਂ ਦੀ ਬੇ-ਇੰਤਹਾ ਭੀੜ ਉਹਨਾਂ ਨੂੰ ਤੁਰਨ ਨਹੀਂ ਸੀ ਦਿੰਦੀ । ਉਥੇ ਕੀ ਤਕਰੀਰਾਂ ਹੋਈਆਂ ਮੈਨੂੰ ਯਾਦ ਨਹੀਂ । ਮੈਂ ਹਨੇਰੇ ਹੋਏ ਘਰ ਪਹੁੰਚ ਗਿਆ ।

ਸੁਖਨ ਮੈਨੂੰ ਨਾਲ ਲੈ ਕੇ ਫਿਰੋਜ਼ਪੁਰ ਕਾਂਗਰਸ ਦੇ ਡੈਲੀਗੇਟਾਂ ਦੀ ਚੋਣ ਕਰਾਉਣ ਗਿਆ । ਦਿਨੇ ਮੀਟਿੰਗ ਕਾਂਗਰਸ ਦੇ ਆਫਸ ਹੋਈ । ਡੈਲੀਗੇਟ ਚੁਣੇ ਗਏ । ਤਿੰਨ ਚਾਰ ਵਜੇ ਇਕ ਨਿੱਕੇ ਜਿਹੇ ਚੌਗਿਰਦੇ ਦੇ ਘਿਰੇ ਮੈਦਾਨ ਵਿਚ ਜਲਸਾ ਹੋਇਆ । ਸਭ ਕਾਂਗਰਸੀ ਇਕੱਠੇ ਹੋਏ । ਇਕ ਗੱਭਰੂ ਸਿੱਧੇ-ਸਾਧੇ ਕਪੜਿਆਂ ਵਾਲਾ ਕਾਂਗਰਸ ਦਾ ਜਨਰਲ ਸੈਕਟਰੀ ਸੀ । ਬੜਾ ਪਿਆਰਾ ਅਤੇ ਉੱਦਮੀ । ਬੋਲਚਾਲ ਚੰਗੀ । ਪੱਕੀ ਲਗਨ ਵਾਲਾ । ਉਹ ਹੀ ਸਾਰੇ ਇੰਤਜ਼ਾਮ ਕਰਦਾ ਇਕ ਚੰਗੇ ਭਾਰੇ ਗੋਰੇ ਸੇਠ ਦੀ ਪ੍ਰਧਾਨਗੀ ਸੀ ਉਹ ਗੱਭਰੂ ਸਟੇਜ ਸੈਕਟਰੀ । ਥੋੜ੍ਹਾ ਥੋੜ੍ਹਾ ਕੋਈ ਬੋਲੇ । ਮੈਂ ਇਕ ਕਵਿਤਾ ਸੁਣਾਈ ਸਿਆਸੀ ਤੇ ਫੈਸ਼ਨਾਂ 'ਤੇ । ਇਕ ਸ਼ੇਅਰ ਸੀ :

"ਗੁੱਤਾਂ ਲਮਕੀਆਂ ਬੋਹੜ ਦੀਆਂ ਜੜ੍ਹਾਂ ਵਾਂਗਰ,
ਬਾਵ੍ਹਾਂ ਬੇ-ਬਹਾਰੀਆਂ ਤਰ੍ਹਾਂ ਵਾਂਗਰ ।

ਬੜੀ ਵਾਹ-ਵਾਹ ਹੋਈ । ਸੁਖਨ ਜੀ ਨੇ ਉਰਦੂ ਦੇ ਜਾਦੂ ਮਈ ਲਫਜ਼ਾਂ ਦੀ ਹੁਨਰ-ਮੰਦ ਤਕਰੀਰ ਕੀਤੀ । ਤਾੜੀਆਂ ਤਾੜੀਆਂ ਉਤੇ ਤਾੜੀਆਂ ਵੱਜਦੀਆਂ ਰਹੀਆਂ । ਜਲਸਾ ਖ਼ਤਮ ਹੋਇਆ ।

ਸਾਡੇ ਰਹਿਣ ਦਾ ਇੰਤਜ਼ਾਮ ਪ੍ਰਧਾਨਗੀ ਕਰਨ ਵਾਲੇ ਸੇਠ ਜੀ ਦੇ ਘਰ ਸੀ । ਸਾਨੂੰ ਕਾਂਗਰਸ ਦਾ ਸੈਕਟਰੀ ਗਭਰੂ ਉਹਨਾਂ ਦੇ ਘਰ ਲੈ ਗਿਆ । ਬੂਹੇ ਅੱਗੇ ਸੇਠ ਜੀ ਮਿਲ ਪਏ । ਦੋ ਨੌਕਰ ਨਾਲ ਖਲੋਤੇ ਹੋਏ ਸਨ । ਸੈਕਟਰੀ ਮੁੜ ਗਿਆ । ਬੜਾ ਸ਼ਾਨਦਾਰ ਮਹੱਲ ਵਰਗਾ ਘਰ ਸੀ । ਤਿੰਨ ਚਾਰ ਨੌਕਰ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਨੌਕਰ[illegible] ਸੀ । ਪੁਰਾਣੇ ਧਨਾਢੀ ਕਿਸਮ ਦਾ ਫਰਨੀਚਰ ਸੀ ਅਤੇ ਢੱਵਾਂ ਵਾਲੇ ਪਲੰਗ, ਬੜੀਆਂ ਤਸਵੀਰਾਂ ਅਤੇ ਘਰ ਦੇ ਗੁਜ਼ਰ ਗਿਆਂ ਵੱਡਿਆਂ ਦੀਆਂ । ਇਸ ਕਿਸਮ ਦਾ ਘਰ ਵੀ ਮੈਂ ਪਹਿਲੀ ਵਾਰੀ ਵੇਖਿਆ ਸੀ । ਖਾਣ-ਮੇਜ਼ ਵੀ ਨਵੀਂ ਕਿਸਮ ਦਾ ਸੀ ਕੁਰਸੀਆਂ ਵੀ । ਵੱਡੀ ਸਾਰੀ ਬੈਠਕ ਸਿਨਮਿਆਂ ਵਿਚ ਵੇਖੀ ਜਗੀਰਦਾਰਾਂ ਦੀ ਬੈਠਕ ਵਰਗੀ ।

ਇਕ ਕਮਰੇ ਵਿਚ ਦੋ ਪਲੰਗ ਸਨ । ਉਥੇ ਸਾਨੂੰ ਸੌਣ ਲਈ ਕਿਹਾ ਗਿਆ । ਇਕ ਨੌਕਰ ਦੀ ਡਿਊਟੀ ਲਾ ਦਿੱਤੀ । ਸਾਨੂੰ ਰਾਤ ਨੂੰ ਕਿਸੇ ਗੱਲ ਦੀ ਤਕਲੀਫ਼ ਨਾ ਹੋਵੇ ।

ਸਾਰੇ ਘਰ ਦੇ ਬੰਦੇ, ਬੱਚੇ, ਕੁੜੀਆਂ, ਔਰਤਾਂ ਫਿਰਦੀਆਂ ਤੁਰਦੀਆਂ ਕੰਮ ਧੰਦੇ ਕਰਦੀਆਂ ਸਾਊ ਜਾਪਦੀਆਂ ਸਾਰੀਆਂ ਸਾਫ਼ ਸੁਥਰੀਆਂ । ਸਹਿਜੇ ਬੋਲਣ ਵਾਲੀਆਂ ਸਹਿਜੇ ਤੁਰਨ ਵਾਲੀਆਂ । ਘਰ ਦਾ ਇਕ ਸੁਧਰਿਆ ਸੰਤੋਸ਼-ਜਨਕ ਵਾਤਾਵਰਨ ।

ਸੇਠ ਹੋਰੀਂ ਕੁਝ ਚਿਰ ਗੱਲਾਂ ਕਰਕੇ ਆਪਣੇ ਕਮਰੇ ਵਿਚ ਚਲੇ ਗਏ । ਸਾਡੇ ਕਮਰੇ ਦੇ ਬਾਹਰ ਇਕ ਮੰਜੀ ਉਤੇ ਸਾਨੂੰ ਦੁੱਧ ਪਿਆ ਕੇ ਲੇਟ ਗਿਆ । ਖੱਦਰ ਸਵਾਏ ਸੇਠ ਜੀ ਦੇ ਹੋਰ ਕਿਸੇ ਦੇ ਗੱਲ ਨਹੀਂ ਸੀ । ਲੰਮੇ ਪਏ, ਮੈਂ ਸੁਖਨ ਜੀ ਨੂੰ ਗੱਲਾਂ-ਗੱਲਾਂ ਵਿਚ ਪੁੱਛਿਆ—ਸੁਖਨ ਜੀ ਇਹ ਬਹੁਤ ਵੱਡਾ ਆਦਮੀ ਹੈ । ਇਹ ਵੀ ਡੈਲੀਗੇਟ ਹੈ ।...ਉਹਨਾਂ ਉੱਤਰ ਦਿੱਤਾ—ਹਾਂ ਇਹ ਬਹੁਤ ਵੱਡੇ ਕਾਰੋਬਾਰ ਦਾ ਮ ਲਕ ਹੈ । ਪੁਰਾਣਿਆਂ ਧਨੀਆਂ ਵਿਚੋਂ ਹੈ ।...ਸੁਖਨ ਹੋਰੀਂ ਮੇਰੇ ਨਾਲ ਠੇਠ ਪੰਜਾਬੀ ਵਿਚ ਗੱਲ ਕਰ ਰਹੇ ਸਨ ।

—ਉਹ ਸੈਕਟਰੀ ਬੜਾ ਗਰੀਬ ਆਦਮੀ ਹੈ । ਇਕ ਬੈਂਕ ਵਿਚ ਕਲਰਕ ਹੈ । ਪਿਉ ਸਿਰ ਉਤੇ ਨਹੀਂ, ਮਾਂ ਹੈ ਦੋ ਭੈਣਾਂ ਵਿਆਉਣ ਵਾਲੀਆਂ, ਪਤਨੀ ਤੇ ਦੋ ਬੱਚੇ ਆਪਣੇ ਹਨ । ਇਸ ਦੇ ਮਹੱਲ ਦੇ ਨਾਲ ਇਕ ਮਾੜੇ ਜਿਹੇ ਘਰ ਵਿਚ ਰਹਿੰਦਾ ਹੈ । ਨਿਸ਼ਕਾਮ ਗੱਭਰੂ ਹੈ । ਇਸ ਨੇ ਕਦੇ ਉਸ ਦੀ ਕੋਈ ਮਦਦ ਨਹੀਂ ਕੀਤੀ ਹੈ । ਸੈਕਟਰੀ ਕੋਈ ਖ਼ਿਆਲ ਨਹੀਂ ਕਰਦਾ । ਸਾਡੀ ਇਸਨੇ ਬਹੁਤ ਆਉ-ਭਗਤ ਕੀਤੀ ਹੈ । ਬੜਾ ਭੋਲਾ ਜਾਪਦਾ ਹੈ ।

—ਇਹ ਕੀ ਗੱਲ ਹੋਈ ਉਸਨੂੰ ਤੁਸਾਂ ਡੈਲੀਗੇਟ ਵੀ ਨਹੀਂ ਚੁਣਿਆਂ ?

—ਉਹ ਵਿਚਾਰਾ ਕਿੱਥੇ ਛੁੱਟੀਆਂ ਲੈ ਕੇ ਕਾਂਗਰਸ ਉਤੇ ਜਾ ਸਕਦਾ ਹੈ । ਉਸ ਨੂੰ ਕੋਈ ਇਤਰਾਜ਼ ਨਹੀਂ ।...ਮੈਂ ਸੋਚ-ਸੋਚ ਕੇ ਫਿਰ ਪੁੱਛਿਆ—ਸੁਖਨ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀ ਇਹ ਗੱਲ ਕੀ ਹੋਈ ? ਮੈਨੂੰ ਸਵਾਲ ਕਰਨ ਦੀ ਜਾਚ ਨਹੀਂ ਸੀ ਆਈ । ਅੰਦਰ ਜੋ ਸੀ ਉਹ ਬਾਹਰ ਜ਼ਾਹਿਰ ਨਹੀਂ ਸੀ ਹੋ ਰਿਹਾ ।

ਸੁਖਨ ਹੋਰੀਂ ਦੱਸਣ ਲੱਗੇ—ਅਸਲੀ ਦੋ ਹੀ ਜਮਾਤਾਂ ਹਨ । ਇਕ ਗ਼ਰੀਬ ਇਕ ਅਮੀਰ । ਇਕ ਲੁਟਣ ਵਾਲੀ ਇਕ ਲੁਟੇ ਜਾਣ ਵਾਲੀ । ਏਕ ਕੇ ਪਾਸ ਜ਼ਰੀਏ ਪੈਦਾਵਾਰ ਹੈਂ, ਦੂਸਰੇ ਕੇ ਪਾਸ ਆਪਣੀ ਮਿਹਨਤ ।...ਸੁਖਨ ਜੀ ਨੇ ਇਕ ਘੰਟਾ ਮੇਰੇ ਉੱਤੇ ਲੈਕਚਰ ਦੇ ਮਾਰਿਆ । ਮੈਨੂੰ ਨਾਲ-ਨਾਲ ਆਪਣੀ ਹੋਸ਼ ਉਘੜਦੀ ਜਾਪੀ । ਜਦ ਉਹ ਚੁੱਪ ਕਰ ਗਏ ਮੈਨੂੰ ਕੁਝ ਬਹੁਤਾ ਪਤਾ ਤੇ ਨਾ ਲੱਗਾ ਪਰ ਇਕ ਜਮਾਤੀ ਗੱਲ ਮੇਰੇ ਅੰਦਰ ਵੜ ਗਈ । ਮੇਰੇ ਲਈ ਅਜੀਬ ਅਤੇ ਵੱਖਰੀ ਜਿਹੀ ਗੱਲ ਸੀ । ਉਂਜ ਮੈਨੂੰ ਬਹੁਤ ਚੰਗੀ ਲੱਗੀ ।

ਦੂਜੇ ਦਿਨ ਜਦ ਮੈਂ ਘਰ ਅਪੜਿਆ ਤਾਂ ਸਾਡੇ ਘਰ ਇਕ ਹੋਰ ਮੁੰਨੀ ਆਈ ਹੋਈ ਸੀ । ਗੁਆਂਢਣ ਨੇ ਤੇ ਤਾਈ ਨੇ ਸਤਵੰਤ ਨੂੰ ਸਾਂਭਿਆ ਸੀ । ਇਹ ਦੁੱਮਣੀ ਤੋਂ ਦਸਾਂ ਮਹੀਨਿਆਂ ਬਾਅਦ ਆਈ । ਮੈਂ ਹੱਸ ਕੇ ਪੁੱਛਿਆ—ਕੀਹਦੇ ਵਰਗੀ ਹੈ ?...ਸਤਵੰਤ ਨੇ ਮੁਸਕਰਾ ਕੇ ਉੱਤਰ ਦਿੱਤਾ ਉਸ ਕੈਲੰਡਰ ਵਰਗੀ । . ਇਕ ਨਿੱਕਾ ਜਿਹਾ ਕੈਲੰਡਰ ਕੰਧ ਨਾਲ ਟੰਗਿਆ ਹੋਇਆ ਸੀ । ਜਿਸ ਉਤੇ ਨਿੱਕੀ ਜਿਹੀ ਬੱਚੀ ਫਰਾਕ ਦੀ ਝੋਲੀ ਵਿਚ ਦਾਣੇ ਪਾ ਕੇ ਲਾਗੇ ਤਲਾ ਵਿਚ ਤਰਦੀਆਂ ਬਤਖ਼ਾਂ ਨੂੰ ਪਾ ਰਹੀ ਸੀ । ਮੈਂ ਜ਼ਰਾ ਪੱਲਾ ਹਟਾ ਕੇ ਉਸ ਸੁਹਣੀ ਧੀ ਦਾ ਮੱਥਾ ਚੁੰਮਿਆਂ । ਉਸ ਦੇ ਰੇਸ਼ਮ ਵਰਗੇ ਵਾਲ ਸਨ । ਸਤਵੰਤ ਕੋਲੋਂ ਪੁਛਿਆ ਪੈਸੇ ਹੈ ਸਨ ?.. ਉਸ ਨੇ ਉੱਤਰ ਦਿੱਤਾ -ਪਰਸੋਂ ਮੇਰੀ ਕਮੇਟੀ ਨਿਕਲ ਆਈ ਸੀ ਪੰਜਾਂ ਰੁਪਿਆਂ ਦੀ ।...ਇਹ ਤੇ ਲਛਮੀ ਨੇ ਸਾਡੇ ਘਰ ਜਨਮ ਲਿਆ ਹੈ ।

ਪੰਦਰ੍ਹਾਂ ਸੋਲ੍ਹਾਂ ਸਾਲਾਂ ਦੀ ਧੀ ਜਿਸ ਦਾ ਨਾਂ ਮੈਂ ਸੰਤੋਸ਼ ਰੱਖ ਲਿਆ । ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਆ ਗਿਆ । ਕਵੀ ਦਰਬਾਰ ਦਾ ਤਰਾ ਮਿਸਰਾ ਸੀ :

'ਜੋਗਨ ਬਨ ਰਾਵੀ ਤੈਨੂੰ ਟੋਲਦੀ ਏ' ।

ਇਸ ਕਵੀ ਦਰਬਾਰ ਵਿਚ ਪੰਜਾਬ ਦੇ ਬਹੁਤ ਨਾਮਵਰ ਕਵੀ ਨਹੀਂ ਸਨ ਆਏ । ਜਸਵੰਤ ਰਾਏ ਦਾ ਧੜਾ ਸੀ ਜਿਹੜਾ ਪ੍ਰਦੇਸੀ ਜੀ ਨਾਲ ਵੀ ਜੋੜ ਰੱਖਦਾ ਸੀ । ਅਤੇ ਖਹਿੰਦਾ ਵੀ ਸੀ । ਪ੍ਰਦੇਸੀ ਜੀ ਵੱਡਿਆਂ ਜੋੜਾਂ ਵਿਚੋਂ ਸਨ ।

ਕਵੀ ਦਰਬਾਰ ਹੋਇਆ । ਤਿੰਨ ਇਨਾਮ ਸਨ, ਪੰਜਾਹ, ਤੀਹ ਤੇ ਵੀਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੁਪਏ। ਮੇਰੀ ਨਜ਼ਮ ਚੰਗੀ ਸੀ। ਪ੍ਰਦੇਸੀ ਜੀ ਦੀ ਨਜ਼ਮ ਦਾ ਇਕ ਸ਼ਿਅਰ ਸੀ,

'ਰੇਤ ਸੱਸੀ ਦੇ ਥਲਾਂ ਵਿਚ ਭੁੱਜਦੀ ਹੈ ਜਾਨ ਨਿਕਲੀ ਸ਼ੇਰ ਭੰਬੋਲ ਦੀ ਏ।"

ਮੈਨੂੰ ਬਹੁਤ ਪਿਆਰੀ ਲੱਗੀ ਸੀ। ਜਦ ਜੱਜਾਂ ਨੇ ਫੈਸਲਾ ਕੀਤਾ ਪਹਿਲਾ ਇਨਾਮ ਜਸਵੰਤ ਰਾਏ ਨੂੰ ਦੂਜਾ ਮੈਨੂੰ, ਤੀਜਾ ਪ੍ਰਦੇਸੀ ਜੀ ਨੂੰ।...ਮੈਨੂੰ ਇਹ ਵੰਡ ਗਲਤ ਲੱਗੀ। ਮੈਂ ਮੈਕ ਅੱਗੇ ਖਲੋ ਕੇ ਆਖ ਦਿੱਤਾ - "ਖਾਲਸਾ ਜ਼ੀ ਇਹ ਵੰਡ ਕਾਣੀ ਹੈ ਮੇਰੇ ਉਸਤਾਦ ਹਨ ਪ੍ਰਦੇਸੀ ਜੀ ਮੇਰੀ ਨਜ਼ਮ ਉਹਨਾਂ ਤੋਂ ਚੰਗੀ ਨਹੀਂ ਹੈ। ਮੈਂ ਉਹਨਾਂ ਸਾਹਮਣੇ ਉੱਚਾ ਇਨਾਮ ਨਹੀਂ ਲੈਣਾ ਇਹ ਇਨਾਮ ਵਾਪਸ ਕਰਦਾ ਹਾਂ।"...ਸੰਗਤਾਂ ਨੇ ਜੈਕਾਰਾ ਛੱਡ ਦਿੱਤਾ। ਬੈਠਿਆਂ ਸ਼ਾਇਰਾਂ ਨੇ ਮੇਰੀ ਇਹ ਵਾਹ ਵਾਹ ਕੀਤੀ। ਫਿਰ ਤੀਜਾ ਇਨਾਮ ਕਿਸੇ ਹੋਰ ਨੂੰ ਮਿਲਿਆ ਅਤੇ ਪ੍ਰਦੇਸੀ ਜੀ ਨੂੰ ਸਪੈਸ਼ਲ ਇਨਾਮ ਚਾਲੀ ਰੁਪਏ ਦਿੱਤਾ ਗਿਆ।

ਸੰਤੋਸ਼ ਪੰਜਾਂ ਛੇਆਂ ਮਹੀਨਿਆਂ ਦੀ ਹੋ ਚੁਕੀ ਸੀ। ਭਾਬੀ ਵੀ ਬੰਨੀ ਘੋਹਾਟ ਤੋਂ ਆ ਚੁਕੀ ਸੀ। ਮੈਨੂੰ ਬਰਾਡਲਾ ਹਾਲ ਤੋਂ ਕਿਹਾ ਗਿਆ।—ਕਾਫੀ ਲੀਡਰ ਫੜੇ ਜਾ ਚੁਕੇ ਹਨ। ਸੁਖਨ ਵੀ ਬੇਦੀ ਵੀ ਮੁਨਸ਼ੀ ਅਹਿਮਦ ਦੀਨ ਵੀ ਤੇਰੇ ਵਰੰਟ ਵੀ ਨਿਕਲਣ ਵਾਲੇ ਹਨ ਕਿਤੇ ਹੋਰ ਨਿਕਲ ਜਾ।

ਉਹਨੀਂ ਦਿਨੀਂ ਨਿੱਕਾ ਚਾਚਾ ਗਿਆਨ ਸਿੰਘ ਰਾਵਲਪਿੰਡੀਉ ਹੋ ਕੇ ਆਇਆ ਉਸ ਨੇ ਮੈਨੂੰ ਕਿਹਾ - ਮੈਂ ਲਾਲ ਕੁੜਤੀ ਉਜਰਤ ਉਤੇ ਕੰਮ ਲੈ ਆਇਆ ਹਾਂ। ਫੌਜੀ ਆਰਜ਼ੀ ਬਾਰਕਾਂ ਬਣ ਰਹੀਆਂ ਹਨ। ਮਕਾਨ ਲੈ ਲਿਆ ਹੈ। ਕਸ਼ਮੀਰੀ ਆਰੇਕੱਸ਼ ਵੀ ਲਾ ਆਇਆ ਹਾਂ। ਮੈਂ ਕੱਲ੍ਹ ਮੁੜ ਜਾਣਾ। ਤੂੰ ਤਿੰਨਾਂ ਚਹੁੰ ਦਿਨਾਂ ਵਿਚ ਵੀਹ ਕਾਰੀਗਰ ਲੈ ਕੇ ਆ ਜਾ।

ਮੈਨੂੰ ਸਾਰਾ ਸਰਨਾਵਾਂ ਤੇ ਰੁਪਏ ਦੇ ਦਿਤੇ। ਬਿੱਲੀ ਦੇ ਭਾਣੇ ਛਿੱਕਾ ਟੁੱਟਾ। ਭਾਬੀ ਤੇ ਸੁਖਬੀਰ ਨੂੰ ਸਮਾਨ ਸਾਰਾ ਦੇ ਕੇ ਡੇਰੇ ਬਾਬੇ ਨਾਨਕ ਘੱਲ ਦਿੱਤਾ। ਪਹਿਲੋਂ ਵੱਡੇ ਚਾਚੇ ਭਗਵਾਨ ਸਿੰਘ ਨੇ ਲਾਹੌਰ ਆ ਕੇ ਆਖਿਆ ਸੀ — ਤੂੰ ਛੱਡ ਭਲਿਆ ਲੋਕਾ ਇਹ ਅਜ਼ਾਦੀ ਵਜ਼ਾਦੀ। ਮੈਨੂੰ ਮੁੜ ਕੇ ਐਸ.ਡੀ ਓ. ਦੀ ਨੌਕਰੀ ਜੰਗ ਕਰਕੇ ਮਿਲ ਗਈ ਹੈ। ਹੁਣ ਮੈਂ ਸਿਆਲ ਕੋਟ ਹਾਂ। ਆਪਣੀ ਜ਼ੁੰਮੇਵਾਰੀ ਉਤੇ ਦਸ ਹਜ਼ਾਰ ਦਾ ਠੇਕਾ ਦੇ ਸਕਦਾਂ। ਮੈਂ ਹੂੰ ਹਾਂ ਕਰ ਦਿੱਤੀ ਸੀ। ਅੱਗੋਂ ਕਦੇ ਬੋਲਿਆ ਨਹੀਂ ਸਾਂ।

ਲਾਹੌਰੋਂ ਸਿੱਧੀ ਮੋਟਰ ਕੀਤੀ। ਵੀਹ ਕਾਰੀਗਰ ਨਾਲ ਲਏ। ਸਤਵੰਤ ਤੇ ਢੋਸ਼ੀ ਸ਼ਾਮ ਨੂੰ ਤੁਰੇ ਸਵੇਰੇ ਰਾਵਲਪਿੰਡੀ ਪਹੁੰਚਣਾ ਸੀ। ਬੱਸ ਚੱਲੀ ਸਾਰੇ ਅੰਗਲਾਉਣ ਲੱਗ ਪਏ। ਮੈਨੂੰ ਨੀਂਦ ਆਵੇ। ਕਈ ਗੱਲਾਂ ਆਉਣ ਜਾਣ, ਸਾਥੀਆਂ ਦੀ ਯਾਦ। ਬਾਊ ਨਰੈਣ ਸਿੰਘ 1940 ਦੀ ਚੜ੍ਹੀ ਪਹਿਲੀ ਤਾਰੀਖ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਦਸ ਪੰਦਰਾਂ ਦਿਨ ਬੀਮਾਰ ਰਹਿ ਕੇ ਗੁਜ਼ਰ ਗਏ ਸਨ। ਉੱਚੀ-ਉੱਚੀ ਰੋਇਆ ਸਾਂ —ਅੱਜ ਮੇਰਾ ਪਿਉ ਮਰਿਆ ਹੈ ।...ਭੂਆ ਸੰਤੋ ਜੋ ਕੁਝ ਉਹਨਾਂ ਸਰਕਾਰੋਂ ਮਿਲਿਆ ਉਹ ਲੈ ਕੇ ਆਪਣੇ ਘਰ ਚਲੀ ਗਈ ਸੀ। ਵੱਡਾ ਲੜਕਾ ਹਜ਼ੂਰ ਸੱਤਵੀਂ ਅੱਠਵੀਂ ਪੜ੍ਹਦਾ ਸੀ ਉਹ ਆਪਣੇ ਚਾਚੇ ਸਰੈਣ ਸਿੰਘ ਕੋਲ ਰਹਿ ਗਿਆ। ਉਸ ਤੋਂ ਨਿੱਕਾ ਉਂਕਾਰ ਤੇ ਉਸ ਤੋਂ ਨਿੱਕੀ ਕੁੜੀ ਗਿੰਦੂ।

ਸਰੈਣ ਸਿੰਘ ਬੜੀ ਗੰਦੀ ਤੇ ਤੁਸ਼ ਬਿਰਤੀ ਦਾ ਨੀਮ ਪਾਗਲ ਬੰਦਾ ਸੀ। ਹਜ਼ੂਰ ਅਵਾਰਾ ਹੋ ਗਿਆ। ਇਕ ਦਿਨ ਸਾਡੇ ਘਰ ਆਇਆ, ਮੈਲੇ ਕਪੜੇ, ਵਲੇਟੀ ਹੋਈ ਪੱਗ, ਨੀਮ ਸ਼ਦਾਈ। ਗੱਲਾਂ ਕਰੇ ਫ਼ਿਲਮਾਂ ਦੀਆਂ ਐਕਟਰਸਾਂ ਦੀਆਂ ਆਖੇ ਫਲਾਣੇ ਡਾਇਰੈਕਟਰ ਨੇ ਸੱਦਿਆ ਹੈ। ਬਾਊ ਜੀ ਦੇ ਹੁੰਦਿਆਂ ਵੀ ਉਹ ਸਕੂਲ ਨਹੀਂ ਸੀ ਜਾਂਦਾ, ਰਾਹ ਵਿਚ ਖੇਡਦਾ ਰਹਿੰਦਾ। ਕਈ ਵਾਰੀ ਸਕੂਲੋਂ ਪੁੱਛਣਾ ਉਹ ਗ਼ੈਰ ਹਾਜ਼ਰ। ਬਾਊ ਜੀ ਨੇ ਤੰਗ ਹੋਣਾ ਤੇ ਭੂਆ ਨੂੰ ਕਹਿਣਾ—ਵੇਖੋ ਜੀ ਇਸ ਨੂੰ ਠੀਕ ਕਰੋ ਨਹੀਂ ਤੇ ਰੋਇਆ ਕਰੋਗੇ।

ਸਤਵੰਤ ਨੇ ਕਪੜੇ ਲੁਹਾਏ। ਪੱਗ ਲੁਹਾਈ ਤਾਂ ਸਿਰ ਉਤੇ ਪਹਿਲੋਂ ਮੈਲੇ ਸਰਾਣੇ ਦਾ ਗਲਾਫ਼ ਵਲੇਟਿਆ ਹੋਇਆ। ਉਤੇ ਪੱਗ। ਸਿਰ ਨਵਾਇਆ, ਜਟੂਟੜੀਆਂ ਖੋਲ੍ਹੀਆਂ। ਸਿਰ ਵਾਹਿਆ। ਕਪੜੇ ਧੋ ਕੇ ਮੁੜਕੇ ਪਵਾਏ। ਹਜ਼ੂਰ ਗੱਪੀ ਅੜੀਅਲ ਆਪਣੇ ਗੱਲ ਤੇ ਡਟੀ ਜਾਣਾ। ਕਿਸੇ ਦੀ ਨਹੀਂ ਮੰਨਣੀ। ਪਿਛਲੀਆਂ ਗੱਲਾਂ ਦੇ ਰੋਣੇ ਰੋਈ ਜਾਣਾ। ਇਹ ਵਾਦੀਆਂ ਉਸ ਨੂੰ ਉਸ ਦੌਰ ਵਿਚ ਪਈਆਂ ਹੁਣ ਤਕ ਕਾਇਮ ਹਨ।

ਉਂਕਾਰ ਗੁਜ਼ਰ ਗਿਆ। ਪਿੰਡ ਆ ਕੇ ਕੁੜੀ ਵਿਆਹੀ ਗਈ। ਭੂਆ ਵੀ ਚੱਲ ਵੱਸੀ। ਉਹ ਰਿਟਾਇਰ ਹੋ ਕੇ ਪਿੰਡ ਆ ਗਿਆ। ਸਾਡੇ ਲਾਗਲੇ ਪਿੰਡ ਜੌੜੀਆਂ ਨੰਗਲ ਹੈ। ਜ਼ਮੀਨ ਅੱਠ ਕਿਲੇ ਮਾੜੀ ਚੰਗੀ ਹੈ। ਹਜ਼ੂਰ ਸਿੰਘ ਉਹੋ ਹੀ ਹਜ਼ੂਰ ਸਿੰਘ। ਬਾਬਾ ਨਾਨਾ ਬਣ ਗਿਆ। "ਉਹੋ ਭੂਤਨੀ ਉਹੋ ਭੂਤਨੀ ਦੇ ਖਿਲਰੇ ਵਾਲ।"...ਹੋਰ ਕਈ ਗੱਲਾਂ ਸੋਚਿਆਂ ਰਾਤ ਲੰਘ ਗਈ। ਦਿਨ ਦੇ ਅੱਠ ਕੁ ਵਜੇ ਲਾਲ ਕੁੜਤੀ ਬੱਸ ਜਾ ਖਲੋਤੀ। ਸਾਰੇ ਉਤਰ ਬੈਠੇ। ਮੈਂ ਘਰ ਲੱਭ ਕੇ ਚਾਚੇ ਨੂੰ ਸੱਦ ਆਂਦਾ। ਸਤਵੰਤ ਤੇ ਤੋਸ਼ੀ ਕਰਾਏ ਵਾਲੇ ਘਰ ਗਏ। ਕਾਰੀਗਰ ਜਿੱਥੇ ਬਾਰਕਾਂ ਬਣਦੀਆਂ ਉਥੇ ਚਲੇ ਗਏ।

ਤੇਜ਼ਾਬ-ਹਾਤੇ ਸਾਡੇ ਮਹੱਲੇ ਵਿਚ ਇਕ ਖ਼ੂਬਸੂਰਤ ਮਕਾਨ ਸੀ। ਇਕ ਛੱਤਾ ਖੁਲ੍ਹਾ ਅੰਦਰੋਂ ਬਾਹਰੋਂ ਸੱਜਿਆ ਹੋਇਆ। ਉਥੇ ਇਕ ਅੱਧਖੜ ਜਿਹਾ ਜੋੜਾ ਰਹਿੰਦਾ ਸੀ। ਜਦ ਉਹ ਬਣ ਤਣ ਕੇ ਨਿਕਲਦਾ, ਕਿਤੇ ਆਉਂਦਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਂਦਾ ਵੇਖਣ ਵਾਲਿਆਂ ਦੀਆਂ ਅੱਖੀਆਂ ਨੂੰ ਆਪਣੇ ਵੱਲ ਖਿੱਚਦਾ। ਇਕ ਜਵਾਨ ਲੜਕੀ ਸੀ ਉਹਨੂੰ ਉਹਨਾਂ ਵਿਆਹ ਦਿੱਤਾ। ਇਕ ਲੜਕਾ ਸੱਤਾਂ ਅੱਠਾਂ ਸਾਲਾਂ ਦਾ। ਵੱਡੇ ਦਾ ਨਾਂ ਜੋਗਿੰਦਰ ਸਿੰਘ। ਉਹ ਮੇਰੇ ਨਾਲ ਕਾਫੀ ਚਿਰ ਤੋਂ ਚਲਦਾ ਆ ਰਿਹਾ ਸੀ। ਕਵੀ ਦਰਬਾਰਾਂ ਜਲਸਿਆਂ ਤੇ ਨਾਲ ਜਾਂਦਾ। ਸਾਇਕਲ ਦੇ ਪਿੱਛੇ ਬਿਠਾ ਲੈਂਦਾ। ਪਿਉ ਉਸਦਾ ਮਰ ਚੁਕਾ ਸੀ। ਮਾਂ ਨੇ ਇਕ ਮਰਜ਼ੀ ਦਾ ਮਰਦ ਚੁਣ ਲਿਆ। ਬਿਨਾਂ ਚਾਦਰ ਪਾਏ ਇਹਨਾਂ ਨਾਲ ਰਹਿ ਰਿਹਾ ਸੀ। ਉਸ ਬੰਦੇ ਦੇ ਪ੍ਰਵਾਰ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਰਾਮਗੜ੍ਹੀਏ ਹੁੰਦੇ ਹੋਏ ਵੀ ਕਿਸੇ ਨਾਲ ਬਹੁਤਾ ਘੁਲਦੇ-ਮਿਲਦੇ ਨਾ ਅਤੇ ਨਾ ਹੀ ਕੋਈ ਮਿਲਵਰਤਨ ਰੱਖਦੇ। ਮਜ਼ੇ ਵਿਚ ਰਹਿੰਦੇ। ਮੇਰਾ ਉਹਨਾਂ ਦੇ ਥੋੜ੍ਹਾ ਬਹੁਤ ਆਉਣ ਜਾਣ ਸੀ।

ਜੋਗਿੰਦਰ ਸਾਡੇ ਨਾਲ ਪਰਿਵਾਰ ਦੇ ਜੀਆਂ ਵਾਂਗ ਘੁਲ-ਮਿਲ ਗਿਆ। ਉਹ ਸਾਡੇ ਨਾਲ ਹੀ ਰਾਵਲਪਿੰਡੀ ਆ ਗਿਆ ਅਤੇ ਸਾਡੇ ਨਾਲ ਰਹਿੰਦਾ। ਸੌਲੇ ਰੰਗ ਦਾ ਬਹੁਤ ਪਿਆਰਾ ਮੁੰਡਾ। ਮੈਨੂੰ ਹੁਣ ਤੱਕ ਨਹੀਂ ਭੁਲਿਆ। ਰੰਧੀਵੇ ਟੌਰ ਵਿਚ ਮਫਰੂਰ ਮੈਂ ਉਹਨਾਂ ਨੂੰ ਹੁਸ਼ਿਆਰਪੁਰ ਮਿਲਿਆ। ਉਹ ਦੋਏਂ ਪੁੱਤਰ ਤੇ ਮਾਂ ਰਹਿੰਦੇ ਸਨ। ਉਸ ਵੇਲੇ ਦੇ ਬੰਦੇ ਨੂੰ ਸਾਰੇ ਗਾਲਾਂ ਕੱਢਦੇ। ਮੁੰਡਿਆਂ ਦੀ ਮਾਂ ਨੂੰ ਬਹੁਤ ਗਹਿਰੀ ਨਫ਼ਰਤ ਸੀ।

ਸਾਡੇ ਨਾਲ ਇਕ ਮਧਰੇ ਕੱਦ ਦਾ ਕਾਰੀਗਰ ਆਇਆ ਸੀ। ਨਾਂ ਸੀ ਤੇਜਾ ਸਿੰਘ ਗੱਠਿਆ ਹੋਇਆ ਸਰੀਰ ਮੁਸਕਰਾ ਕੇ ਗੱਲ ਕਰਦਾ। ਇਹ ਸਾਡੇ ਨਗਰ ਦੇ ਨਾਲ ਹੀ ਲੱਗਦੇ ਪਿੰਡ ਪਖੋਂਕੇ ਵਾਲੀ ਸਾਹਿਬ ਦਾ ਸੀ। ਸਾਰਾ ਲੋਹੇ ਦਾ ਬਣਿਆ ਹੋਇਆ।

ਇਹ ਤਰਖਾਣ ਪੰਜ ਭਰਾ ਸਨ। ਮਸ਼ਹੂਰ ਇਲਾਕੇ ਵਿਚ। ਮੰਨੇ ਹੋਏ ਬਦਮਾਸ਼ ਡਾਕੂ ਚੋਰ ਤੇ ਕਾਤਲ। ਪੰਜਾਂ ਪਾਂਡਵਾਂ ਵਾਂਗ ਇਕੋ ਜਿਹੇ। ਇਹ ਤੇਜਾ ਸਿੰਘ ਉਹਨਾਂ ਤੋਂ ਨਿੱਕਾ ਸੀ। ਦੋ ਭਰਾ ਉਮਰ ਕੈਦ ਕੱਟ ਰਹੇ ਸਨ। ਇਕ ਮਾਰਿਆ ਗਿਆ ਸੀ। ਇਕ ਪਿੰਡ, ਇਹ ਸਾਡੇ ਨਾਲ ਬਾਹਰੇ ਵਿਚ ਇਹਨਾਂ ਦੀ ਧੁੰਮ ਸੀ '...ਇਕ ਉੱਘੇ ਬਦਮਾਸ਼ ਬੱਕਰਵਾਨ ਮੁਸਲਮਾਨ ਨਾਲ ਇਹਨਾਂ ਦੀ ਲੜਾਈ ਹੋਈ। ਇਹਨਾਂ ਉਹਨੂੰ ਮਾਰ ਦਿੱਤਾ। ਚੋਲੇ ਦਾ ਮੇਲਾ ਆਇਆ। ਮੁਸਲਮਾਨ ਤੇ ਸਿੱਖ ਜੱਟ ਇਕ ਟੋਲਾ। ਇਹ ਪੰਜੇ ਆਪਣਿਆਂ ਮੁਸਲਮਾਨਾਂ ਯਾਰਾਂ ਨਾਲ ਇਕ ਟੋਲਾ। ਮੇਲੇ ਵਿਚ ਇਹਨਾਂ ਦੋ ਧੜਿਆਂ ਦੀ ਟੱਕਰ ਹੋਈ। ਪੰਜਾਂ ਭਰਾਵਾਂ ਨੇ ਮੁਖਾਲਫਾਂ ਨੂੰ ਅੱਗੇ ਲਾ ਲਿਆ। ਕਮਾਲ ਦੀਆਂ ਡਾਂਗਾਂ ਵਾਹੀਆਂ। ਪੰਜ ਛੇ ਜ਼ਖਮੀ ਇਹਨਾਂ ਦੇ ਅਤੇ ਪੰਜ ਛੇ ਜ਼ਖ਼ਮੀ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਿਆਂ [illegible] ਪਏ । ਜਿਲੋ ਵਿਚੋਂ ਹੋਰ ਪੁਲਿਸ ਆ ਗਈ । ਲੋਕੀਂ ਇਹਨਾਂ ਲਈ ਘਿਉ ਦੇ ਪੀਪੇ ਤੇ ਬਦਾਮ ਲੈ ਕੇ ਆਉਂਦੇ ।

ਇਹ ਮੇਰਾ ਸਿਆਸਤ ਕਰਕੇ ਲਾਹੌਰ ਦਾ ਯਾਰ ਬਣ ਗਿਆ ਸੀ । ਕੰਮ ਚੰਗਾ ਕਰ ਲੈਂਦਾ । ਮੇਰਾ ਇਕ ਕਿਸਮ ਦਾ ਉਹ ਬਾਡੀ ਗਾਰਡ ਹੈ । ਮੈਂ ਉਸ ਤੋਂ ਵਿਹਲੇ ਵੇਲੇ ਉਹਨਾਂ ਦੀਆਂ ਗੱਲਾਂ ਸੁਣਦਾ ਰਹਿੰਦਾ ਅਤੇ ਹੈਰਾਨ ਹੁੰਦਾ ਰਹਿੰਦਾ । ਉਹ ਕੁਝ-ਕੁਝ ਗੱਪ ਵੀ ਨਾਲ-ਨਾਲ ਮਾਰਦਾ । ਉਸ ਨੇ ਦੱਸਿਆ ਕਿ ਦਸ-ਦਸ ਪੰਦਰ੍ਹਾਂ-ਪੰਦਰ੍ਹਾਂ ਮੀਲਾਂ ਉਤੇ ਕਿਵੇਂ ਚੋਰੀਆਂ ਕਰਦੇ ਸਾਂ । ਦੌੜਦਾ ਅਜੇ ਵੀ ਬਹੁਤ ਸੀ । ਵਿਚ-ਵਿਚ ਲੰਮੇ ਦੜੰਗੇ ਮਾਰਦਾ ਪੈਰ ਧਰਤੀ ਉਤੇ ਲੱਗਦਿਆਂ ਹਵਾਈ ।

ਰਾਵਲਪਿੰਡੀ ਬਾਰਕਾਂ ਦਾ ਕੰਮ ਮੈਂ ਕਰਾਉਂਦਾ । ਕਸ਼ਮੀਰੀ ਆਰੇਕੱਸ਼ਾਂ ਦੀ ਮਰਜ਼ੀ ਨਾਲ ਚਰਾਈ ਮਿਣਦਾ । ਉਹ ਖੁਸ਼ ਹੁੰਦੇ । ਜਾਣ ਲੱਗੇ ਮੈਨੂੰ ਇਕ ਕਾਲੀਸ਼ਾਹ ਅਕਹਿਰੀ ਲੋਈ ਦੇ ਗਏ—ਯੇ ਤੁਮ ਯਾਦ ਕਰੇਗਾ ਮਿਸਤਰੀ ਬੋਤ ਗਰਮ ।...ਉਹ ਲੋਈ ਮਸਾਂ ਜ਼ਰਾ-ਜ਼ਰਾ ਪਾਟੀ ਅਤਿ ਗਰਮ ਕਈ ਸਾਲ ਰਹੀ । ਇਸਨੇ ਜੇਲ੍ਹ ਵੀ ਮੇਰੇ ਨਾਲ ਕੱਟੀ ।

ਟੈਕਸਲਾ ਦੇਖਿਆ । ਪੰਜੇ ਸਾਹਿਬ ਅਤੇ ਵਲੀ ਕੰਧਾਰੀ ਦਾ ਫੇਰਾ ਲਾਇਆ । ਸਤਵੰਤ ਨੇ ਇਹ ਸਭ ਮਾਪਿਆਂ ਨਾਲ ਦੇਖਿਆ ਹੋਇਆ ਸੀ । ਪੰਜੇ ਸਾਹਿਬ ਦਾ ਇੰਤਜ਼ਾਮ ਵਰਨਣ ਯੋਗ ਸੀ । ਰਾਤ ਇਕ ਵਜੇ ਪਹੁੰਚੇ । ਥਾਲੀਆਂ ਕੌਲੀਆਂ ਵਿਚ ਪਰਸ਼ਾਦੇ ਦੋ ਸਬਜ਼ੀਆਂ । ਰਹਿਣ ਨੂੰ ਕਮਰਾ । ਇਕ ਵਾਰੀ ਸਤਵੰਤ, ਤੋਸ਼ੀ ਤੇ ਮੈਂ ਇਕੱਲੇ ਹੀ ਗਏ ।

ਇਕ ਵਾਰੀ ਰਾਵਲਪਿੰਡੀ ਰਹਿੰਦਿਆਂ ਹੋਇਆਂ ਮੈਂ ਤੇ ਸਤਵੰਤ ਕੌਰ ਤੋਸ਼ੀ ਸਣੇ ਫੁਫੜ ਜਗਤ ਸਿੰਘ ਨੂੰ ਮਿਲਣ ਨੌਸ਼ਹਿਰੇ ਗਏ ਸਾਂ । ਭੂਆ ਤੇ ਬੱਚੇ ਵੀ ਉਥੇ ਸਨ । ਤੋਸ਼ੀ ਬੀਮਾਰ ਹੋ ਗਈ । ਮਸਾਂ-ਮਸਾਂ ਬਚੀ । ਫੁਫੜ ਤੇ ਭੂਆ ਨੇ ਸ਼ੁਕਰ ਕੀਤਾ । ਰਸਾਲਦਾਰ ਕਵੀਆਂ ਨੂੰ ਪਤਾ ਲੱਗ ਗਿਆ ਕਿ ਰਾਹੀ ਆਇਆ ਹੈ । ਉਹ ਸਾਰੇ ਕਮਲਾ ਤੇ ਕੁਦਰਤ ਤੇ ਦੁਗਲ ਆ ਗਏ । ਗੁਰਦੁਆਰੇ ਕਵੀ ਦਰਬਾਰ ਰੱਖਿਆ । ਤਿੰਨ ਚਾਰ ਕਵੀ ਬਾਹਰੋਂ ਵੀ ਆਏ । ਖੂਬ ਕਵੀ ਦਰਬਾਰ ਹੋਇਆ । ਮੇਰੇ ਉਤੇ ਰਸਾਲਪੁਰੀ ਸਭਾ ਵਾਲੇ ਬਹੁਤ ਖੁਸ਼ ਸਨ । ਵਿਚੋਂ ਇਕ ਨੇ ਆਖਿਆ—ਰਾਹੀ ਜੀ ਸਿਆਸੀ ਕਵਿਤਾ ਸੁਣਾਓ ।... ਗੁਰਦੁਆਰਾ ਕਮੇਟੀ ਵਾਲਿਆਂ ਡਟ ਕੇ ਮੁਖਾਲਫਤ ਕੀਤੀ । ਸਾਰੀ ਸੰਗਤ ਉੱਠ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੇ ਬਾਹਰ ਆ ਗਈ। ਇਕ ਰੇੜ੍ਹੀ ਉਤੇ ਖਲ ਕੇ ਮੈਂ ਇਕ ਕਵਿਤਾ :

"ਮੈਂ ਬਾਗ਼ੀ ਹਾਂ ਮੈਂ ਬਾਗ਼ੀ ਹਾਂ ਹਕੂਮਤ ਦਾ ਤਰਫਦਾਰ ਨਹੀਂ।"

ਦੂਜੀ :

"ਮਜ਼ਦੂਰ ਦਾ ਸਾਇਕਲ"। ਸਾਰੇ ਬਹੁਤ ਖੁਸ਼ ਹੋਏ।

ਘਰ ਆ ਕੇ ਫੁਫੜ ਆਖੇ—ਤੇਰੀਆਂ ਮੈਂ ਜੂਆਂ ਕੱਢਦਾ ਰਿਹਾ ਮੂਰਖਾ ਤੂੰ ਹੱਦ ਕਰ ਦਿੱਤੀ ਕੈਸਾ ਵੱਡਾ ਬੰਦਾ ਬਣ ਗਿਆ ਹੈਂ!!

ਮੈਂ ਰਾਵਲਪਿੰਡੀ ਕਾਂਗਰਸ ਸ਼ੋਸਲਿਸਟ ਪਾਰਟੀ ਨਾਲ ਸੰਬੰਧ ਬਣਾ ਲਿਆ। ਜਲਸਾ ਹੋਇਆ। ਲਾਹੌਰੋਂ ਪ੍ਰਦੇਸੀ ਜੀ ਤੇ ਫੁਫੜ ਨੂੰ ਸੱਦਿਆ। ਖੂਬ ਉਹਨਾਂ ਦੀਆਂ ਅਤੇ ਮੇਰੀਆਂ ਨਾਂ ਬਦਲਾ ਕੇ ਨਜ਼ਮਾਂ ਹੋਈਆਂ। ਜਲਸਾ ਸ਼ਹਿਰ ਦੀ ਗੱਲਾ ਮੰਡੀ ਵਿਚ ਹੋਇਆ। ਬਹੁਤਾ ਅੰਗਰੇਜ਼ ਜਾਂ ਜੰਗ ਦੇ ਖਿਲਾਫ਼ ਨਹੀਂ ਸੀ। ਪ੍ਰਦੇਸੀ ਜੀ ਤੇ ਫੁਫੜ ਨੂੰ ਲੱਗਦੇ ਭੱਗਦੇ ਚੰਗੇ ਪੈਸੇ ਦਿਆ ਦਿਤੇ।

ਅਸਾਂ ਜਿਸ ਦਿਨ ਜੀ ਕਰਨਾ ਇਕ ਤਾਂਗੇ ਵਾਲੇ ਨਾਲ ਸਾਈ ਲਾਈ ਹੋਈ ਸੀ ਸਵੇਰੇ ਉਸ ਨੂੰ ਆਖ ਦੇਣਾ। ਉਹਨੇ ਸ਼ਾਮ ਨੂੰ ਆਉਣਾ। ਮੈਂ, ਤੋਸ਼ੀ ਤੇ ਸਤਵੰਤ ਨੇ ਸੈਲ ਕਰਨ ਚਲੇ ਜਾਣਾ। ਇਕ ਰੁਪਿਆ ਦੇਣਾ। ਸਾਡੇ ਘਰ ਵੱਲ ਮਿਲੀ ਜੁਲੀ ਖੁਲ੍ਹੀ ਸੁਹਣੀ ਵੱਸੋਂ ਸੀ। ਤਾਂਗੇ ਨੇ ਇਸ ਤਰ੍ਹਾਂ ਚੱਲਣਾ ਜਿਵੇਂ ਪਾਣੀ ਵਿਚ ਮੱਛੀ ਤਰਦੀ ਹੈ। ਘੋੜੀ ਦੀ ਚਾਲ ਵਿਚ ਕੰਨ ਲੱਗ ਜਾਣ ਤਾਂ ਇਕ ਸਾਰ ਟੁਪ-ਟੁਪ ਨੇ ਹੀ ਨੀਂਦ ਲਿਆ ਦੇਣੀ।

ਇਕ ਵਾਰੀ ਰਾਜਾ ਬਾਜ਼ਾਰ 'ਚੋਂ ਸਤਵੰਤ ਨੇ ਕਰਾਕਰੀ ਖ਼ਰੀਦੀ। ਸੁਕਾ ਫ਼ਰੂਕ ਖ਼ਰੀਦਿਆ। ਮੁੜਨ ਲਗਿਆਂ ਕਮੇਟੀ ਬਾਗ਼ ਲੰਘੇ ਤਾਂ ਘੋੜੀ ਨੇ ਨੌਹ ਲੈ ਲਿਆ, ਡਿੱਗ ਪਈ। ਤੋਸ਼ੀ ਡਿੱਗ ਕੇ ਇਕ ਪਾਸੇ ਜਾ ਪਈ। ਕਰਾਕਰੀ ਟੁੱਟ ਗਈ। ਮੈਂ ਝੱਟ ਤੋਸ਼ੀ ਨੂੰ ਉਠ ਕੇ ਚੁਕ ਲਿਆ। ਉਹ ਰੋਈ ਨਹੀਂ ਸੀ। ਤਾਂਗੇ ਵਾਲਾ ਮੁਸਲਮਾਨ ਮੋਹ ਵਾਲਾ ਬੰਦਾ ਸੀ। ਤਾਂਗਾ ਤੋਰਿਆ ਤਾਂ ਮੈਂ ਤੋਸ਼ੀ ਨੂੰ ਪਿਆਰ ਕਰਕੇ ਆਖਿਆ · ਮੈਂ ਤੈਨੂੰ ਪੋਠੋਹਾਰ ਵਿਚ ਵਿਆਹੁਣਾ ਹੈ। ਸਤਵੰਤ ਨੇ ਆਖਿਆ—ਖੌਰਿਆ ਇਸ ਦੀ ਕਿਸਮਤ ਕੀ ਹੈ?

ਘਰ ਦਾ ਮਾਲਕ ਫੌਜ ਵਿਚ ਕਲਰਕ ਸੀ। ਮਾਲਕਣ ਇਕ ਨਹਾਇਤ ਹੀ ਸਲੀਕੇ ਵਾਲੀ ਔਰਤ। ਦੋ ਬੱਚੇ ਪਿਆਰੇ ਤੇ ਸੁਲਝੇ ਹੋਏ। ਸਤਵੰਤ ਨਾਲ ਬਹੁਤ ਬਣਦੀ ਸੀ। ਥੱਲੇ ਇਕ ਕਮਰਾ ਤੇ ਰਸੋਈ। ਇਕ ਮਿਆਨੀ। ਮਿਆਨੀ ਵਿਚ ਅਸੀਂ ਰਹਿੰਦੇ, ਕਮਰੇ ਵਿਚ ਚਾਚਾ। ਜੋਗਿੰਦਰ ਸ਼ਾਮ ਨੂੰ ਬਾਰਕਾਂ ਤੇ ਸੌਣ ਚਲਾ ਜਾਂਦਾ। ਰੋਟੀ ਘਰੋਂ ਹੀ ਖਾਂਦਾ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਘਰ ਵਾਲੀ ਸਵਾਣੀ ਕਿਤੇ ਜਾਂਦੀ ਚਾਬੀ ਸਤਵੰਤ ਨੂੰ ਦੇ ਜਾਂਦੀ ਸਲਾਈ ਮਸ਼ੀਨ ਜਦੋਂ ਜੀਅ ਕਰਦਾ ਅਸੀਂ ਵਰਤ ਲੈਂਦੇ। ਸਾਡੇ ਕੋਲ ਮਿਆਨੀ ਵਿਚ ਆ ਕੇ ਅਪਵੈਤ ਦੀਆਂ ਗੱਲਾਂ ਕਰਦੀ ਰਹਿੰਦੀ। ਮੈਨੂੰ ਉਂਜ ਹੀ ਪੋਠੋਹਾਰੀ ਲਹਿਜਾ ਪਸੰਦ ਸੀ, ਪਿਆਰਾ ਸੀ। ਉਹ ਬਹੁਤ ਸੁਲਝੀ ਹੋਈ ਵਿਚਰਦੀ। ਮੈਨੂੰ ਤਰਖਾਣੀਆਂ ਉਸ ਦੇ ਮੁਕਾਬਲੇ ਕੁਝ ਵੀ ਨਾ ਲੱਗਦੀਆਂ। ਸਾਫ-ਸੁਥਰੀ; ਖੂਬਸੂਰਤ। ਸ਼ਿੰਗਾਰ ਤੋਂ ਕੋਰੀ ਚੰਨ ਜਿਹੀ। ਮੇਰੇ ਲਈ ਉਹ ਨਿਰ ਸ਼ਰਧਾ। ਪਤਾ ਨਹੀਂ, ਕੁਦਰਤ ਦੀ ਖੇਡ ਹੈ। ਪੋਠੋਹਾਰ ਦੀ ਦਾ ਮਟਕਵੀਂ ਚਾਲ ਤੇ ਬੋਲ ਮੈਂ ਹੋਰ ਕਿਤੇ ਨਹੀਂ ਵੇਖੇ ਸੁਣੇ। ਇਕ ਕਵਿਤਾ ਉਥੇ ਲਿਖੀ। ਅਖੀਰ ਉਤੇ ਜੇ ਮੁੜਕੇ ਜਨਮ ਲਵਾਂ ਤਾਂ ਰਾਵਲਪਿੰਡੀ ਵਿਚ ਜਨਮਾਂ। ਜਿਹੜੇ ਅੱਜਕਲ੍ਹ ਮੈਂ ਇਥੇ ਪੋਠੋਹਾਰੀ ਵੇਖੇ, ਮਿਲੇ, ਸੁਣੇ ਹਨ, ਸੌ ਵਿਚ ਨੱਬੇ ਉਹ ਨਹੀਂ।

ਚਾਚੇ ਨੇ ਉਥੇ ਆਪਣੇ ਜਵਾਈ ਅਤੇ ਚਾਚੀ ਨੂੰ ਬੁਲਾ ਲਿਆ। ਹਰਭਜਨ ਸਿੰਘ ਅੰਮ੍ਰਿਤਸਰੀ ਨੂੰ। ਉਸਨੇ ਝੱਟ ਮੇਰੀ ਥਾਂ ਲੈਣੀ ਸ਼ੁਰੂ ਕਰ ਦਿੱਤੀ। ਚਾਚੀ ਦੀ ਪੂਰੀ ਸ਼ੈਹ ਨਾਲ। ਕੰਮ ਉਤੇ ਮੈਨੂੰ ਕੰਮ ਦੱਸਣ ਲੱਗ ਪਿਆ। ਉਸਨੂੰ ਘਰ ਫੀਤਾ ਨਾ ਲੱਭਿਆ, ਥੱਲੇ ਬੜੀ ਖਪ ਪਈ। ਮੈਂ ਕਦੀ ਉਹਨਾਂ ਦੇ ਕਮਰੇ ਵਿਚ ਨਹੀਂ ਸਾਂ ਗਿਆ। ਚਾਚੇ ਨੂੰ ਉਸਨੇ ਕਿਹਾ – ਹੋਰ ਕੌਣ ਹੈ ਘਰ ਵਿਚ ਉਹਨੇ ਹੀ ਉਤਲੇ ਨੇ ਲਿਆ ਹੋਵੇਗਾ।...ਚਾਚੇ ਨੂੰ ਇਹ ਗੱਲ ਚੋਰੀ ਦੀ ਬਿਲਕੁਲ ਨਾ ਭਾਈ। ਉਹਨੇ ਜਵਾਈ ਨੂੰ ਝਾੜਿਆ। ਮੈਨੂੰ ਪਤਾ ਲੱਗ ਗਿਆ। ਤੇਜਾ ਸਿੰਘ ਨੇ ਮੈਨੂੰ ਕਿਹਾ – ਆਖ ਨਾ ਕੁਝ ਫੇਰ ਸਾਡਾ ਜਲਵਾ ਵੇਖ...ਮੈਨੂੰ ਉਸ ਜ਼ੋਰ ਨਾਲ ਮਨ੍ਹਾ ਕਰ ਦਿੱਤਾ।

ਐਬਟਾਬਾਦ ਤੋਂ ਉਤੇ ਨਵੇਂ ਸ਼ਹਿਰ ਦੇ ਨਾਂ ਵਾਲਾ ਇਕ ਤਗੜਾ ਪਹਾੜੀ ਪਿੰਡ ਸੀ। ਉਥੇ ਬਾਰਕਾਂ ਬਣਦੀਆਂ ਸਨ। ਖੁਦ ਗੌਰਮਿੰਟ ਬਣਾ ਰਹੀ ਸੀ। ਚਾਚੇ ਨੇ ਸਾਹਿਬ ਨਾਲ ਗੱਲ ਕਰਕੇ ਈ ਬੰਦੇ ਢਾਈ ਰੁਪਏ ਰੋਜ਼ ਕਰਕੇ ਮਾੜੇ ਚੰਗੇ ਬੰਦੇ ਵੀਹ ਕੁ ਦੇ ਕੇ ਉਥੇ ਭੇਜ ਦਿੱਤਾ। ਤੇਜਾ ਸਿੰਘ ਤੇ ਜੋਗਿੰਦਰ ਸਾਡੇ ਨਾਲ ਸਨ।

ਟੈਕਸਲਾ ਤੋਂ ਅਗਲੇ ਸਟੇਸ਼ਨ ਤੋਂ ਉਤਰ ਕੇ ਅਸੀਂ ਸਾਰੇ ਬੱਸ ਵਿਚ ਐਬਟਾਬਾਦ ਚਲੇ ਗਏ। ਇਕ ਕਮਰੇ ਵਿਚ ਅਸੀਂ ਰਹੇ ਦੂਜੇ ਥਾਂ ਬਾਕੀ ਸਾਰੇ। ਜਦ ਐਬਟਾਬਾਦ ਫਿਰਿਆ ਆਪ ਮੁਹਾਰੇ ਅੰਦਰਲੇ ਆਨੰਦ ਨੂੰ ਜ਼ਬਾਨ ਲੱਗੀ। ਵਾਹ ਵਾਹ ਕਿਆ ਸੁੰਦਰਤਾ ਦਾ ਪਸਾਰਾ ਹੈ। ਕੁਦਰਤ ਆਪਣਾ ਆਪ ਖਿਲਾਰ ਕੇ ਵਿਚਰ ਰਹੀ ਸੀ। ਜਾਨਵਰਾਂ ਤੋਂ ਲੈ ਕੇ ਬੰਦਿਆਂ ਤੱਕ ਅਤੇ ਘਾਹ ਤੋਂ ਲੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੇ ਰੁੱਖਾਂ ਤਕ ਸੁਹਣੇ ਅਚਾਨਕ ਕਾਲੇ ਬੁਰਕੇ ਪਾਈ ਧਨਾਢ ਮੁਸਲਮਾਨੀਆਂ ਦੇ ਮੂੰਹ ਤੋਂ ਪੜਦਾ ਹਟ ਜਾਏ ਤਾਂ ਰੂਪ ਨੂੰ ਕੋਈ ਵਿਰਲਾ ਮਾਂ ਦਾ ਬੱਚਾ ਝੱਲ ਸਕਦਾ। ਇਸ ਦੁਨੀਆਂ ਉਤਲਾ ਬਹਿਸ਼ਤ. ਅਖਾਉਤੀ ਬਿਸ਼ਤ ਨੂੰ ਚੇੜ ਰਿਹਾ ਸੀ। ਰੇਸ-ਸਾਇਕਲ ਮੇਰੇ ਨਾਲ ਹੀ ਸਫ਼ਰ ਕਰਦਾ ਆ ਰਿਹਾ ਸੀ।

ਐਬਟਾਬਾਦ ਸੜਕ ਦੀ ਚੜ੍ਹਾਈ ਤਿੰਨ ਮੀਲ ਚੜ੍ਹਕੇ ਉਤੇ ਇਕ ਉੱਚਾ ਨੀਵਾਂ ਮੈਦਾਨ ਆਉਂਦਾ। ਉਥੇ ਆਰਜ਼ੀ ਬੈਰਕਾਂ ਬਣ ਰਹੀਆਂ ਸਨ। ਕਾਰੀਗਰਾਂ ਦੇ ਨਾਲ ਜਾਣਾ। ਆਉਣ ਲੱਗਿਆਂ ਸਾਇਕਲ ਉਤੇ ਚੜ੍ਹਨਾ ਬਿਨਾਂ ਪੈਡਲ ਮਾਰਿਆਂ ਘਰ। ਹਾਜ਼ਰੀਆਂ ਮੈਂ ਚਾਰਜ ਸੀਟ ਉਤੇ ਆਪ ਲਾਉਂਦਾ। ਇਹ ਸਰਕਾਰੀ ਸੀ। ਇਸ ਉਤੇ ਵਿਰਲੀ ਕੋਈ ਗੈਰ ਹਾਜ਼ਰੀ ਲੱਗਦੀ। ਪੰਦਰੀਂ ਦਿਨੀਂ ਓਵਰਸੀਅਰ ਨੇ ਉਸ ਉਤੇ ਦਸਤਖ਼ਤ ਕਰ ਦੇਣੇ। ਮੈਂ ਸਾਹਿਬ ਕੋਲੋਂ ਪੇਮਿੰਟ ਲੈ ਲੈਣੀ। ਆਪਣੀ ਹਾਜ਼ਰੀ ਦੀ ਕਾਪੀ ਵੱਖਰੀ ਸੀ। ਜਿਸ ਉਤੋਂ ਕਾਰੀਗਰਾਂ ਨੂੰ ਪੈਸੇ ਦੇਣੇ। ਜਿੰਨੇ ਬਚਣ ਮੈਂ ਤੇ ਓਵਰਸੀਅਰ ਨੇ ਅੱਧੋ ਅੱਧ, ਮੈਂ ਤੇ ਤੇਜਾ ਸਿੰਘ ਨੇ ਢਾਈ-ਢਾਈ ਲੈ ਲੈਣੇ। ਕਿਸੇ ਕਾਰੀਗਰ ਨੂੰ ਬਾਰਾਂ ਆਨੇ ਕਿਸੇ ਨੂੰ ਰੁਪਿਆ ਬੱਸ ਸਾਰੇ ਨੂੰ ਪੌਣੇ ਦੋ ਤੱਕ। ਬਾਰਕਾਂ ਬਣਨ ਵਾਲੇ ਥਾਉਂ ਨੇੜੇ ਹੀ ਨਵਾਂ ਸ਼ਹਿਰ ਨਗਰ ਵਰਗਾ ਪਿੰਡ ਸੀ।

ਐਬਟਾਬਾਦ ਖੱਦਰ ਭੰਡਾਰ ਵੀ ਸੀ। ਉਥੋਂ ਖੱਦਰ ਦੀ ਐਕਚਨ ਸਵਾਈਂ ਸਤਵੰਤ ਨੂੰ ਸਾੜੀ ਲੈ ਕੇ ਦਿੱਤੀ ਪਰ ਖੱਦਰ ਦੀ ਸਾੜੀ ਤੋਂ ਹੌਲੀ ਸੀ। ਕਦੇ ਪਾਈ ਨਾ। ਇਕ ਕਾਂਗਰਸੀ ਵਰਕਰ ਸੀ ਸਿੱਖ। ਨਿੱਕੀ ਜਿਹੀ ਫਲਾਂ ਦੀ ਦੁਕਾਨ ਕਰਦਾ। ਬਸ ਬਸ ਮਾਰਿਆ ਹੋਇਆ ਕਾਂਗਰਸੀ। ਦਿਨੇ ਰਾਤ ਗਾਂਧੀ ਦਾ ਪ੍ਰਚਾਰ ਕਰਦਾ। ਐਬਟਾਬਾਦ ਵਿਚ ਨਿੱਕਾ ਜਿਹਾ ਚਕਲਾ ਸੀ। ਉਹ ਉਸਦੇ ਸ਼ਹਿਰੋਂ ਬਾਹਰ ਕੱਢਣ ਦਾ ਪ੍ਰਚਾਰ ਰੱਖਦਾ। ਇਕੱਲਾ ਜਲਸਾ ਕਰ ਮਾਰਦਾ। ਉਹਦਾ ਪੂਰਾ ਨਾਂ ਯਾਦ ਨਹੀਂ ਉਪ ਨਾਮ ਪ੍ਰਦੇਸੀ। ਚਕਲੇ ਦੀ ਅੰਮਾਂ ਨੇ ਉਸ ਨੂੰ ਲਾਲਚ ਵੀ ਦਿੱਤਾ ਪਰ ਉਹ ਨਾ ਮੰਨਿਆ। ਮੇਰੀ ਉਸ ਨਾਲ ਗੂੜ੍ਹੀ ਜਾਣ ਪਛਾਣ ਪੈ ਗਈ। ਉਹ ਵੀ ਵਹੁਟੀ ਨੂੰ ਬਾਹਰ ਜਾਣ ਲੱਗਿਆਂ ਬੁਰਕਾ ਪਵਾਉਂਦਾ ਸੀ। ਇਕ ਦਿਨ ਉਹ ਮੈਨੂੰ ਇਕ ਥਾਂ ਲੈ ਗਿਆ। ਸਤਵੰਤ ਤੋਸ਼ੀ ਤੇ ਉਸ ਦੀ ਵਹੁਟੀ ਨਾਲ। ਇਕ ਉਚੀ ਥਾਂ ਉਤੇ ਪੱਥਰ ਇਕੱਠੇ ਕਰਕੇ ਇਕ ਜਰਮਤ ਬਣੀ ਹੋਈ ਸੀ। ਪ੍ਰਦੇਸੀ ਨੇ ਆਖਿਆ ਕਿ ਇਥੇ ਗੁਰੂ ਹਰਗੋਬਿੰਦ ਜੀ ਕਸ਼ਮੀਰ ਜਾਣ ਲੱਗੇ ਬੈਠੇ ਸਨ।...ਅਸੀਂ ਉਥੇ ਖਲੋਤੇ ਹੋਏ ਸਾਂ ਤਾਂ ਦੋ ਢੀਮਾਂ ਸਾਨੂੰ ਆਣ ਵਜੀਆਂ। ਇਕ ਪ੍ਰਦੇਸੀ ਦੀ ਐਨਕ ਉਤੇ ਵੱਜੀ ਐਨਕ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੁੱਟ [illegible] ਮੁੰਡਾ ਪਾਣੀ [illegible] ਲੈ ਕੇ [illegible] ਦਿਸਿਆ ਜਦ ਮੈਂ ਅੱਗੇ ਹੋਇਆ ਤਾਂ ਉਹ ਘੜਾ ਸੁੱਟ ਕੇ ਰੋਣ ਲੱਗ ਪਿਆ। ਲਾਗੇ ਇਕ ਮੁਸਲਮਾਨਾਂ ਦਾ ਪਿੰਡ ਸੀ। ਅਸੀਂ ਘਰ ਜ਼ਨਾਨੀਆਂ ਨੂੰ ਛੱਡ ਕੇ ਸ਼ਾਮ ਨੂੰ ਉਸ ਪਿੰਡ ਗਏ। ਇਕ ਥਾਂ ਖਲੋ ਕੇ ਉਹ ਬੋਲਣ ਲੱਗ ਪਿਆ ਲੋਕ ਇਕੱਠੇ ਹੋ ਗਏ। ਮੈਂ ਉਠ ਕੇ ਸਾਰੀ ਗਲ ਦਸੀ। ਅਸੀਂ ਕਾਂਗਰਸੀ ਹਾਂ ਇਹ ਵੀ ਦਸਿਆ। ਲੋਕਾਂ ਨੇ ਮੁੰਡੇ ਨੂੰ ਸਦ ਕੇ ਪੁਛਿਆ ਉਹ ਬੋਲਿਆ - ਮੈਂ ਸਮਝਿਆ ਇਹ ਸਿੰਘ ਮੁਸਲਮਾਨ ਔਰਤਾਂ ਲਈ ਫਿਰਦੇ ਹਨ।.. ਸਾਰੇ ਹੱਸ ਪਏ।

ਸਤਵੰਤ ਤੇ ਮੈਂ ਫ਼ਿਲਮ ਵੇਖਣ ਗਏ। ਔਰਤਾਂ ਲਈ ਵੱਖਰੀ ਜਗ੍ਹਾ ਸੀ। ਉਥੇ ਤੋਸ਼ੀ ਹੋਰੀਂ ਬੈਠੇ। ਜਦ ਵੇਖਕੇ ਘਰ ਆਏ ਤਾਂ ਸਤਵੰਤ ਨੇ ਦੱਸਿਆ ਕਿ ਇਤਨੀਆਂ ਸੁਹਣੀਆਂ ਜ਼ਨਾਨੀਆਂ ਤੇ ਕੁੜੀਆਂ ਕਦੇ ਨਹੀਂ ਵੇਖੀਆਂ। ਸਾਰੀਆਂ ਤੋਸ਼ੀ ਨੂੰ ਚੁਕ ਕੇ ਬੜਾ ਪਿਆਰ ਕਰਦੀਆਂ ਸਨ। ਰਾਤ ਨੂੰ ਟੋਕਰੀ ਵਿਚ ਹਰਾ ਸੁੱਕਾ ਫਰੂਟ ਵੀ ਆਂਦਾ ਸੀ। ਖਰੋਟ ਸਨ ਘੁਟ ਕੇ ਫੜਿਆਂ ਟੁੱਟ ਜਾਂਦੇ। ਮੇਰੇ ਦਿਲ ਵਿਚ ਆਇਆ, ਕਈ ਵਾਰੀ ਲਾਹੌਰ ਰਹਿੰਦਿਆਂ ਹੋਇਆਂ ਲੰਮਾ ਪੈਂਡਾ ਮਾਰਦਿਆਂ ਸਿਕੜਾਂ ਸਣੇ ਮੂੰਗਫਲੀ ਖਾਧੀ ਸੀ ਅਤੇ ਕਈ ਵਾਰੀ ਕੇਲਾ ਛਿਲੜਾਂ ਚੱਟ ਚੱਟ ਕੇ ਖਾਧਾ ਸੀ। ਮੈਂ ਕਦੇ ਭੂਤਕਾਲ ਨਹੀਂ ਭੁਲਦਾ, ਇਹ ਮੇਰੇ ਅੰਗ ਸੰਗ ਰਹਿੰਦਾ ਹੈ। ਹਮੇਸ਼ਾਂ ਮੇਰੀ ਮਦਦ ਕਰਦਾ ਹੈ। ਸੰਕਟਾਂ ਤੋਂ ਡਰਨ ਨਹੀਂ ਦਿੰਦਾ।

ਤਿੰਨਾਂ ਕੁ ਮਹੀਨਿਆਂ ਪਿਛੋਂ ਅਸੀਂ ਸਾਰੇ ਨਵੇਂ ਸ਼ਹਿਰ ਚਲੇ ਗਏ। ਪ੍ਰਦੇਸੀ ਨੇ ਇਕ ਮਕਾਨ ਕਰਾਏ ਉਤੇ ਲੈ ਦਿੱਤਾ। ਉਤਲੇ ਪਾਸੇ ਅਸੀਂ ਤੇ ਜੋਗਿੰਦਰ ਰਹਿੰਦੇ। ਥੱਲੇ ਸਾਰੇ ਕਾਰੀਗਰ। ਉਥੇ ਸਾਰੇ ਜ਼ਨਾਨੀਆਂ ਨੂੰ ਕੁੜੀਆਂ ਕਹਿੰਦੇ ਸਨ ਮਕਾਨ ਲਕੜੀਆਂ ਨਾਲ ਹੀ ਬਣੇ ਹੋਏ, ਥੋੜੀਆਂ ਸਲੈਪ ਛੱਤਾਂ ਟੀਨਾਂ ਦੀਆਂ। ਬਹੁਤ ਹੀ ਖੁਸ਼ ਨੁਮਾ ਜਗ੍ਹਾ। ਨਾਲ ਹੀ ਸੁੱਕੀ ਪਹਾੜੀ ਨਦੀ ਸੀ। ਨਵੇਂ ਸ਼ਹਿਰ ਦੇ ਇਕ ਪਾਸੇ ਤੋਂ ਚਸ਼ਮਾ ਨਿਕਲਦਾ ਸੀ ਉਸਦੇ ਹੇਠਾਂ ਤਿੰਨ ਚਬੱਚੇ ਬਣੇ ਹੋਏ। ਥੱਲੇ ਦਾ ਚਬੱਚਾ ਪਹਾੜੀ ਨਦੀ ਦੇ ਕੰਢੇ ਉਤੇ ਆ ਜਾਂਦਾ। ਪਹਿਲੋਂ ਉਤੋਂ ਲੋਕ ਘਰਾਂ ਲਈ ਪਾਣੀ ਭਰਦੇ। ਦੂਜੇ ਵਿਚ ਇਸ਼ਨਾਨ ਕਰਦੇ। ਤੀਜੇ ਵਿਚ ਕਪੜੇ ਧੋਂਦੇ। ਸਾਡੇ ਘਰ ਦਾ ਕੰਮ ਇਕ ਬੀਬੀ ਕਰ ਜਾਂਦੀ। ਚਾਰ ਚੁਫੇਰ ਪਹਾੜਾਂ, ਮੈਦਾਨਾਂ, ਬਾਗਾਂ ਸਣੇ ਹਰਿਆ-ਹਰਿਆ, ਅੱਖਾਂ ਬੰਦੇ ਕੋਲੋਂ ਖੋਹਦਾਂ ਖੋਹਦਾਂ। ਏਥੋਂ ਕੰਮ ਨੇੜੇ ਸੀ। ਰਾਹ ਵਿਚ ਚਸ਼ਮੇ ਆਉਂਦੇ। ਇਕ ਬੋਹੜ ਦੀਆਂ ਜੜ੍ਹਾਂ ਵਿਚੋਂ ਨਿਕਲਦਾ ਅਤੇ ਇਕ ਹੋਰ ਜੰਗਲੀ ਵੱਡੇ ਸਾਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੁਖ ਹੇਠੋਂ ਨਿਕਲਦਾ । ਮੈਂ ਉਥੇ ਬਹਿ ਕੇ ਸਾਹ ਲੈਂਦਾ । ਬੜਾ ਚੰਗਾ ਲਗਦਾ । ਇਕ ਦਿਨ ਸਤਵੰਤ ਕਪੜੇ ਧੋਣ ਚਸ਼ਮੇ ਤੇ ਗਈ । ਮਗਰ ਚੁਲ੍ਹੇ ਚੋਂ ਅੱਗ ਉੱਡਣ ਕਰਕੇ ਚਬਾਰੇ ਨੂੰ ਲੱਗਣ ਲੱਗੀ । ਗੁਆਢੀਆਂ ਵੇਖ ਲਈ ਰੌਲਾ ਪਾਇਆ ਬੁਝਾ ਦਿੱਤੀ, ਮੈਂ ਸ਼ਾਮ ਨੂੰ ਆ ਕੇ ਬੜਾ ਗੁਸੇ ਹੋਇਆ ।

ਨਵੇਂ ਸ਼ਹਿਰ ਇਕ ਸੁਹਾਵਣੇ ਥਾਂ ਫਲਾਂ ਦੇ ਬਾਗ ਵਿਚ ਗੁਰਦੁਆਰਾ ਸਾਡੇ ਡੇਰੇ ਨਾਨਕ ਦੇ ਗਰੈਜੂਏਟ ਗੁਰੂ ਬਾਬਾ ਗੁਰਚਰਨ ਸਿੰਘ ਬੇਦੀ ਨੇ ਬਣਵਾਇਆ ਹੋਇਆ ਸੀ, ਇਹ ਪਰਿਵਾਰ ਸਾਡੇ ਡੇਰੇ ਬਾਬੇ ਨਾਨਕ ਔਮੀ ਸ਼ਾਹੀਆ ਅਖਵਾਉਂਦਾ ਹੈ, ਉਥੇ ਜਾਣਾ ਮੇਰੀ ਗੁਰੂਆਂ ਵਾਂਗ ਇਜ਼ਤ ਕਰਨੀ ।

ਓਵਰਸੀਅਰ ਇਕ ਲੰਮਾ ਭੌਂਦੂ ਕਿਸਮ ਦਾ ਆ ਲੱਗਾ, ਪਹਿਲੀ ਵਾਰੀ ਉਸ ਨੂੰ ਨੌਕਰੀ ਮਿਲੀ ਸੀ ।

7782

ਸਾਨੂੰ ਤੰਗ ਕਰਨ ਲੱਗ ਪਿਆ ਅਸੀਂ ਔਖੇ ਹੋ ਗਏ । ਗੈਰ-ਹਾਜ਼ਰੀ ਗੈਰ-ਹਾਜ਼ਰੀ ਲਾਏ । ਚਾਰਜ ਸੀਟ ਲੈ ਲਈ । ਬੰਦੇ ਫੜ ਕੇ ਆਖੇ—ਇਹ ਕਾਰੀਗਰ ਨਹੀਂ ਹੈ, ਹੋਰ ਕਈ ਕੁਣਸਾਂ ਕੱਢੇ, ਮੈਂ ਤੇ ਤੇਜਾ ਸਿੰਘ ਉਹਦੇ ਨਾਲ ਤੁਰਦੇ-ਤੁਰਦੇ ਐਬਟਾਬਾਦ ਗਏ ਮੈਂ ਕਿਹਾ—ਬਾਬੂ ਜੀ ਆਪ ਕਮਾਓ ਤੇ ਸਾਨੂੰ ਵੀ ਚਾਰ ਪੈਸੇ ਖੱਟਣ ਦਿਉ, ਉਹ ਪੱਥਰ ਦੀ ਸਿਲ ਹੀ ਰਿਹਾ, ਤੇਜਾ ਸਿੰਘ ਆਖੇ ਇਹਦੀ ਮਾਂ...ਦੀ, ਪਰ ਸਾਡਾ ਵਸ ਕੋਈ ਨਾ ਚੱਲੇ । ਉਧਰੋਂ ਸਾਡਾ ਕੰਮ ਕਿਸੇ ਮੁਸਲਮਾਨ ਵੱਡੇ ਠੇਕੇਦਾਰ ਨੇ ਸਮੁਚਾ ਲੈ ਲਿਆ । ਸਾਡੀ ਛੁਟੀ ਹੋ ਗਈ, ਸਾਰੇ ਰਾਵਲਪਿੰਡੀ ਆ ਗਏ, ਚਾਚੀ ਤੇ ਹਰਭਜਨ ਸਿੰਘ ਪੰਜਾਬ ਆ ਚੁਕੇ ਸਨ, ਉਥੇ ਸਤਵੰਤ ਕੌਰ ਤੇ ਵੱਡੇ ਭਰਾ ਕਰਤਾਰ ਸਿੰਘ ਦੇ ਗੁਜ਼ਰ ਜਾਣ ਦੀ ਤਾਰ ਆ ਗਈ । ਇਸ ਨੂੰ ਪੰਜਾਬ ਗੱਡੀ ਉਤੇ ਚੜ੍ਹਾ ਦਿਤਾ । ਚਾਚੇ ਨੇ ਹੋਰ ਕੰਮ ਅਟਕ ਦੇ ਕੰਢੇ ਉਤੇ ਮਾਨਸਰ ਕਰਕੇ ਇਕ ਮੈਦਾਨ ਸੀ । ਉਥੇ ਨਵੀਆਂ ਬਾਰਕਾਂ ਬਣਦੀਆਂ [illegible] ਲਿਆ ਹੋਇਆ ਸੀ । ਸਾਰੇ ਉਥੇ ਚਲੇ ਗਏ । ਨਾ ਚਾਚੇ ਨੇ ਮੈਥੋਂ [illegible] ਮੈਂ ਦਸਿਆ ਨਾ ਮੈਂ ਆਪਣਾ ਪੁਛਿਆ ਮਾਨਸਰ ਤੋਂ ਜੋਗਿੰਦਰ ਵੀ ਲਾਹੌਰ ਚਲਾ ਗਿਆ । ਉਹਨੂੰ ਅਫਰੀਕਾ ਜਾਣ ਦਾ ਖ਼ਤ ਆਇਆ ਸੀ ।

पुस्तकालय

ਇਸ ਜਗ੍ਹਾ ਤੋਂ ਮੈਨੂੰ ਰਾਵਲਪਿੰਡੀ ਦੇ ਇਕ ਸਾਥੀ ਨੇ ਕਢਿਆ ਸੀ । ਮੇਰਾ ਪੂਰਾ ਪਤਾ ਸੀ.ਆਈ.ਡੀ. ਨੇ ਲਾ ਲਿਆਂ ਸੀ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

Acc. No.
Class No.
Cat. No.
Tag etc.
Checked
Any Other

17-6.93

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar